# ਗੁਰੂ ਰਵਿਦਾਸ ਵਾਣੀ ਦਾ ਦਾਰਸ਼ਨਿਕ ਅਧਿਐਨ

# GURU RAVIDASS VANI DA DARSHNIK ADHYAN

THESIS

SUBMITTED TO THE PANJAB UNIVERSITY, CHANDIGARH

FOR THE DEGREE OF

DOCTOR OF PHILOSOPHY

IN THE FACULTY OF LANGUAGES

1994

**Gian Chander Kaul**

PANJAB UNIVERSITY LIBRARY

## ਭੂਮਿਕਾ

ਇਤਿਹਾਸ ਇਨ੍ਹਾਂ ਤੱਥਾਂ ਦੀ ਗਵਾਹੀ ਭਰਦਾ ਹੈ ਕਿ ਜਦੋਂ ਵੀ ਸੰਸਾਰ ਵਿਚ ਅੰਧ-ਵਿਸ਼ਵਾਸ ਫੈਲਿਆ, ਇਨਸਾਨੀਅਤ ਵਹਿਮਾਂ, ਭਰਮਾਂ ਤੇ ਫਿਰਕੂ ਕੱਟੜਤਾਵਾਂ ਵਿਚ ਜਕੜੀ ਗਈ, ਆਡੰਬਰ, ਕਰਮ-ਕਾਂਡ ਅਤੇ ਧਾਰਮਿਕ ਪਾਖੰਡ ਦਾ ਬੋਲਬਾਲਾ ਹੋਇਆ ਤਾਂ ਉਸ ਵੇਲੇ ਕਿਸੇ ਨ ਕਿਸੇ ਮਹਾਨ ਆਤਮਾ ਅਤੇ ਯੁੱਗ-ਪੁਰਸ਼ ਨੇ ਇਸ ਦੁਨੀਆਂ ਵਿਚ ਅਵਤਾਰ ਧਾਰਿਆ ਅਤੇ ਅਗਿਆਨਤਾ ਰੂਪੀ ਸਾਗਰ ਦੇ ਥਪੇੜਿਆਂ ਵਿਚ ਹਿਚਕੋਲੇ ਖਾ ਰਹੀ ਮਾਨਵਤਾ ਰੂਪੀ ਕਿਸ਼ਤੀ ਨੂੰ ਕਿਨਾਰੇ ਲਾਉਣ ਲਈ ਆਪਣਾ ਯੋਗਦਾਨ ਪਾਇਆ।

ਭਾਰਤ ਵਿਚ ਸਮੇਂ ਸਮੇਂ ਅਵਤਾਰ ਧਾਰਣ ਵਾਲੇ ਅਜਿਹੇ ਮਹਾਨ-ਪੁਰਸ਼ਾਂ ਦੇ ਉਪਦੇਸ਼ਾਂ ਦਾ ਆਧਾਰ ਭਾਰਤੀ ਦਰਸ਼ਨ ਹੀ ਹੈ। ਭਾਰਤੀ ਦਰਸ਼ਨ ਵਿਚ ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਆਦਿ ਵਿਸ਼ੇ ਸ਼ੁਰੂ ਤੋਂ ਹੀ ਅਧਿਐਨ ਦੇ ਕੇਂਦਰੀ ਬਿੰਦੂ ਰਹੇ ਹਨ। ਇਸ ਕਥਨ ਵਿਚ ਵੀ ਪੂਰੀ ਸੱਚਾਈ ਹੈ ਕਿ ਉਪਰੋਕਤ ਵਿਸ਼ਿਆਂ ਉੱਪਰ ਸਭ ਤੋਂ ਵਧ ਅਤੇ ਗੰਭੀਰ ਚਿੰਤਨ ਵੀ ਭਾਰਤ ਵਿਚੋਂ ਪ੍ਰਾਪਤ ਹੈ। 'ਬ੍ਰਹਮ' ਅਜਿਹਾ ਗੰਭੀਰ ਵਿਸ਼ਾ ਹੈ ਜਿਸ ਨੂੰ ਸੁਲਝਾਉਣ ਲਈ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥ ਵੇਦਾਂ ਤੋਂ ਲੈ ਕੇ ਮੱਧਕਾਲੀ ਸੰਤ-ਸਾਹਿੱਤ ਦਾ ਸਾਰਾ ਚਿੰਤਨ ਯਤਨਸ਼ੀਲ ਰਿਹਾ ਹੈ ।

ਹਿੰਦੂ ਧਰਮ ਵਿਚ ਆਈਆਂ ਗਿਰਾਵਟਾਂ ਅਤੇ ਮੁਗਲ ਸ਼ਾਸਕਾਂ ਵਲੋਂ ਤਾਕਤ ਦੇ ਜ਼ੋਰ ਨਾਲ ਫੈਲਾਏ ਜਾ ਰਹੇ ਇਸਲਾਮ ਧਰਮ ਦੇ ਪ੍ਰਤੀ ਰੋਹ ਵਜੋਂ ਅਖੌਤੀ ਨੀਚ ਜਾਤਾਂ ਵਿਚ ਬਗ਼ਾਵਤ ਦੀ ਜ਼ਬਰਦਸਤ ਭਾਵਨਾ ਪੈਦਾ ਹੋਈ। ਸਾਧਾਰਣ ਜਨਤਾ ਜਿਥੇ ਹਿੰਦੂ ਧਰਮ ਦੇ ਸੰਕੀਰਣ ਵਿਚਾਰਾਂ ਤੋਂ ਪੀੜਿਤ ਸੀ, ਉਥੇ ਮੁਗਲਾਂ ਦੇ ਅਤਿਆਚਾਰਾਂ ਨੇ ਉਨ੍ਹਾਂ ਨੂੰ ਹੋਰ ਵੀ ਦੁਖੀ ਕੀਤਾ ਹੋਇਆ ਸੀ। ਅਜਿਹੇ ਅੰਧਕਾਰਮਈ ਯੁੱਗ ਵਿਚ ਸਖਤ ਲੋੜ ਸੀ ਕਿ ਕੋਈ ਮਹਾਨ ਯੁੱਗ-ਪਰਿਵਰਤਕ ਪੈਦਾ ਹੋਵੇ ਜੋ ਧਾਰਮਿਕ ਸੰਕੀਰਣਤਾ ਅਤੇ ਰਾਜਸੀ ਅਧਿਕਾਰਾਂ ਦੇ ਸੁਆਮੀ ਰਾਜਿਆਂ ਦੇ ਅਤਿਆਚਾਰਾਂ ਵਿਰੁੱਧ ਆਵਾਜ਼ ਬੁਲੰਦ ਕਰੇ, ਇਨਸਾਨੀਅਤ ਵਿਚ ਸਮਾਨਤਾ ਅਤੇ ਮਨੁੱਖੀ ਭਾਈਚਾਰੇ ਦਾ ਪ੍ਰਚਾਰ ਕਰੇ ਅਤੇ ਸਾਧਾਰਣ ਜਨਤਾ ਨੂੰ ਸਿਧਾਂਤਕ ਸੇਧ ਪ੍ਰਦਾਨ ਕਰੇ। ਗੁਰੂ ਰਵਿਦਾਸ ਜੀ ਅਜਿਹੇ ਸਮੇਂ ਇਕ ਰਹਿਨੁਮਾ ਦੇ ਰੂਪ ਵਿਚ ਪ੍ਰਗਟ ਹੋਏ ਜਿਨ੍ਹਾਂ ਨੇ ਸੁਆਮੀ ਰਾਮਾਨੰਦ ਜੀ ਦੀ ਅਗਵਾਈ ਹੇਠ ਧਾਰਮਿਕ ਅਤੇ ਸਮਾਜਿਕ ਵਿਕਾਸ ਦਾ ਕੰਮ ਜ਼ੋਰਦਾਰ ਢੰਗ ਨਾਲ ਆਰੰਭਿਆ।

ਗੁਰੂ ਰਵਿਦਾਸ ਜੀ ਦਾ ਮਾਰਗ ਸਗੁਣ ਨਿਰਗੁਣ ਵਿਚ ਸੁਮੇਲ ਦਾ ਮਾਰਗ ਹੈ। ਪਰ ਉਨ੍ਹਾਂ ਨੇ ਆਪਣੀ ਵਾਣੀ ਵਿੱਚ ਸਗੁਣ ਉਪਾਸਨਾ ਦੇ ਸੰਕੇਤ ਲੋਕ-ਵਿਵਹਾਰ ਦੀ ਦ੍ਰਿਸ਼ਟੀ ਤੋਂ ਕੀਤੇ ਹਨ। ਉਨ੍ਹਾਂ ਦਾ ਬ੍ਰਹਮ ਅਰੂਪ ਤੇ ਅਨਾਮੀ ਹੈ। ਸਹਜ-ਸਮਾਧੀ ਉਨ੍ਹਾਂ ਦੀ ਸੇਵਾ-ਭਗਤੀ ਹੈ ਅਤੇ 'ਸਹਜ' ਦਾ ਮਾਰਗ ਨਿਸ਼ਚੇ ਹੀ ਨਿਰਗੁਣ-ਉਪਾਸਨਾ ਦਾ ਇਕ ਅੰਗ ਹੈ। ਉਨ੍ਹਾਂ ਦਾ 'ਰਾਮ' ਸਰਵ-ਵਿਆਪਕ ਹੈ, ਪੂਰਨ ਬ੍ਰਹਮ ਹੈ, ਨਿਰਲੇਪ ਹੈ, ਅਜੂਨੀ ਅਤੇ ਨਿਰ-ਵਿਕਾਰ ਹੈ, ਇਸ ਲਈ ਨਿਰਗੁਣ ਹੈ। ਉਹ ਨਿਰਗੁਣ ਪਾਰਬ੍ਰਹਮ ਜਨਮ-ਮਰਨ ਤੋਂ ਪਰ੍ਹੇ ਹੈ। ਇੰਵ ਗੁਰੂ ਰਵਿਦਾਸ ਜੀ ਇਕ-ਈਸ਼ਵਰਵਾਦੀ ਨਿਰਗੁਣ ਭਗਤੀ ਕਾਵਿ-ਧਾਰਾ ਦੇ ਪ੍ਰਮੁੱਖ ਕਵੀ ਹਨ। ਉਹ ਬ੍ਰਹਮ ਦੇ ਅਦ੍ਵੈਤ ਰੂਪ ਨੂੰ ਸਵੀਕਾਰਦੇ ਹਨ। ਨਿਰਗੁਣੀ ਗਿਆਨ-ਮਾਰਗੀ ਕਵੀਆਂ ਦੀ ਪਰੰਪਰਾ ਵਿਚ ਇਨ੍ਹਾਂ ਦਾ ਉਪਦੇਸ਼ ਇਕ ਐਸੇ ਬ੍ਰਹਮ ਨੂੰ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦਾ ਹੈ ਜੋ ਨਿਰਗੁਣ -ਨਿਰਾਕਾਰ, ਸਰਵ-ਵਿਆਪਕ ਸੱਤਾ ਹੈ ਅਤੇ ਜਿਸ ਦੀ ਅਦ੍ਰਿਸ਼ ਚੇਤਨਾ ਨਿੱਤ ਸਾਡੇ ਅੰਗ ਸੰਗ ਵਿਦਮਾਨ ਰਹਿੰਦੀ ਹੈ।

ਗੁਰੂ ਰਵਿਦਾਸ ਦਾ ਦਰਸ਼ਨ ਸਰਵਾਤਮਵਾਦ ਵਿਚ ਸਮਾਇਆ ਹੋਇਆ ਹੈ। 'ਸਬ ਮੈਂ ਹਰਿ ਹੈ ਹਰਿ ਮੈਂ ਸਬ ਹੈ ' ਦੇ ਮਹਾਂਵਾਕ ਅਨੁਸਾਰ 'ਉਹ' ਸਰਵ ਜੀਵਾਂ ਵਿਚ ਸਮਾਇਆ ਹੋਇਆ ਹੈ ਅਤੇ ਸਭ ਉਸ ਪਾਰਬ੍ਰਹਮ ਵਿਚ ਵਸੇ ਹੋਏ ਹਨ। ਉਸ ਦਾ ਕੋਈ ਵਰਣ -ਅਵਰਣ ਨਹੀਂ ਅਤੇ ਨਾ ਕੋਈ ਰੰਗ ਰੂਪ ਹੈ। ਜੀਵਾਤਮਾ ਬ੍ਰਹਮ ਦੀ ਮੂਰਤ ਸੱਤਾ ਹੈ। ਦੁਨਿਆਵੀ ਮੋਹ-ਮਾਇਆ ਵਿਚ ਫਸਕੇ ਜੀਵ, ਜਗਤ ਦੀ ਮਾਰ ਖਾਂਦਾ ਹੋਇਆ ਚੌਰਾਸੀ ਦੇ ਗੇੜ ਵਿਚ ਪਿਆ ਹੋਇਆ ਹੈ। ਮਾਇਆ ਨੇ ਬ੍ਰਹਮ ਤੇ ਜੀਵ ਨੂੰ ਅਲੱਗ ਕੀਤਾ ਹੋਇਆ ਹੈ। ਗੁਰੂ ਰਵਿਦਾਸ ਅਨੁਸਾਰ ਇਹ ਭਿੰਨਤਾ ਕੇਵਲ ਮਾਇਆ ਦਾ ਭਰਮ ਹੈ, ਉਂਝ ਦੋਵੇਂ ਇੱਕ ਹਨ, ਇੱਕ ਤੋਂ ਹੀ ਦੂਸਰੇ ਦੀਉਤਪੱਤੀ ਹੁੰਦੀ ਹੈ। ਇਨ੍ਹਾਂ ਵਿਚਲਾ ਭੇਦ ਸੋਨੇ ਅਤੇ ਸੋਨੇ ਤੋਂ ਬਣੇ ਕੜੇ ਵਰਗਾ ਹੀ ਹੈ। ਜਿਵੇਂ ਜਲ ਅਤੇ ਜਲ ਤੋਂ ਉੱਠੀ ਲਹਿਰ, ਪੱਥਰ ਅਤੇ ਪੱਥਰ ਤੋਂ ਬਣੀ ਮੂਰਤੀ ਇੱਕ ਹੈ, ਇਸੇ ਤਰ੍ਹਾਂ ਬ੍ਰਹਮ ਅਤੇ ਜੀਵ ਇੱਕ ਹਨ। ਪਰ ਦੋਵੇਂ ਇਕ ਹੁੰਦੇ ਹੋਏ ਵੀ ਦੋ ਹਨ, ਇਸੇ ਲਈ ਤਾਂ ਜੀਵ ਨੂੰ ਬ੍ਰਹਮ ਵਿਚ ਅਭੇਦ ਹੋਣ ਲਈ ਨਾਮ ਦਾ ਸਿਮਰਨ ਕਰਨਾ ਪੈਂਦਾ ਹੈ। ਸੱਚਾ ਸੁੱਖ ਪ੍ਰਾਪਤ ਕਰਨ ਲਈ ਦੁਨਿਆਵੀ ਮਾਇਆ ਦੇ ਭਰਮ-ਜਾਲ ਤੋਂ ਮੁਕਤ ਹੋਣਾ ਹੀ ਜੀਵ ਤੇ ਬ੍ਰਹਮ ਦੀ ਹਕੀਕੀ ਅਭੇਦਤਾ ਹੈ।

ਗੁਰੂ ਰਵਿਦਾਸ ਅਨੁਸਾਰ ਮਨ ਮਾਇਆ ਦੇ ਹੱਥਾਂ ਵਿਚ ਵਿਕਿਆ ਹੋਇਆ ਹੈ। ਮਾਇਆ ਨੂੰ ਤਿਆਗਣਾ ਅਰਥਾਤ ਉਸ ਤੋਂ ਬਚਣਾ ਬੜੀ ਸੂਰਮਗਤੀ ਦਾ ਕੰਮ ਹੈ ਅਤੇ ਕੇਵਲ

ਬ੍ਰਹਮ ਨਾਲ ਮਿਲਾਪ ਕਰਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਮਾਇਆ ਦੇ ਰਾਹੀਂ ਹੀ ਬ੍ਰਹਮ ਇਸ ਜਗਤ ਵਿਚ ਅਨੇਕ ਪ੍ਰਕਾਰ ਦੇ ਆਡੰਬਰ ਰਚ ਰਹਿਆ ਹੈ। ਗੁਰੂ ਜੀ ਨੇ ਬ੍ਰਹਮ ਨੂੰ ਬਾਜ਼ੀਗਰ ਅਤੇ ਮਾਇਆ ਨੂੰ ਉਸ ਦੀ ਕਲਾ ਮੰਨਿਆ ਹੈ। ਬਾਜ਼ੀਗਰ 'ਸੱਚ' ਹੈ ਪਰ ਮਾਇਆ ਉਸ ਰਾਹੀਂ ਰਚਿਆ ਗਿਆ ਭਰਮ-ਜਾਲ ਹੈ। ਮਾਇਆ ਜੀਵ ਨੂੰ ਬ੍ਰਹਮ ਤੋਂ ਤੋੜਦੀ, ਉਸ ਨੂੰ ਭਰਮ ਵਿਚ ਪਾਉਂਦੀ ਹੈ, ਪਰ ਇਕ ਸ਼ਕਤੀ ਦੇ ਰੂਪ ਵਿਚ ਉਸ ਨਾਲ ਇਸ ਦਾ ਨਾਤਾ ਵੀ ਜੋੜਦੀ ਹੈ। ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਨਾਲ ਹੀ ਮਾਇਆ ਤੋਂ ਪਿੱਛਾ ਛੁੱਟ ਸਕਦਾ ਹੈ, ਇਹ ਐਨੀ ਤਾਕਤਵਰ ਹੈ ਕਿ ਸਮੁੱਚੇ ਜਗਤ-ਮੰਡਲ ਵਿਚ ਹਰ ਥਾਂ ਇਸ ਦੀ ਸਰਦਾਰੀ ਹੈ। ਇਹ ਮੋਹਿਨੀ ਹੈ, ਵਿਕਟ ਹੈ, ਝੂਠੀ, ਥੋਥੀ ਅਤੇ ਫੰਧ ਪਸਾਰਨ ਵਾਲੀ ਹੈ। ਗੁਰੂ ਦੀ ਸ਼ਰਨ ਪ੍ਰਾਪਤ ਕਰਕੇ, ਸਤਿਸੰਗ ਵਿਚ ਜਾਕੇ, ਨਿਮਰਤਾ ਤੇ ਸਹਿਜ ਮਾਰਗ ਰਾਹੀਂ, ਨਾਮ ਦੀ ਸਿਮਰਨ-ਭਗਤੀ ਕਰਕੇ ਮਾਇਆ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਜਗਤ ਉਸ ਬ੍ਰਹਮ ਦੀ ਲੀਲ੍ਹਾ-ਭੂਮੀ ਹੈ, ਇਹ ਨਾਸ਼ਵਾਨ ਤੇ ਮਰਨ-ਸ਼ੀਲ ਹੈ, ਇਸ ਦੀ ਆਪਣੀ ਕੋਈ ਸੱਤਾ ਨਹੀਂ ਹੈ। ਗੁਰੂ ਰਵਿਦਾਸ ਨੇ ਇਸ ਜਗਤ ਨੂੰ 'ਸੰਸਾਰ ਸਮੁੰਦੇ' ਕਿਹਾ ਹੈ ਜਿਸ ਦੀ ਮੋਹਿਨੀ ਮਾਇਆ ਜੀਵ ਨੂੰ ਭਰਮਾ ਲੈਂਦੀ ਹੈ। ਇਹ ਜਗਤ 'ਕਸੁੰਭ ਦਾ ਰੰਗ' ਹੈ ਜਿਸ ਵਿਚ ਭਰਮਕੇ ਜੀਵ ਆਪਣੇ ਮੂਲ ਤੋਂ ਉੱਖੜ ਜਾਂਦੇ ਹਨ ਅਤੇ ਪਰਮਪਦ ਦੀ ਪ੍ਰਾਪਤੀ ਤੋਂ ਵਾਂਝੇ ਰਹਿ ਜਾਂਦੇ ਹਨ। ਪਰ ਸੰਤ-ਜਨ ਇਸ ਵਿਚੋਂ ਨਿਰਲੇਪ ਹੋ ਕੇ ਬਾਹਰ ਨਿਕਲਦੇ ਹਨ ।

ਗੁਰੂ ਜੀ ਦਾ ਮਾਰਗ ਸਹਿਜ ਪ੍ਰੇਮ ਦਾ ਮਾਰਗ ਹੈ,। ਇਸ ਪ੍ਰੇਮ -ਮਾਰਗ ਵਿਚ ਉਨ੍ਹਾਂ ਦੀ ਘੋਰ ਤਪ-ਸਾਧਨਾ ਅਤੇ ਕਰਮਯੋਗੀ ਵਾਲੀ ਨਿਸ਼ਕਾਮ ਭਗਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪ੍ਰੇਮ-ਭਗਤੀ ਦਾ ਮੂਲ-ਆਧਾਰ ਹਉਮੈ ਦਾ ਤਿਆਗ ਹੈ। ਆਪਣਾ ਆਪਾ ਨਿਛਾਵਰ ਕਰਕੇ ਹੀ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। 'ਮੈਂ', 'ਮੇਰੀ' ਵਿਚਕਾਰ ਲਟਕ ਰਹੀ ਜੀਵ-ਆਤਮਾ ਕਦੀ ਵੀ ਮਿਲਾਪ ਹਾਸਿਲ ਨਹੀਂ ਕਰ ਸਕਦੀ। ਆਤਮ-ਸਮਰਪਣ ਹੀ ਪਰਮ-ਆਨੰਦ ਪ੍ਰਾਪਤੀ ਦਾ ਮਾਰਗ ਹੈ।

ਨਿਰਸੰਦੇਹ ਗੁਰੂ ਰਵਿਦਾਸ ਚੇਅਰ ਦੀ ਰਹਿਨੁਮਾਈ ਹੇਠ ਗੁਰੂ ਰਵਿਦਾਸ ਜੀ ਦੇ ਜੀਵਨ ਤੇ ਚਿੰਤਨ ਬਾਰੇ ਕੁਝ ਵਿਦਵਾਨ ਖੋਜੀਆਂ ਵਲੋਂ ਗੰਭੀਰ ਅਧਿਐਨ ਕੀਤਾ ਗਿਆ ਹੈ, ਪਰੰਤੂ

ਗੁਰੂ ਜੀ ਦੇ ਦਰਸ਼ਨ ਸੰਬੰਧੀ ਅਜੇ ਵੀ ਕਈ ਅਜਿਹੇ ਲੁਕਵੇਂ ਤੱਥ ਹਨ ਜਿਹੜੇ ਹੋਰ ਦੀਰਘ ਖੋਜ ਦੀ ਮੰਗ ਕਰਦੇ ਹਨ। ਵਾਸਤਵ ਵਿਚ ਰਵਿਦਾਸ-ਚਿੰਤਨ ਆਪਣੀ ਇਕ ਵਿਲੱਖਣ ਪਛਾਣ ਰੱਖਦਾ ਹੈ। ਗੁਰੂ ਰਵਿਦਾਸ-ਦਰਸ਼ਨ ਇਕ ਪਾਸੇ ਤਾਂ ਭਾਰਤੀ ਵੈਦਿਕ ਚਿੰਤਨਧਾਰਾ ਨਾਲ ਜਾ ਜੁੜਦਾ ਹੈ ਤਾਂ ਦੂਜੇ ਪਾਸੇ ਸਰਵ ਸਾਧਾਰਨ ਵਿਚੋਂ ਪੈਦਾ ਹੋਏ ਵਿਵਹਾਰਿਕ ਗਿਆਨ ਸਦਕਾ ਆਪਣੀ ਇਕ ਵੱਖਰੀ ਨੁਹਾਰ ਵੀ ਰੱਖਦਾ ਹੈ। ਇਹ ਦਰਸ਼ਨ ਵੈਦਿਕ ਹੁੰਦੇ ਹੋਏ ਵੀ ਬ੍ਰਾਹਮਣੀ ਸੋਚ ਦਾ ਧਾਰਨੀ ਨਹੀਂ, ਸਗੋਂ ਸ਼ੁੱਧ ਭਗਤੀ ਮਾਰਗ ਹੈ।

ਰਵਿਦਾਸ ਦਰਸ਼ਨ ਵਿਚ ਗਿਆਨ, ਕਰਮ ਤੇ ਭਗਤੀ ਦਾ ਸਮੁਚਿਤ ਸੰਯੋਗ ਮਿਲਦਾ ਹੈ। ਸਾਧਨਾ ਪੱਧਤੀ ਵਿਚ ਨਿਰਗੁਣ ਤੇ ਸਗੁਣ ਦਾ ਭੇਦ ਮਿਟਾਕੇ ਗੁਰੂ ਜੀ ਨੇ 'ਨਿਰਗੁਣ ਸਰਗੁਣ ਏਕ ਬਮੇਕਾ' ਵਾਲਾ ਦਰਸ਼ਨ ਪ੍ਰਸਤੁਤ ਕਰਕੇ ਦੋਵਾਂ ਵਿਚ ਸਮਨਵੈ ਦਾ ਭਾਵ ਵਧੇਰੇ ਦਰਸਾਇਆ ਹੈ। ਇਸ ਸ਼ੋਧ-ਪ੍ਰਬੰਧ ਵਿਚ ਇਸੇ ਦ੍ਰਿਸ਼ਟੀਬਿੰਦੂ ਤੇ ਚੱਲਕੇ ਵਿਸ਼ੇਸ਼ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਪ੍ਰਸਤੁਤ ਸ਼ੋਧ-ਪ੍ਰਬੰਧ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਹਰ ਵਿਅਕਤੀ ਦੇ ਜੀਵਨ ਵਿਚ ਸਮਕਾਲੀਨ ਪਰਿਸਥਿਤੀਆਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਮਹਾਨ ਪੁਰਸ਼ਾਂ ਦਾ ਜੀਵਨ ਤਾਂ ਕੁਰੀਤੀਆਂ ਭਰਪੂਰ ਪਰਿਸਥਿਤੀਆਂ ਨੂੰ ਪਰਿਵਰਤਿਤ ਕਰਨ ਪ੍ਰਤੀ ਹੀ ਸਮਰਪਿਤ ਹੁੰਦਾ ਹੈ। ਪਹਿਲੇ ਅਧਿਆਇ ਵਿਚ ਅਸੀਂ ਗੁਰੂ ਰਵਿਦਾਸ ਜੀ ਦੀਆਂ ਸਮਕਾਲੀਨ ਪਰਿਸਥਿਤੀਆਂ, ਉਨ੍ਹਾਂ ਦੀ ਜੀਵਨ-ਕਹਾਣੀ, ਉਨ੍ਹਾਂ ਦੇ ਵਿਅਕਤਿਤ੍ਵ ਅਤੇ ਕ੍ਰਿਤਿਤ੍ਵ ਨੂੰ ਉਲੀਕਿਆ ਹੈ। ਦੂਸਰੇ ਅਧਿਆਇ ਵਿਚ ਭਾਰਤੀ ਦਰਸ਼ਨ ਦੇ ਵਿਭਿੰਨ ਮਤ-ਮਤਾਂਤਰਾਂ ਦਾ ਵਿਵਰਣ ਪ੍ਰਸਤੁਤ ਕੀਤਾ ਗਿਆ ਹੈ ਜੋ ਗੁਰੂ ਰਵਿਦਾਸ ਜੀ ਨੂੰ ਇਤਿਹਾਸਕ ਪਿੱਠ-ਭੂਮੀ ਵਿਚ ਪ੍ਰਾਪਤ ਹੋਵੇ ।

ਗੁਰੂ ਰਵਿਦਾਸ ਚਿੰਤਨ ਨੂੰ ਅਗਲੇ ਤਿੰਨ ਅਧਿਆਇ ਵਿਚ ਰੂਪਮਾਨ ਕੀਤਾ ਗਿਆ ਹੈ। ਤੀਸਰੇ ਅਧਿਆਇ ਵਿਚ ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਦੇ ਸੰਕਲਪ ਨੂੰ ਵਿਸਥਾਰ ਸਹਿਤ ਉਲੀਕਿਆ ਗਿਆ ਹੈ। ਭਾਰਤੀ ਦਰਸ਼ਨ ਦੇ ਪ੍ਰਮੁੱਖ ਤੱਤਾਂ –ਜੀਵ, ਜਗਤ ਨੂੰ ਸ਼ੋਧ-ਪ੍ਰਬੰਧ ਦੇ ਚੌਥੇ ; ਅਤੇ ਮਾਇਆ, ਮੁਕਤੀ ਨੂੰ ਪੰਜਵੇਂ ਅਧਿਆਇ ਵਿਚ ਮੂਰਤੀਮਾਨ ਕੀਤਾ ਗਿਆ ਹੈ। ਚਿੰਤਨ ਦੇ ਇਨ੍ਹਾਂ ਮੂਲ ਤੱਤਾਂ ਬਾਰੇ ਦੀਰਘ ਅਧਿਐਨ ਪ੍ਰਸਤੁਤ ਕਰਨ ਦੇ ਨਾਲ ਨਾਲ ਭਾਰਤੀ ਦਰਸ਼ਨ ਦੇ ਵਿਭਿੰਨ ਸੰਪ੍ਰਦਾਇਆਂ ਨਾਲ ਗੁਰੂ ਰਵਿਦਾਸ-ਦਰਸ਼ਨ ਦੀ ਭਿੰਨਤਾ ਅਤੇ ਅਭਿੰਨਤਾ

ਨੂੰ ਦਰਸਾ ਕੇ, ਭਾਰਤੀ ਚਿੰਤਨ ਵਿਚ ਗੁਰੂ ਰਵਿਦਾਸ - ਦਰਸ਼ਨ ਦੇ ਯੋਗਦਾਨ, ਮਹੱਤਵ ਅਤੇ ਸਥਾਨ ਨੂੰ ਨਿਸ਼ਚਤ ਕਰਕੇ, ਇਸ ਸ਼ੋਧ-ਪ੍ਰਬੰਧ ਦੁਆਰਾ ਪੂਰੀ ਸੁਹਿਰਦਤਾ ਅਤੇ ਈਮਾਨਦਾਰੀ ਨਾਲ ਗੁਰੂ ਰਵਿਦਾਸ-ਚਿੰਤਨ ਦੀ ਵਿਲੱਖਣਤਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਸ਼ੋਧ-ਪ੍ਰਬੰਧ ਦੇ ਕਾਰਜ ਨੂੰ ਨੇਪਰੇ ਚਾੜ੍ਹਣ ਵਿਚ ਮੈਨੂੰ ਆਪਣੇ ਨਿਰੀਖਿਅਕਾਂ ਸਤਿਕਾਰਯੋਗ ਡਾ. ਧਰਮਪਾਲ ਸਿੰਗਲ ਅਤੇ ਡਾ. ਕ੍ਰਿਸ਼ਨਾ ਕਲਸੀਆ ਜੀ ਵਲੋਂ ਜਿਹੜੀ ਸੁਚੱਜੀ ਤੇ ਪਿਆਰ-ਭਰੀ ਅਗਵਾਈ ਪ੍ਰਾਪਤ ਹੋਈ ਹੈ, ਉਸ ਦਾ ਧੰਨਵਾਦ ਤਾਂ ਮੈਂ ਹਿਰਦੇ ਦੁਆਰਾ ਹੀ ਕਰ ਸਕਦਾ ਹਾਂ। ਇਨ੍ਹਾਂ ਪ੍ਰਤੀ ਸਤਿਕਾਰਤ ਮੇਰੀਆਂ ਦਿਲੀ ਭਾਵਨਾਵਾਂ ਨੂੰ ਸ਼ਬਦਾਂ ਦੇ ਜਾਮੇ ਰਾਹੀਂ ਅੰਕਿਤ ਨਹੀਂ ਕੀਤਾ ਸਕਦਾ। ਇਸ ਸ਼ੋਧ-ਪ੍ਰਬੰਧ ਨੂੰ ਤਿਆਰ ਕਰਨ ਦੇ ਸਮੇਂ ਦੌਰਾਨ ਆਪਣੇ ਜੀਵਨ ਦੀਆਂ ਬੇਸ਼-ਕੀਮਤ ਘੜੀਆਂ ਜਿਹੜੀਆਂ ਇਨ੍ਹਾਂ ਨੇ ਮੇਰੇ ਲਈ ਕੁਰਬਾਨ ਕੀਤੀਆਂ ਹਨ, ਉਨ੍ਹਾਂ ਦਾ ਰਿਣ ਤਾਂ ਮੈਂ ਉਮਰ ਭਰ ਵੀ ਉਤਾਰ ਨਹੀਂ ਸਕਦਾ । ਮੈਂ ਉਨ੍ਹਾਂ ਵਿਦਵਾਨਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਪੜ੍ਹਕੇ ਅਤੇ ਉਨ੍ਹਾਂ ਵਿਚੋਂ ਟੂਕਾਂ ਤੇ ਹਵਾਲੇ ਲੈ ਕੇ ਇਸ ਸ਼ੋਧ-ਪ੍ਰਬੰਧ ਨੂੰ ਸ਼ਿੰਗਾਰ ਸਕਿਆ ਹਾਂ ।

ਮੇਰੇ ਅਧਿਆਪਕ ਡਾ. ਟੀ.ਆਰ.ਸ਼ੰਗਾਰੀ, ਪ੍ਰੋ. ਵੀ.ਬੀ.ਅਗਨੀਹੋਤਰੀ, ਸਹਿਯੋਗੀ ਸਾਥੀ ਡਾ. ਟੀ.ਡੀ.ਜੋਸ਼ੀ, ਡਾ. ਕੇ.ਐਸ.ਬਿੰਦ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ, ਜਿਹੜੇ ਸਮੇਂ -ਸਮੇਂ ਤੇ ਮੇਰੀ ਅਗਵਾਈ ਵੀ ਕਰਦੇ ਰਹੇ ਹਨ ਅਤੇ ਹੌਸਲਾ ਅਫ਼ਜ਼ਾਈ ਵੀ ।

ਮੈਂ ਆਪਣੇ ਪਰਿਵਾਰ-ਜਨਾਂ ਸਰਵਸ਼੍ਰੀ ਪਿਆਰੇ ਲਾਲ, ਦੇਵ ਰਾਜ, ਰਾਕੇਸ਼, ਨਰਿੰਦਰ ਅਤੇ ਪਿਆਰੇ ਭਤੀਜੇ ਨਰੇਸ਼, ਜੌਲੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਖੋਜ-ਕਾਰਜ ਦੌਰਾਨ ਮੇਰੀ ਹਰ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਿਆ।

ਮੈਂ ਆਪਣੀ ਪਿਆਰੀ ਬੇਟੀ ਸ਼ੈਲੀ ਦਾ ਹਾਰਦਿਕ ਧੰਨਵਾਦੀ ਹਾਂ ਜਿਸ ਨੇ ਨੰਨ੍ਹੇ-ਮੁੰਨੇ ਬੇਟੇ ਆਸ਼ੂ ਨੂੰ ਖੇਡ-ਜਗਤ ਵਿਚ ਮਸਰੂਫ਼ ਕਰਕੇ ਮੈਨੂੰ ਦੀਰਘ ਅਧਿਐਨ ਕਰਨ ਦਾ ਖੁਲ੍ਹਾ ਤੇ ਵਿਸ਼ਾਲ ਸਮਾਂ ਪ੍ਰਦਾਨ ਕੀਤਾ। ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਭਾਵੇਂ ਆਪਣੀ ਪਿਆਰੀ ਮਾਤਾ ਦੇ ਜਿਉਂਦੇ- ਜੀਅ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਤਾਂ ਨਹੀਂ ਚਾੜ੍ਹ ਸਕਿਆ,

ਪਰ ਆਪਣੇ ਸਤਿਕਾਰਯੋਗ ਬਜ਼ੁਰਗ ਪਿਤਾ ਦੀ ਪ੍ਰੇਮ-ਭਰੀ ਰਹਿਨੁਮਾਈ ਅਤੇ ਮੌਜੂਦਗੀ ਵਿਚ ਇਹ ਸ਼ੋਧ-ਪ੍ਰਬੰਧ ਤਿਆਰ ਕਰ ਸਕਿਆ ਹਾਂ । ਸ਼ਾਇਦ ਇਹ ਖੋਜ-ਕਾਰਜ ਕਦੇ ਵੀ ਨੇਪਰੇ ਨਾ ਚੜ੍ਹਦਾ ਜੇਕਰ ਮੇਰੀ ਪਤਨੀ ਰੇਮਾਂ, ਬੇਹੱਦ ਮਸਰੂਫ਼ੀਅਤ ਦੇ ਬਾਵਜੂਦ ਮੈਨੂੰ ਘਰ ਵਿਚ ਸ਼ਾਂਤ ਤੇ ਪ੍ਰੇਮ-ਭਰਿਆ ਵਾਤਾਵਰਣ ਮੁਹੱਈਆ ਨਾ ਕਰਦੀ ।

ਮੈਂ ਆਪਣਾ ਇਹ ਸ਼ੋਧ-ਪ੍ਰਬੰਧ ਆਪਣੀ ਪਿਆਰੀ ਪਤਨੀ ਤੇ ਆਦਰਣੀਯ ਪਿਤਾ ਜੀ ਨੂੰ ਸਮਰਪਿਤ ਕਰਦਾ ਹਾਂ ।

(ਗਿਆਨ ਚੰਦਰ ਕੌਲ)

## ਤਤਕਰਾ


ਪੰਨਾ ਨੰਬਰ

ਭੂਮਿਕਾ — ੳ – ਕ

ਅਧਿਆਇ ਪਹਿਲਾ: ਸਮਕਾਲੀਨ ਪਰਿਸਥਿਤੀਆਂ, ਗੁਰੂ ਰਵਿਦਾਸ ਜੀਵਨ ਵਿਅਕਤਿਤ੍ਵ, ਕ੍ਰਿਤਿਤ੍ਵ — 1 – 45

ਸਮਕਾਲੀਨ ਪਰਿਸਥਿਤੀਆਂ—ਪਿੱਠ ਭੂਮੀ, ਰਾਜਨੀਤਕ ਪਰਿਸਥਿਤੀਆਂ, ਸਮਾਜਿਕ ਪਰਿਸਥਿਤੀਆਂ, ਆਰਥਿਕ ਪਰਿਸਥਿਤੀਆਂ, ਧਾਰਮਿਕ ਪਰਿਸਥਿਤੀਆਂ, ਸਭਿਆਚਾਰਕ ਪਰਿਸਥਿਤੀਆਂ, ਸਾਹਿਤਕ ਪਰਿਸਥਿਤੀਆਂ, ਸਿੱਟਾ ।

ਗੁਰੂ ਰਵਿਦਾਸ ਜੀ ਦਾ ਜੀਵਨ— ਨਾਮਕਰਨ, ਜਨਮ ਸੰਮਤ, ਜਨਮ-ਸਥਾਨ, ਗੁਰੂ ਰਵਿਦਾਸ ਜੀ ਦੇ ਮਾਤਾ ਪਿਤਾ, ਗੁਰੂ ਰਵਿਦਾਸ ਜੀ ਦੇ ਗੁਰੂ, ਸ਼ਿਸ਼-ਪਰੰਪਰਾ, ਗ੍ਰਿਹਸਥ ਜੀਵਨ, ਯਾਤਰਾਵਾਂ, ਨਿਰਵਾਣ ਪ੍ਰਪਤੀ, ਵਿਅਕਤਿਤ੍ਵ ਅਤੇ ਕ੍ਰਿਤਿਤ੍ਵ, ਵਾਣੀ ਰਚਨਾ, ਨਿਸ਼ਕਰਸ਼।

ਅਧਿਆਇ ਦੂਜਾ: ਭਾਰਤੀ ਦਰਸ਼ਨ — 46 –90

ਦਰਸ਼ਨ ਦੀ ਪਰਿਭਾਸ਼ਾ, ਭਾਰਤੀ ਦਰਸ਼ਨ ਦਾ ਮੂਲ ਮੰਤਵ, ਭਾਰਤੀ ਦਰਸ਼ਨ: ਆਸਤਿਕ ਤੇ ਨਾਸਤਿਕ ਦਰਸ਼ਨ, ਵੈਦਿਕ ਕਾਲ ਵਿਚ ਭਾਰਤੀ ਦਰਸ਼ਨ, ਉਪਨਿਸ਼ਦਿਕ ਕਾਲ ਵਿਚ ਭਾਰਤੀ ਦਰਸ਼ਨ, ਪੌਰਾਣਿਕ ਕਾਲ ਵਿਚ ਭਾਰਤੀ ਦਰਸ਼ਨ, ਭਾਰਤੀ ਦਰਸ਼ਨ ਅਤੇ ਨਾਸਤਿਕ ਵਿਚਾਰਧਾਰਾ: ਚਾਰਵਾਕ, ਜੈਨ ਤੇ ਬੋਧ ਦਰਸ਼ਨ, ਸਾਂਖ, ਮੀਮਾਂਸਾ, ਨਿਆਂ, ਵੈਸ਼ੇਸ਼ਿਕ, ਯੋਗ ਅਤੇ ਅਦ੍ਵੈਤ-ਵੇਦਾਂਤ ਦਰਸ਼ਨ । ਭਾਰਤੀ ਭਗਤੀ ਲਹਿਰ ਅਤੇ ਦਰਸ਼ਨ ਤੇ ਭਗਤੀ ਦਾ ਸੁਮੇਲ, ਵਿਸ਼ਿਸ਼ਟ ਅਦ੍ਵੈਤਵਾਦ: ਦੱਖਣ ਦੇ ਆਲਵਾਰ ਸੰਤ, ਵੈਸ਼ਣਵ ਦਰਸ਼ਨ, ਦ੍ਵੈਤਵਾਦ, ਦ੍ਵੈਤਾ-ਦ੍ਵੈਤਾਵਾਦ, ਸ਼ੁਧਾਦ੍ਵੈਤਵਾਦ, ਸਮਨਵੈਵਾਦੀ ਜੀਵਨ ਦਰਸ਼ਨ

ਅਤੇ ਸੰਤ ਮੱਤ ਵਿਚਾਰ, ਹੱਠਯੋਗ ਅਤੇ ਨਾਥ ਸੰਪ੍ਰਦਾਇ, ਸੰਤ ਮੱਤ ਦਰਸ਼ਨ, ਸ੍ਵਾਮੀ ਰਾਮਾਨੰਦ ਦਾ ਜੀਵਨ-ਦਰਸ਼ਨ ਅਤੇ ਉਸ ਦਾ ਪ੍ਰਭਾਵ, ਨਿਸ਼ਕਰਸ਼ ।

ਅਧਿਆਇ ਤੀਜਾ: ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਦਾ ਸੰਕਲਪ 91 –164

ਭਾਰਤੀ ਦਰਸ਼ਨ ਵਿਚ ਬ੍ਰਹਮ ਦਾ ਸੰਕਲਪ, ਗੁਰੂ ਰਵਿਦਾਸ ਦਾ ਬ੍ਰਹਮ ਨਿਰੂਪਣ: ਅਵਿਅਕਤ ਨਿਰਗੁਣ ਰੂਪ ਬ੍ਰਹਮ ਤੇ ਅਵਿਅਕਤ ਸਗੁਣ ਸਰੂਪ ਬ੍ਰਹਮ। ਅਨਿਰਵਚਨੀਯ ਤੱਤ ਰੂਪ ਬ੍ਰਹਮ(ਨਿਰਗੁਣਵਾਚਕ ਵਿਸ਼ੇਸ਼ਣਾਂ ਦੁਆਰਾ ਬ੍ਰਹਮ ਨਿਰੂਪਣ, ਨਾਕਾਰਾਤਮਕ, ਵਿਭਾਵਾਤਮਕ, ਵਿਰੋਧਾਤਮਕ ਤੇ ਰੂਪਾਤਮਕ ਸ਼ੈਲੀ ਦੁਆਰਾ ਬ੍ਰਹਮ ਨਿਰੂਪਣ), ਸ਼ਬਦ ਰੂਪ, ਓਂਕਾਰ ਰੂਪ, ਨਿਰੰਜਨ ਰੂਪ, ਸ਼ੂਨਯ ਰੂਪ ਬ੍ਰਹਮ ।

ਅਵਿਅਕਤ ਸਗੁਣ ਸਰੂਪ ਬ੍ਰਹਮ: ਇਕ ਬ੍ਰਹਮ, ਸਤਿ-ਸਰੂਪ, ਜੋਤਿ-ਸਰੂਪ ਤੇ ਸੈਭੰ ਰੂਪ ਬ੍ਰਹਮ ।

ਵਿਅਕਤ ਸਗੁਣ ਸਰੂਪ ਬ੍ਰਹਮ: ਭਾਵਨਾ ਮੂਲਕ ਦ੍ਰਿਸ਼ ਰੂਪ- ਮਾਤਾ ਪਿਤਾ ਦੇ ਰੂਪ ਵਿਚ ਬ੍ਰਹਮ ਨਿਰੂਪਣ, ਅੰਸ਼ੀ ਰੂਪ, ਸੁਆਮੀ ਰੂਪ, ਸਖਾ ਰੂਪ, ਭਗਤ-ਰਖਿਅਕ ਬ੍ਰਹਮ ਅਤੇ ਦੰਪਤੀ ਭਾਵ ਦੁਆਰਾ ਬ੍ਰਹਮ-ਵਰਣਨ। ਕਰਤਾ ਰੂਪ ਬ੍ਰਹਮ, ਪ੍ਰਤੀਕ ਰੂਪ, ਵਿਰਾਟ ਰੂਪ, ਸੁਲਤਾਨ ਰੂਪ, ਲੇਖਾ ਮੰਗਣਹਾਰ ਅਤੇ ਪ੍ਰੀਤਮ ਰੂਪ ਬ੍ਰਹਮ, ਮਣੀ ਰੂਪ ਬ੍ਰਹਮ (ਪਾਰਸਮਣੀ, ਸੁਧਾਮਣੀ, ਚਿੰਤਾਮਣੀ) ਕਿਰਪਾ-ਨਿਧੀ, ਗਿਆਨ ਸਰੂਪ ਬ੍ਰਹਮ। ਬ੍ਰਹਮ ਲਈ ਪ੍ਰਯੋਗ ਕੀਤੇ ਨਾਮ, ਗੁਰੂ ਰਵਿਦਾਸ ਜੀ ਦੇ 'ਰਾਮ' ਅਤੇ ਨਿਸ਼ਕਰਸ਼ ।

ਅਧਿਆਇ ਚੌਥਾ: ਗੁਰੂ ਰਵਿਦਾਸ ਵਾਣੀ ਵਿਚ ਜੀਵ, ਜਗਤ ਦਾ ਸੰਕਲਪ 165 — 233

ਪਿੱਠ ਭੂਮੀ, ਗੁਰੂ ਰਵਿਦਾਸ ਵਾਣੀ ਵਿਚ ਜੀਵਾਤਮਾ, ਵਾਣੀ ਵਿਚ ਜੀਵ-ਨਿਰੂਪਣ, ਜੀਵ ਦੀ ਉਤਪੱਤੀ, ਸਰੀਰ ਦੀ ਸਰੰਚਨਾ ਅਤੇ ਆਤਮਾ ਦਾ ਨਿਵਾਸ, ਜੀਵ ਦੀਆਂ ਕਿਸਮਾਂ—ਬੱਧ ਅਤੇ ਮੁਕਤ ਜੀਵ। ਜੀਵਾਤਮਾ ਦਾ ਸਰੂਪ, ਵਿਭਿੰਨ ਰੂਪਕਾਂ ਦੁਆਰਾ ਆਤਮ-ਵਰਣਨ: ਹੰਸ-ਰੂਪ ਆਤਮਾ, ਸ਼ੁੱਧ ਅਤੇ ਮੁਕਤ ਆਤਮਾ

ਮਨ-ਸਰੂਪ, ਜੋਤਿ-ਸਰੂਪ, ਰੱਬੀ ਰੂਪ, ਸਤਿ-ਸਰੂਪ, ਸੁਰਤਿ-ਰੂਪ । ਜੀਵਾਤਮਾ ਦੀ ਸਥਿਤੀ, ਜੀਵਾਤਮਾ ਦੇ ਵਿਕਾਸ ਦੀਆਂ ਚਾਰ ਅਵਸਥਾਵਾਂ: ਬਾਲ, ਜਵਾਨੀ, ਪੌੜ ਤੇ ਬਿਰਧ ਅਵਸਥਾ, ਨਿਸ਼ਕਰਸ਼ ।

ਜਗਤ ਦਾ ਸੰਕਲਪ– ਉਤਪੱਤੀ ਦੀ ਪਰੰਪਰਾ, ਗੁਰੂ ਰਵਿਦਾਸ ਦੁਆਰਾ ਜਗਤ-ਰਚਨਾ ਦਾ ਵਰਣਨ; ਬ੍ਰਹਮ ਦੁਆਰਾ ਜਗਤ-ਰਚਨਾ, ਨੂਰ ਅਥਵਾ ਪ੍ਰਕਾਸ਼, ਗਿਆਨ-ਸ਼ਕਤੀ, ਪੰਜ ਭੌਤਿਕ ਤੱਤਾਂ, ਮਾਇਆ ਅਤੇ ਕਿਰਿਆ-ਸ਼ਕਤੀ ਦੁਆਰਾ ਜਗਤ ਦੀ ਸਿਰਜਣਾ। ਜਗਤ ਦਾ ਵਿਵਹਾਰਕ ਸਰੂਪ; ਕਸੁੰਭੜੇ ਦੇ ਫੁੱਲ ਰੂਪੀ ਜਗਤ, ਮਿਥਿਆ, ਭੌ-ਸਾਗਰ, ਕੱਜਲ ਦੀ ਕੋਠੜੀ ਰੂਪ, ਨਾਸ਼ਵਾਨ ਅਥਵਾ ਫਾਨੀ, ਮ੍ਰਿਗ-ਤ੍ਰਿਸ਼ਨਾ, ਦੁੱਖਾਂ ਦੀ ਖੇਤਰੀ, ਵਿਸ਼ਿਆਂ ਵਨ-ਰੂਪ ਅਤੇ ਬਾਜੀਗਰ ਦੀ ਬਾਜੀ ਰੂਪ ਜਗਤ। ਯੁੱਗ-ਚਿਤ੍ਰਣ, ਨਿਸ਼ਕਰਸ਼ ।

ਅਧਿਆਇ ਪੰਜਵਾਂ: ਗੁਰੂ ਰਵਿਦਾਸ ਵਾਣੀ ਵਿਚ ਮਾਇਆ, ਮੁਕਤੀ ਦਾ ਸੰਕਲਪ 234 –313

ਮਾਇਆ ਦਾ ਸੰਕਲਪ–ਪਿੱਠ ਭੂਮੀ, ਵਾਣੀ ਵਿਚ ਮਾਇਆ-ਵਰਣਨ, ਮਾਇਆ ਦਾ ਸਰੂਪ–ਅਨਿਰਵਚਨੀਯ ਮਾਇਆ, ਤ੍ਰੈਗੁਣਾਤਮਕ ਸ਼ਕਤੀ, ਪ੍ਰਬਲ ਸ਼ਕਤੀ, ਆਵਰਨ ਸ਼ਕਤੀ, ਵਿਖੇਪ ਸ਼ਕਤੀ, ਤ੍ਰਿਵਿਧ-ਤਾਪ ਉਤਪਾਦਕ, ਵਿਕਟ, ਪ੍ਰਭੂ ਦੀ ਲੀਲ੍ਹਾ-ਰੂਪ, ਹਉਮੈਂ-ਰੂਪ, ਮਿਥਿਆ, ਅਵਿਦਿਆ, ਅਪਰੰਪਾਰ, ਮੋਹਿਨੀ-ਰੂਪ, ਪ੍ਰਪੰਚ, ਕਰਮ-ਰੂਪ, ਕਾਲ-ਰੂਪ ਮਾਇਆ, ਸਾਕਾਰਾਤਮਕ ਅਤੇ ਨਾਕਾਰਾਤਮਕ ਸ਼ਕਤੀ। ਮਾਇਆ ਦਾ ਪ੍ਰਭਾਵ ਖੇਤਰ, ਮਾਇਆ ਦਾ ਪਰਿਵਾਰ, ਮਾਇਆ ਤੋਂ ਮੁਕਤੀ, ਨਿਸ਼ਕਰਸ਼ ।

ਮੁਕਤੀ ਦਾ ਸੰਕਲਪ– ਵਾਣੀ ਵਿਚ ਮੁਕਤੀ-ਵਰਣਨ, ਮੁਕਤ ਅਵਸਥਾਵਾਂ–ਜੀਵਨ, ਵਿਦੇਹ ਤੇ ਨਿਤਯ ਮੁਕਤੀ। ਵਾਣੀ ਵਿੱਚ ਮੁਕਤੀ ਦਾ ਸਰੂਪ: ਸਾਲੋਕਯ ਮੁਕਤੀ, ਸਾਮੀਪਯ ਮੁਕਤੀ, ਸਾਰੂਪਯ ਮੁਕਤੀ, ਸਾਯੁਜਯ ਮੁਕਤੀ। ਮੁੱਕਤੀ ਪ੍ਰਾਪਤੀ ਦੇ ਸਾਧਨ: ਗਿਆਨ ਮਾਰਗ, ਕਰਮ-ਮਾਰਗ, ਭਗਤੀ-ਮਾਰਗ, ਗੁਰੂ ਗਿਆਨ ਤੇ ਗੁਰੂ-ਕਿਰਪਾ, ਨਿਸ਼ਕਰਸ਼ ।

ਸਿੱਟੇ ਤੇ ਨਿਚੋੜ 314– 336

ਸਹਾਇਕ ਪੁਸਤਕ-ਸੂਚੀ 337- 346

* * * * *

# ਅਧਿਆਇ ਪਹਿਲਾ

## ਸਮਕਾਲੀਨ ਪਰਿਸਥਿਤੀਆਂ -ਗੁਰੂ ਰਵਿਦਾਸ ਜੀਵਨ, ਵਿਅਕਤਿਤ੍ਵ, ਕ੍ਰਿਤਿਤ੍ਵ

# ਸਮਕਾਲੀਨ ਪਰਿਸਥਿਤੀਆਂ- ਗੁਰੂ ਰਵਿਦਾਸ ਜੀਵਨ, ਵਿਅਕਤਿਤ੍ਵ, ਕ੍ਰਿਤਤ੍ਵ

## 1.1. ਸਮਕਾਲੀਨ ਪਰਿਸਥਿਤੀਆਂ

### 1.1.1. ਪਿੱਠ ਭੂਮੀ

ਗੁਰੂ ਰਵਿਦਾਸ ਉਨ੍ਹਾਂ ਮਹਾਨ ਚਿੰਤਕਾਂ, ਵਿਚਾਰਕਾਂ ਅਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ ਜਿਹੜੇ ਆਪਣੇ ਤਤਕਾਲੀਨ ਸਮਾਜ ਵਿਚ ਦਲਦਲ ਹੋ ਚੁੱਕੀ ਭਾਰਤ-ਭੂਮੀ ਦੀ ਹਿੱਕ ਉਪਰ ਕਮਲ ਦੇ ਫੁੱਲ ਵਾਂਙ ਖਿੜੇ ਅਤੇ ਜਿਨ੍ਹਾਂ ਨੇ ਪ੍ਰਦੂਸ਼ਿਤ ਹੋ ਚੁੱਕੇ ਚੁਗਿਰਦੇ ਨੂੰ ਆਪਣੇ ਨੂਰ ਅਤੇ ਕੀਰਤੀ ਦੀਆਂ ਸੁਗੰਧੀਆਂ ਨਾਲ ਮਹਿਕਾਇਆ। ਉਨ੍ਹਾਂ ਦਾ ਤੇਜੱਸਵੀ ਵਿਅਕਤਿਤ੍ਵ ਸਦੀਆਂ ਤੋਂ ਪੀੜਤ, ਸਾਹ-ਸਤ ਹੀਣ ਹੋ ਚੁੱਕੇ ਜਨ-ਸਾਧਾਰਣ ਲਈ ਆਸ਼ਾ ਦਾ ਇਕ ਨਵਾਂ ਸੰਦੇਸ਼ ਲੈ ਕੇ ਆਇਆ, ਇਕ ਅਜਿਹਾ ਸੁਨੇਹਾ ਜਿਸ ਨੇ ਭਵਿੱਖ ਵਿਚ ਰੂੜ੍ਹੀਵਾਦੀ ਸਮਾਜ ਵਲੋਂ ਵਲ੍ਹੀਆਂ ਹੋਈਆਂ ਜੰਜ਼ੀਰਾਂ ਨੂੰ ਤੋੜਕੇ ਇਕ ਨਵੇਂ, ਸਮਤਾ, ਸਮਾਨਤਾ ਅਤੇ ਭਾਈਚਾਰਕ ਜੀਵਨ ਵਾਲੇ ਸਮਾਜ ਦੀ ਸਿਰਜਣਾ ਕਰਨਾ ਸੀ।

ਜਿਸ ਸਮੇਂ ਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਹ ਸਮਾਂ ਸਾਡੇ ਦੇਸ਼ ਵਿਚ ਘੋਰ ਨਿਰਾਸ਼ਾ ਦਾ ਸਮਾਂ ਸੀ। ਸਾਰਾ ਦੇਸ਼ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ ਅਤੇ ਸ਼ਾਸਕਾਂ ਦੀਆਂ ਆਪਸੀ ਲੜਾਈਆਂ ਕਾਰਨ ਹਰ ਪਾਸੇ ਰਾਜਨੀਤਕ ਅਸ਼ਾਂਤੀ ਫੈਲੀ ਹੋਈ ਸੀ। ਵੱਖ-ਵੱਖ ਇਲਾਕਿਆਂ ਜਾਂ ਕਬੀਲਿਆਂ ਦੇ ਲੋਕ ਵੱਖ-ਵੱਖ ਧਰਮਾਂ ਤੇ ਮਤ-ਮਤਾਂਤਰਾਂ ਦੇ ਧਾਰਨੀ ਸਨ। ਅਨੇਕ ਦੇਵੀ ਦੇਵਤਿਆਂ ਦੀ ਪੂਜਾ ਕਾਰਨ ਲੋਕ ਧਾਰਮਿਕ-ਫੁੱਟ ਦਾ ਸ਼ਿਕਾਰ ਹੋਏ ਬੈਠੇ ਸਨ । ਲੋਕ-ਜੀਵਨ ਵਿਚ ਵਹਿਮਾਂ-ਭਰਮਾਂ ਦਾ ਬੋਲਬਾਲਾ ਸੀ। ਲੋਕਾਂ ਦਾ ਧਾਰਮਿਕ ਜੀਵਨ ਅਗਿਆਨਤਾ ਦੇ ਹਨੇਰੇ ਵਿਚ ਫਸਿਆ ਹੋਇਆ ਸੀ, ਸੱਚ, ਧਰਮ ਤੇ ਇਨਸਾਫ ਇਥੋਂ ਅਲੋਪ ਹੋ ਚੁੱਕੇ ਸਨ, ਕਰਮ-ਕਾਂਡ, ਵਰਣ-ਵੰਡ, ਜਾਤ-ਪਾਤ ਅਤੇ ਊਚ-ਨੀਚ ਦੀ ਪ੍ਰਬਲ ਭਾਵਨਾ ਨੇ ਸਮਾਜਿਕ ਜੀਵਨ ਵਿਚ ਵੀ ਨਿਘਾਰ ਪੈਦਾ ਕੀਤਾ ਹੋਇਆ ਸੀ। ਸੁੱਚੀਆਂ ਸਦਾਚਾਰਕ ਕੀਮਤਾਂ ਨੂੰ ਤਾਂ ਲੋਕ ਭੁਲ-ਭੁਲਾ ਬੈਠੇ ਸਨ। ਰਾਜਸੀ, ਧਾਰਮਿਕ ਅਤੇ ਸਮਾਜਿਕ ਪੱਖਾਂ ਦੀਆਂ ਕਮਜ਼ੋਰੀਆਂ ਭਾਰਤੀਆਂ ਦੇ ਜੀਵਨ ਨੂੰ ਗਿਰਾਵਟ ਵਲ ਲਿਜਾ ਰਹੀਆਂ ਸਨ ।

ਭਾਰਤ ਦੇ ਇਕ ਤਿਹਾਈ ਦਲਿਤ ਲੋਕ ਤਾਂ ਦੋਹਰੀ ਗੁਲਾਮੀ ਦੇ ਭਾਰ ਹੇਠ ਆਪਣਾ

ਜੀਵਨ ਬਤੀਤ ਕਰ ਰਹੇ ਸਨ। ਰਾਜਨੀਤਕ ਸੱਤਾ ਤੇ ਕਾਬਜ਼ ਰਜਵਾੜਿਆਂ ਦੇ ਨਾਲ-ਨਾਲ ਬ੍ਰਾਹਮਣਵਾਦ ਵਲੋਂ ਫੈਲਾਏ ਭਰਮ-ਜਾਲ ਅਤੇ ਸਿਰਜੇ ਗਏ ਅਨੇਕ ਨੀਤੀ-ਸ਼ਾਸਤਰਾਂ ਨੇ ਉਨ੍ਹਾਂ ਦਾ ਜੀਉਣਾ ਮੁਹਾਲ ਕੀਤਾ ਹੋਇਆ ਸੀ। ਇਸ ਆਪਾ-ਧਾਪੀ ਤੇ ਹਨੇਰ ਗਰਦੀ ਦੇ ਜੁੱਗ ਵਿਚ ਕੌਣ ਸੀ ਜੋ ਸਦੀਆਂ ਤੋਂ ਪੀੜਤ ਦਲਿਤਾਂ ਦੀ ਬਾਂਹ ਫੜਦਾ, ਉਨ੍ਹਾਂ ਵਿਚ ਸੁੱਤੀ ਆਤਮਿਕ ਸ਼ਕਤੀ ਨੂੰ ਹਲੂਣਕੇ ਜਗਾਉਂਦਾ ਅਤੇ ਉਨ੍ਹਾਂ ਦੇ ਦਿਲਾਂ ਅੰਦਰ ਸਵੈ-ਮਾਣ, ਸਵੈ-ਭਰੋਸਾ ਤੇ ਸਵੈ-ਸ਼ਕਤੀ ਪੈਦਾ ਕਰਦਾ ? ਅਜਿਹੇ ਨਾਜ਼ੁਕ ਸਮੇਂ 15ਵੀਂ ਸਦੀ ਵਿਚ ਗੁਰੂ ਰਵਿਦਾਸ ਜੀ ਦਾ ਅਖੌਤੀ ਨੀਚ ਜਾਤ ਵਿਚ ਪ੍ਰਗਟ ਹੋਣਾ ਕੁਦਰਤ ਦਾ ਇਕ ਅਜੀਬ ਕ੍ਰਿਸ਼ਮਾ ਹੀ ਸੀ।

ਗੁਰੂ ਰਵਿਦਾਸ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਗ਼ਰੀਬ, ਨਿਰਾਸ਼, ਹੰਭੇ ਹੋਏ ਮਾਯੂਸ ਲੋਕਾਂ ਪ੍ਰਤੀ ਸਮਰਪਿਤ ਸੀ ਜਿਨ੍ਹਾਂ ਨੂੰ ਰਾਜਨੀਤਕ, ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਆਰਥਿਕ ਪੱਖੋਂ ਲਤਾੜਿਆ ਗਿਆ ਸੀ, ਜਿਨ੍ਹਾਂ ਤੋਂ ਜ਼ਿੰਦਗੀ ਜੀਉਣ ਦਾ ਹਰ ਹੱਕ ਖੋਹ ਲਿਆ ਗਿਆ ਸੀ ਅਤੇ ਜਿਨ੍ਹਾਂ ਨੂੰ ਨਿਰਾਦਰੀ ਤੇ ਬੇ-ਪਤੀ ਵਾਲਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਕੀਤਾ ਗਿਆ ਸੀ। ਮਹਾਤਮਾ ਬੁੱਧ ਤੋਂ ਸਦੀਆਂ ਬਾਅਦ ਭਾਰਤ ਦੇ ਪੀੜਤ, ਦੱਬੇ-ਕੁਚਲੇ, ਪਿਛਾੜੇ ਹੋਏ ਲੋਕਾਂ ਨੂੰ ਗੁਰੂ ਰਵਿਦਾਸ ਦੇ ਰੂਪ ਵਿਚ ਆਪਣਾ ਰਹਿਨੁਮਾ ਮਿਲਿਆ ਜੋ ਉਨ੍ਹਾਂ ਦੇ ਦੁਖਾਂ, ਦਰਦਾਂ, ਪੀੜਾਂ ਦੇ ਯਥਾਰਥ ਨੂੰ ਨਾ ਕੇਵਲ ਸਮਝਦਾ ਹੀ ਸੀ ਬਲਕਿ ਉਸਨੇ ਖ਼ੁਦ ਆਪਣੇ ਪਿੰਡੇ ਤੇ ਇਨ੍ਹਾਂ ਦਰਦਾਂ ਨੂੰ ਸਹਿਣ ਕੀਤਾ ਸੀ।

ਗੁਰੂ ਰਵਿਦਾਸ ਨੇ ਪੀੜਤ ਲੋਕਾਂ ਦੇ ਸਮਾਨ ਹੱਕਾਂ ਲਈ ਸੰਘਰਸ਼ ਕੀਤਾ, ਆਪਣੇ ਅਨੁਭਵ ਨਾਲ, ਆਪਣੇ ਤੇ ਅਜ਼ਮਾਈ ਹੋਈ ਨਾਮ ਰੂਪੀ ਅਉਖਧ ਨਾਲ ਅਨੇਕਾਂ ਲੋਕਾਂ ਨੂੰ ਜਾਤੀ ਅਭਿਮਾਨ, ਈਰਖਾ ਦੀ ਤਪਸ਼, ਕਾਮ, ਕ੍ਰੋਧ, ਮੋਹ ਅਤੇ ਲੋਭ ਵਰਗੇ ਭਿਆਨਕ ਰੋਗਾਂ ਤੋਂ ਨਿਜਾਤ ਦੁਆਈ ਅਤੇ ਸੰਜਮੀ ਤੇ ਸੰਤੁਲਤ ਜੀਵਨ ਜਿਉਣ ਦੀ ਵਿਧੀ ਸਮਝਾਈ ।

ਗੁਰੂ ਜੀ ਦੀ ਮਹਾਨ ਵਿਚਾਰਧਾਰਾ, ਅਲੌਕਿਕ ਤੇ ਅਦੁੱਤੀ ਸ਼ਖ਼ਸੀਅਤ ਦਾ ਹੀ ਇਹ ਸਿੱਟਾ ਸੀ ਕਿ ਅਨੇਕ ਰਾਜੇ-ਰਾਣੀਆਂ ਅਤੇ ਕਾਸ਼ੀ ਦੇ ਮੁੱਖੀ-ਪੰਡਤਾਂ ਨੂੰ ਵੀ ਆਪਜੀ ਦੇ ਚਰਨਾਂ ਵਿਚ ਸੀਸ ਝੁਕਾਉਣਾ ਪਿਆ, ਡੰਡਾਉਤ ਵੰਦਨਾ ਕਰਨੀ ਪਈ ਅਤੇ ਆਪ ਦੀ ਨਿਰਮਾਣਤਾ, ਸਹਿਣ-ਸ਼ੀਲਤਾ, ਪ੍ਰੇਮ-ਪਿਆਰ ਦੀਆਂ ਭਾਵਨਾਵਾਂ ਨਾਲ ਭਰੀ ਸ਼ਖ਼ਸੀਅਤ ਦਾ ਲੋਹਾ ਮੰਨਣਾ ਪਿਆ।

ਆਪ ਦਾ ਸੰਦੇਸ਼ ਸੀ ਕਿ ਪ੍ਰਭੂ ਸਰਬ-ਵਿਆਪੀ, ਸਰਬ-ਸ਼ਕਤੀਮਾਨ ਹੈ ਅਤੇ ਆਤਮਾ ਪਰਮਾਤਮਾ ਦੀ ਅੰਸ਼ ਹੈ। ਆਪ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਨੁੱਖ ਆਪਣੇ ਅਮਲਾਂ ਕਾਰਨ

ਚੰਗਾ ਜਾਂ ਬੁਰਾ ਬਣਦਾ ਹੈ, ਨਾ ਕਿ ਧਰਮ ਜਾਂ ਜਾਤੀ ਦੇ ਕਾਰਨ। ਮਾਨਵ-ਬਰਾਬਰੀ ਆਪਦੇ ਮਾਰਗ ਦਾ ਮੂਲ ਆਧਾਰ ਹੈ ਅਤੇ ਪ੍ਰੇਮ-ਭਗਤੀ ਦੇ ਇਸ ਮਾਰਗ ਵਿਚ ਕਰਮ-ਕਾਂਡ ਲਈ ਕੋਈ ਥਾਂ ਨਹੀਂ ।

ਆਪ ਦਾ ਸੰਦੇਸ਼ ਕਿਸੇ ਵਿਸ਼ੇਸ਼ ਜਾਤੀ, ਵਰਗ ਜਾਂ ਇਲਾਕੇ ਦੇ ਲੋਕਾਂ ਲਈ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਾਸੀਆਂ ਲਈ ਅਤੇ ਸਮੁੱਚੀ ਮਾਨਵਜਾਤੀ ਲਈ ਹੈ। ਆਪ ਦੇ ਜੀਵਨ ਦਰਸ਼ਨ ਦਾ ਗਹਿਰਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਆਪ ਦੀਆਂ ਉਨ੍ਹਾਂ ਤਤਕਾਲੀਨ ਪਰਿਸਥਿਤੀਆਂ ਨੂੰ ਵਾਚਣਾ ਪਏਗਾ ਜਿਨ੍ਹਾਂ ਦੇ ਅੰਤਰਗਤ ਆਪ ਆਪਣੇ ਜੀਵਨ ਵਿਚ ਵਿਚਰੇ, ਜਿਨ੍ਹਾਂ ਦਾ ਸਾਹਮਣਾ ਆਪਨੂੰ ਹਰ ਕਦਮ, ਹਰ ਪੜਾਅ ਤੇ ਕਰਨਾ ਪਿਆ ਅਤੇ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਆਪਨੇ ਮਾਨਵ-ਮਾਤਰ ਨੂੰ ਇਕ ਕਲਿਆਣਕਾਰੀ ਮਾਰਗ-ਦਰਸ਼ਨ ਦਿੱਤਾ ।

### 1.1.2. ਰਾਜਨੀਤਕ ਪਰਿਸਥਿਤੀਆਂ

ਕਿਸੇ ਦੇਸ਼ ਦਾ ਵਾਤਾਵਰਨ, ਜਲਵਾਯੂ ਅਤੇ ਪਰਿਸਥਿਤੀਆਂ ਹਰ ਮਨੁੱਖ ਨੂੰ ਪ੍ਰਭਾਵਿਤ ਕਰਦੀਆਂ ਹਨ। ਤਤਕਾਲੀਨ ਪਰਿਸਥਿਤੀਆਂ ਅਤੇ ਜਲਵਾਯੂ ਮਾਨਵ ਅਤੇ ਉਸ ਦੇ ਸਮਾਜ ਦੇ ਜੀਵਨ-ਦਰਸ਼ਨ ਦੀ ਸਿਰਜਣਾ ਤੇ ਪਰਿਵਾਰਕ ਨਿਰਮਾਣ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ । ਚੁਗਿਰਦੇ ਵਿਚ ਵਾਪਰ ਰਹੀਆਂ ਘਟਨਾਵਾਂ ਮਨੁੱਖੀ ਚਿੰਤਨ ਨੂੰ ਘੜਦੀਆਂ, ਸਿਰਜਦੀਆਂ ਅਤੇ ਪਰਿਵਰਤਿਤ ਕਰਦੀਆਂ ਹਨ। ਚਿੰਤਨਸ਼ੀਲ ਮਾਨਵ ਜਨ-ਸਾਧਾਰਣ ਦੇ ਮੁਕਾਬਲੇ ਤੇ ਸਮਕਾਲੀਨ ਪਰਿਸਥਿਤੀਆਂ ਤੋਂ ਵਧ ਪ੍ਰਭਾਵਿਤ ਹੁੰਦਾ ਹੈ। ਇਸ ਦਾ ਪ੍ਰਗਟਾਵਾ ਕਿਸੇ ਵਿਚਾਰਕ, ਕਵੀ ਜਾਂ ਸਾਹਿਤਕਾਰ ਦੀਆਂ ਸਾਹਿਤਕ ਕਿਰਤਾਂ ਤੋਂ ਹੁੰਦਾ ਹੈ। ਕਿਸੇ ਚਿੰਤਕ ਦੇ ਮਨੋਵਿਗਿਆਨਕ ਪਿਛੋਕੜ ਨੂੰ ਸਮਝਣ ਲਈ ਸਮਕਾਲੀਨ ਪ੍ਰਵਿਰਤੀਆਂ ਅਤੇ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਕਰਨਾ ਆਵਸ਼ਕ ਹੋ ਜਾਂਦਾ ਹੈ।

ਗੁਰੂ ਰਵਿਦਾਸ ਦਾ ਜੀਵਨ ਕਾਲ 15ਵੀਂ–16ਵੀਂ ਸਦੀ ਦੇ ਵਿਚਕਾਰਲਾ ਸਮਾਂ ਹੈ। ਇਤਿਹਾਸਕ ਪੱਖ ਤੋਂ ਉਨ੍ਹਾਂ ਦੇ ਜੀਵਨ ਦਾ ਸਮਾਂ ਫ਼ਿਰੋਜ਼ ਸ਼ਾਹ ਤੁਗਲਕ (ਸੰਨ 1351–1380) ਤੋਂ ਲੈ ਕੇ ਸਿਕੰਦਰ ਲੋਧੀ(ਸੰਨ 1489–1517) ਤਕ ਦੀ ਹਕੂਮਤ ਦੇ ਦੌਰਾਨ ਤੇ ਅਨੁਮਾਨਤ ਹੈ। ਇਸ ਕਾਲ ਦੇ ਭਾਰਤੀ ਇਤਿਹਾਸ ਵਿਚ ਰਾਜਨੀਤਕ ਪਰਿਸਥਿਤੀਆਂ ਤੋਂ ਉਤਪੰਨ ਹੋਈਆਂ ਲੜਾਈਆਂ ਅਤੇ ਝਗੜੇ, ਅਰਾਜਕਤਾ ਦਾ ਵਾਤਾਵਰਨ, ਹਕੂਮਤ ਵਿਚ ਅਸਥਿਰਤਾ, ਧਾਰਮਿਕ

ਅਸਹਿਣਸ਼ੀਲਤਾ ਅਤੇ ਜਨ-ਸਾਧਾਰਨ ਵਿਚ ਅਨਿਸ਼ਚਤਤਾ ਅਤੇ ਅਸੁਰੱਖਿਆ ਦੀ ਭਿਆਨਕ ਤਸਵੀਰ ਦੀ ਝਲਕ ਮਿਲਦੀ ਹੈ ।

ਗੁਰੂ ਰਵਿਦਾਸ ਦੇ ਜਨਮ ਲੈਣ ਤੋਂ ਲਗਭਗ ਚਾਰ ਸੌ ਸਾਲ ਪਹਿਲਾਂ ਮੁਸਲਮਾਨ ਕਾਬਲ ਦੇ ਰਸਤਿਓਂ ਭਾਰਤ ਵਿਚ ਦਾਖ਼ਲ ਹੋ ਚੁੱਕੇ ਸਨ ਅਤੇ ਇਨ੍ਹਾਂ ਚਾਰ ਸਦੀਆਂ ਵਿਚ ਉਨ੍ਹਾਂ ਦੇ ਪੈਰ ਪੂਰੀ ਤਰ੍ਹਾਂ ਭਾਰਤ ਵਿਚ ਜੰਮ ਚੁੱਕੇ ਸਨ। ਮੁਸਲਮਾਨਾਂ ਦਾ ਦਾਖ਼ਲਾ ਭਾਰਤ ਵਿਚ ਸਿਰਫ ਇਕੋ ਸਮੇਂ ਨਹੀਂ ਹੋਇਆ, ਬਲਕਿ ਵੱਖ-ਵੱਖ ਸਮਿਆਂ ਤੇ ਉਹ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਨਵੀਆਂ ਖ਼ਾਹਿਸ਼ਾਂ ਦੀ ਪੂਰਤੀ ਲਈ ਭਾਰਤ ਉਪਰ ਹਮਲਾਵਰ ਹੁੰਦੇ ਰਹੇ। 'ਧਨ-ਦੌਲਤ ਲੁਟਣਾ, ਧਾਰਮਿਕ ਥਾਵਾਂ ਨੂੰ ਨਸ਼ਟ ਕਰਨਾ, ਇਸਤਰੀਆਂ ਦਾ ਸਤ ਭੰਗ ਕਰਨਾ ਅਤੇ ਆਪਣੇ ਧਰਮ ਨੂੰ ਕਬੂਲ ਕਰਨ ਲਈ ਦੂਜੇ ਧਰਮਾਂ ਵਾਲਿਆਂ ਨੂੰ ਮਜਬੂਰ ਕਰਨਾ, ਉਸ ਸਮੇਂ ਦੇ ਜ਼ਾਲਮ ਹੁਕਮਰਾਨਾਂ ਅਤੇ ਵਜ਼ੀਰਾਂ ਦਾ ਰੋਜ਼ਾਨਾ ਦਾ ਕੰਮ ਸੀ।"[1] ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੀ ਲਹਿਰ ਬੜੀ ਤਾਕਤ ਨਾਲ ਇਥੇ ਫੈਲ ਚੁਕੀ ਸੀ।"ਹਿੰਦੂਆਂ ਦੇ ਵਿਦਿਆਲਿਆਂ ਦੀ ਥਾਂ ਮਸੀਤਾਂ ਉਸਾਰ ਦਿੱਤੀਆਂ ਗਈਆਂ ਸਨ ਅਤੇ ਉਨ੍ਹਾਂ ਦੀ ਮਹਾਨਤਾ ਦੇ ਸਭ ਚਿੰਨ੍ਹ ਮਿਟਾ ਦਿੱਤੇ ਗਏ।"[2]

ਤੇਰਵ੍ਹੀਂ ਸਦੀ ਤੋਂ ਪਹਿਲਾਂ ਅਨੇਕ ਵਾਰ ਮੁਸਲਮਾਨਾਂ ਨੇ ਭਾਰਤ ਉੱਪਰ ਤਾਬੜ-ਤੋੜ ਹਮਲੇ ਕੀਤੇ। ਮੁਸਲਮਾਨ ਸ਼ਾਸਕਾਂ ਦੇ ਜ਼ਾਲਮ, ਲਾਲਚੀ ਅਤੇ ਬੇਦਰਦ ਹੋਣ ਕਾਰਨ ਭਾਰਤੀ ਜਨਤਾ ਨੂੰ ਸਿਰ ਝੁਕਾ ਕੇ (ਨਤ-ਮਸਤਕ ਹੋ ਕੇ) ਉਨ੍ਹਾਂ ਦੇ ਅੱਤਿਆਚਾਰਾਂ ਅਤੇ ਬੇਇਨਸਾਫ਼ੀਆਂ ਨੂੰ ਸਹਿਣ ਕਰਨਾ ਪੈਂਦਾ ਸੀ। ਸੰਨ 636—37 ਵਿਚ ਖਲੀਫ਼ਾ ਉਮਰ ਨੇ ਬੰਬਈ ਦੇ ਆਲੇ-ਦੁਆਲੇ ਭਿਆਨਕ ਲੁੱਟ-ਮਾਰ ਕੀਤੀ। ਮੁਹੰਮਦ ਬਿਨ ਕਾਸਮ ਨੇ 712 ਈ. ਤਕ ਮਹਿਮੂਦ ਗਜ਼ਨਵੀ ਨੇ ਇਥੇ ਸਤਾਰਾਂ ਵਾਰ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਉਸਨੇ ਬੇਸ਼ੁਮਾਰ ਲੁੱਟ - ਮਾਰ ਕੀਤੀ ਅਤੇ ਹਿੰਦੂਆਂ ਦੇ ਮੰਦਰਾਂ ਨੂੰ ਨਸ਼ਟ ਕੀਤਾ। 1025 ਈ. ਵਿਚ ਕਾਠੀਆਵਾੜ ਵਿਖੇ ਹਿੰਦੂਆਂ ਦੇ ਪ੍ਰਸਿੱਧ ਸੋਮਨਾਥ ਮੰਦਰ ਦੀ ਉਸ ਨੇ ਏਨੀ ਤਬਾਹੀ ਤੇ ਬਰਬਾਦੀ ਕੀਤੀ ਕਿ ਉਸ ਦੀ ਇਸ ਭਿਆਨਕ ਕਰੂਰਤਾ ਭਰੀ ਕਾਰਵਾਈ ਨੂੰ ਦੇਖ ਕੇ ਸਮੁੱਚੇ ਹਿੰਦੂ ਸਾਹ-ਸਤਹੀਣ ਹੋ ਗਏ। ਇਸ ਕਾਲ ਵਿਚ ਭਾਰਤੀ ਜਨਤਾ ਨਿੱਤ ਨਵੇਂ ਹਮਲਿਆਂ ਤੋਂ ਕੰਬਦੀ ਰਹਿੰਦੀ ਸੀ।"ਮੁਸਲਮਾਨ ਭਾਰਤ ਦੇ ਮੈਦਾਨਾਂ ਵਿਚ ਸਿਰਫ ਵਿਜੇਤਾ ਅਤੇ ਲੁਟੇਰਿਆਂ ਦੇ ਰੂਪ ਵਿਚ ਨਹੀਂ ਉਭਰੇ , ਬਲਕਿ ਕਾਫ਼ਰਾਂ ਦੇ ਦੇਸ਼ ਵਿਚ ਉਹ ਆਪਣੇ ਧਰਮ ਦਾ ਪਾਸਾਰ ਕਰਨ ਲਈ ਧਰਮੀ ਯੋਧਿਆਂ ਦੇ ਰੂਪ ਵਿਚ ਆਏ।"[3] ਸੰਨ 1175 ਵਿਚ ਮੁਹੰਮਦ ਗੌਰੀ ਨੇ ਮੁਲਤਾਨ ਅਤੇ 1183 ਈ.

ਵਿਚ ਖੁਸਰੋ ਨੂੰ ਮਾਰਕੇ ਪੰਜਾਬ ਤੇ ਸਿੰਧ ਉੱਪਰ ਪੂਰੀ ਤਰ੍ਹਾਂ ਕਬਜ਼ਾ ਕਰਕੇ ਆਪਣੀ ਤਾਕਤ ਮਜ਼ਬੂਤ ਕਰ ਲਈ ।

ਮੁਹੰਮਦ ਗੌਰੀ ਤੋਂ ਬਾਅਦ ਲਗਭਗ ਪੰਜ ਸਾਲ (1206 ਈ. ਤੋਂ 1210 ਈ. ਤਕ) ਭਾਰਤ ਉੱਪਰ ਗੁਲਾਮ ਵੰਸ਼ ਦਾ ਕੁਤਬਦੀਨ ਏਬਕ ਰਾਜ ਸਿੰਘਾਸਨ ਤੇ ਬਿਰਾਜਮਾਨ ਰਿਹਾ ਅਤੇ ਉਸ ਨੇ ਇਸਲਾਮ ਧਰਮ ਦਾ ਪ੍ਰਚਾਰ ਪੂਰੀ ਤਾਕਤ ਨਾਲ ਕੀਤਾ। ਉਸ ਉਪਰੰਤ ਅਲਤਮਸ਼, ਰਜ਼ੀਆ ਬੇਗਮ ਤੇ ਅਲਾਉਦੀਨ ਖਿਲਜੀ ਦੇ ਸ਼ਾਸਨ ਕਾਲ ਦੌਰਾਨ ਇਸਲਾਮ ਧਰਮ ਦੇ ਪਾਸਾਰ ਵਿਚ ਵੇਰ ਵਾਧਾ ਹੋਇਆ। ਅਲਾਉਦੀਨ ਖਿਲਜੀ ਬੜਾ ਬੇ-ਰਹਿਮ, ਜ਼ਾਲਮ ਤੇ ਕੱਟੜ ਮੁਸਲਮਾਨ ਸੀ, ਉਸ ਨੇ ਭਾਰਤੀ ਜਨਤਾ ਉੱਪਰ ਬਹੁਤ ਅੱਤਿਆਚਾਰ ਕੀਤੇ। ਉਸ ਦਾ ਮੱਤ ਸੀ ਕਿ "ਹਿੰਦੂ ਲੋਕ ਉਸ ਵੇਲੇ ਤਕ ਆਗਿਆਕਾਰੀ ਅਤੇ ਵਫ਼ਾਦਾਰ ਨਹੀਂ ਬਣ ਸਕਦੇ ਜਦ ਤਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਭੁੱਖੇ-ਨੰਗੇ ਨਹੀਂ ਬਣਾ ਦਿੱਤਾ ਜਾਂਦਾ।[4]

ਡੰਕਨ ਗ੍ਰੀਨਲੀਜ਼ ਦਾ ਕਥਨ ਹੈ ਕਿ "ਅਲਾਉਦੀਨ(ਖਿਲਜੀ) ਹਿੰਦੂਆਂ ਕੋਲ ਕੇਵਲ ਛੇ ਮਹੀਨੇ ਜੋਗਾ ਆਟਾ, ਦਾਣਾ ਤੇ ਕਪੜਾ ਰਹਿਣ ਦਿੰਦਾ ਸੀ।"[5] ਇਸ ਦੇ ਸ਼ਾਸਨ ਕਾਲ ਵਿਚ ਦੇਸ਼ ਦਾ ਅਮਨ, ਸੁੱਖ, ਚੈਨ ਪੂਰੀ ਤਰ੍ਹਾਂ ਭੰਗ ਹੋ ਗਿਆ। 1298 ਈ. ਵਿਚ ਮੁਗਲ ਸਰਦਾਰ ਖ਼ਵਾਜਾ ਨੇ ਦਿੱਲੀ, 1303 ਈ. ਵਿਚ ਚਿਤੌੜ ਅਤੇ ਇਸ ਉਪਰੰਤ ਦੱਖਣੀ ਭਾਰਤ ਦੇ ਹਿੰਦੂ ਰਾਜਾਂ ਤੇ ਹਮਲੇ ਕਰਕੇ ਉਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ ।

ਖਿਲਜੀ ਵੰਸ਼ ਤੋਂ ਬਾਅਦ ਦਿੱਲੀ ਦਾ ਸ਼ਾਸਨ ਤੁਗਲਕ ਵੰਸ਼ ਦੇ ਹੱਥ ਆ ਗਿਆ । ਇਸ ਵੰਸ਼ ਦੇ ਅਦੂਰਦਰਸ਼ੀ ਮੁਹੰਮਦ ਤੁਗ਼ਲਕ ਤੋਂ ਬਾਅਦ ਕੱਟੜ ਤੇ ਧਰਮ-ਅੰਧ ਵਿਸ਼ਵਾਸੀ ਮੁਸਲਮਾਨ ਸ਼ਾਸਕ ਫ਼ਿਰੋਜ਼ ਤੁਗਲਕ ਦਾ ਰਾਜ ਕਾਲ ਹਿੰਦੂਆਂ ਲਈ ਅਸਹਿ ਤੇ ਅਕਹਿ ਜ਼ੁਲਮਾਂ ਦੀ ਦਾਸਤਾਨ ਹੈ। ਉਸਨੇ "ਇਸਲਾਮ ਧਰਮ ਨੂੰ ਸਵੀਕਾਰ ਨਾ ਕਰਨ ਤੇ ਬੇਸ਼ੁਮਾਰ ਹਿੰਦੂਆਂ ਦੇ ਸਿਰ ਕਟਵਾ ਦਿੱਤੇ।"[6] ਜੀਵਤ ਹਿੰਦੂਆਂ ਦੀ ਖਲ ਉਤਰਵਾ ਕੇ ਉਸ ਵਿਚ ਭੂਸਾ ਭਰਵਾਉਣਾ ਉਸ ਲਈ ਸਾਧਾਰਨ ਕੰਮ ਹੋ ਗਿਆ ਸੀ।[7] ਅੱਤਿਆਚਾਰਾਂ ਅਤੇ ਕਰੂਰਤਾ ਦੀ ਇਸ ਨਿਰੰਤਰ ਲੜੀ ਵਿਚ ਤੈਮੂਰ ਲੰਗ ਦੇ ਸ਼ਕਤੀਸ਼ਾਲੀ ਹਮਲੇ (1318 ਈ.) ਨਾਲ ਹਿੰਦੂਆਂ ਦੀ ਭਿਆਨਕ ਤਬਾਹੀ ਹੋਈ। ਉਸ ਨੇ ਲੱਖਾਂ ਦੀ ਗਿਣਤੀ ਵਿਚ ਹਿੰਦੂ ਕਤਲ ਕੀਤੇ, ਬੇਸ਼ੁਮਾਰ ਧੰਨ-ਦੌਲਤ ਇਕੱਠੀ ਕੀਤੀ ਅਤੇ "ਭਾਰਤ ਤੋਂ ਵਾਪਸੀ ਸਮੇਂ ਉਸ ਦਾ ਇਕ-ਇਕ ਸਿਪਾਹੀ ਸੌ-ਸੌ ਇਸਤਰੀਆਂ,

ਪੁਰਸ਼ਾਂ ਅਤੇ ਬੱਚਿਆਂ ਨੂੰ ਗੁਲਾਮ ਬਣਾ ਕੇ ਲੈ ਗਿਆ ਸੀ।"[8] ਭਾਰਤ ਨੇ 1398 ਈ. ਵਿਚ ਤੈਮੂਰ ਲੰਗ ਦਾ ਭਾਰੀ ਅੱਤਿਆਚਾਰ ਵੇਖਿਆ। "ਉਸ ਨੇ ਦਿੱਲੀ ਵਿਚ ਪੰਦਰਾਂ ਵਰ੍ਹਿਆਂ ਤੋਂ ਉੱਪਰ ਵਾਲੇ ਸਾਰੇ ਬੰਦੇ ਕਤਲ ਕਰਵਾ ਦਿੱਤੇ। ਦਿੱਲੀ ਨੂੰ ਪੰਜ ਦਿਨ ਬਲਦਿਆਂ ਵੇਖਿਆ, ਇਕ ਲੱਖ ਵਿਅਕਤੀ ਉਥੇ ਮਾਰੇ ਗਏ ਸਨ, ਮੇਰਠ ਵਿਚ ਪੰਜਾਹ ਹਜ਼ਾਰ ਨਰ- ਨਾਰੀ ਕਤਲ ਹੋਏ।[9]

ਇਸ ਉਪਰੰਤ ਭਾਰਤ ਉੱਪਰ ਲੋਧੀ ਵੰਸ਼ ਦੇ ਸ਼ਾਸਨ ਕਾਲ ਵਿਚ ਵੀ ਭਾਰਤੀ ਜਨਤਾ ਤੇ ਜ਼ੁਲਮਾਂ ਵਿਚ ਬੇਹੱਦ ਵਾਧਾ ਹੋਇਆ । ਇਸ ਵੰਸ਼ ਦੇ ਰਾਜ ਕਾਲ ਤੋਂ ਪਹਿਲਾਂ ਕਾਬਲ ਦੇ ਸ਼ਾਸਕ ਅਮੀਰ ਸ਼ੇਖ਼ ਅਲੀ ਨੇ 1429 ਈ. ਵਿਚ ਦੀਪਾਲ ਪੁਰ ਅੰਦਰ ਉੱਨੱਤੀ ਹਜ਼ਾਰ ਹਿੰਦੂ ਕਤਲ ਕੀਤੇ। ਲੋਧੀ ਵੰਸ਼ ਦਾ ਸ਼ਾਸਕ ਬਹਿਲੋਲ ਲੋਧੀ ਨਿਰਸੰਦੇਹ ਇਕ ਕੁਸ਼ਲ ਪ੍ਰਬੰਧਕ ਸੀ ਪਰ ਨਿਰੰਤਰ ਸੰਘਰਸ਼ਾਂ ਵਿਚ ਉਲਝੇ ਰਹਿਣ ਕਾਰਣ ਉਹ ਸ਼ਾਸਨ ਵਿਵਸਥਾ ਵਿਚ ਕੋਈ ਜ਼ਿਕਰਯੋਗ ਸੁਧਾਰ ਨਾ ਕਰ ਸਕਿਆ ।

ਬਹਿਲੋਲ ਲੋਧੀ ਦਾ ਉਤਰਾਧਿਕਾਰੀ ਸਿਕੰਦਰ ਲੋਧੀ ਇਕ ਕੱਟੜ ਅਤੇ ਧਰਮ- ਅੰਧ-ਵਿਸ਼ਵਾਸੀ ਸ਼ਾਸਕ ਸੀ, ਉਹ ਏਨਾ ਨਿਰਦਈ ਅਤੇ ਇਸਲਾਮ ਧਰਮ ਦਾ ਕੱਟੜ ਪ੍ਰਚਾਰਕ ਸੀ ਕਿ "ਉਸ ਨੇ ਇਕ-ਇਕ ਦਿਨ ਵਿਚ ਪੰਦਰਾਂ ਪੰਦਰਾਂ ਸੋ ਹਿੰਦੂਆਂ ਦਾ ਕਤਲ ਕਰਵਾਇਆ ਸੀ।"[10] ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਜੇਲ੍ਹ ਅੰਦਰ ਕੈਦੀਆਂ ਕੋਲੋਂ ਆਟਾ ਸਿਵਾਂਦਾ ਸੀ ਅਤੇ ਜੋ ਸਵਾ ਮਣ ਆਟਾ ਨਾ ਪੀਸੇ ਉਸਨੂੰ ਕੁੱਟਿਆ ਜਾਂਦਾ ਸੀ। ਸੰਤ ਕਬੀਰ[11] ਅਤੇ ਗੁਰੂ ਰਵਿਦਾਸ ਜੀ ਨੂੰ ਇਸ ਸ਼ਾਸਕ ਦੇ ਹੀ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪਿਆ। " ਹਿੰਦੂਆਂ ਕੋਲੋਂ ਜਜ਼ੀਆ ਵੀ ਲਿਆ ਜਾਂਦਾ ਸੀ। ਕੋਈ ਹਿੰਦੂ ਆਪਣੇ ਘਰ ਵਿਚ ਸੋਨੇ ਚਾਂਦੀ ਦੇ ਗਹਿਣੇ ਉੱਤਮ ਪਸ਼ੂ, ਸੁੰਦਰ ਸੰਤਾਨ ਤੇ ਫਾਲਤੂ ਅੰਨ ਨਹੀਂ ਸੀ ਰੱਖ ਸਕਦਾ।"[12]

ਭਾਰਤ ਦੇ ਇਤਿਹਾਸ ਵਿਚ ਗੁਰੂ ਰਵਿਦਾਸ ਦਾ ਸਮਾਂ ਰਾਜਨੀਤਕ ਅਰਾਜਕਤਾ ਦਾ ਸਮਾਂ ਸੀ। ਮੁਸਲਮਾਨ ਸ਼ਾਸਕ ਪੱਖਪਾਤੀ ਵਿਵਹਾਰ ਅਤੇ ਸੰਕੀਰਣ ਧਾਰਮਿਕ ਸੋਚ ਅਧੀਨ ਹਿੰਦੂਆਂ ਤੇ ਬੇਪਨਾਹ ਜ਼ੁਲਮ ਕਰ ਰਹੇ ਸਨ। ਉਨ੍ਹਾਂ ਨੂੰ ਪਰਜਾ ਦੇ ਦੁੱਖ-ਸੁੱਖ, ਅਮਨ-ਚੈਨ ਅਤੇ ਦੇਸ਼ ਦੇ ਹਿੱਤਾਂ ਦਾ ਜ਼ਰਾ ਵੀ ਖ਼ਿਆਲ ਨਹੀਂ ਸੀ, ਉਨ੍ਹਾਂ ਵਿਚ ਤਾਂ ਇਸਲਾਮ ਧਰਮ ਨੂੰ ਫੈਲਾਉਣ ਅਤੇ ਵਿਲਾਸਤਾ ਭਰਿਆ ਜੀਵਨ ਜੀਉਣ ਦੀ ਲਾਲਸਾ ਸੀ।

ਅਜਿਹੀ ਰਾਜਨੀਤਿਕ ਸਥਿਤੀ ਕਾਰਨ ਭਾਰਤੀ ਸਮਾਜ ਦਾ ਆਰਥਿਕ ਤੇ ਬੌਧਿਕ ਪਤਨ ਹੋ ਗਿਆ। ਹਿੰਦੂ ਸਮਾਜ ਨੂੰ ਰਾਜਨੀਤਿਕ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵੰਚਿਤ ਕਰ ਦਿੱਤਾ

ਗਿਆ ਅਤੇ ਹਿੰਦੂਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਸਖ਼ਤੀ ਨਾਲ ਮਜਬੂਰ ਕੀਤਾ ਜਾਂਦਾ ਸੀ। ਹੁਕਮ-ਅਦੂਲੀ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਦੀ ਵਿਵਸਥਾ ਸੀ ਅਤੇ ਹੁਕਮਰਾਨ ਕਾਜ਼ੀਆਂ ਦੀ ਸਲਾਹ ਨਾਲ ਹੀ ਫ਼ੈਸਲਾ ਕਰਦੇ ਸਨ। ਕਾਜ਼ੀਆਂ ਦਾ ਹਿੰਦੂਆਂ ਪ੍ਰਤੀ ਵਤੀਰਾ ਬਹੁਤ ਹੀ ਸਖ਼ਤ ਤੇ ਨਿਰਦਈ ਸੀ।

ਇਸ ਕਾਲ ਦੀ ਰਾਜਨੀਤੀ ਵਿਚ ਪਵਿੱਤਰਤਾ ਦਾ ਕੋਈ ਸਥਾਨ ਨਹੀਂ ਸੀ। ਕੂਟਨੀਤੀ, ਹਿੰਸਾ, ਛਲ-ਕਪਟ, ਬੇਈਮਾਨੀ, ਭ੍ਰਿਸ਼ਟਾਚਾਰ ,ਵਿਲਾਸਤਾ, ਪੱਖਪਾਤੀ ਵਤੀਰਾ ਆਦਿ ਮੁਸਲਮਾਨ ਸ਼ਾਸਕਾਂ ਦੇ ਰੋਜ਼ਾਨਾ ਜੀਵਨ ਦੇ ਅੰਗ ਬਣ ਗਏ ਸਨ। ਜਨਤਾ ਵਿਚ ਘੋਰ ਨਿਰਾਸ਼ਾ ਦੀ ਸਥਿਤੀ ਉਤਪੰਨ ਹੋ ਗਈ, ਹਿੰਦੂ ਜਨਤਾ ਦੇ ਹਿਰਦੇ ਪ੍ਰਾਚੀਨ ਗੌਰਵ, ਗਰਬ ਅਤੇ ਉਤਸ਼ਾਹ ਤੋਂ ਖਾਲੀ ਹੋ ਗਏ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਲੱਖਾਂ ਹਿੰਦੂ ਕਤਲ ਕਰ ਦਿੱਤੇ ਗਏ, ਬੁਤ-ਸ਼ਿਕਨੀ ਦੇ ਸਿਧਾਂਤ ਅਧੀਨ, ਦੇਵ-ਮੂਰਤੀਆਂ ਤੋੜੀਆਂ ਗਈਆਂ ਅਤੇ ਦੇਵ-ਮੰਦਰ ਮਿੱਟੀ ਵਿਚ ਮਿਲਾ ਦਿੱਤੇ ਗਏ। ਹਿੰਦੂ ਜਨਤਾ ਮੁਸਲਮਾਨੀ ਸੱਤਾ ਦੀ ਜੰਜ਼ੀਰ ਵਿਚ ਜਕੜੀ ਹੋਈ ਸੀ। ਹਿੰਦੂ ਰਾਜੇ ਆਪਸ ਵਿਚ ਲੜਦੇ ਰਹਿੰਦੇ ਸਨ, ਜਿਸ ਦਾ ਮੁਸਲਮਾਨ ਹਾਕਮਾਂ ਨੇ ਲਾਭ ਉਠਾਇਆ ਅਤੇ ਹੌਲੀ-ਹੌਲੀ ਸਾਰੇ ਭਾਰਤ ਤੇ ਛਾ ਗਏ ।

ਗੁਰੂ ਰਵਿਦਾਸ ਨੇ ਤੈਮੂਰ ਲੰਗ ਦੇ ਹਮਲੇ ਨੂੰ ਵੇਖਿਆ, ਉਨ੍ਹਾਂ ਨੇ ਨਿਰਦਈ ਸ਼ਾਸਕ ਸਿਕੰਦਰ ਲੋਧੀ ਦੇ ਅੱਤਿਆਚਾਰਾਂ ਨੂੰ ਨਾ ਕੇਵਲ ਸੁਣਿਆ, ਵੇਖਿਆ, ਬਲਕਿ ਉਹ ਖ਼ੁਦ ਵੀ ਆਪਣੇ ਸੰਗੀ ਸੰਤ ਕਬੀਰ ਸਮੇਤ ਉਸਦੀ ਕਰੂਰਤਾ, ਕੱਟੜਤਾ ਅਤੇ ਦਮਨਕਾਰੀ ਨੀਤੀ ਦੇ ਸ਼ਿਕਾਰ ਹੋਏ। ਇਹੀ ਉਹ ਸਮਾਂ ਸੀ ਜਦੋਂ "ਬੋਧਨ ਨਾਮਕ ਇਕ ਬ੍ਰਾਹਮਣ ਨੂੰ ਇਸਲਾਮ ਨਾ ਕਬੂਲ ਕਰਨ ਤੇ ਜਿਉਂਦਾ ਸਾੜ ਦਿੱਤਾ ਗਿਆ।"[13] ਅਜਿਹੀ ਰਾਜਨੀਤਿਕ ਸਥਿਤੀ ਵਿਚ ਗੁਰੂ ਰਵਿਦਾਸ ਨੇ ਧਰਮ ਨਿਰਪੱਖਤਾ ਦੇ ਸਿਧਾਂਤ ਅਧੀਨ ਨਾ ਕੇਵਲ ਹੁਕਮਰਾਨਾਂ, ਧਰਮ-ਆਚਾਰੀਆਂ ਦੀ ਕੱਟੜਤਾ ਦੇ ਸੰਦਰਭ ਵਿਚ, ਬਲਕਿ 'ਪਰਾਧੀਨਤਾ ਪਾਪ ਹੈ' ਦਾ ਚਿੰਤਨ ਸਥਾਪਿਤ ਕੀਤਾ ਅਤੇ ਦਲਿਤ ਵਰਗ ਵਿਚ, ਜਿਨ੍ਹਾਂ ਨੂੰ ਧਰਮ ਕਰਮ, ਪ੍ਰਭੂ-ਭਗਤੀ ਤੋਂ ਦੂਰ ਰੱਖਿਆ ਗਿਆ ਸੀ, ਸਵੈ-ਮਾਣ, ਸਵੈ-ਸ਼ਕਤੀ ਤੇ ਪ੍ਰਭੂ-ਭਗਤੀ ਦਾ ਦੀਪ ਜਗਾਇਆ:

ਦੇਤਾ ਰਹੇ ਹਜ਼ਾਰ ਬਰਸ ਮੁੱਲਾ ਚਾਹੇ ਅਜਾਨ ।
ਰਵਿਦਾਸ ਖੁਦਾ ਨਹਿੰ ਮਿਲ ਸਕਈ, ਜੋ ਲੌਂ ਮਨ ਸ਼ੈਤਾਨ।[14]

ਮੁਸਲਮਾਨ ਸੋਂ ਦੋਸਤੀ, ਹਿੰਦੂਅਨ ਸੋਂ ਕਰ ਪ੍ਰੀਤ ।
ਰਵਿਦਾਸ ਜੋਤਿ ਸਭ ਰਾਮ ਕੀ, ਸਭ ਹੈਂ ਅਪਨੈ ਮੀਤ।[15]

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ ।
ਰਵਿਦਾਸ ਦਾਸ ਪ੍ਰਾਧੀਨ ਸੋਂ, ਕੌਨ ਕਰੈ ਹੈਂ ਪ੍ਰੀਤ ।[16]

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਦੇ ਸਮੇਂ ਰਾਜਨੀਤਕ ਹਾਲਾਤ ਅਤਿ ਸੰਕੀਰਨ, ਧਾਰਮਿਕ ਅੰਧ-ਵਿਸ਼ਵਾਸ ਦੇ ਅੰਤਰਗਤ ਅੱਤਿਆਚਾਰਾਂ, ਪਾਪਾਂ, ਜ਼ੁਲਮਾਂ, ਨਿਰ-ਦੈਤਾ, ਹਿੰਸਾ ਅਤੇ ਕਰੂਰਤਾ ਨਾਲ ਭਰਪੂਰ ਸਨ। ਮਾਨਵਵਾਦੀ ਗੁਰੂ ਰਵਿਦਾਸ ਇਕ ਉਦਾਰਚਿੱਤ ਮਹਾਂ ਮਾਨਵ ਸਨ ਜਿਨ੍ਹਾਂ ਨੇ ਹਿੰਦੂ ਅਤੇ ਮੁਸਲਮਾਨ ਜਨ-ਸਾਧਾਰਣ ਦੀਆਂ ਮਾਨਸਿਕ ਭਾਵਨਾਵਾਂ ਨੂੰ ਸਮਝਦਿਆਂ, ਉਨ੍ਹਾਂ ਨੂੰ ਇਕ ਲੜੀ ਵਿਚ ਪ੍ਰੋਣ ਅਤੇ ਪੀੜਤ ਦਲਿਤ ਵਰਗ ਵਿਚ ਚੇਤਨਾ ਪੈਦਾ ਕਰਨ ਦਾ ਮਹਾਨ ਕਾਰਜ ਆਰੰਭਿਆ ।

## 1.1.3. ਸਮਾਜਿਕ ਪਰਿਸਥਿਤੀਆਂ

ਭਾਰਤ ਵਿਚ ਸਮਾਜ ਦਾ ਨਿਰਮਾਣ ਹਮੇਸ਼ਾ ਧਰਮ ਤੇ ਆਧਾਰਿਤ ਰਿਹਾ ਹੈ। ਗੁਰੂ ਰਵਿਦਾਸ ਦਾ ਤਤਕਾਲੀਨ ਸਮਾਜ ਰਾਜਨੀਤਕ ਅਰਾਜਕਤਾ ਦੇ ਨਾਲ ਨਾਲ ਵਰਨ-ਸੰਕੀਰਨਤਾ ਦੇ ਅੰਤਰਗਤ ਅਨੇਕ ਸੰਪਰਦਾਵਾਂ ਅਤੇ ਜਾਤਾਂ ਵਿਚ ਵੰਡਿਆ ਹੋਇਆ ਸੀ। ਅਗਿਆਨਤਾ ਕਾਰਨ ਲੋਕ ਪਾਖੰਡਾਂ, ਵਹਿਮਾਂ, ਭਰਮਾਂ, ਕੁਰੀਤੀਆਂ—ਬੁਰਾਈਆਂ ਅਤੇ ਅੰਧ-ਵਿਸ਼ਵਾਸੀ ਦਾ ਸ਼ਿਕਾਰ ਸਨ। ਇਕ ਪਾਸੇ ਤਾਂ ਭਾਰਤ ਦੇ ਮੁਸਲਮਾਨ ਸ਼ਾਸਕ ਜਨ-ਸਾਧਾਰਨ ਉੱਪਰ ਅਸਹਿ ਤੇ ਅਕਹਿ ਜ਼ੁਲਮ ਢਾਹ ਰਹੇ ਸਨ ਅਤੇ ਦੂਸਰੇ ਪਾਸੇ ਵਰਨ-ਵਿਵਸਥਾ ਅਤੇ ਜਾਤੀ-ਪ੍ਰਥਾ ਨੇ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਹੋਇਆ ਸੀ।

ਗੁਰੂ ਰਵਿਦਾਸ ਕਾਲ ਦਾ ਸਮਾਜ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ— ਹਿੰਦੂ ਸਮਾਜ ਅਤੇ ਮੁਸਲਿਮ ਸਮਾਜ। ਇਹ ਦੋਨੋਂ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ। ਮੁਸਲਿਮ ਸਮਾਜ ਸ਼ਾਸਕ ਵਰਗ ਹੋਣ ਕਰਕੇ ਹਰ ਕੰਮ ਵਿਚ ਆਪਣੀ ਮਰਜ਼ੀ ਵਰਤਦਾ ਸੀ। ਉਸ ਵੇਲੇ ਦੇ ਸ਼ਾਸਕ ਆਪਣੇ ਉਲਮਾਵਾਂ ਦੀਆਂ ਹਦਾਇਤਾਂ ਉੱਤੇ ਚਲਦੇ ਸਨ।ਇਨ੍ਹਾਂ

ਉਲਮਾਂ ਨੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਸਮਾਜ ਦਾ ਅੰਗ ਬਣਾਇਆ ਅਤੇ ਜੋ ਮੁਸਲਮਾਨ ਨਾ ਬਣੇ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ ਗਿਆ। ਹਾਲਾਤ ਦੀ ਪੀੜਾ ਤੋਂ ਦੁਖੀ ਹੋ ਕੇ ਕੁਝ ਹਿੰਦੂਆਂ ਨੇ ਮੁਸਲਮਾਨਾਂ ਦੀ ਸੰਸਕ੍ਰਿਤੀ ਨੂੰ ਅਪਣਾ ਲਿਆ ਅਤੇ ਉਨ੍ਹਾਂ ਨਾਲ ਰਿਸ਼ਤੇ-ਨਾਤੇ ਕਰਕੇ ਸਾਂਝ ਪੈਦਾ ਕਰ ਲਈ ।

ਹਿੰਦੂ ਸਮਾਜ ਦੀ ਜਾਤੀ-ਪ੍ਰਥਾ ਤੋਂ ਪੀੜਤ ਨਿਮਨ ਜਾਤੀ ਦੇ ਅਛੂਤ ਕਹੇ ਜਾਣ ਵਾਲੇ ਲੋਕਾਂ ਨੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਇਸਲਾਮ ਧਰਮ ਕਬੂਲ ਕੀਤਾ ਕਿਉਂਕਿ "ਮੁਸਲਮਾਨਾਂ ਵਿਚ ਆਪਸੀ ਭੇਦ ਭਾਵ ਕਦੀ ਵੀ ਉਸ ਦਰਜੇ ਦਾ ਨਹੀਂ ਸੀ ਜਿਸ ਦਰਜੇ ਦੀ ਹਿੰਦੂ ਜਾਤੀ-ਪ੍ਰਥਾ ਸੀ। ਉਹ ਸਹਿ-ਧਰਮੀ ਦੀ ਹੈਸੀਅਤ ਨਾਲ ਮੁਸਲਮਾਨਾਂ ਨਾਲ ਇਕੱਠੇ ਬਹਿ ਕੇ ਭੋਜਨ ਕਰ ਸਕਦੇ ਸਨ ਅਤੇ ਵਿਆਹ-ਸੰਬੰਧ ਵੀ ਸਥਾਪਿਤ ਕਰ ਸਕਦੇ ਸਨ।"[17]

ਜਾਤ-ਪਾਤੀ ਵਿਵਸਥਾ ਨੇ ਭਾਰਤੀ ਸਮਾਜ ਵਿਚ ਨਫ਼ਰਤ ਦੇ ਅਜਿਹੇ ਬੀਜ ਬੀਜੇ ਕਿ ਇਨਸਾਨ-ਇਨਸਾਨ ਤੋਂ ਦੂਰ ਹੋ ਗਿਆ ਅਤੇ ਦੁਨਿਆਵੀ ਕਦਰਾਂ ਕੀਮਤਾਂ ਖ਼ਤਮ ਹੋ ਗਈਆਂ। ਸਮਾਜ ਵਿਚ ਜਾਤੀ-ਪ੍ਰਬੰਧ ਨੂੰ ਸਦੀਵੀ ਬਣਾਈ ਰੱਖਣ ਲਈ ਹਿੰਦੂਆਂ ਨੇ ਅਨੇਕ ਸਮਾਜਿਕ ਨਿਯਮ ਬਣਾਏ ਹੋਏ ਸਨ ਜੋ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਵਿਚ ਦਰਜ ਹਨ ਜਿਨ੍ਹਾਂ ਅਨੁਸਾਰ, "ਕੋਈ ਸ਼ੂਦਰ ਬ੍ਰਾਹਮਣ ਦੇ ਬਰਾਬਰ ਨਹੀਂ ਬੈਠ ਸਕਦਾ, ਵੇਦ ਪਾਠ ਸੁਣਨਾ ਉਸ ਲਈ ਵਿਵਰਜਿਤ ਹੈ। ਜੇ ਉਹ ਜਾਣ-ਬੁੱਝਕੇ ਸੁਣਦਾ ਹੈ ਤਾਂ ਉਸ ਦੇ ਕੰਨ ਬੰਦ ਕਰ ਦਿੱਤੇ ਜਾਣ । ਜੇ ਉਚਾਰਨ ਕਰਦਾ ਹੈ ਤਾਂ ਜ਼ੁਬਾਨ ਕੱਟ ਦਿੱਤੀ ਜਾਏ, ਜੇ ਯਾਦ ਕਰਦਾ ਹੈ ਤਾਂ ਸਰੀਰ ਦੇ ਟੁਕੜੇ-ਟੁਕੜੇ ਕਰ ਦਿੱਤੇ ਜਾਣ। ਇਕ ਸ਼ੂਦਰ ਨੂੰ ਜਾਨੋਂ ਮਾਰਨ ਦੀ ਸਜ਼ਾ ਇਕ ਉੱਲੂ ਜਾਂ ਕੁੱਤੇ ਨੂੰ ਮਾਰਨ ਦੇ ਬਰਾਬਰ ਹੋਵੇਗੀ।"[18]

ਭਾਰਤੀ ਸਮਾਜ ਵਿਚ ਮਨੁੱਖਤਾ ਨੂੰ ਵੰਡ ਕੇ ਆਪਸੀ ਭਿੰਨ-ਭੇਦ ਅਤੇ ਨਫ਼ਰਤ ਪੈਦਾ ਕਰਨ ਵਿਚ ਹਿੰਦੂ-ਧਾਰਮਿਕ ਗ੍ਰੰਥਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਦਰਅਸਲ "ਹਿੰਦੂਆਂ ਨੇ ਨਿਮਨ ਜਾਤੀ ਦੇ ਲੋਕਾਂ ਨੂੰ ਅਛੂਤ ਕਹਿ ਕੇ, ਅਛੂਤ ਬਣਾ ਕੇ ਆਪਣੇ ਹੀ ਪੈਰਾਂ ਤੇ ਕੁਹਾੜਾ ਮਾਰ ਲਿਆ, ਇਸ ਨਾਲ ਮੁਸਲਮਾਨ ਨਿਮਨ ਵਰਗ ਨੂੰ ਸੌਖਿਆਂ ਹੀ ਆਪਣੀ ਵਲ ਆਕਰਸ਼ਿਤ ਕਰਨ ਵਿਚ ਸਫਲ ਹੋ ਗਏ। ਉਂਜ ਵੀ ਉਨ੍ਹਾਂ ਕੋਲ ਅਜਿਹੀ ਸਥਿਤੀ ਵਿਚ ਮੁਸਲਮਾਨ ਬਣ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ।"[19]

ਹਿੰਦੂ ਧਾਰਮਿਕ ਗ੍ਰੰਥਾਂ ਵਿਚ ਸ਼ੂਦਰਾਂ ਵਿਰੁੱਧ ਐਲਾਨੇ ਗਏ ਫ਼ਤਵੇ ਸਮਕਾਲੀ ਹਿੰਦੂ ਸਮਾਜ ਵਿਚ ਰੱਬੀ ਹੁਕਮ ਸਮਾਨ ਮੰਨੇ ਜਾਂਦੇ ਸਨ, ਇਸ ਸੰਦਰਭ ਵਿਚ ਨਿਮਨ-ਲਿਖਤ ਵੰਨਗੀਆਂ ਵਾਚਣ-ਯੋਗ ਹਨ:

> ਚੰਡਾਲ, ਭੰਗੀ, ਚਮਾਰ ਆਦਿ ਜਾਤੀ ਦੇ ਲੋਕ ਪਿੰਡ ਤੋਂ ਬਾਹਰ ਰਹਿਣ, ਉਹ ਬਰਤਨ ਨਾ ਰੱਖਣ, ਉਨ੍ਹਾਂ ਦੀ ਜਾਇਦਾਦ ਕੁੱਤੇ ਤੇ ਗਧੇ ਹੈ।[20]
>
> ਸ਼ੂਦਰ ਖ੍ਰੀਦਿਆ ਹੋਵੇ ਜਾਂ ਨਾ, ਉਸ ਤੋਂ ਗ਼ੁਲਾਮੀ ਕਰਵਾਉਣੀ ਚਾਹੀਦੀ ਹੈ, ਕਿਉਂ ਕਿ ਪਰਮਾਤਮਾ ਨੇ ਉਸ ਨੂੰ ਗ਼ੁਲਾਮੀ ਕਰਨ ਨੂੰ ਹੀ ਬਣਾਇਆ ਹੈ।[21]
>
> ਬ੍ਰਾਹਮਣ ਦੀ ਜਾਤੀ ਅਤੇ ਉਸ ਦੇ ਨਾਮ ਦਾ ਉਚਾਰਣ ਕਰਕੇ ਕੌੜੇ ਬਚਨ ਬੋਲਣ ਵਾਲੇ ਦੇ ਮੂੰਹ ਵਿਚ ਅੱਗ ਨਾਲ ਲਾਲ ਹੋਈ 10 ਉਂਗਲ ਲੰਬੀ ਲੋਹੇ ਦੀ ਕਿੱਲ ਪਾਉਣੀ ਚਾਹੀਦੀ ਹੈ।[22]
>
> ਜੇਕਰ ਬ੍ਰਾਹਮਣ ਵਲੋਂ ਦੁਰਬਚਨ ਬੋਲਣ ਤੇ ਕੋਈ ਸ਼ੂਦਰ ਵਿਰੋਧ ਕਰੇ ਤਾਂ ਉਸ ਦੀ ਜੀਭ ਕੱਟਕੇ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ।[23]
>
> ਸ਼ੂਦਰ ਬ੍ਰਾਹਮਣ ਨੂੰ ਦੁਰਬਚਨ ਕਹੇ ਤਾਂ ਉਸ ਨੂੰ ਮ੍ਰਿਤੂ-ਦੰਡ ਦੇਣਾ ਚਾਹੀਦਾ ਹੈ।[24]

ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਦੇ ਆਦੇਸ਼ਾਂ ਦੇ ਅੰਤਰਗਤ ਦਲਿਤ ਵਰਗ ਵਿਰੁੱਧ ਪੈਦਾ ਹੋਈ ਨਫ਼ਰਤ, ਈਰਖਾ ਅਤੇ ਵੈਰ-ਵਿਰੋਧ ਦੇ ਫਲਸਰੂਪ ਭਾਰਤੀ ਸਮਾਜ ਦਾ ਵਿਕਾਸ ਰੁਕ ਗਿਆ ਅਤੇ ਸਮਾਜ ਵੱਖ-ਵੱਖ ਟੋਟਿਆਂ ਵਿਚ ਵੰਡਿਆ ਗਿਆ। "ਜਾਤ ਪਾਤ ਦੀ ਮੌਜੂਦਗੀ ਨੇ ਉਪਜਾਊ ਤਾਕਤਾਂ ਦੇ ਵਿਕਾਸ ਦੇ ਰਾਹ ਵਿਚ ਰੋਕ ਪਾਈ ਅਤੇ ਭਾਰਤੀ ਵਸੋਂ ਦੇ ਵੱਖੋ-ਵੱਖ ਵਰਗਾਂ ਦੇ ਵਖਰੇਵੇਂ ਨੂੰ ਕਾਇਮ ਰੱਖਿਆ।"[25]

ਉਸ ਸਮੇਂ ਦੇ ਸਮਾਜ ਦਾ ਜ਼ਿਕਰ ਕਰਦਿਆਂ ਡਾ. ਮਨਮੋਹਨ ਸਿੰਘ ਲਿਖਦੇ ਹਨ "ਸਿਮ੍ਰਤੀਕਾਰਾਂ ਦੁਆਰਾ ਪ੍ਰਸਤੁਤ ਸ਼ੂਦਰ-ਨਿੰਦਿਆ ਅਤੇ ਬ੍ਰਾਹਮਣ-ਉਸਤਤ ਦੇ ਸਿੱਟੇ ਵਜੋਂ ਸਮਾਜ ਵਿਚ ਦੁਸ਼ਟ ਤੋਂ ਦੁਸ਼ਟ ਬ੍ਰਾਹਮਣ ਉੱਚ ਮੰਨਿਆ ਜਾਣ ਲੱਗ ਪਿਆ । ਇਸ ਭੇਦ-ਭਾਵ ਨੇ

ਸਮਾਜ ਵਿਚ ਅਨੇਕ ਕੁਰੀਤੀਆਂ ਅਤੇ ਬੁਰੀਆਂ ਪ੍ਰਥਾਵਾਂ ਨੂੰ ਜਨਮ ਦਿੱਤਾ, ਅਨੇਕ ਭਗਤਾਂ ਨੇ ਇਸ ਸਭ ਕਾਸੇ ਦਾ ਵਿਰੋਧ ਕੀਤਾ।[26] ਦੱਖਣੀ ਭਾਰਤ ਵਿਚ ਵੀ ਵਰਣ-ਵਿਵਸਥਾ ਪੂਰੇ ਜ਼ੋਰਾਂ ਤੇ ਸੀ।[27] ਧਾਰਮਿਕ ਖੇਤਰ ਵਿਚ ਤਾਂ ਰਾਮਾਨੁਜ ਨੇ ਸਮਾਨਤਾ ਦਾ ਪੱਖ ਪੂਰਿਆ ਪਰ ਸਮਾਜਿਕ ਤੇ ਵਿਵਹਾਰਿਕ ਖੇਤਰ ਵਿਚ ਜਾਤ-ਪਾਤ ਨੂੰ ਕਾਇਮ ਰੱਖਿਆ।[28]

ਹਿੰਦੂ ਸਮਾਜ ਵਿਚ ਜਾਤ-ਵੰਡ ਦੀ ਅਸਮਾਜਿਕ ਰੁਚੀ ਦੇ ਨਾਲ ਨਾਲ ਇਸਤਰੀ ਜਾਤੀ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਉਸ ਨੂੰ ਪੈਰ ਦੀ ਜੁੱਤੀ ਦੀ ਸੰਗਿਆ ਦਿੱਤੀ ਗਈ, ਘਰ ਦੀ ਚਾਰ ਦੀਵਾਰੀ ਵਿਚ ਕੈਦ ਅਤੇ ਵਿਦਿਆ ਤੋਂ ਕੋਰੀ ਰੱਖਿਆ ਜਾਂਦਾ ਸੀ। ਹਿੰਦੂ ਸਮਾਜ ਵਿਚ ਤਾਂ ਲੜਕੀਆਂ ਨੂੰ ਜੰਮਦੀਆਂ ਨੂੰ ਹੀ ਮਾਰ ਦਿੱਤਾ ਜਾਂਦਾ ਸੀ। ਬ੍ਰਾਹਮਣਾਂ ਨੇ ਧਾਰਮਿਕ ਗ੍ਰੰਥਾਂ ਰਾਹੀਂ ਇਸਤਰੀ ਨੂੰ ਸਮਾਨਤਾ ਦੇ ਅਧਿਕਾਰ ਤੋਂ ਵੰਚਿਤ ਰਖਿਆ ਅਤੇ ਇਨ੍ਹਾਂ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ ਲਈ ਕਈ ਤਰ੍ਹਾਂ ਦੇ ਡਰ, ਸੰਤਾਪ ਅਤੇ ਅੰਧ-ਵਿਸ਼ਵਾਸਾਂ ਦੀ ਸਿਰਜਣਾ ਕਰਕੇ ਸਮਾਜ ਦੇ ਅੱਧੇ ਹਿੱਸੇ ਨੂੰ ਗਿਰਾਵਟ ਦੇ ਮੂੰਹ ਵਿਚ ਧਕੇਲ ਦਿੱਤਾ। " ਇਸਤਰੀ ਬਚਪਨ ਵਿਚ ਪਿਤਾ, ਜਵਾਨੀ ਵਿਚ ਪਤੀ ਅਤੇ ਪਤੀ ਦੇ ਮਰ ਜਾਣ ਤੋਂ ਬਾਅਦ ਬੁਢਾਪੇ ਵਿਚ ਪੁੱਤਰ ਦੇ ਵੱਸ ਵਿਚ ਰਹੇ, ਕਦੀ ਸੁਤੰਤਰ ਨਾ ਰਹੇ।"[29]

ਇਨ੍ਹਾਂ ਧਾਰਮਿਕ ਗ੍ਰੰਥਾਂ ਨੇ ਹੀ ਸਤੀ-ਪ੍ਰਥਾ ਨੂੰ ਠੀਕ ਕਰਾਰ ਦਿੱਤਾ:

> ਜੋ ਇਸਤਰੀ ਪਤੀ ਦੀ ਮੌਤ ਦਾ ਅਨੁਸਰਨ ਕਰਦੀ ਹੈ, ਉਸ ਦੇ ਨਾਲ ਹੀ ਚਿਖ਼ਾ ਵਿਚ ਚੜ੍ਹ ਕੇ ਮਰ ਜਾਂਦੀ ਹੈ, ਉਹ ਸਾਢੇ ਤਿੰਨ ਕਰੋੜ ਸਾਲ ਤਕ ਸਵਰਗਾਂ ਵਿਚ ਰਹਿੰਦੀ ਹੈ।[30]
>
> ਇਸਤਰੀਆਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਨੂੰ ਅਕਲ ਘੱਟ ਹੁੰਦੀ ਹੈ।[31]
>
> ਇਸਤਰੀਆਂ, ਸ਼ੂਦਰ, ਵੈਸ਼ ਅਤੇ ਚੰਡਾਲ ਸਭ ਪਾਪ ਜੋਨੀ ਤੋਂ ਪੈਦਾ ਹੋਏ ਹਨ।[32]

ਭਾਰਤੀ ਸਮਾਜ ਵਿਚ ਔਰਤ ਦੀ ਇਹ ਅਪਮਾਨ-ਜਨਕ ਅਤੇ ਨਿਰਾਦਰੀ ਭਰੀ ਸਥਿਤੀ ਸ਼ੂਦਰਾਂ ਤੋਂ ਘੱਟ ਭੈੜੀ ਨਹੀਂ ਸੀ। ਨਾਥਾਂ ਅਤੇ ਜੋਗੀਆਂ, ਜਿਨ੍ਹਾਂ ਨੂੰ ਤਤਕਾਲੀਨ ਸਮਾਜ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ, ਉਨ੍ਹਾਂ ਨੇ ਵੀ ਇਸਤਰੀ ਨਾਗਨ, ਬਾਘਿਨ ਵਰਗੇ ਸ਼ਬਦ ਇਸਤੇਮਾਲ ਕੀਤੇ ਜਿਸ ਨੇ ਤ੍ਰਿਲੋਕੀ ਨੂੰ ਖਾ ਲਿਆ ਹੈ।[33] ਮੁਸਲਿਮ ਸਮਾਜ ਵਿਚ ਤਾਂ ਔਰਤ

ਨੂੰ ਪੂਰੀ ਤਰ੍ਹਾਂ ਘਰ ਦੀ ਚਾਰ ਦੀਵਾਰੀ ਵਿਚ ਕੈਦ ਕਰ ਦਿੱਤਾ ਗਿਆ ਸੀ ਅਤੇ ਉਸ ਸਮਾਜ ਦੇ ਪ੍ਰਭਾਵ ਹੇਠ ਪੂਰੇ ਭਾਰਤੀ ਸਮਾਜ ਵਿਚ ਪਰਦੇ ਦੀ ਪ੍ਰਥਾ ਜ਼ੋਰਾਂ ਤੇ ਸੀ। ਮੁਸਲਮਾਨ ਸ਼ਾਸਕ, ਉੱਚ ਅਧਿਕਾਰੀ ਅਤੇ ਸਿਪਾਹੀ ਤਿੰਨੇ ਵਰਗ "ਸੁਰਾ ਅਤੇ ਸੁੰਦਰੀ" ਦੇ ਨਸ਼ੇ ਵਿਚ ਡੁੱਬ ਕੇ ਵਿਲਾਸਤਾ ਭਰਿਆ ਜੀਵਨ ਬਤੀਤ ਕਰ ਰਹੇ ਸਨ। " ਇਸ ਸਮੇਂ ਰੂਪਵਤੀ ਔਰਤਾਂ ਦਾ ਵਿਉਪਾਰ ਹੁੰਦਾ ਸੀ। ਹੁਕਮਰਾਨ ਅਤੇ ਅਧਿਕਾਰੀ ਆਪਣੇ ਹਰਮ ਵਿਚ ਬੇਸ਼ੁਮਾਰ ਔਰਤਾਂ ਰੱਖਦੇ ਸਨ। ਸੈਨਿਕਾਂ ਵਿਚ ਵੇਸ਼ਵਾਵਿਰਤੀ ਜ਼ੋਰਾਂ ਤੇ ਸੀ।"[34] ਮੁਸਲਮਾਨਾਂ ਦੇ ਆਉਣ ਨਾਲ ਇਕ ਹੋਰ ਚਰਿੱਤਰਹੀਣ ਕਰਮ ਇਹ ਹੋਇਆ ਕਿ ਵੇਸ਼ਵਾਚਾਰ ਜੋ ਪਹਿਲਾਂ ਹਿੰਦੂ ਜਾਗੀਰਦਾਰੀ ਦੇ ਸਮੇਂ ਲੁਕ ਛਿਪ ਕੇ ਹੁੰਦਾ ਸੀ, ਹੁਣ ਜ਼ਾਹਿਰਾ ਤੌਰ ਤੇ ਹੋਣ ਲੱਗਾ।[35] ਇਸ ਵਰਗ ਦੇ ਲੋਕਾਂ ਵਿਚ ਪਰਦੇ ਦੀ ਪ੍ਰਥਾ, ਬਹੁ-ਵਿਆਹ ਅਤੇ ਬਹੁਤ ਸਾਰੀਆਂ ਹੋਰ ਸਮਾਜਿਕ ਬੁਰਾਈਆਂ ਦਾ ਬੋਲਬਾਲਾ ਸੀ। ਮੁਸਲਮਾਨਾਂ ਦੇ ਧਨੀ ਵਰਗ ਵਿਚ ਵਿਲਾਸਤਾ ਜ਼ਿਆਦਾ ਸੀ ਅਤੇ ਗ਼ਰੀਬ ਤਬਕੇ ਦਾ ਜੀਵਨ ਦੁੱਖਾਂ ਭਰਿਆ ਸੀ।

ਅਜਿਹੀ ਕਸ਼ਟਮਈ ਸਮਾਜਿਕ ਸਥਿਤੀ ਦੇ ਅੰਤਰਗਤ ਪੈਦਾ ਹੋਈ ਭਗਤੀ ਲਹਿਰ ਦੇ ਸੰਤ-ਕਵੀਆਂ ਵਿਚੋਂ ਗੁਰੂ ਰਵਿਦਾਸ ਨੇ ਆਪਣੀ ਵਾਣੀ ਰਾਹੀਂ, ਪਰਚਲਿਤ ਸਮਾਜਿਕ ਬੁਰਾਈਆਂ ਦੀ ਜ਼ੋਰਦਾਰ ਵਿਰੋਧਤਾ ਕੀਤੀ, ਜਾਤ-ਪਾਤ ਤੇ ਵਰਨ-ਵੰਡ ਦਾ ਖੰਡਨ ਕੀਤਾ ਅਤੇ ਸਭ ਨੂੰ ਸਮਾਨਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਹਿੰਦੂਆਂ-ਮੁਸਲਮਾਨਾਂ ਵਿਚਕਾਰ ਸਦ-ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਭਾਰਤੀ ਲੋਕਾਂ ਨੂੰ ਬ੍ਰਾਹਮਣਾਂ ਦੀ ਪ੍ਰਭੁਤਾ ਤੋਂ ਛੁਟਕਾਰਾ ਦਿਲਾਇਆ। " ਇਹ ਭਗਤੀ ਲਹਿਰ ਸਮਾਜਿਕ ਗ਼ੁਲਾਮੀ ਤੇ ਬ੍ਰਾਹਮਣਵਾਦ ਦੇ ਸੁੱਕੇ ਫਲਸਫੇ ਵਿਰੁੱਧ ਪ੍ਰਤੀਕਰਮ ਦਾ ਸਿੱਟਾ ਸੀ।"[36] ਅਜਿਹੀ ਸੰਕਟ ਤੇ ਸ਼ੋਕ-ਗ੍ਰਸਤ ਸਮਾਜਿਕ ਸਥਿਤੀ ਵਿਚ ਗੁਰੂ ਰਵਿਦਾਸ, ਸੰਤ ਕਬੀਰ ਅਤੇ ਦੂਸਰੇ ਸੰਤ-ਕਵੀ ਮਹਾਨ ਸਮਾਜ-ਸੁਧਾਰਕ ਬਣੇ ।

### 1.1.4. ਆਰਥਿਕ ਪਰਸਥਿਤੀਆਂ

ਮੁਸਲਮਾਨਾਂ ਦੇ ਨਿਰੰਤਰ ਹਮਲਿਆਂ ਅਤੇ ਲੁੱਟ-ਖਸੁੱਟ ਦੇ ਕਾਰਨ ਗੁਰੂ ਰਵਿਦਾਸ ਕਾਲੀਨ ਸਮਾਜ ਦੀ ਆਰਥਿਕ ਵਿਵਸਥਾ ਬੜੀ ਤਰਸਯੋਗ ਸੀ। ਦੇਸ਼ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਅਤੇ ਲੋਕ ਆਪਸ ਵਿਚ ਹਮੇਸ਼ਾ ਲੜਦੇ ਝਗੜਦੇ ਰਹਿੰਦੇ ਸਨ। ਇਹ ਸਮਾਂ ਭਾਰਤ ਲਈ ਬੜਾ ਹੀ ਕਰੜਾ ਤੇ ਜਟਿਲ ਸੀ, ਸ਼ਖ਼ਸੀ ਹਕੂਮਤ ਆਪਣੇ ਪੂਰੇ ਜੋਬਨ ਤੇ ਸੀ ਅਤੇ ਜਾਗੀਰਦਾਰੀ ਨਿਜ਼ਾਮ ਅਧੀਨ ਗ਼ਰੀਬ ਜਨਤਾ ਦਾ ਲੱਕ ਟੁਟ ਚੁਕਿਆ

ਸੀ। "ਅਲਾਉਦੀਨ ਦੇ ਸਮੇਂ ਵਿਚ ਹਿੰਦੂ ਮੁਕੱਦਸ(ਨੰਬਰਦਾਰਾਂ) ਦੀਆਂ ਔਰਤਾਂ ਨੂੰ ਸ਼ਾਸਕ ਵਰਗ ਦੇ ਘਰਾਂ ਵਿਚ ਜਾਕੇ ਪੀਹਣਾ, ਕਤਣਾ ਕਰਨਾ ਪੈਂਦਾ ਸੀ, ਤਦ ਜਾ ਕੇ ਰੋਜ਼ੀ ਨਸੀਬ ਹੁੰਦੀ ਸੀ।"[37] ਅਲਾਉਦੀਨ(ਖਿਲਜੀ) ਹਿੰਦੂਆਂ ਕੋਲ ਕੇਵਲ ਛੇ ਮਹੀਨੇ ਜੋਗਾ ਆਟਾ, ਦਾਣਾ ਤੇ ਕਪੜਾ ਰਹਿਣ ਦਿੰਦਾ ਸੀ।[38]

"ਹਿੰਦੂਆਂ ਕੋਲ ਏਨਾ ਧਨ ਵੀ ਨਹੀਂ ਰਹਿਣ ਦਿੱਤਾ ਜਾਂਦਾ ਸੀ ਕਿ ਉਹ ਘੋੜੇ ਦੀ ਸਵਾਰੀ ਕਰ ਸਕਦੇ, ਹਥਿਆਰ ਬੰਨ੍ਹ ਸਕਦੇ, ਚੰਗੇ ਬਸਤਰ ਪਹਿਨ ਸਕਦੇ ਜਾਂ ਜੀਵਨ ਦੀ ਕਿਸੇ ਹੋਰ ਵਿਲਾਸਮਈ ਵਸਤੂ ਦੀ ਵਰਤੋਂ ਕਰ ਸਕਦੇ।"[39] ਆਮ ਜਨਤਾ ਦੀ ਉਪਜੀਵਕਾ ਦੇ ਸਾਧਨ ਬਹੁਤ ਘੱਟ ਸਨ, ਲੋਕੀਂ ਛੋਟੇ-ਛੋਟੇ ਕਿੱਤੇ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ। 'ਜੁਲਾਹੇ, ਧੋਬੀ, ਲੁਹਾਰ, ਚਮਾਰ, ਕਿਸਾਨ, ਘੁਮਿਆਰ, ਤੇਲੀ, ਭੰਗੀ, ਮੋਚੀ, ਤਰਖਾਣ ਆਦਿ ਆਪਣੇ ਆਪਣੇ ਪੇਸ਼ਿਆਂ ਵਿਚ ਲੱਗੇ ਹੋਏ ਸਨ ਤੇ ਰੋਟੀ ਕਮਾਉਂਦੇ ਸਨ।"[40]

ਰਾਜਾ ਧਨੀਆਂ ਦੇ ਹਿੱਤਾਂ ਦੀ ਰਾਖੀ ਕਰਦਾ ਸੀ, ਮੱਧ ਵਰਗੀ ਲੋਕ ਹਰ ਕਾਲ ਵਾਂਙ ਇਸ ਕਾਲ ਵਿਚ ਵੀ ਲਾਭ ਪ੍ਰਾਪਤ ਕਰ ਰਹੇ ਸਨ। ਹਰ ਪੇਸ਼ੇ ਵਿਚ ਛਲ-ਕਪਟ , ਬੇਈਮਾਨੀ ਅਤੇ ਅਦਾਲਤਾਂ ਵਿਚ ਵੀ ਰਿਸ਼ਵਤ ਖ਼ੋਰੀ ਦਾ ਬੋਲਬਾਲਾ ਸੀ। ਮਜ਼ਦੂਰ ਵਰਗ ਬੇਗਾਰ ਹੱਥੋਂ ਤੰਗ ਸੀ, ਕਿਸਾਨ ਕਰਾਂ ਦੇ ਬੋਝ ਹੇਠ ਨਪੀੜੇ ਜਾ ਰਹੇ ਸਨ, ਹਿੰਦੂਆਂ ਤੋਂ ਜਜ਼ੀਆ ਉਗਰਾਹਿਆ ਜਾਂਦਾ ਸੀ, ਗਊ, ਬ੍ਰਾਹਮਣ ਅਤੇ ਤੀਰਥਾਂ ਤੇ ਜਾਣ ਵਾਲੇ ਲੋਕਾਂ ਉੱਤੇ ਵੀ ਕਰ ਲੱਗੇ ਹੋਏ ਸਨ। "ਕਈਆਂ ਦਾ ਲਾਭ ਇਸ ਵਿਚ ਸੀ ਕਿ ਮਨੋਂ ਤਾਂ ਆਪਣੇ ਪਿਤਾ, ਪਿਤਾਮਾ ਦੇ ਧਰਮ ਨੂੰ ਅਪਣਾਈ ਰਖਣ ਪਰ ਬਾਹਰੋਂ ਆਪਣੇ ਹਾਕਮਾਂ ਦਾ ਰੰਗ ਢੰਗ ਬਣਾ ਲੈਣ। ਅਜਿਹੇ ਲੋਕਾਂ ਨੇ ਮੁਸਲਮਾਨਾਂ ਦਾ ਪਹਿਰਾਵਾ ਧਾਰਨ ਕਰ ਲਿਆ ਅਤੇ ਉਹ ਮਸੀਤਾਂ ਵਿਚ ਵੀ ਜਾਣ ਲਗ ਪਏ ਸਨ ਤਾਂ ਜੋ ਕਈ ਤਰ੍ਹਾਂ ਦੇ ਟੈਕਸਾਂ ਤੇ ਕਰਾਂ ਤੋਂ ਬਚ ਜਾਣ।"[41] ਇਸ ਤਰ੍ਹਾਂ ਹਕੂਮਤ ਨੇ ਲੋਕ ਸਮੂਹ ਨੂੰ ਪੂਰੀ ਤਰ੍ਹਾਂ ਫੌਲਾਦੀ ਪੰਜੇ ਵਿਚ ਜਕੜਿਆ ਹੋਇਆ ਸੀ।

ਸਾਮੰਤ ਵਰਗ ਦਾ ਜੀਵਨ ਏਨਾ ਵਿਲਾਸਤਾ ਭਰਿਆ ਸੀ ਕਿ ਐਸ਼ਵਰਜ ਲਈ ਬੇਲੋੜੇ ਨੌਕਰ ਰੱਖੇ ਹੋਏ ਸਨ। "ਮੁਹੰਮਦ ਤੁਗਲਕ ਦੇ ਦਰਬਾਰ ਵਿਚ ਚਾਰ ਹਜ਼ਾਰ ਸਵਰਨਕਾਰ ਗਹਿਣੇ ਬਣਾਉਣ ਲਈ ਨੌਕਰ ਰਖੇ ਹੋਏ ਸਨ।"[42] ਦੂਜੇ ਪਾਸੇ ਸਾਧਾਰਣ ਲੋਕ ਬਹੁਤ ਮੁਸ਼ਕਲ ਨਾਲ ਆਪਣਾ ਪੇਟ ਭਰਦੇ ਸਨ। ਚਰਿੱਤਰ ਹੀਣਤਾ ਅਤੇ ਪਰ-ਇਸਤਰੀ ਗਮਨ ਆਦਿ ਦੀ

ਸਮਾਜਿਕ ਜੀਵਨ ਵਿਚ ਪ੍ਰਧਾਨਤਾ ਹੁੰਦੀ ਜਾ ਰਹੀ ਸੀ। "ਬਦਰੀ ਦਾਸ ਨਾਮੀ ਪ੍ਰਸਿੱਧ ਕਵੀ ਕਿਸੇ ਸੁੰਦਰ ਅਤੇ ਪ੍ਰਵੀਨ ਕੰਨਿਆਂ ਨੂੰ ਇਕ ਸਮੇਂ ਲਈ ਇਕ ਸੌ ਦੀਨਾਰ ਦਿੰਦਾ ਹੁੰਦਾ ਸੀ। ਇਸ ਵਿਲਾਸਤਾ ਵਿਚ ਸ਼ਰਾਬ ਦੀ ਵੀ ਬਹੁਤ ਵਰਤੋਂ ਹੁੰਦੀ ਸੀ।"[43] ਇਸ ਕਾਲ ਵਿਚ ਦਾਸ-ਪ੍ਰਥਾ ਵੀ ਪ੍ਰਚਲਿਤ ਸੀ।[44] ਗੁਲਾਮ ਮੁੰਡੇ, ਕੁੜੀਆਂ ਮੁੱਲ ਖ਼੍ਰੀਦੇ ਜਾਂਦੇ ਸਨ ਜਿਨ੍ਹਾਂ ਦੀ ਕੀਮਤ ਬਰੂਨੀ ਨੇ 500 ਟੰਕ (ਤਤਕਾਲੀਨ ਸਿੱਕਾ) ਤੋਂ ਦੋ ਹਜ਼ਾਰ ਟੰਕ ਦੱਸੀ ਹੈ।[45]

ਗੁਰੂ ਰਵਿਦਾਸ ਦੇ ਸਮਕਾਲੀਨ ਸਮਾਜ ਵਿਚ ਵਪਾਰਕ ਸਥਿਤੀ ਵੀ ਤਰਸਯੋਗ ਸੀ। ਕਾਗ਼ਜ਼, ਮਿਸਰੀ, ਸੁੱਕੇ ਮੇਵੇ ਤੇ ਸੋਨੇ ਚਾਂਦੀ ਦੀ ਦਰਾਮਦ ਮੱਧ-ਏਸ਼ੀਆ ਤੋਂ ਹੁੰਦੀ ਸੀ। ਕੀਮਤੀ ਪੱਥਰ ਤਿੱਬਤ ਤੋਂ ਲੈ ਕੇ ਮਿਸਰ ਤਕ ਦੇ ਦੇਸ਼ਾਂ ਤੋਂ ਆਉਂਦੇ ਸਨ। ਮਿਸਰ ਦੀਆਂ ਬਣੀਆਂ ਪੰਨੇ ਦੀਆਂ ਛਾਪਾਂ ਬਹੁਤ ਪ੍ਰਸਿੱਧ ਸਨ। ਦੇਸ਼ ਦੇ ਅੰਦਰੂਨੀ ਵਿਉਪਾਰ ਉੱਪਰ ਅਨੇਕਾਂ ਕਰ ਲਗੇ ਹੋਏ ਸਨ ਜਿਵੇਂ ਕਿ ਮਹਿਸੂਲ, ਪੁਲ, ਘਾਟ, ਪਰਗਨੇ ਦੀ ਸੀਮਾ, ਮੰਡੀ ਤੇ ਆਦਿ। ਆਰਥਿਕ ਖੇਤਰ ਵਿਚ ਜਨ-ਸਾਧਾਰਨ ਦੀ ਲੁੱਟ-ਖਸੁੱਟ ਹੋ ਰਹੀ ਸੀ। "ਸਾਧਾਰਣ ਜਨਤਾ ਦੁੱਖੀ ਸੀ, ਉਨ੍ਹਾਂ ਦੀ ਜਾਤ-ਪਾਤ ਕਈ ਕਿੱਤਿਆਂ ਦੇ ਅਨੁਸਾਰ ਵੰਡੀ ਹੋਈ ਸੀ। ਸ਼ੂਦਰਾਂ ਤੇ ਕੰਮ ਦਾ ਵਧੇਰੇ ਬੋਝ ਰਹਿੰਦਾ ਸੀ। ਇਸ ਲਈ ਉਹ ਮੁਸਲਮਾਨ ਬਣਨ ਵਿਚ ਆਰਥਿਕ ਵਿਕਾਸ ਵੀ ਵੇਖਦੇ ਸਨ।"[46] ਜਨ-ਸਾਧਾਰਨ ਦੀ ਤਰਸਯੋਗ ਹਾਲਤ ਦਾ ਵਰਣਨ ਗੁਰੂ ਰਵਿਦਾਸ-ਵਾਣੀ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ:

ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ।[47]

ਸੰਤ ਕਵੀਆਂ ਦੇ ਕੋਮਲ ਮਨ ਉੱਪਰ ਤਤਕਾਲੀਨ ਆਰਥਿਕ ਅਵਸਥਾ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਅਤੇ ਇਸ ਦੇ ਅੰਤਰਗਤ ਜਨ-ਸਾਧਾਰਨ ਦੇ ਜੀਵਨ ਵਿਚ ਜੋ ਗਿਰਾਵਟ ਆਈ, ਇਸ ਦਾ ਚਿੱਤਰ ਉਨ੍ਹਾਂ ਨੇ ਆਪਣੀ ਵਾਣੀ ਦੁਆਰਾ ਉਲੀਕਿਆ ਅਤੇ ਹਾਕਮਾਂ ਤੇ ਧਨੀਆਂ ਦੁਆਰਾ ਆਮ ਲੋਕਾਂ ਦੇ ਹੋ ਰਹੇ ਆਰਥਿਕ ਸੋਸ਼ਣ ਦਾ ਵਿਰੋਧਤਾ ਕੀਤੀ; ਨਿਮਨ ਲਿਖਤ ਸ਼ਬਦਾਂ ਰਾਹੀਂ ਆਪਣਾ ਚਿੰਤਨ ਪ੍ਰਸਤੁਤ ਕੀਤਾ:

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਬਨ ਕੋ ਅੰਨ ।<br>
ਛੋਟ ਬੜੇ ਸਭ ਸਮ ਬਸੈਂ, ਰਵਿਦਾਸ ਰਹੈਂ ਪ੍ਰਸੰਨ ।।[48]

### 1.1.5. ਧਾਰਮਿਕ ਪਰਿਸਥਿਤੀਆਂ

ਇਸ ਕਾਲ ਦਾ ਧਾਰਮਿਕ ਪਰਿਵੇਸ਼ ਬੜਾ ਹੀ ਜਟਿਲ, ਸੰਕੀਰਨਤਾ ਭਰਪੂਰ,

ਤੈੜਿਆਂ ਰਸਮਾਂ, ਕੁਰੀਤੀਆਂ, ਵਹਿਮਾਂ-ਭਰਮਾਂ, ਪੂਜਾ-ਵਿਧੀਆਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਬਾਹਰਮੁਖੀ ਕਰਮ-ਕਾਂਡਾਂ, ਆਡੰਬਰਾਂ ਅਤੇ ਅਨੇਕ ਭਾਂਤ ਦੇ ਧਾਰਮਿਕ ਵਿਸ਼ਵਾਸਾਂ ਉੱਪਰ ਅਧਾਰਿਤ ਸੀ। " ਇਸ ਕਾਲ ਵਿਚ ਜਾਦੂਗੀਰੀ, ਜੰਤਰ-ਮੰਤਰ, ਭੈਰਵੀ ਚੱਕਰ ਵਿਚ ਬ੍ਰਾਹਮਣਾਂ ਨੇ ਬੁੱਧਾਂ ਨਾਲ ਦੌੜ ਲਗਾ ਰੱਖੀ ਸੀ। ਭੂਤ-ਪ੍ਰੇਤ, ਜਾਦੂ-ਟੂਣਾ ਅਤੇ ਦੇਵੀ-ਦੇਵਤਿਆਂ ਦੀ ਬਹੁ-ਭਾਂਤੀ ਉਪਾਸਨਾ ਦਾ ਪਾਸਾਰ ਜਿੰਨਾ ਇਸ ਜੁੱਗ ਵਿਚ ਹੋਇਆ, ਉਹ ਪਹਿਲਾਂ ਜਾਂ ਬਾਅਦ ਵਿਚ ਕਦੇ ਵੀ ਨਹੀਂ ਹੋਇਆ।"[49] ਭਾਰਤੀ ਜਨਤਾ ਮੁਸਲਮਾਨ ਹਾਕਮਾਂ ਦੀ ਲੁੱਟ ਦਾ ਸ਼ਿਕਾਰ ਹੋਣ ਕਰਕੇ ਮਾਯੂਸ ਹੋ ਚੁੱਕੀ ਸੀ। ਸ਼ਾਸਕਾਂ ਦੇ ਡਰ ਕਾਰਨ ਭਾਰਤੀ ਲੋਕ ਇਸਲਾਮ ਧਰਮ ਕਬੂਲ ਕਰ ਰਹੇ ਸਨ। ਇਸਲਾਮ ਧਰਮ ਤਲਵਾਰ ਦੀ ਨੋਕ ਦੇ ਬਲ ਨਾਲ ਹੜ੍ਹ ਦੇ ਪਾਣੀ ਵਾਂਗ ਨਿਰੰਤਰ ਤੇਜ਼ੀ ਨਾਲ ਫੈਲ ਰਿਹਾ ਸੀ।

ਸ਼ੈਵ, ਸ਼ਾਕਤ, ਵੈਸ਼ਣਵ, ਬੋਧ ਅਤੇ ਜੈਨ ਆਦਿ ਧਰਮ ਤਤਕਾਲੀ ਸਮਾਜ ਦੇ ਪ੍ਰਚਲਿਤ ਧਰਮ ਸਨ। ਮਹਾਤਮਾ ਬੁੱਧ ਨੇ ਯਥਾਰਥਕ ਮਨੁੱਖੀ ਪਿਆਰ ਨੂੰ ਕਲਪਿਤ ਰੱਬੀ ਪਿਆਰ ਨਾਲੋਂ ਬਹੁਤ ਉੱਚਾ ਥਾਂ ਦਿੱਤੀ ਹੈ, ਪਰੰਤੂ ਸਮੇਂ ਦੇ ਵਹਾਅ ਨਾਲ ਇਸ ਧਰਮ ਦੀ ਵਿਚਾਰਧਾਰਾ ਵਿਚੋਂ ਭਿੰਨ-ਭਿੰਨ ਸ਼ਾਖ਼ਾਵਾਂ ਨੇ ਆਪਣੀਆਂ ਲੋੜਾਂ ਅਨੁਸਾਰ ਕੁਝ ਅੰਸ਼ ਲੈ ਲਏ ਅਤੇ ਉਨ੍ਹਾਂ ਦੀ ਵਿਆਖਿਆ ਦੇਸ਼, ਕਾਲ ਦੇ ਚੁਗਿਰਦੇ ਅਨੁਸਾਰ ਕਰ ਲਈ। " ਬੁੱਧ ਦੇ ਚੇਲੇ ਉਸ ਦੇ ਚੰਗੇ ਸਿਧਾਂਤਾਂ ਨੂੰ ਭੁੱਲ ਕੇ ਕੁਰੀਤੀਆਂ ਵਿਚ ਫਸ ਚੁੱਕੇ ਸਨ। ਬੁੱਧ ਦੀ ਪੂਜਾ ਰੱਬ ਦਾ ਦਰਜਾ ਲੈ ਚੁੱਕੀ ਸੀ।"[50] ਬਜਰਯਾਨੀਆਂ ਅਤੇ ਕਾਪਾਲਿਕਾਂ ਦੀ ਧਰਮ-ਸਾਧਨਾ ਦਾ ਇਸਤਰੀ-ਸੰਗ ਅਤੇ ਮਦਰਾ-ਸੇਵਨ ਇਕ ਜ਼ਰੂਰੀ ਅੰਗ ਬਣ ਗਏ ਸਨ। ਇਥੋਂ ਤਕ ਕਿ ਕੁਲੀਨ ਇਸਤਰੀਆਂ ਦੀ ਸ਼ੀਲ-ਸੁਰੱਖਿਆ ਇਕ ਸਮੱਸਿਆ ਜਿਹੀ ਬਣ ਗਈ ਸੀ।"[51]

ਭਾਰਤ ਵਿਚੋਂ ਬੁੱਧ ਧਰਮ ਦਾ ਪ੍ਰਭਾਵ ਹੌਲੀ-ਹੌਲੀ ਖ਼ਤਮ ਹੋ ਰਿਹਾ ਸੀ। ਸਨਾਤਨੀ ਖ਼ਿਆਲਾਂ ਦੇ ਬੋਧੀਆਂ ਦੇ ਇਕ ਫ਼ਿਰਕੇ ਹੀਨਯਾਨ ਦੇ ਅਨੁਯਾਈਆਂ ਨੇ ਮਹਾਤਮਾ ਬੁੱਧ ਨੂੰ ਇਕ ਦੈਵੀ-ਹਸਤੀ ਦੇ ਰੂਪ ਵਿਚ ਮੰਨਣਾ ਆਰੰਭ ਕਰ ਦਿੱਤਾ ਸੀ। ਬੁੱਧ ਧਰਮ-ਪ੍ਰਚਾਰਕਾਂ ਵਿਚ ਆਈਆਂ ਗਿਰਾਵਟਾਂ ਅਤੇ ਬ੍ਰਾਹਮਣਵਾਦ ਦੇ ਵਧ ਰਹੇ ਦਬਾਓ ਦੇ ਸਿੱਟੇ ਵਜੋਂ ਭਾਰਤ ਵਿਚੋਂ ਹੌਲੀ-ਹੌਲੀ ਬੁੱਧ ਧਰਮ ਅਲੋਪ ਹੋ ਗਿਆ ਅਤੇ ਇਕ ਨਵੇਂ ਹਿੰਦੂ ਧਰਮ ਦਾ ਜਨਮ ਹੋਇਆ। ਇਹ ਨਵਾਂ ਹਿੰਦੂ ਧਰਮ ਦਰਅਸਲ ਕੋਈ ਧਰਮ ਨਹੀਂ ਸੀ, ਬਲਕਿ ਬਹੁਤ ਸਾਰੇ ਵਿਸ਼ਵਾਸਾਂ ਅਤੇ ਸੰਸਕਾਰਾਂ ਦਾ ਮਿਸ਼ਰਣ ਸੀ।

ਹਿੰਦੂ ਧਰਮ ਵਿਚ ਕਰੋੜਾਂ ਹੀ ਦੇਵੀ-ਦੇਵਤੇ ਸਨ ਜਿਨ੍ਹਾਂ ਵਿਚੋਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਸੀ। ਇਨ੍ਹਾਂ ਵਿਚ ਕਈ ਫ਼ਰਿਸ਼ਤੇ , ਕਈ ਦੈਂਤ, ਕਈ ਅਰਸ਼ੀ ਗ੍ਰਹਿ ਜਿਵੇਂ ਸੂਰਜ,ਚੰਦ੍ਰਮਾਂ; ਕਈ ਪਸ਼ੂ, ਪੰਛੀ, ਕਈ ਦੁੱਖ ਦੇਣ ਵਾਲੇ ਅਤੇ ਕਈ ਸੁੱਖ ਦੇਣ ਵਾਲੇ ਦੇਵਤੇ ਹਨ। ਇਸ ਨਵੇਂ ਧਰਮ ਵਿਚ ਜੰਤਰ, ਮੰਤਰ, ਲਿੰਗ ਪੂਜਾ, ਬੁੱਤ ਪੂਜਾ, ਬਲੀ ਦੇਣ ਦੀ ਪਰੰਪਰਾ ਅਤੇ ਤੀਰਥ ਯਾਤਰਾ ਆਦਿ ਦੀ ਭਰਮਾਰ ਸੀ।

ਗੁਰੂ ਰਵਿਦਾਸ ਕਾਲੀਨ ਹਿੰਦੂ ਧਰਮ, ਪੁਜਾਰੀ ਵਰਗ ਦੀ ਉਪਜੀਵਕਾ ਦਾ ਸਾਧਨ ਬਣ ਚੁੱਕਾ ਸੀ ਅਤੇ ਧਾਰਮਿਕ ਜੀਵਨ ਸਚਿਆਰਤਾ, ਪਵਿੱਤਰਤਾ ਤੇ ਦਿਆਲਤਾ ਦੀ ਥਾਂ ਝੂਠ, ਅੱਤਿਆਚਾਰ, ਬੇਇਨਸਾਫ਼ੀ, ਛਲ-ਕਪਟ, ਧੋਖਾ-ਫ਼ਰੇਬ ਆਦਿ ਭਾਰੂ ਹੋ ਗਏ ਸਨ। ਧਰਮ ਨੂੰ ਪਾਖੰਡ ਦਾ ਗ੍ਰਹਿਣ ਲੱਗਾ ਹੋਇਆ ਸੀ, ਅੰਧ-ਵਿਸ਼ਵਾਸ ਪੂਰੀ ਤਰ੍ਹਾਂ ਹਾਵੀ ਸੀ ਅਤੇ ਹਰ ਧਾਰਮਿਕ ਕਰਮ ਵਿਚ ਬ੍ਰਾਹਮਣ ਦੀ ਹੀ ਪ੍ਰਧਾਨਤਾ ਸੀ। ਜਾਤ-ਪਾਤ ਦੀ ਵਿਵਸਥਾ ਨੂੰ ਸਦੀਵੀ ਬਣਾਈ ਰੱਖਣ ਲਈ ਵਰਨ-ਆਸ਼ਰਮ ਧਰਮ ਦੀ ਪ੍ਰੋੜ੍ਹਤਾ ਧਾਰਮਿਕ ਗ੍ਰੰਥਾਂ ਤੋਂ ਕਰਵਾਈ ਗਈ। ਇਨ੍ਹਾਂ ਧਾਰਮਿਕ ਗ੍ਰੰਥਾਂ ਨੇ ਬ੍ਰਾਹਮਣ ਨੂੰ ਧਰਤੀ ਦਾ ਦੇਵਤਾ ਕਰਾਰ ਦੇ ਦਿੱਤਾ। ਇਸ ਸੰਦਰਭ ਵਿਚ ਨਿਮਨ-ਲਿਖਤ ਟਿੱਪਣੀਆਂ ਵਾਚਣ-ਯੋਗ ਹਨ:

> ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਟ ਹੈ। ਉਹ ਸਾਰੇ ਪ੍ਰਾਣੀਆਂ ਦਾ ਈਸ਼ਵਰ ਹੈ, ਧਰਮ ਅਤੇ ਖ਼ਜ਼ਾਨੇ ਦਾ ਰੱਖਿਅਕ ਹੈ। ਇਸ ਸੰਸਾਰ ਵਿਚ ਜੋ ਵੀ ਸੰਪਤੀ ਹੈ, ਉਹ ਸਾਰੀ ਬ੍ਰਾਹਮਣ ਦੀ ਨਿੱਜੀ ਹੈ।[52]

> ਬ੍ਰਾਹਮਣ ਬ੍ਰਹਮਾ ਦੇ ਮੂੰਹ ਚੋਂ, ਕਸ਼ੱਤਰੀ ਬਾਹਾਂ ਚੋਂ, ਵੈਸ਼ ਜੰਘਾਂ(ਪੇਟ ਦਾ ਹੇਠਲਾ ਹਿੱਸਾ) ਅਤੇ ਸ਼ੂਦਰ ਪੈਰਾਂ ਚੋਂ ਪੈਦਾ ਹੋਏ ਹਨ।[53]

ਹਿੰਦੂਆਂ ਦੇ ਧਾਰਮਿਕ ਵਿਸ਼ਵਾਸ ਅਨੁਸਾਰ ਇਹ ਵੰਡ ਖ਼ੁਦ ਈਸ਼ਵਰ ਨੇ ਕੀਤੀ ਹੈ। ਧਾਰਮਿਕ ਗ੍ਰੰਥਾਂ ਦੇ ਆਦੇਸ਼ਾਂ ਦੇ ਆਧਾਰ ਤੇ ਸ਼ੂਦਰ ਵਰਗ ਨੂੰ ਧਰਮ ਕਰਮ ਤੋਂ ਵੰਚਿਤ ਕਰ ਦਿੱਤਾ ਗਿਆ। "ਜੇ ਕੋਈ ਸ਼ੂਦਰ ਵੇਦ ਮੰਤਰ ਦਾ ਜਾਪ ਕਰੇ ਤਾਂ ਉਸ ਦੀ ਜੀਭ ਕੱਟ

ਦੇਣੀ ਚਾਹੀਦੀ ਹੈ।"[54] ਸ਼ੂਦਰ ਪਤਿਤ ਹੈ। ਉਸ ਨੂੰ ਛੱਡਕੇ ਬਾਕੀ ਤਿੰਨ ਵਰਣਾਂ ਨੂੰ ਜਨੇਊ ਪਾਉਣ, ਵੇਦ ਪਾਠ ਅਤੇ ਯੱਗ ਕਰਨ ਦਾ ਅਧਿਕਾਰ ਹੈ।"[55] ਧਰਮ ਕਰਮ ਕਰਨ ਅਤੇ ਯੱਗ ਕਰਨ ਸਮੇਂ ਕੋਈ ਸ਼ੂਦਰ ਤੁਹਾਡੇ ਕੋਲ ਨਾ ਹੋਵੇ।[56] ਇਸ ਤਰ੍ਹਾਂ ਧਰਮ, ਪੁਜਾਰੀ ਵਰਗ ਦੇ ਹੱਥਾਂ ਵਿਚ ਇਕ ਖਿਡੌਣਾ ਬਣ ਕੇ ਰਹਿ ਗਿਆ, "ਪੁਜਾਰੀ ਖੁਦਗਰਜ਼ ਅਤੇ ਮਸਤ ਸਨ, ਲੋਕ ਬੇਅਰਥ ਰਸਮਾਂ ਅਤੇ ਵਹਿਮਾਂ ਵਿਚ ਫਸੇ ਹੋਏ ਸਨ ਅਤੇ ਬਾਹਰਲੇ ਪਾਖੰਡਾਂ ਵਿਚ ਅਧਿਆਤਮਕਤਾ ਡੁੱਬ ਚੁੱਕੀ ਸੀ।"[57]

ਹਿੰਦੂਆਂ ਦੀਆਂ ਬੇਇਨਸਾਫੀਆਂ ਅਤੇ ਜ਼ੁਲਮਾਂ ਤੋਂ ਪੀੜਤ ਸ਼ੂਦਰ ਇਸਲਾਮ ਧਰਮ ਵਲ ਖਿੱਚੇ ਗਏ। ਇਸਲਾਮ ਦੀ ਇਕ-ਈਸ਼ਵਰਵਾਦੀ ਭਾਵਨਾ, ਸਮਾਜਿਕ ਸਮਾਨਤਾ ਅਤੇ ਧਾਰਮਿਕ ਮਾਨਤਾਵਾਂ ਵਿਚ ਇੰਨੀ ਤਾਕਤ ਸੀ ਕਿ ਭਾਰਤੀ ਸਮਾਜ ਉਸ ਤੋਂ ਅਛੂਤਾ ਨਾ ਰਹਿ ਸਕਿਆ। ਇਸਲਾਮ ਧਰਮ ਵਿਚ ਸੂਫ਼ੀ ਸੰਤ ਅਜਿਹੇ ਸਨ ਜੋ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਭੇਦ ਨਹੀਂ ਜਾਣਦੇ ਸਨ। ਦਰਅਸਲ ਇਹ ਮੱਤ ਇਸਲਾਮ ਦੀਆਂ ਸਖ਼ਤ ਸਿਧਾਂਤਕ ਪਾਬੰਦੀਆਂ ਦੇ ਵਿਰੋਧ ਵਜੋਂ ਇਸਲਾਮ ਦਾ ਹੀ ਇਕ ਸੋਧਿਆ ਹੋਇਆ ਰੂਪ ਸੀ। ਸੂਫ਼ੀ ਇਸਲਾਮੀ ਸ਼ਰੀਅਤ ਦੇ ਉਲਟ ਸਨ, ਸੁਤੰਤਰ ਸਨ ਅਤੇ ਸਿਧਾਂਤਾਂ ਤੋਂ ਮੁਕਤ ਸਨ ।

ਸੂਫ਼ੀ ਧਰਮ ਭਾਰਤ ਅੰਦਰ ਆਕੇ ਵੇਦਾਂਤ ਦੇ ਦਾਰਸ਼ਨਿਕ ਵਿਚਾਰਾਂ ਸਮੇਤ ਭਰਪੂਰ ਰੂਪ ਵਿਚ ਫੈਲਿਆ ਅਤੇ ਇਸ ਦੇ ਨਾਲ ਹੀ ਸ਼ੰਕਰਾਚਾਰੀਆ ਦੇ ਅਦ੍ਵੈਤਵਾਦ ਦਾ ਦੇਸ਼ ਦੇ ਸਮੁੱਚੇ ਧਾਰਮਿਕ ਖੇਤਰ ਵਿਚ ਕਾਫ਼ੀ ਪ੍ਰਭਾਵ ਪਿਆ। ਰਾਮਾਨੁਜ ਆਚਾਰੀਆ ਨੇ ਉੱਤਰੀ ਭਾਰਤ ਵਿਚ ਆ ਕੇ ਵੈਸ਼ਣਵ ਭਗਤੀ ਦਾ ਪ੍ਰਚਾਰ ਕੀਤਾ ਜੋ ਤੇਜ਼ੀ ਨਾਲ ਫੈਲਿਆ। ਦੱਖਣ ਵਿਚ ਆਲਵਾਰ ਸੰਤ ਵੈਸ਼ਣਵ ਭਗਤ ਸਨ ਜੋ ਜਾਤ, ਕੁਲ, ਲਿੰਗ ਆਦਿ ਦੇ ਭਿੰਨ-ਭੇਦ ਦਾ ਖੰਡਨ ਕਰਦੇ ਹੋਏ ਇਕ-ਈਸ਼ਵਰਵਾਦ ਅਤੇ ਪ੍ਰੇਮਾ-ਭਗਤੀ ਦੀ ਭਾਵਨਾ ਦਾ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ " ਭਗਵਾਨ ਇਕ ਹੈ ਤੇ ਉਸੇ ਦੀ ਭਗਤੀ ਕਰਨੀ ਚਾਹੀਦੀ ਹੈ । ਹੋਰ ਕਿਸੇ ਦੇਵੀ-ਦੇਵਤੇ ਦੀ ਉਪਾਸਨਾ ਨਹੀਂ ਕਰਨੀ ਚਾਹੀਦੀ । ਇਸ ਸਿਧਾਂਤ ਨੂੰ ਰਾਮਾਨੁਜ ਅਚਾਰਯ ਨੇ ਆਲਵਾਰ ਭਗਤਾਂ ਪਾਸੋਂ ਪ੍ਰਾਪਤ ਕੀਤਾ ਸੀ।"[58]

ਮਧਯੁਗੀਨ ਦੇ ਸੰਤ ਕਵੀ ਇਸ ਕਾਲ ਦੀ ਜਟਿਲ ਧਾਰਮਿਕ ਅਵਸਥਾ ਦੇ ਪ੍ਰਤੀ ਬਹੁਤ ਚਿੰਤਾਤੁਰ ਸਨ, ਉਹ ਇਸ ਬਹੁਤ ਵੱਡੀ ਸਮੱਸਿਆ ਦੇ ਸਦੀਵੀ ਹੱਲ ਲਈ

ਚੇਤਨ ਸਨ। ਉਨ੍ਹਾਂ ਨੇ ਆਪਣੀ ਧਾਰਮਿਕ ਵਾਣੀ ਦੁਆਰਾ ਧਾਰਮਿਕ ਕੁਰੀਤੀਆਂ, ਵਹਿਮਾਂ-ਭਰਮਾਂ, ਸੁੱਚ, ਭਿੱਟ, ਸੂਤਕ ਆਦਿ ਦੋਸ਼ਾਂ, ਪਾਖੰਡਾਂ, ਆਡੰਬਰਾਂ, ਪੂਜਾ ਵਿਧੀਆਂ ਆਦਿ ਦਾ ਜ਼ੋਰਦਾਰ ਖੰਡਨ ਕੀਤਾ। ਗੁਰੂ ਰਵਿਦਾਸ ਨੇ ਬ੍ਰਾਹਮਣਾਂ ਦੁਆਰਾ ਪ੍ਰਚਲਿਤ ਗ਼ਲਤ ਕਦਰਾਂ-ਕੀਮਤਾਂ ਦੀ ਆਪਣੀ ਵਾਣੀ ਅਤੇ ਕਰਮ ਦੁਆਰਾ ਵਿਰੋਧਤਾ ਕੀਤੀ। ਉਨ੍ਹਾਂ ਨੇ ਕਰਮ-ਕਾਂਡ, ਮੂਰਤੀ ਪੂਜਾ ਅਤੇ ਜਾਤ-ਪਾਤ ਦੀ ਵਿਰੋਧਤਾ ਕਰਕੇ ਆਪਸੀ ਸਮਾਨਤਾ ਤੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਇਸ ਧਾਰਮਿਕ ਵਿਸ਼ਵਾਸ਼ ਦਾ ਵੀ ਖੰਡਨ ਕੀਤਾ ਕਿ ਪ੍ਰਭੂ ਮੰਦਰਾਂ ਜਾਂ ਮਸੀਤਾਂ ਵਿਚ ਵਸਦਾ ਹੈ। ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪ੍ਰਭੂ ਦਾ ਵਾਸ਼ਾ ਤਾਂ ਮਨੁੱਖੀ ਹਿਰਦੇ ਵਿਚ ਹੈ, ਜੀਵ ਤਾਂ ਐਵੇਂ ਭੁਲੇਖਿਆਂ ਵਿਚ ਪੈ ਕੇ ਉਸ ਨੂੰ ਬਾਹਰੋਂ ਢੂੰਡਣ ਲੱਗਾ ਹੋਇਆ ਹੈ, ਪ੍ਰਭੂ ਤਾਂ ਮਨੁੱਖ ਦੇ ਹੱਥ ਜਿੰਨਾ ਹੀ ਨੇੜੇ ਹੈ। ਆਪ ਦਾ ਕਥਨ ਹੈ:

> ਕਾ ਮਥਰਾ ਕਾ ਦਵਾਰਿਕਾ, ਕਾ ਕਾਸੀ ਹਰਿਦਵਾਰ ।
> ਰਵਿਦਾਸ ਖੋਜਾ ਦਿਲ ਆਪਨਾ, ਤਉ ਮਿਲਿਆ ਦਿਲਦਾਰ।।[59]
>
> ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ।।
> ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।।[60]

ਗੁਰੂ ਰਵਿਦਾਸ ਨੇ ਤਤਕਾਲੀਨ ਪ੍ਰਚਲਿਤ ਪੂਜਾ ਵਿਧੀਆਂ, ਪੂਜਾ ਸਮੱਗਰੀਆਂ ਨੂੰ 'ਝੂਠੇ ਸਗਲ ਪਸਾਰੇ'[61] ਕਹਿਕੇ 'ਤਨੁ ਮਨੁ ਅਰਪਉ ਪੂਜ ਚਰਾਵਉ'[62] ਦਾ ਆਦਰਸ਼ ਸਥਾਪਿਤ ਕੀਤਾ। ਉਨ੍ਹਾਂ ਨੇ ਭਾਰਤੀ ਲੋਕਾਂ ਦੇ ਅਧਿਆਤਮਿਕ ਪੱਧਰ ਨੂੰ ਉੱਚਾ ਚੁੱਕਣ ਲਈ ਧਾਰਮਿਕ ਰੀਤੀ ਰਿਵਾਜਾਂ ਪਾਠ, ਪੂਜਾ, ਤੀਰਥ, ਵਰਤ, ਦਾਨ-ਪੁੰਨ ਅਤੇ ਬਾਹਰੀ ਕਰਮ-ਕਾਂਡ ਨੂੰ ਖ਼ਤਮ ਕਰਕੇ ਲੋਕਾਂ ਨੂੰ ਪ੍ਰਭੂ ਭਗਤੀ ਦਾ ਸੱਚਾ ਮਾਰਗ ਦਰਸਾਉਣ ਦਾ ਪ੍ਰਯਤਨ ਕੀਤਾ। ਇਸ ਮੰਤਵ-ਪੂਰਤੀ ਲਈ ਉਨ੍ਹਾਂ ਨੂੰ ਸਮਕਾਲੀ ਰਾਜਨੀਤਕ ਤੇ ਧਾਰਮਿਕ ਆਗੂਆਂ ਦੀ ਵਿਰੋਧਤਾ ਦਾ ਸਾਹਮਣਾ ਵੀ ਕਰਨਾ ਪਿਆ, ਪਰੰਤੂ ਇਹ ਮਹਾਨ ਕਰਮ-ਯੋਗੀ ਇਕ ਸਦੀ ਤੋਂ ਵੀ ਵਧ ਅਰਸਾ ਅਡਿੱਗ ਤੇ ਅਡੋਲ ਆਪਣੇ ਦਾਰਸ਼ਨਿਕ ਮਾਰਗ ਤੇ ਨਿਰੰਤਰ ਚੱਲਦਾ ਰਿਹਾ ।

### 1.1.6. ਸਭਿਆਚਾਰਕ ਪਰਿਸਥਿਤੀਆਂ

ਗੁਰੂ ਰਵਿਦਾਸ ਜੀ ਦੇ ਸਮੇਂ ਦਾ ਭਾਰਤੀ ਸਭਿਆਚਾਰ ਜਾਤ-ਵੰਡ ਦੀ

ਅਸਮਾਜਿਕ ਰੁਚੀ ਦੇ ਨਾਲ ਨਾਲ ਧਰਮ ਦੇ ਖੇਤਰ ਵਿਚ ਵੀ, ਇਕ ਪਾਸੇ ਤਾਂ ਮੁਸਲਮਾਨ ਸ਼ਾਸਕਾਂ ਦੇ ਮਾਰੂ ਪ੍ਰਭਾਵ ਕਾਰਨ ਤੇ ਦੂਜੇ ਪਾਸੇ ਆਪਣੀ ਹੀ ਕਥਨੀ ਤੇ ਕਰਨੀ ਦੇ ਅੰਤਰ-ਭੇਦ ਕਾਰਨ ਆਪਣੀਆਂ ਮੂਲ ਅਗਾਂਹਵਧੂ ਪ੍ਰਵਿਰਤੀਆਂ ਤੋਂ ਥਿੜਕ ਚੁੱਕਾ ਸੀ। ਸਮੂਹ ਧਰਮਾਂ ਦੇ ਪੈਰੋਕਾਰ ਆਪਣੇ ਆਪਣੇ ਧਰਮ ਦੇ ਪਾਸਾਰੇ ਲਈ ਭਾਰਤੀ ਜਨਤਾ ਨੂੰ ਬੇਲੋੜੇ ਕਰਮ, ਕਾਂਡਾਂ ਵਿਚ ਪਾਕੇ ਬੁਰੀ ਤਰ੍ਹਾਂ ਗੁਮਰਾਹ ਕਰ ਰਹੇ ਸਨ। ਆਰੀਆਂ ਦੇ ਕਾਨੂੰਨਦਾਨ ਮਨੂੰ ਦੁਆਰਾ ਕੀਤੀ ਸਮਾਜ ਦੀ ਵਰਨ-ਵੰਡ ਨੇ ਸੰਗਠਿਤ ਸਮਾਜਿਕ ਢਾਂਚੇ ਨੂੰ ਬਹੁਤ ਨੁਕਸਾਨ ਪਹੁੰਚਾਇਆ। ਪਹਿਲਾਂ ਇਹ ਵਰਨ ਕੰਮ ਤੇ ਆਧਾਰਿਤ ਸਨ ਅਤੇ ਫਿਰ ਪਿਤਾ ਪੁਰਖੀ ਬਣ ਗਏ। ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ, ਵਹਿਮ-ਪ੍ਰਸਤੀ, ਬਾਹਰਮੁਖੀ ਕਰਮ-ਕਾਂਡ ਇਸ ਸਭਿਆਚਾਰ ਦਾ ਅੰਗ ਬਣ ਗਏ ਅਤੇ ਧਰਮ ਵਿਚ ਏਨਾ ਅੰਧ-ਵਿਸ਼ਵਾਸ ਫੈਲਿਆ ਕਿ ਮਾਨਵਤਾ ਪੀੜਤ ਹੋ ਉਠੀ।

ਬ੍ਰਾਹਮਣਾਂ ਦੇ ਫੈਲਾਏ ਭਰਮ-ਜਾਲ ਦੀਆਂ ਤੰਦਾਂ ਕੱਟਣ ਲਈ ਬੁੱਧ ਧਰਮ ਤੇ ਜੈਨ ਮਤ ਹੋਂਦ ਵਿਚ ਆਏ ਪਰੰਤੂ ਬ੍ਰਾਹਮਣੀ ਵਿਚਾਰਧਾਰਾ ਅੱਗੇ ਇਹ ਟਿਕ ਨਾ ਸਕੇ ਅਤੇ ਇਹ ਖ਼ੁਦ ਵੀ ਬ੍ਰਾਹਮਣਵਾਦ ਦਾ ਸ਼ਿਕਾਰ ਹੋ ਕੇ ਰਹਿ ਗਏ। ਮੁਹੰਮਦ ਬਿਨ ਕਾਸਮ (712 ਈ.) ਦੇ ਹਮਲਿਆਂ ਨਾਲ ਭਾਰਤੀ ਸਭਿਆਚਾਰ ਆਪਣੇ ਅਗਲੇ ਇਤਿਹਾਸਕ ਦੌਰ ਵਿਚ ਇਸਲਾਮੀ ਸਭਿਆਚਾਰ ਦੇ ਸੰਪਰਕ ਵਿਚ ਆਇਆ। "ਪੱਛਮੋਤਰੀ ਭਾਰਤ ਦੀ ਭੂਮੀ ਉਤੇ ਅਰਬੀ ਝੰਡੇ ਦੇ ਝੂਲਣ ਨਾਲ ਭਾਰਤੀ ਇਤਿਹਾਸ ਵਿਚ 'ਮੱਧ ਜੁੱਗ' ਦਾ ਆਰੰਭ ਹੁੰਦਾ ਹੈ।"[63] ਇਹ ਸਭਿਆਚਾਰ ਆਰੀਆ ਸਭਿਆਚਾਰ ਤੋਂ ਮੂਲ ਰੂਪ ਵਿਚ ਹੀ ਭਿੰਨ ਸੀ, ਬਹੁਦੇਵਵਾਦ, ਮੂਰਤੀ ਪੂਜਾ ਅਤੇ ਜਾਤ-ਪ੍ਰਥਾ ਦਾ ਇਹ ਕੱਟੜ ਵਿਰੋਧੀ ਸੀ।

ਗਿਆਰ੍ਹਵੀਂ ਸਦੀ ਤੋਂ ਲੈ ਕੇ ਪੰਦਰਵੀਂ ਸਦੀ ਤਕ ਮਹਿਮੂਦ ਗਜ਼ਨਵੀ, ਗ਼ੁਲਾਮ, ਤੁਗ਼ਲਕ; ਸਯਦ, ਲੋਧੀ ਆਦਿ ਘਰਾਣੇ ਭਾਰਤ ਉੱਤੇ ਕਾਬਜ਼ ਰਹੇ। ਇਸਲਾਮੀ ਸਭਿਆਚਾਰ ਨੇ ਵਿਸ਼ਾਲ ਪੱਧਰ ਤੇ ਭਾਰਤੀ ਇਤਿਹਾਸ ਤੇ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ। ਭਵਨ-ਨਿਰਮਾਣ ਕਲਾ, ਲੋਕ ਕਲਾ, ਪਹਿਰਾਵੇ, ਖਾਣ-ਪੀਣ, ਰਹਿਣ ਸਹਿਣ ਆਦਿ ਨੂੰ ਇਸ ਸਭਿਆਚਾਰ ਨੇ ਗਤੀਸ਼ੀਲਤਾ ਪ੍ਰਦਾਨ ਕੀਤੀ। ਬਹੁਦੇਵ ਪੂਜਾ ਅਤੇ ਅਨੇਕਾਂ ਧਾਰਮਿਕ ਚਿੰਨ੍ਹ, ਜੋ ਗਹਿਣਿਆਂ, ਸਿੱਕਿਆਂ ਜਾਂ ਹੋਰ ਵਸਤਾਂ ਉੱਪਰ ਉੱਕਰੇ ਹੁੰਦੇ ਸਨ, ਮੁਸਲਿਮ ਪ੍ਰਭਾਵ ਅਧੀਨ ਆਪਣਾ ਰੂਪ ਬਦਲ ਗਏ। ਹਾਰ-ਸ਼ਿੰਗਾਰ ਵਿਚ ਵਰਤੇ ਜਾਣ ਵਾਲੇ ਗਹਿਣਿਆਂ ਉੱਤੇ ਚੰਦ ਅਤੇ ਸੂਰਜ ਦੀ ਥਾਂ ਵੇਲ ਬੂਟਿਆਂ ਨੇ ਲੈ ਲਈ ।

ਬਾਰ੍ਹਵੀਂ ਸਦੀ ਤਕ ਸਥਾਪਿਤ ਬ੍ਰਾਹਮਣੀ ਸਭਿਆਚਾਰ ਆਪਣਾ ਪ੍ਰਭਾਵ ਗੁਆ ਚੁੱਕਾ ਸੀ। ਸੰਸਕ੍ਰਿਤ ਭਾਸ਼ਾ ਨੂੰ ਢਾਹ ਲੱਗੀ ਅਤੇ ਇਸ ਦੀ ਥਾਂ ਇਲਾਕੇ ਦੀਆਂ ਲੋਕ ਬੋਲੀਆਂ ਵਿਕਾਸ ਕਰਨ ਲੱਗੀਆਂ। ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਦੇ ਮਾਨਵ-ਵਿਰੋਧੀ ਆਦੇਸ਼ਾਂ ਅਤੇ ਸ਼ੰਕਰਾਚਾਰੀਆ ਦੇ ਬ੍ਰਾਹਮਣਵਾਦੀ ਸਭਿਆਚਾਰ ਦਾ ਮੁਕਾਬਲਾ ਕਰਨ ਲਈ ਨਾਥ-ਜੋਗੀ ਪਰੰਪਰਾ ਅਤੇ ਸੂਫ਼ੀ ਅਤੇ ਭਗਤੀ ਲਹਿਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਨਿਰਸੰਦੇਹ ਇਨ੍ਹਾਂ ਲਹਿਰਾਂ ਦਾ ਮੁੱਖ ਆਸ਼ਾ ਧਾਰਮਿਕ ਪ੍ਰਚਾਰ ਅਤੇ ਮਨੁੱਖ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰਭੂ-ਭਗਤੀ ਵਲ ਲਾਉਣਾ ਸੀ, ਪਰੰਤੂ ਇਨ੍ਹਾਂ ਕੋਲੋਂ ਸਹਿਜ-ਸੁਭਾਅ ਸਮਾਜ-ਸੁਧਾਰ ਦੇ ਕਾਰਜ ਵੀ ਹੋ ਗਏ। ਭਗਤੀ ਲਹਿਰ ਦੇ ਸੰਤ-ਕਵੀਆਂ ਨੇ ਵਧੇਰੇ ਵਿਦਰੋਹ-ਮਈ ਸੁਰ ਵਿਚ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਦਾ ਵਿਰੋਧ ਕੀਤਾ ਕਿਉਂ ਕਿ ਇਸ ਲਹਿਰ ਦੇ ਬਹੁਤ ਸੰਤ-ਕਵੀ ਨਿਮਨ ਵਰਗ ਵਿਚੋਂ ਸਨ। " ਭਗਤੀ ਲਹਿਰ ਦੇ ਪ੍ਰਭਾਵ ਅਧੀਨ ਇਕ ਆਮ ਸੁਧਾਰਕ ਲਹਿਰ ਸਹਿਜੇ ਸਹਿਜੇ ਲੋਟੂ ਸ਼੍ਰੇਣੀ ਵਿਰੁੱਧ ਦਲਿਤ ਜਾਤੀਆਂ ਦੇ ਵਿਦਰੋਹ ਦਾ ਰੂਪ ਧਾਰਨ ਕਰਨ ਲੱਗੀ।"[64]

ਆਰੀਆ ਤੇ ਇਸਲਾਮੀ ਸਭਿਆਚਾਰ ਵਿਚ ਵਿਸ਼ੇਸ਼ ਇਤਿਹਾਸਕ ਪੜਾਵਾਂ ਦੇ ਵਿਰੋਧ ਵਜੋਂ ਤਤਕਾਲੀਨ ਭਾਰਤੀ ਸਭਿਆਚਾਰ ਵਿਚ ਨਾਥ-ਜੋਗੀਆਂ ਦੀ ਲਹਿਰ, ਭਗਤੀ ਲਹਿਰ ਅਤੇ ਸੂਫ਼ੀ ਲਹਿਰ ਨੇ ਧਰਮ ਨਿਰਪੱਖ ਤੇ ਨਰੋਏ ਭਾਰਤੀ ਸਭਿਆਚਾਰ ਦੀ ਸਿਰਜਣਾ ਦਾ ਉਪਰਾਲਾ ਕੀਤਾ। ਇਨ੍ਹਾਂ ਲਹਿਰਾਂ ਨੇ ਭਾਰਤੀ ਸਭਿਆਚਾਰ ਨੂੰ ਇਸਲਾਮੀ ਤੇ ਬ੍ਰਾਹਮਣੀ ਮਜ਼੍ਹਬੀ ਕਾਨੂੰਨ ਅਤੇ ਹਕੂਮਤੀ ਭੈਅ ਤੋਂ ਨਿਰਲੇਪ ਕਰਕੇ ਲੋਕ-ਪੱਖੀ ਸੁਭਾਅ ਦੇ ਸੰਚੇ ਵਿਚ ਢਾਲਿਆ। ਸਮਾਜਿਕ ਸਮਾਨਤਾ, ਇਸਤਰੀ ਪ੍ਰਤੀ ਸਤਿਕਾਰਤ ਦ੍ਰਿਸ਼ਟੀਕੋਣ ਲੋਕਤਾਂਤਰਿਕ ਮੁੱਲਾਂ ਦੀ ਸਥਾਪਤੀ,ਰਾਜਨੀਤਕ ਤੇ ਧਾਰਮਿਕ ਗ਼ੁਲਾਮੀ ਅਤੇ ਜਾਗੀਰਦਾਰੀ ਨਿਜ਼ਾਮ ਦਾ ਜ਼ੋਰਦਾਰ ਵਿਰੋਧ ਇਨ੍ਹਾਂ ਲਹਿਰਾਂ ਦਾ ਪ੍ਰਮੁੱਖ ਉਦੇਸ਼ ਬਣਿਆ। "ਭਗਤੀ ਲਹਿਰ ਜੋ ਪਿਛੋਂ ਜਾ ਕੇ ਨੀਚ ਜਾਤੀਆਂ ਦਾ ਉੱਚ ਜਾਤੀਆਂ ਵਿਰੁੱਧ, ਵਿਦਰੋਹ ਦਾ ਰੂਪ ਧਾਰ ਗਈ, ਅਸਲ ਵਿਚ ਇਸਲਾਮੀ ਪ੍ਰਚਾਰ ਤੇ ਰਾਜ ਸ਼ਕਤੀ ਦੇ ਅਸਰ ਹੇਠ ਦੱਬੀ ਜਾ ਰਹੀ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਲਈ ਖੜੀ ਹੋਈ ਸੀ।[65] ਇਸ ਸੰਦਰਭ ਵਿਚ ਡਾ. ਅਤਰ ਸਿੰਘ ਦੇ ਵਿਚਾਰ ਵਰਣਨਯੋਗ ਹਨ:

> ਮਧਕਾਲੀਨ ਭਾਰਤ ਵਿਚ ਭਗਤੀ ਲਹਿਰ ਹੋਵੇ, ਭਾਵੇਂ ਸਿੱਖ ਲਹਿਰ, ਸੂਫ਼ੀ ਹੋਵੇ ਭਾਵੇਂ ਜੋਗੀ-ਜੰਗਮ, ਇਨ੍ਹਾਂ ਸਾਰਿਆਂ ਵਲੋਂ ਸਾਮੰਤ ਤੇ ਮਹੰਤ ਦੋਹਾਂ ਵਿਰੁਧ ਰੋਸ ਦੀ ਭਾਵਨਾ ਦਾ ਪ੍ਰਗਟਾਵਾ ਲੋਕ ਸਭਿਆਚਾਰ ਦਾ ਇਕ ਅਨਿਖੜਵਾਂ ਅੰਗ ਰਿਹਾ ਹੈ।[66]

ਰਾਮਧਾਰੀ ਸਿੰਘ ਦਿਨਕਰ ਨੇ ਭਾਰਤੀ ਸਭਿਆਚਾਰੀਕਰਨ ਦੇ ਅਮਲ ਨੂੰ ਬੜੇ ਹੀ ਭਾਵ-ਪੂਰਤ ਸ਼ਬਦਾਂ ਦੁਆਰਾ ਕ੍ਰਾਂਤੀ ਦਾ ਨਾਂ ਦੇ ਕੇ ਉਲੀਕਣ ਦਾ ਯਤਨ ਕੀਤਾ ਹੈ:

> ਭਾਰਤੀ ਸੰਸਕ੍ਰਿਤੀ ਵਿਚ ਚਾਰ ਵੱਡੀਆਂ ਕ੍ਰਾਂਤੀਆਂ ਆਈਆਂ, ਪਹਿਲੀ ਕ੍ਰਾਂਤੀ ਉਦੋਂ ਆਈ ਜਦੋਂ ਆਰੀਆ ਜਾਤੀ ਤੇ ਆਦੀ ਵਾਸੀਆਂ ਦਾ ਮੇਲ ਹੋਇਆ। ਦੂਜੀ ਕਾਂਤੀ ਬੁੱਧ ਮਤ ਨਾਲ ਆਈ ਜਦ ਕਿ ਬ੍ਰਾਹਮਣ ਸੰਸਕ੍ਰਿਤੀ ਦੀ ਥਾਂ ਸ੍ਰਮਣ ਸੰਸਕ੍ਰਿਤੀ ਨੇ ਲਈ, ਵਰਣ-ਵੰਡ ਤੇ ਜਾਤ-ਪਾਤ ਵਰਗੀਆਂ ਮਾਨਤਾਵਾਂ ਇਕ ਪਾਸੇ ਕਰ ਦਿੱਤੀਆਂ ਗਈਆਂ ਅਤੇ ਬਲੀਦਾਨ ਵਾਲੇ ਲਹੂ-ਲੁਹਾਣ ਖ਼ੂਨੀ ਧਰਮ ਦੀ ਥਾਂ 'ਅਹਿੰਸਾ ਪਰਮ ਧਰਮ' ਹੋ ਨਿਬੜਿਆ। ਤੀਸਰੀ ਕ੍ਰਾਂਤੀ ਮੁਸਲਿਮ ਹਮਲਿਆਂ ਨਾਲ ਆਈ ਜਿਸ ਨਾਲ ਪੁਰਾਣਾ ਰਹਿਣ-ਸਹਿਣ ਤੇ ਬੋਲੀ ਬਦਲ ਗਈ, ਚੌਥੀ ਕ੍ਰਾਂਤੀ ਉਦੋਂ ਆਈ ਜਦੋਂ ਅੰਗ੍ਰੇਜ਼ਾਂ ਦੇ ਆਉਣ ਨਾਲ ਪੱਛਮੀ ਗਿਆਨ-ਵਿਗਿਆਨ ਦਾ ਬੋਲਬਾਲਾ ਹੋਇਆ।[67]

### 1.1.7. ਸਾਹਿਤਕ ਪਰਿਸਥਿਤੀਆਂ

ਇਹ ਸਮਾਂ ਸਾਂਸਕ੍ਰਿਤਕ ਸੰਘਰਸ਼ ਦਾ ਸਮਾਂ ਸੀ। ਇਸ ਤੋਂ ਪਹਿਲਾਂ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ, ਅਪਭ੍ਰੰਸ਼ ਆਦਿ ਪ੍ਰਾਚੀਨ ਭਾਸ਼ਾਵਾਂ ਵਿਚ ਸਾਹਿਤਕ ਰਚਨਾਵਾਂ ਦੀ ਸਿਰਜਣਾ ਕੀਤੀ ਜਾਂਦੀ ਸੀ, ਪਰੰਤੂ ਇਸ ਕਾਲ ਵਿਚ ਸੰਤ-ਕਵੀਆਂ ਨੇ ਗੂੜ੍ਹ ਦਾਰਸ਼ਨਿਕਤਾ ਤੋਂ ਮੂੰਹ ਮੋੜਕੇ ਪਹਿਲੀ ਵਾਰ ਲੋਕ ਬੋਲੀ ਨੂੰ ਆਪਣੇ ਵਿਚਾਰ ਪ੍ਰਗਟਾਵੇ ਦਾ ਮਾਧਿਅਮ ਬਣਾਇਆ। ਸੰਸਕ੍ਰਿਤ ਜੋ ਵਿਦਵਾਨਾਂ ਤੇ ਪੰਡਤਾਂ ਦੇ ਦਾਇਰੇ ਦੀ ਭਾਸ਼ਾ ਸੀ, ਉਨ੍ਹਾਂ ਦੇ ਲੋਕ-ਪੱਖੀ ਰਵੱਈਏ ਅੱਗੇ ਆਪਣਾ ਵਿਸ਼ੇਸ਼ ਪ੍ਰਭਾਵ ਨਾ ਪਾ ਸਕੀ। ਇਨ੍ਹਾਂ ਸੰਤ-ਕਵੀਆਂ ਦੇ ਸਾਹਿਤਕ ਖੇਤਰ ਵਿਚ ਪਰਵੇਸ਼ ਕਰਨ ਦੀ ਚੇਤਨਾ ਤੇ ਤਤਕਾਲੀਨ ਸਮਾਜ ਦੇ ਹਰ ਮਾਨਵ ਲਈ, ਭਾਵੇਂ ਉਹ ਕਿਸੇ ਵੀ ਜਾਤ, ਧਰਮ ਜਾਂ ਇਲਾਕੇ ਨਾਲ ਸੰਬੰਧਿਤ ਸੀ, ਆਪਣੇ ਦੁੱਖਾਂ-ਸੁੱਖਾਂ, ਹਾਵਾਂ-ਭਾਵਾਂ ਨੂੰ ਅਭਿਵਿਅਕਤ ਕਰਨ ਲਈ ਸੰਚਾਰ ਦੇ ਨਵੇਂ ਰਾਹ ਖੋਲ੍ਹ ਦਿੱਤੇ।

ਭਾਰਤ ਵਿਚ ਮੁਸਲਿਮ ਸ਼ਾਸਕਾਂ ਦੇ ਆਉਣ ਨਾਲ ਉਨ੍ਹਾਂ ਦੀ ਭਾਸ਼ਾ ਅਰਬੀ, ਫ਼ਾਰਸੀ ਸ਼ਾਸਨ ਦੀਆਂ ਨੀਤੀਆਂ ਦਾ ਆਧਾਰ ਬਣ ਗਈ ਅਤੇ ਸਰਕਾਰੀ ਭਾਸ਼ਾ ਦਾ ਦਰਜਾ ਤਾਂ ਪ੍ਰਾਪਤ ਕਰ ਗਈ, ਪਰੰਤੂ ਆਮ ਜਨਤਾ ਵਿਚ ਇਹ ਭਾਸ਼ਾ ਪ੍ਰਵਾਨਿਤ ਨਾ ਹੋ ਸਕੀ।

ਆਮ ਲੋਕਾਂ ਵਿਚ ਰੇਖਤਾ ਜਾਂ ਉਰਦੂ ਪ੍ਰਚਲਿਤ ਹੋ ਰਿਹਾ ਸੀ ਜਿਸ ਵਿਚ ਅਰਬੀ-ਫ਼ਾਰਸੀ ਦੇ ਸ਼ਬਦਾਂ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਸੀ। 13ਵੀਂ ਅਤੇ 14ਵੀਂ ਸਦੀ ਦੇ ਕਰੀਬ ਇਕ ਅਜਿਹੀ ਭਾਸ਼ਾ ਤੇ ਸਾਹਿਤ ਦੀ ਸਿਰਜਣਾ ਕੀਤੀ ਜਾ ਰਹੀ ਸੀ ਜਿਸਨੂੰ ਅਮੀਰ ਖੁਸਰੋ (1255-1325 ਈ.) ਨੇ 'ਹਿੰਦਵੀ' ਦਾ ਨਾਂ ਦਿੱਤਾ ਹੈ। ਇਸੇ ਭਾਸ਼ਾ ਨੂੰ ਅਬੁਲ ਫ਼ਜ਼ਲ ਨੇ 'ਦੇਹਲਵੀ' ਕਿਹਾ ਹੈ।"[68] ਇਸ ਉਪਰੰਤ ਹੁਕਮਰਾਨਾਂ ਦੇ ਪ੍ਰਯਤਨਾਂ ਨਾਲ ਉਰਦੂ ਭਾਸ਼ਾ ਦਾ ਪ੍ਰਚਾਰ ਅਤੇ ਪਾਸਾਰ ਹੋਇਆ।

ਇਸ ਕਾਲ ਵਿਚ ਪੰਡਿਤ ਅਤੇ ਵਿਦਵਾਨ ਲੋਕ ਧਾਰਮਿਕ ਵਿਧੀ ਵਿਧਾਨਾਂ ਨੂੰ ਲੈ ਕੇ ਸੰਸਕ੍ਰਿਤ ਵਿਚ ਵੀ ਸਾਹਿਤ ਸਿਰਜਣਾ ਕਰ ਰਹੇ ਸਨ, ਪਰ ਉਨ੍ਹਾਂ ਦਾ ਸਾਹਿਤ ਜਨ-ਸਾਧਾਰਨ ਲਈ ਨਾ ਹੋ ਕੇ ਕੁਝ ਇਕ ਪੜ੍ਹੇ-ਲਿਖੇ ਲੋਕਾਂ ਤਕ ਹੀ ਸੀਮਤ ਸੀ। "ਸੰਸਕ੍ਰਿਤ ਵਿਚ ਉੱਚ-ਕੋਟੀ ਵਾਲ ਸਾਹਿਤਕਾਰਾਂ ਦੀ ਕਮੀ ਸੀ।"[69]

ਬ੍ਰਹਮਣਾਂ ਦੇ ਸੰਕੀਰਣ ਦ੍ਰਿਸ਼ਟੀਕੋਣ ਦੇ ਸਿੱਟੇ ਵਜੋਂ ਸੰਸਕ੍ਰਿਤ ਭਾਸ਼ਾ ਜਨ-ਸਾਧਾਰਨ ਵਿਚ ਆਪਣਾ ਆਧਾਰ ਸਥਾਪਿਤ ਨਾ ਕਰ ਸਕੀ ਅਤੇ ਇਹ ਜਨ-ਸੰਪਰਕ ਤੋਂ ਦੂਰ ਹੁੰਦੀ ਗਈ। ਗਿਆਰ੍ਹਵੀਂ ਸਦੀ ਤਕ ਅਪਭ੍ਰੰਸ਼ ਦਾ ਸਥਾਨ ਸੰਤ-ਸਾਹਿਤ ਵਾਲੀ ਸਧੁਕੜੀ ਭਾਸ਼ਾ ਨੇ ਲੈ ਲਿਆ। ਸਧੁਕੜੀ ਭਾਸ਼ਾ ਸਿੱਧਾਂ, ਨਾਥਾਂ ਅਤੇ ਜੈਨ ਮੁਨੀਆਂ ਦੁਆਰਾ ਸਿਰਜੇ ਜਾ ਰਹੇ ਸਾਹਿਤ ਦੀ ਭਾਸ਼ਾ ਸੀ। ਨਾਮ ਦੇਵ, ਕਬੀਰ ਅਤੇ ਰਵਿਦਾਸ ਆਦਿ ਸੰਤ-ਕਵੀਆਂ ਨੇ ਆਪਣੀ ਵਿਚਾਰਧਾਰਾ ਨੂੰ ਜਨ-ਮਾਨਵ ਤਕ ਪਹੁੰਚਾਉਣ ਲਈ ਇਸੇ ਸਧੁਕੜੀ ਭਾਸ਼ਾ ਨੂੰ ਸੰਚਾਰ ਦੇ ਮਾਧਿਅਮ ਵਜੋਂ ਅਪਨਾਇਆ। ਇਸ ਭਾਸ਼ਾ ਵਿਚ ਰਚਿਆ ਗਿਆ ਸਮੁੱਚਾ ਸੰਤ-ਸਾਹਿਤ ਅਤੇ ਨਾਥ ਵਾਣੀ ਦਾਰਸ਼ਨਿਕ ਹੋਣ ਦੇ ਨਾਲ ਨਾਲ ਸਮਾਜਿਕ ਅਤੇ ਲੋਕਿਕਤਾ ਦੇ ਅੰਸ਼ਾਂ ਨਾਲ ਵੀ ਭਰਪੂਰ ਹੈ।

ਇਸ ਤਰ੍ਹਾਂ ਸਾਹਿਤਕ ਖੇਤਰ ਵਿਚ ਇਸਲਾਮੀ ਭਾਸ਼ਾ ਦੀ ਪ੍ਰਭੁਤਾ ਹੋਣ ਦੇ ਬਾਵਜੂਦ ਗੁਰੂ ਰਵਿਦਾਸ ਨੇ ਆਮ ਜਨਤਾ ਦੀ ਬੋਲੀ ਨੂੰ ਆਪਣੀਆਂ ਕਾਵਿ-ਕਿਰਤਾਂ ਦਾ ਮਾਧਿਅਮ ਬਣਾਇਆ। ਇਸ ਭਾਸ਼ਾ ਵਿਚ ਦੂਜੀਆਂ ਇਲਾਕਾਈ ਭਾਸ਼ਾਵਾਂ ਜਿਵੇਂ ਅਵਧੀ, ਬ੍ਰਜ, ਪੰਜਾਬੀ, ਮਰਾਠੀ ਅਤੇ ਇਸਲਾਮੀ ਭਾਸ਼ਾ ਅਰਬੀ, ਫ਼ਾਰਸੀ ਦੇ ਪ੍ਰਚਲਿਤ ਸ਼ਬਦ ਵੀ ਸਹਿਜ ਸੁਭਾਅ ਹੀ ਆ ਗਏ ਹਨ। ਨਿਰਸੰਦੇਹ ਨਿਮਨ ਵਰਗ ਦੇ ਕਵੀਆਂ ਕੋਲ ਕਾਵਿ-ਸ਼ਾਸਤਰ ਦੀਆਂ ਬਾਰੀਕੀਆਂ ਅਤੇ ਸਿਧਾਂਤ ਦਾ ਅੱਖਰੀ ਗਿਆਨ ਤਾਂ ਨਹੀਂ ਸੀ, ਪਰ ਉਨ੍ਹਾਂ ਨੇ ਆਪਣੇ ਕਾਵਿ- ਅਨੁਭਵ

ਦੇ ਆਧਾਰ ਤੇ ਆਪਣੇ ਹੀ ਤਜਰਬਿਆਂ ਨਾਲ ਆਪਣੇ ਕਾਵਿ-ਰੂਪਾਂ ਦੀ ਸਿਰਜਣਾ ਕੀਤੀ ।

1.1.8. ਸਿੱਟਾ

ਉਪਰੋਕਤ ਸਮਕਾਲੀਨ ਪਰਸਿਥਿਤੀਆਂ ਦੇ ਆਧਾਰ ਤੇ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਹਿੰਦੂ ਲੋਕ, ਵਿਸ਼ੇਸ਼ ਕਰਕੇ ਨਿਮਨ ਵਰਗ ਦੇ ਲੋਕ ਇਸ ਕਾਲ ਵਿਚ ਅਤਿ ਸੰਘਰਸ਼ ਭਰਿਆ ਜੀਵਨ ਬਤੀਤ ਕਰ ਰਹੇ ਸਨ। ਮੁਸਲਮਾਨ ਹਾਕਮਾਂ ਦੇ ਨਿਰੰਕੁਸ਼ ਸ਼ਾਸਨ ਅਧੀਨ ਹਿੰਦੂ ਜਨਤਾ ਦੇ ਹਿਰਦੇ ਗੌਰਵ, ਗਰਬ ਅਤੇ ਉਤਸ਼ਾਹ ਤੋਂ ਵੰਚਿਤ ਹੋ ਗਏ ਸਨ। ਧਰਮ ਦੀ ਸੀਮਾ ਰੇਖਾ ਸਮੂਹ ਧਰਮਾਂ ਦੇ ਪੈਰੋਕਾਰਾਂ ਦੇ ਨਿਜੀ ਸਵਾਰਥੀ ਹਿੱਤਾਂ ਤਕ ਹੀ ਸੀਮਿਤ ਹੋ ਕੇ ਰਹਿ ਗਈ ਸੀ। ਇਕ ਪਾਸੇ ਮੁਸਲਮਾਨਾਂ ਅਤੇ ਹਿੰਦੂਆਂ ਦੇ ਦਾਰਸ਼ਨਿਕ ਸਿਧਾਂਤ ਅਤੇ ਧਾਰਮਿਕ ਵਿਸ਼ਵਾਸ ਆਪਸ ਵਿਚ ਟਕਰਾ ਰਹੇ ਸਨ ਅਤੇ ਦੂਜੇ ਪਾਸੇ ਦਲਿਤ ਵਰਗ ਦੇ ਲੋਕ ਸਮਾਜਿਕ, ਗੁਲਾਮੀ ਤੇ ਬ੍ਰਾਹਮਣਵਾਦ ਵਲੋਂ ਸਿਰਜੇ ਧਾਰਮਿਕ ਆਦੇਸ਼ਾਂ ਦੀ ਪੀੜਾ ਆਪਣੇ ਪਿੰਡੇ ਤੇ ਸਹਿ ਰਹੇ ਸਨ।

ਅਜਿਹੀਆਂ ਵਿਰੋਧੀ ਸਥਿਤੀਆਂ ਦੇ ਅੰਤਰਗਤ ਭਗਤੀ ਲਹਿਰ ਨੇ ਲੋਕ ਲਹਿਰ ਦੇ ਰੂਪ ਵਿਚ ਜਨ-ਸਾਧਾਰਣ ਦੇ ਨਾਲ ਨੇੜਤਾ ਸਥਾਪਿਤ ਕਰਕੇ ਖੋਖਲੇ ਤੇ ਕਰਮ-ਕਾਂਡੀ ਜੀਵਨ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਸੱਚ ਤੇ ਆਧਾਰਿਤ ਜੀਵਨ ਜਿਊਣ ਦਾ ਸੰਦੇਸ਼ ਦਿੱਤਾ । ਸਮਕਾਲੀ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ, ਜਾਤ-ਪਾਤ, ਛੂਤ-ਛਾਤ, ਵੈਰ-ਵਿਰੋਧ, ਸਮਾਜਿਕ ਨਾ-ਬਰਾਬਰੀ, ਆਰਥਿਕ ਮੰਦਹਾਲੀ ਅਤੇ ਰਾਜਨੀਤਕ ਮਾਨਵ ਵਿਰੋਧੀ ਸ਼ਕਤੀਆਂ ਆਦਿ ਸਿੱਧੇ ਤੇ ਅਸਿੱਧੇ ਰੂਪ ਵਿਚ ਸੰਤ-ਸਾਹਿਤ ਦਾ ਕਾਵਿ-ਵਿਸ਼ਾ ਬਣਦੀਆਂ ਹਨ ।

ਇਨ੍ਹਾਂ ਮਹਾਨ ਸੰਤ-ਕਵੀਆਂ ਵਿਚੋਂ ਆਪਣੀ ਮਧੁਰ, ਕੋਮਲ ਪਰ ਪ੍ਰਭਾਵਸ਼ਾਲੀ, ਤਰਕਸ਼ੀਲ ਤੇ ਤਿੱਖੀ ਭਾਸ਼ਾ ਰਾਹੀਂ ਬਨਾਰਸ ਦੇ ਮੁੱਖੀ ਪੰਡਿਤਾਂ ਤੋਂ ਡੰਡਾਉਤਿ ਵੰਦਨਾ ਕਰਵਾਉਣ ਵਾਲਾ ਜਨ-ਨਾਇਕ, ਗੁਰੂ ਰਵਿਦਾਸ ਨਾ ਸਿਰਫ਼ ਪੀੜਤ ਅਛੂਤ ਲੋਕਾਂ ਲਈ ਹੀ, ਬਲਕਿ ਵਿਦਵਾਨ ਪੰਡਿਤਾਂ, ਰਾਜੇ, ਰਾਣੀਆਂ ਲਈ ਵੀ ਇਕ ਮਹਾਨ ਮਾਰਗ-ਦਰਸ਼ਕ ਬਣ ਕੇ ਬ੍ਰਾਹਮਣਾਂ ਦ ਗੜ੍ਹ, ਕਾਸ਼ੀ ਵਿਖੇ ਕਮਲ ਦੇ ਫੁੱਲ ਵਾਂਗ ਖਿੜਦਾ ਹੈ ।

1.2. ਗੁਰੂ ਰਵਿਦਾਸ ਜੀ ਦਾ ਜੀਵਨ, ਵਿਅਕਤਿਤੱਵ ਅਤੇ ਕ੍ਰਿਤਿਤ੍ਵ

ਭਾਰਤ ਵਰਸ਼ ਦੇ ਨਿਮਨ ਵਰਗ ਦੇ ਲੋਕਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਮਹਾਨ ਸੰਤ ਗੁਰੂ ਰਵਿਦਾਸ ਜੀ ਦੇ ਜੀਵਨ,

ਵਿਅਕਤਿਤਵ ਅਤੇ ਕ੍ਰਿਤਿਤ੍ਵ ਦੇ ਸੰਦਰਭ ਵਿਚ ਆਧੁਨਿਕ ਸਮੇਂ ਵਿਚ ਗੰਭੀਰ ਖੋਜ ਹੋ ਰਹੀ ਹੈ। ਬਹੁਤ ਸਾਰੇ ਮਤਭੇਦਾਂ ਦੇ ਬਾਵਜੂਦ ਕੁਝ ਸੰਤੋਸ਼-ਜਨਕ ਸਿੱਟੇ ਸਾਹਮਣੇ ਆਏ ਹਨ। ਹਿੰਦੀ ਅਤੇ ਪੰਜਾਬੀ ਭਾਸ਼ਾ ਦੇ ਬਹੁਤ ਸਾਰੇ ਵਿਦਵਾਨਾਂ ਨੇ,ਅਛੂਤ ਜਾਤੀ ਵਿਚ ਪੈਦਾ ਹੋ ਕੇ ਉੱਚ ਜਾਤੀਆਂ ਲਈ ਪ੍ਰਕਾਸ਼-ਸਤੰਭ ਬਣਨ ਵਾਲੇ ਇਸ ਮਹਾਨ ਸੰਤ ਦੇ ਜੀਵਨ ਮਸਲਿਆਂ ਦੇ ਸੰਦਰਭ ਵਿਚ ਜੋ ਵਿਚਾਰ ਆਪਣੀਆਂ ਪੁਸਤਕਾਂ ਜਾਂ ਪੜ੍ਹੇ ਲਿਖੇ ਖੋਜ-ਪੱਤਰਾਂ ਵਿਚ ਅੰਕਿਤ ਕੀਤੇ ਹਨ, ਉਨ੍ਹਾਂ ਸਰੋਤਾਂ ਦੇ ਆਧਾਰ ਤੇ ਇਸ ਖੰਡ ਵਿਚ ਆਪਣਾ ਮੱਤ ਸਪਸ਼ਟ ਕੀਤਾ ਜਾਵੇਗਾ।

1.2.1. ਨਾਮਕਰਨ

ਗੁਰੂ ਜੀ ਦੇ ਨਾਮਕਰਨ ਦੇ ਸੰਬੰਧ ਵਿਚ ਵਿਭਿੰਨ ਮੱਤ ਹਨ, "ਰਵਿਦਾਸ ਜੀ ਦਾ ਨਾਂ ਬੰਗਾਲ ਵਿਚ ਰੁਈਦਾਸ, ਮਹਾਰਾਸ਼ਟਰ ਵਿਚ ਰੋਹੀਦਾਸ, ਉੱਤਰ ਪਦੇਸ਼ ਵਿਚ ਰੈਦਾਸ ਅਤੇ ਪੰਜਾਬ ਵਿਚ ਰਵਿਦਾਸ ਪ੍ਰਸਿੱਧ ਹੈ, ਜੋ ਇੱਕੋ ਵਿਅਕਤੀ ਦੇ ਨਾਂ ਹਨ।"[70] ਵੱਖ ਵੱਖ ਵਿਦਵਾਨਾਂ ਨੇ ਪ੍ਰਮੁੱਖ ਤੌਰ ਤੇ ਉਨ੍ਹਾਂ ਲਈ 'ਰਵਿਦਾਸ' ਅਤੇ 'ਰੈਦਾਸ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਉੱਤਰ ਪ੍ਰਦੇਸ਼ ਦੇ ਗ੍ਰੰਥਾਂ ਅਤੇ ਆਲੋਚਨਾ ਸਾਹਿਤ ਵਿਚ 'ਰੈਦਾਸ' ਸ਼ਬਦ ਦੀ ਵਰਤੋਂ ਹੋਈ ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਰਵਿਦਾਸ ਵਾਣੀ ਵਿਚ 'ਰਵਿਦਾਸ' ਨਾਂ ਹੀ ਅੰਕਿਤ ਕੀਤਾ ਗਿਆ ਹੈ। ਸੰਤ ਕਬੀਰ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ, ਭਗਤ ਧੰਨਾ, ਭੱਟ ਕਲਸਹਾਰ ਆਦਿ ਸੰਤ-ਕਵੀਆਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਵਿਦਾਸ ਨਾਮ ਦੀ ਵਰਤੋਂ ਕੀਤੀ ਹੈ। ਭਾਈ ਗੁਰਦਾਸ ਦੀ ਵਾਰ ਵਿਚ ਵੀ 'ਰਵਿਦਾਸ' ਨਾਮ ਹੀ ਉਚਾਰਿਆ ਗਿਆ ਹੈ।[71]

ਡਾ. ਧਰਮਿੰਦਰ ਸਿੰਘ ਨੇ ਆਪਣੀ ਪੁਸਤਕ ਵਿਚ ਇਨ੍ਹਾਂ ਵਿਭਿੰਨ ਨਾਵਾਂ ਦੀ ਵਿਸਤ੍ਰਿਤ ਚਰਚਾ ਕੀਤੀ ਹੈ। ਉਨ੍ਹਾਂ ਦਾ ਮੱਤ ਹੈ ਕਿ 'ਰੁਇਦਾਸ, ਰਾਮਾਦਾਸ, ਰਾਏਦਾਸ, ਰੋਹਿਦਾਸ, ਰਾਘਵਦਾਸ ,ਰੋਹੀਦਾਸ, ਰਾਮਦਾਸ, ਰੁਦ੍ਰਦਾਸ, ਰਇਦਾਸ, ਰੂਹਦਾਸ, ਰਹਿਦਾਸ' ਆਦਿ ਇਨ੍ਹਾਂ ਸਾਰਿਆਂ ਨਾਵਾਂ ਵਿਚੋਂ ਦੋ ਨਾਮ-ਰੈਦਾਸ ਅਤੇ ਰਵਿਦਾਸ ਹੀ ਮੂਲ ਰੂਪ ਵਿਚ ਪ੍ਰਵਾਨ ਕੀਤੇ ਗਏ ਹਨ ਜੋ ਇੱਕੋ ਵਿਅਕਤੀ ਦੇ ਹਨ।"[72]

ਨਿਰਸੰਦੇਹ ਕੁਝ ਵਿਦਵਾਨ ਇਨ੍ਹਾਂ ਦੇ ਨਾਵਾਂ ਰੈਦਾਸ ਅਤੇ ਰਵਿਦਾਸ ਤੋਂ ਭੁਲੇਖਾ ਖਾ ਕੇ ਇਨ੍ਹਾਂ ਨੂੰ ਦੋ ਵੱਖ-ਵੱਖ ਵਿਅਕਤੀ ਮੰਨਦੇ ਰਹੇ ਹਨ, ਪਰ ਇਹ ਧਾਰਨਾ ਕਿਸੇ

ਸਾਰਥਕ ਅਤੇ ਯਥਾਰਥਕ ਤੱਥ ਤੇ ਆਧਾਰਿਤ ਨਹੀਂ ਹੈ। ਰੈਦਾਸ ਅਤੇ ਉਕਤ ਸਾਰੇ ਨਾਮ 'ਰਵਿਦਾਸ' ਦੇ ਹੀ ਪਰਿਆਇ ਹਨ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਗੁਰੂ ਰਵਿਦਾਸ ਚੇਅਰ ਵਲੋਂ ਡਾ. ਧਰਮਪਾਲ ਸਿੰਗਲ ਦੀ ਅਗਵਾਈ ਹੇਠ ਪ੍ਰਕਾਸ਼ਿਤ ਪੁਸਤਕਾਂ ਵਿਚ ਵੀ 'ਰਵਿਦਾਸ' ਨਾਮ ਨੂੰ ਹੀ ਪ੍ਰਮਾਣੀਕ ਮੰਨਿਆ ਗਿਆ ਹੈ। ਸਾਡੀ ਧਾਰਨਾ ਹੈ ਕਿ ਰੈਦਾਸ ਅਤੇ ਰਵਿਦਾਸ ਇੱਕੋ ਵਿਅਕਤੀ ਦੇ ਨਾਂ ਹਨ ਅਤੇ ਗੁਰੂ ਜੀ ਦਾ ਵਾਸਤਵਿਕ ਤੇ ਮੌਲਿਕ ਨਾਂ 'ਰਵਿਦਾਸ' ਹੀ ਸੀ ।

## 1.2.2. ਜਨਮ ਸੰਮਤ

ਗੁਰੂ ਜੀ ਦੇ ਨਾਮ ਅਨੁਸਾਰ ਉਨ੍ਹਾਂ ਦਾ ਜਨਮ-ਕਾਲ ਵੀ ਵਿਵਾਦ-ਪੂਰਨ ਵਿਸ਼ਾ ਰਿਹਾ ਹੈ। ਆਪ ਜੀ ਦੇ ਜੀਵਨ ਨਾਲ ਸੰਬੰਧਿਤ ਸਭ ਤੋਂ ਪ੍ਰਾਚੀਨ ਜੀਵਨ ਸਾਖੀ 'ਰੈਦਾਸ ਪਰਚਈ' ਕ੍ਰਿਤ ਅਨੰਤ ਦਾਸ ਅਨੁਸਾਰ ਸੰਤ ਰਵਿਦਾਸ ਸੰਮਤ 1433 ਵਿਚ ਮਾਘ ਸੁਦੀ ਪੂਰਨਿਮਾ ਰਵਿਵਾਰ ਦੇ ਦਿਨ ਪੈਦਾ ਹੋਏ। ਇਸ ਵਿਚਾਰ ਤੋਂ ਦੋ ਤੱਥ ਸਾਹਮਣੇ ਆਉਂਦੇ ਹਨ, ਇਕ ਤਾਂ ਇਹ ਕਿ ਗੁਰੂ ਜੀ ਦਾ ਜਨਮ ਮਾਘ ਦੀ ਪੁੰਨਿਆ ਨੂੰ ਹੋਇਆ ਅਤੇ ਦੂਸਰਾ ਇਹ ਹੈ ਕਿ ਉਸ ਦਿਨ ਰਵਿਵਾਰ ਸੀ, ਇਸੇ ਲਈ ਗੁਰੂ ਜੀ ਦਾ ਨਾਂ ਰਵਿਦਾਸ ਰੱਖਿਆ ਗਿਆ। ਬਹੁਤ ਸਾਰੇ ਵਿਦਵਾਨਾਂ ਨੇ ਇਨ੍ਹਾਂ ਤੱਥਾਂ ਨਾਲ ਸਹਿਮਤੀ ਪ੍ਰਗਟ ਕੀਤੀ ਹੈ ।

ਡਾ. ਜਸਬੀਰ ਸਿੰਘ ਸਾਬਰ ਨੇ ਸਵਾਮੀ ਐਲ.ਡੀ.ਕਾਨੂੰਪਿਲੇ ਦੇ ਮਦਰਾਸ ਸਰਕਾਰ ਵਲੋਂ 1992 ਵਿਚ ਛਾਪੇ ਗਏ ਕੈਲੰਡਰ ਦਾ ਹਵਾਲਾ ਦਿੰਦਿਆਂ ਇਹ ਸਿੱਧ ਕੀਤਾ ਹੈ ਕਿ "ਮਾਘ ਸੁਦੀ 15,1433 ਬਿਕਰਮੀ ਨੂੰ 25 ਜਨਵਰੀ 1377 ਈ. ਦਿਨ ਐਤਵਾਰ ਤੇ ਸ਼ੁਕਲਾ ਪਕਸ਼ ਸੀ। ਇਸੇ ਦਿਨ ਪੂਰਨਮਾਸ਼ੀ ਵੀ ਹੈ।' ਡਾ. ਸਾਬਰ ਨੇ ਵਿਸਤ੍ਰਿਤ ਵਿਵੇਚਨ ਦੇ ਆਧਾਰ ਤੇ ਇਹ ਨਿਰਣਾ ਕੀਤਾ ਹੈ ਕਿ "ਪੂਰਨਮਾਸ਼ੀ ਤੇ ਐਤਵਾਰ ਵਾਲੀ ਪਰੰਪਰਾ ਦੇ ਸੰਚੇ ਵਿਚ ਕੇਵਲ ਮਾਘ ਸੁਦੀ ਪੰਦਰਾਂ 1433 ਬਿਕਰਮੀ ਵਾਲੀ ਧਾਰਨਾ ਹੀ ਮੇਚ ਆਉਂਦੀ ਹੈ।"[73]

ਡਾ. ਸ਼ਕਤੀਧਰ ਸ਼ਰਮਾ ਨੇ ਆਪਣੇ ਸ਼ੋਧ-ਪੱਤਰ "ਸਦ੍ਗੁਰੂ ਰਵਿਦਾਸ ਜੀ ਕਾ ਜਨਮ ਦਿਨ ਔਰ ਜਨਮ ਸੰਵਤ(ਜਯੋਤਿਸ਼ ਸ਼ਾਸਤ੍ਰ ਪਰ ਆਧਾਰਿਤ)"[74] ਵਿਚ ਗੁਰੂ ਰਵਿਦਾਸ ਜੀ ਦਾ ਜਨਮ ਦਿਨ 25 ਜਨਵਰੀ 1377 ਈਸਵੀ ਅਥਵਾ ਜਨਮ ਸਮਾਂ ਬ੍ਰਹਮ ਮਹੂਰਤ, ਮਾਘ ਪੂਰਨਿਮਾ ਫਾਲਗੁਨ, ਪ੍ਰਵਿਸ਼ਟਾ ਇੱਕ, ਦਿਨ ਰਵਿਵਾਰ, ਸੰਵਤ 1433 ਬਿਕਰਮੀ ਮੰਨਿਆ ਹੈ। ਡਾ. ਸ਼ਰਮਾ ਨੇ ਜੋਤਿਸ਼-ਸ਼ਾਸਤਰ ਦੇ ਨਿਯਮਾਂ ਅਨੁਸਾਰ ਗਣਨਾ ਕਰ ਕੇ ਅਤੇ ਨਾਲ ਹੀ ਕੰਪਿਊਟਰ ਦੀ ਵਰਤੋਂ ਕਰ ਕੇ ਇਸ ਜਨਮ -ਮਿਤੀ ਦੀ ਸਾਰਥਕਤਾ ਨੂੰ ਦ੍ਰਿੜ ਕੀਤਾ ਹੈ ।

ਅਸੀਂ ਉਪਰੋਕਤ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਸਾਡੀ ਧਾਰਨਾ ਹੈ ਕਿ ਗੁਰੂ ਰਵਿਦਾਸ ਜੀ ਦਾ ਜਨਮ ਮਾਘ ਪੂਰਨਿਮਾਂ, ਦਿਨ ਐਤਵਾਰ, 1433 ਬਿਕਰਮੀ ਅਰਥਾਤ 25 ਜਨਵਰੀ 1377 ਈਸਵੀ ਨੂੰ ਹੋਇਆ ।

1.2.3. ਜਨਮ-ਸਥਾਨ

ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਦਾ ਮਸਲਾ ਵੀ ਹੁਣ ਤਕ ਵਿਵਾਦ-ਗ੍ਰਸਤ ਹੀ ਰਿਹਾ ਹੈ, ਪਰੰਤੂ ਆਧੁਨਿਕ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਜੀ ਬਨਾਰਸ ਦੇ ਲਾਗੇ ਚਾਗੇ ਪੈਦਾ ਹੋਏ। ਇਸ ਤੱਥ ਦਾ ਠੋਸ ਪ੍ਰਮਾਣ ਤਾਂ ਗੁਰੂ ਜੀ ਦੀ ਆਪਣੀ ਵਾਣੀ ਹੀ ਹੈ ਜਿਸ ਵਿਚ ਉਨ੍ਹਾਂ ਨੇ ਆਪਣੀ ਜਾਤ, ਕਿੱਤੇ ਅਤੇ ਨਿਵਾਸ-ਸਥਾਨ ਬਾਰੇ ਸਪਸ਼ਟ ਜ਼ਿਕਰ ਕੀਤਾ ਹੈ। ਆਪ ਲਿਖਦੇ ਹਨ:

ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ, ਨਿਤਹਿ ਬਨਾਰਸ ਆਸ ਪਾਸਾ।[75]

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤੇ, ਫਿਰਹਿ ਅਜਹੁ ਬਨਾਰਸੀ ਆਸ ਪਾਸਾ।[76]

'ਰੈਦਾਸ ਪਰਿਚਈ' ਵਿਚ ਅਨੰਤ ਦਾਸ ਵੈਸ਼ਨਵ ਨੇ ਵੀ ਉਕਤ ਤੱਥ ਨੂੰ ਸਪਸ਼ਟ ਕੀਤਾ ਹੈ। ਆਪ ਲਿਖਦੇ ਹਨ:

ਨਗਰ ਬਾਣਾਰਸਿ ਉੱਤਮ ਗਾਉਂ।ਪਾਪ ਨ ਨਿਯਰੇ ਆਵੇ ਕਾਉਂ ।
ਸ਼ਰੁਤਿ ਸਿਮ੍ਰਿਤ ਕਾ ਅਧਿਕਾਰਾ। ਤਹਾਂ ਰੈਦਾਸ ਲਿਯੋ ਔਤਾਰਾ।[77]

ਵਿਦਵਾਨਾਂ ਵਿਚ ਇਸ ਗੱਲ ਤੇ ਵਾਦ-ਵਿਵਾਦ ਹੈ ਕਿ ਬਨਾਰਸ ਵਿਖੇ ਆਪ 'ਮੰਡੂਆ ਡੀਹ'(ਪੁਰਾਤਨ ਨਾਮ ਮਾਂਡੂਰ) ਵਿਖੇ ਪੈਦਾ ਹੋਏ ਜਾਂ 'ਸੀਰ ਗੋਵਰਧਨ ਪੁਰ'(ਬਨਾਰਸ ਦੀ ਹੀ ਇਕ ਬਸਤੀ) ਵਿਖੇ ਜਨਮ ਲਿਆ। ਗੁਰੂ ਜੀ ਦੇ ਅਨਿੰਨ ਭਗਤ ਬਖਸ਼ੀ ਦਾਸ ਨੇ ਆਪ ਦਾ ਜਨਮ-ਸਥਾਨ ਕਾਸ਼ੀ ਦੇ ਨੇੜੇ 'ਮੰਡੂਰ'ਨਾਮੀ ਨਗਰ ਦੱਸਿਆ ਹੈ। ਉਹ ਲਿਖਦੇ ਹਨ:

ਕਾਸੀ ਢਿੰਗ ਮਾਂਡੁਰ ਸਥਾਨਾ, ਸ਼ੂਦਰ ਵਰਣ ਕਰਤ ਗੁਜ਼ਰਾਨਾ।
ਮਾਂਡੂਰ ਨਗਰ ਲੀਨ ਅਵਤਾਰਾ, ਰਵਿਦਾਸ ਸ਼ੁਭ ਨਾਮ ਹਮਾਰਾ।[78]

ਇਹ ਸਥਾਨ ਮੰਡੂਰ ਜਾਂ 'ਮੰਡੂਆ ਡੀਹ' ਹੋ ਸਕਦਾ ਹੈ ਜੋ ਬਨਾਰਸ ਛਾਉਣੀ ਤੋਂ ਲਗਭਗ ਦੋ ਕੁ ਮੀਲ ਪੱਛਮ ਵਿਚ ਸਥਿਤ ਹੈ। ਕਾਸ਼ੀ ਵਿਚ ਸਥਿਤ 'ਗੋਪਾਲ ਮੰਦਰ' ਨੂੰ

ਵੀ ਆਪ ਜੀ ਦਾ ਜਨਮ-ਸਥਾਨ ਦੱਸਿਆ ਜਾਂਦਾ ਹੈ, "ਇਸ ਮੰਦਰ ਦੇ ਤਹਿਖਾਨੇ ਵਿਚ ਜਿਸ ਨੂੰ 'ਤੁਲਸੀ ਗੁਫਾ' ਕਿਹਾ ਜਾਂਦਾ ਹੈ, ਸੰਤ ਰੈਦਾਸ ਦੁਆਰਾ ਪ੍ਰਯੋਗ ਵਿਚ ਲਿਆਈਆਂ ਜਾਣ ਵਾਲੀਆਂ ਵਸਤੂਆਂ ਵੀ ਸੁਰੱਖਿਅਤ ਰੱਖੀਆਂ ਦੱਸੀਆਂ ਜਾਂਦੀਆਂ ਹਨ।"[79]

ਡਾ. ਜਸਬੀਰ ਸਿੰਘ ਸਾਬਰ ਨੇ ਗੁਰੂ ਜੀ ਦਾ ਜਨਮ-ਸਥਾਨ ਸੀਰ-ਗੋਵਰਧਨਪੁਰ ਵਧੇਰੇ ਉਚਿਤ ਮੰਨਿਆ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸ਼ਾਇਦ ਬਾਅਦ ਵਿਚ ਮੰਡੂਆਡੀਹ ਨੂੰ ਗੁਰੂ ਜੀ ਨੇ ਪ੍ਰਚਾਰ ਕੇਂਦਰ ਵਜੋਂ ਅਪਣਾਇਆ ਹੋਵੇ। ਆਪ ਲਿਖਦੇ ਹਨ, "ਮੰਡੂਆਡੀਹ ਰੇਲਵੇ ਸਟੇਸ਼ਨ ਤੋਂ ਹਟਵਾਂ ਹੈ ਅਤੇ ਚੰਮ ਦੇ ਵਪਾਰ ਦਾ ਉੱਘਾ ਕੇਂਦਰ ਹੈ। ਏਥੋਂ ਲਹਿਰ ਤਲਾ ਵੀ ਨੇੜੇ ਹੈ। ਮਧਕਾਲ ਵਿਚ ਇਹ ਰਸਤਾ ਵਪਾਰਕ ਪੱਖੋਂ ਵਪਾਰੀਆਂ ਦਾ ਗੜ੍ਹ ਸੀ ਅਤੇ ਉਹ ਏਥੋਂ ਹੀ ਗੰਗਾ ਤੇ ਉਤਰਦੇ ਅਤੇ ਪਾਰ ਕਰਦੇ ਸਨ। ਯਾਤਰੂਆਂ ਦਾ ਗੜ੍ਹ ਹੋਣ ਕਰ ਕੇ ਸੰਭਵ ਹੈ ਭਗਤ ਰਵਿਦਾਸ ਜੀ ਨੇ ਇਸ ਸਥਾਨ ਨੂੰ ਆਪਣੇ ਪ੍ਰਚਾਰ ਲਈ ਚੁਣਿਆ ਹੋਵੇ ਜਿਸ ਕਰਕੇ ਇਸ ਇਲਾਕੇ ਵਿਚ ਵੀ ਉਨ੍ਹਾਂ ਦੀ ਮਾਨਤਾ ਸ਼ੁਰੂ ਹੋ ਗਈ ਹੋਵੇ।"[80]

ਪਰੰਤੂ ਬਖਸ਼ੀ ਦਾਸ ਦੁਆਰਾ ਰਚਿਤ 'ਰੈਦਾਸ ਰਾਮਾਇਣ' ਅਤੇ ਡਾ. ਭਾਈ ਜੋਧ ਸਿੰਘ[81], ਡਾ. ਦਰਸ਼ਨ ਸਿੰਘ[82], ਕਲਾ ਸ਼ੁਕਲਾ[83], ਡਾ. ਯੋਗੇਂਦਰ ਸਿੰਘ[84], ਡਾ. ਕੇ.ਐਨ. ਉਪਾਧਿਆਇ[85], ਡਾ. ਧਰਮਪਾਲ ਸਿੰਗਲ[86] ਆਦਿ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਵਿਚ ਸੀਰ ਗੋਵਰਧਨ ਦੀ ਬਜਾਏ ਮੰਡੂਆਡੀਹ ਨੂੰ ਗੁਰੂ ਜੀ ਦੀ ਜਨਮ ਭੂਮੀ ਮੰਨਿਆ ਹੈ।

ਸਾਡੀ ਧਾਰਨਾ ਹੈ ਕਿ ਗੁਰੂ ਰਵਿਦਾਸ ਜੀ ਦਾ ਜਨਮ-ਸਥਾਨ ਕਾਂਸ਼ੀ ਵਿਚ ਮੰਡੂਆ-ਡੀਹ ਜਾਂ ਮਾਂਡੂਰ ਮੰਨਣਾ ਵਧੇਰੇ ਉਚਿਤ ਤੇ ਸਵੀਕਾਰਨਯੋਗ ਹੈ। ਨਿਰਸੰਦੇਹ ਸੀਰ ਗੋਵਰਧਨਪੁਰ ਵੀ ਗੁਰੂ ਜੀ ਦੇ ਧਰਮ-ਪ੍ਰਚਾਰ ਦਾ ਮਹੱਤਵਪੂਰਨ ਕੇਂਦਰ ਰਿਹਾ ਹੈ।

### 1.2.4. <u>ਗੁਰੂ ਰਵਿਦਾਸ ਜੀ ਦੇ ਮਾਤਾ ਪਿਤਾ</u>

'ਭਵਿਸ਼ਯ ਪੁਰਾਣ' ਵਿਚ ਗੁਰੂ ਰਵਿਦਾਸ ਜੀ ਦੀ ਮਾਤਾ ਦਾ ਨਾਮ ਕਰਮਾ ਦੇਵੀ ਅਤੇ ਪਿਤਾ ਦਾ ਨਾਮ ਰਘੂ (ਮਾਨਦਾਸ) ਲਿਖਿਆ ਹੈ।[87] ਡਾ. ਬੀ.ਪੀ. ਸ਼ਰਮਾ[88] ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ[89] ਡਾ. ਧਰਮਪਾਲ ਸਿੰਗਲ[90] ਵੀ ਇਸ ਮੱਤ ਨਾਲ ਸਹਿਮਤ ਹਨ। ਸੰਤ ਕਰਮ ਦਾਸ[91] ਨੇ ਪਿਤਾ ਦਾ ਨਾਮ ਮਾਨਦਾਸ ਅਤੇ ਮਾਤਾ ਦਾ ਨਾਮ ਕਰਮੀ ਦੇਵੀ ਦੱਸਿਆ ਹੈ, ਪਰ ਉਸ ਅਨੁਸਾਰ ਉਨ੍ਹਾਂ ਦੇ ਪਿਤਾ ਰਘੂ ਨਾਮ ਨਾਲ ਵੀ ਪ੍ਰਸਿੱਧ

ਸਨ। ਡਾ. ਚੰਦਰ ਦੇਵ ਰਾਇ ਅਨੁਸਾਰ ਆਪ ਦੇ ਪਿਤਾ ਦਾ ਨਾਮ ਰਾਹੂ ਅਤੇ ਮਾਤਾ ਕਰਮਾਂ, ਦਾਦਾ ਹਰਿਨੰਦ ਤੇ ਦਾਦੀ ਚਤਰ ਕੌਰ ਸੀ।[92] ਡਾ. ਦਰਸ਼ਨ ਸਿੰਘ ਨੇ ਵਰਿਆਮ ਸਿੰਘ ਚੰਦੜ ਵਲੋਂ ਲਿਖਤ 'ਰਵਿਦਾਸ ਲੀਲ੍ਹਾ' ਦੇ ਆਧਾਰ ਤੇ ਆਪ ਦੇ ਪਿਤਾ ਦਾ ਨਾਮ ਸੰਤੋਖਾ ਅਤੇ ਮਾਤਾ ਦਾ ਨਾਮ ਕਲਸੀ ਮੰਨਿਆ ਹੈ।[93]

ਬੈਲਵੇਡਿਅਰ ਪ੍ਰੈਸ[94] ਦੇ ਸੰਪਾਦਕ ਨੇ ਗੁਰੂ ਜੀ ਦੇ ਪਿਤਾ ਦਾ ਨਾਂ ਰਘੂ ਅਤੇ ਮਾਤਾ ਦਾ ਨਾਂ ਘੁਰਬੀਨੀਆਂ ਲਿਖਿਆ ਹੈ। ਮਹੰਤ ਜਸਵੰਤ ਸਿੰਘ ਸਤਿ ਦਰਬਾਰੀ[95] ਨੇ ਪਿਤਾ ਦਾ ਨਾਮ ਸੰਤੋਖਾ ਤੇ ਮਾਤਾ ਦਾ ਨਾਮ ਪਿਆਰੀ ਦੱਸਿਆ ਹੈ। ਚੰਦ੍ਰਿਕਾ ਪ੍ਰਸਾਦ ਜਗਿਆਸੂ[96] ਨੇ ਦੋ ਸ਼ਬਦਾਂ ਘੁਰਬੀਨੀਆਂ ਅਤੇ ਧੁਰਬੀਨੀਆਂ ਨੂੰ ਗਲਤ ਉਚਾਰਨ ਪ੍ਰਚਲਿਤ ਦਾ ਦੋਸ਼ ਲਾ ਕੇ ਕਿਹਾ ਹੈ ਕਿ ਵਾਸਤਵ ਵਿਚ ਨਾਮ ਰਘੁਰਣੀਆਂ (ਰਘੁਰਾਣੀ) ਹੈ ਅਰਥਾਤ ਰਘੂ ਦੀ ਪਤਨੀ। ਡਾ. ਧਰਮਪਾਲ ਸਿੰਗਲ[97] ਨੇ ਵਿਸਤ੍ਰਿਤ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਮੱਤ ਪ੍ਰਸਤੁਤ ਕੀਤਾ ਹੈ ਕਿ ਗੁਰੂ ਰਵਿਦਾਸ ਦੇ ਪਿਤਾ ਦਾ ਨਾਮ ਰਘੂ ਅਤੇ ਮਾਤਾ ਦਾ ਕਰਮਾਂ ਦੇਵੀ ਸੀ।

ਉਪਰੋਕਤ ਸਰਵੇਖਣ ਦੇ ਆਧਾਰ ਤੇ ਸਾਡੀ ਧਾਰਨਾ ਹੈ ਕਿ ਗੁਰੂ ਜੀ ਦੇ ਪਿਤਾ ਦਾ ਨਾਮ ਰਘੂ ਅਤੇ ਮਾਤਾ ਦਾ ਨਾਮ ਕਰਮਾਂ, ਕਰਮੀ ਜਾਂ ਕਰਮਾਂ ਦੇਵੀ ਸੀ।

### 1.2.5. ਗੁਰੂ ਰਵਿਦਾਸ ਜੀ ਦੇ ਗੁਰੂ ਸੰਬੰਧੀ

ਗੁਰੂ ਰਵਿਦਾਸ ਜੀ ਦਾ ਗੁਰੂ ਕੌਣ ਸੀ? ਅਜੋਕੇ ਸਮੇਂ ਵਿਚ ਇਹ ਵਿਸ਼ਾ ਬੇਹੱਦ ਵਾਦ-ਵਿਵਾਦ ਵਾਲਾ ਬਣਿਆ ਹੋਇਆ ਹੈ। ਆਪ ਜੀ ਦੇ ਗੁਰੂ ਸੰਬੰਧੀ ਵਿਦਵਾਨਾਂ ਵਿਚ ਬਹੁਤ ਮਤ-ਭੇਦ ਹਨ। ਇਸ ਸੰਦਰਭ ਵਿਚ ਹੋਈ ਜਾਂ ਹੋ ਰਹੀ ਅਜੋਕੀ ਖੋਜ ਨੇ ਕਈ ਨਵੀਆਂ ਧਾਰਨਾਵਾਂ ਦ੍ਰਿਸ਼ਟੀਗੋਚਰ ਕੀਤੀਆਂ ਹਨ। ਬਹੁਤ ਸਾਰੇ ਵਿਦਵਾਨਾਂ ਨੇ ਪ੍ਰਾਪਤ ਸ੍ਰੋਤਾਂ ਦੇ ਆਧਾਰ ਤੇ ਸੁਆਮੀ ਰਾਮਾਨੰਦ ਨੂੰ ਆਪਦਾ ਗੁਰੂ ਸਵੀਕਾਰ ਕੀਤਾ ਹੈ। ਇਸ ਸੰਬੰਧੀ ਬਣਾਈ ਗਈ ਰਾਇ ਦਾ ਆਧਾਰ ਗੁਰੂ ਰਵਿਦਾਸ ਜੀ (ਸੰਮਤ 1433/ 1377ਈ. – ਸੰਮਤ 1584/1527 ਈ.) ਤੋਂ ਤਕਰੀਬਨ 60 ਸਾਲ ਬਾਅਦ ਸੰਮਤ 1645 ਅਥਵਾ 1588 ਈ. ਵਿਚ ਅਨੰਤਦਾਸ ਵੈਸ਼ਣਵ ਰਚਿਤ 'ਭਗਤ ਰਤਨਾਵਲੀ' ਦੇ ਅੰਤਰਗਤ 'ਰੈਦਾਸ ਪਰਿਚਈ' ਹੈ। ਇਸ ਤੋਂ ਇਲਾਵਾ ਸੰਤ ਨਾਭਾਦਾਸ ਦੁਆਰਾ ਰਚੀ ਗਈ 'ਭਗਤਮਾਲ' ਨੂੰ ਉਕਤ ਧਾਰਨਾ ਦਾ ਆਧਾਰ ਬਣਾਇਆ ਗਿਆ ਹੈ ।

ਅੰਗਰੇਜ਼ ਵਿਦਵਾਨ ਮੈਕਾਲਿਫ[98] ਅਤੇ ਐਚ.ਐਸ.ਵਿਲਸਨ[99] ਨੇ ਗੁਰੂ ਰਵਿਦਾਸ ਨੂੰ ਸੁਆਮੀ ਰਾਮਾਨੰਦ ਦੇ ਪ੍ਰਮੁੱਖ ਚੇਲਿਆਂ ਵਿਚੋਂ ਇੱਕ ਮੰਨਿਆ ਹੈ। ਡਾ. ਰਾਮ ਕੁਮਾਰ ਵਰਮਾ ਅਨੁਸਾਰ ਗੁਰੂ ਰਵਿਦਾਸ ਰਾਮਾਨੰਦ ਦੇ ਸ਼ਿਸ਼ ਅਤੇ ਕਬੀਰ ਦੇ ਸਮਕਾਲੀ ਸਨ।[100] ਡਾ. ਗਣਪਤੀ ਚੰਦਰ ਗੁਪਤ ਦਾ ਮੱਤ ਹੈ ਕਿ ਰਾਮਾਨੰਦ ਦੇ ਪ੍ਰਮੁੱਖ ਸ਼ਿਸ਼ਾਂ ਵਿਚੋਂ ਇੱਕ ਰੈਦਾਸ ਵੀ ਸੀ।[101] ਇਨ੍ਹਾਂ ਵਿਦਵਾਨਾਂ ਤੋਂ ਇਲਾਵਾ ਡਾ. ਰਾਮ ਚੰਦਰ ਸ਼ੁਕਲ[102], ਡਾ. ਗੋਬਿੰਦ ਤ੍ਰਿਗੁਣਾਇਤ[103] ਡਾ. ਬਦਰੀ ਨਾਰਾਇਣ ਸ੍ਰੀਵਾਸਤਵ[104], ਮਹੰਤ ਜਸਵੰਤ ਸਿੰਘ[105] ਰਾਜਿੰਦਰ ਸਿੰਘ ਸਚਦੇਵ[106] ਆਦਿ ਨੇ ਗੁਰੂ ਜੀ ਨੂੰ ਸੁਆਮੀ ਰਾਮਾਨੰਦ ਦਾ ਸ਼ਿਸ਼ ਮੰਨਿਆ ਹੈ।

ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਡਾ. ਬੀ.ਪੀ.ਸ਼ਰਮਾ, ਡਾ. ਧਰਮਪਾਲ ਮੈਨੀ, ਡਾ. ਭਾਈ ਜੋਧ ਸਿੰਘ, ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਡਾ. ਧਰਮਪਾਲ ਸਿੰਗਲ ਆਦਿ ਵਿਦਵਾਨ ਵੀ ਇਸ ਮੱਤ ਨਾਲ ਸਹਿਮਤ ਹਨ ਕਿ ਗੁਰੂ ਰਵਿਦਾਸ ਸੁਆਮੀ ਰਾਮਾਨੰਦ ਦੇ ਸ਼ਿਸ਼ ਸਨ। ਇਸ ਸੰਦਰਭ ਵਿਚ ਡਾ. ਸਿੰਗਲ ਲਿਖਦੇ ਹਨ ਕਿ ਖੁਦ ਗੁਰੂ ਰਵਿਦਾਸ ਦੀ ਵਾਣੀ ਵਿਚ ਹੀ ਇਕ ਨਹੀਂ ਕਈ ਥਾਵਾਂ ਤੇ ਰਾਮਾ ਨੰਦ ਨੂੰ ਗੁਰੂ ਮੰਨਿਆ ਗਿਆ ਹੈ।[107]

ਪਰੰਤੂ ਬਹੁਤ ਸਾਰੇ ਹੋਰ ਵਿਦਵਾਨ ਉਕਤ ਮੱਤ ਦੇ ਧਾਰਨੀ ਨਹੀਂ ਹਨ, ਉਨ੍ਹਾਂ ਦਾ ਵਿਚਾਰ ਹੈ ਕਿ ਰਾਮਾਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਸਨ। ਪ੍ਰਸਿੱਧ ਅੰਗਰੇਜ਼ ਵਿਦਵਾਨ ਡਾ. ਮੈਕਲੋਡ ਲਿਖਦੇ ਹਨ ਕਿ ਇਹ ਪਰੰਪਰਾ ਅਵੱਸ਼ ਨਿਕਾਰਨੀ ਚਾਹੀਦੀ ਹੈ ਕਿ ਰਵਿਦਾਸ ਰਾਮਾਨੰਦ ਦੇ ਸ਼ਿਸ਼ ਸਨ।[108] ਡਾ. ਬਿਰੇਂਦਰ ਵਰਮਾ[109], ਡਾ. ਪਰਸ਼ੂ ਰਾਮ ਚਤੁਰਵੇਦੀ[110], ਡਾ. ਚੰਦਰ ਦੇਵ ਰਾਇ[111], ਚੰਦ੍ਰਿਕਾ ਪ੍ਰਸਾਦ ਜਗਿਆਸੂ[112], ਡਾ. ਸੰਗਮ ਲਾਲ ਪਾਂਡੇ[113], ਡਾ. ਪਦਮ ਗੁਰਚਰਨ ਸਿੰਘ[114], ਡਾ. ਜਸਬੀਰ ਸਿੰਘ ਸਾਬਰ[115], ਆਦਿ ਵਿਦਵਾਨ ਗੁਰੂ ਜੀ ਦੀ ਵਾਣੀ ਵਿਚੋਂ ਅੰਤਰਿਕ ਪ੍ਰਮਾਣ ਦੀ ਅਣਹੋਂਦ ਕਾਰਨ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਹੋਣਾ ਸਵੀਕਾਰ ਨਹੀਂ ਕਰਦੇ ।

ਡਾ. ਕਾਸ਼ੀ ਨਾਥ ਉਪਾਧਿਆਇ ਦਾ ਮੱਤ ਹੈ ਕਿ ਅਨਿਸ਼ਚਤਾ ਦੀ ਹਾਲਤ ਵਿਚ ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਰਵਿਦਾਸ ਜੀ ਰਾਮਾਨੰਦ ਦੇ ਸਿੱਧੇ ਤੌਰ ਤੇ ਸ਼ਿਸ਼ ਸਨ ਜਾਂ ਨਹੀਂ।[116] ਅੱਗੇ ਚੱਲਕੇ ਆਪ ਲਿਖਦੇ ਹਨ ਕਿ ਇਹ ਵੀ ਸੰਭਵ ਹੈ ਕਿ ਰਵਿਦਾਸ ਜੀ ਆਪਣੇ ਜੀਵਨ ਦੇ ਆਰੰਭਕ ਸਮੇਂ ਵਿਚ ਰਾਮਾਨੰਦ ਜੀ ਦੇ ਸੰਪਰਕ ਵਿਚ ਆਏ ਹੋਣ ਅਤੇ ਉਨ੍ਹਾਂ ਨੂੰ ਗੁਰੂ ਮੰਨਦੇ ਹੋਣ, ਬਾਅਦ ਵਿਚ ਉਨ੍ਹਾਂ ਨੇ ਕਬੀਰ ਜੀ ਤੋਂ ਦੀਖਿਆ ਲਈ ਹੋਵੇ।[117] ਪਰੰਤੂ ਅਨੰਤਦਾਸ ਰਚਿਤ 'ਰੈਦਾਸ ਪਰਿਚਈ' ਅਤੇ 'ਕਬੀਰ-ਰੈਦਾਸ ਸੰਵਾਦ' ਤੋਂ

ਸਪਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਸੰਤ ਕਬੀਰ ਦਾ ਬਹੁਤ ਸਨਮਾਨ ਕਰਦੇ ਸਨ ਅਤੇ ਉਨ੍ਹਾਂ ਨੂੰ ਗੁਰੂ ਸਮਾਨ ਵੱਡਾ ਭਾਈ ਮੰਨਦੇ ਸਨ।[118] ਇਸ ਵਿਸ਼ਲੇਸ਼ਣ ਤੋਂ ਤਾਂ ਸੰਤ ਕਬੀਰ ਗੁਰੂ ਰਵਿਦਾਸ ਜੀ ਦੇ ਗੁਰੂ ਸਿੱਧ ਨਹੀਂ ਹੁੰਦੇ ।

ਇਸ ਸੰਦਰਭ ਵਿਚ ਇਕ ਹੋਰ ਵਿਚਾਰ ਵੀ ਸਾਹਮਣੇ ਆਇਆ ਹੈ ਜਿਸ ਅਨੁਸਾਰ ਗੁਰੂ ਰਵਿਦਾਸ ਜੀ ਦੇ "ਗੁਰੂ ਦਾ ਨਾਂ ਸਵਾਮੀ ਸੰਦਨ ਮੁਨੀ ਅਤੇ 13 ਸਾਲ ਦੀ ਉਮਰ ਵਿਚ ਗੁਰੂ ਧਾਰਨਾ ਹੋਈ" ਮੰਨੀ ਗਈ ਹੈ।[119] ਪਰ ਇਹ ਸਵਾਮੀ ਸੰਦਨ ਮੁਨੀ ਕੌਣ ਸਨ, ਕਿਥੋਂ ਦੇ ਰਹਿਣ ਵਾਲੇ ਸਨ, ਕਿਸ ਗੁਰ-ਪ੍ਰਣਾਲੀ ਵਿਚੋਂ ਸਨ, ਇਸ ਸ੍ਰੋਤ ਦੀ ਪ੍ਰਮਾਣਿਕਤਾ ਸਪਸ਼ਟ ਨਹੀਂ ਕੀਤੀ ਗਈ। ਇਸ ਲਈ ਇਹ ਵਿਚਾਰ ਪ੍ਰਵਾਨ ਯੋਗ ਨਹੀਂ ਹੈ।

ਉਕਤ ਵਿਸ਼ਲੇਸ਼ਣ ਦੇ ਆਧਾਰ ਤੇ ਇਹ ਨਿਰਣਾ ਕਰਨਾ ਕਠਿਨ ਜਾਪਦਾ ਹੈ ਕਿ ਉਨ੍ਹਾਂ ਦਾ ਦੀਖਿਆ ਗੁਰੂ ਕੌਣ ਸੀ। ਇਸ ਮਸਲੇ ਸੰਬੰਧੀ ਅਸੀਂ ਪੂਰੀ ਈਮਾਨਦਾਰੀ ਨਾਲ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਡਾ. ਧਰਮਪਾਲ ਸਿੰਗਲ ਵਲੋਂ ਸੰਕਲਿਤ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" ਵਿਚ ਗੁਰੂ ਜੀ ਦੀ ਵਾਣੀ ਅਤੇ ਸਾਖੀਆਂ ਵਿਚ ਬਹੁਤ ਥਾਵਾਂ 'ਤੇ ਗੁਰੂ ਰਵਿਦਾਸ ਜੀ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਦੀਖਿਆ ਗੁਰੂ ਸਵੀਕਾਰ ਕੀਤਾ ਹੈ। ਇਸ ਗੱਲ ਤੋਂ ਵੀ ਕਦਾਚਿਤ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉੱਤਰੀ ਭਾਰਤ ਵਿਚ ਜਾਤ-ਪਾਤ, ਉਚ-ਨੀਚ ਦੇ ਵਿਰੋਧ ਵਿਚ ਜਨ-ਸਾਧਾਰਨ ਵਿਚ ਚੇਤਨਾ ਪੈਦਾ ਕਰਨ ਵਾਲੇ ਸੁਆਮੀ ਰਾਮਾਨੰਦ, ਸੰਤ ਕਬੀਰ ਅਤੇ ਦੂਸਰੇ ਸੰਤ-ਕਵੀਆਂ ਦਾ ਸਹਿਯੋਗ ਗੁਰੂ ਰਵਿਦਾਸ ਜੀ ਨੂੰ ਅਵੱਸ਼ ਪ੍ਰਾਪਤ ਸੀ।

ਬਹੁਤੇ ਵਿਦਵਾਨ ਸਿਰਫ ਇਸ ਕਾਰਨ ਵੀ ਸੁਆਮੀ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਨਹੀਂ ਸਵੀਕਾਰਦੇ ਕਿ ਸੁਆਮੀ ਜੀ ਰਾਮ-ਭਗਤ ਸਨ, ਮੂਰਤੀ-ਪੂਜਕ ਸਨ ਅਤੇ ਸਗੁਣ ਭਗਤੀ ਵਿਚ ਵਿਸ਼ਵਾਸ ਰੱਖਦੇ ਸਨ, ਜਦ ਕਿ ਗੁਰੂ ਰਵਿਦਾਸ ਨੇ ਨਿਰਗੁਣ ਭਗਤੀ-ਪੱਧਤੀ ਉਪਰ ਵਿਸ਼ੇਸ਼ ਬਲ ਦਿੱਤਾ ਹੈ। ਦੂਸਰਾ ਕਾਰਨ ਇਹ ਵੀ ਹੈ ਕਿ ਸਾਖੀਆਂ ਵਿਚ ਸੁਆਮੀ ਰਾਮਾਨੰਦ ਵਲੋਂ ਕਿਸੇ ਬ੍ਰਹਮਚਾਰੀ ਨੂੰ ਪਿਛਲੇ ਜਨਮ ਵਿਚ ਦਿੱਤੇ ਸਰਾਪ ਆਦਿ ਦੀ ਕਲਪਿਤ ਘਟਨਾ ਨੇ ਅਜੋਕੇ ਤਰਕਸ਼ੀਲ ਵਿਦਵਾਨਾਂ ਤੇ ਚਿੰਤਕਾਂ ਦੇ ਮਨਾਂ ਵਿਚ ਇਹ ਭਾਵਨਾ ਪੈਦਾ ਕਰ ਦਿੱਤੀ ਹੈ ਕਿ ਸੁਆਮੀ ਰਾਮਾਨੰਦ ਤਾਂ ਜਾਤ-ਪਾਤ ਅਤੇ ਛੂਤ-ਛਾਤ ਦੇ ਕਾਇਲ ਸਨ ।

ਪਰੰਤੂ ਇਹ ਦੋਨੋਂ ਵਿਚਾਰ ਤਰਕ-ਸੰਗਤ ਨਹੀਂ ਹਨ, ਅੰਧ-ਵਿਸ਼ਵਾਸ ਅਤੇ ਸ਼ਰਧਾ-ਭਾਵਨਾ ਅਧੀਨ ਸਾਖੀਆਂ ਤਾਂ ਲਗਭਗ ਹਰ ਮਹਾਨ ਸੰਤ ਨਾਲ ਜੋੜ ਦਿੱਤੀਆਂ ਗਈਆਂ ਹਨ ਅਤੇ ਅਜੋਕੇ ਵਿਗਿਆਨਕ ਯੁੱਗ ਵਿਚ ਵੀ ਇਹ ਕਮ ਜਾਰੀ ਹੈ। ਸਿਰਫ਼ ਸਾਖੀਆਂ ਦੇ ਆਧਾਰ ਤੇ ਕਿਸੇ ਦੇ ਵਿਅਕਤਿੱਤਵ ਬਾਰੇ ਮਨ-ਆਈਆਂ ਗੱਲਾਂ ਘੜ ਲੈਣੀਆਂ ਕਿਸੇ ਮਹਾਨ ਵਿਅਕਤੀ ਨਾਲ ਸ਼ਰੇਆਮ ਬੇਇਨਸਾਫ਼ੀ ਹੈ। ਦਰਅਸਲ ਸੁਆਮੀ ਰਾਮਾਨੰਦ ਨੇ 'ਵਰਨ ਵਿਵਸਥਾ ਦੀਆਂ ਹੱਦਾਂ ਨੂੰ ਤੋੜਕੇ ਵਿਸ਼ਿਸ਼ਟ ਅਦ੍ਵੈਤਵਾਦੀ ਢੰਗ ਨਾਲ ਸਗੁਣ ਤੇ ਨਿਰਗੁਣ ਦੋਨਾਂ ਰੂਪਾਂ ਵਿਚ ਰਾਮ, ਕ੍ਰਿਸ਼ਨ ਦੀ ਉਪਾਸਨਾ ਦਾ ਪ੍ਰਚਾਰ ਕੀਤਾ।"[120] ਪਰ ਰਾਮਾਨੰਦ ਜੀ ਦੇ ਰਾਮ ਕਣ ਕਣ ਵਸੇ ਰਾਮ ਹਨ।[121]

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸੁਆਮੀ ਰਾਮਾਨੰਦ ਦੇ ਇੱਕੋ ਇੱਕ ਸ਼ਬਦ[122] ਤੋਂ ਸਪਸ਼ਟ ਹੁੰਦਾ ਹੈ ਕਿ ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ, ਉਹ ਮੂਰਤੀ ਪੂਜਾ ਦੇ ਵਿਰੋਧੀ ਅਤੇ ਕਣ-ਕਣ ਵਸੇ ਰਾਮ ਦੀ ਅਰਾਧਨਾ ਕਰਨ ਵਾਲੇ ਸਨ। ਡਾ. ਕਾਲਾ ਸਿੰਘ ਬੇਦੀ ਦਾ ਮੱਤ ਹੈ ਕਿ ਜਿਸ ਰਾਮਾਨੰਦ ਭਗਤ ਨੂੰ ਸਾਰੇ ਜੀਵਾਂ ਵਿਚ ਬ੍ਰਹਮ ਦੇ ਦਰਸ਼ਨ ਹੋ ਰਹੇ ਹਨ, ਉਹ ਇਕ ਥੋੜ੍ਹੀ ਗੱਲ ਤੇ ਨਾਰਾਜ਼ ਹੋ ਕੇ ਸਰਾਪ ਵੀ ਨਹੀਂ ਦੇ ਸਕਦਾ ਸੀ, ਸੋ ਬ੍ਰਹਮਚਾਰੀ ਚੇਲੇ ਵਾਲੀ ਕਥਾ ਕੇਵਲ ਮਿਥਿਹਾਸ ਹੈ ਤੇ ਕਲਪਿਤ ਹੈ।[123] ਰਾਮਾਨੰਦੀ ਵਿਚਾਰਧਾਰਾ ਦੇ ਸੰਦਰਭ ਵਿਚ ਡਾ. ਜਗਜੀਤ ਸਿੰਘ ਦਾ ਕਥਨ ਵੀ ਵਾਚਣਯੋਗ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਰਾਮਾਨੰਦ ਜੀ ਦੇ ਸ਼ਬਦ ਦਾ ਵਿਸ਼ਲੇਸ਼ਣ ਕਰਦੇ ਹੋਏ ਆਪ ਲਿਖਦੇ ਹਨ:

"ਭਗਤ ਜੀ ਨਾ ਮੂਰਤੀ-ਪੂਜ ਹਨ, ਨਾ ਹੀ ਬ੍ਰਾਹਮਣੀ ਮੱਤ ਦੀ ਛੂਤ-ਛਾਤ ਊਚ-ਨੀਚ ਦੇ ਭੇਦ-ਭਾਵਾਂ ਦੀ ਧਾਰਨਾ ਰੱਖਦੇ ਹਨ। ਉਹ ਤਾਂ ਤੀਰਥਾਂ ਦੇ ਭ੍ਰਮਣ ਅਤੇ ਪਖਾਨ(ਬੁੱਤ) ਪੂਜਾ ਦਾ ਖੰਡਨ ਕਰ ਰਹੇ ਹਨ - - - ਇਹ ਤਾਂ ਸੰਭਵ ਹੈ ਕਿ ਆਪ ਭਗਤੀ ਦੇ ਪਹਿਲੇ ਪੜਾਅ ਵਿਚ ਜਾਤ-ਪਾਤ, ਊਚ-ਨੀਚ ਦੀ ਭਾਵਨਾ ਅਤੇ ਮੂਰਤੀ ਪੂਜਾ ਦੇ ਕਾਇਲ ਹੋਣ ਪਰ ਇਸ ਸ਼ਬਦ ਦੇ ਉਚਾਰਨ ਸਮੇਂ ਆਪ ਉੱਚ-ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸਨ - - - ਹਰੇਕ ਭਗਤ ਦੀ ਸਾਧਨਾ ਦੇ ਕਈ ਪੜਾਅ ਹੋ ਸਕਦੇ ਹਨ ।- - -ਇਸ ਲਈ ਭਗਤਾਂ ਦੇ ਜੀਵਨ ਦੇ ਪਹਿਲੇ ਪੜਾਅ ਦੇ ਵਿਸ਼ਵਾਸ਼ਾਂ ਅਤੇ ਸੰਬੰਧਿਤ ਘਟਨਾਵਾਂ ਦਾ ਬਹੁਤਾ ਅਰਥ ਨਹੀਂ ਰਹਿ ਜਾਂਦਾ ।"[124]

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਤੇ ਇਹ ਤਰਕ ਰੱਦ ਹੋ ਜਾਂਦਾ ਹੈ ਕਿ ਅਖੋਤੀ ਮੂਰਤੀ-ਪੂਜਕ ਤੇ ਰਾਮ, ਕ੍ਰਿਸ਼ਨ-ਭਗਤ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਹੋ ਸਕਦੇ। ਇਸ ਸੰਦਰਭ ਵਿਚ ਜਿਹੜਾ ਹੋਰ ਤੱਥ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਗੁਰੂ ਰਵਿਦਾਸ ਨੂੰ ਸੁਆਮੀ ਰਾਮਾਨੰਦ ਦਾ ਸ਼ਿਸ਼ ਨਾ ਮੰਨਣ ਵਾਲੇ ਵਿਦਵਾਨ ਵੀ ਇਸ ਗੱਲ ਨਾਲ ਸਹਿਮਤ ਹਨ ਕਿ "ਜੇਕਰ ਰਾਮਾਨੰਦ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਦੇ ਕਾਰਨ ਰੈਦਾਸ ਨੂੰ ਰਾਮਾਨੰਦ ਜੀ ਦਾ ਮਾਨਸ-ਸ਼ਿਸ਼ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।"[125]

ਇਸ ਸੰਦਰਭ ਵਿਚ "ਸਵਾਮੀ ਰਾਮਾਨੰਦ ਭਗਤ ਰਵਿਦਾਸ ਜੀ ਦੇ ਗੁਰੂ ਨਹੀਂ ਸਨ।"[126] ਲਿਖਣ ਵਾਲੇ ਵਿਦਵਾਨ ਡਾ. ਜਸਬੀਰ ਸਿੰਘ ਸਾਬਰ ਵੀ ਇਸ ਮੱਤ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਕਿ "ਭਗਤੀ ਅੰਦੋਲਨ ਦੇ ਬਾਕੀ ਭਗਤਾਂ ਵਾਂਗ ਉਨ੍ਹਾਂ ਦਾ ਸ੍ਰੀ ਰਾਮਾਨੰਦ ਦੀ ਵਿਚਾਰ-ਧਾਰਾ ਤੋਂ ਪ੍ਰਭਾਵਿਤ ਹੋਣਾ ਮੰਨਿਆ ਜਾ ਸਕਦਾ ਹੈ। ਉਹ ਸ੍ਰੀ ਰਾਮਾਨੰਦ ਜੀ ਦੀ ਸੰਪ੍ਰਦਾਇ ਦੇ ਸਿੱਖ ਤਾਂ ਹੋ ਸਕਦੇ ਹਨ ਪਰ ਸ੍ਰੀ ਰਾਮਾਨੰਦ ਜੀ ਦੇ ਨਿੱਜ ਦੇ ਸਿੱਖ ਨਹੀਂ ਜਾਪਦੇ।"[127]

ਜੇਕਰ ਉਪਰੋਕਤ 'ਨਾਂਹ-ਵਾਚਕ ਕਥਨ' ਠੀਕ ਵੀ ਮੰਨ ਲਏ ਜਾਣ ਤਾਂ ਆਪਣੀ ਵਾਣੀ ਵਿਚ ਥਾਂ-ਪੁਰ-ਥਾਂ ਗੁਰੂ ਦੀ ਆਵੱਸ਼ਕਤਾ ਉੱਪਰ ਬਲ ਦੇਣ ਵਾਲੇ ਸੰਤ ਰਵਿਦਾਸ ਹੋਰ ਕਿਸ ਮਹਾਨ ਗੁਰੂ ਜਾਂ ਸੰਤ ਦੇ ਸਿੱਖ ਹੋਏ ?

ਉਕਤ ਵਿਚਾਰ-ਚਰਚਾ ਦੇ ਆਧਾਰ ਤੇ ਸਾਡੀ ਇਹ ਸਪੱਸ਼ਟ ਧਾਰਨਾ ਹੈ ਕਿ ਗੁਰੂ ਰਵਿਦਾਸ ਜੀ ਨਾ ਕੇਵਲ ਸੁਆਮੀ ਰਾਮਾਨੰਦ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੀ ਸਨ, ਬਲਕਿ ਉਨ੍ਹਾਂ ਨੇ ਰਾਮਾਨੰਦ ਜੀ ਤੋਂ ਗੁਰੂ-ਦੀਖਿਆ ਪ੍ਰਾਪਤ ਕੀਤੀ ਹੋਈ ਸੀ, ਅਤੇ ਉਨ੍ਹਾਂ ਨੂੰ ਰਾਮਾਨੰਦ ਜੀ ਦੀ ਸ਼ਿਸ਼-ਪਰੰਪਰਾ ਵਿਚ ਪ੍ਰਮੁੱਖ ਤੇ ਵਿਸ਼ੇਸ਼ ਸਥਾਨ ਪ੍ਰਾਪਤ ਸੀ।

### 1.2.6. ਸ਼ਿਸ਼-ਪਰੰਪਰਾ

ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ ਬਹੁਤ ਸਰਲ, ਸਰਵ-ਸਾਂਝਾ, ਆਡੰਬਰ ਤੇ ਕਰਮ-ਕਾਂਡ ਰਹਿਤ ਮਾਰਗ ਹੈ। ਉਨ੍ਹਾਂ ਨੇ ਆਪਣੇ ਅਨੁਭਵ, ਆਤਮਿਕ ਗਿਆਨ ਅਤੇ ਕਲਿਆਣਕਾਰੀ ਜੀਵਨ ਦੁਆਰਾ ਅੰਧ-ਵਿਸ਼ਵਾਸਾਂ, ਵਹਿਮਾਂ, ਭਰਮਾਂ, ਜੰਤਰਾਂ-ਮੰਤਰਾਂ, ਤੀਰਥ, ਵਰਤ, ਯੱਗ, ਪੂਜਾ ਵਿਧੀਆਂ, ਮੂਰਤੀ ਪੂਜਾ, ਜੰਞੂ, ਦੀਪ, ਅਰਚਨਾਂ ਅਤੇ ਊਚ-ਨੀਚ

ਜਾਤ-ਪਾਤਾਂ ਵਿਚ ਗਰੱਸੀ ਹੋਈ ਭਾਰਤੀ ਜਨਤਾ ਨੂੰ ਜੀਵਨ-ਜੀਊਣ ਦੀ ਕ੍ਰਾਂਤੀਕਾਰੀ ਸੇਧ ਦਿੱਤੀ।

ਗੁਰੂ ਜੀ ਦੀਆਂ ਤੱਤਕਾਲੀਨ ਪਰਿਸਥਿਤੀਆਂ ਅਜਿਹੀਆਂ ਸਨ ਕਿ ਉਨ੍ਹਾਂ ਵਲੋਂ ਪ੍ਰਭੂ-ਭਗਤੀ ਦਾ ਸਹਿਜ ਮਾਰਗ ਅਪਣਾਉਣ ਤੇ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਪਰੰਤੂ ਗੁਰੂ ਰਵਿਦਾਸ ਜੀ ਨੇ ਆਪਣੇ ਆਤਮਿਕ ਗਿਆਨ, ਅਨੁਭਵ ਦੀ ਸ਼ਕਤੀ ਅਤੇ ਤਰਕ ਨਾਲ ਸਮਕਾਲੀਨ ਰਾਜੇ, ਮਹਾਰਾਜਿਆਂ, ਪੰਡਤਾਂ ਅਤੇ ਵਿਦਵਾਨ ਪੁਰਸ਼ਾਂ ਨੂੰ ਪ੍ਰਭਾਵਿਤ ਕੀਤਾ ਜਿਸ ਦੇ ਫਲ-ਰੂਪ ਚਾਰੋਂ ਵਰਨ ਉਨ੍ਹਾਂ ਦੇ ਕਦਮਾਂ ਤੇ ਢਹਿ ਪਏ। ਗੁਰੂ ਰਾਮ ਦਾਸ ਜੀ ਦਾ ਕਥਨ ਹੈ:

> ਰਵਿਦਾਸ ਚਮਾਰ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।
> ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।[128]

ਗੁਰੂ ਜੀ ਦੀ ਆਪਣੀ ਵਾਣੀ ਵਿਚੋਂ ਵੀ ਇਸ ਸੰਦਰਭ ਵਿਚ ਪ੍ਰਮਾਣ ਪ੍ਰਾਪਤ ਹਨ ਕਿ ਪ੍ਰਭੂ ਦੀ ਸ਼ਰਨ ਵਿਚ ਜਾਣ ਕਾਰਨ ਬਨਾਰਸ ਦੇ ਮੁੱਖੀ ਪੰਡਿਤ ਵੀ ਉਨ੍ਹਾਂ ਨੂੰ ਡੰਡਉਤਿ ਵੰਦਨਾ ਕਰਦੇ ਹਨ:

> ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ, ਨਿਤਹਿ ਬਨਾਰਸੀ ਆਸ ਪਾਸਾ।
> ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਣਾਇ ਰਵਿਦਾਸ ਦਾਸਾ[129]

ਗੁਰੂ ਜੀ ਦੇ ਅਣਗਿਣਤ ਸੇਵਕਾਂ ਵਿਚੋਂ ਚਿਤੌੜ ਦੀ ਮਹਾਰਾਣੀ ਝਾਲੀ ਉਰਫ ਰਤਨ ਕੁੰਵਰ, ਮਹਾਰਾਣਾ ਕੁੰਭਾ, ਮੱਧ ਪ੍ਰਦੇਸ਼ ਦੀ ਰਿਆਸਤ ਰੀਵਾਂ ਦੇ ਨਰੇਸ਼ ਵੀਰ ਸਿੰਘ ਦੇਵ ਬਘੇਲ, ਕਾਸ਼ੀ ਨਰੇਸ਼ ਅਤੇ ਮੇਵਾੜ ਦੇ ਪ੍ਰਸਿੱਧ ਮਹਾਰਾਣਾ ਸਾਂਗਾ(ਸੰਗਰਾਮ ਸਿੰਘ) ਦੀ ਨੂੰਹ ਸੰਤ ਮੀਰਾਂ ਬਾਈ ਆਦਿ ਪ੍ਰਮੁੱਖ ਸਨ। ਇਨ੍ਹਾਂ ਪ੍ਰਮੁੱਖ ਤੇ ਸੁਪ੍ਰਸਿੱਧ ਸੇਵਕਾਂ ਤੋਂ ਇਲਾਵਾ ਰਾਜਸਥਾਨ, ਗੁਜਰਾਤ ਅਤੇ ਮੱਧ ਭਾਰਤ ਦੀਆਂ ਉੱਚ ਜਾਤੀਆਂ ਦੇ ਅਨੇਕਾਂ ਹੀ ਲੋਕ, ਜਨ-ਸਾਧਾਰਨ ਭਾਰੀ ਗਿਣਤੀ ਵਿਚ ਆਪ ਦੇ ਭਗਤ-ਸੇਵਕ ਸਨ ।

### 1.2.7. ਗ੍ਰਿਹਸਥ ਜੀਵਨ

ਗੁਰੂ ਰਵਿਦਾਸ ਜੀ ਦਾ ਗ੍ਰਿਹਸਥੀ ਜੀਵਨ ਬੜਾ ਸਾਦਾ, ਸਬਰ, ਸੰਤੋਖ ਵਾਲਾ ਤੇ ਸ਼ਾਂਤੀ ਭਰਪੂਰ ਸੀ। ਧਰਮ ਦੀ ਕਿਰਤ ਕਰਨੀ, ਪ੍ਰਭੂ-ਭਗਤੀ, ਸਾਧੂ-ਸੰਤਾਂ ਦੀ ਸੇਵਾ ਅਤੇ ਸਮਾਜ ਸੁਧਾਰ ਲਈ ਕਾਰਜ ਕਰਨੇ ਹੀ ਉਨ੍ਹਾਂ ਦੇ ਜੀਵਨ ਦਾ ਮੂਲ-ਮੰਤਵ ਸੀ। ਉਨ੍ਹਾਂ ਦੇ

ਵਿਆਹੁਤਾ ਜੀਵਨ ਬਾਰੇ ਵੀ ਮਤਭੇਦ ਹਨ, ਕਈ ਵਿਦਵਾਨਾਂ ਨੇ ਉਨ੍ਹਾਂ ਨੂੰ ਪੂਰਨ ਗ੍ਰਿਹਸਥੀ ਦੱਸਿਆ ਹੈ ਅਤੇ ਉਨ੍ਹਾਂ ਦੀ ਪਤਨੀ ਤੇ ਸੰਤਾਨ ਬਾਰੇ ਵੀ ਜ਼ਿਕਰ ਕੀਤਾ ਹੈ। ਪ੍ਰਿਥਵੀ ਸਿੰਘ ਆਜ਼ਾਦ[130] ਤੇ ਡਾ. ਕਾਸ਼ੀ ਨਾਥ ਉਪਾਧਿਆਇ[131] ਨੇ ਉਨ੍ਹਾਂ ਦੀ ਪਤਨੀ ਦਾ ਨਾਮ ਕ੍ਰਮਵਾਰ ਲੋਣਾ ਦੇਵੀ (ਲੂਣਾ) ਅਤੇ ਲੋਨਾ ਦੱਸਿਆ ਹੈ। ਪ੍ਰਿਥਵੀ ਸਿੰਘ ਆਜ਼ਾਦ ਨੇ ਤਾਂ ਉਨ੍ਹਾਂ ਦੇ ਇੱਕੋ ਇੱਕ ਪੁੱਤਰ ਵਿਜਯਦਾਸ ਬਾਰੇ ਵੀ ਜ਼ਿਕਰ ਕੀਤਾ ਹੈ।[132]

ਸਾਡੀ ਧਾਰਨਾ ਹੈ ਕਿ ਗੁਰੂ ਰਵਿਦਾਸ ਜੀ ਦੀ ਸ਼ਾਦੀ ਹੋਈ ਸੀ ਅਤੇ ਉਨ੍ਹਾਂ ਦਾ ਗ੍ਰਿਹਸਥ ਜੀਵਨ ਸਬਰ-ਸੰਤੋਖ, ਸੁੱਖ-ਸ਼ਾਂਤੀ ਅਤੇ ਸੇਵਾ ਨਾਲ ਭਰਪੂਰ ਸੀ।

1.2.8. ਯਾਤਰਾਵਾਂ

ਗੁਰੂ ਜੀ ਨੇ ਆਪਣੀ ਵਿਚਾਰਧਾਰਾ ਦਾ ਸੁਨੇਹਾ ਜਨ-ਸਾਧਾਰਨ ਤਕ ਪਹੁੰਚਾਉਣ ਲਈ ਭਾਰਤ ਦੇ ਬਹੁਤ ਸਾਰੇ ਭਾਗਾਂ ਦੀ ਯਾਤਰਾ ਕੀਤੀ। ਪ੍ਰੋ. ਬਦਰੀ ਨਾਰਾਇਣ ਦਾ ਮੱਤ ਹੈ ਕਿ ਰਾਮਾਨੰਦ ਨਾਲ ਰਵਿਦਾਸ ਜੀ ਨੇ ਕਾਸ਼ੀ ਤੋਂ ਦੂਰ-ਦੂਰ ਤਕ ਭ੍ਰਮਣ ਕੀਤਾ।[133] ਪੰਡਿਤ ਬਖਸ਼ੀ ਦਾਸ ਦਾ ਕਥਨ ਹੈ ਕਿ ਗੁਰੂ ਰਵਿਦਾਸ ਪ੍ਰਯਾਗ, ਤ੍ਰਿਵੇਣੀ, ਗੋਦਾਵਰੀ, ਹਰਿਦੁਆਰ ਸੁਲਤਾਨਪੁਰ ਅਤੇ ਪੰਘਾਟ ਦੀਆਂ ਯਾਤਰਾਵਾਂ ਤੇ ਗਏ ਸਨ। ਲੇਖਕ ਅਨੁਸਾਰ ਪੰਘਾਟ ਉਹੀ ਸਥਾਨ ਹੈ ਜਿਥੇ ਗੁਰੂ ਜੀ ਮੀਰਾ ਨੂੰ ਦੁਬਾਰਾ ਮਿਲੇ ਸਨ।[134] ਮਹੰਤ ਜਸਵੰਤ ਸਿੰਘ ਸਤਿ ਦਰਬਾਰੀ[135] ਨੇ ਉਨ੍ਹਾਂ ਤੀਰਥਾਂ ਅਤੇ ਧਾਰਮਿਕ ਸਥਾਨਾਂ ਦਾ ਵਿਸਤ੍ਰਿਤ ਵੇਰਵਾ ਪ੍ਰਸਤੁਤ ਕੀਤਾ ਹੈ ਜਿਨ੍ਹਾਂ ਦੀ ਯਾਤਰਾ ਆਪਣੀਆਂ ਦੋ ਲੰਮੀਆਂ ਉਦਾਸੀਆਂ ਦੌਰਾਨ ਗੁਰੂ ਜੀ ਨੇ ਆਪਣੇ ਜੀਵਨ-ਕਾਲ ਵਿਚ ਕੀਤੀ। ਡਾ. ਪਦਮ ਗੁਰਚਰਨ ਸਿੰਘ ਦਾ ਮੱਤ ਹੈ ਕਿ ਗੁਰੂ ਜੀ ਮਥਰਾ, ਬ੍ਰਿੰਦਾਬਨ, ਪ੍ਰਯਾਗ, ਹਰਿਦੁਆਰ ਅਤੇ ਕੁਰੂਕਸ਼ੇਤਰ ਆਦਿ ਦੀ ਯਾਤਰਾ ਲਈ ਗਏ ਸਨ।[136]

ਗੁਰੂ ਜੀ ਦੀਆਂ ਯਾਤਰਾਵਾਂ ਸੰਬੰਧੀ ਸਭ ਤੋਂ ਦਿਲਚਸਪ ਅਤੇ ਤਰਕਸ਼ੀਲ ਮੱਤ ਡਾ. ਕੇ. ਐਨ. ਉਪਾਧਿਆਇ ਦਾ ਹੈ। ਆਪ ਲਿਖਦੇ ਹਨ ਕਿ ਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ ਬਾਰੇ ਕੋਈ ਨਿਸ਼ਚਤ ਪ੍ਰਮਾਣ ਤਾਂ ਪ੍ਰਾਪਤ ਨਹੀਂ ਹੈ, ਪਰੰਤੂ ਉਨ੍ਹਾਂ ਦੀ ਵਾਣੀ ਵਿਚੋਂ ਮਿਲਦੇ ਵੱਖ-ਵੱਖ ਖੇਤਰੀ ਭਾਸ਼ਾਵਾਂ ਦੇ ਸ਼ਬਦ ਅਤੇ ਭਾਰਤ ਦੇ ਬਹੁਤ ਸਾਰੇ ਪ੍ਰਾਂਤਾਂ ਵਿਚ ਜਿਵੇਂ ਉੱਤਰ ਪ੍ਰਦੇਸ਼, ਪੰਜਾਬ, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਵਿਚ ਮਿਲਦੇ ਉਨ੍ਹਾਂ ਦੇ ਸੇਵਕਾਂ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੇ ਲੰਮੀਆਂ ਯਾਤਰਾਵਾਂ ਕੀਤੀਆਂ। ਦੱਖਣੀ ਭਾਰਤ ਸਮੇਤ ਕਈ ਸਥਾਨ ਉਨ੍ਹਾਂ ਦੀਆਂ ਯਾਦਾਂ ਨਾਲ ਜੁੜੇ ਹੋਏ ਹਨ ਜਿਵੇਂ ਤਿਰੁਪਤੀ ਮੰਦਰ ਦੇ ਲਾਗੇ

ਬਾਲਾ ਜੀ ਪਹਾੜੀ ਦੇ ਕਦਮਾਂ ਵਿਚ ਉਨ੍ਹਾਂ ਦੀ ਯਾਦਗਾਰ, ਹੈਦਰਾਬਾਦ ਵਿਖੇ ਐਲੋਰਾ ਵਿਚ ਰਵਿਦਾਸ ਕੁੰਡ(ਸਰੋਵਰ), ਕਾਠੀਆਵਾੜ ਵਿਚ ਜੂਨਾਗੜ੍ਹ ਵਿਖੇ ਰਵਿਦਾਸ ਕੁੰਡ ਅਤੇ ਚਿਤੌੜ ਵਿਖੇ 'ਰਵਿਦਾਸ ਛੱਤਰੀ' ਦੇ ਨੀਚੇ ਉਨ੍ਹਾਂ ਦੇ ਪਦ-ਚਿੰਨ੍ਹ ਆਦਿ। ਇਸ ਤੋਂ ਬਿਨਾਂ ਕਾਸ਼ੀ ਵਿਚ ਮੰਡੂਰ ਵਿਖੇ ਵੀ ਇਕ ਤਲਾਬ ਉਨ੍ਹਾਂ ਨਾਲ ਸੰਬੰਧਿਤ ਹੈ।[137]

ਉਕਤ ਵਿਵਰਨ ਦੇ ਆਧਾਰ ਤੇ ਸਾਡੀ ਧਾਰਨਾ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੇ ਆਤਮਿਕ ਸੁਨੇਹੇ ਨੂੰ ਲੋਕਾਂ ਤਕ ਪਹੁੰਚਾਉਣ ਲਈ ਸਫ਼ਰ-ਸਹੂਲਤ ਨਾ ਹੋਣ ਦੇ ਬਾਵਜੂਦ ਦੂਰ-ਦੁਰਾਡੇ ਖੇਤਰਾਂ ਦੀ ਯਾਤਰਾ ਕੀਤੀ ਅਤੇ ਲੋਕਾਈ ਦੇ ਤਪਦੇ ਹਿਰਦਿਆਂ ਨੂੰ ਆਪਣੀ ਪਵਿੱਤਰ ਵਾਣੀ ਦੁਆਰਾ ਸ਼ਾਂਤ ਕਰਨ ਦਾ ਯਤਨ ਕੀਤਾ।

1.2.9. ਨਿਰਵਾਣ ਪ੍ਰਾਪਤੀ

ਗੁਰੂ ਰਵਿਦਾਸ ਜੀ ਮੱਧਯੁਗ ਦੇ ਮਹਾਨ ਤਪੱਸਵੀ, ਸਾਤਵਿਕ ਜੀਵਨ ਬਤੀਤ ਕਰਨ ਵਾਲੇ ਮਹਾਂਪੁਰਸ਼ ਸਨ। ਉਨ੍ਹਾਂ ਨੇ ਲੰਮੀ ਉਮਰ ਭੋਗੀ, ਆਪਣੇ ਜੀਵਨ-ਅਨੁਭਵ ਅਤੇ ਆਤਮਿਕ ਪ੍ਰਾਪਤੀ ਦੇ ਬਲ ਨਾਲ ਲਗਭਗ ਡੇਢ ਸਦੀ ਤਕ ਪੀੜਤ ਜਨ-ਸਾਧਾਰਨ ਦੀ ਅਗਵਾਈ ਕੀਤੀ।

ਡਾ. ਧਰਮਪਾਲ ਸੈਨੀ ਨੇ ਆਪ ਦਾ ਮ੍ਰਿਤੂ ਕਾਲ ਸੰਮਤ 1584 ਮੰਨਿਆ ਹੈ। ਡਾ. ਬੀ.ਪੀ.ਸ਼ਰਮਾ, ਡਾ. ਧਰਮਪਾਲ ਸਰੀਨ, ਡਾ. ਧਰਮਪਾਲ ਸਿੰਗਲ ਆਦਿ ਵਿਦਵਾਨਾਂ ਨੇ ਵੀ ਇਸ ਮੱਤ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਇਨ੍ਹਾਂ ਸਾਰੇ ਵਿਦਵਾਨਾਂ ਦੀ ਇਸ ਰਾਇ ਦਾ ਆਧਾਰ ਸੰਤ ਅਨੰਤਦਾਸ ਰਚਿਤ 'ਰੈਦਾਸ ਪਰਿਚਈ' ਹੈ। ਇਸ ਵਿਚ ਗੁਰੂ ਜੀ ਦੇ ਪਰਲੋਕ ਗਮਨ ਦਾ ਜ਼ਿਕਰ ਕੀਤਾ ਗਿਆ ਹੈ:

ਪੰਦ੍ਰਹ ਸੈ ਚਉ ਅਸੀ, ਚਿਤੋਰੇ ਭਈ ਭੋਰ ।
ਜਰਜਰ ਦੇਹ ਕੰਚਨ ਭਈ, ਰਵਿ ਰਵਿ ਮਿਲਯੋ ਸਰੀਰ।[138]

ਗੁਰੂ ਜੀ ਨੇ ਚਿਤੌੜ ਵਿਖੇ ਸੰਮਤ 1584 ਵਿਚ ਨਿਰਵਾਣ ਪਦ ਪ੍ਰਾਪਤ ਕੀਤਾ, ਇਸ ਮੁਤਾਬਕ ਆਪ ਦਾ ਜੀਵਨ ਕਾਲ ਸੰਮਤ 1433 ਤੋਂ ਸੰਮਤ 1584 ਬਣਦਾ ਹੈ ਅਤੇ ਕੁਲ ਉਮਰ 151 ਸਾਲ ਦੇ ਕਰੀਬ ਬਣਦੀ ਹੈ। ਡਾ. ਦਲੀਪ ਸਿੰਘ ਦੀਪ ਨੇ 'ਰਵਿਦਾਸ ਦਰਸ਼ਨ' ਪੁਸਤਕ ਦੇ ਹਵਾਲੇ ਨਾਲ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ 'ਰਵਿਦਾਸ ਨੇ ਅੰਤਿਮ ਯਾਤਰਾ ਆਪਣੀ ਪਰਮ ਸੇਵਕਾ ਮੀਰਾਂ ਬਾਈ ਦੇ ਸਥਾਨ ਚਿਤੌੜ ਵਿਚ ਸਮਾਪਤ ਕੀਤੀ। ਉਨ੍ਹਾਂ ਦੀ ਸਿਮ੍ਰਤੀ ਵਿਚ ਮੀਰਾਂ ਬਾਈ ਦੁਆਰਾ ਬਣਾਈ ਗਈ 'ਰਵਿਦਾਸ ਕੀ ਛਤਰੀ' ਜਾਂ 'ਰਵਿਦਾਸ ਕੇ ਚਰਨ ਚਿੰਨ੍ਹ'

ਚਿਤੌੜ ਵਿਚ ਅੱਜ ਵੀ ਵਿਦਮਾਨ ਹੈ ਅਤੇ ਜੋ ਰਵਿਦਾਸੀਆਂ ਦਾ ਤੀਰਥ ਅਸਥਾਨ ਬਣਿਆ ਹੋਇਆ ਹੈ।"[139]

ਇਸ ਸੰਦਰਭ ਵਿਚ ਡਾ. ਬੀ.ਪੀ. ਸ਼ਰਮਾ ਦਾ ਕਥਨ ਵੀ ਵਾਚਣਯੋਗ ਹੈ, ਉਹ ਲਿਖਦੇ ਹਨ: ਸੰਮਤ 1584 ਚੈਤ੍ਰ ਮਾਸ ਵਿਚ ਰਵਿਦਾਸ ਦਾ ਚਿਤੌੜ ਵਿਚ ਸਰੀਰ- ਅੰਤ ਹੋ ਜਾਣ ਤੇ ਇਨ੍ਹਾਂ ਦੀਆਂ ਸ਼ਿਸ਼ਾਂ ਰਾਣੀ ਝਾਲੀ ਅਤੇ ਮੀਰਾਂ ਨੇ ਰਾਣਾ ਸਾਂਗਾ ਦੀ ਆਗਿਆ ਨਾਲ ਚਿਤੌੜਗੜ੍ਹ ਵਿਚ ਕੁੰਭਸ਼ਿਆਮ ਮੰਦਰ ਦੇ ਵਿਹੜੇ ਵਿਚ ਰੈਦਾਸ ਜੀ ਦੀ ਯਾਦਗਾਰ 'ਰੈਦਾਸ ਛਤਰੀ' ਦਾ ਨਿਰਮਾਣ ਕਰਵਾਇਆ, ਜਿਹੜਾ ਅੱਜ ਵੀ ਉਸੇ ਮਾਣ ਨਾਲ ਕਾਇਮ ਹੈ। ਰਾਣਾ ਪਰਿਵਾਰ ਵਲੋਂ ਉਸਾਰੀ 'ਰੈਦਾਸ ਛਤਰੀ' ਇਕ ਚਮਾਰ ਘਰ ਵਿਚ ਪੈਦਾ ਹੋਣ ਵਾਲੇ ਸੰਤ ਲਈ ਸਭ ਤੋਂ ਉੱਚਾ ਸਨਮਾਨ ਹੈ।[140]

ਅਸੀਂ ਉਪਰੋਕਤ ਧਾਰਨਾ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਗੁਰੂ ਰਵਿਦਾਸ ਜੀ ਨੇ ਚਿਤੌੜ ਵਿਖੇ ਸੰਮਤ 1584 ਅਰਥਾਤ 1527 ਈ. ਵਿਚ ਨਿਰਵਾਣ ਪਦ ਪ੍ਰਾਪਤ ਕੀਤਾ ।

## 1.2.10. ਗੁਰੂ ਰਵਿਦਾਸ ਜੀ ਦਾ ਵਿਅਕਤਿੱਤਵ

ਗੁਰੂ ਰਵਿਦਾਸ ਜੀ ਦੀਆਂ ਸਮਕਾਲੀਨ ਪਰਿਸਥਿਤੀਆਂ ਏਨੀਆਂ ਵਿਕਟ ਅਤੇ ਮਾਨਵਤਾ ਵਿਰੋਧੀ ਸਨਕਿ ਚਾਰੇ ਪਾਸੇ ਛੂਆ-ਛੂਤ, ਜਾਤ-ਪਾਤ, ਊਚ-ਨੀਚ ਅਤੇ ਆਡੰਬਰ ਪੂਰਨ ਕਰਮ-ਕਾਂਡ ਪ੍ਰਧਾਨ ਸਨ। ਧਰਮ-ਅਭਿਮਾਨੀ ਮਨੁੱਖਤਾ ਨੂੰ ਪੈਰਾਂ ਹੇਠ ਰੋਲ ਰਹੇ ਸਨ, ਵੈਰ-ਵਿਰੋਧ, ਨਫ਼ਰਤ, ਸਾੜਾ, ਕੀਨਾ, ਈਰਖਾ ਆਦਿ ਮਾਨਵਤਾ ਦਾ ਲਹੂ ਚਿੱਟਾ ਕਰ ਰਹੇ ਸਨ। ਅਜਿਹੇ ਵਿਕਟ ਸਮੇਂ ਵਿਚ ਦੁਖੀ, ਪੀੜਤ, ਲਤਾੜੇ ਤੇ ਸਤਾਏ ਹੋਏ ਜਨ-ਸਾਧਾਰਨ ਨੂੰ ਗੁਰੂ ਜੀ ਨੇ ਆਪਣੀ ਅੰਮ੍ਰਿਤ -ਵਾਣੀ ਦੁਆਰਾ ਇਕ ਨਵੀਂ ਜ਼ਿੰਦਗੀ ਬਖਸ਼ੀ, ਧਾਰਮਿਕ ਤੇ ਸਮਾਜਿਕ ਸੇਧ ਦਿੱਤੀ ਅਤੇ ਭਾਰਤੀ ਸਮਾਜ ਨੂੰ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗਣ ਤੋਂ ਬਚਾਇਆ ।

ਗੁਰੂ ਜੀ ਨੇ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ ਅਤੇ ਪੀੜਤ ਵਰਗ ਦੇ ਲੋਕਾਂ ਨੂੰ ਸਮਾਜ ਦਾ ਨਵ-ਨਿਰਮਾਣ ਕਰਕੇ ਮਾਨਵਤਾ ਲਈ ਸਮਾਨਤਾ, ਮਨੁੱਖੀ ਭਾਈਚਾਰੇ ਵਿਚ ਏਕਤਾ, ਪਿਆਰ ਅਤੇ ਸਮਨਵੈ ਦੀ ਭਾਵਨਾ ਪੈਦਾ ਕਰ ਕੇ 'ਸਤਿਸੰਗਤ ਮਿਲ ਰਹੀਐ ਮਾਧਉ' ਵਾਲਾ ਇਕ ਵਧੀਆ ਜਥੇਬੰਦਕ ਸਮਾਜ ਸਿਰਜਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਰਵਿਦਾਸ ਚੇਤਨਾ ਦੀ ਇਕ ਚੰਗਿਆੜੀ ਸੀ ਜਿਸ ਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤੱਤਕਾਲੀਨ ਸਮਾਜ ਦੀਆਂ ਸਾਰੀਆਂ ਬੁਰਾਈਆਂ ਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੋਸ਼ਨੀ ਪ੍ਰਾਪਤ ਕਰ ਰਹੇ ਹਨ ।

ਗੁਰੂ ਰਵਿਦਾਸ ਜੀ ਸੱਚੇ ਕਰਮਯੋਗੀ, ਮਹਾਨ ਮਾਨਵਤਾਵਾਦੀ, ਨਿਰਵੈਰ ਤੇ ਨਿਰ-ਵਿਰੋਧ ਸ਼ਖਸੀਅਤ, ਆਗਿਆਕਾਰੀ ਪੁੱਤਰ ਤੇ ਚੰਗੇ ਗ੍ਰਿਹਸਥੀ, ਦਿਆਲੂ, ਪਰ-ਉਪਕਾਰੀ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਅਮਲ ਪਸੰਦ, ਕਥਨੀ-ਕਰਨੀ ਵਿਚ ਸਮਾਨਤਾ ਰੱਖਣ ਵਾਲੇ, ਮਿਠਬੋਲੜੇ, ਨਿਮਰਤਾ ਤੇ ਸਹਿਣਸ਼ੀਲਤਾ ਦੀ ਮੂਰਤ, ਨਿਰਭੈ, ਚੰਗੇ ਸ਼ਾਇਰ ਅਤੇ ਮਾਇਆ ਤੋਂ ਨਿਰਲੇਪ ਰਹਿਣ ਵਾਲੇ ਸੱਚੇ ਸਾਧੂ ਸਨ। ਉਨ੍ਹਾਂ ਦੇ ਪ੍ਰਭਾਵਸ਼ਾਲੀ ਵਿਅਕਤਿਤਵ ਦਾ ਹੀ ਇਹ ਕ੍ਰਿਸ਼ਮਾ ਸੀ ਕਿ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸੂਰਗੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕਾਂ ਰਾਜੇ-ਮਹਾਰਾਜੇ, ਪੰਡਿਤ ਤੇ ਉੱਚਤਮ ਵਰਗ ਦੇ ਲੋਕ ਉਨ੍ਹਾਂ ਦੇ ਸ਼ਿਸ਼ ਬਣੇ ।

ਗੁਰੂ ਜੀ ਦਾ ਜੀਵਨ ਨਿਰਲੇਪਤਾ ਦੀ ਇਸ ਹੱਦ ਤੱਕ ਪਹੁੰਚ ਚੁੱਕਾ ਸੀ ਕਿ ਉਨ੍ਹਾਂ ਨੇ ਆਪਣੇ ਸਿੱਖਾਂ-ਸੇਵਕਾਂ ਦੇ ਧਨ-ਦੌਲਤ, ਰਾਜ-ਪਾਠ ਰਾਜ-ਦਰਬਾਰ ਵਲ ਕਦੀ ਅੱਖ ਭਰ ਕੇ ਵੀ ਨਹੀਂ ਦੇਖਿਆ। ਉਹ ਆਪਣੀ ਕਿਰਤ ਨੂੰ ਹੀ ਪ੍ਰਭੂ-ਭਗਤੀ ਵਾਂਗ ਪਵਿੱਤਰ ਸਮਝਦੇ ਸਨ। ਉਹ ਸੱਤ, ਸਬਰ, ਸੰਤੋਖ, ਪ੍ਰੇਮ, ਭਗਤੀ ਅਤੇ ਤਿਆਗ ਦੀ ਮੂਰਤ ਅਤੇ ਸੱਚੀ, ਸੁੱਚੀ ਕਿਰਤ ਕਰਨ ਵਾਲੇ ਮਹਾਨ ਕਰਮਯੋਗੀ ਸਨ। ਉਨ੍ਹਾਂ ਦੇ ਵਿਅਕਤਿਤੱਵ ਦੇ ਗੁਣਾਂ ਨੂੰ ਭਗਤ ਧੰਨਾ ਜੀ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ:

> ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।
> ਪਰਗਟੁ ਹੋਇਆ ਸਾਧ ਸੰਗਿ ਹਰਿ ਦਰਸਨੁ ਪਾਇਆ।[141]

ਗੁਰੂ ਰਵਿਦਾਸ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਸਰਲ-ਸਾਰਥਕ ਤੇ ਮਿੱਠੀ ਵਾਣੀ ਸਦੀਆਂ ਤਕ ਭੁੱਲੇ-ਭਟਕੇ ਜੀਵਾਂ ਦਾ ਰਾਹ ਰੁਸ਼ਨਾਉਂਦੀ ਰਹੇਗੀ।

### 1.3. ਕ੍ਰਿਤੱਤੂ –ਵਾਣੀ ਰਚਨਾ

ਗੁਰੂ ਰਵਿਦਾਸ ਜੀ ਦੀ ਵਾਣੀ ਨੂੰ ਮੱਧਕਾਲੀ ਚਿੰਤਨ-ਸਾਹਿਤ ਵਿਚ ਸਤਿਕਾਰ, ਯੋਗ ਸਥਾਨ ਪ੍ਰਾਪਤ ਹੈ। ਆਪ ਦੀ ਵਾਣੀ ਸਦਾਚਾਰਕ ਅਤੇ ਅਧਿਆਤਮਕ ਸਿੱਖਿਆ ਦਾ

ਭੰਡਾਰ,ਨੀਰ, ਖੀਰ ਬਿਬਰਨ ਵਾਲੀ ਅਰਥਾਤ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਨ ਵਾਲੀ, ਸਰਲ-ਸਾਰਥਕ ,ਸਾਫ਼-ਸੁਥਰੀ, ਸਿੱਧੀ-ਸਪੱਸ਼ਟ ਪਰੰਤੂ ਬੌਧਿਕਤਾ ਪ੍ਰਧਾਨ ਹੈ। ਨਾਭਾ ਦਾਸ ਰਚਿਤ ਭਗਤ ਮਾਲ[142] ਵਿਚ ਆਪ ਜੀ ਦੀ ਪਵਿੱਤਰ ਵਾਣੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਹੈ ।

ਗੁਰੂ ਜੀ ਦੀ ਵਾਣੀ ਦਾ ਸਭ ਤੋਂ ਪ੍ਰਾਚੀਨ, ਪ੍ਰਮੁੱਖ ਤੇ ਪ੍ਰਮਾਣਿਕ ਸੰਗ੍ਰਹਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਹੈ ਜਿਸ ਦਾ ਸੰਕਲਨ ਸੰਮਤ 1661 ਅਰਥਾਤ 1604 ਈ. ਵਿਚ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਸ ਸੰਦਰਭ ਵਿਚ ਐਸ.ਐਲ.ਪਾਂਡੇ ਦਾ ਵਿਚਾਰ ਹੈ ਕਿ "ਰਵਿਦਾਸ ਜੀ ਦੀਆਂ ਰਚਨਾਵਾਂ ਦਾ ਇਹ ਪਹਿਲਾ ਪ੍ਰਮਾਣਿਕ ਸੰਗ੍ਰਹਿ ਹੈ ਕਿਉਂ ਕਿ ਉਨ੍ਹਾਂ ਦੀ ਰਚਨਾ ਸੰਬੰਧੀ ਹੋਰ ਕੋਈ ਵੀ ਹੱਥ-ਲਿਖਤ ਗੁਰੂ ਗ੍ਰੰਥ ਸਾਹਿਬ ਜਿੰਨੀ ਪ੍ਰਾਚੀਨ ਨਹੀਂ ਹੈ।"[143] ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਵਿਦਾਸ ਜੀ ਦੇ 40 ਸ਼ਬਦ ਦਰਜ ਹਨ। ਇਨ੍ਹਾਂ ਵਿਚੋਂ ਵੀ ਇਕ 'ਸੋਰਠਿ ਰਾਗ' ਵਾਲਾ ਸ਼ਬਦ 'ਸੁਖ ਸਾਗਰ ਸੁਰਤਰਿ' ਕੁਝ ਪਾਠ-ਭੇਦ ਸਹਿਤ 'ਮਲਾਰ ਰਾਗ' ਵਿਚ ਵੀ ਮਿਲਦਾ ਹੈ ।

ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਪ੍ਰਾਪਤ ਰਵਿਦਾਸ-ਵਾਣੀ ਦੀ ਪ੍ਰਮਾਣਿਕਤਾ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਮਤਭੇਦ ਪਾਏ ਜਾਂਦੇ ਹਨ ਕਿਉਂ ਕਿ ਇਸ ਵਾਣੀ ਦੀ ਭਾਸ਼ਾ ਅਤੇ ਤਰਤੀਬ ਵਿਚ ਬਹੁਤ ਭਿੰਨ-ਭੇਦ ਅਤੇ ਅੰਤਰ ਹੈ। ਡਾ. ਜਸਬੀਰ ਸਿੰਘ ਸਾਬਰ ਦਾ ਮੱਤ ਹੈ ਕਿ "ਸੰਭਵ ਹੈ ਇਹ ਫ਼ਰਕ ਬਾਣੀ ਦੀ ਲਿਪੀ-ਅੰਤਰ ਕਰਨ ਸਮੇਂ ਪਿਆ ਹੋਵੇ। ਕਿਉਂ ਕਿ ਮਧਕਾਲੀ ਸੰਤ-ਸਾਹਿੱਤ ਮੁੱਖ ਤੌਰ ਤੇ ਮੌਖਿਕ ਸਾਹਿਤ ਸੀ ਜਿਸ ਕਰਕੇ ਉਚਾਰਨ ਕਰਦਿਆਂ ਅਤੇ ਲਿਖਦਿਆਂ ਇਸ ਵਿਚ ਪਾਠਾਂਤਰ ਵਧਦੇ ਹੀ ਗਏ।"[144]

ਡਾ. ਜਸਬੀਰ ਸਿੰਘ ਸਾਬਰ[145] ਅਤੇ ਡਾ. ਬੀ.ਪੀ.ਸ਼ਰਮਾ[146] ਨੇ ਗੁਰੂ ਰਵਿਦਾਸ ਵਾਣੀ ਨੂੰ ਸੰਕਲਿਤ ਕਰਨ ਵਿਚ ਗੰਭੀਰ, ਠੋਸ ਅਤੇ ਸ਼ਲਾਘਾਯੋਗ ਯਤਨ ਕੀਤੇ ਹਨ। ਡਾ. ਸਾਬਰ ਨੇ ਜਿਨ੍ਹਾਂ ਪੋਥੀਆਂ ਨੂੰ ਵਾਣੀ-ਖੋਜ ਦਾ ਆਧਾਰ ਬਣਾਇਆ ਹੈ, ਉਨ੍ਹਾਂ ਵਿਚ ਸਭ ਤੋਂ ਪ੍ਰਾਚੀਨ ਪੋਥੀ ਦਾਦੂ ਸੰਸਕ੍ਰਿਤ ਮਹਾਂ ਵਿਦਿਆਲਾ, ਜੈ ਪੁਰ ਤੋਂ ਪ੍ਰਾਪਤ ਹੋਈ ਹੈ ਜਿਸ ਦਾ ਲਿਪੀਕਾਲ ਸੰਮਤ 1693 ਜਾਂ 1636 ਈ. ਹੈ। ਗੁਰੂ ਰਵਿਦਾਸ ਵਾਣੀ ਦੇ ਲਗਭਗ 100 ਹੱਥ ਲਿਖਤ ਗ੍ਰੰਥਾਂ ਦੇ ਇਸ ਅਤਿ ਕਠਿਨ ਅਤੇ ਗੰਭੀਰ ਖੋਜ ਕਾਰਜ ਉਪਰੰਤ ਡਾ. ਸਾਬਰ ਦਾ ਮੱਤ ਹੈ ਕਿ ਭਗਤ ਰਵਿਦਾਸ ਜੀ ਦੀ ਰਚਨਾ ਦਾ ਮੁੱਖ ਪੁਰਾਤਨ ਤੋਂ ਪੁਰਾਤਨ ਸ੍ਰੋਤ ਹਾਲੇ ਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੀ ਹੈ ।[147]

ਡਾ. ਧਰਮਪਾਲ ਸਿੰਗਲ ਨੇ 1986 ਵਿਚ ਪ੍ਰਕਾਸ਼ਿਤ ਪੁਸਤਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ ' ਵਿਚ ਵੱਖ-ਵੱਖ ਸ੍ਰੋਤਾਂ ਤੋਂ ਪ੍ਰਾਪਤ ਗੁਰੂ ਰਵਿਦਾਸ ਵਾਣੀ ਦੇ 183 ਸ਼ਬਦ (ਪਦ) ਸੰਕਲਿਤ ਕੀਤੇ ਹਨ ਅਤੇ 'ਸਾਖੀ ਭਾਗ' ਵਿਚ 265 ਦੋਹੇ, ਤਿੰਨ ਸਾਖੀਆਂ— ਗਯਾਨ ਗੋਸ਼ਟੀ (ਰਮੈਣੀ), ਪ੍ਰਹਿਲਾਦ ਚਰਿਤ੍ਰ ਅਤੇ ਰਵਿਦਾਸ-ਕਬੀਰ ਗੋਸ਼ਟੀ ਸ਼ਾਮਲ ਕੀਤੀਆਂ ਹਨ। ਵਿਦਵਾਨ ਸੰਪਾਦਕ ਨੇ 17 ਅਜਿਹੇ ਗ੍ਰੰਥਾਂ ਅਤੇ 18 ਖਰੜਿਆਂ ਦੀ ਸੂਚੀ ਵੀ ਪ੍ਰਕਾਸ਼ਿਤ ਕੀਤੀ ਹੈ ਜਿਨ੍ਹਾਂ ਨੂੰ ਆਧਾਰ ਬਣਾ ਕੇ 183 ਪਦਾਂ ਦਾ ਨਿਖੇੜਾ ਕੀਤਾ ਗਿਆ ਹੈ।

ਆਪਣੇ ਸ਼ੋਧ-ਪ੍ਰਬੰਧ ਵਿਚ ਡਾ. ਧਰਮਪਾਲ ਸਿੰਗਲ ਦੁਆਰਾ ਸੰਕਲਿਤ ਗੁਰੂ ਰਵਿਦਾਸ ਵਾਣੀ ਦੀ ਪੁਸਤਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ' ਨੂੰ ਹੀ ਮੁੱਖ ਆਧਾਰ ਬਣਾਇਆ ਹੈ।

## ਨਿਸ਼ਕਰਸ਼

ਇਸ ਅਧਿਆਇ ਵਿਚ ਕੀਤੀ ਵਿਚਾਰ-ਚਰਚਾ ਦੇ ਆਧਾਰ ਤੇ ਸਾਡੀ ਧਾਰਨਾ ਹੈ ਕਿ ਗੁਰੂ ਰਵਿਦਾਸ ਜੀ ਦਾ ਜੀਵਨ ਕਾਲ ਸੰਮਤ 1433 ਬਿ.ਅਰਥਾਤ 1377ਈ. ਤੋਂ ਸੰਮਤ 1584 ਅਥਵਾ 1527 ਈ. ਬਣਦਾ ਹੈ। ਆਪ ਦਾ ਜਨਮ-ਸਥਾਨ ਬਨਾਰਸ ਵਿਚ ਮੰਡੂਆਡੀਹ ਬਸਤੀ ਹੈ ਅਤੇ ਪਿਤਾ ਦਾ ਨਾਮ ਰਘੂ ਅਤੇ ਮਾਤਾ ਦਾ ਨਾਮ ਕਰਮਾ ਦੇਵੀ ਸੀ।

ਸਾਡਾ ਇਹ ਨਿਸ਼ਚਤ ਮੱਤ ਹੈ ਕਿ ਅਧਿਆਤਮਿਕਤਾ ਦੇ ਸਿਖਰ ਤੇ ਪਹੁੰਚਣ ਲਈ ਆਪ ਦੇ ਪ੍ਰੇਰਕ ਗੁਰੂ      ਸਨ। ਇਹ ਕਦਾਚਿਤ ਨਹੀਂ ਹੋ ਸਕਦਾ ਕਿ ਆਪਣੀ ਵਾਣੀ ਵਿਚ ਵਾਰ ਵਾਰ ਸਾਧੂ ਦੀ ਓਟ ਲੈਣ ਅਤੇ ਸਾਧ ਦੀ ਸੰਗਤ ਵਿਚ ਜਾਣ ਦੀ ਪ੍ਰੇਰਨਾ ਦੇਣ ਵਾਲੇ ਮਹਾਤਮਾ ਨੇ ਆਪ ਇਸ ਕਥਨ ਤੇ ਅਮਲ ਨਾ ਕੀਤਾ ਹੋਵੇ ਜਾਂ ਖੁਦ ਅਮਲ ਨਾ ਕਰੇ।

ਗੁਰੂ ਰਵਿਦਾਸ ਜੀ ਦੇ ਸੇਵਕਾਂ ਵਿਚ ਚਿਤੌੜ ਦੀ ਰਾਣੀ ਝਾਲੀ, ਮਹਾਰਾਣਾ ਕੁੰਭਾ, ਮੀਰਾਂ ਬਾਈ, ਰੀਵਾਂ-ਨਰੇਸ਼ ਵੀਰ ਸਿੰਘ ਬਘੇਲਾ ਅਤੇ ਕਾਸ਼ੀ ਨਰੇਸ਼ ਤੋਂ ਇਲਾਵਾ ਬਹੁਤ ਸਾਰੇ ਪ੍ਰਮੁੱਖ ਪੰਡਿਤ ਅਤੇ ਉੱਚਤਮ ਤੇ ਅਖਾਉਤੀ ਨਿਮਨ ਵਰਗਾਂ ਦੇ ਬੇਸ਼ੁਮਾਰ ਲੋਕ ਆਪ ਜੀ ਦੇ ਅਨਿਨ ਭਗਤ ਸਨ।

ਗੁਰੂ ਜੀ ਮਹਾਨ ਤੇ ਦਿਲ-ਕਸ਼ ਵਿਅਕਤਿਤੱਵ ਦੇ ਮਾਲਕ ਸਨ ਅਤੇ ਉਨ੍ਹਾਂ ਦਾ ਜੀਵਨ ਇਕ ਤਪੱਸਵੀ ਦਾ ਜੀਵਨ ਸੀ। ਉਹ ਬਚਪਨ ਤੋਂ ਹੀ ਮਿੱਠ-ਬੋਲੜੇ, ਸਹਿਣਸ਼ੀਲ, ਦਿਆਲੂ, ਪਰਉਪਕਾਰੀ, ਹਰਖਸੋਗ ਤੋਂ ਨਿਆਰੇ, ਨਿਰਭੈ, ਸੰਜਮੀ, ਰੱਬੀ ਰਜ਼ਾ ਵਿਚ ਖੀਵੇ ਰਹਿਣ ਵਾਲੇ, ਚੰਗੇ ਗ੍ਰਿਹਸਥੀ, ਸੱਚੇ ਕਰਮਯੋਗੀ ,ਕਥਨੀ ਤੇ ਕਰਨੀ ਦੇ ਪੂਰੇ, ਮਾਨਵਤਾਵਾਦੀ ਅਤੇ ਮੋਹ, ਮਾਇਆ ਤੋਂ ਨਿਰਲੇਪ ਰਹਿਣ ਵਾਲੇ ਮਹਾਨ ਸੰਤ ਸਨ ।

## ਟਿੱਪਣੀਆਂ ਤੇ ਹਵਾਲੇ

1. ਸਤਿਆਕੇਤੁ ਵਿਦਿਆਲੰਕਾਰ, ਭਾਰਤੀਯ ਸੰਸਕ੍ਰਿਤੀ ਔਰ ਉਨਕਾ ਇਤਿਹਾਸ, ਪੰਨਾ-47.
2. ਡਾ. ਗੋਕੁਲ ਚੰਦ ਨਾਰੰਗ, ਟਰਾਂਸਫ਼ਰਮੇਸ਼ਨ ਆਫ਼ ਸਿੱਖਇਜ਼ਮ, ਪੰਨਾ- 19.
3. ਜੀ.ਐਸ. ਸਰਦਮਾਈ, ਨਿਊ ਹਿਸਟਰੀ ਆਫ਼ ਦੀ ਮਾਰਾਠਾਜ਼, ਪੰਨਾ- 26.
4. ਐਸ.ਆਰ.ਸ਼ਰਮਾ, ਭਾਰਤ ਮੇਂ ਮੁਸਲਿਮ ਸ਼ਾਸਨ ਕਾ ਇਤਿਹਾਸ, ਪੰਨਾ- 115.
5. ਡੰਕਨ ਗਰੀਨਲੀਜ਼, ਗੌਸਪਲ ਆਫ਼ ਦੀ ਗੁਰੂ ਗ੍ਰੰਥ ਸਾਹਿਬ, ਪੰਨਾ- 20.
6. ਪੀ.ਡੀ. ਗੁਪਤਾ, ਮੱਧਕਾਲੀਨ ਭਾਰਤ, ਪੰਨਾ- 78.
7. ਐਸ.ਆਰ.ਸ਼ਰਮਾ, ਭਾਰਤ ਮੇਂ ਮੁਸਲਿਮ ਸ਼ਾਸਨ ਕਾ ਇਤਿਹਾਸ, ਪੰਨਾ- 93.
8. ਡਾ. ਈਸ਼ਵਰੀ ਪ੍ਰਸਾਦ, ਮੇਡਿਵਲ ਇੰਡੀਆ, ਪੰਨਾ- 337.
9. ਖੋਜ ਪਤ੍ਰਿਕਾ, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-74.
10. ਟਿਟਸ, ਇੰਡੀਅਨ ਇਸਲਾਮ, ਪੰਨਾ- 11-12.
11. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 18.
12. ਖੋਜ ਪਤ੍ਰਕਾ, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ -75
13. ਡਾ. ਈਸ਼ਵਰੀ ਪ੍ਰਸਾਦ, ਮੇਡਿਵਲ ਇੰਡੀਆ, ਪੰਨਾ- 337.
14. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 83.
15. -ਉਹੀ , ਪੰਨਾ- 88.
16. ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ- 190.
17. ਡਾ. ਚੰਦਰ ਦੇਵ ਰਾਇ, ਕਬੀਰ ਔਰ ਰੈਦਾਸ—ਏਕ ਤੁਲਨਾਤਮਿਕ ਅਧਿਐਨ, ਪੰਨਾ-9.
18. ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ, ਭਾਗ 11ਵਾਂ, ਪੰਨਾ- 915.
19. ਡਾ.ਹਜ਼ਾਰੀ ਪ੍ਰਸਾਦ ਦਿਵੇਦੀ, ਮੱਧਕਾਲੀਨ ਧਰਮ ਸਾਧਨਾ, ਪੰਨਾ- 58.
20. ਵਿਆਸ ਸਿਮ੍ਰਤੀ, 10/51/1.
21. -ਉਹੀ-, 8/43/1.

22 ਤੋਂ 24. ਮਨੂੰ ਸਿਮ੍ਰਤੀ, 8/27/1, 8/27/1 , 8/26/8.

25. ਐਮ.ਐਨ.ਗਫਰੋਅ, ਜਰਨਲ ਆਫ਼ ਮੇਡਿਵਲ ਇੰਡੀਅਨ ਲਿਟਰੇਚਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮਾਰਚ 1978, ਪੰਨਾ- 117.

26. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ- 78.

27. ਵਿਸ਼ੰਭਰ ਨਾਥ, ਹਿੰਦੀ ਸਾਹਿਤਯ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਪੰਨਾ- 46.

28. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਹਿੰਦੀ ਸਾਹਿਤਯ ਕਾ ਆਦਿ ਕਾਲ, ਪੰਨਾ- 45.

29. ਮਨੂੰ ਸਿਮ੍ਰਤੀ, 5/14/8.

30. ਪਰਾਸ਼ਰ ਸਿਮ੍ਰਤੀ, 4/32/33.

31. ਰਿਗਵੇਦ, 8/33/17.

32. ਸ੍ਰੀਮਦ ਭਗਵਤ ਗੀਤਾ, 9/2.

33. ਦਾਮਿ ਕਾਢਿ ਬਾਘਨਿ ਲੈ ਆਇਆ, ਮਾਉ ਕਹੈ ਮੇਰਾ ਪੂਤ ਬਿਆਹਿਆ।
ਗੀਲੀ ਲਕੜੀ ਕੋ ਘੁਣ ਲਾਇਆ, ਤਿਨ ਡਾਲ ਮੂੜ ਸਣ ਖਾਇਆ ।
ਬਾਘਨਿ ਜਿੰਦ ਲੈ ਬਾਘਨਿ ਬਿੰਦ ਲੈ, ਬਾਘਨਿ ਹਮਰੀ ਕਾਇਆ ।
ਇਨ ਬਾਘਨਿ ਤ੍ਰੈਲੋਕੀ ਖਾਈ, ਬਦਿਤ ਗੋਰਖ ਰਾਇਆ।
— ਗੋਰਖ ਨਾਥ ਕੀ ਬਾਨੀ ।

34. ਕੇ.ਐਮ.ਅਸ਼ਰਫ, ਲਾਈਫ ਐਂਡ ਕੰਡੀਸ਼ਨ ਆਫ ਦੀ ਪੀਪਲ ਆਫ ਦੀ ਹਿੰਦੁਸਤਾਨ, ਪੰ.227.

35. ਗਲਿੰਪਸਿਜ਼ ਆਫ਼ ਇੰਡੀਅਨ ਕਲਚਰ, ਪੰਨਾ- 103.

36. ਡਾ. ਪਰਮਿੰਦਰ ਸਿੰਘ, ਡਾ. ਕਸੇਲ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ-47.

37. ਡਾ. ਕਾਲਾ ਸਿੰਘ ਬੇਦੀ, ਪਰਖ, ਗੁਰੂ ਨਾਨਕ ਸਿਮ੍ਰਿਤੀ ਅੰਕ, ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ, 1969, ਪੰਨਾ- 1.

38. ਡੰਕਨ ਗ੍ਰੀਨਲੀਜ਼, ਗਸਪਲ ਆਫ ਦੀ ਗੁਰੂ ਗ੍ਰੰਥ ਸਾਹਿਬ, ਪੰਨਾ- 21.

39. ਡਾ. ਚੰਦਰ ਦੇਵ ਰਾਇ, ਕਬੀਰ ਔਰ ਰੈਦਾਸ—ਏਕ ਤੁਲਨਾਤਮਿਕ ਅਧਿਐਨ, ਪੰਨਾ-28.

40. ਡਾ. ਸ਼ਿਆਮ ਸੁੰਦਰ ਦਾਸ, ਕਬੀਰ ਗ੍ਰੰਥਾਵਲੀ, ਪੰਨਾ- 164.

41. ਡੰਕਨ ਗ੍ਰੀਨਲੀਜ਼, ਗੋਸਪਲ ਆਫ ਦੀ ਗੁਰੂ ਗ੍ਰੰਥ ਸਾਹਿਬ, ਪੰਨਾ- 20.

42. ਡਾ. ਕੇਦਾਰ ਨਾਥ ਦਿਵੇਦੀ, ਕਬੀਰ ਅਰ ਕਬੀਰ ਪੰਥ, ਪੰਨਾ- 249.

43. ਡਾ. ਈਸ਼ਵਰੀ ਪ੍ਰਸਾਦ, ਏ ਹਿਸਟਰੀ ਆਫ ਮੁਸਲਿਮ ਰੂਲ ਇਨ ਇੰਡੀਆ, ਪੰਨਾ-253.

44. ਇਨਸਾਈਕਲੋਪੀਡੀਆ ਆਫ ਰਿਲੀਜ਼ਨ ਐਂਡ ਐਥਿਕਸ, ਭਾਗ ਦੂਜਾ, ਪੰਨਾ- 619.

45. ਡਾ. ਈਸ਼ਵਰੀ ਪ੍ਰਸਾਦ , ਏ ਹਿਸਟਰੀ ਆਫ ਮੁਸਲਿਮ ਰੂਲ ਇਨ ਇੰਡੀਆ, ਪੰਨਾ- 233.

46. ਖੋਜ ਪਤ੍ਰਕਾ, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-79.

47. ਗੁਰੂ ਗ੍ਰੰਥ ਸਾਹਿਬ, ਪੰਨਾ- 858.

48. ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ- 192.

49. ਡਾ. ਤਾਰਾ ਚੰਦ, ਇਨਫਲੂਐਂਸ ਆਫ਼ ਇਸਲਾਮ ਆਨ ਇੰਡੀਅਨ ਕਲਚਰ ।

50. ਡਾ. ਪਰਮਿੰਦਰ ਸਿੰਘ, ਡਾ. ਕਸੇਲ, ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, ਪੰਨਾ-48.

51. ਆਚਾਰੀਆ ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ- 10.

52. ਮਨੂੰ ਸਿਮ੍ਰਤੀ, 1/99/100.

53. ਰਿਗਵੇਦ, 10/10/11-12.

54. ਮਨੂੰ ਸਿਮ੍ਰਤੀ, 8/21/1.

55. ਅਪਸਤੰਭ ਧਰਮ ਸੂਤਰ, 1/4/5.

56. ਸ਼ਤਪਥ ਬ੍ਰਾਹਮਣ, 3/11/10.

57. ਡੰਕਨ ਗ੍ਰੀਨਲੀਜ਼, ਗੋਸਪਲ ਆਫ਼ ਦੀ ਗੁਰੂ ਗ੍ਰੰਥ ਸਾਹਿਬ, ਪੰਨਾ- 20.

58. ਆਰ.ਐਸ. ਵੱਤਸ, ਭਗਤੀ ਕਾਵਿ, ਭਾਸ਼ਾ ਵਿਭਾਗ, ਪੰਜਾਬ, ਪੰਨਾ- 43.

59. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 83.

60. ਤੋਂ 62. ਗੁਰੂ ਗ੍ਰੰਥ ਸਾਹਿਬ, ਪੰਨਾ- 657, 694, 525.

63. ਪ੍ਰੋ. ਪ੍ਰੀਤਮ ਸਿੰਘ, ਪੰਜਾਬ ਤੇ ਪੰਜਾਬ ਉੱਤੇ ਪਏ ਬਦੇਸ਼ੀ ਪ੍ਰਭਾਵ

64. ਗੋਬਿੰਦ ਸਿੰਘ ਲਾਂਬਾ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 427.

65. -ਉਹੀ-, ਪੰਨਾ- 427.

66. ਡਾ. ਅਤਰ ਸਿੰਘ, ਪੰਜਾਬੀ ਸਭਿਆਚਾਰ ਇਕ ਸੰਵਾਦ, ਬਾਬਾ ਫਰੀਦ ਸਾਹਿਤ ਸੰਮੇਲਨ, ਫਰੀਦਕੋਟ, 1986.

67. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਇ ।

68. ਤੇ 69. ਡਾ. ਪੀ.ਐਨ. ਚੋਪੜਾ, ਸਟੱਡੀਜ਼ ਇਨ ਦੀ ਕਲਚਰਲ ਹਿਸਟਰੀ ਆਫ ਇੰਡੀਆ, ਪੰਨਾ- 285, 286.

70. ਡਾ. ਸੰਗਮ ਲਾਲ ਪਾਂਡੇ, ਸੰਤ ਰਵਿਦਾਸ ।

71. ਭਾਈ ਗੁਰਦਾਸ, ਵਾਰ 10ਵੀਂ, ਪਉੜੀ 17ਵੀਂ.

72. ਸੰਤ ਰੈਦਾਸ, ਪੰਨਾ- 1.

73. ਭਗਤ ਰਵਿਦਾਸ-ਸ੍ਰੋਤ ਪੁਸਤਕ, ਪੰਨਾ- 25.

74. ਪ੍ਰਿਥਵੀ ਸਿੰਘ ਆਜ਼ਾਦ (ਸੰਪਾ.) ਯੁੱਗ ਪ੍ਰਵਰਤਕ ਸੰਤ ਗੁਰੂ ਰਵਿਦਾਸ, ਪੰਨਾ- 90.

75 ਤੇ 76. ਗੁਰੂ ਗ੍ਰੰਥ ਸਾਹਿਬ, ਪੰਨਾ- 1293, 1293.

77. ਡਾ. ਧਰਮਪਾਲ ਸਿੰਗਲ, ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-

78. ਰੈਦਾਸ ਰਾਮਾਇਣ

79. ਡਾ. ਚੰਦਰ ਦੇਵ ਰਾਇ, ਕਬੀਰ ਔਰ ਰੈਦਾਸ--ਏਕ ਤੁਲਨਾਤਮਿਕ ਅਧਿਐਨ, ਪੰਨਾ- 72 .

80. ਭਗਤ ਰਵਿਦਾਸ-ਸ੍ਰੋਤ ਪੁਸਤਕ, ਪੰਨਾ- 30.

81. ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਨਾ- 2.

82. ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼, ਪੰਨਾ- 5.

83. ਸੰਤ ਰੈਦਾਸ, ਪੰਨਾ- 7੪

84. -ਉਹੀ-, ਪੰਨਾ- 15.

85. ਗੁਰੂ ਰਵਿਦਾਸ ਲਾਈਫ਼ ਐਂਡ ਟੀਚਿੰਗਜ਼, ਪੰਨਾ- 12.

86. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 29.

87. ਭਵਿਸ਼ਯ ਪੁਰਾਣ 4/18/50–56.

88. ਸੰਤ ਗੁਰੂ ਰਵਿਦਾਸ, ਪੰਨਾ- 8.

89. ਯੁੱਗ ਪ੍ਰਵਰਤਕ ਸੰਤ ਗੁਰੂ ਰਵਿਦਾਸ, ਪੰਨਾ- 53.

90. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 28.

91. ਪਿਤਾ ਜਾਨੀਏ ਮਾਨਦਾਸ, ਰਘੁ ਨਾਮ ਵਿਖਯਾਤ।
ਕੌਸਤੁਭ ਮਣਿ ਸਮ ਜਾਨੀਏ, ਕਰਮਾ ਦੇਵੀ ਮਾਤ। (ਰਵਿਦਾਸ ਮਹਿਮਾ)

92. ਕਬੀਰ ਔਰ ਰੈਦਾਸ --ਏਕ ਤੁਲਨਾਤਮਿਕ ਅਧਿਅਨ, ਪੰਨਾ- 79.

93. ਸੰਤ ਰਵਿਦਾਸ ਐਂਡ ਹਿਜ਼ ਟਾਈਮਜ਼, ਪੰਨਾ-6.

94. ਰੈਦਾਸ ਕੀ ਬਾਨੀ, ਪੰਨਾ-1.

95. ਸ੍ਰੀ ਰਵਿਦਾਸ ਪ੍ਰਕਾਸ਼, ਪੰਨਾ- 62.

96. ਸੰਤ ਪ੍ਰਵਰ ਰੈਦਾਸ ਸਾਹਿਬ

97. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 27–28.

98. ਸਿਖ ਰਿਲੀਜਨ, ਪੰਨਾ- 316.

99. ਰਿਲੀਜੀਅਸ ਸੇਕਟਸ ਆਫ਼ ਦੀ ਹਿਦੂੰਜ਼, ਪੰਨਾ- 28.

100. ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਪੰਨਾ- 320.

101. ਹਿੰਦੀ ਸਾਹਿਤਯ ਕਾ ਵਿਗਿਆਨਕ ਇਤਿਹਾਸ, ਪੰਨਾ- 208.

102. ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ- 75.

103. ਹਿੰਦੀ ਕੀ ਨਿਰਗੁਣ ਕਾਵਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਪੰਨਾ-33.
104. ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਸਾਹਿਤਯ ਪਰ ਉਨਕਾ ਪ੍ਰਭਾਵ, ਪੰਨਾ- 236.
105. ਭਗਤ ਬਾਣੀ ਦੀ ਖੋਜ
106. ਸਾਖੀ ਪ੍ਰਮਾਣ ਸਟੀਕ, ਅੰਮ੍ਰਿਤਸਰ, ਪੰਨਾ- 72.
107. ਪ੍ਰਾਚੀਨ ਜੀਵਨ ਕਥਾ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 11.
108. ਗੁਰੂ ਨਾਨਕ ਐਂਡ ਦੀ ਸਿਖ ਰਿਲੀਜਨ, ਪੰਨਾ- 154.
109. ਹਿੰਦੀ ਸਾਹਿਤਯ ਕੋਸ਼, ਭਾਗ-2, ਪੰਨਾ- 506.
110. ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 223.
111. ਕਬੀਰ ਔਰ ਰੈਦਾਸ-ਏਕ ਤੁਲਨਾਤਮਿਕ ਅਧਿਐਨ, ਪੰਨਾ-79.
112. ਸੰਤ ਪ੍ਰਵਰ ਰੈਦਾਸ ਸਾਹਿਬ, ਪੰਨਾ- 16.
113. ਸੰਤ ਰੈਦਾਸ, ਪੰਨਾ- 14.
114. ਸੰਤ ਰਵਿਦਾਸ ਵਿਚਾਰਕ ਔਰ ਕਵੀ, ਪੰਨਾ- 33.
115. ਭਗਤ ਰਵਿਦਾਸ-ਸ੍ਰੋਤ ਪੁਸਤਕ, ਪੰਨਾ- 34.
116. ਗੁਰੂ ਰਵਿਦਾਸ ਲਾਈਫ਼ ਐਂਡ ਟੀਚਿੰਗਜ਼, ਪੰਨਾ- 17.
117. -ਉਹੀ-, ਪੰਨਾ- 19.
118. ਰਬ ਰੈਦਾਸ ਵਿਚਾਰੀ ਬਾਤਾ, ਗੁਰੁ ਸਮਾਨ ਕਬੀਰ ਬੜ ਭ੍ਰਾਤਾ।

(ਹੱਥ ਲਿਖਤ ਨੰ: 1843, ਸਿਟੀ ਪੈਲੇਸ, ਜੋਧਪੁਰ ਮਿਤੀ 1655 ਈ.)

119. ਆਦਿ ਧਰਮ ਮਿਸ਼ਨ, ਸ੍ਰੀ ਗੁਰੂ ਰਵਿਦਾਸ ਨਿੱਤ ਕਰਤਵਯ ।
120. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਕੀ ਭਕਤੀ ਸਾਧਨਾ, ਪੰਨਾ- 50.
121. ਡਾ. ਕਾਲਾ ਸਿੰਘ ਬੇਦੀ, ਪੰਜਾਬੀ ਦੁਨੀਆ, ਗੁਰੂ ਰਵਿਦਾਸ ਵਿਸ਼ੇਸ਼ ਅੰਕ, ਜੁਲਾਈ-ਅਗਸਤ 1971, ਪੰਨਾ- 180.
122. ਰਾਮਾਨੰਦ ਸੁਆਮੀ ਰਮਤ ਬ੍ਰਹਮ ਗੁਰ ਕਾ ਸਬਦੁ ਕਾਟੈ ਕੋਟਿ ਭਰਮ ।

--ਗੁਰੂ ਗ੍ਰੰਥ ਸਾਹਿਬ, ਪੰਨਾ- 1195.

123. ਡਾ. ਕਾਲਾ ਸਿੰਘ ਬੇਦੀ, ਪੰਜਾਬੀ ਦੁਨੀਆ, ਜੁਲਾਈ-ਅਗਸਤ 1971, ਪੰਨਾ- 180.
124. ਗੁਰਮਤਿ ਪ੍ਰਕਾਸ਼, ਭਗਤ ਸਾਹਿਬਾਨ ਵਿਸ਼ੇਸ਼ ਅੰਕ, ਸ੍ਰੀ ਅੰਮ੍ਰਿਤਸਰ, ਜੂਨ 1993, ਪੰਨਾ- 128.
125. ਡਾ. ਚੰਦਰ ਦੇਵ ਰਾਇ, ਕਬੀਰ ਔਰ ਰੈਦਾਸ--ਏਕ ਤੁਲਨਾਤਮਿਕ ਅਧਿਐਨ, ਪੰਨਾ-79.
126. ਭਗਤ ਰਵਿਦਾਸ-ਸ੍ਰੋਤ ਪੁਸਤਕ, ਪੰਨਾ- 36.
127. -ਉਹੀ-, ਪੰਨਾ- 36.

128. ਗੁਰੂ ਗ੍ਰੰਥ ਸਾਹਿਬ, ਪੰਨਾ- 733.

129. -ਉਹੀ-, ਪੰਨਾ- 1293.

130. ਗੁਰੂ ਰਵਿਦਾਸ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, ਪੰਨਾ- 16.

131. ਗੁਰੂ ਰਵਿਦਾਸ ਲਾਈਫ ਐਂਡ ਟੀਚਿੰਗਜ਼, ਪੰਨਾ- 14.

132. ਗੁਰੂ ਰਵਿਦਾਸ, ਨੈਸ਼ਨਲ ਬੁੱਕ ਟਰਸਟ, ਨਵੀਂ ਦਿੱਲੀ, ਪੰਨਾ- 16.

133. ਪ੍ਰਸੰਗ ਪ੍ਰਭਾਤ, ਪੰਨਾ- 10.

134. ਰੈਦਾਸ ਰਾਮਾਇਣ, ਪੰਨਾ- 81.

135. ਸ੍ਰੀ ਰਵਿਦਾਸ ਪ੍ਰਕਾਸ਼, ਪੰਨਾ- 346-49.

136. ਸੰਤ ਰਵਿਦਾਸ-ਵਿਚਾਰਕ ਔਰ ਕਵੀ, ਪੰਨਾ- 38.

137. ਗੁਰੂ ਰਵਿਦਾਸ ਲਾਈਫ ਐਂਡ ਟੀਚਿੰਗਜ਼, ਪੰਨਾ- 20.

138. ਡਾ. ਧਰਮਪਾਲ ਸਿੰਗਲ, ਪ੍ਰਾਚੀਨ ਜੀਵਨ ਕਥਾ-ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 67.

139. ਸਾਧਨ ਮੇਂ ਰਵਿਦਾਸ ਸੰਤ, ਪਟਿਆਲਾ, ਪੰਨਾ- 71.

140. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 39 ਤੋਂ ਉਧ੍ਰਿਤ ।

141. ਗੁਰੂ ਗ੍ਰੰਥ ਸਾਹਿਬ, ਪੰਨਾ- 487.

142. ਸੰਦੇਹ ਗ੍ਰੰਥ ਖੰਡਨ ਨਿਪੁਨ, ਬਾਨਿ ਵਿਮਲ ਰੈਦਾਸ ਕੀ।
ਸਦਾਚਾਰ ਸ਼੍ਰੁਤੀ ਸ਼ਾਸਤ੍ਰ, ਬਚਨ ਅਬਿਰੁੱਧ ਉਚਾਰਯੋ।
ਨੀਰ ਖੀਰ ਬਿਬਰਨ ਪਰਮ ਹੰਸਨਿ ਉਰ ਧਾਰਿਓ ।

143. ਜਰਨਲ ਆਫ ਸਿਖ ਸਟੱਡੀਜ਼, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਫਰਵਰੀ 1978, ਪੰਨਾ- 57.

144 ਤੇ 145. ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ- 279, 279.

146. ਸੰਤ ਗੁਰੂ ਰਵਿਦਾਸ ਵਾਣੀ ,ਚੰਡੀਗੜ੍ਹ

147. ਭਗਤ ਰਵਿਦਾਸ-ਸ੍ਰੋਤ ਪੁਸਤਕ, ਪੰਨਾ- 278.


---

# ਅਧਿਆਇ ਦੂਜਾ

## ਭਾਰਤੀ ਦਰਸ਼ਨ

# ਭਾਰਤੀ ਦਰਸ਼ਨ

## 2.1. ਦਰਸ਼ਨ ਦੀ ਪਰਿਭਾਸ਼ਾ

'ਦਰਸ਼ਨ' ਸ਼ਬਦ ਸੰਸਕ੍ਰਿਤ ਦੇ ਧਾਤੂ 'ਦ੍ਰਿਸ਼ਯ' ਤੋਂ ਨਿਕਲਿਆ ਹੈ ਜਿਸ ਦਾ ਸਾਧਾਰਨ ਅਰਥ 'ਦੇਖਣਾ' ਅਤੇ ਸ਼ਾਬਦਿਕ ਅਰਥ'ਪ੍ਰਤੱਖ ਗਿਆਨ' ਹੈ। 'ਦੇਖਣ' ਦਾ ਇਕ ਅਰਥ ਬੁੱਧੀ ਦੇ ਪ੍ਰਕਾਸ਼ ਵਿਚ ਸੱਚ ਨੂੰ ਪ੍ਰਾਪਤ ਕਰਨਾ ਹੈ। ਅੰਗਰੇਜ਼ੀ ਵਿਚ 'ਦਰਸ਼ਨ' ਨੂੰ ਫਿਲਾਸਫ਼ੀ ਕਹਿੰਦੇ ਹਨ। ਫਿਲਾਸਫ਼ੀ(Philosophy ) ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ'Philos' (ਪ੍ਰੇਮ) ਅਤੇ 'Sophia' (ਵਿਦਿਆ,ਗਿਆਨ) ਤੋਂ ਬਣਿਆ ਹੈ। ਇਸ ਪ੍ਰਕਾਰ 'ਫਿਲਾਸਫ਼ੀ' ਦਾ ਸ਼ਾਬਦਿਕ ਅਰਥ 'ਵਿਦਿਆ ਜਾਂ ਗਿਆਨ ਲਈ ਪ੍ਰੇਮ' ਹੈ। 'ਇਸ ਅਰਥ ਵਿਚ ਫਿਲਾਸਫ਼ੀ ਦਾ ਅਰਥ ਹੈ- "ਗਿਆਨ ਪ੍ਰਾਪਤ ਕਰਨ ਦੀ ਇੱਛਾ"ਅਤੇ 'ਪ੍ਰਾਪਤੀ ਗਿਆਨ'।'ਗਿਆਨ ਗਿਆਨ ਦੇ ਲਈ','ਸਤਯ ਦੀ ਖੋਜ', 'ਗਿਆਨ ਦੀ ਤ੍ਰਿਸ਼ਨਾ' ਦਾ ਸੰਬੰਧ ਵੀ ਦਰਸ਼ਨ ਨਾਲ ਮੰਨਿਆ ਜਾਂਦਾ ਹੈ।"[1] ਹਿੰਦੂਆਂ ਵਿਚ ਫਿਲਾਸਫ਼ੀ ਦਾ ਨਾਂ ਕੁਝ ਹੋਰ ਨਾ ਹੋ ਕੇ 'ਦਰਸ਼ਨ' ਹੈ, ਜਿਹੜਾ ਆਪਣੇ ਆਪ ਵਿਚ ਅਰਥਪੂਰਨ ਹੈ। ਅਸੀਂ ਦਰਸ਼ਨ ਉਸ ਵਿਦਿਆ ਨੂੰ ਕਹਿੰਦੇ ਹਾਂ, ਜਿਹੜੀ ਸੋਚ ਕੇ ਨਹੀਂ, ਵੇਖ ਕੇ ਲਿਖੀ ਗਈ ਸੀ, ਅਤੇ ਸਾਡੇ ਸਾਰੇ ਦਰਸ਼ਨਾਂ ਦਾ ਮੂਲ, ਸਾਰਾ ਉਪਨਿਸ਼ਦ ਸਾਹਿਤ ਹੀ ਰਿਸ਼ੀਆਂ ਰਾਹੀਂ ਵੇਖ ਕੇ ਲਿਖਣ ਦਾ ਨਤੀਜਾ ਹੈ।[2] ਇਸ ਪ੍ਰਕਾਰ ਰਿਸ਼ੀਆਂ ਨੇ ਅੰਤਰ-ਦ੍ਰਿਸ਼ਟੀ ਵਿਚ ਜੋ ਵੀ ਅਨੁਭੂਤੀਆਂ ਪ੍ਰਾਪਤ ਕੀਤੀਆਂ,ਉਨ੍ਹਾਂ ਅਨੁਭੂਤੀਆਂ ਦਾ ਵਿਕਾਸ ਹੀ ਭਾਰਤੀ ਦਰਸ਼ਨ ਦੇ ਅਨੇਕ ਵਾਦਾਂ ਵਿਚ ਹੋਇਆ ਹੈ।

ਭਾਰਤੀ ਸਾਹਿਤ ਵਿਚ ਦਰਸ਼ਨ ਨੂੰ ਅਨੁਭਵੀ ਗਿਆਨ ਦਾ ਪ੍ਰਕਾਸ਼ ਅਤੇ ਬ੍ਰਹਮ ਗਿਆਨ ਸਵੀਕਾਰਿਆ ਗਿਆ ਹੈ। ਪ੍ਰੋ. ਜੋਗਿੰਦਰ ਸਿੰਘ ਅਨੁਸਾਰ, "ਦਰਸ਼ਨ ਦਾ ਭਾਵ ਹੈ ਪ੍ਰਤੱਖ ਗਿਆਨ, ਸਾਖਿਆਤਕਾਰ, ਉਸ ਪਰਮ ਤੱਤ ਨੂੰ ਸਾਖਿਅਤ ਕਰਨਾ,ਗਿਆਨ ਦੀ ਸੀਮਾ ਵਿਚ ਲਿਆਉਣਾ,ਜਿਹੜਾ ਇਕ ਹੈ, ਸਭ ਥਾਂ ਪਸਰਿਆ ਹੋਇਆ, ਸਰਬ ਸ਼ਕਤੀਮਾਨ ਹੈ, ਸਰਬ ਪਾਸਾਰੇ ਦਾ ਮੂਲ ਹੈ।"[3] ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਬ੍ਰਹਮ ਗਿਆਨ ਨੂੰ ਉੱਚਤਮ ਦਰਸ਼ਨ ਮੰਨਿਆ ਹੈ, ਆਪ ਲਿਖਦੇ ਹਨ ਕਿ ਬ੍ਰਹਮ ਗਿਆਨ ਦਾ ਅਰਥ ਹੈ ਉੱਚਤਮ ਦਰਸ਼ਨ ਜਿਸ ਤੇ ਪੁੱਜ ਕੇ ਮਾਨਵੀ ਬੁੱਧੀ ਅਤੇ ਚੇਤਨਾ ਵਿਸ਼ਵ,ਬ੍ਰਹਿਮੰਡ ਦੇ ਤੱਤ, ਉਸ ਦੀ ਅੰਤਰੀਵ ਅਤੇ ਗੁੱਝੀ ਹਕੀਕਤ ਦਾ ਅਨੁਭਵ ਕਰਨ ਦੇ ਸਮਰਥ ਹੋ ਜਾਂਦੀ ਹੈ।[4]

ਦੁਨਿਆਵੀ ਜੀਵਾਂ ਵਿਚ ਮਾਨਵ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਹੈ, ਮਨੁੱਖ ਨੂੰ ਬ੍ਰਹਮ ਦੀ ਅੰਸ਼[5] ਮੰਨਿਆ ਗਿਆ ਹੈ, ਯਹੂਦੀ ਮੱਤ ਅਨੁਸਾਰ ਪਰਮਾਤਮਾ ਨੇ ਇਨਸਾਨ ਨੂੰ ਆਪਣੀ ਸ਼ਕਲ ਉਤੇ ਬਣਾਇਆ ਹੈ[6] ਅਰਥਾਤ "ਆਪਣੀ ਸ਼ਕਲ" ਦਾ ਇਸ਼ਾਰਾ ਪੰਜਾਂ ਤੱਤਾਂ ਦੇ ਨਾਸ਼ਵਾਨ ਸਰੀਰ ਵਲ ਨਹੀਂ, ਇਸ ਵਿਚ ਕੰਮ ਕਰ ਰਹੇ ਆਤਮਾ ਰੂਪੀ ਤੱਤ ਵਲ ਹੈ। ਬਾਈਬਲ ਅਨੁਸਾਰ, "ਆਤਮਾ ਪਰਮਾਤਮਾ ਦੀ ਜੋਤਿ ਹੈ।[7] ਕਿਉਂ ਕਿ ਪਰਮਾਤਮਾ ਨੇ ਇਸ ਵਿਚ ਆਪਣਾ ਪ੍ਰਕਾਸ਼ ਰਖਿਆ ਹੈ। ਇਸ ਪ੍ਰਕਾਰ ਮਨੁੱਖ ਇਕ ਵਿਵੇਕਸ਼ੀਲ ਪ੍ਰਾਣੀ ਹੈ, ਇਸ ਲਈ ਉਸ ਨੇ ਆਰੰਭ ਤੋਂ ਹੀ ਸ੍ਰਿਸ਼ਟੀ ਦੀ ਹਰ ਵਸਤੂ ਨੂੰ ਬੁੱਧੀ ਦੀ ਕਸੌਟੀ ਤੇ ਪਰਖਣ ਦਾ ਯਤਨ ਕੀਤਾ ਹੈ। ਕੁਦਰਤ ਅਤੇ ਜੀਵਨ ਦੇ ਰਹੱਸ-ਮਈ ਭੇਦਾਂ ਨੂੰ ਜਾਨਣ ਅਤੇ ਸਮਝਣ ਦੀ ਤੀਬਰ ਇੱਛਾ ਹੀ ਦਰਸ਼ਨ ਹੈ।

ਆਦਿਮ ਕਾਲੀਨ ਤੋਂ ਹੀ ਮਨੁੱਖ ਇਹ ਜਾਨਣ ਵਲ ਰੁਚਿਤ ਰਿਹਾ ਹੈ ਕਿ ਉਸ ਦੇ ਜੀਵਨ ਦਾ ਕੀ ਅਰਥ ਜਾਂ ਉਦੇਸ਼ ਹੈ? ਉਸ ਦੇ ਜਨਮ-ਮਰਨ ਦਾ ਕੀ ਭੇਦ ਹੈ? ਆਤਮਾ ਕੀ ਹੈ ? ਬ੍ਰਹਮ ਕੀ ਹੈ? ਇਸ ਦੁਨੀਆਂ ਦੀ ਅਸਲੀਅਤ ਕੀ ਹੈ? ਇਸ ਬ੍ਰਹਿਮੰਡ ਦੀ ਉਤਪਤੀ ਕਿਵੇਂ ਹੋਈ? ਇਸ ਸਭ ਪਾਸਾਰੇ ਪਿਛੇ ਕਿਹੜੀ ਤਾਕਤ ਕੰਮ ਕਰ ਰਹੀ ਹੈ? ਦਰਸ਼ਨ ਇਨ੍ਹਾਂ ਸਾਰੇ ਪ੍ਰਸ਼ਨਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਸਮਾਧਾਨ ਕਰਨ ਦੀ ਇਕ ਵਿਧੀ ਪੂਰਵਕ ਕੋਸ਼ਿਸ਼ ਹੈ। ਡਾ. ਬਲਦੇਵ ਉਪਾਧਿਆਇ 'ਦਰਸ਼ਨ'ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ,"ਦ੍ਰਸ਼ਯਤੇ ਅਨੇਨ ਇਤਿ ਦਰਸ਼ਨਮ" ਅਰਥਾਤ ਜਿਸ ਦੁਆਰਾ ਵੇਖਿਆ ਜਾਵੇ,ਅਸੀਂ ਕੌਣ ਹਾਂ? ਕਿਥੋਂ ਆਏ ਹਾਂ? ਇਸ ਦ੍ਰਿਸ਼ਟਮਾਨ ਜਗਤ ਦਾ ਸੱਚਾ ਸਰੂਪ ਕੀ ਹੈ? ਇਸ ਦੀ ਉਤਪਤੀ ਕਿਥੋਂ ਹੋਈ? ਇਸ ਸ੍ਰਿਸ਼ਟੀ ਦਾ ਸਿਰਜਣਹਾਰ ਕੌਣ ਹੈ? ਆਦਿ ਪ੍ਰਸ਼ਨਾਂ ਦੇ ਉੱਤਰ ਦੇਣ ਨੂੰ ਹੀ ਦਰਸ਼ਨ ਕਹਿੰਦੇ ਹਨ।"[8]

ਅਧਿਆਤਮਕ ਖੇਤਰ ਵਿਚ ਦਰਸ਼ਨ ਦਾ ਸੰਬੰਧ ਸਾਧਾਰਨ ਗਿਆਨ ਨਾਲ ਨਾ ਹੋ ਕੇ ਆਤਮ-ਗਿਆਨ ਨਾਲ ਹੈ। ਭਾਰਤੀ ਪਰੰਪਰਾ ਵਿਚ 'ਦਰਸ਼ਨ' ਦਾ ਅਰਥ'ਅੰਤਰ ਦ੍ਰਿਸ਼ਟੀ' ਅਥਵਾ 'ਮਨ ਦੇ ਨੇਤਰ ਨਾਲ ਦੇਖਣ' ਤੋਂ ਲਿਆ ਗਿਆ ਹੈ। ਇਹ ਇਕ ਅਜਿਹਾ ਅਧਿਆਤਮਕ ਅਨੁਭਵ ਹੈ ਜਿਹੜਾ ਜੀਵ ਨੂੰ ਸੱਚਾਈ ਦੇ ਦਰਸ਼ਨ ਕਰਵਾਉਂਦਾ ਹੈ। 'ਜਗਤ ਕੀ ਹੈ? ਇਹ ਜਿਗਿਆਸਾ ਦਰਸ਼ਨ ਦਾ ਆਧਾਰ ਹੈ। ਇਹ ਇਕ ਪੱਧਤੀ ਵੀ ਹੈ। ਵਸਤੂ ਦੇਖਣ ਦੇ ਦੋ ਸਾਧਨ ਹਨ-- ਪ੍ਰਤੱਖੀ-ਕਰਨ ਅਤੇ ਹੇਤੂਵਾਦ, ਦਰਸ਼ਨ ਦੋਹਾਂ ਦਾ ਬੋਧ ਕਰਵਾਉਂਦਾ ਹੈ। ਦਰਸ਼ਨ ਨੂੰ ਮਨੁੱਖ ਦੀ ਦਿੱਵ ਅੱਖ ਵੀ ਕਿਹਾ ਜਾ ਸਕਦਾ ਹੈ।"[9] ਭਾਰਤੀ ਦਰਸ਼ਨ ਅੰਦਰ ਦ੍ਰਿਸ਼ਟਮਾਨ ਜਗਤ ਦਾ ਨਿਰਮਾਣ ਕਰਨ ਵਾਲੀਆਂ ਕਿਰਿਆਵਾਂ ਨਾ ਆ ਕੇ ਆਂਤਰਿਕ ਜੀਵਨ ਸਿਰਜਣਾ ਕਰਨ ਵਾਲੀਆਂ ਕਿਰਿਆਵਾਂ ਆਉਂਦੀਆਂ ਹਨ।

ਇਸ ਲਈ ਦਰਸ਼ਨ ਨੂੰ ਆਤਮ-ਗਿਆਨ ਦੀ ਸੰਗਿਆ ਦਿੱਤੀ ਜਾਂਦੀ ਹੈ।[10] ਇਸ ਪ੍ਰਕਾਰ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਆਤਮਾ ਦੀ ਜਿਗਿਆਸਾ ਤੇ ਤੱਥ ਦੀ ਪ੍ਰਾਪਤੀ ਦੇ ਸਾਧਨ ਅਤੇ ਸਾਖਿਆਤ ਅਨੁਭਵ ਤੇ ਆਨੰਦ-ਪ੍ਰਕਾਸ਼ ਦੀ ਸਿੱਧੀ ਨੂੰ ਦਰਸ਼ਨ ਜਾਂ ਫਲਸਫਾ ਮੰਨਿਆ ਗਿਆ ਹੈ।

## 2.2 ਭਾਰਤੀ ਦਰਸ਼ਨ ਦਾ ਮੂਲ ਮੰਤਵ

ਕੌਟਲਿਆ ਦਾ ਕਥਨ ਹੈ ਕਿ ਦਰਸ਼ਨ ਸ਼ਾਸਤਰ ਦੂਸਰੇ ਸਭ ਵਿਸ਼ਿਆਂ ਲਈ ਦੀਪਕ ਦਾ ਕਾਰਜ ਕਰਦਾ ਹੈ, ਇਹ ਸਮਸਤ ਕਾਰਜਾਂ ਦਾ ਸਾਧਨ ਅਤੇ ਸਮਸਤ ਕਰਤੱਵ- ਕਰਮਾਂ ਦਾ ਮਾਰਗ ਦਰਸ਼ਕ ਹੈ।[11] ਡਾ. ਐਸ. ਰਾਧਾਕ੍ਰਿਸ਼ਨਨ ਅਨੁਸਾਰ, "ਦਰਸ਼ਨ ਦਾ ਪ੍ਰਯੋਜਨ ਹੀ ਇਹ ਹੈ ਕਿ ਉਹ ਜੀਵਨ ਨੂੰ ਸੰਜਮ ਵਿਚ ਲਿਆਏ ਅਤੇ ਕਾਰ ਵਿਹਾਰ ਦੀ ਅਗਵਾਈ ਕਰੇ। ਉਹ ਮੁਹਾਣਾ ਬਣ ਕੇ ਬੇੜੀ ਦੇ ਚੱਪੂ ਚਲਾਉਂਦਾ ਹੈ ਅਤੇ ਉਥਲ-ਪੁਥਲ ਭਰੇ ਭਵ-ਸਾਗਰ ਦੇ ਸੰਕਟਾਂ ਵਿਚੋਂ ਸਾਡਾ ਰਾਹ ਕੱਢਦਾ ਹੈ।"[12] ਪ੍ਰੋਫੈਸਰ ਐਮ. ਹਿਰਿਯਾਣਾ ਅਨੁਸਾਰ, "ਦਰਸ਼ਨ ਜੀਵਨ ਦਾ ਮਾਰਗ ਹੈ, ਕੇਵਲ ਵਿਚਾਰ ਦਾ ਰਸਤਾ ਨਹੀਂ ਹੈ।"[13] ਭਾਰਤੀ ਦਰਸ਼ਨ ਦਾ ਮੂਲ ਪ੍ਰਯੋਜਨ ਕੇਵਲ ਬੌਧਿਕ ਤ੍ਰਿਸ਼ਨਾ ਤੋਂ ਮੁਕਤ ਹੋਣਾ ਹੀ ਨਹੀਂ ਬਲਕਿ ਜੀਵਨ ਮਾਰਗ ਦਰਸ਼ਨ ਨੂੰ ਜਾਣਨਾ ਹੈ, ਦੁੱਖਾਂ, ਕਸ਼ਟਾਂ ਅਤੇ ਅਗਿਆਨਤਾ ਆਦਿ ਨੂੰ ਦੂਰ ਕਰਕੇ ਪਰਮ-ਸ਼ਾਂਤੀ ਦੀ ਖੋਜ ਕਰਨਾ ਹੈ। 'ਬ੍ਰਿਹਦਾਰਣਯਕ ਉਪਨਿਸ਼ਦ ਦਾ ਕਥਨ ਹੈ: ਮੈਨੂੰ ਅ-ਵਾਸਤਵਿਕਤਾ ਤੋਂ ਵਾਸਤਵਿਕਤਾ ਦਾ ਗਿਆਨ ਦਿਉ। – ਮੈਨੂੰ ਅੰਧਕਾਰ ਚੋਂ ਕੱਢ ਕੇ ਜਿਓਤੀ(ਪ੍ਰਕਾਸ਼) ਦਿਉ। –ਮ੍ਰਿਤੂ ਤੋਂ ਅਮਰ ਬਣਾਉ।"[14]

ਭਾਰਤੀ ਦਰਸ਼ਨ ਅਨੁਸਾਰ ਧਰਮ, ਅਰਥ, ਕਾਮ, ਮੋਕਸ਼ ਆਦਿ ਮਾਨਵ-ਜੀਵਨ ਦੇ ਮੁੱਲ ਅਥਵਾ ਕਦਰਾਂ-ਕੀਮਤਾਂ ਹਨ। ਇਨ੍ਹਾਂ ਚਾਰ ਮੁੱਲਾਂ ਵਿਚੋਂ ਪਹਿਲੇ ਤਿੰਨ ਸੰਸਾਰਿਕ ਜੀਵਨ ਨਾਲ ਸੰਬੰਧਿਤ ਹਨ ਜਿਨ੍ਹਾਂ ਨੂੰ 'ਤ੍ਰਿਵਰਗ' ਕਿਹਾ ਗਿਆ ਹੈ ਅਤੇ ਚੌਥਾ ਮੋਕਸ਼ ਅਥਵਾ ਮੁਕਤੀ ਪਾਰਲੌਕਿਕ ਮੁੱਲ ਹੈ, ਇਸ ਨੂੰ 'ਅਪਵਰਗ' ਕਿਹਾ ਜਾਂਦਾ ਹੈ। ਚਾਰਵਾਕ ਨੂੰ ਛੱਡ ਕੇ ਭਾਰਤੀ ਦਰਸ਼ਨ ਦੀਆਂ ਸਾਰੀਆਂ ਦਾਰਸ਼ਨਿਕ ਪ੍ਰਣਾਲੀਆਂ ਇਨ੍ਹਾਂ ਚਾਰ ਮੁੱਲਾਂ ਨੂੰ ਸਵੀਕਾਰ ਕਰਦੀਆਂ ਹਨ। ਚਾਰਵਾਕ ਸਿਰਫ 'ਕਾਮ'(ਸੁੱਖ) ਅਤੇ ਉਸ ਨੂੰ ਪ੍ਰਾਪਤ ਕਰਨ ਦੇ ਸਾਧਨ 'ਅਰਥ' ਨੂੰ ਮੁੱਲ ਸਵੀਕਾਰਦਾ ਹੈ ਅਤੇ ਉਹ 'ਕਾਮ' ਨੂੰ ਹੀ ਪਰਮ ਪੁਰਸ਼ਾਰਥ ਅਥਵਾ ਮੁੱਲ ਕਹਿੰਦਾ ਹੈ। ਪ੍ਰੰਤੂ ਭਾਰਤ ਦੀਆਂ ਬਾਕੀ ਸਮਸਤ ਦਾਰਸ਼ਨਿਕ ਪ੍ਰਣਾਲੀਆਂ 'ਮੋਕਸ਼' ਨੂੰ ਪਰਮ ਮੁੱਲ ਮੰਨਦੀਆਂ ਹਨ। ਮੋਕਸ਼ ਪ੍ਰਾਪਤੀ ਲਈ ਦਾਰਸ਼ਨਿਕ ਗਿਆਨ ਅਥਵਾ ਬ੍ਰਹਮ ਵਿਦਿਆ ਨੂੰ ਮੂਲ ਆਧਾਰ ਸਵੀਕਾਰ ਕੀਤਾ ਗਿਆ ਹੈ। ਸਮੁੱਚਾ ਭਾਰਤੀ ਦਰਸ਼ਨ ਜੀਵਨ ਦੇ ਦੁੱਖਾਂ, ਕਸ਼ਟਾਂ, ਨਿਰਾਸ਼ਾ ਅਤੇ ਅਗਿਆਨਤਾ ਆਦਿ ਦੀ ਸਮੱਸਿਆ

ਤੋਂ ਸ਼ੁਰੂ ਹੁੰਦਾ ਹੈ ਅਤੇ ਇਨ੍ਹਾਂ ਦਾ ਸਮਾਧਾਨ ਮੁਕਤੀ ਦੁਆਰਾ ਕਰਦਾ ਹੈ।

ਭਾਰਤ ਦੀਆਂ ਸਾਰੀਆਂ ਦਾਰਸ਼ਨਿਕ ਪ੍ਰਣਾਲੀਆਂ ਮਨੁੱਖੀ ਜੀਵਨ ਦੇ ਦੁੱਖਾਂ ਅਥਵਾ ਬੰਧਨਾਂ ਦੇ ਕਾਰਨ ਖੋਜਣ ਵਿਚ ਵਿਅਸਤ ਰਹੀਆਂ ਹਨ। ਮਹਾਤਮਾ ਬੁੱਧ ਦਾ ਸਪਸ਼ਟ ਮੱਤ ਸੀ ਕਿ ਦੁੱਖ ਹੈ, ਦੁੱਖ ਦਾ ਕਾਰਨ ਹੈ ਅਤੇ ਕਾਰਨ ਨੂੰ ਦੂਰ ਕੀਤਾ ਜਾ ਸਕਦਾ ਹੈ। ਇਨ੍ਹਾਂ ਦੁੱਖਾਂ ਨੂੰ ਨਸ਼ਟ ਕਰਕੇ ਕਿਵੇਂ ਇਨ੍ਹਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਸਾਰੇ ਦਰਸ਼ਨ ਇਸ ਦੀ ਖੋਜ ਵਿਚ ਲੱਗੇ ਰਹੇ ਅਤੇ ਲੱਗੇ ਹੋਏ ਹਨ। ਮਾਨਵ ਜੀਵਨ, ਜਨਮ-ਮੌਤ, ਦੁੱਖ-ਸੁੱਖ ਅਤੇ ਇਸ ਵਿਸ਼ਵ ਦੇ ਰਹੱਸ ਨੂੰ ਜਾਨਣ ਤੇ ਸਮਝਣ ਲਈ ਭਾਰਤੀ ਦਰਸ਼ਨ ਵਿਚ ਤੇਜ ਤੇ ਤੀਖਣ ਬੁੱਧੀ ਉੱਪਰ ਬਲ ਦਿੱਤਾ ਗਿਆ ਹੈ। ਵਿਦਿਆਵਾਨ ਅਤੇ ਗਿਆਨਵਾਨ ਹੋ ਕੇ ਹੀ ਜੀਵ ਪ੍ਰਕ੍ਰਿਤੀ ਦੇ ਭੇਦਾਂ ਨੂੰ ਸਮਝਣ ਦੀ ਸਮਰੱਥਾ ਆਪਣੇ ਅੰਦਰ ਪੈਦਾ ਕਰ ਸਕਦਾ ਹੈ।

ਭਾਰਤ ਦੇ ਤਪੋਵਨ ਨਿਵਾਸੀ ਪ੍ਰਾਚੀਨ ਦਾਰਸ਼ਨਿਕਾਂ(ਰਿਸ਼ੀਆਂ) ਨੇ ਸੰਸਾਰਿਕ ਰਹੱਸ ਨੂੰ ਸਮਝਣ, ਅਨੇਕਤਾ ਵਿਚੋਂ ਏਕਤਾ ਅਤੇ ਇਕਰੂਪਤਾ ਖੋਜਣ ਪ੍ਰਤੀ ਪ੍ਰਸ਼ੰਸਾਯੋਗ ਅਤੇ ਗੌਰਵਮਈ ਪ੍ਰਯਤਨ ਕੀਤੇ ਹਨ। ਮਹਾਂਰਿਸ਼ੀ ਅਰਵਿੰਦੂ ਘੋਸ਼ ਦਾ ਕਥਨ ਹੈ ਕਿ ਪ੍ਰਾਚੀਨ ਭਾਰਤ ਦੀ ਉਸਾਰੀ ਵੇਦ ਤੇ ਉਪਨਿਸ਼ਦਾਂ ਨੇ ਕੀਤੀ ਅਤੇ ਭਗਤੀ ਭਾਵ ਵਾਲੇ ਰਿਸ਼ੀਆਂ-ਮੁਨੀਆਂ ਦੇ ਦਰਸ਼ਨਾਂ(ਫਲਸਫਿਆਂ) ਨੇ ਹੀ ਰਾਸ਼ਟਰ ਦੀ ਸਿਰਜਣਾ ਕੀਤੀ।[15] ਇਸ ਸੰਦਰਭ ਵਿਚ ਡਾ. ਸੀਤਾ ਰਾਮ ਬਾਹਰੀ ਦਾ ਨਿਮਨ ਲਿਖਤ ਕਥਨ ਵਾਚਣਯੋਗ ਹੈ:

> ਸੱਚਾ ਦਾਰਸ਼ਨਿਕ ਤ੍ਰਿਕਾਲ-ਦਰਸ਼ੀ ਹੁੰਦਾ ਹੈ। ਉਹ ਸੱਚ ਨੂੰ ਵੇਖਦਾ ਹੈ ਹੋਰਨਾਂ ਨੂੰ ਵਿਖਾਉਂਦਾ ਵੀ ਹੈ, ਆਪ ਤਰਦਾ ਹੈ ਹੋਰਨਾਂ ਨੂੰ ਤਰਾਉਂਦਾ ਵੀ ਹੈ। ਇਹੋ ਕਾਰਨ ਹੈ ਕਿ ਵਾਲਮੀਕ ਰਿਖੀ ਬ੍ਰਹਮ ਗਿਆਨੀ ਵੀ ਸਨ ਤੇ ਮਹਾਨ ਕਵੀ ਵੀ,ਉਹ ਆਸ਼੍ਰਮ ਦੇ ਸੰਚਾਲਕ ਵੀ ਸਨ ਤੇ ਨਿਥਾਂਵਿਆਂ ਦੇ ਸੇਵਕ ਵੀ।[16]

ਭਾਰਤੀ ਦਰਸ਼ਨ ਵਿਚ ਜੀਵ-ਆਤਮਾ ਨੂੰ ਸਰਬ-ਉੱਚ ਸਥਾਨ ਪ੍ਰਾਪਤ ਹੈ ਕਿਉਂ ਕਿ ਆਤਮਾ ਬ੍ਰਹਮ ਦੀ ਅੰਸ਼ ਹੈ ਅਤੇ ਹਰ ਪ੍ਰਾਣੀ ਆਪਣੇ ਅੰਦਰ ਅੰਤਰਯਾਮੀ ਆਤਮਾ ਦੇ ਰੂਪ ਵਿਚ ਬ੍ਰਹਮ ਦੀ ਸੱਤਾ ਨੂੰ ਅਨੁਭਵ ਕਰ ਸਕਦਾ ਹੈ। ਇਸ ਲਈ ਬ੍ਰਹਮ ਨੂੰ ਸਾਖਸ਼ਾਤਕਰਨ ਦੀ ਸ੍ਰੇਸ਼ਟ ਵਿਧੀ ਆਤਮਾ ਨੂੰ ਪਹਿਚਾਨਣਾ ਹੈ। ਡਾ. ਰਾਧਾ ਕ੍ਰਿਸ਼ਨਨ ਦਾ ਮੱਤ ਹੈ ਕਿ ਭਾਰਤ ਵਿਚ 'ਆਤਮਨੰ ਵਿਧਿ' ਅਰਥਾਤ ਆਪਣੀ ਆਤਮਾ ਨੂੰ ਪਹਿਚਾਨੋ, ਇਸ ਇਕ ਸਿਧਾਂਤ ਵਿਚ ਸਮਸਤ ਧਾਰਮਿਕ

ਆਦੇਸ਼ ਅਤੇ ਯੁਗਪੁਰਸ਼ਾਂ ਦੀਆਂ ਸਿਖਿਆਵਾਂ ਸੰਮਿਲਿਤ ਹਨ।[17]

ਆਤਮਾ ਦੀ ਪਹਿਚਾਣ ਮੁਕਤੀ-ਮੰਜ਼ਿਲ ਤੇ ਪਹੁੰਚਣ ਦੀ ਵਿਧੀ ਹੈ। "ਪੁੱਤਰ-ਪ੍ਰੇਮ ਵਿਚ ਸਰਸ਼ਾਰ ਕਰੁਣਾਮਈ ਮਾਤਾ ਦੇ ਵਾਂਗ ਸ਼ਰੁਤੀ ਉਪਦੇਸ਼ ਦਿੰਦੀ ਹੈ ਕਿ ਆਤਮ-ਤੱਤ ਦਾ ਸਾਕਸ਼ਾਤਕਾਰ ਕਰੋ ਆਤਮਾ ਵਾਅਰੇ ਦ੍ਰਸ਼ਟਵਯ। ਮੁਕਤੀ ਦੀ ਕਲਪਨਾ ਬਾਰੇ ਕੁਝ ਮਤਭੇਦ ਹੋਣ ਦੇ ਬਾਵਜੂਦ ਵੀ ਵਿਭਿੰਨ ਦਾਰਸ਼ਨਿਕ ਇਸ ਸੰਦਰਭ ਵਿਚ ਇਕਮੱਤ ਹਨ-- ਆਤਮਨ ਸਵਰੂਪੇਣਾਵਸਥਿਤਿਮੋਕਸ਼। ਆਤਮਾ ਦਾ ਗਿਆਨ ਕਰਵਾਉਣਾ, ਚਾਹੇ ਉਹ ਬ੍ਰਹਮ ਤੋਂ ਭਿੰਨ ਹੋਵੇ ਜਾਂ ਅਭਿੰਨ, ਹਰ ਇਕ ਦਰਸ਼ਨ ਦਾ ਲਕਸ਼ ਹੈ।"[18]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤੀ ਦਰਸ਼ਨ ਗਿਆਨ ਦੀ ਖੋਜ ਹੀ ਨਹੀਂ ਬਲਕਿ ਜੀਵਨ ਵਿਚ ਉਤਰਨ ਵਾਲਾ ਵਿਸ਼ਵਾਸ ਹੈ। ਗਿਆਨ ਦਾ ਅਸਲੀ ਸਰੂਪ ਸਿੱਧੀ ਹੈ ਅਤੇ ਭਾਰਤੀ ਦਰਸ਼ਨ ਅੰਤਰ ਗਿਆਨ ਨੂੰ ਤਰਕ ਦੇ ਆਧਾਰ ਤੇ ਸਿੱਧ ਕਰਦਾ ਅਤੇ ਉਸ ਦੀ ਵਿਆਖਿਆ ਕਰਦਾ ਹੈ। ਇਕ ਵਸਤੂ ਨੂੰ ਸੰਪੂਰਨ ਜਗਤ ਵਿਚ ਆਪਣੀ ਠੀਕ ਥਾਂ ਤੇ ਮਹੱਤਵ ਵਿਚ ਦੇਖਣਾ ਅਥਵਾ ਬੂੰਦ ਨੂੰ ਸਮੁੰਦਰ ਵਿਚ ਅਤੇ ਬੂੰਦ ਵਿਚ ਸਮੁੰਦਰ ਦੇਖਣਾ ਹੀ ਸੱਚਾ ਦਰਸ਼ਨ ਹੈ। ਦਾਰਸ਼ਨਿਕ ਅਜਿਹਾ ਦ੍ਰਿਸ਼ਟਾ ਹੈ ਜਿਹੜਾ ਅੰਤਰ-ਦ੍ਰਿਸ਼ਟੀ ਦੁਆਰਾ ਅਸਲੀਅਤ ਦੇ ਦਰਸ਼ਨ ਕਰਦਾ ਹੈ। ਭਾਰਤੀ ਦਰਸ਼ਨ ਅਧਿਆਤਮਵਾਦੀ, ਸੱਚ ਦੀ ਸੁਤੰਤਰ ਖੋਜ ਅਤੇ ਮੂਲ ਰੂਪ ਵਿਚ ਮਾਨਵਵਾਦੀ ਅਥਵਾ ਮਨੁੱਖ ਦੇ ਜੀਵਨ ਦੀ ਵਿਆਖਿਆ ਹੈ। ਇਹ ਅੰਤਰ ਦ੍ਰਿਸ਼ਟੀ ਨੂੰ ਵਧੇਰੇ ਮਹੱਤਵ ਪ੍ਰਦਾਨ ਕਰਦਾ ਹੈ। ਭਾਰਤੀ ਦਰਸ਼ਨ ਆਸ਼ਾਵਾਦੀ ਅਤੇ ਦੁਨਿਆਵੀ ਦੁੱਖਾਂ, ਕਸ਼ਟਾਂ ਅਤੇ ਬੰਧਨਾਂ ਤੋਂ ਮੁਕਤੀ ਦੁਆਉਣ ਵਾਲਾ ਚਿੰਤਨ ਹੈ, ਲੋਕ ਅਤੇ ਪਰਲੋਕ ਵਿਚ ਆਤਮਿਕ ਆਨੰਦ ਦੀ ਪ੍ਰਾਪਤੀ ਇਸ ਦਾ ਮੂਲ ਮੰਤਵ ਹੈ। ਇਸ ਪ੍ਰਕਾਰ ਭਾਰਤੀ ਦਰਸ਼ਨ ਇਕ ਅਜਿਹਾ ਪ੍ਰਕਾਸ਼ ਹੈ ਜੋ ਮਨੁੱਖੀ ਦਿਲ ਵਿਚ ਨੈਤਿਕਤਾ ਅਤੇ ਦਾਰਸ਼ਨਿਕ ਪ੍ਰਕਾਸ਼ ਫੈਲਾ ਕੇ ਉਸ ਦਾ ਭੌਤਿਕ ਮਾਰਗ ਦਰਸਾਉਂਦਾ ਹੈ ਅਰਥਾਤ ਇਹ ਦੁੱਖ ਨਿਵਿਰਤੀ ਦੀ ਜਿਗਿਆਸਾ 'ਚੋਂ ਉਤਪੰਨ ਹੁੰਦਾ ਹੈ।

## 2.3. ਭਾਰਤੀ ਜੀਵਨ ਦਰਸ਼ਨ

ਭਾਰਤੀ ਦਰਸ਼ਨ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ: ਆਸਤਿਕ ਅਤੇ ਨਾਸਤਿਕ ਦਰਸ਼ਨ। ਦਾਰਸ਼ਨਿਕ ਸਾਹਿੱਤ ਵਿਚ ਆਸਤਿਕ ਦਾ ਅਰਥ ਵੇਦ-ਅਨੁਯਾਈ ਅਤੇ ਨਾਸਤਿਕ ਦਾ ਅਰਥ ਵੇਦ ਵਿਰੋਧੀ ਹੈ। ਮਨੂੰ ਨੇ ਵੇਦ-ਨਿੰਦਕ ਨੂੰ ਨਾਸਤਿਕ ਕਿਹਾ ਹੈ।[19] ਅਤੇ ਪਾਣਿਨੀ ਨੇ 'ਅਸ਼ਟਾਧਿਆਇ' ਵਿਚ ਪਰਲੋਕ ਦੀ ਸੱਤਾ ਵਿਚ ਵਿਸ਼ਵਾਸ ਰੱਖਣ ਵਾਲੇ ਨੂੰ ਆਸਤਿਕ ਮੰਨਿਆ ਹੈ।[20]

ਆਸਤਿਕ ਵਿਚਾਰਧਾਰਾ ਦੇ ਅੰਤਰਗਤ ਉਹ ਦਰਸ਼ਨ ਆਉਂਦੇ ਹਨ ਜੋ ਵੇਦਾਂ ਦੀ ਪ੍ਰਮਾਣਿਕਤਾ ਨੂੰ ਮੰਨਦੇ ਹਨ। ਉਪਨਿਸ਼ਦ, ਗੀਤਾ ਅਤੇ ਮੀਮਾਂਸਾ, ਵੇਦਾਂਤ, ਸਾਂਖ, ਯੋਗ, ਨਿਆਂ ਅਤੇ ਵੈਸ਼ੇਸ਼ਿਕ ਆਦਿ ਖਟ-ਦਰਸ਼ਨ ਆਸਤਿਕ ਦਰਸ਼ਨ ਹੈ, ਜਦਕਿ ਚਾਰਵਾਕ, ਜੈਨ ਅਤੇ ਬੋਧ ਆਦਿ ਨਾਸਤਿਕ ਦਰਸ਼ਨ ਵਿਚ ਆਉਂਦੇ ਹਨ।

## 2.3.1. ਆਸਤਿਕ ਦਰਸ਼ਨ

ਆਸਤਿਕ ਦਰਸ਼ਨ ਦੋ ਪ੍ਰਕਾਰ ਦਾ ਹੈ, ਇਕ ਉਹ ਜੋ ਪੂਰੀ ਤਰ੍ਹਾਂ ਵੇਦਾਂ ਉਪਰ ਆਧਾਰਿਤ ਹੈ, ਇਸ ਵਿਚ ਮੀਮਾਂਸਾ ਅਤੇ ਵੇਦਾਂਤ ਆਉਂਦੇ ਹਨ; ਅਤੇ ਦੂਸਰਾ ਉਹ ਜੋ ਵੇਦਾਂ ਦੀ ਪ੍ਰਮਾਣਿਕਤਾ ਨੂੰ ਸਵੀਕਾਰਦਾ ਹੋਇਆ ਵੀ ਨਵੀਂ ਵਿਚਾਰਧਾਰਾ ਵਿਧੀ ਪ੍ਰਸਤੁਤ ਕਰਦਾ ਹੈ, ਇਸ ਵਿਚ ਸਾਂਖ, ਯੋਗ, ਨਿਆਂ ਅਤੇ ਵੈਸ਼ੇਸ਼ਿਕ ਦਰਸ਼ਨ ਸ਼ਾਮਲ ਹਨ।

## 2.3.2. ਨਾਸਤਿਕ ਦਰਸ਼ਨ

ਨਾਸਤਿਕ ਦਰਸ਼ਨ ਨੂੰ ਵੀ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਨਿਰਸੰਦੇਹ ਚਾਰ-ਵਾਕ, ਜੈਨ ਅਤੇ ਬੋਧ ਨਾਸਤਿਕ ਦਰਸ਼ਨ ਮੰਨੇ ਜਾਂਦੇ ਹਨ ਪਰ ਇਨ੍ਹਾਂ ਵਿਚੋਂ ਵੀ ਜੈਨ ਅਤੇ ਬੋਧ ਦਰਸ਼ਨ ਨੇ ਸੰਜਮ ਵਿਚ ਰਹਿ ਕੇ ਵੇਦ ਨਿੰਦਾ ਕੀਤੀ ਹੈ, ਜਦਕਿ "ਈਸ਼ਵਰ, ਵੇਦ ਅਤੇ ਪਰਲੋਕ ਨੂੰ ਨਾ ਮੰਨਣ ਵਾਲਾ ਚਾਰਵਾਕ ਹੀ ਪੱਕਾ ਨਾਸਤਿਕ ਹੈ।"[21] ਹੇਠਾਂ ਅਸੀਂ ਭਾਰਤੀ ਦਰਸ਼ਨ ਦੇ ਅੰਤਰਗਤ ਪ੍ਰਚਲਿਤ ਭਿੰਨ ਭਿੰਨ ਦਾਰਸ਼ਨਿਕ ਵਿਚਾਰਧਾਰਾਵਾਂ ਦਾ ਸੰਖੇਪ ਵਿਸ਼ਲੇਸ਼ਣ ਪ੍ਰਸਤੁਤ ਕਰਾਂਗੇ।

## 2.4. ਵੈਦਿਕ ਕਾਲ ਵਿਚ ਭਾਰਤੀ ਦਰਸ਼ਨ

ਵੇਦ ਗਿਆਨ ਦਾ ਭੰਡਾਰ ਅਤੇ ਪ੍ਰਾਚੀਨ ਦਰਸ਼ਨ ਦਾ ਆਧਾਰ ਹਨ। ਇਹ ਭਾਰਤ ਦੇ ਸਾਰੇ ਹੀ ਧਰਮਾਂ, ਸ਼ਾਸਤਰਾਂ, ਗਿਆਨ ਤੇ ਵਿਗਿਆਨਾਂ ਦੇ ਸ੍ਰੋਤ ਹਨ। ਭਾਰਤ ਦੇ ਆਸਤਿਕ ਦਰਸ਼ਨ ਵਿਚ ਹਰ ਪ੍ਰਕਾਰ ਦੇ ਗਿਆਨ ਦੀ ਪ੍ਰਮਾਣਿਕਤਾ ਲਈ ਵੇਦਾਂ ਨੂੰ ਹੀ ਮੁੱਖ ਪ੍ਰਮਾਣ ਮੰਨਿਆ ਜਾਂਦਾ ਹੈ। ਇਹ ਭਾਰਤੀ ਧਰਮ ਅਤੇ ਦਰਸ਼ਨ ਦੇ ਪ੍ਰਾਣ ਹਨ। ਵੇਦਾਂ ਦੇ ਚਾਰ ਰੂਪ ਹਨ: ਰਿਗ, ਯਜੁਰ, ਸਾਮ ਅਤੇ ਅਥਰਵ ਵੇਦ ।

ਵੇਦਾਂ ਵਿਚੋਂ ਭਗਤੀ ਦਾ ਆਦਿ ਸਰੂਪ ਮਿਲਦਾ ਹੈ। ਇਕੋ ਪ੍ਰਭੂ ਤੇ ਵਿਸ਼ਵਾਸ,

ਭਗਤੀ ਲਈ ਉਸ ਦੀ ਅਨੰਨਿਤਾ, ਈਸ਼ਵਰ ਦੀ ਕ੍ਰਿਪਾ, ਉਸ ਨਾਲ ਪ੍ਰੇਮ ਆਦਿ ਭਗਤੀ ਦੇ ਸਾਰੇ ਤੱਤ ਵੇਦਾਂ ਵਿਚੋਂ ਮਿਲਦੇ ਹਨ।

## ਬ੍ਰਹਮ

ਵੇਦਾਂ ਵਿਚ ਬ੍ਰਹਮ ਨੂੰ ਸਰਬਉੱਚ ਸਥਾਨ ਪ੍ਰਾਪਤ ਹੈ। ਪਰਮਾਤਮਾ ਨੂੰ ਕਈ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ, ਪ੍ਰੰਤੂ ਹਰ ਨਾਂ ਉਸ ਸਰਬ-ਸ਼ਕਤੀਮਾਨ ਬ੍ਰਹਮ ਵਾਸਤੇ ਹੀ ਹੈ। ਬ੍ਰਹਮ ਸਰਬ-ਵਿਆਪਕ ਹੈ, ਹਰ ਵਸਤੂ ਵਿਚ ਸਮਾਇਆ ਹੋਇਆ ਹੈ ਅਤੇ ਇਕ ਹੀ ਬ੍ਰਹਮ ਦੇ ਕਈ ਰੂਪ ਵੇਦਾਂ ਵਿਚ ਉਚਾਰੇ ਗਏ ਹਨ।[22] ਉਹੀ ਇੰਦਰ, ਮਿੱਤਰ, ਵਰੁਣ ਅਤੇ ਅਗਨੀ ਹੈ।[23] ਤੱਤ ਨੂੰ ਜਾਣਨ ਵਾਲੇ ਵਿਦਵਾਨ, ਗਿਆਨੀ ਉਸੇ ਇਕ ਬ੍ਰਹਮ ਦੀ ਅਨੇਕ ਵਚਨਾਂ ਰਾਹੀਂ ਅਨੇਕ ਪ੍ਰਕਾਰ ਨਾਲ ਕਲਪਨਾ ਕਰਦੇ ਹਨ।[24]

## ਆਤਮਾ

ਵੇਦਾਂ ਵਿਚ ਆਤਮਾ ਅਤੇ ਸਰੀਰ ਦੇ ਵਖਰੇਵੇਂ ਦਾ ਵਰਣਨ ਕੀਤਾ ਗਿਆ ਹੈ, ਭਾਵੇਂ ਆਤਮਾ ਦੇ ਵਿਸ਼ੇ ਵਿਚ ਵਿਸਥਾਰ ਸਹਿਤ ਵਰਣਨ ਉਪਨਿਸ਼ਦਾਂ ਵਿਚ ਮਿਲਦਾ ਹੈ। ਡਾ. ਸਤੀਸ਼ ਚੰਦਰ ਚਟੋਪਾਧਿਆਇ ਦਾ ਮੱਤ ਹੈ ਕਿ "ਵੈਦਿਕ ਯੁੱਗ ਆਨੰਦ ਅਤੇ ਉੱਲਾਸ ਦਾ ਯੁੱਗ ਸੀ, ਇਸ ਲਈ ਆਤਮਾ, ਪੁਨਰਜਨਮ ਅਤੇ ਕਰਮ-ਫਲ ਦੀ ਵਿਸ਼ੇਸ਼ ਚਿੰਤਾ ਨਾ ਵੇਦਾਂ ਵਿਚ ਹੈ ਅਤੇ ਨਾ ਰਿਸ਼ੀਆਂ ਨੇ ਇਸ ਪਾਸੇ ਵਿਚਾਰ ਕਰਨ ਦਾ ਯਤਨ ਕੀਤਾ।"[25]

ਵਾਸਤਵ ਵਿਚ ਵੈਦਿਕ ਕਾਲ ਅਮਨ, ਸ਼ਾਂਤੀ, ਸੁਖ-ਚੈਨ ਅਤੇ ਆਨੰਦ ਦਾ ਸਮਾਂ ਹੋਣ ਕਾਰਣ ਇਸ ਕਾਲ ਵਿਚ 'ਬ੍ਰਹਮ' ਤੋਂ ਇਲਾਵਾ ਕਿਸੇ ਹੋਰ ਪੱਖ ਬਾਰੇ ਵਿਚਾਰ-ਚਰਚਾ ਹੀ ਨਹੀਂ ਹੋਈ। ਵੇਦਾਂ ਵਿਚ ਗਿਆਨ ਅਤੇ ਭਗਤੀ ਦਾ ਸੁਮੇਲ ਅੰਕਿਤ ਹੈ ਜੋ ਸਾਧਕ ਨੂੰ ਸਨਮਾਨ ਦੇ ਸਿਖਰ ਤੇ ਲੈ ਜਾਂਦਾ ਹੈ।

ਵੈਦਿਕ ਕਾਲ ਦੇ ਇਸ ਭਾਰਤੀ ਦਰਸ਼ਨ ਅਧੀਨ ਭਾਰਤੀ ਚਿੰਤਕਾਂ ਨੇ ਦਰਸ਼ਨ ਨੂੰ ਅਧਿਆਤਮ ਨਾਲ ਜੋੜਿਆ, ਆਤਮਾ ਦੇ ਦਰਸ਼ਨ ਨੂੰ ਹੀ ਸੱਚਾ ਦਰਸ਼ਨ ਮੰਨਿਆ ਅਤੇ ਪਰਮਾਤਮਾ-ਸੁਰਗ, ਧਰਤੀ ਅਤੇ ਆਕਾਸ਼ ਸਾਰੇ ਬ੍ਰਹਿਮੰਡ ਵਿਚ ਪੂਰੀ ਤਰ੍ਹਾਂ ਵਿਆਪਕ ਹੈ, ਉਹ ਸਾਰੇ ਸੰਸਾਰ ਦਾ ਸੂਰਜ ਅਰਥਾਤ ਪ੍ਰਕਾਸ਼ਕ ਹੈ।"[26]ਦੇ ਸਿਧਾਂਤ ਨੂੰ ਦਰਸਾਇਆ। ਪਰਮਾਤਮਾ ਕ੍ਰਿਪਾਲੂ, ਦਇਆਵਾਨ, ਪ੍ਰੇਮ ਦਾ ਭੰਡਾਰ ਅਤੇ ਸੰਤ ਜਨਾਂ ਦੀਆਂ ਸਾਰੀਆਂ ਕਾਮਨਾਵਾਂ ਦਾ ਪੂਰਕ ਹੈ।

ਵੇਦਾਂ ਵਿਚ ਸਿਧਾਂਤਕ ਤੌਰ ਤੇ ਇਹ ਮੰਨਿਆ ਗਿਆ ਹੈ ਕਿ ਸਗੁਣ ਬ੍ਰਹਮ ਉਪਾਸਨਾ ਯੋਗ ਹੈ ਅਤੇ ਨਿਰਗੁਣ ਨਿਰਾਕਾਰ ਬ੍ਰਹਮ ਗੌਣ ਹੈ।

## 3.5. ਉਪਨਿਸ਼ਦਿਕ ਕਾਲ ਵਿਚ ਭਾਰਤੀ ਦਰਸ਼ਨ

ਵੇਦਾਂ ਦਾ ਅੰਤਮ ਭਾਗ ਉਪਨਿਸ਼ਦ ਹਨ, ਇਨ੍ਹਾਂ ਨੂੰ ਵੇਦਾਂ ਦੇ ਅੰਤ ਵਿਚ ਆਉਣ ਕਰਕੇ ਵੇਦਾਂਤ ਵੀ ਕਹਿੰਦੇ ਹਨ। ਇਹ ਭਾਰਤੀ ਤੱਤਵ ਗਿਆਨ ਦਾ ਮੂਲ ਸ੍ਰੋਤ ਹਨ। ਬ੍ਰਹਮ ਤੇ ਆਤਮਾ ਦੀ ਅਭੇਦਤਾ ਅਰਥਾਤ ਅਖੰਡਤਾ ਨੂੰ ਪ੍ਰਗਟਾਉਣ ਤੇ ਸਥਿਰ ਕਰਨ ਵਾਲੀ ਵਿਦਿਆ ਦਾ ਨਾਂ 'ਉਪਨਿਸ਼ਦ' ਹੈ। 'ਵੇਦ' ਦਾ ਅਰਥ ਹੈ ਗਿਆਨਵਾਨ ਹੋਣਾ ਅਤੇ ਇਸ ਮੰਤਵ ਲਈ ਜੋ ਕੁਝ ਜਾਣਨਯੋਗ ਹੈ, ਤੇ ਉਸ ਦਾ ਅੰਤ ਜਿੱਥੇ ਕਿਤੇ ਹੈ, ਉਸੇ ਨੂੰ ਵੇਦਾਂਤ ਕਿਹਾ ਜਾ ਸਕਦਾ ਹੈ।

ਉਪਨਿਸ਼ਦ ਗਿਣਤੀ ਵਿਚ 108[27] ਮੰਨੇ ਗਏ ਹਨ, ਪਰੰਤੂ ਪ੍ਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਇਹ 12–13 ਤੋਂ ਵਧ ਨਹੀਂ, ਸ੍ਰੀ ਸ਼ੰਕਰਾਚਾਰੀਆ ਨੇ ਕੇਵਲ 10 ਪ੍ਰਮੁੱਖ ਉਪਨਿਸ਼ਦਾਂ (ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕਯ, ਤੈਤਿਰੀਯ, ਐਤਰੇਯ, ਛਾਂਦੋਗਯ ਤੇ ਬ੍ਰਿਹਦਾਰਣਯਕ) ਦਾ ਹੀ ਟੀਕਾ ਕੀਤਾ ਹੈ ਅਤੇ ਹੋਰਨਾਂ ਨੂੰ ਕੋਈ ਮਹੱਤਾ ਪ੍ਰਦਾਨ ਨਹੀਂ ਕੀਤੀ। ਇਹ ਵੇਦਾਂ ਦਾ ਤੱਤ-ਰੂਪ ਹਨ, ਇਨ੍ਹਾਂ ਵਿਚ ਗਿਆਨ, ਭਗਤੀ ਤੇ ਕਰਮ ਆਦਿ ਤਿੰਨਾਂ ਨੂੰ ਹੀ ਪ੍ਰਧਾਨਤਾ ਤੇ ਸ੍ਰੇਸ਼ਟਤਾ ਮਿਲੀ ਹੈ।

### 3.5.1. ਉਪਨਿਸ਼ਦਾਂ ਵਿਚ ਬ੍ਰਹਮ

ਇਨ੍ਹਾਂ ਵਿਚ ਬ੍ਰਹਮ ਦੇ ਦੋਨਾਂ ਸਰੂਪਾਂ ਦਾ ਵਰਣਨ ਕੀਤਾ ਹੈ, ਸਗੁਣ ਰੂਪ ਬ੍ਰਹਮ ਅਤੇ ਨਿਰਗੁਣ ਰੂਪ ਬ੍ਰਹਮ। ਇਨ੍ਹਾਂ ਵਿਚ ਅੰਕਿਤ ਬ੍ਰਹਮ-ਅਕਾਲ, ਸਰਬ-ਵਿਆਪੀ, ਅਨੰਤ, ਸਰਬ-ਸ਼ਕਤੀਮਾਨ, ਸ੍ਰਿਸ਼ਟੀ ਦਾ ਸਿਰਜਕ, ਸ਼ਬਦ, ਸਪਰਸ਼, ਰਸ, ਗੰਧ ਆਦਿ ਤੋਂ ਰਹਿਤ ਦਰਸਾਇਆ ਗਿਆ ਹੈ। ਉਹ ਨਿਰਲੇਪ ਹੋ ਕੇ ਵੀ ਹਰ ਵਸਤੂ ਵਿਚ ਸਮਾਇਆ ਹੋਇਆ ਹੈ।

ਬ੍ਰਹਮ ਤੋਂ ਬਿਨਾ'ਨਾ ਤਾਂ ਸੂਰਜ ਚਮਕਦਾ ਹੈ, ਨਾ ਚੰਦ੍ਰਮਾ, ਨਾ ਤਾਰੇ। ਇਹ ਬਿਜਲੀਆਂ ਵੀ ਨਹੀਂ ਚਮਕਦੀਆਂ, ਇਹ ਅਗਨੀ ਕਿਥੋਂ ਚਮਕ ਸਕਦੀ ਹੈ? ਉਸ ਦੀ ਚਮਕ ਨਾਲ ਹੀ ਸਭ ਚੀਜ਼ਾਂ ਚਮਕਦੀਆਂ ਹਨ, ਉਸ ਦੇ ਪ੍ਰਕਾਸ਼ ਨਾਲ ਹੀ ਇਹ ਸਭ ਕੁਝ ਪ੍ਰਕਾਸ਼ਮਾਨ ਹੁੰਦਾ ਹੈ।[28]

2.5.2. ਜੀਵ ਅਤੇ ਬ੍ਰਹਮ

ਉਪਨਿਸ਼ਦਾਂ ਵਿਚ ਜੀਵ ਨੂੰ 'ਬ੍ਰਹਮ ਦਾ ਰੂਪ'[29] ਕਿਹਾ ਗਿਆ ਹੈ ਅਤੇ ਜੀਵ ਨੂੰ ਹੀ ਆਤਮਾ ਕਿਹਾ ਗਿਆ ਹੈ। ਬ੍ਰਹਮ ਮਨੁੱਖੀ ਸਰੀਰ ਵਿਚ ਮੌਜੂਦ ਹੈ ਅਤੇ ਉਸ ਪੁਰਾਤਨ ਤੇ ਅਨੰਤ ਪਰਮ ਤੱਤ ਨੂੰ ਹਿਰਦੇ ਵਿਚੋਂ ਖੋਜਣ ਦਾ ਸਪੱਸ਼ਟ ਸੰਕੇਤ ਉਪਨਿਸ਼ਦਾਂ ਵਿਚੋਂ ਮਿਲਦਾ ਹੈ:

ਗੁਹਾ ਹਤੇ ਗੁਹਵਰੇਸ਼ਠੰ ਪੁਰਾਣਮ।[30]

ਤੈਤਿਰੀਯ ਉਪਨਿਸ਼ਦ ਵਿਚ ਬ੍ਰਹਮ ਨੂੰ ਪ੍ਰਾਣ ਅਤੇ ਮਨ ਦੇ ਪ੍ਰਤੀਕ ਨਾਲ ਉਪਮਾਇਆ ਗਿਆ ਹੈ। ਉਹ ਇਕੋ ਪੂਰਣ ਬ੍ਰਹਮ ਹੀ ਸ੍ਰਿਸ਼ਟੀ ਦੇ ਹਰ ਜੀਵ ਦੇ ਸਾਰੇ ਕਾਰਜਾਂ ਦਾ ਸੰਚਾਲਕ ਹੈ ਅਤੇ ਸਿਰਜਣਾ ਦੇ ਜ਼ਰੇ ਜ਼ਰੇ ਵਿਚ ਸਮਾਇਆ ਹੋਇਆ ਹੈ।

2.5.3. ਜੀਵ ਅਤੇ ਆਤਮਾ

ਉਪਨਿਸ਼ਦਾਂ ਵਿਚ ਆਤਮਾ ਨੂੰ ਵਿਆਪਕ ਅਰਥਾਂ ਵਿਚ ਚਿਤਰਿਆ ਗਿਆ ਹੈ। ਇਹ ਜੀਵਾਤਮਾ ਅਤੇ ਪਰਮਾਤਮਾ ਦੋਨਾਂ ਲਈ ਵਰਤਿਆ ਗਿਆ ਹੈ। ਕਠ ਉਪਨਿਸ਼ਦ ਵਿਚ ਜੀਵ ਅਤੇ ਆਤਮਾ ਨੂੰ ਇਕ ਹੀ ਗੁਫ਼ਾ ਵਿਚ ਅੰਧਕਾਰ ਅਤੇ ਪ੍ਰਕਾਸ਼ਮਈ ਅਵਸਥਾ ਵਿਚ ਰਹਿਣ ਵਾਲਾ ਮੰਨਿਆ ਹੈ।[31] ਜੀਵ ਕਰਮ-ਫਲ ਦੇ ਬੰਧਨਾਂ ਵਿਚ ਜਕੜਿਆ ਹੋਇਆ ਹੈ, ਜਦ ਕਿ ਆਤਮਾ ਕਰਮ-ਬੰਧਨਾਂ ਤੋਂ ਮੁਕਤ, ਅਨਾਦੀ, ਅਜਰ ਤੇ ਅਮਰ ਹੈ ਅਰਥਾਤ ਆਤਮਾ ਹੀ ਬ੍ਰਹਮ ਦਾ ਰੂਪ ਹੈ, ਬ੍ਰਹਮ ਨਾਲ ਇਸ ਦਾ ਸੰਬੰਧ ਅੰਸ਼-ਅੰਸ਼ੀ ਵਾਲਾ ਹੈ।

ਮਾਂਡੂਕਯ ਉਪਨਿਸ਼ਦ ਵਿਚ ਜੀਵ-ਆਤਮਾ ਦੀਆਂ ਚਾਰ ਅਵਸਥਾਵਾਂ ਮੰਨੀਆਂ ਗਈਆਂ ਹਨ: ਜਾਗਰਿਤ, ਸੁਵਪਨ, ਸੁਸਪਿਤ(ਘੋਰ ਨੀਂਦਰ ਦੀ ਅਵਸਥਾ) ਅਤੇ ਤੁਰੀਯ ਅਵਸਥਾ। ਪਹਿਲੀਆਂ ਤਿੰਨ ਅਵਸਥਾਵਾਂ ਵਿਚ ਜੀਵ ਨੂੰ ਆਤਮਾ ਦਾ ਅੰਸ਼-ਮਾਤਰ ਹੀ ਅਨੁਭਵ ਹੁੰਦਾ ਹੈ, ਪ੍ਰੰਤੂ ਚੌਥੀ ਅਵਸਥਾ 'ਤੁਰੀਯ' ਪਦ ਵਿਚ ਪਹੁੰਚ ਕੇ ਨਾ ਜੀਵ-ਆਤਮਾ ਨੂੰ ਬਾਹਰੀ ਚੇਤਨਾ ਦਾ ਖਿਆਲ ਰਹਿੰਦਾ ਹੈ, ਨਾ ਅੰਤਰੀਵ ਦਾ, ਕੇਵਲ ਆਪਣੀ ਸੱਤਾ, ਸ਼ਕਤੀ ਅਰਥਾਤ 'ਅਹਮ ਬ੍ਰਹਮ ਅਸਮੀਂ'ਦਾ ਅਹਿਸਾਸ ਜਾਗ੍ਰਿਤ ਹੋ ਜਾਂਦਾ ਹੈ। ਆਤਮਾ ਦੀ ਇਹ ਅਵਸਥਾ ਹੀ ਬ੍ਰਹਮ ਹੈ, ਇਸ ਲਈ ਉਪਨਿਸ਼ਦਾਂ ਵਿਚ ਜੀਵ ਨੂੰ ਹੀ ਆਤਮਾ ਕਿਹਾ ਗਿਆ ਹੈ ਜੋ ਬ੍ਰਹਮ ਦਾ ਹੀ ਰੂਪ ਹੈ।

ਛਾਂਦੋਗਯ ਉਪਨਿਸ਼ਦ ਵਿਚ ਜੀਵ ਨੂੰ ਆਤਮਾ ਨਾਲ ਓਤਪ੍ਰੋਤ ਦੱਸਕੇ, ਪਰਮਾਰਥ ਦੀ ਦ੍ਰਿਸ਼ਟੀ ਤੋਂ ਬ੍ਰਹਮ ਹੀ ਪ੍ਰੋਤਪਾਦਿਤ ਕੀਤਾ ਗਿਆ ਹੈ।[32]

2.5.4. ਬ੍ਰਹਮ ਅਤੇ ਜਗਤ

ਉਪਨਿਸ਼ਦਾਂ ਵਿਚ ਬ੍ਰਹਮ ਅਤੇ ਜਗਤ ਨੂੰ ਇਕ ਰੂਪ ਮੰਨਿਆ ਗਿਆ ਹੈ, ਅਰਥਾਤ ਸਾਰੀਆਂ ਹੀ ਵਸਤਾਂ ਬ੍ਰਹਮ ਹਨ। ਹਰ ਵਸਤੂ ਬ੍ਰਹਮ ਤੋਂ ਹੀ ਜਨਮ ਲੈਂਦੀ ਹੈ, ਬ੍ਰਹਮ ਵਿਚ ਹੀ ਸਥਿਰ ਹੁੰਦੀ ਹੈ ਅਤੇ ਆਪਣੀ ਹਸਤੀ ਵੀ ਬ੍ਰਹਮ ਵਿਚ ਹੀ ਗੁਆਉਂਦੀ ਹੈ। ਛਾਂਦੋਗਯ ਉਪਨਿਸ਼ਦ ਵਿਚ ਆਉਂਦਾ ਹੈ:

ਸਰਵ ਖਲਿਵਦੰ ਬ੍ਰਹਮ ਤਜੱਲਾਨਿਤਿ ਸ਼ਾਂਤੰ ਉਪਾਸੀਤ।[33]

ਮੁੰਡਕ ਉਪਨਿਸ਼ਦ ਵਿਚ ਜਗਤ ਅਤੇ ਬ੍ਰਹਮ ਦਾ ਸੰਬੰਧ ਅਦ੍ਵੈਤਵਾਦੀ ਦ੍ਰਿਸ਼ਟੀ ਵਾਲਾ ਮੰਨਿਆ ਗਿਆ ਹੈ।[34]

2.5.5. ਬੰਧਨ ਅਤੇ ਮੁਕਤੀ

ਉਪਨਿਸ਼ਦਾਂ ਵਿਚ ਰੂਪ ਤੇ ਅਕਾਰ ਨੂੰ ਨਿਰੰਕਾਰ ਵਿਚ ਮਗਨ ਕਰ ਦੇਣ ਦੀ ਸਾਧਨਾ ਹੈ, ਮਨਮੁੱਖ ਤੋਂ ਗੁਰਮੁੱਖ ਹੋਣ ਦੀ ਪ੍ਰੇਰਣਾ ਹੈ ਅਤੇ ਇਨ੍ਹਾਂ ਵਿਰਲਾ ਆਤਮਵਾਦ ਤਪੱਸਿਆ ਪ੍ਰਧਾਨ ਨਿਰੰਕਾਰਵਾਦ ਹੈ। ਉਪਨਿਸ਼ਦਾਂ ਦਾ ਭਾਵ-ਅਰਥ ਮਨੁੱਖ ਨੂੰ ਬ੍ਰਹਮ ਦੇ ਨਿਕਟ ਬਿਠਾਉਣਾ ਹੈ।

ਜੀਵ ਅਨੇਕ ਪ੍ਰਕਾਰ ਦੇ ਬੰਧਨਾਂ ਵਿਚ ਜਕੜਿਆ ਹੋਇਆ, ਕਰਮਾਂ ਦੇ ਪ੍ਰਭਾਵ ਅਧੀਨ ਬਾਰ-ਬਾਰ ਜਨਮ ਮੌਤ ਦੇ ਚੱਕਰ ਵਿਚ ਉਲਝਿਆ ਹੋਇਆ ਹੈ। ਜੀਵਾਤਮਾ ਦੇ ਬੰਧਨ ਦਾ ਕਾਰਨ ਅਵਿਦਿਆ ਹੈ। ਸ਼੍ਵੇਤਾਸ਼੍ਵਤਰ ਉਪਨਿਸ਼ਦ ਅਨੁਸਾਰ "ਮਾਇਆ ਅਧੀਨ ਜੀਵ ਭੋਗ-ਭਾਵ ਦੇ ਕਾਰਣ ਬੰਧਨ ਵਿਚ ਪੈ ਕੇ ਜੀਵ ਕਰਮਾਂ ਅਨੁਸਾਰ ਗਤੀ ਪ੍ਰਾਪਤ ਕਰਦਾ ਹੈ।"[35] "ਪੁਰਸ਼ ਪੁੰਨ-ਕਰਮਾਂ ਦੁਆਰਾ ਪੁੰਨ-ਆਤਮਾ ਅਤੇ ਪਾਪ-ਕਰਮਾਂ ਦੁਆਰਾ ਪਾਪੀ ਬਣਦਾ ਹੈ।"[36] ਈਸ਼ਾਵਾਸਯ ਉਪਨਿਸ਼ਦ ਵਿਚ ਕਾਰਨ ਰੂਪ ਬ੍ਰਹਮ ਕਾਰਜ ਰੂਪ ਜਗਤ ਦਾ ਪ੍ਰੋਤਪਾਦਨ ਕਰਦੇ ਹੋਇਆਂ ਇਹ ਸਪਸ਼ਟ ਕੀਤਾ ਹੈ ਕਿ ਕਾਰਨ ਰੂਪ ਬ੍ਰਹਮ ਦੀ ਉਪਾਸਨਾ ਨਾਲ ਮੁਕਤੀ ਅਤੇ ਕਾਰਜ ਰੂਪ ਜਗਤ ਦੀ ਉਪਾਸਨਾ ਨਾਲ ਕਰਮ-ਫਲ ਪ੍ਰਾਪਤ ਹੁੰਦਾ ਹੈ। ਜੋ ਵਿਅਕਤੀ ਦੋਨਾਂ ਦੀ ਇਕ ਸਮੇਂ ਉਪਾਸਨਾ ਕਰਦਾ ਹੈ ਉਹ ਮੌਤ ਤੇ ਜਿੱਤ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[37]

"ਵਿਵੇਕੀ ਪੁਰਸ਼ ਜੋ ਨਿਰਲੇਪ ਹੈ, ਪਵਿੱਤਰ ਹੈ ਅਤੇ ਪ੍ਰਭੂ-ਭਗਤੀ ਵਿਚ ਲੀਨ ਹੈ, ਉਹ ਅਜਿਹੇ ਪਰਮ ਪਦ ਨੂੰ ਪ੍ਰਾਪਤ ਕਰਦਾ ਹੈ ਜਿਥੋਂ ਵਾਪਸ ਆ ਕੇ ਫਿਰ ਜਨਮ ਧਾਰਨ ਨਹੀਂ ਕਰਨਾ ਪੈਂਦਾ।"[38]

ਇਸ ਤਰ੍ਹਾਂ ਉਪਨਿਸ਼ਦ ਵੇਦਾਂ ਦਾ ਤੱਤ ਰੂਪ ਹਨ, ਇਨ੍ਹਾਂ ਵਿਚ ਗਿਆਨ, ਭਗਤੀ ਅਤੇ ਕਰਮ ਤਿੰਨਾਂ ਨੂੰ ਹੀ ਪ੍ਰਮੁੱਖ ਸਥਾਨ ਪ੍ਰਾਪਤ ਹੈ ਅਤੇ ਇਨ੍ਹਾਂ ਵਿਚ ਅਧਿਆਤਮਕ ਚਿੰਤਨ ਵਿਸਤ੍ਰਿਤ ਰੂਪ ਵਿਚ ਉਪਲਬਧ ਹੁੰਦਾ ਹੈ। ਇਹ ਭਾਰਤੀ ਭਗਤੀ-ਪੱਧਤੀ ਦੇ ਮਾਰਗ ਦਰਸ਼ਕ ਹਨ। ਮਹਾਨ ਜਰਮਨ ਫਿਲਾਸਫਰ ਸ਼ਾਪੇਨਹਾਵਰ ਦਾ ਕਥਨ ਹੈ ਕਿ "ਉਪਨਿਸ਼ਦ ਉੱਚ ਗਿਆਨ ਦਾ ਭੰਡਾਰ ਹਨ, ਇਨ੍ਹਾਂ ਤੋਂ ਹੀ ਮੈਨੂੰ ਇਸ ਜੀਵਨ ਵਿਚ ਸ਼ਾਂਤੀ ਪ੍ਰਾਪਤ ਹੋਈ ਹੈ ਅਤੇ ਇਹੀ ਮ੍ਰਿਤੂ ਉਪਰੰਤ ਵੀ ਸ਼ਾਂਤੀ ਬਖਸ਼ਣਗੇ।"[39]

## 2.6. ਪੌਰਾਣਿਕ ਕਾਲ ਵਿਚ ਭਾਰਤੀ ਦਰਸ਼ਨ

ਭਾਰਤੀ ਅਧਿਆਤਮਕ ਖੇਤਰ ਵਿਚ ਕਰਮ, ਗਿਆਨ ਅਤੇ ਭਗਤੀ ਇਨ੍ਹਾਂ ਤਿੰਨਾਂ ਨੂੰ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਹੈ, ਪੁਰਾਣਾਂ ਵਿਚ ਇਨ੍ਹਾਂ ਤਿੰਨਾਂ ਤੋਂ ਇਲਾਵਾ ਯੋਗ ਸਾਧਨਾ ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।[40] ਵਾਸਤਵ ਵਿਚ ਪੁਰਾਣਾਂ ਵਿਚ ਕਰਮਯੋਗ ਤੇ ਗਿਆਨਯੋਗ ਦੇ ਨਾਲ-ਨਾਲ ਵਧੇਰੇ ਚਰਚਾ ਭਗਤੀ ਯੋਗ ਤੇ ਕੇਂਦ੍ਰਿਤ ਕੀਤੀ ਗਈ ਹੈ। ਇਸ ਕਥਨ ਦੀ ਪੁਸ਼ਟੀ ਕਰਦਿਆਂ ਭਾਗਵਤ ਪੁਰਾਣ ਵਿਚ ਖੁਦ ਸ੍ਰੀ ਕ੍ਰਿਸ਼ਨ ਦੇ ਮੂੰਹੋਂ ਅਖਵਾਇਆ ਗਿਆ ਹੈ:

ਯਤ ਕ੍ਰਮ ਭਿਯਤ੍ਰ ਤਪਸਾ ਗਿਆਨ ਵੈਰਾਗਯਤਸ਼ਚ
ਯਤ ਯੋਗੇਨ ਦਾਨ ਧ੍ਰਮੇਣ ਸ਼੍ਰੇਯੋਭਿਰਿਤਰੈਰਪਿ।।[41]

ਅਰਥਾਤ ਕਰਮ, ਤਪ, ਗਿਆਨ, ਵੈਰਾਗ, ਦਾਨ, ਧਰਮ ਆਦਿ ਉਪਾਵਾਂ ਨਾਲ ਮਨੁੱਖ ਜੋ ਕੁਝ ਪ੍ਰਾਪਤ ਕਰਦਾ ਹੈ, ਉਹੋ ਕੁਝ ਭਗਤ ਨੂੰ ਭਗਤੀ ਰਾਹੀਂ ਪ੍ਰਾਪਤ ਹੋ ਜਾਂਦਾ ਹੈ। ਦੇਵੀ-ਭਾਗਵਤ ਪੁਰਾਣ ਵਿਚ ਵੀ ਦੇਵੀ ਦੇ ਮੁੱਖ ਤੋਂ ਇਹ ਧਾਰਨਾ ਦ੍ਰਿੜ ਕਰਵਾਈ ਗਈ ਹੈ ਕਿ ਸਰੀਰ ਨੂੰ ਕੋਈ ਕਸ਼ਟ ਦਿੱਤੇ ਬਿਨਾ ਕੇਵਲ ਭਗਤੀ ਨਾਲ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਪੌਰਾਣਿਕ ਕਾਲ ਵਿਚ ਭਗਵਤ ਗੀਤਾ ਦੀ ਰਚਨਾ ਤੋਂ ਪਹਿਲਾਂ ਅਧਿਆਤਮਕ ਵਿਚਾਰ ਸ਼ਾਸਤਰ ਉੱਚ ਸ਼੍ਰੇਣੀ ਦੇ ਵਿਦਵਾਨਾਂ ਦੀ ਕਲਪਨਾ ਦੀ ਵਸਤੂ ਸੀ, ਪਰੰਤੂ ਇਸ ਯੁੱਗ ਵਿਚ ਇਸ

ਦਾ ਪ੍ਰਚਾਰ ਸਾਧਾਰਣ ਜਨਤਾ ਵਿਚ ਕੀਤਾ ਜਾਣ ਲੱਗਾ।[42] ਭਗਵਤ ਪੁਰਾਣ ਅਨੁਸਾਰ "ਇਸਤਰੀ, ਸ਼ੂਦਰ ਅਤੇ ਪਤਿਤ ਦਵਿਜਾਂ ਨੂੰ ਸ਼ਰੁਤੀ ਦਾ ਅਧਿਕਾਰੀ ਨਾ ਹੋਣ ਕਾਰਣ ਕਰੁਣਾਧਾਰ ਸ੍ਰੀ ਕ੍ਰਿਸ਼ਣ ਨੇ ਮਹਾਂਭਾਰਤ ਦੀ ਰਚਨਾ ਕੀਤੀ।"[43] ਮਹਾਂਭਾਰਤ ਇਸ ਜੁੱਗ ਦਾ ਪ੍ਰਤੀਨਿੱਧ ਗ੍ਰੰਥ ਹੈ।

ਪੁਰਾਣਾਂ ਵਿਚ ਗਿਆਨ ਤੇ ਕਰਮ ਨੂੰ ਪ੍ਰਮੁੱਖਤਾ ਨਾ ਦਿੰਦਿਆਂ ਭਗਤੀ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ ਤੇ ਇਥੋਂ ਤਕ ਦਿੱਤੀ ਹੈ ਕਿ ਭਗਤੀ ਦੇ ਕਾਰਨ ਇਕ ਚੰਡਾਲ ਵੀ ਬ੍ਰਾਹਮਣ ਤੋਂ ਵਧ ਦਰਜਾ ਪ੍ਰਾਪਤ ਕਰ ਸਕਦਾ ਹੈ ਅਤੇ ਭਗਤੀ ਤੋਂ ਸਖਣਾ ਬ੍ਰਾਹਮਣ ਚੰਡਾਲ ਤੋਂ ਵੀ ਗਿਆ ਗੁਜ਼ਰਿਆ ਮੰਨਿਆ ਜਾ ਸਕਦਾ ਹੈ।[44]

ਮਹਾਂਭਾਰਤ ਵਿਚ ਕਥਨ ਹੈ ਕਿ "ਮਹਾਂਭਾਰਤ ਰੂਪੀ ਅੰਮ੍ਰਿਤ ਦਾ ਮੰਥਨ ਕਰਕੇ ਉਸ ਦੇ ਸਾਰਭੂਤ(ਨਿਚੋੜ) ਗੀਤਾ-ਅੰਮ੍ਰਿਤ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜੁਨ ਦੇ ਮੂੰਹ ਵਿਚ ਹੋਮ(ਉਪਦੇਸ਼) ਕੀਤਾ।"[45] ਗੀਤਾ ਵਿਚ ਨਿਸ਼ਕਾਮ ਭਾਵਨਾਵਾਂ ਨੂੰ ਬੜੇ ਸੁੰਦਰ ਢੰਗ ਨਾਲ ਉਲੀਕਿਆ ਅਤੇ ਨਿਸ਼ਕਾਮ ਕਰਮ ਕਰਨ ਵਾਲੇ ਨੂੰ ਬ੍ਰਹਮਪਦ ਨੂੰ ਪ੍ਰਾਪਤ ਕਰਨ ਵਾਲਾ ਕਿਹਾ ਗਿਆ ਹੈ। ਕਰਮ ਨੂੰ ਮਹਾਨ ਦੱਸਦਿਆਂ 'ਕਰਮ ਨਾਲ ਹੀ ਮਾਨਵ ਸਿੱਧੀ ਪ੍ਰਾਪਤ ਕਰਦਾ ਹੈ"[46] ਦੱਸਿਆ ਗਿਆ ਹੈ। ਗੀਤਾ ਵਿਚ ਗਿਆਨ, ਕਰਮ ਅਤੇ ਭਗਤੀ ਨੂੰ ਇਕ ਦੂਜੇ ਦੇ ਪੂਰਕ ਦੱਸ ਕੇ ਅਧਿਆਤਮਕ ਤੱਤਾਂ ਦਾ ਵਿਵੇਚਨ ਬੜਾ ਹੀ ਸਰਲ ਅਤੇ ਸਾਫ਼-ਸੁਥਰੀ ਭਾਸ਼ਾ ਵਿਚ ਕੀਤਾ ਗਿਆ ਹੈ।

### 2.6.1. ਪੁਰਾਣਾਂ ਵਿਚ ਬ੍ਰਹਮ

ਪੁਰਾਣਾਂ ਵਿਚ ਬ੍ਰਹਮ ਦੇਹਧਾਰੀ ਜਾਂ ਪ੍ਰਤੀਕ ਦੇ ਰੂਪ ਵਿਚ ਪਰਗਟਾਇਆ ਗਿਆ ਹੈ। ਪੁਰਾਣਾਂ ਦੀ ਭਗਤੀ ਦਾ ਹਰ ਇਕ ਪ੍ਰਤੀਕ ਭਾਵੇਂ ਉਹ ਸ਼ਿਵ ਜੀ ਹੋਵੇ, ਵਿਸ਼ਨੂੰ ਹੋਵੇ ਅਤੇ ਜਾਂ ਕੋਈ ਹੋਰ ਦੇਵੀ-ਦੇਵਤਾ ਹੋਵੇ- ਦੇਹਧਾਰੀ ਹੈ। ਪਦਮ ਪੁਰਾਣ ਵਿਚ ਉਸ ਇਕੋ ਪਰਮ-ਪੁਰਖ ਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼ ਕਿਹਾ ਗਿਆ ਹੈ ਜੋ ਰਜੋਗੁਣ, ਸਤੋਗੁਣ ਅਤੇ ਤਮੋਗੁਣ ਭਰਪੂਰ ਹੈ।[47] ਇਸ ਭਾਵ ਨੂੰ ਦੇਵੀ ਭਾਗਵਤ, ਵਿਸ਼ਨੂੰ ਪੁਰਾਣ ,ਸ਼ਿਵ ਪੁਰਾਣ ਅਤੇ ਭਾਗਵਤ ਪੁਰਾਣ ਵਿਚ ਅਨੇਕ ਕਥਾਵਾਂ ਦੇ ਦ੍ਰਿਸ਼ਟਾਂਤ ਦੇ ਕੇ ਦ੍ਰਿੜਾਇਆ ਗਿਆ ਹੈ।

"ਭਗਵਦ ਗੀਤਾ ਵਿਚ ਬ੍ਰਹਮ ਦੇ ਵਿਅਕਤ ਅਤੇ ਅਵਿਅਕਤ ਦੋਨਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ।"[48] ਗੀਤਾ ਵਿਚ ਬ੍ਰਹਮ ਨੂੰ ਪੁਰਸ਼ੋਤਮ, ਨਿਰਗੁਣ, ਸਗੁਣ, ਨਿਰਾਕਾਰ

ਆਦਿ ਸਭ ਕੁਝ ਦੱਸਿਆ ਗਿਆ ਹੈ। "ਗੀਤਾ ਵਿਚ ਭਗਵਾਨ ਸ੍ਰੀ ਕ੍ਰਿਸ਼ਣ ਆਪ ਵਿਅਕਤ ਬ੍ਰਹਮ ਹਨ। ਉਹ ਪਰਮੇਸ਼ਰ ਦੇ ਸਾਖਿਆਤ ਮੂਰਤੀਮਾਨ ਅਵਤਾਰ ਹਨ। ਪਰੰਤੂ ਉਨ੍ਹਾਂ ਨੇ ਵਿਅਕਤ ਦੇ ਟਾਕਰੇ ਤੇ ਅਵਿਅਕਤ ਸਰੂਪ ਨੂੰ ਸ੍ਰੇਸ਼ਟ ਮੰਨਿਆ ਹੈ। ਅਵਿਅਕਤ ਬ੍ਰਹਮ ਸਗੁਣ ਹੈ ਅਤੇ ਨਿਰਗੁਣ ਵੀ। ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ।"[49] ਜੀਵਾਂ ਵਿਚ ਰਹਿਕੇ ਉਨ੍ਹਾਂ ਪਾਸੋਂ ਕਰਮ ਕਰਵਾਉਂਦਾ ਹੈ,[50] ਪਰੰਤੂ ਉਹ ਜੀਵਾਂ ਦੇ ਕਰਮ ਅਤੇ ਕਰਤੱਵ ਤੋਂ ਨਿਰਲੇਪ ਹੈ।[51] ਉਹ ਸੱਤ ਵੀ ਹੈ, ਅਸੱਤ ਵੀ, ਇੰਦਰੀ ਰਹਿਤ ਅਤੇ ਨਿਰਗੁਣ ਹੋ ਕੇ ਵੀ ਗੁਣਾਂ ਦਾ ਉਪਭੋਗ ਕਰਨ ਵਾਲਾ ਹੈ,[52] ਉਹ ਦੂਰ ਵੀ ਹੈ ਅਤੇ ਨੇੜੇ ਵੀ।[53]

ਸੰਖੇਪ ਵਿਚ, ਪੁਰਾਣਾਂ ਵਿਚ ਬ੍ਰਹਮ ਦੇ ਸ਼ੁੱਧ ਨਿਰਗੁਣ, ਅਵਿਕਾਰੀ, ਅਚਿੰਤ ਅਤੇ ਅਨਾਦਿ ਸਰੂਪ ਦਾ ਪ੍ਰਤਿਪਾਦਨ ਕਰਦਿਆਂ ਉਸ ਦੇ ਵਿਅਕਤ ਅਤੇ ਸਗੁਣ ਸਰੂਪ ਦੀ ਸੰਸਾਰ ਪ੍ਰਤੀ ਨਿਰਲੇਪਤਾ ਪ੍ਰਗਟਾਈ ਗਈ ਹੈ।

### 2.6.2. ਬ੍ਰਹਮ ਅਤੇ ਜੀਵ

ਪੁਰਾਣਾਂ ਵਿਚ ਜੀਵ ਨੂੰ ਬ੍ਰਹਮ ਦਾ ਹੀ ਸਨਾਤਕ ਅੰਸ਼ ਮੰਨਿਆ ਗਿਆ ਹੈ ਜੋ ਮ੍ਰਿਤੂ ਉਪਰੰਤ ਬ੍ਰਹਮ ਵਿਚ ਹੀ ਸਮਾ ਜਾਂਦਾ ਹੈ।[54] ਗੀਤਾ ਵਿਚ ਜੀਵ ਨੂੰ ਸੂਰਜ ਰੂਪੀ ਬ੍ਰਹਮ ਦੇ ਪ੍ਰਕਾਸ਼ ਨਾਲ ਉਪਮਾਇਆ ਗਿਆ ਹੈ।[55] ਬ੍ਰਹਮ ਹੀ ਪ੍ਰਾਣੀਆਂ ਦੇ ਹਿਰਦੇ ਵਿਚ ਜੀਵ ਰੂਪ ਵਿਚ ਨਿਵਾਸ ਕਰਦਾ ਹੈ।[56] ਸ੍ਰੀ ਕ੍ਰਿਸ਼ਣ ਜੀ ਦਾ ਕਥਨ ਹੈ 'ਜੀਵ ਮੇਰਾ ਅੰਸ਼ ਹੈ।'[57] ਇਸ ਪ੍ਰਕਾਰ ਜੀਵ ਸਥੂਲ ਰੂਪ ਵਿਚ ਦ੍ਵੈਤਵਾਦੀ ਹੁੰਦਾ ਹੋਇਆ ਵੀ ਮੂਲੋਂ ਅਦ੍ਵੈਤਵਾਦੀ ਹੈ।

### 2.6.3. ਬ੍ਰਹਮ ਅਤੇ ਜਗਤ

ਪੁਰਾਣਾਂ ਅਨੁਸਾਰ ਜਗਤ ਦੀ ਉਤਪਤੀ ਪਰਮਾਤਮਾ ਦੇ ਕਾਰਨ ਹੈ, ਅਰਥਾਤ ਜਗਤ ਬ੍ਰਹਮ ਦਾ ਮੂਰਤ ਰੂਪ ਹੈ। ਸ੍ਰੀ ਕ੍ਰਿਸ਼ਣ ਗੀਤਾ ਵਿਚ ਕਹਿੰਦੇ ਹਨ ਕਿ "ਪ੍ਰਕ੍ਰਿਤੀ ਮੇਰਾ ਸਰੂਪ ਹੈ।"[58] "ਮੈਂ ਹੀ ਇਸ ਜਗਤ ਨੂੰ ਬਣਾਉਣ ਅਤੇ ਨਸ਼ਟ ਕਰਨ ਵਾਲਾ ਹਾਂ, ਪ੍ਰਕ੍ਰਿਤੀ ਅਤੇ ਜੀਵ ਮੇਰੀਆਂ ਜੜ੍ਹ ਅਤੇ ਚੇਤੰਨ ਸ਼ਕਤੀਆਂ ਹਨ ਅਤੇ ਮੈਂ ਹੀ ਜਗਤ ਨਾਲ ਜੁੜਿਆ ਹੋਇਆ ਹਾਂ।"[59] "ਮੈਂ ਹੀ ਸੰਪੂਰਨ ਜਗਤ ਦੀ ਉਤਪਤੀ ਦਾ ਕਾਰਨ ਹਾਂ।"[60] ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਬ੍ਰਹਮ ਦੇ ਵਿਅਕਤ ਰੂਪ ਦਾ ਹੀ ਪਸਾਰਾ ਹੈ। ਸ੍ਰੀ ਕ੍ਰਿਸ਼ਨ ਅਰਜੁਨ ਨੂੰ ਉਪਦੇਸ਼ ਦਿੰਦੇ ਹਨ ਕਿ "ਅਵਿਅਕਤ ਰੂਪ ਦੇ ਟਾਕਰੇ ਤੇ ਵਿਅਕਤ ਰੂਪ ਦੀ ਉਪਾਸਨਾ ਸਹਿਜ ਅਤੇ ਸਰਲ ਹੈ।"[61]

2.6.4. ਬ੍ਰਹਮ ਅਤੇ ਆਤਮਾ

ਗੀਤਾ ਵਿਚ ਬ੍ਰਹਮ ਅਤੇ ਆਤਮਾ ਵਿਚ ਅਭੇਦ ਦਰਸਾਇਆ ਗਿਆ ਹੈ। ਆਤਮਾ ਉਨ੍ਹਾਂ ਗੁਣਾਂ ਦੀ ਧਾਰਨੀ ਹੈ ਜੋ ਗੁਣ ਪਰਮਾਤਮਾ ਦੇ ਹਨ ਜਿਵੇਂ ਨਿੱਤ, ਅਬਿਨਾਸ਼ੀ, ਸ਼ੁੱਧ, ਇਕ, ਪ੍ਰਕਾਸ਼-ਰੂਪ, ਸਭ ਦਾ ਕਾਰਨ, ਵਿਆਪਕ ਆਦਿ।[62]

2.6.5. ਬ੍ਰਹਮ ਅਤੇ ਮਾਇਆ

ਪੁਰਾਣਾਂ ਅਨੁਸਾਰ ਮਾਇਆ ਵੀ ਬ੍ਰਹਮ ਦੀ ਹੀ ਅੰਸ਼ ਹੈ। ਇਹ ਸਮੁੱਚੇ ਜਗਤ ਦੀ ਸਵਾਮਿਨੀ, ਅਚਿੰਤ ਅਤੇ ਅਨਾਦੀ ਹੈ। ਇਸ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਕਰਨੀ ਬਹੁਤ ਹੀ ਕਠਿਨ ਹੈ, ਪਰੰਤੂ ਇਹ ਪ੍ਰਭੂ ਦੀ ਦਾਸੀ ਹੈ ਅਤੇ ਪ੍ਰਭੂ ਦੀ ਕਿਰਪਾ ਹੋਣ ਨਾਲ ਪੁਰਸ਼ੋਤਮ ਅਰਥਾਤ ਭਗਤ ਇਸ ਮਾਇਆਵੀ ਸੰਸਾਰ-ਸਾਗਰ ਨੂੰ ਸੌਖਿਆਂ ਹੀ ਪਾਰ ਕਰ ਲੈਂਦਾ ਹੈ।

ਸ੍ਰੀ ਕ੍ਰਿਸ਼ਨ ਦਾ ਫੁਰਮਾਨ ਹੈ ਕਿ "ਇਹ ਤ੍ਰੈਗੁਣਾਤਮਿਕ ਪ੍ਰਕ੍ਰਿਤੀ ਮੇਰੀ ਦੈਵੀ ਮਾਇਆ ਬੜੀ ਵਿਕਟ ਹੈ ਪਰ ਜੋ ਪੁਰਸ਼ ਨਿਰੰਤਰ ਮੇਰਾ ਸਿਮਰਨ ਕਰਦੇ ਹਨ ਉਹ ਇਸ ਮਾਇਆ ਰੂਪੀ ਸੰਸਾਰ ਨੂੰ ਤਰ ਜਾਂਦੇ ਹਨ।"[63] ਅਤੇ 'ਇਸ ਮਾਇਆ ਨਾਲ ਜਿਨ੍ਹਾਂ ਦਾ ਗਿਆਨ ਨਸ਼ਟ ਹੋ ਜਾਂਦਾ ਹੈ, ਉਹ ਮੁੜ ਮੈਨੂੰ ਪ੍ਰਾਪਤ ਨਹੀਂ ਕਰ ਸਕਦੇ।"[64] ਸ੍ਰੀ ਕ੍ਰਿਸ਼ਨ ਜੀ ਅੱਗੇ ਕਹਿੰਦੇ ਹਨ ਕਿ "ਮੈਂ ਆਪਣੀ ਯੋਗ ਮਾਇਆ ਦੁਆਰਾ ਢਕਿਆ ਹੋਇਆ ਹਾਂ, ਇਸ ਲਈ ਤੁੱਛ ਬੁੱਧੀ ਵਾਲੇ ਲੋਕ ਮੈਨੂੰ ਨਹੀਂ ਪਛਾਣਦੇ।"[65] ਇਸ ਪ੍ਰਕਾਰ ਮਾਇਆ ਬ੍ਰਹਮ ਦਾ ਹੀ ਤੱਤ ਹੈ ਅਤੇ ਉਸ ਦੁਆਰਾ ਹੀ ਸਿਰਜੀ ਗਈ ਹੈ।

2.6.6. ਮੁਕਤੀ

ਗੀਤਾ ਵਿਚ ਮੁਕਤੀ ਪ੍ਰਾਪਤ ਕਰਨ ਲਈ ਚਾਰ ਸਾਧਨ-ਭਗਤੀ, ਕਰਮ, ਉਪਾਸਨਾ ਅਤੇ ਗਿਆਨ ਦਰਸਾਏ ਗਏ ਹਨ। ਇਨ੍ਹਾਂ ਚਾਰ ਸਾਧਨਾਂ ਦੁਆਰਾ ਮਨੁੱਖ ਪਰਮਾਤਮਾ ਦੀ ਸ਼ਰਨ ਪ੍ਰਾਪਤ ਕਰ ਸਕਦਾ ਹੈ। ਗੀਤਾ ਵਿਚ ਨਿਸ਼ਕਾਮ ਕਰਮ ਨੂੰ ਸਭ ਤੋਂ ਵੱਧ ਮਹੱਤਾ ਦਿੱਤੀ ਗਈ ਹੈ। ਸ੍ਰੀ ਕ੍ਰਿਸ਼ਨ ਜੀ ਦਾ ਕਥਨ ਹੈ:

ਅਨੱਯਾਸ਼ਿਚੰਤਯੰਤੋ ਮਾਂ ਯੇ ਜਨਾ ਪ੍ਰਯੁਪਾਸਤੇ ।<br>
ਤੇਸ਼ਾਂ ਨਿਤਯਾਭਿਯੁਕੱਤਾਨਾਂ ਯੋਗਕਸ਼ੇਮੰ ਵਹਾਮਯਹਮ।।[65ੳ]

ਅਰਥਾਤ ਜਿਹੜਾ ਅਨਿਨ ਪ੍ਰੇਮੀ ਭਗਤ ਮੈਨੂੰ, ਪ੍ਰਭੂ ਨੂੰ ਨਿਰੰਤਰ ਚਿੰਤਨ ਕਰਦੇ ਹੋਏ ਨਿਸ਼ਕਾਮ ਭਾਵ ਨਾਲ ਭਜਦਾ ਹੈ, ਅਜਿਹੇ ਪੁਰਸ਼ਾਂ ਦੀ ਮੁਕਤੀ ਮੈਂ ਆਪ ਕਰਦਾ ਹਾਂ। ਪ੍ਰਭੂ-ਭਗਤੀ ਵਿਚ ਲੀਨ ਪ੍ਰੇਮੀ ਇਕ ਨਾ ਇਕ ਦਿਨ ਉਸ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ ਅਤੇ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

2.6.7. ਦੁੱਖ-ਸੁੱਖ

ਅਰਜੁਨ ਨੂੰ ਉਪਦੇਸ਼ ਦਿੰਦੇ ਹੋਏ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਸਪਸ਼ਟ ਕਿਹਾ ਹੈ ਕਿ 'ਹੇ ਅਰਜੁਨ, ਇੰਦਰੀਆਂ ਦੇ ਵਿਸ਼ੇ-ਵਿਕਾਰਾਂ ਸੰਬੰਧੀ ਭੋਗੇ ਸੁੱਖ ਵਾਸਤਵ ਵਿਚ ਦੁੱਖ ਰੂਪ ਹਨ, ਦੁੱਖਾਂ ਦੇ ਕਾਰਨ ਹਨ ਅਤੇ ਇਹ ਵਿਨਾਸ਼ ਦਾ ਕਾਰਨ ਬਣਦੇ ਹਨ। ਬੁੱਧੀਮਾਨ ਇਨ੍ਹਾਂ ਭੋਗਾਂ ਵਿਚ ਮਨ ਨਹੀਂ ਲਾਉਂਦੇ।"[66]

ਉਕਤ ਵਿਚਾਰ ਚਰਚਾ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਪੌਰਾਣਿਕ ਕਾਲ ਦੇ ਭਾਰਤੀ ਦਰਸ਼ਨ ਵਿਚ ਜੀਵਨ ਦੇ ਹਰ ਖੇਤਰ, ਹਰ ਪ੍ਰਸ਼ਨ ਦਾ ਵਿਸਤ੍ਰਿਤ ਵਿਸ਼ਲੇਸ਼ਣ ਅੰਕਿਤ ਹੈ। ਪਰੰਤੂ ਜੋ ਮਹੱਤਤਾ ਭਾਰਤੀ ਦਰਸ਼ਨ ਵਿਚ ਸ੍ਰੀਮਦ ਭਗਵਦ ਗੀਤਾ ਨੂੰ ਪ੍ਰਾਪਤ ਹੈ, ਉਹ ਦੂਸਰੇ ਪੁਰਾਣਾਂ ਨੂੰ ਪ੍ਰਾਪਤ ਨਹੀਂ ਹੋਈ। ਗੀਤਾ ਦੇ ਸਾਧਨ-ਮਾਰਗ ਦਾ ਆਰੰਭ ਨਿਸ਼ਕਾਮ ਕਰਮ ਤੋਂ ਅਤੇ ਅੰਤ ਸ਼ਰਣਾਗਤਿ ਨਾਲ ਹੋਇਆ ਹੈ। ਈਸ਼ਵਰ ਜੀਵ ਦਾ ਲਕਸ਼ ਹੈ ਅਤੇ ਇਸ ਮੂਲ ਮੰਤਵ ਦੀ ਪ੍ਰਾਪਤੀ ਲਈ ਗਿਆਨਯੋਗ, ਭਗਤੀਯੋਗ ਅਤੇ ਕਰਮਯੋਗ ਦੁਆਰਾ ਪ੍ਰਭੂ ਭਗਤੀ ਦੀ ਸ਼ਰਨ ਪ੍ਰਾਪਤ ਕਰਨੀ ਹੀ ਪੌਰਾਣਿਕ ਕਾਲ ਦੇ ਭਾਰਤੀ ਦਰਸ਼ਨ ਦੀ ਮੂਲ ਪ੍ਰੇਰਨਾ ਸੀ। ਗੀਤਾ ਦੇ ਇਸ ਦਰਸ਼ਨ ਦਾ ਪ੍ਰਭਾਵ ਅੱਗੇ ਚਲਕੇ ਸਮੁੱਚੇ ਭਾਰਤੀ ਦਰਸ਼ਨ ਨੇ ਗ੍ਰਹਿਣ ਕੀਤਾ ਹੈ।

2.7. ਭਾਰਤੀ ਦਰਸ਼ਨ ਅਤੇ ਨਾਸਤਿਕ ਵਿਚਾਰਧਾਰਾ

ਭਾਰਤੀ ਦਰਸ਼ਨ ਦੀ ਨਾਸਤਿਕ ਵਿਚਾਰਧਾਰਾ ਦੇ ਅੰਤਰਗਤ ਉਹ ਦਰਸ਼ਨ ਆਉਂਦੇ ਹਨ ਜੋ ਵੇਦਾਂ ਦੀ ਪ੍ਰਮਾਣਿਕਤਾ ਤੋਂ ਇਨਕਾਰੀ ਹਨ। ਉੱਪਰ ਅਸੀਂ ਦੱਸ ਆਏ ਹਾਂ ਕਿ ਦਾਰਸ਼ਨਿਕ ਸਾਹਿਤ ਵਿਚ ਵੇਦ-ਵਿਰੋਧੀ ਨੂੰ ਨਾਸਤਿਕ ਮੰਨਿਆ ਜਾਂਦਾ ਹੈ, ਮਨੂੰ ਨੇ ਵੇਦ-ਨਿੰਦਕ ਨੂੰ ਨਾਸਤਿਕ ਕਿਹਾ ਹੈ।[67] ਚਾਰਵਾਕ, ਜੈਨ, ਬੋਧ ਅਤੇ ਸਾਂਖ ਵਿਚਾਰਧਾਰਾ ਨੂੰ ਨਾਸਤਿਕ ਦਰਸ਼ਨ ਮੰਨਿਆ

ਜਾਂਦਾ ਹੈ। ਇਨ੍ਹਾਂ ਧਰਮਾਂ ਦੇ ਆਚਾਰੀਆਂ ਨੇ ਵੈਦਿਕ ਪਰੰਪਰਾਵਾਂ ਨੂੰ ਤੋੜ ਕੇ ਬ੍ਰਹਮ, ਜੀਵ, ਜਗਤ ਅਤੇ ਆਤਮਾ ਦੀ ਪਹੇਲੀ ਨੂੰ ਆਪਣੇ ਢੰਗ ਨਾਲ ਸੁਲਝਾਉਣ ਦਾ ਯਤਨ ਕੀਤਾ ਹੈ।

2.7.1. ਚਾਰਵਾਕ ਦਰਸ਼ਨ

ਵੇਦ-ਵਿਰੋਧੀ ਵਿਚਾਰਧਾਰਾ ਵਿਚ ਚਾਰਵਾਕ ਦਰਸ਼ਨ ਸਭ ਤੋਂ ਪ੍ਰਾਚੀਨਤਮ ਦਰਸ਼ਨ ਮੰਨਿਆ ਜਾਂਦਾ ਹੈ, 'ਈਸ਼ਵਰ, ਵੇਦ ਅਤੇ ਪ੍ਰਲੋਕ ਨੂੰ ਨਾ ਮੰਨਣ ਵਾਲਾ ਚਾਰਵਾਕ ਹੀ ਪੱਕਾ ਨਾਸਤਿਕ[68] ਦਰਸ਼ਨ ਹੈ। ਇਸ ਨੂੰ ਮੰਨਣ ਵਾਲੇ ਸ਼ੁੱਧ ਬੁੱਧੀਵਾਦ ਤੇ ਵਿਸ਼ਵਾਸ ਰੱਖਦੇ ਸਨ। ਇਨ੍ਹਾਂ ਅਨੁਸਾਰ ਪ੍ਰਿਥਵੀ, ਜਲ, ਹਵਾ ਅਤੇ ਪ੍ਰਕਾਸ਼ ਦੇ ਆਪ-ਮੁਹਾਰੇ ਮਿਸ਼ਰਣ ਨਾਲ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਆਕਾਸ਼ ਤੱਤ ਨੂੰ ਇਨ੍ਹਾਂ ਨੇ ਮਾਨਤਾ ਨਹੀਂ ਦਿੱਤੀ।

ਸਰੀਰ ਤੋਂ ਬਿਨਾ ਆਤਮਾ ਦੀ ਹੋਂਦ ਨੂੰ ਚਾਰਵਾਕ ਸਵੀਕਾਰ ਨਹੀਂ ਕਰਦਾ, ਅਰਥਾਤ ਇਸ ਅਨੁਸਾਰ ਸਰੀਰ ਹੀ ਆਤਮਾ ਹੈ। ਇਹ ਅਨੁਮਾਨ ਨਹੀਂ ਬਲਕਿ ਪ੍ਰਤੱਖ ਨੂੰ ਹੀ ਪ੍ਰਮਾਣ ਮੰਨਦਾ ਹੈ। ਇਹ ਸਰੀਰ ਦੇ ਵਿਨਾਸ਼ ਨੂੰ ਮੁਕਤੀ ਮੰਨਦਾ ਹੈ ਅਤੇ ਪਦਾਰਥਕ ਵਸਤਾਂ ਤੋਂ ਜੋ ਸੁੱਖ ਮਿਲਦਾ ਹੈ, ਇਸ ਅਨੁਸਾਰ, ਉਹੀ ਸਵਰਗ ਹੈ। ਆਚਾਰੀਆ ਬ੍ਰਹਸਪਤੀ ਇਸ ਦਰਸ਼ਨ ਦੇ ਸੰਸਥਾਪਕ ਸਨ।

2.7.2. ਜੈਨ ਦਰਸ਼ਨ

ਜੈਨ ਧਰਮ ਦੇ ਦੋ ਪ੍ਰਮੁੱਖ ਸੰਪ੍ਰਦਾਇ ਸ੍ਵੇਤਾਂਬਰ ਅਤੇ ਦਿਗੰਬਰ ਹਨ, ਇਹ ਦੋਨੋ ਹੀ ਵੇਦਾਂ ਦੇ ਆਲੋਚਨਾ-ਸ਼ਾਸਤਰ ਹਨ, ਵੈਦਿਕ ਰੀਤਾਂ ਦੇ ਵਿਰੋਧੀ ਹਨ। ਜੈਨ ਧਰਮ ਅਨੁਸਾਰ ਦੁਖ-ਨਿਵਿਰਤੀ ਦੀ ਜਗਿਆਸਾ ਵਿਚੋਂ ਉਤਪੰਨ ਹੋਇਆ ਹੈ। ਇਹ ਦਰਸ਼ਨ ਪੁਰਸ਼ਾਰਥ ਪ੍ਰਧਾਨ ਅਤੇ ਅਹਿੰਸਾ ਦਾ ਪ੍ਰਚਾਰਕ ਹੈ। ਇਸ ਵਿਚ ਭੋਗ ਦਾ ਮਾਰਗ ਤਿਆਗ ਕੇ ਜੋਗ ਮਾਰਗ ਗ੍ਰਹਿਣ ਕਰਨ ਤੇ ਬਲ ਦਿੱਤਾ ਗਿਆ ਹੈ। ਡਾ. ਸਤੀਸ਼ ਚੰਦਰ ਚਟੋਪਾਧਿਆਇ ਦਾ ਕਥਨ ਹੈ:

> ਜੈਨ ਦਰਸ਼ਨ ਨੇ ਬੋਧ ਮੱਤ ਵਾਂਙ ਚਾਰਵਾਕ ਦਰਸ਼ਨ ਦੇ ਅਹਿੰਸਾਵਾਦੀ ਦ੍ਰਿਸ਼ਟੀਕੋਣ ਨੂੰ ਤਾਂ ਗ੍ਰਹਿਣ ਕਰ ਲਿਆ, ਪਰ ਚਾਰਵਾਕ ਦੇ ਭੋਗਵਾਦੀ ਦਰਸ਼ਨ ਨੂੰ ਸਥਾਨ ਨਹੀਂ ਦਿੱਤਾ।[69]

ਪਰਮਾਤਮਾ

ਜੈਨ ਦਰਸ਼ਨ ਈਸ਼ਵਰ ਵਿਚ ਵਿਸ਼ਵਾਸ ਨਹੀਂ ਕਰਦਾ। ਸਿੱਧ ਪੁਰਸ਼ ਅਤੇ ਤੀਰੰਥੰਕਰ (ਜੈਨੀਆਂ ਦੇ 24 ਮੁੱਖ ਉਪਦੇਸ਼ਕ) ਹੀ ਉਨ੍ਹਾਂ ਲਈ ਪਰਮਾਤਮਾ ਦੇ ਰੂਪ ਹਨ। ਇਨ੍ਹਾਂ ਦਾ ਪਰਮਾਤਮਾ ਅਜਰ, ਅਮਰ ਅਤੇ ਸਰਬ-ਗਿਆਤਾ ਹੈ।

T
2512.092
ਹ 592 ਤੇ ਮ

ਆਤਮਾ

ਜੈਨ ਧਰਮ ਅਨੁਸਾਰ "ਜੋ ਆਤਮਾ ਹੈ ਉਹੀ ਵਿਗਿਆਤਾ ਹੈ, ਜੋ ਵਿਗਿਆਤਾ ਹੈ ਉਹੀ ਆਤਮਾ ਹੈ। ਜਿਸ ਤੋਂ ਜਾਣਿਆ ਜਾਂਦਾ ਹੈ, ਉਹ ਆਤਮਾ ਹੈ ਅਤੇ ਜਾਣਨ ਦੀ ਸ਼ਕਤੀ ਤੋਂ ਆਤਮਾ ਦੀ ਪ੍ਰਤੀਤੀ ਹੁੰਦੀ ਹੈ।"[70] ਆਤਮਾ ਸ਼ਬਦ, ਰੂਪ, ਗੰਧ, ਸਪਰਸ਼, ਰਹਿਤ ਹੈ। ਉਹ ਅਵਾਚਯ ਹੈ, ਵਰਣਨ ਤੋਂ ਪਰੇ ਹੈ।

ਜੀਵ

ਜੈਨ ਧਰਮ ਵਿਚ ਜੀਵ ਦੇ ਦੋ ਰੂਪ ਮੰਨੇ ਗਏ ਹਨ: ਸੰਸਾਰੀ ਅਤੇ ਮੁਕਤ ਸੰਸਾਰੀ ਜੀਵ। ਚੇਤਨ ਆਤਮਾ ਜੀਵ ਹੈ, "ਚੇਤਨਤਾ ਜੀਵ ਦਾ ਲੱਛਣ ਹੈ।"[71] ਉਹ ਦੀਪਕ ਦੇ ਪ੍ਰਕਾਸ਼ ਵਾਂਙ ਆਪਣੇ ਸਰੀਰ ਨੂੰ ਪ੍ਰਕਾਸ਼ਮਾਨ ਕਰਦਾ ਹੈ। ਇਸ ਤੋਂ ਵੱਖਰਾ ਪੁਦਗਲ ਜਾਂ ਸਥਾਵਰ ਅਰਥਾਤ ਸਥੂਲ ਜੀਵ ਹੈ।

ਜਗਤ

ਜੈਨ ਧਰਮ ਵਿਚ ਜਗਤ ਨੂੰ ਕਿਰਾਏ ਦੀ ਕੋਠੜੀ ਕਿਹਾ ਗਿਆ ਹੈ। ਇਸ ਸੰਸਾਰ ਰੂਪੀ ਰੰਗ-ਮੰਚ ਤੇ ਆਪਣਾ ਅਭਿਨੈ ਸਮਾਪਤ ਕਰਕੇ ਜੀਵ ਇਸ ਤੋਂ ਵੱਖ ਹੋ ਜਾਂਦਾ ਹੈ। ਜੈਨ ਮੱਤ ਅਨੁਸਾਰ ਇਹ ਜਗਤ ਅਨਾਦੀ ਹੈ ਅਤੇ ਛੇ ਤੱਤਾਂ ਜੀਵ, ਪੁਦਗਲ(ਸਥੂਲ) ਧਰਮ, ਅਧਰਮ, ਆਕਾਸ਼ ਅਤੇ ਕਾਲ ਦਾ ਬਣਿਆ ਹੋਇਆ ਹੈ।

ਕਰਮ ਅਤੇ ਪੁਨਰ-ਜਨਮ

ਇਸ ਸੰਦਰਭ ਵਿਚ ਜੈਨ ਧਰਮ ਅਤੇ ਵੈਦਿਕ ਦਰਸ਼ਨ ਵਿਚ ਸਮਾਨਤਾ ਹੈ। ਕਰਮ ਮੋਹ ਤੋਂ ਉਤਪੰਨ ਹੁੰਦਾ ਹੈ, ਸੁੱਖ ਦੀ ਇੱਛਾ ਅਤੇ ਕਾਮ ਭੋਗ ਵਿਚ ਮਸਤ ਹੋ ਕੇ ਜੀਵ ਜੋ-ਜੋ ਕਰਮ ਕਰਦਾ ਹੈ, ਉਸ ਅਨੁਸਾਰ ਹੀ ਉਹ ਪੁਨਰ-ਜਨਮ ਲੈਂਦਾ, ਭਿੰਨ ਭਿੰਨ ਜੂਨਾਂ ਵਿਚ ਵਿਚਰਦਾ ਹੈ।

541954
PANJAB UNIVERSITY LIBRARY

ਮਾਇਆ

ਜੈਨ ਦਰਸ਼ਨ ਵਿਚ ਕ੍ਰੋਧ, ਲੋਭ, ਮੋਹ ਅਤੇ ਹੰਕਾਰ ਮਾਇਆ ਦੀ ਪੈਦਾਵਾਰ ਦਰਸਾਏ ਗਏ ਹਨ। ਇਨ੍ਹਾਂ ਵਿਚ ਉਲਝਣ ਨਾਲ ਜੀਵ ਨੂੰ ਨੀਚ ਗਤੀ ਪ੍ਰਾਪਤ ਹੁੰਦੀ ਹੈ। 'ਮਾਇਆ ਦੇ ਕਾਰਨ ਜੀਵ ਸੈਂਕੜੇ ਜਨਮਾਂ ਵਿਚ ਬਹੁਤ ਵਾਰੀ ਬੰਧਨਾਂ ਦਾ ਸ਼ਿਕਾਰ ਹੁੰਦਾ ਹੈ।"[72]

ਮੁਕਤੀ

ਮੁਕਤੀ ਪ੍ਰਾਪਤੀ ਲਈ ਠੀਕ ਗਿਆਨ, ਠੀਕ ਨਿਸ਼ਚਾ ਅਤੇ ਠੀਕ ਚਰਿੱਤਰ ਆਦਿ ਤਿੰਨ ਰਤਨ ਧਾਰਨ ਕਰਨੇ ਪੈਂਦੇ ਹਨ। ਜੀਵ ਅਜੀਵ ਨਾਲ ਤੱਤਾਂ ਰਾਹੀਂ ਬੰਨ੍ਹਿਆ ਹੋਇਆ ਹੈ ਅਤੇ ਇਹੀ ਤੱਤ ਬੰਧਨ ਵਿਚ ਪਾਉਂਦੇ ਹਨ। ਕਰਮਾਂ ਦੇ ਸੰਸਕਾਰਾਂ ਤੋਂ ਨਿਰਲੇਪ ਹੋਣ ਦਾ ਨਾਂ ਸੰਵਰ ਹੈ ਅਤੇ ਪੂਰਬਲੇ ਸੰਸਕਾਰਾਂ ਤੋਂ ਛੁਟਕਾਰਾ ਪਾਉਣ ਦੀ ਸਾਧਨਾ ਦਾ ਨਾਂ ਨਿਰਜਰ ਹੈ, ਇਸ ਵਿਧੀ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਭਾਰਤੀ ਦਰਸ਼ਨ ਵਿਚ ਜੈਨ ਧਰਮ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ, "ਅਹਿੰਸਾ ਪਰਮੋ ਧਰਮਾ" ਉੱਪਰ ਜੈਨ ਦਰਸ਼ਨ ਵਿਚ ਸਭ ਤੋਂ ਵੱਧ ਬਲ ਦਿਤਾ ਗਿਆ ਹੈ। ਜੈਨ ਦਰਸ਼ਨ ਦਾ ਆਰੰਭ ਭਗਵਾਨ ਰਿਸ਼ਭਦੇਵ ਤੋਂ ਮੰਨਿਆ ਜਾ ਸਕਦਾ ਹੈ ਅਤੇ ਇਸ ਦੇ ਅੰਤਿਮ ਤੀਰਥੰਕਰ ਭਗਵਾਨ ਮਹਾਵੀਰ ਸੁਆਮੀ ਸਨ। ਭਾਰਤੀ ਦਰਸ਼ਨ ਅਤੇ ਧਰਮ ਦੇ ਖੇਤਰ ਵਿਚ ਜੈਨ ਧਰਮ ਦਾ ਵਰਣਨਯੋਗ ਯੋਗਦਾਨ ਹੈ।

2.7.3. ਬੋਧ ਦਰਸ਼ਨ

ਵਿਸ਼ਵ ਦੇ ਮਹਾਨ ਧਰਮਾਂ ਵਿਚ ਬੁੱਧ ਧਰਮ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਬੁੱਧ ਧਰਮ ਵਿਚ 'ਬਹੁਜਨ ਹਿਤਾਇ, ਬਹੁਜਨ ਸੁਖਾਇ' ਦੀ ਭਾਵਨਾ ਸਰਸ਼ਾਰ ਹੋਣ ਦੇ ਕਾਰਨ ਇਹ ਮੱਤ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਲੋਕ-ਪ੍ਰਿਯ ਹੋਇਆ ਹੈ। ਭਾਰਤੀ ਦਰਸ਼ਨ ਉੱਪਰ ਬੋਧ ਦਰਸ਼ਨ ਨੇ ਆਪਣੀ ਵਿਸ਼ੇਸ਼ ਤੇ ਅਮਿੱਟ ਛਾਪ ਛੱਡੀ ਹੈ।

ਮਹਾਤਮਾ ਗੌਤਮ ਬੁੱਧ ਜਿਨ੍ਹਾਂ ਦਾ ਪਹਿਲਾ ਨਾਮ ਸਿਧਾਰਥ ਸੀ, ਇਸ ਮਤ ਦੇ ਸੰਸਥਾਪਕ ਸਨ। ਗੌਤਮ ਬੁੱਧ ਦੀ ਵਿਚਾਰਧਾਰਾ ਅਨੁਭਵ ਅਤੇ ਸਦਾਚਾਰ ਪ੍ਰਧਾਨ ਸੀ। ਉਨ੍ਹਾਂ ਬਾਰੇ ਡਾ. ਰਾਧਾਕ੍ਰਿਸ਼ਨਨ ਦਾ ਨਿਮਨ-ਲਿਖਤ ਕਥਨ ਬੜਾ ਅਰਥ-ਭਰਪੂਰ ਹੈ:

ਮਹਾਤਮਾ ਬੁੱਧ ਨੇ ਕਲਪਨਿਕ ਰੱਬੀ ਪਿਆਰ ਨਾਲੋਂ ਯਥਾਰਥਕ ਮਨੁੱਖੀ ਪਿਆਰ ਨੂੰ ਬਹੁਤ ਉਚੇਰਾ ਸਥਾਨ ਦਿੱਤਾ ਹੈ। ਉਨ੍ਹਾਂ ਨੇ ਮਾਨਵ ਜੀਵਨ ਦੀਆਂ ਸਨਾਤਨ ਤੇ ਸਦੀਵੀ ਸੱਚਾਈਆਂ ਨੂੰ ਭਰਪੂਰ ਸਹਿਣਸ਼ੀਲਤਾ, ਸੁਚੱਜਤਾ ਅਤੇ ਸਾਫ਼ ਦਿਲੀ ਨਾਲ ਅਭਿਵਿਅਕਤ ਕੀਤਾ। ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਬੁੱਧ ਮਤ ਦਾ ਸਦਾਚਾਰਕ ਆਦਰਸ਼ ਪ੍ਰਸਿੱਧ ਹੈ। ਪਦਾਰਥ-ਵਿਗਿਆਨ ਅਤੇ ਮਨੋਵਿਗਿਆਨ ਦੋਨਾਂ ਦ੍ਰਿਸ਼ਟੀਕੋਣਾਂ ਤੋਂ ਗੌਤਮ ਬੁੱਧ ਦੀ ਵਿਚਾਰਧਾਰਾ ਇੰਨੀ ਯਥਾਰਥਕ ਸੀ ਕਿ ਅਜੋਕੇ ਉੱਨਤ ਵਿਗਿਆਨ ਉਸ ਦੇ ਸਹੀ ਹੋਣ ਦੀ ਸਾਖੀ ਭਰਦੇ ਹਨ। ਬੋਧ ਦਰਸ਼ਨ ਅਨੁਸਾਰ ਅਨੁਭਵ ਦੁਆਰਾ ਪ੍ਰਾਪਤ ਸੱਚਾਈ ਨੂੰ ਹੀ ਪ੍ਰਮਾਣਿਕ ਮੰਨਣਾ ਚਾਹੀਦਾ ਹੈ, ਗੌਤਮ ਬੁੱਧ ਦਾ ਸਪਸ਼ਟ ਮੱਤ ਸੀ ਕਿ ਅੱਖਰ ਗਿਆਨ ਨਾਲੋਂ ਅਨੁਭਵ ਗਿਆਨ ਸ੍ਰੇਸ਼ਟ ਹੈ ਅਤੇ ਇਹੀ ਭਰੋਸੇਯੋਗ ਹੈ।

ਬੋਧ ਦਰਸ਼ਨ ਦਾ ਉਦੇਸ਼ ਮਨੁੱਖੀ ਜੀਵਨ ਨੂੰ ਦੁੱਖਾਂ ਤੋਂ ਛੁਟਕਾਰਾ ਦਿਲਾਉਣਾ ਸੀ, ਇਸੇ ਲਈ ਉਨ੍ਹਾਂ ਨੇ ਮਨੁੱਖੀ ਸਦਾਚਾਰ ਨੂੰ ਮਨੁੱਖੀ ਜੀਵਨ ਦੇ ਤੱਥਾਂ ਉੱਤੇ ਆਧਾਰਿਤ ਕੀਤਾ ਹੈ। ਇਸ ਦਰਸ਼ਨ ਅਨੁਸਾਰ ਚਾਰ ਆਰੀਆ ਸੱਤ ਹਨ— ਦੁੱਖ, ਦੁੱਖ ਦਾ ਕਾਰਣ, ਦੁੱਖ ਦਾ ਉਪਾਅ ਅਤੇ ਦੁੱਖ ਦਾ ਅੰਤ। ਬੁੱਧ ਮੱਤ ਅਨੁਸਾਰ ਮਨੁੱਖ ਆਪਣੇ ਦੁੱਖ ਨੂੰ ਦੂਰ ਕਰ ਸਕਦਾ ਹੈ, ਇਸ ਲਈ ਬੋਧ ਦਰਸ਼ਨ ਆਸ਼ਾਵਾਦ ਅਤੇ ਕਰਮ-ਸ਼ੀਲਤਾ ਦਾ ਮਾਰਗ ਹੈ। ਬੋਧ ਦਰਸ਼ਨ ਨੇ ਵੇਦਾਂ ਦੀਆਂ ਬਹੁਤ ਸਾਰੀਆਂ ਸੁੱਤੀਆਂ ਹੋਈਆਂ ਸਿੱਖਿਆਵਾਂ ਨੂੰ ਜਗਾ ਕੇ ਪ੍ਰਕਾਸ਼ਮਾਨ ਕੀਤਾ ।

ਈਸ਼ਵਰ

ਬੋਧ ਦਰਸ਼ਨ ਨਿਰ-ਈਸ਼ਵਰਵਾਦੀ ਹੈ, ਇਸ ਵਿਚ ਪਰਮਾਤਮਾ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ ਅਤੇ ਨਾ ਹੀ ਈਸ਼ਵਰ ਨੂੰ ਮਨੁੱਖ ਦਾ ਇੱਕੋ ਇਕ ਕਿਸਮਤਘਾੜਾ, ਭਾਗ-ਵਿਧਾਤਾ ਮੰਨਿਆ ਗਿਆ ਹੈ। ਪਰੰਤੂ ਬਾਅਦ ਵਿਚ ਮਹਾਯਾਨ ਵਿਚ ਮਹਾਤਮਾ ਬੁੱਧ ਨੂੰ ਉਨ੍ਹਾਂ ਗੁਣਾਂ ਨਾਲ ਸੁਸੱਜਿਤ ਕਰ ਦਿੱਤਾ ਗਿਆ ਜੋ ਵੈਦਿਕ ਦਰਸ਼ਨ ਵਿਚ ਈਸ਼ਵਰ ਲਈ ਵਰਣਿਤ ਹਨ।

ਬ੍ਰਹਮ

ਇਸ ਮੱਤ ਵਿਚ ਈਸ਼ਵਰ ਵਾਂਙ ਬ੍ਰਹਮ-ਵਿਸ਼ਵਾਸ ਨੂੰ ਵੀ ਅਧਰਮ ਦੇ ਅੰਤਰਗਤ ਮੰਨਿਆ ਗਿਆ ਹੈ। ਨਿਰਆਧਾਰ ਅਤੇ ਅਸੰਗਤ ਤਰਕ ਤੇ ਆਧਾਰਿਤ ਬ੍ਰਹਮ ਦੀ ਸੱਤਾ ਨੂੰ ਮਹਾਤਮਾ ਬੁੱਧ ਨੇ ਸਵੀਕਾਰ ਨਹੀਂ ਕੀਤਾ। ਬੁੱਧ ਮੱਤ ਦਾ ਬ੍ਰਹਮਵਾਦ ਕਲਪਿਤ ਵਸਤਾਂ ਦੇ ਸਮਾਨ ਭਰਮ-ਮਾਤਰ ਹੈ ।

> Budha did not look upon himself as innovator but only a testorer of the ancient path i.e. the way of the Upnishads.[73]

## ਆਤਮਾ

ਬੁੱਧ ਧਰਮ ਵਿਚ ਆਤਮਾ ਨੂੰ ਕਲਪਨਾ ਮਾਤਰ ਹੀ ਮੰਨਿਆ ਗਿਆ ਹੈ। ਮਹਾਤਮਾ ਬੁੱਧ ਦੇ ਕਥਨ ਅਨੁਸਾਰ 'ਹਰ ਪ੍ਰਾਣੀ ਕੁਝ ਭੌਤਿਕ ਤੱਤਾਂ ਅਤੇ ਕੁਝ ਮਾਨਸਿਕ ਤੱਤਾਂ ਦੇ ਸੰਮੇਲਨ ਦਾ ਪਰਿਵਾਰ ਹੈ। ਇਹ ਭੌਤਿਕ ਅਤੇ ਮਾਨਸਿਕ ਤੱਤ ਸਕੰਧ ਕਹਿਲਾਉਂਦੇ ਹਨ। ਰੂਪ-ਸਕੰਧ ਮੁੱਖ ਰੂਪ ਵਿਚ ਪ੍ਰਿਥਵੀ, ਜਲ, ਹਵਾ ਅਤੇ ਅਗਨੀ ਇਨ੍ਹਾਂ ਚਾਰ ਭੌਤਿਕ ਤੱਤਾਂ ਦਾ ਸਿੱਟਾ ਹੈ, ਇਹੀ ਰੂਪ ਅਰਥਾਤ ਸਰੀਰ ਹੈ। ਰੂਪ-ਸਕੰਧ ਤੋਂ ਇਲਾਵਾ ਨਾਮ-ਸਕੰਧ ਹੈ ਜਿਸ ਤੋਂ ਪ੍ਰਾਣੀ ਦੀ ਰਚਨਾ ਹੁੰਦੀ ਹੈ। ਇਸ ਨਾਮ ਸਕੰਧ ਨੂੰ ਅਸੀਂ ਵਿਗਿਆਨ ਜਾਂ ਚੇਤਨਾ ਵੀ ਕਹਿ ਸਕਦੇ ਹਾਂ।[74]

## ਪੁਨਰ-ਜਨਮ

ਮਹਾਤਮਾ ਬੁੱਧ ਪੁਨਰ-ਜਨਮ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਦਾ ਮੱਤ ਸੀ ਕਿ "ਪ੍ਰਿਥਵੀ, ਜਲ, ਅਗਨੀ ਅਤੇ ਹਵਾ ਇਨ੍ਹਾਂ ਚਾਰ ਤੱਤਾਂ ਨਾਲ ਮਾਨਵ-ਸਰੀਰ ਦੀ ਸਿਰਜਣਾ ਹੋਈ ਹੈ। ਮੌਤ ਤੋਂ ਬਾਅਦ ਇਹ ਚਾਰੇ ਤੱਤ ਅਕਾਸ਼ ਵਿਚ ਵਿਦਮਾਨ ਤੱਤਾਂ ਨਾਲ ਮਿਲ ਜਾਂਦੇ ਹਨ। ਜਦ ਫਿਰ ਇਹ ਵਿਦਮਾਨ ਤੱਤ ਆਪਸ ਵਿਚ ਮਿਲਦੇ ਹਨ ਤਾਂ ਪੁਨਰ ਜਨਮ ਹੁੰਦਾ ਹੈ।"[75] ਪਰੰਤੂ ਬੁੱਧ ਦੇ ਸਮਕਾਲੀਨ ਆਤਮਵਾਦੀ ਜਾਂ ਸ਼ਾਸਤਵਤਵਾਦੀ ਵਰਗ ਦੇ ਆਚਾਰੀਆਂ ਦਾ ਮੱਤ ਸੀ ਕਿ ਆਤਮਾ ਮਰਦੀ ਨਹੀਂ ਬਲਕਿ ਪੁਨਰ ਜਨਮ ਦੁਆਰਾ ਇਸ ਦਾ ਨਵੀਕਰਨ ਹੁੰਦਾ ਹੈ।

## ਨਿਰਵਾਣ

ਬੋਧ ਦਰਸ਼ਨ ਵਿਚ ਨਿਰਵਾਣ ਜੀਵਨ ਦੀ ਸਮਾਪਤੀ ਨਾ ਹੋਕੇ ਜੀਵਨ ਦੀ ਅਨੰਤ ਸ਼ਾਂਤੀ-ਅਵਸਥਾ ਨੂੰ ਕਿਹਾ ਗਿਆ ਹੈ। ਦੁੱਖ ਨੂੰ ਨਸ਼ਟ ਕਰਨ ਦੇ ਸਾਧਨ ਹੀ ਨਿਰਵਾਣ ਪ੍ਰਾਪਤੀ ਹੈ। ਮਹਾਤਮਾ ਬੁੱਧ ਦਾ ਕਥਨ ਹੈ: ਨਿਬਾਣੰ ਪਰਮੰ ਸੁਖ, ਅਰਥਾਤ ਨਿਰਵਾਣ ਦੀ ਪ੍ਰਾਪਤੀ ਹੀ ਪਰਮ ਸੁੱਖ ਹੈ। ਅਜਨਮ, ਅਨਾਸ਼ ਸਥਿਤੀ ਦਾ ਨਾਮ ਨਿਰਵਾਣ ਹੈ। ਬੋਧ ਦਰਸ਼ਨ ਅਨੁਸਾਰ ਬੁੱਧੀ, ਕਰਮ ਅਤੇ ਸਵੈ-ਭਰੋਸੇ ਦੁਆਰਾ ਆਪਣੇ ਹੀ ਯਤਨਾਂ ਨਾਲ ਮਨੁੱਖ ਮੁਕਤੀ ਅਤੇ ਨਿਰਵਾਣ ਪ੍ਰਾਪਤ ਕਰ ਸਕਦਾ ਹੈ।

ਬੁੱਧ ਧਰਮ ਇਕ ਉਦਾਰ, ਤਰਕਸ਼ੀਲ, ਵਿਗਿਆਨਕ ਅਤੇ ਜਨ-ਕਲਿਆਣ ਦਾ ਦਰਸ਼ਨ ਸੀ ਜਿਸ ਨੂੰ ਅਨੇਕ ਸੰਪ੍ਰਦਾਵਾਂ ਨੇ ਗ੍ਰਹਿਣ ਕੀਤਾ। ਇਹ ਧਰਮ ਵੈਦਿਕ ਧਰਮ ਦੀ

ਪ੍ਰਤੀਕ੍ਰਿਆ ਦੇ ਸਰੂਪ ਵਿਚ ਉਤਪੰਨ ਹੋਇਆ ਸੀ ਅਤੇ ਇਸ ਨੇ ਵੈਦਿਕ ਦਰਸ਼ਨ ਨੂੰ ਪ੍ਰਭਾਵਿਤ ਕੀਤਾ। ਧੰਮਪਦ ਗ੍ਰੰਥ ਇਸ ਦਰਸ਼ਨ ਦਾ ਆਧਾਰ ਹੈ। ਪਰੰਤੂ ਇਸ ਦੇ ਧਰਮ ਆਚਾਰੀਆਂ ਵਿਚ ਕੁਝ ਦੋਸ਼ ਆ ਜਾਣ ਅਤੇ ਬ੍ਰਾਹਮਣਾਂ ਵਲੋਂ ਤਿੱਖੇ ਵਿਰੋਧ ਦੇ ਫਲਰੂਪ ਇਹ ਪਤਿਤ ਪਾਵਨ ਧਰਮ ਭਾਰਤ ਵਿਚੋਂ ਹੌਲੀ-ਹੌਲੀ ਲੁਪਤ ਹੋ ਗਿਆ। ਪਰ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਅੱਜ ਵੀ ਬੁੱਧ ਧਰਮ ਦੀ ਪਤਾਕਾ ਪੂਰੀ ਸ਼ਾਨੋ-ਸ਼ੌਕਤ ਨਾਲ ਲਹਿਰਾ ਰਹੀ ਹੈ।

## 2.8. ਸਾਂਖ ਦਰਸ਼ਨ

ਸਾਂਖ ਦਰਸ਼ਨ ਭਾਰਤ ਦਾ ਅਤਿਅੰਤ ਪ੍ਰਾਚੀਨ ਅਤੇ ਮਹੱਤਵਪੂਰਣ ਦਰਸ਼ਨ ਹੈ। ਉਪਨਿਸ਼ਦਾਂ ਦੇ ਸੰਕੇਤਕ ਸਿਧਾਂਤਾਂ ਦਾ ਸ਼ਾਸਤਰੀ-ਵਿਵੇਚਨ ਸਭ ਤੋਂ ਪਹਿਲਾਂ ਸਾਂਖ ਦਰਸ਼ਨ ਨੇ ਹੀ ਕੀਤਾ। ਇਸ ਦਰਸ਼ਨ ਦੇ ਸਿਰਜਕ ਕਪਿਲਮੁਨੀ ਸਨ। ਇਸ ਦਰਸ਼ਨ ਵਿਚ ਵਿਵੇਕ ਪ੍ਰਧਾਨ ਹੈ ਅਤੇ ਇਸ ਵਿਚ ਪ੍ਰਕ੍ਰਿਤੀ ਅਤੇ ਪੁਰਸ਼ ਦੇ ਤੱਤਾਂ ਦਾ ਉਲੇਖ ਹੈ।

ਸਾਂਖ ਦਾ ਪੁਰਸ਼-ਸੰਕਲਪ ਹੀ ਬ੍ਰਹਮ-ਸੰਕਲਪ ਹੈ। 'ਪੁਰਸ਼' ਆਤਮਾ ਦੇ ਪਰਿਆਇ ਦੇ ਰੂਪ ਵਿਚ ਵੀ ਵਰਤਿਆ ਗਿਆ ਹੈ। ਉਹ ਤ੍ਰੈਗੁਣਾਇਤ ਹੈ[76], ਵਿਵੇਕੀ, ਅਵਿਸ਼ਈ, ਵਿਸ਼ੇਸ਼, ਚੇਤਨ ਅਤੇ ਅਜਨਮਾ ਹੈ।[77] ਅਰਥਾਤ ਚੇਤਨ ਸਰੂਪ ਹੈ, ਪ੍ਰਕਾਸ਼ ਸਰੂਪ ਹੈ, ਸਵੈ-ਪ੍ਰਕਾਸ਼ਿਤ ਹੈ, ਆਪਣੇ ਆਪ ਨੂੰ ਪ੍ਰਕਾਸ਼ਮਾਨ ਕਰਦਾ ਹੈ। ਸਾਂਖ ਦਾ ਪੁਰਸ਼ ਅਕਰਤਾ ਹੈ, ਉਸ ਸ੍ਰਿਸ਼ਟੀ ਦਾ ਮੂਲ ਕਾਰਨ ਨਹੀਂ ਹੈ।

ਸਾਂਖ ਦਰਸ਼ਨ ਈਸ਼ਵਰ ਨੂੰ ਸੰਸਾਰ ਦਾ ਨਿਮਿੱਤ ਕਰਨ ਨਹੀਂ ਮੰਨਦਾ, ਇਸ ਅਨੁਸਾਰ ਜਗਤ ਦਾ ਮੂਲ ਕਾਰਨ ਨਿਰੰਤਰ ਅਤੇ ਪਰਿਵਰਤਨਸ਼ੀਲ ਹੈ। "ਜਗਤ ਦੀ ਸਿਰਜਣਾ ਪ੍ਰਕ੍ਰਿਤੀ ਕਰਦੀ ਹੈ, ਪੁਰਸ਼ ਤਾਂ ਕੇਵਲ ਦ੍ਰਿਸ਼ਟਾ ਹੈ।"[78] ਕ੍ਰਿਆਸ਼ੀਲਤਾ ਪ੍ਰਕ੍ਰਿਤੀ ਦਾ ਧਰਮ ਹੈ, ਪੁਰਸ਼ ਵਾਸਤਵ ਵਿਚ ਨਿਰਗੁਣ, ਨਿਸ਼ਕ੍ਰਿਸ਼ ਅਤੇ ਅਕਰਤਾ ਹੈ।[78ੳ]

ਸਾਂਖ ਸ਼ਾਸਤਰ ਵਿਚ ਮੁਕਤੀ ਨੂੰ 'ਕੈਵਲਯ' ਕਿਹਾ ਗਿਆ ਹੈ, ਕੈਵਲਯ ਮਨੁੱਖੀ ਜੀਵਨ ਦਾ ਪਰਮ ਉਦੇਸ਼ ਹੈ। ਪ੍ਰਕ੍ਰਿਤੀ ਦੇ ਸੰਜੋਗ ਵਿਚ ਆ ਕੇ ਪੁਰਸ਼ ਆਪਣੀ ਅਸਲੀਅਤ ਨੂੰ ਭੁੱਲ ਜਾਂਦਾ ਹੈ। ਇਸ ਸੰਜੋਗ ਦਾ ਕਾਰਨ ਅਵਿਦਿਆ ਹੈ, ਪਰੰਤੂ ਜਦੋਂ ਪੁਰਸ਼ ਨੂੰ ਆਪਣੇ ਅਸਲੀ ਆਪੇ ਦਾ ਗਿਆਨ ਹੁੰਦਾ ਹੈ ਤਾਂ ਉਸ ਦੇ ਦੁਖਾਂ ਦਾ ਅੰਤ ਹੋ ਜਾਂਦਾ ਹੈ ਅਤੇ ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

2.9. ਮੀਮਾਂਸਾ ਦਰਸ਼ਨ

ਮੀਮਾਂਸਾ ਸ਼ਬਦ ਦਾ ਅਰਥ ਹੈ ਕਿਸੇ ਵਸਤੂ ਦੇ ਸਰੂਪ ਦਾ ਯਥਾਰਥਕ ਵਰਣਨ ਅਰਥਾਤ ਮੀਮਾਂਸਾ ਦਾ ਮੂਲ ਮੰਤਵ ਸਮੀਖਿਆ ਹੈ ਅਤੇ ਇਹ ਤੱਤ ਪੂਰੀ ਤਰ੍ਹਾਂ ਵੈਦਿਕ ਹੈ। ਇਸ ਦਰਸ਼ਨ ਦੇ ਪ੍ਰਵਰਤਕ ਮਹਾਂਰਿਸ਼ੀ ਜੈਮਿਨੀ ਹਨ, ਉਨ੍ਹਾਂ ਨੇ ਵਿਧੀ ਰੂਪ ਅਰਥ ਨੂੰ ਧਰਮ ਕਿਹਾ ਹੈ ਅਰਥਾਤ ਆਪਣੇ ਦਰਸ਼ਨ ਵਿਚ ਵਿਧੀ ਦੀ ਮੀਮਾਂਸਾ ਕੀਤੀ ਹੈ। ਪਰੰਤੂ ਧਰਮ ਦੇ ਸਮੁੱਚੇ ਗਿਆਨ ਤੋਂ ਬਿਨਾਂ ਵਿਧੀ ਨੂੰ ਠੀਕ ਤਰ੍ਹਾਂ ਸਮਝਣਾ ਸੰਭਵ ਨਹੀਂ ਹੈ।

ਸਾਂਖ ਦਰਸ਼ਨ ਵਾਂਗ ਮੀਮਾਂਸਾ ਵੀ ਈਸ਼ਵਰ ਨੂੰ ਸ੍ਰਿਸ਼ਟੀ ਦਾ ਸਿਰਜਕ ਨਹੀਂ ਮੰਨਦਾ। ਇਸ ਦਰਸ਼ਨ ਅਨੁਸਾਰ ਆਤਮਾ ਨਿੱਤ, ਅਵਿਨਾਸ਼ੀ ਵਸਤੂ ਹੈ ਜੋ ਸਰੀਰ, ਇੰਦਰੀਆਂ ਆਦਿ ਤੋਂ ਭਿੰਨ ਹੈ ਅਤੇ ਮ੍ਰਿਤੂ ਉਪਰੰਤ ਵੀ ਆਪਣੇ ਕਰਮਾਂ ਦਾ ਫਲ ਭੋਗਣ ਲਈ ਮੌਜੂਦ ਰਹਿੰਦੀ ਹੈ। ਜਗਤ ਦੀ ਸਿਰਜਣਾ ਪ੍ਰਕ੍ਰਿਤੀ ਕਰਦੀ ਹੈ, ਮੀਮਾਂਸਾ ਦਾ ਇਹ ਮੱਤ ਸਾਂਖ ਦਰਸ਼ਨ ਨਾਲ ਮਿਲਦਾ ਹੈ। ਇਸ ਦਰਸ਼ਨ ਵਿਚ ਕਰਮਯੋਗ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ ਅਤੇ ਮੁਕਤੀ ਪ੍ਰਾਪਤੀ ਲਈ ਵੈਦਿਕ ਵਿਧੀਆਂ ਅਨੁਸਾਰ ਨਿਸ਼ਕਾਮ ਕਰਮ ਕਰਨ ਤੇ ਬਲ ਦਿੱਤਾ ਗਿਆ ਹੈ। ਆਤਮ ਗਿਆਨ ਮੁਕਤੀ ਦਾ ਸਾਧਨ ਹੈ ਪਰੰਤੂ ਆਤਮ ਗਿਆਨ ਦੀ ਪ੍ਰਾਪਤੀ ਲਈ ਨਿਸ਼ਕਾਮ ਕਰਮ ਕਰਨੇ ਆਵੱਸ਼ਕ ਹਨ।

2.10. ਨਿਆਂ ਦਰਸ਼ਨ

'ਨਿਆਂ' ਸ਼ਬਦ ਦਾ ਵਿਸਤ੍ਰਿਤ ਅਰਥ ਹੈ 'ਪ੍ਰਮਾਣੈਰਥ ਪਰੀਕਸ਼ਣੰ ਨਿਆਇ'[79] ਅਰਥਾਤ ਵਿਭਿੰਨ ਪ੍ਰਮਾਣਾਂ ਸਹਿਤ ਵਸਤੂ-ਤੱਤ ਦੀ ਪ੍ਰੀਖਿਆ। ਇਸ ਤਰ੍ਹਾਂ ਨਿਆਂ ਦਰਸ਼ਨ ਦਾ ਵਿਸ਼ਾ ਨਿਆਂ ਦਾ ਪ੍ਰਤੀਪਾਦਨ ਹੈ। ਨਿਆਂ ਸੂਤਰ ਦੇ ਰਚਨਹਾਰ ਦਾ ਗੋਤ੍ਰ ਨਾਮ ਗੋਤਮ ਜਾਂ ਗੌਤਮ ਹੈ ਅਤੇ ਵਿਅਕਤੀਗਤ ਨਾਮ ਅਕਸ਼ਪਾਦ ਹੈ। ਵਾਤਸਾਇਨ(ਵਿਕਰਮੀ ਪੂਰਵ ਪਹਿਲੀ ਸਦੀ) ਨੇ ਨਿਆਂ ਸੂਤਰਾਂ ਤੇ ਵਿਸਥਾਰ ਸਹਿਤ ਭਾਸ਼ ਦੀ ਰਚਨਾ ਕੀਤੀ।

ਨਿਆਂ ਦਰਸ਼ਨ ਪੂਰੀ ਤਰ੍ਹਾਂ ਆਸਤਿਕ ਅਤੇ ਵੇਦ ਪ੍ਰਮਾਣਿਕ ਦਰਸ਼ਨ ਹੈ। ਇਸ ਵਿਚ 'ਈਸ਼ਵਰ ਦਾ ਸਰੂਪ ਵਿਵੇਚਨ ਬੜੀ ਸੁੰਦਰਤਾ ਨਾਲ ਕੀਤਾ ਗਿਆ ਹੈ। ਈਸ਼ਵਰ ਸਰਬ-ਗਿਆਤਾ, ਸਰਬ-ਸ਼ਕਤੀਮਾਨ ਅਤੇ ਇਸ ਜਗਤ ਦੀ ਰਚਨਾ, ਪਾਲਣ ਅਤੇ ਸੰਘਾਰ ਕਰਨ ਵਾਲਾ ਹੈ।"[80] ਉਹ ਜਗਤ ਦਾ ਨਿਰਮਾਤਾ ਹੈ। ਇਸ ਦਰਸ਼ਨ ਵਿਚ ਆਤਮਾ ਨਿਰਾਕਾਰ, ਸਪਰਸ਼ ਰਹਿਤ, ਗੁਣ ਰਹਿਤ ਅਤੇ ਗਿਆਨ ਤੇ ਚੇਤਨਤਾ ਦਾ ਆਸਰਾ ਮੰਨੀ ਗਈ ਹੈ।

ਜੀਵ-ਆਤਮਾ ਅਤੇ ਪਰਮਾਤਮਾ ਆਤਮਾ ਦੇ ਹੀ ਦੋ ਵੱਖੋ-ਵੱਖਰੇ ਭੇਦ ਹਨ। ਪੀੜਾ ਅਤੇ ਕਲੇਸ਼ ਦੁੱਖ ਦਾ ਰੂਪ ਹਨ ਅਤੇ ਦੁੱਖ-ਸੁੱਖ ਦੀ ਅਵਸਥਾ ਤੋਂ ਉਪਰ ਉਠ ਜਾਣਾ ਹੀ ਮੁਕਤੀ ਹੈ। ਯੋਗ, ਧਿਆਨ, ਕਰਮ, ਅਭਿਆਸ ਅਤੇ ਤਪ ਮੁਕਤੀ ਪ੍ਰਾਪਤ ਕਰਨ ਵਿਚ ਸਹਾਇਕ ਹੁੰਦੇ ਹਨ। ਮੁਕਤੀ ਆਤਮਾ ਦੀ ਅੰਤਮ ਅਵਸਥਾ ਦਾ ਨਾਂ ਹੈ।

## 2.11. ਵੈਸ਼ੇਸ਼ਿਕ ਦਰਸ਼ਨ

ਵੈਸ਼ੇਸ਼ਿਕ ਦਾ ਸਿੱਧਾ, ਸਰਲ ਅਰਥ ਵਿਲੱਖਣ ਵਿਸ਼ਲੇਸ਼ਣ ਹੈ ਅਰਥਾਤ ਵੈਸ਼ੇਸ਼ਿਕ ਦਰਸ਼ਨ ਵਿਚ ਜੋ ਵਿਲੱਖਣ ਵਿਸ਼ਲੇਸ਼ਣ ਜਾਂ ਸਮੀਖਿਆ ਉਪਲਭਧ ਹੈ, ਉਹ ਵੇਦਾਂਤ, ਸਾਂਖ ਜਾਂ ਨਿਆਂ ਸ਼ਾਸਤਰ ਵਿਚ ਪ੍ਰਾਪਤ ਨਹੀਂ ਹੁੰਦੀ। ਇਹ ਦਰਸ਼ਨ ਪਦਾਰਥਕ ਜਗਤ ਨੂੰ ਇਕ ਕਿਸਮ ਦਾ ਲੀਲ੍ਹਾ-ਸੀਰ ਮੰਨਦਾ ਹੈ ਜੋ ਪ੍ਰਾਣੀਆਂ ਦੀ ਉਤਪਤੀ ਅਤੇ ਮੁਕਤੀ ਲਈ ਰਚਿਆ ਗਿਆ ਹੈ। ਕਸ਼ਿਅਪ ਗੋਤ੍ਰ ਦਾ ਰਿਸ਼ੀ ਕਣਾਦ ਇਸ ਦਰਸ਼ਨ ਦਾ ਰਚੈਤਾ ਹੈ।

ਵੈਸ਼ੇਸ਼ਿਕ ਦਰਸ਼ਨ ਨੂੰ ਪ੍ਰਮਾਣੂਵਾਦ ਵੀ ਕਿਹਾ ਜਾਂਦਾ ਹੈ। ਇਸ ਅਨੁਸਾਰ ਧਰਤੀ, ਜਲ, ਅਗਨੀ ਅਤੇ ਹਵਾ-ਪ੍ਰਮਾਣੂਆਂ ਦੁਆਰਾ ਸੰਸਾਰ ਦੇ ਕਾਰਜ-ਪਦਾਰਥ ਬਣਦੇ ਹਨ। ਇਨ੍ਹਾਂ ਪ੍ਰਮਾਣੂਆਂ ਦੀ ਚਾਲ ਦਾ ਸੂਤਰਧਾਰ ਈਸ਼ਵਰ ਹੈ। ਈਸ਼ਵਰ ਸਮੁੱਚੇ ਬ੍ਰਹਿਮੰਡ ਦਾ ਸੰਚਾਲਕ ਹੈ ਅਤੇ ਉਸ ਦੀ ਮਰਜ਼ੀ ਅਨੁਸਾਰ ਹੀ ਸ੍ਰਿਸ਼ਟੀ ਸਿਰਜਣਾ ਅਤੇ ਪਰਲੋ ਪ੍ਰਕ੍ਰਿਆ ਹੁੰਦੀ ਹੈ।

ਕਰਮ-ਬੰਧਨ ਅਨੁਸਾਰ ਅਨੇਕ ਪ੍ਰਾਣੀ ਵੱਖ-ਵੱਖ ਜੂਨ ਵਿਚ ਜਨਮ ਲੈਂਦਾ ਅਤੇ ਦੁੱਖ, ਸੁੱਖ, ਪੀੜਾ, ਕਲੇਸ਼ ਦਾ ਸਾਹਮਣਾ ਕਰਦਾ ਹੈ। ਪਰੰਤੂ ਤੱਤ ਗਿਆਨ ਦਾ ਯਥਾਰਥਕ ਅਨੁਭਵ ਹੋਣ ਨਾਲ ਆਤਮਾ ਦਾ ਸਾਕਸ਼ਾਤਕਾਰ ਹੋ ਜਾਂਦਾ ਹੈ ਅਤੇ ਜੀਵ ਮੁਕਤੀ ਪਾਪਤ ਕਰ ਲੈਂਦਾ ਹੈ, ਆਤਮਾ ਆਪਣੇ ਅਸਲ ਵਿਚ ਲੀਨ ਹੋ ਜਾਂਦੀ ਹੈ, ਸਮਾ ਜਾਂਦੀ ਹੈ। ਇਸ ਤਰ੍ਹਾਂ ਤੱਤ-ਗਿਆਨ ਹੀ ਮੁਕਤੀ ਦਾ ਸਾਧਨ ਹੈ।

## 2.12. ਯੋਗ ਦਰਸ਼ਨ

ਯੋਗ ਭਾਰਤ ਦੀ ਪ੍ਰਾਚੀਨ ਅਧਿਆਤਮਕ ਪ੍ਰਕ੍ਰਿਆ ਹੈ ਅਤੇ ਇਸਨੂੰ ਮੋਕਸ਼ ਪ੍ਰਾਪਤੀ ਦਾ ਮਹੱਤਵਪੂਰਣ ਸਾਧਨ ਮੰਨਿਆ ਹੈ। ਧਰਮ ਪ੍ਰਚਾਰਕਾਂ ਅਤੇ ਚਿੰਤਕਾਂ ਨੇ ਇਸ ਦੀ ਮਹੱਤਤਾ ਅਤੇ ਉਪਯੋਗਤਾ ਨੂੰ ਸਵੀਕਾਰ ਕੀਤਾ ਹੈ। ਬੁੱਧ ਧਰਮ ਅਤੇ ਸੰਸਕ੍ਰਿਤ ਗ੍ਰੰਥਾਂ ਵਿਚ ਇਸ ਦਾ ਵਿਸਤ੍ਰਿਤ ਵਿਸ਼ਲੇਸ਼ਣ ਹੈ, ਜੈਨ ਦਰਸ਼ਨ ਦੇ ਭਗਵਾਨ ਮਹਾਵੀਰ ਖੁਦ ਯੋਗੀ ਸਨ। ਨਾਥ ਸੰਪ੍ਰਦਾਇ

ਅਤੇ ਨਾਥ-ਪੰਥੀ ਸਿਧਾਂ ਨੂੰ ਕ੍ਰਮਵਾਰ ਯੋਗ ਸੰਪ੍ਰਦਾਇ ਅਤੇ ਹਠਯੋਗ ਦੇ ਆਚਾਰੀਆ ਕਿਹਾ ਜਾਂਦਾ ਹੈ।

ਯੋਗ ਦਾ ਦਾਰਸ਼ਨਿਕ ਵਿਵੇਚਨ ਮਹਾਂਰਿਸ਼ੀ ਪਾਤੰਜਲੀ ਨੇ ਯੋਗ ਸੂਤਰ ਵਿਚ ਕੀਤਾ ਹੈ। ਪਾਤੰਜਲੀ ਦੇ ਯੋਗ ਸੂਤਰ ਉਪਰ 'ਵਿਆਸ ਭਾਸ਼' ਅਤਿਅੰਤ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਹੈ। 'ਯੋਗ' ਦਾ ਅਰਥ ਸਮਾਧੀ ਹੈ। ਇਸ ਦਾ ਉਦੇਸ਼ 'ਯੋਗਸ਼ਚਿੱਤਵ੍ਰਿਤੀ ਨਿਰੋਧ' ਅਰਥਾਤ ਚਿੱਤ, ਅੰਤਹਕਰਨ(ਮਨ, ਬੁੱਧੀ ਅਤੇ ਹੰਕਾਰ) ਦੀਆਂ ਬਿਰਤੀਆਂ ਨੂੰ ਰੋਕਣਾ ਹੈ। ਤਮੋ, ਰਜੋ, ਸਤੋ ਤਿੰਨਾਂ ਗੁਣਾਂ ਦੇ ਅੰਤਰਗਤ ਜੀਵ ਕ੍ਰੋਧਿਤ ਹੁੰਦਾ, ਤ੍ਰਿਸ਼ਨਾ ਵਿਚ ਫਸਕੇ ਚੰਚਲਤਾ ਅਰਥਾਤ ਅਸਥਿਰਤਾ ਗ੍ਰਹਿਣ ਕਰ ਲੈਂਦਾ ਹੈ।

ਯੋਗ ਦਰਸ਼ਨ ਵਿਚ ਈਸ਼ਵਰ ਨੂੰ ਅਤਿਅੰਤ ਮਹੱਤਵਪੂਰਨ ਪਰਮ ਮਨੁੱਖ ਮੰਨਿਆ ਗਿਆ ਹੈ ਜਿਹੜਾ ਸਾਰੇ ਜੀਵਾਂ ਤੋਂ ਭਿੰਨ, ਉੱਚਾ ਅਤੇ ਸ੍ਰੇਸ਼ਟ, ਸਦਾ ਇਕ ਸਮਾਨ ਅਤੇ ਨਿਰਵਿਕਾਰ ਹੈ। ਉਹ ਸਰਬ-ਸ਼ਕਤੀਮਾਨ ਹੈ ਅਤੇ ਆਪਣੀ ਮਰਜ਼ੀ ਮੁਤਾਬਕ ਸਮੁੱਚੇ ਜਗਤ ਨੂੰ ਚਲਾਉਂਦਾ ਹੈ।

ਯੋਗ ਦਰਸ਼ਨ ਅਨੁਸਾਰ ਸੰਸਾਰਕ ਦੁੱਖ, ਕਲੇਸ਼ ਦਾ ਕਾਰਨ ਜੀਵ ਅਤੇ ਪ੍ਰਕ੍ਰਿਤੀ ਦਾ ਸੰਜੋਗ ਹੈ ਅਤੇ ਸੰਜੋਗ ਦਾ ਕਾਰਨ ਅਵਿਦਿਆ ਹੈ। ਇਸ ਲਈ 'ਵਿਵੇਕ ਹਾਸਲ ਕਰਨ ਲਈ ਯੋਗ, ਵੈਰਾਗ ਅਤੇ ਵੇਦਾਂ ਦਾ ਅਨੁਸ਼ੀਲਣ ਜ਼ਰੂਰੀ ਹੈ। ਯੋਗ ਮੱਤ ਵਿਚ ਅਸ਼ਟਾਂਗ ਮਾਰਗ ਦੱਸਿਆ ਗਿਆ ਹੈ। ਗਿਆਨ ਦੀ ਪ੍ਰਾਪਤੀ ਲਈ ਤਪ, ਨਿਯਮ ਅਤੇ ਸੰਜਮ ਦੇ ਇਸ ਅਸ਼ਟਾਂਗ ਮਾਰਗ ਵਿਚੋਂ ਲੰਘਣਾ ਜ਼ਰੂਰੀ ਹੈ।"[81]

ਯੋਗ ਦਰਸ਼ਨ ਅਨੁਸਾਰ ਜੋ ਜੀਵ ਅਸ਼ਟਾਂਗ ਮਾਰਗ ਜਿਹੇ ਕਠਿਨ ਰਸਤੇ ਤੇ ਨਹੀਂ ਚਲ ਸਕਦੇ, ਉਨ੍ਹਾਂ ਲਈ ਪ੍ਰਭੂ-ਭਗਤੀ ਵੀ ਮੁਕਤੀ ਪ੍ਰਾਪਤੀ ਦਾ ਇਕ ਸਾਧਨ ਹੈ। ਸਾਂਖ ਦਰਸ਼ਨ ਵਾਂਙ ਯੋਗ ਸ਼ਾਸਤਰ ਵਿਚ ਵੀ ਮੁਕਤੀ ਨੂੰ 'ਕੈਵਲਯ' ਦਾ ਨਾਮ ਦਿੱਤਾ ਗਿਆ ਹੈ। ਜਦੋਂ ਪੁਰਸ਼ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਤਾਂ ਉਹ ਪਰਮ ਸ਼ਾਂਤੀ ਦਾ ਮਨਨ ਕਰਦਾ ਹੈ, ਇਹ ਜੀਵਨ-ਮੁਕਤੀ ਦੀ ਅਵਸਥਾ ਹੈ। ਸਰੀਰ ਤਿਆਗਣ ਤੋਂ ਬਾਅਦ ਉਹ ਵਿਦੇਹ-ਮੁਕਤੀ ਪ੍ਰਾਪਤ ਕਰ ਲੈਂਦਾ ਹੈ।

### 2.13. ਅਦ੍ਵੈਤ-ਵੇਦਾਂਤ ਦਰਸ਼ਨ

ਭਾਰਤੀ ਦਰਸ਼ਨ ਵਿਚ ਵੇਦਾਂਤ ਦਾ ਵਿਸ਼ੇਸ਼ ਮਹੱਤਵ ਹੈ, ਇਹ 'ਦਰਸ਼ਨ ਭਾਰਤੀ ਅਧਿਆਤਮ ਸ਼ਾਸਤਰ ਦਾ ਮੁਕਟਮਣੀ ਮੰਨਿਆ ਜਾਂਦਾ ਹੈ।"[82] ਵੇਦਾਂਤ ਦਾ ਅਰਥ

ਹੈ ਵੇਦ ਦਾ ਅੰਤ ਅਰਥਾਤ ਅੰਤਿਮ ਭਾਗ, ਵੈਦਿਕ ਪਰੰਪਰਾ ਦੇ ਅੰਤਿਮ ਹਿੱਸੇ ਵਿਚ ਉਪਨਿਸ਼ਦ ਹਨ ਅਤੇ ਸ਼ੰਕਰ ਆਚਾਰੀਆ (788– 820 ਈ.) ਨੇ ਇਨ੍ਹਾਂ ਉਪਨਿਸ਼ਦਾਂ ਨੂੰ ਸੰਸਾਰਿਕ ਬੰਧਨ ਕੱਟਣ ਵਾਲਾ ਗਿਆਨ ਕਿਹਾ ਹੈ। ਵੇਦਾਂਤ ਤਿੰਨ ਪ੍ਰਕਾਰ ਦੇ ਗ੍ਰੰਥਾਂ– ਉਪਨਿਸ਼ਦ, ਬਾਦਰਾਇਣ ਦਾ 'ਬ੍ਰਹਮ ਸੂਤਰ' ਅਤੇ ਭਗਵਦਗੀਤਾ ਉਪਰ ਆਧਾਰਿਤ ਦਰਸ਼ਨ ਹੈ।

ਬ੍ਰਹਮ

ਵੇਦਾਂਤ ਦਾ ਮੁੱਖ ਸਿਧਾਂਤ 'ਬ੍ਰਹਮਵਾਦ' ਹੈ। ਆਚਾਰੀਆ ਸ਼ੰਕਰ ਦਾ ਮੂਲ ਮੰਤਰ 'ਬ੍ਰਹਮ ਸਤਯਮ ਜਗਤ ਮਿਥਿਅਮ ਜੀਵੋ ਬ੍ਰਹਮੈਵ ਨਾਪਾਰਾਹ' ਹੈ ਅਰਥਾਤ ਬ੍ਰਹਮ ਸੱਤ ਹੈ, ਜਗਤ ਮਿੱਥਿਆ ਹੈ, ਜੀਵ ਹੀ ਬ੍ਰਹਮ ਹੈ, ਇਹ ਕਿਸੇ ਵੀ ਤਰ੍ਹਾਂ ਬ੍ਰਹਮ ਤੋਂ ਭਿੰਨ ਨਹੀਂ ਹੈ। ਬ੍ਰਹਮ ਨਿਰਵਿਸ਼ੇਸ਼, ਨਿਰਗੁਣ, ਨਿਰਵਿਕਾਰ, ਨਿਰਾਕਾਰ, ਸੱਤ(ਸੱਤਾ), ਚਿੱਤ(ਗਿਆਨ)ਅਤੇ ਆਨੰਦ[83] ਅਰਥਾਤ'ਸਚਿਦਾਨੰਦ' ਸਰੂਪ ਹੈ। ਅਦ੍ਵੈਤ ਦਰਸ਼ਨ ਵਿਚ ਸ਼ੰਕਰ ਨੇ ਬ੍ਰਹਮ ਦੇ ਦੋ ਰੂਪਾਂ ਸਾਕਾਰ ਅਤੇ ਨਿਰਾਕਾਰ ਅਰਥਾਤ ਸਗੁਣ ਅਤੇ ਨਿਰਗੁਣ ਨੂੰ ਸਵੀਕਾਰ ਕੀਤਾ ਗਿਆ ਹੈ।

ਈਸ਼ਵਰ

ਸ਼ੰਕਰ ਅਚਾਰੀਆ ਦੇ ਮੱਤ ਅਨੁਸਾਰ, "ਸਗੁਣ ਬ੍ਰਹਮ" ਜਗਤ ਦੀ ਤਰ੍ਹਾਂ ਮਾਇਆ ਵਿਚ ਲਿਪਟਿਆ ਹੋਣ ਕਾਰਨ ਜਗਤ ਜਾਂ ਸ੍ਰਿਸ਼ਟੀ ਦੀ ਸਥਿਤੀ, ਉਤਪੱਤੀ ਅਤੇ ਲੈਅ ਦਾ ਕਰਤਾ ਬਣ ਕੇ'ਅਪਰ ਬ੍ਰਹਮ' ਜਾਂ ਈਸ਼ਵਰ ਅਖਵਾਉਂਦਾ ਹੈ। ਈਸ਼ਵਰ ਜਗਤ ਦਾ ਉਪਾਦਾਨ ਕਾਰਨ ਵੀ ਹੈ ਅਤੇ ਨਿਮਿਤ ਵੀ। ਸ਼ੰਕਰ ਦੇ ਅਦ੍ਵੈਤ ਅਨੁਸਾਰ ਜਿਵੇਂ ਮਕੜਾ ਆਪਣੇ ਵਿਚ ਹੀ ਆਪਣੇ ਆਪ ਤੰਤੂਆਂ ਤਨ ਕੇ ਜਾਲਾ ਬੁਣ ਲੈਂਦਾ ਹੈ, ਠੀਕ ਉਸੇ ਤਰ੍ਹਾਂ ਈਸ਼ਵਰ ਵੀ ਆਪਣੇ ਆਪ ਵਿਚ ਹੀ ਆਪਣੇ ਆਪ ਜਗਤ ਦੀ ਸਿਰਜਣਾ ਕਰਦਾ ਹੈ।

ਆਤਮਾ

ਅਦ੍ਵੈਤ-ਵੇਦਾਂਤ ਦਰਸ਼ਨ ਅਨੁਸਾਰ ਆਤਮਾ ਨੂੰ ਹੀ ਬ੍ਰਹਮ ਮੰਨਿਆ ਗਿਆ ਹੈ। ਆਤਮਾ ਬ੍ਰਹਮ ਦੀ ਅੰਸ਼ ਹੈ, ਇਸ ਦਾ ਪਰਤੱਖ ਬੁੱਧੀ ਦੁਆਰਾ ਹੀ ਕੀਤਾ ਜਾ ਸਕਦਾ ਹੈ। ਆਤਮਾ, ਸ਼ੁੱਧ, ਬੁੱਧ, ਮੁਕਤ, ਆਨੰਦ ਅਤੇ ਗਿਆਨ ਸਰੂਪ ਹੈ।

## ਜੀਵ

ਸ਼ੰਕਰ ਅਚਾਰੀਆ ਨੇ ਆਤਮਾ ਨੂੰ ਹੀ ਜੀਵ ਕਿਹਾ ਹੈ ਅਤੇ ਜੀਵ ਈਸ਼ਵਰ ਦੀ ਛਾਇਆ ਹੈ, ਇਹ ਜਲ ਵਿਚ ਸੂਰਜ ਦੇ ਪ੍ਰਤੀਬਿੰਬ ਦੇ ਸਮਾਨ ਹੈ।[84] ਇਹ ਈਸ਼ਵਰ ਦੀ ਅੰਸ਼ ਹੈ. ਜੀਵ ਅਤੇ ਈਸ਼ਵਰ ਵਿਚ ਅਗਨੀ ਅਤੇ ਉਸਦੀਆਂ ਚਿੰਗਾੜੀਆਂ ਸਮਾਨ ਭੇਦ ਹੈ।[85] ਅਵਿਦਿਆ ਕਾਰਨ ਜੀਵ ਅਤੇ ਬ੍ਰਹਮ ਵਿਚ ਅਭੇਦ ਸੁਭਾਵਿਕ ਹੈ।

## ਜਗਤ

ਅਦ੍ਵੈਤ ਦਰਸ਼ਨ ਅਨੁਸਾਰ ਜਗਤ ਮਿੱਥਿਆ, ਪਰਿਵਰਤਨਸ਼ੀਲ ਹੈ ਅਤੇ ਇਸ ਦਾ ਕਾਰਨ ਬ੍ਰਹਮ ਹੈ। ਮਾਇਆ ਦੇ ਲਗਾਉ ਕਾਰਣ ਸਗੁਣ ਬ੍ਰਹਮ ਇਸ ਜਗਤ ਜਾਂ ਸ੍ਰਿਸ਼ਟੀ ਦੀ ਸਥਿਤੀ, ਉਤਪਤੀ ਅਤੇ ਲੈਅ ਦਾ ਕਾਰਨ ਬਣਦਾ ਹੈ। ਜਿੱਥੇ ਇਨ੍ਹਾਂ ਤਿੰਨਾਂ ਸਥਿਤੀਆਂ ਦਾ ਕ੍ਰਮ ਚਲਦਾ ਰਹਿੰਦਾ ਹੈ, ਉਹੀ ਜਗਤ ਹੈ।

## ਮਾਇਆ

ਮਾਇਆ ਬ੍ਰਹਮ ਦੀ ਸ਼ਕਤੀ ਹੈ। ਮਾਇਆ ਦੀ ਕਲਪਨਾ ਨਾਲ ਹੀ ਸ਼ੰਕਰ ਆਚਾਰੀਆ ਨੇ ਬ੍ਰਹਮ ਤੇ ਈਸ਼ਵਰ ਦਾ ਭੇਦ ਪ੍ਰਗਟ ਕੀਤਾ ਹੈ। ਇਹ ਸ੍ਰਿਸ਼ਟੀ ਦਾ ਕਾਰਨ ਹੋਣ ਨਾਲ ਸਤੋ, ਰਜੋ ਅਤੇ ਤਮੋਂ ਗੁਣਾਂ ਤੋਂ ਮੁਕਤ ਹੈ।

## ਮੁਕਤੀ

ਅਵਿਦਿਆ ਦੇ ਨਾਸ਼ ਨਾਲ ਜੀਵ ਅਬਿਨਾਸ਼ੀ ਪਰਮਾਤਮਾ ਨਾਲ ਏਕਤਾ ਪ੍ਰਾਪਤ ਕਰ ਲੈਂਦਾ ਹੈ।[86]

## 2.14. ਭਾਰਤੀ ਭਗਤੀ ਲਹਿਰ ਅਤੇ ਦਰਸ਼ਨ ਤੇ ਭਗਤੀ ਦਾ ਸੁਮੇਲ

ਭਾਰਤ ਦੀ ਭਗਤੀ ਲਹਿਰ ਦੇ ਮੋਢੀ ਸੁਆਮੀ ਰਾਮਾਨੰਦ ਤੇ ਸ਼ੁਧਾ ਦ੍ਵੈਤਵਾਦੀ ਵੱਲਭਾਚਾਰੀਆ ਨੂੰ ਮੰਨਿਆ ਜਾਂਦਾ ਹੈ। ਪਰੰਤੂ ਭਾਰਤੀ ਦਰਸ਼ਨ ਦੇ ਉਪਰੋਕਤ ਵਿਸਤ੍ਰਿਤ ਵਿਸ਼ਲੇਸ਼ਣ ਦੇ ਆਧਾਰ ਤੇ ਇਹ ਗੱਲ ਨਿਸ਼ਚੇ ਪੂਰਵਕ ਕਹੀ ਜਾ ਸਕਦੀ ਹੈ ਕਿ ਭਗਤੀ ਲਹਿਰ

ਦੇ 'ਕੁਝ ਬੁਨਿਆਦੀ ਅੰਸ਼ ਪ੍ਰਾਚੀਨ ਭਾਰਤੀ ਸਾਹਿਤ ਅਰਥਾਤ ਵੇਦਾਂ, ਉਪਨਿਸ਼ਦਾਂ, ਪੁਰਾਣਾਂ ਤੇ ਭਗਵਤ ਗੀਤਾ ਵਿਚ ਵੀ ਨਜ਼ਰ ਆਉਂਦੇ ਹਨ।"[87] "ਰਿਗਵੇਦ ਪ੍ਰਾਰਥਨਾ ਅਤੇ ਉਪਾਸਨਾ ਯੋਗ ਰਿਚਾਵਾਂ(ਵੇਦਾਂ ਮੰਤ੍ਰਾਂ) ਦਾ ਸੰਗ੍ਰਹਿ ਹੈ।"[88]

ਅਧਿਆਤਮਵਾਦੀਆਂ ਨੇ ਪ੍ਰਭੂ ਦੇ ਦੋ ਰੂਪ ਚਿੱਤਵੇ ਹਨ- ਨਿਰਗੁਣ ਤੇ ਸਗੁਣ । ਦਾਰਸ਼ਨਿਕ ਬਿਰਤੀ ਅਧੀਨ ਪ੍ਰਭੂ ਦੇ ਨਿਰਗੁਣ ਰੂਪ ਦਾ ਚਿੰਤਨ ਦ੍ਰਿੜ ਕਰਵਾਇਆ ਗਿਆ ਹੈ, ਪਰੰਤੂ ਸਾਧਕ ਨੂੰ ਪ੍ਰੇਰਿਤ ਤੇ ਪ੍ਰਭਾਵਿਤ ਕਰਨ ਹਿਤ ਭਾਵਾਤਮਕ ਅਪੀਲ ਤੇ ਭਾਵਨਾ ਦੇ ਅੰਤਰ-ਗਤ ਈਸ਼ਵਰ ਦੇ ਸਗੁਣ ਸਰੂਪ ਦੀ ਵੀ ਕਲਪਨਾ ਕੀਤੀ ਗਈ ਹੈ। ਇਹ ਸਰੂਪ ਪ੍ਰਭੂ ਦੀ ਭਾਵਾਤਮਕ ਭਗਤੀ ਦੇ ਫਲਰੂਪ ਪ੍ਰੀਤ ਭਾਵਨਾ ਦੇ ਅੰਤਰਗਤ ਰਸ-ਰੂਪ, ਅਨੰਤ ਸਰੂਪ ਅਤੇ ਪ੍ਰੇਮ-ਮਈ ਬਣ ਗਿਆ ਹੈ ।

ਭਗਤੀ ਧਾਰਾ ਵਿਚ ਪ੍ਰਭੂ ਦਾ ਮਧੁਰ ਸਰੂਪ ਆਦਿ ਕਾਲ ਤੋਂ ਹੀ ਵਿਦਮਾਨ ਹੈ। ਵੈਦਿਕ ਦਰਸ਼ਨ ਅਤੇ ਉਪਨਿਸ਼ਦਾਂ ਵਿਚ ਪ੍ਰਭੂ ਨੂੰ 'ਮਧੂ'[89] ਕਿਹਾ ਗਿਆ ਹੈ, ਪਰਮਾਤਮਾ ਹੀ ਪ੍ਰਿਯਤਮ ਹੈ, ਪੁੱਤਰ ਨਾਲੋਂ ਵੀ ਵੱਧ ਪਿਆਰਾ, ਸਰਬਪ੍ਰਿਯਤਮ[90]ਹੈ। ਅਨਿਰਬਚਨੀ ਪ੍ਰੇਮ ਸਰੂਪ[91] ਹੈ ਅਤੇ 'ਸਾ ਤਵਾਸਮਿਨ ਪਰਮ ਪ੍ਰੇਮ ਰੂਪਾ'[92] ਅਰਥਾਤ ਪਰਮਾਤਮਾ ਵਿਚ ਅਨੁਰਾਗ ਹੀ ਭਗਤੀ ਹੈ। ਭਗਤੀ ਲਹਿਰ ਦੇ ਆਚਾਰੀਆਂ ਨੇ ਭਗਤੀ ਦੀ ਪਰਿਭਾਸ਼ਾ ਵਿਚ ਵਧੇਰੇ ਜ਼ੋਰ'ਪ੍ਰਭੂ ਪ੍ਰੇਮ ਹੈ' ਤੇ ਦਿੱਤਾ ਹੈ। ਆਚਾਰੀਆ ਮੰਮਟ ਨੇ 'ਦੇਵ ਵਿਸ਼ਯਕ ਰਤਿ'[93] ਦਾ ਨਾਮ ਭਗਤੀ ਕਿਹਾ ਹੈ ਅਤੇ ਸ਼ਾਂਡਿਲਯ ਨੇ ਈਸ਼ਵਰ ਵਿਚ ਪੂਰਾਨਰਕਤੀ ਕਹਿ ਕੇ ਪ੍ਰਭੂ ਪ੍ਰਤੀ ਨਿਰੋਲ ਪ੍ਰੇਮ ਨੂੰ ਭਗਤੀ ਦਾ ਤੱਤ ਸਵੀਕਾਰਿਆ ਹੈ।[94]

ਵਿਸ਼ਿਸ਼ਟ ਅਦ੍ਵੈਤਵਾਦੀ ਰਾਮਾਨੁਜ ਆਚਾਰੀਆ ਨੇ ਇਸ ਕਾਰਨ ਹੀ ਭਗਤੀ ਮਾਰਗ ਨੂੰ ਅਪਣਾਇਆ ਕਿਉਂਕਿ ਉਸ ਅਨੁਸਾਰ 'ਸੱਚੀ ਭਗਤੀ ਰਾਹੀਂ ਆਤਮਾ ਸੌਖਿਆਂ ਹੀ ਮੁਕਤੀ ਪ੍ਰਾਪਤ ਕਰ ਲੈਂਦੀ ਹੈ।"[95] ਸਿੱਟੇ ਵਜੋਂ ਭਾਰਤ ਦੀ ਭਗਤੀ ਲਹਿਰ ਵਿਚ ਭਗਤੀ ਨੂੰ ਹੀ ਵਿਸ਼ੇਸ਼ ਸਥਾਨ ਦਿੱਤਾ ਗਿਆ ਕਿਉਂਕਿ ਇਹ 'ਮਾਰਗ ਸਰਬ-ਸ੍ਰੇਸ਼ਟ ਮਾਰਗ ਹੈ ਜਿਸ ਤੇ ਹਰ ਪ੍ਰਾਣੀ ਮਾਤਰ ਚਲ ਕੇ ਸਫਲ ਹੋ ਸਕਦਾ ਹੈ।"[96]

### 2.14.1. ਵਿਸ਼ਿਸ਼ਟ ਅਦ੍ਵੈਤਵਾਦ ਦਰਸ਼ਨ ਅਤੇ ਭਗਤੀ ਲਹਿਰ

ਵਿਸ਼ਿਸ਼ਟ ਅਦ੍ਵੈਤਵਾਦੀ ਦਰਸ਼ਨ ਦਾ ਆਦਿ ਚਿੰਤਕ ਰੰਗਨਾਥ ਮੁਨੀ ਅਤੇ ਪ੍ਰਸਿੱਧ

ਆਚਾਰੀਆ ਸ੍ਰੀ ਰਾਮਾਨੁਜ ਹਨ। ਪਰੰਤੂ ਰੰਗਨਾਥ ਮੁਨੀ ਤੋਂ ਵੀ ਪਹਿਲਾਂ ਤਮਿਲ ਦੇ ਵੈਸ਼ਣਵ ਆਲਵਾਰ ਸੰਤਾਂ ਨੇ ਲਗਭਗ ਉਨ੍ਹਾਂ ਹੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਜਿਨ੍ਹਾਂ ਦੀ ਵਿਧੀ ਵਿਆਖਿਆ ਬਾਅਦ ਵਿਚ ਸ੍ਰੀ ਰਾਮਾਨੁਜ ਆਚਾਰੀਆ ਨੇ ਕੀਤੀ।

(ੲ) ਦੱਖਣ ਦੇ ਆਲਵਾਰ ਸੰਤ

ਭਾਰਤ ਦੀ ਮਧਯੁਗੀਨ ਭਗਤੀ ਲਹਿਰ ਦਾ ਆਰੰਭ ਦੱਖਣ ਦੇ ਆਲਵਾਰ ਸੰਤਾਂ ਤੋਂ ਹੁੰਦਾ ਹੈ। ਤਮਿਲ ਦੇ 'ਆਲਵਾਰ'ਸੰਤਾਂ ਦਾ ਸਮਾਂ 7ਵੀਂ ਤੋਂ 10ਵੀਂ ਸਦੀ ਤਕ ਮੰਨਿਆ ਜਾਂਦਾ ਹੈ। 'ਆਲਵਾਰ' ਸ਼ਬਦ ਦਾ ਅਰਥ ਹੈ ਪ੍ਰਭੂ ਦੇ ਪਿਆਰ ਵਿਚ ਡੁੱਬੇ ਹੋਏ, ਅਰਥਾਤ ਈਸ਼ਵਰ ਦੇ ਧਿਆਨ ਵਿਚ ਲੀਨ ਰਹਿਣ ਵਾਲੇ ਆਲਵਾਰ ਹਨ।[97]

ਤਮਿਲ ਭਾਸ਼ਾ ਵਿਚ ਲਿਖੇ ਦੱਖਣ ਦੇ ਇਨ੍ਹਾਂ ਵੈਸ਼ਣਵ ਸੰਤਾਂ ਦੇ ਭਗਤੀ ਗੀਤ'ਦਰਾਵਿੜ ਵੇਦ' ਜਾਂ 'ਦਰਾਵਿੜ ਉਪਨਿਸ਼ਦ' ਦੇ ਨਾਮ ਨਾਲ ਪ੍ਰਸਿੱਧ ਹਨ। ਆਲਵਾਰਾਂ ਅਨੁਸਾਰ ਬੁੱਧੀ ਤੋਂ ਭਾਵ ਵੱਡਾ ਹੈ ਤੇ ਗਿਆਨ ਨਾਲੋਂ ਭਗਤੀ ਸ੍ਰੇਸ਼ਟ ਹੈ। ਹਉਮੈ ਨੂੰ ਤੱਜ ਕੇ ਜੀਵ ਨੂੰ ਪ੍ਰਭੂ-ਭਗਤੀ ਵਿਚ ਆਪਣਾ ਆਪਾ ਸਮਰਪਿਤ ਕਰਕੇ ਉਸ ਦੀ ਅਰਾਧਨਾ ਕਰਨੀ ਚਾਹੀਦੀ ਹੈ। 'ਸੰਪੂਰਣ ਸ਼ਰਣਾਗਤੀ ਨਾਲ ਹੀ ਪਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ ਤੇ ਇਹੀ ਪ੍ਰਾਪਤੀ ਮਾਰਗ ਹੈ।"[98] ਇਨ੍ਹਾਂ ਆਲਵਾਰ ਸੰਤਾਂ ਵਿਚ ਪੋਇਗੇ, ਪੁਦਮ, ਪੇਆਲਵਾਰ, ਤਿਰੂਮਵਿਰਸੈ, ਕੁਲਸ਼ੇਖਰ, ਪੀਰ ਆਲਵਾਰ, ਤੋਂਡੇਰ ਡਿੱਪੋਡਿਅ, ਤਿਰੂਪਾਣ, ਤਿਰੂਮੰਗੇਆ, ਮਧੁਰ ਕਵੀ, ਨੰਮ ਆਲਵਾਰ ਆਦਿ 12 ਆਲਵਾਰ ਪ੍ਰਮੁੱਖ ਮੰਨੇ ਜਾਂਦੇ ਹਨ। ਆਲਵਾਰਾਂ ਦੇ ਭਗਤੀ ਗੀਤ 'ਦਿਵ ਪ੍ਰਬੰਧਮ' ਨਾਂ ਹੇਠ ਸੰਗ੍ਰਹਿਤ ਹਨ, ਤਾਮਿਲ ਲੋਕ ਇਨ੍ਹਾਂ ਨੂੰ'ਦਰਾਵਿੜ ਵੇਦ' ਜਾਂ'ਦਰਾਵਿੜ ਉਪਨਿਸ਼ਦ' ਕਹਿੰਦੇ ਹਨ। ਇਨ੍ਹਾਂ ਤੇ ਆਧਾਰਿਤ ਉਨ੍ਹਾਂ ਦਾ ਵਿਸ਼ਿਸ਼ਟਾਦ੍ਵੈਤਵਾਦੀ ਦਰਸ਼ਨ ਦ੍ਰਿਸ਼ਟੀਗੋਚਰ ਹੁੰਦਾ ਹੈ।"[99]

ਆਲਵਾਰਾਂ ਨੇ ਆਪਣੇ ਇਸ਼ਟ ਦੇਵ ਸ੍ਰੀ ਕ੍ਰਿਸ਼ਣ ਨੂੰ ਪਾਰਬ੍ਰਹਮ ਦੇ ਰੂਪ ਵਿਚ ਚਿਤਰਿਆ ਹੈ। ਉਨ੍ਹਾਂ ਦਾ ਬ੍ਰਹਮ ਇਕ ਹੈ, ਸਰਬ-ਸ਼ਕਤੀਮਾਨ ਹੈ, ਅਦੁੱਤੀ,ਲੋਕ-ਰੱਖਿਅਕ,ਸ਼ਿਵ,ਬ੍ਰਹਮਾ ਅਤੇ ਇੰਦਰ ਸਭ ਦਾ ਪਾਲਕ ਹੈ।[100] ਉਹ ਅਬਿਨਾਸ਼ੀ ਅਤੇ ਪਰਮ ਪੁਰਖ ਹੈ।[101] ਸਭ ਦਾ ਲਕਸ਼ ਉਸ ਵਿਚ ਲੀਨ ਹੋਣਾ ਹੈ। ਉਸ ਨੇ ਜਗਤ ਦੀ ਸ੍ਰਿਸ਼ਟੀ ਲਈ ਬ੍ਰਹਮਾ ਨੂੰ ਸਾਜਿਆ ਅਤੇ ਸੰਘਾਰ ਹਿਤ ਯਮ ਦੀ ਰਚਨਾ ਕੀਤੀ ਹੈ।[102]

ਇਸ ਪ੍ਰਕਾਰ ਸੰਤਾਂ ਅਨੁਸਾਰ 'ਬ੍ਰਹਮ ਹੋ ਕੇ ਵੀ ਭਗਤਾਂ ਦੇ ਉੱਧਾਰ ਨਿਮਿਤ ਦੇਹ ਧਾਰਨ ਕਰਦਾ ਹੈ। ਇੰਜ ਅਵਤਾਰੀ ਅਵਤਾਰ ਉਸ ਦੇ ਦੋਵੇਂ ਸਰੂਪ ਹਨ। ਜੀਵ ਰੂਪ ਅਤੇ ਜਗਤ ਜੋ ਕੁਝ ਵੀ ਹੈ, ਉਹ ਉਸੇ ਦਾ ਅੰਸ਼ ਹੈ।[103] ਆਲਵਾਰਾਂ ਨੇ ਮਾਇਆ ਨੂੰ ਈਸ਼ਵਰ ਦੀ ਸ਼ਕਤੀ ਅਤੇ ਪ੍ਰੇਮ-ਭਗਤੀ ਨੂੰ ਜੀਵਨ-ਮੁਕਤੀ ਦਾ ਸਾਧਨ ਮੰਨਿਆ ਹੈ।

ਇਸ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਗਤੀ ਲਹਿਰ ਦੇ ਪ੍ਰਮੁੱਖ ਪ੍ਰਚਾਰਕ ਦਰਾਵਿੜ ਦੇ ਆਲਵਾਰ ਭਗਤ ਸਨ। ਰਾਮਧਾਰੀ ਸਿੰਘ ਦਿਨਕਰ ਦਾ ਕਥਨ ਹੈ ਕਿ "ਆਲਵਾਰ ਸੰਤਾਂ ਦੀ ਬਾਣੀ ਵਿਚ ਤਾਂ ਭਗਤੀ ਰੂਪ ਧਾਰਕੇ ਖਲੋ ਚੁੱਕੀ ਸੀ। ਭਗਤੀ ਮੱਤ ਦੇ ਪ੍ਰਮੁੱਖ ਸੰਚਾਲਕ ਰਾਮਾਨੁਜ, ਮਾਧਵ, ਨਿੰਬਾਰਕ ਅਤੇ ਵਲਭਾਚਾਰੀਆ ਆਦਿ ਦੱਖਣ ਦੇ ਰਹਿਣ ਵਾਲੇ ਹੀ ਸਨ। ਇਸ ਤਰ੍ਹਾਂ ਭਗਤੀ ਲਹਿਰ ਦਾ ਆਰੰਭ ਦੱਖਣ ਦੀ ਵੈਸ਼ਣਵ ਭਗਤੀ ਨਾਲ ਹੋਇਆ। ਬਾਅਦ ਵਿਚ ਕ੍ਰਿਸ਼ਨ ਭਗਤੀ ਅਤੇ ਰਾਮ ਭਗਤੀ ਦੇ ਭਾਵਨਾ-ਰੂਪ ਵੀ ਪ੍ਰਸਿੱਧ ਹੋਏ।"[104]

### (ਅ) ਵੈਸ਼ਣਵ ਦਰਸ਼ਨ- ਵਿਸ਼ਿਸ਼ਟ ਅਦ੍ਵੈਤਵਾਦ

ਰਾਮਾਨੁਜ ਅਚਾਰੀਆ (1027 ਤੋਂ 1137 ਈ.) ਨੇ ਪ੍ਰੇਮ-ਭਗਤੀ ਦੇ ਸਿਧਾਂਤ ਨੂੰ ਆਲਵਾਰ ਭਗਤਾਂ ਪਾਸੋਂ ਹੀ ਪ੍ਰਾਪਤ ਕੀਤਾ। ਉਸ ਨੇ ਸ਼ੰਕਰ ਦੀ ਅਦ੍ਵੈਤਵਾਦੀ ਧਾਰਾ ਵਿਚ ਜਿਹੜਾ ਹੋਰ ਵਾਧਾ ਕੀਤਾ, ਉਸ ਅਨੁਸਾਰ ਬ੍ਰਹਮ ਦਾ ਕੋਈ ਨਿਰਗੁਣ ਸਰੂਪ ਵੀ ਮਿੱਥਿਆ ਜਾ ਸਕਦਾ ਹੈ। ਉਸ ਨੇ ਬ੍ਰਹਮ ਦੇ ਪੰਜ ਰੂਪ ਮੰਨੇ ਹਨ, ਪਾਰਬ੍ਰਹਮ ਰੂਪ ਵਿਚ, ਜਿਸਨੂੰ ਨਾਰਾਇਣ ਜਾਂ ਵਾਸੁਦੇਵ ਵੀ ਕਿਹਾ ਜਾਂਦਾ ਹੈ, ਭਗਵਾਨ ਸ਼ੇਸ਼ਨਾਗ ਤੇ ਬਿਰਾਜਮਾਨ ਹਨ ਅਤੇ ਉਨ੍ਹਾਂ ਆਪਣੇ ਚਹੁੰ ਕਰ-ਕਮਲਾਂ ਵਿਚ ਸੰਖ, ਚਕਰ, ਗਦਾ ਅਤੇ ਪਦਮ ਧਾਰਨ ਕੀਤੇ ਹੋਏ ਹਨ। ਰਿਸ਼ੀ, ਮੁਨੀ, ਤਪੱਸਵੀ ਅਤੇ ਮੁਕਤ ਆਤਮਾਵਾਂ ਉਨ੍ਹਾਂ ਦੀ ਹਜ਼ੂਰੀ ਵਿਚ ਵਿਦਮਾਨ ਹਨ।[105] ਇਹੋ ਕਾਰਨ ਸੀ ਕਿ ਰਾਮਾਨੁਜ ਵਲੋਂ ਚਲਾਈ ਗਈ ਵਿਸ਼ਿਸ਼ਟ ਅਦ੍ਵੈਤਵਾਦੀ ਧਾਰਾ ਵੈਸ਼ਣਵ ਭਗਤੀ ਧਾਰਾ ਦੇ ਸਰੂਪ ਵਿਚ ਪਰਿਵਰਤਿਤ ਹੋ ਗਈ।

ਵਿਸ਼ਿਸ਼ਟ ਅਦ੍ਵੈਤਵਾਦ ਦਰਸ਼ਨ ਵਿਚ ਜੀਵ ਅਤੇ ਬ੍ਰਹਮ ਦੀ ਭਿੰਨਤਾ ਨੂੰ ਪ੍ਰਗਟ ਕਰਦਿਆਂ ਕਿਹਾ ਗਿਆ ਹੈ ਕਿ ਜੀਵ ਕਦੀ ਦੁੱਖੀ ਅਤੇ ਕਦੀ ਸੁੱਖੀ ਹੈ, ਪਰੰਤੂ ਬ੍ਰਹਮ ਸਦੈਵ ਸੁਖੀ ਹੈ, ਜੀਵ ਸੁਤੰਤਰ ਹੋ ਕੇ ਵੀ ਉਸ ਦੇ ਅਧੀਨ, ਉਸ ਦੇ ਆਸਰੇ ਤੇ ਹੈ। ਜੀਵ ਅਨੰਤ ਹਨ ਅਤੇ ਉਹ ਇਕ ਦੂਜੇ ਤੋਂ ਭਿੰਨ ਵੀ ਹਨ। ਪ੍ਰਕ੍ਰਿਤੀ ਬ੍ਰਹਮ ਤੋਂ ਭਿੰਨ ਨਹੀਂ, ਬਲਕਿ ਉਸ ਦਾ ਵਿਕਾਰ ਹੈ। ਇਸ ਮੱਤ ਵਿਚ ਆਤਮਾ-ਪਰਮਾਤਮਾ ਦੇ ਮਿਲਾਪ ਲਈ ਗੁਰੂ ਦੇ ਵਿਸ਼ੇਸ਼ ਮਹੱਤਵ ਉੱਪਰ ਵੀ ਬਲ ਦਿਤਾ ਗਿਆ ਹੈ। ਇਨ੍ਹਾਂ ਅਨੁਸਾਰ ਕੇਵਲ ਪ੍ਰਭੂ-ਭਗਤੀ ਹੀ ਮੁਕਤੀ ਦਾ ਸਾਧਨ ਹੈ।

(ੲ) ਦ੍ਵੈਤਵਾਦ

ਮਾਧਵਾਚਾਰੀਆ (1199– 1278 ਈ.) ਦੇ ਦ੍ਵੈਤਵਾਦ ਵਿਚ 'ਬ੍ਰਹਮਵਾਦ' ਹੁੰਦੇ ਹੋਏ ਵੀ ਇਸ ਵਿਚ ਜੀਵ, ਜਗਤ ਅਤੇ ਬ੍ਰਹਮ ਨੂੰ ਪਰਸਪਰ ਭਿੰਨ ਕਿਹਾ ਗਿਆ ਹੈ। ਇਨ੍ਹਾਂ ਨੇ ਅਦ੍ਵੈਤਵਾਦੀਆਂ ਦੇ ਅਦਵੈਤ ਦਾ ਖੰਡਨ ਕਰਦੇ ਹੋਇਆਂ ਮਾਇਆਵਾਦ ਦਾ ਜ਼ੋਰਦਾਰ ਖੰਡਨ ਕੀਤਾ। ਇਹ ਅਦ੍ਵੈਤਵਾਦ ਦੇ ਨਿਰੀ ਉਲਟ ਦਿਸ਼ਾ ਵਾਲਾ ਮੱਤ ਹੈ। ਇਨ੍ਹਾਂ ਨੇ ਪ੍ਰਮਾਣਾ ਦੁਆਰਾ ਤਰਕ ਦੇ ਆਧਾਰ ਤੇ ਸਿੱਧ ਕੀਤਾ ਕਿ ਸੰਸਾਰ ਝੂਠ ਨਹੀਂ ਹੈ, ਜੀਵ ਬ੍ਰਹਮ ਦਾ ਪ੍ਰਤੀਬਿੰਬ ਨਹੀਂ ਅਤੇ ਬ੍ਰਹਮ ਹੀ ਕੇਵਲ ਮਾਤਰ ਇਕ ਸੱਤ ਨਹੀਂ ਹੈ। ਇਨ੍ਹਾਂ ਅਨੁਸਾਰ ਲਕਸ਼ਮੀ ਪਰਮਾਤਮਾ ਦੀ ਸ਼ਕਤੀ ਹੈ, ਪਰੰਤੂ ਗੁਣਾਂ ਵਿਚ ਪਰਮਾਤਮਾ ਤੋਂ ਨਿਮਨ ਹੈ, ਫਿਰ ਵੀ ਦੇਸ਼, ਕਾਲ ਦੀ ਦ੍ਰਿਸ਼ਟੀ ਤੋਂ ਪ੍ਰਭੂ ਸਮਾਨ ਹੀ ਵਿਆਪਕ ਹੈ। ਇਨ੍ਹਾਂ ਨੇ ਨਿਰਗੁਣ ਬ੍ਰਹਮ ਨੂੰ ਮਿੱਥਿਆ ਕਿਹਾ ਹੈ। ਇਨ੍ਹਾਂ ਦਾ ਬ੍ਰਹਮ ਸਗੁਣ ਹੈ ਜੋ ਅਨੰਤ ਗੁਣਾਂ ਦਾ ਭੰਡਾਰ ਹੈ। ਜੀਵ ਭਗਵਾਨ ਦੇ ਅਧੀਨ ਅਤੇ ਉਸ ਦਾ ਦਾਸ ਹੈ।

(ਸ) ਦ੍ਵੈਤਾਦ੍ਵੈਤਵਾਦ

ਅਦਵੈਤ ਅਤੇ ਦ੍ਵੈਤ ਵਿਚਕਾਰ ਸੁਮੇਲ ਦਰਸਾਉਣ ਵਾਲਾ ਮੱਤ ਦ੍ਵੈਤਾਦ੍ਵੈਤਵਾਦ ਹੈ। ਇਸ ਮੱਤ ਦੇ ਪ੍ਰਮੁੱਖ ਅਚਾਰੀਆ ਨਿੰਬਾਰਕ (1014– 1162 ਈ.) ਸਨ। ਇਹ ਮੱਤ ਈਸ਼ਵਰ, ਚਿੱਤ(ਜੀਵ) ਅਤੇ ਅਚੱਤ(ਜੜ ਪਦਾਰਥ) ਤਿੰਨਾਂ ਨੂੰ ਪਰਮ ਤੱਤ ਮੰਨਦਾ ਹੈ। ਇਨ੍ਹਾਂ ਨੇ ਸ੍ਰੀ ਕ੍ਰਿਸ਼ਣ ਨੂੰ ਹੀ ਪਾਰਬ੍ਰਹਮ ਮੰਨਿਆ ਹੈ। ਇਨ੍ਹਾਂ ਅਨੁਸਾਰ ਬ੍ਰਹਮ ਅਦ੍ਵੈਤ ਹੈ, ਸੰਸਾਰ ਦ੍ਵੈਤ ਹੈ ਪਰ ਦੋਨੋਂ ਨਿੱਤ ਸੱਤ ਹਨ। ਅਦ੍ਵੈਤ ਬ੍ਰਹਮ ਹੀ ਦ੍ਵੈਤ ਸੰਸਾਰ ਦਾ ਰੂਪ ਧਾਰਣ ਕਰਦਾ ਹੈ। ਈਸ਼ਵਰ ਸਗੁਣ ਅਤੇ ਦੋਸ਼-ਰਹਿਤ ਹੈ। ਇਸ ਮੱਤ ਦੇ ਅਚਾਰੀਆਂ ਨੇ ਵੇਦਾਂਤ ਦੇ ਅਦ੍ਵੈਤਵਾਦ ਦਾ ਖੰਡਨ ਕੀਤਾ ਅਤੇ ਪ੍ਰੇਮ-ਭਗਤੀ ਉਪਰ ਬਲ ਦਿੱਤਾ ।

(ਹ) ਸ਼ੁਧਾਦ੍ਵੈਤਵਾਦ

ਵਲਭਾਚਾਰੀਆ (1479–1530 ਈ.) ਦੀ ਸ਼ੁਧ ਅਦ੍ਵੈਤਵਾਦੀ ਵਿਚਾਰਧਾਰਾ ਵਿਚ ਸ਼ੁੱਧ ਦਾ ਅਰਥ 'ਮਾਇਆ ਤੋਂ ਰਹਿਤ' ਮੰਨਿਆ ਗਿਆ ਹੈ। ਇਸ ਮੱਤ ਅਨੁਸਾਰ ਬ੍ਰਹਮ ਸਾਰੇ ਪਦਾਰਥਾਂ ਤੋਂ ਬੇਲਾਗ, ਮਾਇਆ ਦਾ ਸੁਆਮੀ, ਸਰਬ-ਸ਼ਕਤੀਮਾਨ, ਸੁਤੰਤਰ, ਤ੍ਰੈਗੁਣਾਤੀਤ,

ਸੱਤ, ਚਿੱਤ, ਆਨੰਦ ਸਰੂਪ, ਪੂਰਣ ਪੁਰਸ਼ੋਤਮ ਅਤੇ ਪਾਰਬ੍ਰਹਮ ਮੰਨਿਆ ਗਿਆ ਹੈ।

ਇਨ੍ਹਾਂ ਮੁਤਾਬਿਕ ਜੀਵ ਬ੍ਰਹਮ ਨਹੀਂ, ਕੇਵਲ ਬ੍ਰਹਮ ਦਾ ਅੰਸ਼ ਮਾਤਰ ਅਤੇ ਸੇਵਕ ਹੈ। ਅਵਿਦਿਆ ਅਤੇ ਮਾਇਆ ਦੇ ਪ੍ਰਭਾਵ ਅਧੀਨ, ਕਰਮਾਂ ਦੇ ਫਲਰੂਪ ਉਹ ਅਨੇਕ ਜੂਨਾਂ ਵਿਚ ਭਟਕ ਰਿਹਾ ਹੈ। ਸ੍ਰਿਸ਼ਟੀ ਦੋ ਪ੍ਰਕਾਰ ਦੀ ਹੈ– 'ਦੈਵੀ-ਜੀਵ ਸ੍ਰਿਸ਼ਟੀ' ਅਤੇ 'ਅਸੁਰੀ-ਜੀਵ ਸ੍ਰਿਸ਼ਟੀ।' ਵਲਭਾਚਾਰੀਆ ਦੇ ਅਨੁਸਾਰ ਸ੍ਰੀ ਕ੍ਰਿਸ਼ਨ ਦੀ ਪ੍ਰਾਪਤੀ ਹੀ ਮੁਕਤੀ ਹੈ ਅਤੇ ਸ਼ੁੱਧ ਜੀਵ ਲਈ ਇਹ ਜਗਤ ਹੀ ਕ੍ਰਿਸ਼ਨਵਾਦ ਹੈ। ਸੁਆਮੀ ਗਿਆਨ ਦੇਵ, ਸੰਤ ਨਾਮ ਦੇਵ, ਤ੍ਰਿਲੋਚਨ ਆਦਿ ਸੰਤ-ਕਵੀਆਂ ਨੇ ਇਸ ਸੰਪ੍ਰਦਾਇ ਦਾ ਮਾਰਗ ਗ੍ਰਹਿਣ ਕੀਤਾ ।

ਉੱਤਰੀ ਭਾਰਤ ਵਿਚ ਪ੍ਰਸਿੱਧ ਵੈਸ਼ਣਵ ਸੰਤ ਸੁਆਮੀ ਰਾਮਾਨੰਦ ਭਗਤੀ ਲਹਿਰ ਦੇ ਮੋਢੀ ਸਨ।ਆਪਨੇ ਵਿਸ਼ਨੂੰ ਦੀ ਥਾਂ ਰਾਮ ਅਤੇ ਸੀਤਾ ਦੀ ਭਗਤੀ ਤੇ ਬਲ ਦਿੱਤਾ, ਪਰ ਰਾਮਾਨੰਦ ਜੀ ਦੇ ਰਾਮ ਕਣ ਕਣ ਵਿਚ ਵਸੇ ਰਾਮ ਹਨ।"[106] ਉੱਤਰੀ ਭਾਰਤ ਦੇ ਬਹੁਤ ਸਾਰੇ ਪ੍ਰਸਿੱਧ ਸੰਤ ਤੇ ਭਗਤ ਆਪ ਦੇ ਹੀ ਸ਼ਿਸ਼ ਸਨ। ਸੁਆਮੀ ਰਾਮਾਨੰਦ ਨੇ ਜਾਤ-ਪਾਤ ਅਤੇ ਉਚ-ਨੀਚ ਦੇ ਭਿੰਨ-ਭੇਦ ਨੂੰ ਸਮਾਪਤ ਕਰਕੇ ਭਗਤੀ ਮਾਰਗ ਨੂੰ ਸਰਬ-ਸਾਂਝਾ ਮਾਰਗ ਬਣਾਇਆ। ਵਾਸਤਵ ਵਿਚ ਆਪਨੇ 'ਸਾਰੀਆਂ ਜਾਤਾਂ ਨੂੰ ਮਿਲਾ ਕੇ ਉਨ੍ਹਾਂ ਦੀ ਇਕ 'ਭਗਤ ਜਾਤੀ' ਹੀ ਬਣਾ ਦਿੱਤੀ ਸੀ।"[107]

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਸਾਡੀ ਧਾਰਨਾ ਹੈ ਕਿ ਭਾਰਤੀ ਦਰਸ਼ਨ ਦੇ ਮੂਲ ਸ੍ਰੋਤ-ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਭਗਤੀ ਦਾ ਮੂਲ ਜਾਂ ਬੀਜ ਉਪਲਭਧ ਹੈ। ਸਿਮਰਨ, ਪ੍ਰਾਰਥਨਾ, ਉਸਤਤ, ਸ਼ਰਧਾ, ਸੇਵਾ ਆਦਿ ਭਗਤੀ ਦੇ ਮੂਲ ਤੱਤ ਭਾਰਤੀ ਦਰਸ਼ਨ ਵਿਚੋਂ ਸਪਸ਼ਟ ਦ੍ਰਿਸ਼ਟਮਾਨ ਹੁੰਦੇ ਹਨ। ਨਿਰਸੰਦੇਹ ਪ੍ਰਾਚੀਨ ਭਾਰਤੀ ਦਰਸ਼ਨ ਵਿਚ ਸਭ ਤੋਂ ਵਧ ਮਹਾਨਤਾ ਕਰਮਯੋਗ ਨੂੰ ਦਿੱਤੀ ਜਾਂਦੀ ਰਹੀ, ਉਸ ਉਪਰੰਤ ਗਿਆਨ ਮਾਰਗ ਦਾ ਸਿਧਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਫਿਰ ਭਗਤੀ ਮਾਰਗ ਪ੍ਰਚਲਿਤ ਹੋਇਆ, ਪਰੰਤੂ ਡਾ. ਰਾਮ ਰਤਨ ਭਟਨਾਗਰ ਦਾ ਮੱਤ ਹੈ ਕਿ "ਮੱਧਯੁੱਗ ਦੇ ਭਗਤੀ ਅੰਦੋਲਨ ਨੂੰ ਅਸੀਂ ਪੌਰਾਣਿਕ ਧਰਮ ਦੇ ਪੁਨਰ ਸਥਾਪਨ ਦਾ ਅੰਦੋਲਨ ਵੀ ਕਹਿ ਸਕਦੇ ਹਾਂ। ਗੁਪਤਾ ਕਾਲ ਵਿਚ ਵਿਸ਼ਨੂੰ ਅਤੇ ਲਕਸ਼ਮੀ ਨੂੰ ਲੈ ਕੇ ਜਿਨ੍ਹਾਂ ਧਾਰਮਿਕ ਭਾਵਨਾਵਾਂ ਦਾ ਵਿਕਾਸ ਹੋਇਆ ਸੀ, ਉਹ ਹੀ ਇਸ ਯੁੱਗ ਵਿਚ ਰਾਧਾ-ਕ੍ਰਿਸ਼ਨਨ ਅਤੇ ਸੀਤਾ ਰਾਮ ਦੇ ਮਾਧਿਅਮ ਦੁਆਰਾ ਵਿਕਸਿਤ ਹੋਈਆਂ।"[108] ਵੈਸ਼ਣਵ ਦਰਸ਼ਨ ਵਿਚ ਗਿਆਨ ਦੇ ਟਾਕਰੇ ਤੇ ਮੁਕਤੀ ਪ੍ਰਾਪਤੀ ਲਈ ਪ੍ਰੇਮਾ-ਭਗਤੀ ਦੀ ਪ੍ਰਧਾਨਤਾ ਹੈ।

"ਭਗਤੀ ਲਹਿਰ ਦੇ ਅੰਤਰਗਤ ਕਰਮ ਅਤੇ ਭਗਤੀ ਦਾ ਸੁਮੇਲ ਸਾਧਕ ਲਈ ਉਚੇਰਾ ਆਦਰਸ਼ਕ ਨਮੂਨਾ ਸੀ।"[109]

## 2.16. ਸਮਨਵੈਵਾਦੀ ਜੀਵਨ ਦਰਸ਼ਨ ਅਤੇ ਸੰਤ ਮੱਤ ਵਿਚਾਰ

ਭਾਰਤੀ ਸਮਾਜ ਦੀ ਸਭ ਤੋਂ ਪ੍ਰਬਲ ਪ੍ਰੇਰਕ ਸ਼ਕਤੀ ਧਰਮ ਹੈ। ਧਰਮ ਤੇ ਦਰਸ਼ਨ ਭਾਰਤੀ ਸਮਾਜ ਦਾ ਹਮੇਸ਼ਾ ਤੋਂ ਹੀ ਕੇਂਦਰੀਬਿੰਦੂ ਰਹੇ ਹਨ। ਇਸ ਸਥੂਲ ਜਗਤ ਦੀਆਂ ਦ੍ਰਿਸ਼ਟਮਾਨ ਵਸਤਾਂ ਤੋਂ ਸ਼ੁਰੂ ਹੋ ਕੇ ਅਦ੍ਵੈਤ ਤੱਤ ਦੀ ਪ੍ਰਾਪਤੀ ਭਾਰਤੀ ਦਰਸ਼ਨ ਦਾ ਪ੍ਰਮੁੱਖ ਉਦੇਸ਼ ਹੈ। "ਧਰਮ-ਭਾਵ ਵਿਚ ਪ੍ਰੇਮ ਅਤੇ ਸ਼ਰਧਾ ਦਾ ਦੂਜਾ ਨਾਂ 'ਭਗਤੀ' ਹੈ। ਸੇਵਾ, ਸਿਮਰਨ, ਆਪਾ ਵਾਰਨਾ, ਅਤੇ ਸਭ ਕਰਮਾਂ-ਧਰਮਾਂ ਦਾ ਆਪਣੇ ਪਿਆਰੇ ਇਸ਼ਟ ਦੇ ਚਰਨਾਂ ਵਿਚ ਨਿਛਾਵਰ ਕਰਨਾ ਇਸ ਭਗਤੀ ਦੇ ਸਰਵ-ਪ੍ਰਮਾਣਿਕ ਸਾਧਨ ਹਨ।"[110]

ਵੇਦਾਂ, ਉਪਨਿਸ਼ਦਾਂ ਵਿਚ ਨਿਰਸੰਦੇਹ ਪ੍ਰਧਾਨ ਮਾਰਗ ਗਿਆਨ ਯੋਗ ਹੈ, ਪਰੰਤੂ ਭਗਤੀ ਦੇ ਪ੍ਰਮੁੱਖ ਅੰਗ ਇਨ੍ਹਾਂ ਵਿਚ ਵੀ ਪ੍ਰਾਪਤ ਹਨ। ਇਨ੍ਹਾਂ ਦੇ ਟਾਕਰੇ ਤੇ ਪੁਰਾਣਾਂ ਵਿਚ ਭਗਤੀ ਨੂੰ ਹੀ ਸਰਬ-ਸ੍ਰੇਸ਼ਟ ਮੰਨਿਆ ਗਿਆ ਹੈ, ਜਿਸ ਵਿਚ ਲਿੰਗ ਜਾਂ ਜਾਤੀ ਭੇਦ ਨਹੀਂ, ਜਦਕਿ ਵੇਦਾਂ ਵਿਚ ਪਵਿੱਤਰ ਧਾਰਮਿਕ ਕਰਮਾਂ, ਯੱਗ ਆਦਿ ਵਿਚ ਸ਼ਾਮਲ ਹੋਣ ਦਾ ਅਧਿਕਾਰ ਇਸਤਰੀ ਅਤੇ ਸ਼ੂਦਰ ਨੂੰ ਨਹੀਂ ਸੀ।"[111] 'ਉਪਨਿਸ਼ਦਾਂ ਦੇ ਸਮੇਂ ਵਿਚ ਯੱਗਾਂ ਦੀ ਕਰਮਕਾਂਡੀ ਮਹੱਤਾ ਘਟ ਗਈ ਅਤੇ ਏਸੇ ਸਮੇਂ ਵਿਚ ਚਿਰਾਂ ਤੋਂ ਦੱਬੀ ਚਲੀ ਆ ਰਹੀ ਸ਼ਰਮਣ ਸੰਸਕ੍ਰਿਤੀ ਮੁੜ ਜੈਨ ਧਰਮ ਅਤੇ ਬੁੱਧ ਧਰਮ ਦੇ ਰੂਪ ਵਿਚ ਸੁਰਜੀਤ ਹੋ ਉਠੀ।"[112]

ਭਗਤੀ ਕਾਲ ਤੋਂ ਪਹਿਲਾਂ ਅੱਠਵੀਂ ਸਦੀ ਵਿਚ ਸ਼ੰਕਰਾਚਾਰੀਆ ਦੇ ਉਦੈ ਨਾਲ ਭਾਰਤ ਨੇ ਸਭ ਤੋਂ ਪਹਿਲਾਂ ਪੁਨਰ ਜਾਗਰਨ ਦਾ ਅਨੁਭਵ ਕੀਤਾ। ਸ਼ੰਕਰ ਨੇ ਦ੍ਰਿਸ਼ਟਮਾਨ ਸ੍ਰਿਸ਼ਟੀ ਨੂੰ ਨਕਾਰ ਕੇ ਮਾਇਆਵਾਦ ਦੇ ਸਿਧਾਂਤ ਦੀ ਨੀਂਹ ਰੱਖੀ ਅਤੇ ਅਦ੍ਵੈਤਵਾਦ ਦਾ ਪ੍ਰਚਾਰ ਕੀਤਾ। ਸਿਮ੍ਰਤੀਆਂ ਅਤੇ ਪੁਰਾਣਾਂ ਤੇ ਆਧਾਰਿਤ, ਵੈਸ਼ਣਵ-ਸ਼ੈਵ ਮਤਾਂ ਦੇ ਰੂਪ ਵਿਚ ਜੀਵਤ ਬ੍ਰਾਹਮਣਵਾਦ ਨੇ, ਬੁੱਧ ਧਰਮ ਨੂੰ ਆਪਣੇ ਵਿਚ ਲੀਨ ਕਰਕੇ ਅਵਤਾਰਵਾਦ, ਨਾਮ ਜਪ, ਰੂਪ-ਉਪਾਸਨਾ ਆਦਿ ਦਾ ਵਿਕਾਸ ਕੀਤਾ। ਇਸ ਤਰ੍ਹਾਂ ਤਰਕ ਵਿਧੀ ਨਾਲ ਬੇਸ਼ੱਕ ਭਗਤੀ ਦੇ ਦਾਰਸ਼ਨਿਕ ਆਧਾਰ ਨੂੰ ਮਜ਼ਬੂਤ ਬਣਾਇਆ ਗਿਆ।

ਵੱਲਭਾਚਾਰੀਆ ਤੋਂ ਬਿਨਾ ਹੋਰ ਕਿਸੇ ਵੀ ਆਚਾਰੀਆ ਨੇ ਬ੍ਰਹਮ ਦੇ ਸਗੁਣ ਰੂਪ ਨੂੰ ਨਿਰਗੁਣ ਤੋਂ ਸ੍ਰੇਸ਼ਟ ਨਹੀਂ ਕਿਹਾ। ਇਸ ਵਿਚਾਰ ਨਾਲ ਤਾਂ ਸਾਰੇ ਹੀ ਸਹਿਮਤ ਹਨ ਕਿ ਬ੍ਰਹਮ ਨਿਰਗੁਣ ਹੈ, ਪਰ ਵਿਸ਼ੇਸ਼ ਕਾਰਣਾਂ ਕਰਕੇ ਉਹ ਧਰਤੀ ਉੱਪਰ ਜਨਮ ਧਾਰਦਾ ਹੈ। ਇਹੀ ਗੱਲ ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਵੀ ਕਹੀ ਹੈ ਕਿ, "ਜਦੋਂ ਜਦੋਂ ਵੀ ਧਰਮ ਦਾ ਹਰਾਸ ਹੁੰਦਾ ਹੈ, ਉਸ ਸਮੇਂ ਧਰਮ ਦੀ ਰੱਖਿਆ ਕਰਨ ਲਈ, ਸਾਧੂਆਂ ਦੇ ਬਚਾਅ ਲਈ, ਧਰਮ ਨੂੰ ਉਬਾਰਨ ਲਈ ਮੈਂ ਆਪਣੇ ਆਪ ਨੂੰ ਜੁੱਗ-ਜੁੱਗ ਵਿਚ ਪ੍ਰਗਟ ਕਰਦਾ ਹਾਂ। ਇਸ ਤਰ੍ਹਾਂ ਭਾਰਤੀ ਦਰਸ਼ਨ ਵਿਚ ਇਸ ਅਵਤਾਰੀ ਬ੍ਰਹਮ ਅਤੇ ਮੂਲ ਨਿਰਗੁਣ ਬ੍ਰਹਮ ਵਿਚ ਕੋਈ ਭੇਦ ਨਹੀਂ ਹੈ।

ਭਗਤੀ ਦੇ ਪਾਲਕ ਇਨ੍ਹਾਂ ਆਚਾਰੀਆਂ ਵਿਚ ਆਪਸੀ ਸਿਧਾਂਤਕ ਭੇਦ ਹੁੰਦੇ ਹੋਏ ਵੀ ਬਹੁਤ ਸਾਰੀਆਂ ਸਮਾਨ ਵਿਸ਼ੇਸ਼ਤਾਵਾਂ ਸਨ। ਸਭਨਾਂ ਨੇ ਭਗਤੀ ਨੂੰ ਸਰਬ-ਉੱਤਮ ਸਥਾਨ ਦਿੱਤਾ ਅਤੇ ਗਿਆਨ ਨੂੰ ਉਸ ਦਾ ਸਾਧਨ ਮੰਨਿਆ, ਇਸੇ ਲਈ ਕਰਮ-ਕਾਂਡ, ਯੱਗ ਆਦਿ ਨੂੰ ਤਿਆਗ ਕੇ ਸ਼ੁਧ-ਚਿੱਤ, ਸ਼ਰਣਾਗਤਿ, ਨਾਮ ਸਿਮਰਨ, ਕੀਰਤਨ ਆਦਿ ਨੂੰ ਵਿਸ਼ੇਸ਼ ਮਹੱਤਾ ਦਿੱਤੀ ਗਈ। ਮੱਧਯੁਗੀਨ ਸਮਨਵੈਵਾਦੀ ਜੀਵਨ ਦਰਸ਼ਨ ਦੀ ਇਸ ਵਿਸ਼ੇਸ਼ਤਾ ਤੋਂ ਪ੍ਰਭਾਵਿਤ ਹੋ ਕੇ ਹੀ ਐਨੀ ਬੇਸੈਂਟ ਨੇ ਲਿਖਿਆ: " ਭਾਰਤ ਵਿਚ ਵਿਚਾਰਾਂ ਦੀ ਆਜ਼ਾਦੀ, ਪਰੰਤੂ ਜੀਵਨ ਵਿਚ ਕੱਟੜਤਾ—ਹਿੰਦੂ ਧਰਮ ਦੀਆਂ ਦੋ ਪਰਸਪਰ ਵਿਰੋਧੀ ਵਿਲੱਖਣਤਾਵਾਂ ਇਸ ਦੇ ਦੀਰਘ ਵਿਕਾਸ ਵਿਚ ਸਦਾ ਵਿਦਮਾਨ ਰਹੀਆਂ ਹਨ, ਜਿਸਦੇ ਫਲਰੂਪ ਇਸ ਦੇ ਦਰਸ਼ਨ ਸ਼ਾਸਤਰਾਂ ਵਿਚ ਤਾਂ ਐਨੇ ਵਰਗ ਅਤੇ ਵਿਭਿੰਨਤਾ ਹੈ, ਪਰੰਤੂ ਸਮਾਜਿਕ ਅਤੇ ਪਰਿਵਾਰਕ ਜੀਵਨ ਵਿਚ ਉੱਨੀ ਹੀ ਸਥਿਰਤਾ ਹੈ।"[113]

## 2.16.1. ਹਠਯੋਗ ਅਤੇ ਨਾਥ ਸੰਪ੍ਰਦਾਇ

ਸ਼ੰਕਰ ਤੋਂ ਬਾਅਦ ਦੂਸਰਾ ਮਹਾਨ ਵਿਅਕਤੀ ਜਿਸ ਨੇ ਉੱਤਰੀ ਭਾਰਤ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ, ਜਿਸ ਨੇ ਸੁਧਾਰਕ ਧਰਮ ਦੇ ਰਸਤੇ ਵਾਮ ਮਾਰਗ, ਬ੍ਰਾਹਮਣ-ਵਾਦ ਦੇ ਵਿਰੁੱਧ ਆਪਣੀ ਇਕ ਵਿਸ਼ੇਸ਼ ਪਰੰਪਰਾ ਨੂੰ ਕਾਇਮ ਕਰ ਜਨਤਾ ਨੂੰ ਚਮਤਕ੍ਰਿਤ ਕੀਤਾ, ਨਾਥ ਪੰਥ ਦਾ ਪ੍ਰਚਾਰਕ ਗੋਰਖ ਹੀ ਸੀ।[114] ਗੋਰਖ ਨਾਥ ਸ਼੍ਰਵਣ, ਮਨਨ, ਧਿਆਨ ਆਸਨ ਦੁਆਰਾ ਇੰਦਰੀਆਂ ਅਤੇ ਮਨ ਦੀ ਚੰਚਲਤਾ ਨੂੰ ਦੂਰ ਕਰਨ ਦੇ ਵਿਸ਼ਵਾਸੀ ਸਨ।

ਇਸ ਸੰਪ੍ਰਦਾਇ ਦਾ ਸ੍ਰੋਤ ਬੁੱਧ ਧਰਮ ਹੈ। ਜਦੋਂ ਬੋਧੀ ਭਿਕਸ਼ੂ ਪਤਿਤ ਹੋ ਗਏ, ਉਨ੍ਹਾਂ ਨੇ ਆਪਣੇ ਸਿਧਾਂਤਾਂ ਨੂੰ ਤਿਆਗ ਦਿੱਤਾ ਤਾਂ ਬੁੱਧ ਮੱਤ ਦੇ ਮੁੱਖ ਭਾਗ-ਸਹਿਜਯਾਨ ਅਤੇ

ਵਜਰਯਾਨ ਵਿਚ ਵੰਡਿਆ ਗਿਆ। ਉਂਝ ਇਹ ਦੋਨੋਂ ਮਹਾਯਾਨ ਸ਼ਾਖਾ ਦੇ ਹੀ ਰੂਪ ਸਨ। ਵਜਰਯਾਨ ਸ਼ਾਖਾ ਦੇ ਮੱਤ ਨੂੰ ਮੰਨਣ ਵਾਲਿਆਂ ਦੀ ਪ੍ਰਣਾਲੀ ਯੋਗਿਕ ਕ੍ਰਿਆਵਾਂ ਨਾਲ ਵਰਤ, ਸੰਜਮ, ਜਪ, ਤਪ ਆਦਿ ਦੁਆਰਾ ਬ੍ਰਹਮ ਦਾ ਪ੍ਰਤੱਖ ਸਾਖਿਆਤ ਕਰਨਾ ਸੀ। ਸਹਿਜਯਾਨ ਸਿੱਧ ਧਾਰਾ ਕੁਝ ਕਾਲ ਉਪਰੰਤ ਸੰਤ ਮੱਤ ਧਾਰਾ ਦੇ ਅੰਤਰਗਤ ਵਿਕਸਿਤ ਹੋਈ ਜਦਕਿ ਵਜਰਯਾਨ ਸ਼ਾਖਾ ਹਠਯੋਗ ਧਾਰਾ ਜਾਂ ਨਾਥ ਸੰਪ੍ਰਦਾਇ ਵਿਚ ਪਰਿਵਰਤਿਤ ਹੋ ਗਈ।

ਨਾਥ ਸੰਪ੍ਰਦਾਇ ਵਿਚ ਸਰੀਰ ਨੂੰ ਵਿਭਿੰਨ ਯੋਗਿਕ ਕ੍ਰਿਆਵਾਂ ਨਾਲ ਸਾਧਕੇ ਜਾਂ ਕੁਦਰਤ ਨਾਲ ਹਠ ਅਰਥਾਤ ਜ਼ਿੱਦ ਕਰਕੇ ਈਸ਼ਵਰ ਨਾਲ ਅਭੇਦ ਹੋਣ ਦਾ ਯਤਨ ਕੀਤਾ ਜਾਂਦਾ ਹੈ। ਇਸ ਸੰਪ੍ਰਦਾਇ ਦੇ ਬਾਨੀ ਮਛੰਦਰ ਨਾਥ ਜਾਂ ਮਤਿਸ਼ੇਂਦਰ ਨਾਥ ਅਤੇ ਨਾਗਾਰਜੁਨ ਨੂੰ ਮੰਨਿਆ ਜਾਂਦਾ ਹੈ। ਮਛੰਦਰ ਨਾਥ ਤੋਂ ਇਲਾਵਾ ਚੌਰਾਸੀ ਸਿੱਧ ਇਸ ਮਤ ਦੇ ਉਪਾਸ਼ਕ ਮੰਨੇ ਜਾਂਦੇ ਹਨ, ਜਿਨ੍ਹਾਂ ਵਿਚੋਂ ਗੋਰਖ ਨਾਥ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। 'ਗੋਰਖਨਾਥ ਦਾ ਸਮਾਂ 10ਵੀਂ ਸਦੀ ਮੰਨਿਆ ਜਾਂਦਾ ਹੈ, ਪਰ ਕੁਝ ਵਿਦਵਾਨ ਇਨ੍ਹਾਂ ਦਾ ਸਮਾਂ 11ਵੀਂ ਸਦੀ ਦੱਸਦੇ ਹਨ।"[115]

ਗੋਰਖਨਾਥ ਨੇ 'ਸ਼ੰਕਰਾਦ੍ਵੈਤ' ਅਤੇ 'ਪਾਤੰਜਲੀ' ਦੇ ਯੋਗ ਦਾ ਆਸਰਾ ਲੈ ਕੇ ਭਾਰਤੀ ਦਰਸ਼ਨ ਦੀਆਂ ਕਈ ਗੱਲਾਂ ਨੂੰ ਨਿੰਦਿਆ ਅਤੇ ਲਗਭਗ 25 ਗ੍ਰੰਥਾਂ ਦੀ ਰਚਨਾ ਕੀਤੀ। ਭਾਵੇਂ ਇਹ ਸੰਪ੍ਰਦਾਇ ਯੋਗ ਮੱਤ ਤੋਂ ਪ੍ਰਭਾਵਿਤ ਸੀ ਪਰੰਤੂ ਫਿਰ ਵੀ ਇਹ ਸ਼ੈਵਮੱਤ ਦੇ ਪ੍ਰਭਾਵ ਤੋਂ ਬਚ ਨਾ ਸਕਿਆ। ਇਨ੍ਹਾਂ ਦਾ ਮੱਤ ਸੀ ਕਿ ਜਦੋਂ ਤਕ ਬਾਹਰੀ ਕ੍ਰਿਆਵਾਂ, ਪ੍ਰਭਾਵਾਂ ਅਤੇ ਰੁਝਾਣਾਂ ਨੂੰ ਅੰਦਰੂਨੀ ਰੁਝਾਵਾਂ ਵਿਚ ਪਰਿਵਰਤਿਤ ਨਹੀਂ ਕਰ ਲੈਂਦੇ, ਉਸ ਵੇਲੇ ਤਕ ਸਾਰੀ ਸਾਧਨਾ ਨਿਰਾਰਥਕ ਹੈ। ਇਸੇ ਲਈ ਇਹ 'ਹਠਯੋਗ' ਨੂੰ ਵਧੇਰੇ ਮਹੱਤਤਾ ਦਿੰਦੇ ਸਨ।

ਯੋਗਿਕ ਕ੍ਰਿਆਵਾਂ ਦੁਆਰਾ ਨੌਂ ਦੁਆਰੇ ਬੰਦ ਕਰਕੇ ਬ੍ਰਹਮ ਦੀ ਅੰਮ੍ਰਿਤ ਧਾਰ (ਬ੍ਰਮੰ੍ਰਧਰ) ਤੋਂ ਅੰਮ੍ਰਿਤ ਰਸ ਦੀ ਰੌ ਨੂੰ ਅਨੁਭਵ ਕਰਨਾ ਤੇ ਕਰਵਾਉਣਾ ਇਨ੍ਹਾਂ ਦੀ ਸਾਧਨਾ ਦਾ ਮੁੱਖ ਉਦੇਸ਼ ਸੀ। ਇਨ੍ਹਾਂ ਨੇ ਆਪਣੀ ਵਾਣੀ ਵਿਚ ਕਾਮਿਨੀ ਰੂਪ ਨਾਰੀ ਦੀ ਨਿੰਦਾ ਕੀਤੀ, ਕਿਉਂਕਿ ਇਨ੍ਹਾਂ ਅਨੁਸਾਰ ਉਹ ਸਾਧਨਾਂ ਵਿਚ ਰੁਕਾਵਟ ਬਣਦੀ ਹੈ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਕਰਮ-ਖੇਤਰ ਵਿਚ ਜਿਸ ਸਾਧਨਾ ਵਿਧੀ ਦਾ ਨਿਰਮਾਣ ਨਾਥ ਸੰਪ੍ਰਦਾਇ ਨੇ ਕੀਤਾ, ਉਸ ਯੋਗ-ਤੱਤ ਅਤੇ ਕਾਇਆ ਸੋਧਣ ਦੇ ਪ੍ਰਭਾਵ ਨੂੰ ਸੰਤ ਕਬੀਰ ਅਤੇ ਪਰਵਰਤੀ ਸੰਤ ਕਵੀਆਂ ਨੇ ਵੀ ਗ੍ਰਹਿਣ ਕੀਤਾ।

ਅੱਗੇ ਚਲਕੇ ਬ੍ਰਾਹਮਣ ਸੰਸਕਾਰਾਂ ਅਤੇ ਵਿਹਾਰਕ ਜੀਵਨ ਦੇ ਮੁੱਖ ਤੱਤਾਂ-ਮਨੁੱਖਾਂ ਦੀ ਆਪਸੀ ਸਮਾਨਤਾ, ਧਰਮ ਆਚਰਨ ਵਿਚ ਸਰਲਤਾ ਅਤੇ ਬੁੱਧ ਵਿਵੇਕ ਦਾ ਯੋਗਦਾਨ ਆਦਿ ਨੂੰ ਪੁਨਰ ਜਾਗਰਨ ਦੀ ਦੇਣ ਦੇ ਰੂਪ ਵਿਚ ਵੈਸ਼ਣਵ ਆਚਾਰੀਆਂ ਨੇ ਸਵੀਕਾਰ ਕੀਤਾ। ਦੱਖਣ ਦੇ ਰੰਗਮੁਨੀ ਦੀ ਪਰੰਪਰਾ ਵਿਚ ਯਾਮੁਨਾਚਾਰੀਆ ਹੋਏ ਜਿਹੜੇ ਰਾਮਾਨੁਜਾਚਾਰੀਆ ਦੇ ਗੁਰੂ ਸਨ। ਰਾਮਾਨੁਜ ਦਾ ਭਗਤੀ ਅੰਦੋਲਨ, ਸ਼ੰਕਰ ਦੇ ਮਾਇਆਵਾਦ ਅਤੇ ਬੋਧਿਕ ਮਾਨਤਾਵਾਂ ਦੀ ਤੁਲਨਾ ਵਿਚ, ਵਧੇਰੇ ਸਫਲ ਸਾਧਨ ਸਿੱਧ ਹੋਇਆ ਜਿਸਨੂੰ ਨਿਮਨ ਵਰਗ ਦੇ ਲੋਕ ਵੀ ਅਪਣਾ ਸਕਦੇ ਸਨ। ਵੈਸ਼ਣਵ ਆਚਾਰੀਆਂ ਦੇ ਯਤਨਾਂ ਨਾਲ ਸਮੇਂ ਅਨੁਸਾਰ ਵਰਨ ਆਸ਼ਰਮ ਨਿਯਮਾਂ ਨੂੰ ਢਿੱਲਾ ਕਰ ਦਿੱਤਾ ਗਿਆ— ਇਹ ਵੀ ਇਕ ਕਾਰਨ ਸੀ ਕਿ ਜਨ-ਸਾਧਾਰਨ ਵੀ ਭਗਤੀ ਦੀ ਤਰਫ਼ ਜ਼ਿਆਦਾ ਧਿਆਨ ਲਾ ਸਕੇ। ਰਾਮਾਨੁਜ ਦੇ ਬਾਅਦ ਨਿੰਬਾਰਕ (ਸੰਮਤ 1171– 1219) ਨੇ ਦ੍ਵੈਤਾਦ੍ਵੈਤ ਦੇ ਆਧਾਰ ਤੇ ਰਾਧਾ ਕ੍ਰਿਸ਼ਨ ਦੀ ਭਗਤੀ ਪ੍ਰਤਿਪਾਦਤ ਕੀਤੀ।[116]

'ਯੋਗ ਅਤੇ ਭਗਤੀ ਦੀਆਂ ਇਨ੍ਹਾਂ ਦੋ ਸ਼ਕਤੀਸ਼ਾਲੀ ਧਾਰਾਵਾਂ ਤੋਂ ਇਲਾਵਾ ਦੱਖਣ ਵਿਚ ਬ੍ਰਾਹਮਣਵਾਦ ਦੇ ਵਿਰੁਧ ਆਲਵਾਰ ਸੰਤਾਂ ਤੋਂ ਬਾਅਦ ਕਈ ਸੰਤਾਂ ਨੇ ਜਨ-ਪਰੰਪਰਾਵਾਂ ਸਥਾਪਿਤ ਕੀਤੀਆਂ। ਸ਼ੈਵ-ਸ਼ਾਕਤ ਅਤੇ ਵਾਰਕਰੀ ਸੰਪਦਾਇ ਆਪਣੀ ਮਹੱਤਤਾ ਬਣਾਈ ਬੈਠੇ ਸੀ।"[117] ਵਾਰਕਰੀ ਸੰਪ੍ਰਦਾਇ ਦੇ ਪ੍ਰਵਰਤਕ ਪੁੰਡਰੀਕ ਸਨ ਅਤੇ ਗਿਆਨ ਦੇਵ, ਨਾਮਦੇਵ, ਏਕ ਨਾਥ ਇਸ ਦੇ ਪ੍ਰਮੁੱਖ ਸੰਤ ਹੋਏ ਹਨ। ਵਰਣ-ਵਿਵਸਥਾ ਦੇ ਕੱਟੜ ਵਿਰੋਧੀ ਸੰਤ ਨਾਮਦੇਵ (1270– 1350 ਈ.) ਵਿਸ਼ੋਬਾ ਖੇਚਰ ਦੇ ਸ਼ਿਸ਼ ਸਨ। ਇਨ੍ਹਾਂ ਵਿਚ ਗਿਆਨ ਅਤੇ ਭਗਤੀ ਦਾ ਵਿਲੱਖਣ ਮੇਲ ਸੀ।

2.16.2. ਸੰਤ ਮੱਤ ਦਰਸ਼ਨ

ਉੱਤਰੀ ਭਾਰਤ ਵਿਚ ਰਾਮਾਨੁਜ ਅਚਾਰੀਆ ਦੀ ਪਰੰਪਰਾ ਵਿਚੋਂ ਹੋਏ ਸੁਆਮੀ ਰਾਮਾਨੰਦ ਨੇ ਵਰਨ ਆਸ਼ਰਮ ਵਿਵਸਥਾ ਦਾ ਵਿਰੋਧ ਕਰਕੇ ਭਗਤੀ ਮਾਰਗ ਨੂੰ ਸਰਬ-ਸਾਂਝਾ ਬਣਾ ਕੇ ਸੰਤ ਮੱਤ ਵਿਚਾਰਧਾਰਾ ਲਈ ਪਿੜ ਮੋਕਲਾ ਕੀਤਾ। ਭਗਤੀ ਕਾਵਿ ਨੇ ਦੋ ਰੂਪਾਂ ਵਿਚ ਆਪਣੇ ਆਪ ਨੂੰ ਪ੍ਰਕਾਸ਼ਿਤ ਕੀਤਾ— ਇਕ ਨਿਰਗੁਣ ਧਾਰਾ ਅਤੇ ਦੂਸਰੀ ਸਗੁਣ ਧਾਰਾ। "ਸਗੁਣ ਉਪਾਸਨਾ ਨੇ ਪੌਰਾਣਿਕ ਅਵਤਾਰਾਂ ਨੂੰ ਕੇਂਦਰ ਬਣਾਇਆ ਅਤੇ ਨਿਰਗੁਣ ਉਪਾਸਨਾ ਨੇ ਯੋਗੀਆਂ ਅਰਥਾਤ ਨਿਰਗੁਣ ਪਾਰਬ੍ਰਹਮ ਨੂੰ। - - - ਇਕ ਨੇ ਸਮਝੌਤੇ ਦਾ ਰਸਤਾ ਲਿਆ, ਦੂਸਰੀ ਨੇ ਵਿਦ੍ਰੋਹ ਦਾ, ਇਕ ਨੇ ਸ਼ਾਸਤਰ ਦਾ ਸਹਾਰਾ ਲਿਆ, ਦੂਸਰੇ ਨੇ ਅਨੁਭਵ ਦਾ, ਇਕ ਨੇ ਸ਼ਰਧਾ ਨੂੰ ਰਾਹ ਦਿਖਾਉਣ

ਵਾਲੀ ਮੰਨਿਆ, ਦੂਸਰੀ ਨੇ ਗਿਆਨ ਨੂੰ, ਇਕ ਨੇ ਸਗੁਣ ਭਗਵਾਨ ਨੂੰ ਅਪਣਾਇਆ, ਦੂਸਰੀ ਨੇ ਨਿਰਗੁਣ ਭਗਵਾਨ ਨੂੰ।"[118]

ਪਰੰਤੂ ਇਨ੍ਹਾਂ ਦੋਹਾਂ ਧਾਰਾਵਾਂ ਦੇ ਦਰਸ਼ਨ ਦਾ ਪ੍ਰਮੁੱਖ ਅੰਗ ਪ੍ਰਭੂ-ਪ੍ਰੇਮ ਹੈ। ਸੰਤ, ਗਿਆਨ ਮਾਰਗੀ ਨਿਰਗੁਣ ਭਗਤੀ ਦੇ ਉਪਾਸ਼ਕ ਸਨ, ਇਨ੍ਹਾਂ ਦੀ ਭਗਤੀ ਦਾ ਪ੍ਰਮੁੱਖ ਅੰਗ ਪ੍ਰੇਮ ਹੈ। ਸੰਤ ਨਾਮ ਦੇਵ ਅਨੁਸਾਰ ਪ੍ਰੇਮ ਸਹਿਜੇ ਹੀ ਸੰਸਾਰ ਤੋਂ ਵੈਰਾਗ ਪੈਦਾ ਕਰ ਦਿੰਦਾ ਹੈ।[119] ਸੰਤਾਂ ਦੀ ਪ੍ਰਭੂ-ਪ੍ਰੀਤ ਤਾਂ ਚੰਦ-ਚਕੋਰ, ਬਦਲਾਂ ਦੇ ਸੁੰਦਰ ਪਹਾੜ ਅਤੇ ਉਸਨੂੰ ਵੇਖ ਪੈਲਾਂ ਪਾਉਂਦੇ ਮੋਰ ਦੀ ਪ੍ਰੀਤ ਹੈ, ਕੀਵੇਂ-ਵੱਟੀ, ਤੀਰਥ ਅਤੇ ਉਸ ਦੇ ਯਾਤਰੀ ਦੀ ਪ੍ਰੀਤ ਹੈ।[120]

ਸੰਤ ਮੱਤ ਵਿਚਾਰਧਾਰਾ ਦੇ ਅਨੁਸਾਰ ਕੇਵਲ ਪਰਮਾਤਮਾ ਹੀ ਸੱਚਾ ਇਸ਼ਟ ਹੈ, ਉਹ ਨਿਰਮਲ ਹੈ, ਬਾਕੀ ਸਭ ਖੰਡ-ਬ੍ਰਹਿਮੰਡ, ਦੇਵੀ-ਦੇਵਤੇ ਮੈਲੇ ਅਤੇ ਕੂੜ ਹਨ।[122] ਖੱਟ ਕਰਮ[123] ਮਨੂੰ ਸਿਮ੍ਰਤੀ, ਪਰਾਸ਼ਰ ਰਿਖੀ, ਜੋਗੀਆਂ ਦੁਆਰਾ ਦਰਸਾਏ ਛੇ ਕਰਮ[124], ਪਰੰਪਰਾਵਾਦੀ ਪੂਜਾ, ਠਾਕਰਾਂ ਨੂੰ ਭੋਗ ਲਵਾਉਣ[125], ਆਰਤੀ[126] ਤੀਰਥ ਯਾਤਰਾ, ਤੀਰਥ ਇਸ਼ਨਾਨ[127] ਧਾਰਮਿਕ ਸਥਾਨਾਂ ਤੇ ਮੱਥੇ ਰਗੜਨ, ਹੱਜ ਕਰਨ[128] ਆਦਿ ਨੂੰ ਬਾਹਰਮੁਖੀ ਕਰਮਕਾਂਡ ਕਿਹਾ ਗਿਆ ਹੈ।

ਪ੍ਰੀਤਮ ਪਿਆਰਾ ਪ੍ਰਭੂ ਤਾਂ ਮਨੁੱਖੀ ਸਰੀਰ[129] ਵਿਚ ਵਸਦਾ ਹੈ, ਉਸਨੂੰ ਅੰਦਰੋਂ ਖੋਜਣ[130] ਦੀ ਲੋੜ ਹੈ। ਸੰਤ ਮੱਤ ਦਰਸ਼ਨ ਵਿਚ ਗੁਰੂ[131] ਤੇ ਸਾਧ ਸੰਗਤਿ[132] ਦੀ ਆਵਸ਼ਕਤਾ ਉੱਪਰ ਜ਼ੋਰ ਦਿੱਤਾ ਗਿਆ ਹੈ, ਗੁਰੂ ਦੀ ਕਿਰਪਾ ਦੇ ਪਾਤਰ[133] ਬਣ ਕੇ ਹੀ ਮਨੁੱਖ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰ ਸਕਦਾ ਹੈ।

ਨਿਰਗੁਣ ਸੰਤ ਕਾਵਿ-ਧਾਰਾ ਦੇ ਪ੍ਰਮੁੱਖ ਪ੍ਰਤੀਨਿਧ ਕਵੀ ਸੰਤ ਕਬੀਰ, ਗੁਰੂ ਰਵਿਦਾਸ, ਅਤੇ ਗੁਰੂ ਨਾਨਕ ਹਨ। ਇਹ ਕਾਵਿ-ਧਾਰਾ ਸਾਰੀਆਂ ਧਾਰਾਵਾਂ ਦਾ ਸੰਗਮ ਹੈ। ਇਨ੍ਹਾਂ ਨੇ ਭਾਰਤੀ ਤੇ ਇਸਲਾਮੀ ਧਰਮ, ਸਮਾਜ ਤੇ ਰਾਜਨੀਤੀ ਵਿਚ ਆਈਆਂ ਕੁਰੀਤੀਆਂ ਬੁਰਾਈਆਂ ਦਾ ਜ਼ੋਰਦਾਰ ਖੰਡਨ ਵੀ ਕੀਤਾ ਅਤੇ ਭਾਰਤੀ ਦਰਸ਼ਨ ਅਤੇ ਸੂਫ਼ੀਆਂ ਦੀ ਵਿਚਾਰਧਾਰਾ ਤੋਂ ਪ੍ਰਭਾਵ ਵੀ ਗ੍ਰਹਿਣ ਕੀਤਾ। ਪਰੰਤੂ ਇਸ ਸਭ ਕਾਸੇ ਦੇ ਨਾਲ-ਨਾਲ ਪ੍ਰਭੂ-ਨਾਮ ਦੀ ਸਰਬੋਤਮਤਾ ਦੀ ਭਾਵਨਾ ਨੂੰ ਇਨ੍ਹਾਂ ਨੇ ਪੂਰੀ ਤਰ੍ਹਾਂ ਆਪਣੇ ਮਨ ਵਿਚ ਵਸਾਇਆ। ਨਾਮ-ਰਸ ਵਿਚ ਰੱਤੇ ਇਹ ਸੰਤ ਪੁਕਾਰ-ਪੁਕਾਰ ਕੇ ਕਹਿ ਉਠਦੇ ਹਨ:

ਨਾਮ ਕੀ ਨਾਮਨਾ ਸਪਤ ਦੀਪਾ।[134]

ਬੰਦਿਤ ਤੀਨੋ ਲੋਕ ਬਾਪੁਰਾ, ਕੈਸੇ ਦਰਸ ਲਹੈ।
ਨਾਵ ਨਿਸਾਨ ਸਕਲ ਜਗ ਊਪਰਿ, ਦਾਦੂ ਦੇਖ ਤਹੈ।[135]

ਚਾਰ ਬੇਦ ਕੀਏ ਬਿਆਸ ਨੇ ਅਰਥ ਬਿਚਾਰ ਬਿਚਾਰ।
ਤਾਂ ਮੈਂ ਨਿਕਸੀ ਭਗਤਿ ਹੀ, ਰਾਮ ਨਾਮ ਤੱਤ ਸਾਰ।[136]

ਸੰਤ ਸਨੇਹੀ ਨਾਮ ਹੈ, ਨਾਮ ਸਨੇਹੀ ਸੰਤ।
ਨਾਮ ਸਨੇਹੀ ਸੰਤ, ਨਾਮ ਕੋ ਵਹੀ ਮਿਲਾਵੈਂ।
ਵੇ ਹੈਂ ਵਾਕਿਫਕਾਰ ਮਿਲਨ ਕੀ ਰਾਹ ਬਤਾਵੈਂ।[137]

ਜੇਤਾ ਕੀਤਾ ਤੇਤਾ ਨਾਉ
ਵਿਣੁ ਨਾਵੈ ਨਾਹੀ ਕੋ ਥਾਉ।[138]

ਸੰਤ ਕਵੀਆਂ ਦਾ ਮਾਰਗ ਪਰਮੇਸ਼ਰ ਪ੍ਰਾਪਤੀ ਦਾ ਸਹਿਜ ਅਤੇ ਸਰਬ-ਸਾਂਝਾ ਮਾਰਗ ਹੈ। ਕਰਮ-ਸਿਧਾਂਤ ਵੀ ਸੰਤ ਮੱਤ ਦਾ ਅਨਿੱਖੜ ਅੰਗ ਹੈ। ਡਾ. ਮਨਮੋਹਨ ਸਹਿਗਲ ਨੇ 'ਹਉਂ ਮੁਖੀ', 'ਤ੍ਰਿਗੁਣ', ਜਾਂ 'ਮਨ-ਮਤ ਕਰਮਾਂ' ਦੇ ਉਲਟ ਸੰਤਾਂ ਦੁਆਰਾ ਵਰਣਿਤ ਐਸੇ 'ਹੁਕਮ ਰਜਾਈ ਕਰਮਾਂ', ਜਾਂ 'ਮੁਕਤੀ ਦਾਤਾ ਕਰਮਾਂ' ਦਾ ਉਲੇਖ ਕੀਤਾ ਹੈ, ਜੋ ਹਉਮੈ ਨੂੰ ਨਾਸ਼ ਕਰਕੇ ਹਰ ਪ੍ਰਕਾਰ ਦੇ ਬੰਧਨ ਕੱਟ ਦਿੰਦੇ ਹਨ।[139] ਸੰਤ ਕਬੀਰ ਅਨੁਸਾਰ ਸਭ ਕਰਮਾਂ ਤੋਂ ਸ੍ਰੇਸ਼ਟ ਕਰਮ ਸਾਧੂ ਸੰਗਤ ਹੈ।[140]

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਮਧਯੁਗੀਨ ਸੰਤਾਂ ਨੇ ਭਾਰਤ ਦੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਜੀਵਨ ਉਤੇ ਆਪਣੀ ਸਿਰਜਣਾਤਮਕ ਪ੍ਰਤਿਭਾ ਅਤੇ ਵਿਚਾਰਧਾਰਾ ਦੀ ਅਮਿੱਟ ਛਾਪ ਲਾਈ। ਇਨ੍ਹਾਂ ਦਾ ਜੀਵਨ ਅਤੇ ਇਨ੍ਹਾਂ ਦਾ ਧਰਮ ਅਗਿਆਨਤਾ ਦੇ ਗਹਿਰੇ, ਕਾਲੇ ਹਨ੍ਹੇਰਿਆਂ ਵਿਚ ਫਸੇ ਹੋਏ ਭਾਰਤੀਆਂ ਲਈ ਲਟ-ਲਟ ਬਲਦੀ ਮਿਸ਼ਾਲ ਸੀ। "ਇਨ੍ਹਾਂ ਸੰਤਾਂ ਨੇ ਕਥਨੀ ਅਤੇ ਕਰਨੀ ਵਿਚ ਇਕਸੁਰਤਾ ਦੇ ਮਸਾਲੇ ਨਾਲ ਜੀਵਨ ਅਤੇ ਧਰਮ ਦੇ ਵਿਚਕਾਰ ਦੀ ਘਾਟ ਪੂਰੀ ਕਰ ਦਿੱਤੀ ਸੀ। ਇਸ ਤਰ੍ਹਾਂ ਧਰਮ ਖਾਸ ਵਿਅਕਤੀਆਂ ਦੀ ਪਿਤਾ ਪੁਰਖੀ ਸੰਪਤੀ ਨਾ ਰਹਿ ਕੇ ਜਨ-ਸਾਧਾਰਨ ਦੀ ਵਸਤੂ ਬਣ ਗਿਆ ਸੀ।"[141]

ਲੋਕ ਭਾਸ਼ਾ ਵਿਚ ਉਚਾਰੀ ਇਨ੍ਹਾਂ ਮਹਾਨ ਸੰਤਾਂ ਦੀ ਮਧੁਰ, ਮਿੱਠੀ, ਕੋਮਲ ਤੇ ਭਾਵ-ਪੂਰਤ ਵਾਣੀ ਹਉਮੈ ਵਿਚ ਫਸੇ, ਆਦਰਸ਼ੋਂ ਖੁੰਝੇ, ਊਚ-ਨੀਚ ਅਤੇ ਜਾਤ-ਪਾਤ ਦੀ

ਭਾਵਨਾ ਵਿਚ ਗ੍ਰਸੇ, ਤ੍ਰਿਸ਼ਨਾਂ ਤੇ ਲੋਭ-ਲਾਲਚ ਦੀ ਅੱਗ ਵਿਚ ਸੜ ਰਹੇ ਭਾਰਤੀਆਂ ਦੇ ਤਪਦੇ ਹਿਰਦਿਆਂ ਨੂੰ ਠਾਰਨ ਵਾਲਾ ਅੰਮ੍ਰਿਤ ਹੈ। ਨਿੱਜੀ ਅਨੁਭਵ ਉੱਪਰ ਆਧਾਰਿਤ ਇਨ੍ਹਾਂ ਦਾ ਦਰਸ਼ਨ ਸਮੁੱਚੀ ਪੀੜਤ ਮਨੁੱਖਤਾ ਨੂੰ ਪਿਆਰ-ਗਲਵਕੜੀ ਵਿਚ ਲੈਣ ਦਾ ਪ੍ਰੀਤ-ਸੁਨੇਹਾ ਹੈ।

## 2.17. ਸੁਆਮੀ ਰਾਮਾਨੰਦ ਦਾ ਜੀਵਨ-ਦਰਸ਼ਨ ਅਤੇ ਉਸਦਾ ਪ੍ਰਭਾਵ

ਉੱਪਰ ਅਸੀਂ ਭਾਰਤੀ ਦਰਸ਼ਨ ਦੇ ਅੰਤਰਗਤ ਵਿਸ਼ਿਸ਼ਟ ਅਦ੍ਵੈਤਵਾਦੀ ਦਰਸ਼ਨ ਦੇ ਸੰਦਰਭ ਵਿਚ ਵਿਸਤ੍ਰਿਤ ਚਰਚਾ ਕੀਤੀ ਹੈ। ਸੁਆਮੀ ਰਾਮਾਨੰਦ ਇਸ ਦਰਸ਼ਨ ਦੇ ਸੰਸਥਾਪਕ ਰਾਮਾਨੁਜ ਆਚਾਰੀਆ ਦੀ ਪਰੰਪਰਾ ਵਿਚੋਂ ਹੀ ਗੁਰੂ ਰਾਘਵਾਨੰਦ ਦੇ ਸ਼ਿਸ਼ ਸਨ। ਆਪ ਦਾ ਜਨਮ 1366 ਈ. ਵਿਚ ਪ੍ਰਯਾਗ ਦੇ ਕਾਨਕੁਬਜ ਬ੍ਰਾਹਮਣ ਘਰਾਣੇ ਵਿਚ ਹੋਇਆ। "ਗੌੜ ਬ੍ਰਾਹਮਣ ਅਤੇ ਵੈਸ਼ਨਵ ਸਾਧੂ ਹੋਣ ਕਾਰਨ ਆਪ ਪਹਿਲਾਂ ਪਹਿਲ ਊਚ-ਨੀਚ ਤੇ ਭੇਦ-ਭਾਵ ਨੂੰ ਮੰਨਦੇ ਸਨ ਅਤੇ ਕੇਵਲ ਉੱਚ-ਜਾਤੀਆਂ ਵਿਚ ਹੀ ਪ੍ਰਚਾਰ ਕਰਦੇ ਸੀ ਪਰ ਜਿਉਂ-ਜਿਉਂ ਆਪ ਨੂੰ ਬ੍ਰਹਮ ਦੀ ਨਿਕਟਤਾ ਪ੍ਰਾਪਤ ਹੋਈ, ਆਪ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵ ਤੋਂ ਮੁਕਤ ਹੋ ਗਏ।"[142]

ਸੁਆਮੀ ਰਾਮਾਨੰਦ ਨੇ ਸਮੁੱਚੇ ਭਾਰਤ ਦੀ ਯਾਤਰਾ ਕੀਤੀ ਅਤੇ ਜਗ੍ਹਾ-ਜਗ੍ਹਾ ਫਿਰਕੇ ਸਮਾਨਤਾ, ਸਰਬ-ਸਾਂਝੀਵਾਲਤਾ, ਅਤੇ ਭਾਈਚਾਰਕ ਏਕਤਾ ਦਾ ਪ੍ਰਚਾਰ ਕੀਤਾ। ਆਪ ਉਦਾਰ-ਚਿੱਤ ਮਹਾਤਮਾ ਸਨ, ਆਪਨੇ ਸਮਾਜਿਕ ਭਿੰਨਤਾਵਾਂ ਦੇ ਵਿਰੋਧ ਦੇ ਨਾਲ-ਨਾਲ ਧਾਰਮਿਕ ਆਡੰਬਰਾਂ, ਸੁੱਚ, ਭਿੱਟ, ਸੂਤਕ ਦਾ ਖੰਡਨ ਕੀਤਾ ਅਤੇ ਨਵੀਆਂ, ਨਰੋਈਆਂ ਜੀਵਨ ਰਾਹਾਂ ਰੌਸ਼ਨ ਕਰਨ ਵਾਲੇ ਵਿਚਾਰ-ਮੋਤੀਆਂ ਦੁਆਰਾ ਨਿਮਨ ਵਰਗ ਦੇ ਜੀਵਨ ਵਿਚ ਚੇਤਨਾ ਪੈਦਾ ਕੀਤੀ ਅਤੇ ਨਵੀਂ ਰੂਹ ਫੂਕੀ। ਆਪਣੀ ਭਾਰਤ-ਯਾਤਰਾ ਦੌਰਾਨ ਉਨ੍ਹਾਂ ਨੇ ਸਦੀਆਂ ਤੋਂ ਪੀੜਤ, ਅਧਿਕਾਰ-ਹੀਣ ਅਤੇ ਭਾਰਤ ਦੇ ਰੂੜ੍ਹੀਵਾਦੀ ਫਲਸਫੇ ਵਲੋਂ ਸਤਾਏ ਹੋਏ ਦੇਸ਼ ਵਾਸੀਆਂ ਦੀ ਉਂਗਲ ਫੜਕੇ ਉਨ੍ਹਾਂ ਨੂੰ ਨਵੇਂ ਰਾਹਾਂ ਉੱਤੇ ਤੋਰਨਦਾ ਮਹੱਤਵਪੂਰਨ ਯਤਨ ਕੀਤਾ ।

ਸੁਆਮੀ ਰਾਮਾਨੰਦ ਯੁੱਗ-ਪਰਿਵਰਤਕ ਪੁਰਸ਼ ਸਨ, ਉਨ੍ਹਾਂ ਦੇ ਜੀਵਨ ਦਰਸ਼ਨ ਦੀ ਕਹਾਣੀ ਜਨ-ਸਾਧਾਰਨ ਦੇ ਜੀਵਨ ਦੀਆਂ ਊਣਤਾਈਆਂ, ਕਮਜ਼ੋਰੀਆਂ ਅਤੇ ਬੁਰਾਈਆਂ ਨਾਲ ਸੰਘਰਸ਼ ਦੀ ਕਹਾਣੀ ਹੈ। ਉਨ੍ਹਾਂ ਨੇ ਛੂਤ-ਛਾਤ ਦੇ ਵਿਰੁੱਧ[143] ਆਵਾਜ਼ ਬੁਲੰਦ ਕਰਕੇ ਉੱਤਰੀ ਭਾਰਤ ਵਿਚ ਇਕ ਨਵੇਂ ਯੁੱਗ ਦਾ ਆਰੰਭ ਕੀਤਾ। ਡਾ. ਕਾਲਾ ਸਿੰਘ ਬੇਦੀ ਨੇ ਸੁਆਮੀ

ਰਾਮਾਨੰਦ ਦੇ ਸੁਧਾਰਵਾਦੀ ਦਰਸ਼ਨ ਨੂੰ ਤਿੰਨ ਪ੍ਰਮੁੱਖ ਭਾਗਾਂ[144] ਵਿਚ ਵੰਡਿਆ ਹੈ:

(1) ਭਗਤੀ ਕਰਨ ਦਾ ਹੱਕ ਕੇਵਲ ਉੱਚ ਜਾਤੀਆਂ ਨੂੰ ਹੀ ਨਹੀਂ, ਸਗੋਂ ਭਗਤੀ ਕਰਨ ਦਾ ਹੱਕ ਸਾਰੀ ਮਨੁੱਖ ਜਾਤੀ ਨੂੰ ਹੈ, ਜਿਸ ਵਿਚ ਔਰਤਾਂ ਵੀ ਸ਼ਾਮਲ ਹਨ ।

(2) ਪੁਰਾਣੇ ਗੁਰੂਡਮ ਦੀ ਪਰੰਪਰਾ ਨੂੰ ਛੱਡ ਕੇ ਰਾਮਾਨੰਦ ਜੀ ਨੇ ਸੰਸਕ੍ਰਿਤ ਦੀ ਥਾਂ ਲੋਕ ਭਾਖਾ ਨੂੰ ਆਪਣੇ ਉਪਦੇਸ਼ ਤੇ ਪ੍ਰਚਾਰ ਦਾ ਮਾਧਿਅਮ ਬਣਾ ਕੇ ਮਾਤ ਭਾਸ਼ਾ ਲਈ ਪ੍ਰੇਰਨਾ ਦਿੱਤੀ ।

(3) ਸਦਾਚਾਰ(ਅਖ਼ਲਾਕ) ਉੱਪਰ ਜ਼ੋਰ ਦਿੱਤਾ ਅਤੇ ਰਾਮ ਭਗਤੀ ਰਾਹੀਂ ਲੋਕ ਮਰਯਾਦਾ ਨੂੰ ਬਣਾਈ ਰੱਖਣ ਦਾ ਉਪਦੇਸ਼ ਦਿੱਤਾ, ਪਰ ਰਾਮਾਨੰਦ ਜੀ ਦੇ ਰਾਮ ਕਣ ਕਣ ਵਿਚ ਵਸੇ ਰਾਮ ਹਨ ।

ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਦਾ ਮੱਤ ਹੈ ਕਿ " ਉਸ ਕਾਲ ਵਿਚ ਉੱਚੇ ਸਮਝੇ ਜਾਣ ਵਾਲੇ ਵਰਨ ਦੇ ਲੋਕ ਛੋਟੀਆਂ ਸਮਝੀਆਂ ਜਾਣ ਵਾਲੀਆਂ ਜਾਤੀਆਂ ਪ੍ਰਤਿ ਜਿਸ ਦ੍ਰਿਸ਼ਟੀ ਨਾਲ ਵੇਖਦੇ ਸਨ, ਉਸਨੂੰ ਵੇਖਦਿਆਂ ਰਾਮਾਨੰਦ ਜੀ ਦਾ ਅਦਭੁਤ ਸਾਹਸ, ਮਾਨਵ-ਪ੍ਰੇਮ ਅਤੇ ਉਦਾਰ ਹੈਰਾਨ ਕਰਨ ਵਾਲਾ ਹੈ।"[145]

ਸੁਆਮੀ ਰਾਮਾਨੰਦ ਨੇ ਰਾਮਾਨੁਜ ਆਚਾਰੀਆ ਦੇ 'ਲਕਸ਼ਮੀ ਨਾਰਾਇਣ' ਦੀ ਜਗ੍ਹਾ 'ਸੀਤਾ ਰਾਮ' ਨੂੰ ਆਪਣੀ ਅਰਾਧਨਾ ਦੇ ਇਸ਼ਟ ਦੇਵ ਮੰਨਕੇ 'ਸ੍ਰੀ ਸੰਪ੍ਰਦਾਇ'[146] ਦੀ ਸਥਾਪਨਾ ਕੀਤੀ। ਰਾਮਾਨੁਜ ਦੀ ਜਟਿਲ ਆਚਾਰ ਪੱਧਤੀ ਨੂੰ ਪਰਿਵਰਤਿਤ ਕਰਕੇ ਆਪਣੀ ਭਗਤੀ ਪੱਧਤੀ ਨੂੰ ਸਰਲ ਬਣਾਇਆ। ਉਨ੍ਹਾਂ ਨੇ ਭਗਤੀ ਮਾਰਗ ਨੂੰ ਹਿੰਦੂ, ਮੁਸਲਮਾਨਾਂ, ਇਸਤ੍ਰੀ-ਪੁਰਸ਼ਾਂ ਅਤੇ ਬ੍ਰਾਹਮਣ-ਸ਼ੂਦਰਾਂ ਲਈ ਸਰਬ-ਸਾਂਝਾ ਮਾਰਗ ਬਣਾਇਆ। ਉਨ੍ਹਾਂ ਦਾ ਇਹ ਕਦਮ ਨਿਸ਼ਚੇ ਹੀ ਤੱਤਕਾਲੀਨ ਅਵੱਸ਼ਕਤਾ ਅਨੁਸਾਰ ਪੁੱਟਿਆ ਗਿਆ ਇਨਕਲਾਬੀ ਕਦਮ ਸੀ।

ਸੁਆਮੀ ਰਾਮਾਨੰਦ ਨੇ ਸਦੀਆਂ ਤੋਂ ਬਾਅਦ, ਭਾਰਤੀਆਂ ਵਿਚ ਪਈਆਂ ਹੋਈਆਂ ਸਮਾਜਿਕ ਤੇ ਧਾਰਮਿਕ ਭਿੰਨਤਾਵਾਂ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਅਤੇ ਪਾਖੰਡਾਂ ਨੂੰ ਦੂਰ ਕਰਕੇ ਇਕ ਸਮਨਵੈਵਾਦੀ ਸਮਾਜ ਸਿਰਜਣ ਦਾ ਪ੍ਰਸ਼ੰਸਾਯੋਗ ਯਤਨ ਕੀਤਾ। ਫਲਰੂਪ ਨਿਮਨ ਵਰਗ ਵਿਚ ਚੇਤਨਤਾ ਆਈ ਅਤੇ ਇਨ੍ਹਾਂ ਵਰਗਾਂ ਵਿਚ ਪੈਦਾ ਹੋਏ ਸੰਤ ਕਬੀਰ, ਗੁਰੂ ਰਵਿਦਾਸ, ਸਧਨਾ, ਸੈਨ, ਧੰਨਾ ਆਦਿ ਸੰਤਾਂ ਨੇ ਭਾਰਤ ਵਾਸੀਆਂ ਨੂੰ ਧਾਰਮਿਕ ਅਤੇ ਸਮਾਜਿਕ ਤੌਰ ਤੇ ਇਨਕਲਾਬੀ ਸੇਧ ਪ੍ਰਦਾਨ ਕੀਤੀ ।

## ਟਿੱਪਣੀਆਂ ਤੇ ਹਵਾਲੇ


1. ਡਾ. ਇਕਬਾਲ ਨਾਰਾਇਣ ਚੋਪੜਾ, ਭਾਰਤੀ ਦਰਸ਼ਨ, 1989, ਪੰਨਾ- 3.
2. ਰਾਮਧਾਰੀ ਸਿੰਘ ਦਿਨਕਰ, ਸਭਿਆਚਾਰ ਦੇ ਚਾਰ ਅਧਿਆਇ, ਪੰਨਾ- 131.
3. ਗੁਰੂ ਗ੍ਰੰਥ ਦਰਪਣ, ਪੰਨਾ- 24.
4. ਤਿੰਨ ਧਾਰਮਿਕ ਖੋਜ ਨਿਬੰਧ, ਪੰਨਾ- 1.
5. ਵੇਦਾਂਤ ਦਰਸ਼ਨ, 11/3/43.
6. ਜੇਨੇਸਿਜ਼, 1/27, ਨਾਮ ਸਿਧਾਂਤ, ਰਾਧਾ ਸੁਆਮੀ ਸਤਿਸੰਗ, ਬਿਆਸ, ਪੰਨਾ 8 ਤੋਂ ਉਧ੍ਰਿਤ
7. ਬਾਈਬਲ ਪ੍ਰੋਵਰਬਜ਼, 20/27 -ਉਹੀ -
8. ਭਾਰਤੀਯ ਦਰਸ਼ਨ, ਪੰਨਾ- 3.
9. ਡਾ. ਪਵਨ ਕੁਮਾਰ ਜੈਨ, ਗੁਰੂ ਰਵਿਦਾਸ: ਜੀਵਨ ਤੇ ਰਚਨਾ, ਪੰਨਾ- 30.
10. ਡਾ. ਦੇਵ ਰਾਜ, ਸੰਸਕ੍ਰਿਤੀ ਕਾ ਦਾਰਸ਼ਨਿਕ ਵਿਵੇਚਨ, ਪੰਨਾ- 258.
11. ਇੰਡੀਅਨ ਐਂਟਿਕਵੇਰੀ, ਪੰਨਾ 102, ਡਾ. ਰਾਧਾਕ੍ਰਿਸ਼ਨਨ, ਭਾਰਤੀਯ ਦਰਸ਼ਨ, ਜਿਲਦ ਪਹਿਲੀ, ਪੰਨਾ- 18-19 ਤੋਂ ਉਧ੍ਰਿਤ ।
12. ਹਰਟ ਆਫ਼ ਹਿੰਦੁਸਤਾਨ, ਪੰਨਾ- 113.
13. ਆਊਟਲਾਈਨਜ਼ ਆਫ਼ ਇੰਡੀਅਨ ਫਿਲਾਸਫੀ, ਪੰਨਾ- 20.
14. ਡਾ. ਇਕਬਾਲ ਨਾਰਾਇਣ ਚੋਪੜਾ, ਭਾਰਤੀ ਦਰਸ਼ਨ, ਪੰਨਾ-5 ਤੋਂ ਉਧ੍ਰਿਤ ।
15. ਦੀ ਫ਼ਿਊਚਰ ਆਫ਼ ਪੋਇਟ੍ਰੀ, ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪੰਨਾ- 109 ਤੋਂ ਉਧ੍ਰਿਤ
16. ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪੰਨਾ- 110.
17. ਭਾਰਤੀਯ ਦਰਸ਼ਨ, ਜਿਲਦ ਪਹਿਲੀ, ਪੰਨਾ- 23.
18. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 13.
19. 'ਨਾਸਤਿਕੋ ਵੇਦ ਨਿੰਦਕ', ਮਨੂੰ ਸਿਮ੍ਰਤੀ, 2/11.
20. 'ਆਸਿੰਤ ਪਰਲੋਕ ਇਤਿ ਮਤਿਰ੍ਯਸ੍ਯ ਸ ਆਸਤਿਕ।"
21. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 16.
22. 'ਏਕਮ ਸਦ ਵਿਪ੍ਰਾ ਬਹੁਤਾ ਵਦੰਤਿ'। – ਅਥਰਵਵੇਦ, 9/10/28.
23. 'ਇੰਦਰ ਮਿਤਰੰ ਵਰੁਣਾਮਗਿਨਮਾਹੁ।' – ਰਿਗਵੇਦ, 1/164/46.

24. 'ਸੁਪ੍ਰਣ ਵਿਪ੍ਰ ਕਵਯੋ ਵਚੋਭਿਰੇਕੰ', ਸੰਤੰ ਬਹੁਧਾ ਕਲਪਯੰਤਿ।।"— ਰਿਗਵੇਦ, 10/114/5.

25. ਭਾਰਤੀਯ ਦਰਸ਼ਨ, ਪੰਨਾ- 42.

26. (ੳ) ਆ ਪ੍ਰ ਧਯਾਵਾ ਪ੍ਰਿਥਵੀ ਅੰਤਰਿਕਸ਼ੰ ਸੂਰਯ।। — ਰਿਗਵੇਦ, 1/115/1.

(ਅ) ਆਤਮਾ ਜਗਤਸਤਸਥੁਸ਼ਸ਼ਚ।। — ਅਥਰਵਵੇਦ, 1/3/25.

27. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 37.

28. ਮੁੰਡਕ ਉਪਨਿਸ਼ਦ, 1/1/7.

29. "ਯੋ ਹਵੈ ਉਤੱਪਰਮਮ ਬ੍ਰਹਮ ਵੇਦ ਬ੍ਰਹਮਵੈ ਭਵਤਿ।" — ਮੁੰਡਕ ਉਪਨਿਸ਼ਦ, 3/2/9.

30. ਕਠਉਪਨਿਸ਼ਦ, 1/ 2 /12.

31. -ਉਹੀ-, 1/2/12.

32. ਛਾਂਦੋਗਯ ਉਪਨਿਸ਼ਦ, 6/11/1.

33. -ਉਹੀ-, 3/14/1.

34. ਮੁੰਡਕ ਉਪਨਿਸ਼ਦ, 1/1/7.

35. ਸ਼ਵੇਤਾਸ਼ਵਤਰ ਉਪਨਿਸ਼ਦ, 1/8.

36. ਬ੍ਰਿਹਦਾਰਣਯਕ ਉਪਨਿਸ਼ਦ, 4/4/3.

37. ਈਸ਼ਵਾਸਯ ਉਪਨਿਸ਼ਦ, 12/4.

38. ਕਠਉਪਨਿਸ਼ਦ, 1/3/8.

39. ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪੰਨਾ- 18.

40. ਸ੍ਰੀਮਦ ਭਗਵਦ ਗੀਤਾ, 4/1-3.

41. -ਉਹੀ-

42. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 15.

43. ਮਹਾਭਾਰਤ, ਆਦਿ ਪਰਵ, 1/272.

44. ਭਗਤੀ ਕਾਵਿ, ਭਾਸ਼ਾ ਵਿਭਾਗ, ਪੰਜਾਬ, ਪੰਨਾ- 31.

45. ਮਹਾਭਾਰਤ, ਭੀਸ਼ਮ ਪਰਵ, 43/5.

46. ਸਵੇ ਸਵੇ ਕਰਮਣਯਭਿਰਤ ਸੰਸਧਿਲਰਭਤੇ ਨਰ: ।।

47. ਰਜ:ਸਤਵੰ ਤਮਸ਼ਚੇਤਿ ਪੁਰਸ਼ੰ ਤ੍ਰਿਗੁਣਾਤਮਕਮ।

ਵਦੰਤਿ ਕੰਚਿਦ ਬ੍ਰਹਮਣੰ ਵਿਸ਼ਨੂ ਕੇਚਿਚੱ ਸ਼ੰਕਰਮ।। — ਪਦਮ ਪੁਰਾਣ

48. ਬਾਲ ਗੰਗਾਧਰ ਤਿਲਕ, ਗੀਤਾ ਰਹਸਯ, ਪੰਨਾ- 211.

49 ਤੋਂ 66. ਸ੍ਰੀ ਮਦ ਭਗਵਦ ਗੀਤਾ, 9/8, 18/61, 5/14-15, 13/14, 13/16, 7/15-17, 13/33, 13/31, 15/7, 9/8, 7/6-7, 9/7, 12/7, 7/19-20, 7/14, 7/15, 7/25, 9 22, 5/22.

67. 'ਨਾਸਤਿਕੋ ਵੇਦ ਨਿੰਦਕ', ਮਨੂੰ ਸਿਮਰਤੀ, 2/11.

68. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 16.

69. -ਉਹੀ-

70. ਜੇ ਆਥਾ ਸੇ ਵਿਸ਼ਣਾਥਾ ਜੇ ਵਿਸ਼ਣਾਥਾ ਸੇ ਆਥਾ ।
ਜੇਣ ਵਿਜਾਣਾਤਿ ਸੇ ਆਥਾ ਤੇ ਪਡੁੱਚ ਪਡਿਸੰਹਯ ।।– (ਆ. 105(5):104)

71. ਚੇਤਨਯਲਕਸ਼ਣੋ ਜੀਵ: – (ਖਟਦਰਸ਼ਨ-ਸਮੁਚਯ, ਕਾਰਿਕਾ 49)

72. ਮਾਯਾ ਕਰੇਂਦਿ ਣੇਚਾ ਗੋਂਦ ਇਛੀ, ਣੁਨੁਸਯਤਿਰਿਯ।
ਮਾਯਾ ਏਸੇਣ ਯ ਭਵਸਯਸੁ ਭਮਿਜੰਦੇ ਬਹੁਸੋ।।–(ਭਵਾ.ਆ.1386)

73. ਇੰਡੀਅਨ ਫਿਲਾਸਫੀ, ਭਾਗ-1, ਪੰਨਾ- 470.

74. ਡਾ. ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਜ਼, ਵਾਲਿਊਮ 11, ਬੰਬਈ ,ਪੰਨਾ-262.

75. -ਉਹੀ-, ਪੰਨਾ- 330.

76. ਸਾਂਖ ਕਾਰਿਕਾ, ਗੌੜਪਾਦ, ਭਾਸ਼, 14.

77 ਤੋਂ 78 ਓ. -ਉਹੀ-, 11,65,64 .

79. ਵਾਤਸਾਇਨ, ਨਿਆਇ ਭਾਸ਼, 1/1/1.

80. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 203.

81. ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ- 106.

82. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 336.

83 ਬ੍ਰਹਮ ਸੂਤਰ, 1/1/22, 1/1/28, 1/1/24, 1/1/12

84 ਤੋਂ 86. -ਉਹੀ- 2/3/50, 2/3/43 , 3/2/26.

87. ਗਿਆਨੀ ਲਾਲ ਸਿੰਘ, ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, (ਦੋ ਸ਼ਬਦ)

88. ਡਾ. ਧਰਮਪਾਲ ਸੈਨੀ, ਪੰਜਾਬੀ ਭਗਤੀ ਸਾਹਿਤ, ਪੰਨਾ- 2.

89. ਬ੍ਰਿਹਦਾਰਣਯਕ ਉਪਨਿਸ਼ਦ, ਮਧੂਵਿਧ, ਦੂਜਾ ਅਧਿਆਇ, ਖੰਡ ਬ੍ਰਾਹਮਣ

90. -ਉਹੀ- , ਪ੍ਰੇਮ :ਉਨਪਸਮਾਨ ਸਵਰਸਮਾਤ'–1/4/8.

91. ਨਾਰਦ ਭਗਤੀ ਸੂਤਰ, 51.

92. -ਉਹੀ- 2.

93. ਹਿੰਦੀ ਸਾਹਿਤਯ ਕੋਸ਼, ਪੰਨਾ- 571.

94. ਸ਼ਾਂਡਲਯ ਸੂਤਰ, 2.

95. ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ, ਨੌਵਾਂ ਭਾਗ, ਪੰਨਾ- 576.
96. ਕੇਨੱਥ ਡਬਲਿਊ, ਮਾਰਗਨ, ਦੀ ਰਿਲੀਜਨ ਆਫ਼ ਦੀ ਹਿੰਦੂਜ਼, ਪੰਨਾ- 256.
97. ਭਗਤੀ ਕਾਵਿ, ਭਾਸ਼ਾ ਵਿਭਾਗ, ਪੰਜਾਬ, ਪੰਨਾ- 36.
98. ਆਰ.ਐਸ.ਵਤਸ, ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪੰਨਾ- 43.
99. ਡਾ. ਮਨਮੋਹਨ ਸਿੰਘ, ਪੰਜਾਬੀ ਦੁਨੀਆ, ਜੁਲਾਈ-ਅਗਸਤ, 1977, ਪੰਨਾ- 144 ਤੋਂ ਉਧ੍ਰਿਤ
100. ਨੰਮ ਆਲਵਾਰ, ਤਿਰਵਾਚਿਰਿਅਮ, ਛੰਦ-7.
101. ਪੇਰਿ ਆਲਵਾਰ, ਤਿਰੁਮਲੀ, 4/10/9.
102. -ਉਹੀ- 4/10/5.
103. ਡਾ. ਮਨਮੋਹਨ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ, ਜਨਰਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਿਸੰਬਰ, 1982, ਪੰਨਾ- 51.
104. ਡਾ. ਦਲੀਪ ਸਿੰਘ ਦੀਪ, ਸਾਧਨ ਮੈਂ ਰਵਿਦਾਸ ਸੰਤ, ਪੰਨਾ-32 ਤੋਂ ਉਧ੍ਰਿਤ
105. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ- 50.
106. ਡਾ. ਕਾਲਾ ਸਿੰਘ ਬੇਦੀ, ਪੰਜਾਬੀ ਦੁਨੀਆ, ਜੁਲਾਈ- ਅਗਸਤ 1971, ਪੰਨਾ- 180.
107. ਡਾ. ਧਰਮਪਾਲ ਮੈਨੀ, ਪੰਜਾਬੀ ਭਗਤੀ ਸਾਹਿਤ, ਪੰਨਾ- 31.
108. ਤਿਲਕ ਰਾਜ ਸ਼ਰਮਾ, ਹਿੰਦੀ ਸਾਹਿਤਯ ਕਾ ਵਿਚਨਾਤਮਕ ਇਤਿਹਾਸ, ਪੰਨਾ-62 ਤੋਂ ਉਧ੍ਰਿਤ
109. ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ ।

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ।।

– (ਸਲੋਕ ਕਬੀਰ, ਗੁਰੂ ਗ੍ਰੰਥ ਸਾਹਿਬ, ਪੰਨਾ- 1376)

110. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 41.
111. ਡਾ. ਦਲੀਪ ਸਿੰਘ ਦੀਪ, ਸਾਧਨ ਮੈਂ ਰਵਿਦਾਸ ਸੰਤ, ਪੰਨਾ- 29.
112. ਗੁਰਮਤਿ ਪਕਾਸ਼, ਭਗਤ ਸਾਹਿਬਾਨ ਵਿਸ਼ੇਸ਼ ਅੰਕ, ਅੰਮ੍ਰਿਤਸਰ, ਜੂਨ 1993, ਪੰਨਾ- 28.
113. ਐਨੀ ਬੇਸੈਂਟ, ਹਿੰਦੂ ਧਰਮ, ਪੰਨਾ- 4.
114. ਡਾ. ਰਾਂਗੇਯ ਰਾਘਵ, ਗੁਰੂ ਗੋਰਖ ਨਾਥ ਔਰ ਉਨਕਾ ਯੁੱਗ
115. ਡਬਲਿਊ ਬ੍ਰਿਗਜ਼, ਗੋਰਖ ਨਾਥ ਐਂਡ ਕਨਫਟਾ ਯੋਗੀਜ਼, ਪੰਨਾ- 243-44.
116. ਆਚਾਰੀਆ ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 84.
117. ਡਾ. ਧਰਮਪਾਲ ਮੈਨੀ, ਭਗਤੀ ਕਾਵਿ, ਭਾਸ਼ਾ ਵਿਭਾਗ ਪੰਜਾਬ, ਪੰਨਾ- 107.
118. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਮੱਧਕਾਲੀਨ ਧਰਮ ਸਾਧਨਾ

119. ਨਾਮੇ ਪ੍ਰੀਤਿ ਨਾਰਾਇਣ ਲਾਗੀ, ਸਹਜ ਸੁਭਾਇ ਭਇਓ ਬੈਰਾਗੀ।।

— ਗੁਰੂ ਗ੍ਰੰਥ ਸਾਹਿਬ, ਪੰਨਾ- 1164.

120. ਜਉ ਤੁਮ ਗਿਰਿਵਰ ਤਉ ਹਮ ਮੋਰਾ।।
ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ।।

— ਗੁਰੂ ਗ੍ਰੰਥ ਸਾਹਿਬ, ਪੰਨਾ- 658.

121. ਇਕੁ ਹਰਿ ਨਿਰਮਲ ਜਾ ਕਾ ਅੰਤੁ ਨ ਪਾਰ।

122. ਮੈਲੇ ਸਿਵ ਸੰਕਰ ਮਹੇਸ। ਮੈਲੇ ਸਿਧ ਸਾਧਿਕ ਅਰੁ ਭੇਖ।।
ਮੈਲੇ ਜੋਗੀ ਜਗਮ ਜਟਾ ਸਹੇਤ। ਮੈਲੀ ਕਾਇਆ ਹੰਸ ਸਮੇਤਿ।।
ਕਹਿ ਕਬੀਰ ਤੇ ਜਨ ਪਰਵਾਨ। ਨਿਰਮਲ ਤੇ ਜੋ ਰਾਮਹਿ ਜਾਨ।।

—ਗੁਰੂ ਗ੍ਰੰਥ ਸਾਹਿਬ, ਪੰਨਾ- 1158.

123. ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨ।

—ਉਹੀ-, ਪੰਨਾ- 1124.

124. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼

125. ਪਹਿਲੇ ਦੂਧ ਬਿਟਾਰਿਓ ਬਛਰੇ, ਬੀਠਲ ਭੇਲਾ ਕਾਇ ਕਰਉ। —ਗੁਰੂ ਗ੍ਰੰਥ ਸਾਹਿਬ, ਪੰਨਾ-485

126. ਕਹਿ ਰਵਿਦਾਸ ਨਾਮੁ ਤੇਰੋ ਆਰਤੀ, ਸਤਿਨਾਮੁ ਹੈ ਹਰਿ ਭੋਗ ਤੁਹਾਰੇ।

-ਉਹੀ-, ਪੰਨਾ- 694.

127. ਤੀਰਥ ਦੇਖ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ
ਅਠਾਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ।

-ਉਹੀ-, ਪੰਨਾ- 973.

128. ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰ ਨਾਏਂ।
ਦਿਲ ਮਹਿ ਕਪਟੁ ਨਿਵਾਜ ਗੁਜਾਰੇ ਕਿਆ ਹਜ ਕਾਬੇ ਜਾਏਂ।

-ਉਹੀ-, ਪੰਨਾ- 1349.

129. ਜਿਉਂ ਨੈਨਨ ਮੇਂ ਪੂਤਰੀ, ਯੋਂ ਖਾਲਿਕ ਘਟ ਮਾਹਿੰ।
ਮੂਰਖ ਲੋਗ ਨ ਜਾਨਹੀਂ, ਬਾਹਰ ਢੂੰਢਨ ਜਾਹਿੰ।

-ਕਬੀਰ ਸਾਹਿਬ ਦੀਆਂ ਸਾਖੀਆਂ।

130. ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ।

-ਉਹੀ-

131. ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ।

—ਗੁਰੂ ਗ੍ਰੰਥ ਸਾਹਿਬ, ਪੰਨਾ- 31.

132. ਸਾਧ ਸੰਗਤਿ ਬਿਨਾ ਭਾਉ ਨਹੀਂ ਊਪਜੈ

ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ।

-ਉਹੀ-, ਪੰਨਾ- 694.

133.(ੳ) ਗੁਰ ਪਰਸਾਦੀ ਜਾਨਿਆ। ਜਨੁ ਨਾਮਾ ਸਹਜ ਸਮਾਨਿਆ। -ਉਹੀ-, ਪੰਨਾ-656.

(ਅ) ਤਨ ਮਨ ਅਰਪਉ ਪੂਜ ਚਰਾਵਉ, ਗੁਰ ਪਰਸਾਦਿ ਨਿਰੰਜਨ ਪਾਵਉ।

-ਉਹੀ-, ਪੰਨਾ- 525.

(ੲ) ਨਾਮਾ ਛੀਂਬਾ ਕਬੀਰ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ।

-ਉਹੀ-, ਪੰਨਾ- 67.

134. ਗੁਰੂ ਗ੍ਰੰਥ ਸਾਹਿਬ, ਪੰਨਾ- 1293.

135. ਬਾਨੀ ਦਾਦੂ ਸਾਹਿਬ, ਭਾਗ ਦੂਜਾ, ਸ਼ਬਦ 271, ਸੰਤ ਮਤ ਵੀਚਾਰ, ਰਾਧਾ ਸੁਆਮੀ ਸਤਿਸੰਗ ਬਿਆਸ, ਪੰਨਾ- 227 ਤੋਂ ਉਧ੍ਰਿਤ।

136. ਚਰਨ ਦਾਸ ਜੀ ਕੀ ਬਾਨੀ, ਭਾਗ ਪਹਿਲਾ, -ਉਹੀ, ਪੰਨਾ- 225.

137. ਪਲਟੂ ਸਾਹਿਬ, ਉਹੀ-, ਪੰਨਾ- 235.

138. ਗੁਰੂ ਨਾਨਕ ਦੇਵ, ਗੁਰੂ ਗ੍ਰੰਥ ਸਾਹਿਬ, ਪੰਨਾ- 4.

139. ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ- 288-289.

140. ਕਬੀਰ ਏਕ ਘੜੀ ਆਧੀ ਘੜੀ ਆਧੀ ਹੂੰ ਤੇ ਆਧ।

ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ।।

—ਗੁਰੂ ਗ੍ਰੰਥ ਸਾਹਿਬ, ਪੰਨਾ- 642.

141. ਪੰਜਾਬੀ ਭਗਤੀ ਸਾਹਿਤ, ਪੰਨਾ- 34.

142. ਡਾ. ਜਗਜੀਤ ਸਿੰਘ, ਗੁਰਮਤਿ ਪ੍ਰਕਾਸ਼, ਭਗਤ ਸਾਹਿਬਾਨ ਵਿਸ਼ੇਸ਼ ਅੰਕ, ਅੰਮ੍ਰਿਤਸਰ ਜੂਨ-1993, ਪੰਨਾ- 126.

143. ਹਰਿ ਕੋ ਭਜੈ ਸੋ ਹਰਿ ਕਾ ਹੋਇ। ਜਾਤ ਪਾਤ ਪੂਛੈ ਨਹੀਂ ਕੋਇ।।

-ਸੁਆਮੀ ਰਾਮਾਨੰਦ।

144. ਪੰਜਾਬੀ ਦੁਨੀਆ, ਗੁਰੂ ਰਵਿਦਾਸ ਅੰਕ, ਜੁਲਾਈ-ਅਗਸਤ, 1971, ਪੰਨਾ-180.

145. ਹਿੰਦੀ ਸਾਹਿਤਯ, ਪੰਨਾ- 133.

146. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਕੀ ਭਕਤੀ ਸਾਧਨਾ, ਪੰਨਾ- 54.

# ਅਧਿਆਇ ਤੀਜਾ

## ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਦਾ ਸੰਕਲਪ

# ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਦਾ ਸੰਕਲਪ

ਸ੍ਰਿਸ਼ਟੀ ਦੇ ਆਰੰਭ ਤੋਂ ਹੀ ਵਿਵੇਕਸ਼ੀਲ ਪ੍ਰਾਣੀਆਂ ਦੀ ਸੋਚ ਨੂੰ ਇਹ ਪ੍ਰਸ਼ਨ ਵਾਰ-ਵਾਰ ਟੁੰਬਦੇ ਰਹੇ ਹਨ : ਅਸੀਂ ਕੌਣ ਹਾਂ ? ਕਿਥੋਂ ਆਏ ਹਾਂ ? ਇਸ ਦ੍ਰਿਸ਼ਟਮਾਨ ਜਗਤ ਦਾ ਸੱਚਾ ਸਰੂਪ ਕੀ ਹੈ ? ਇਸ ਦੀ ਉਤਪਤੀ ਕਿਥੋਂ ਹੋਈ ? ਇਸ ਸ੍ਰਿਸ਼ਟੀ ਦਾ ਸਿਰਜਣਹਾਰ ਕੌਣ ਹੈ ? ਮਾਨਵ ਜੀਵਨ ਦਾ ਉਦੇਸ਼ ਕੀ ਹੈ ? ਵਿਵੇਕ ਦੇ ਆਧਾਰ ਤੇ ਇਨ੍ਹਾਂ ਪ੍ਰਸ਼ਨਾਂ ਨੂੰ ਹੱਲ ਕਰਨ ਅਤੇ ਸ੍ਰਿਸ਼ਟੀ ਦੀ ਹਰ ਵਸਤੂ ਨੂੰ ਬੁੱਧੀ ਦੀ ਕਸੌਟੀ ਤੇ ਪਰਖਣ ਦੇ ਯਤਨ ਨੂੰ ਹੀ ਦਰਸ਼ਨ ਕਿਹਾ ਜਾਂਦਾ ਹੈ ।

ਆਦਿ ਕਾਲ ਤੋਂ ਹੀ ਭਾਰਤੀ ਦਰਸ਼ਨ ਦਾ ਮੂਲ ਮੰਤਵ ਬ੍ਰਹਮ, ਜੀਵ, ਜਗਤ ਅਤੇ ਮਾਇਆ ਦਾ ਸਰੂਪ ਜਾਨਣ ਵਲ ਰੁਚਿਤ ਰਿਹਾ ਹੈ। ਪੂਰਬ ਮਧਯੁਗੀਨ ਅਤੇ ਮਧਯੁਗੀਨ ਆਚਾਰੀਆਂ- ਸ਼ੰਕਰ, ਰਾਮਾਨੁਜ, ਮਾਧਵ, ਨਿੰਬਾਰਕ, ਵੱਲਭ ਆਦਿ ਨੇ ਆਪੋ ਆਪਣੇ ਢੰਗ ਨਾਲ ਦਰਸ਼ਨ ਦਾ ਪ੍ਰਤਿਪਾਦਨ ਕੀਤਾ ਅਤੇ ਖੰਡਨ-ਮੰਡਨ ਸ਼ੈਲੀ ਵਿਚ ਪ੍ਰਤਿਪਾਦਨ ਦੀ ਪ੍ਰਮੁੱਖ ਵਿਸ਼ੇਸ਼ਤਾ ਰਹੀ ਹੈ। ਇਨ੍ਹਾਂ ਦਾਰਸ਼ਨਿਕਾਂ ਨੇ ਪਹਿਲੇ ਮੱਤ-ਆਚਾਰੀਆਂ ਦਾ ਖੰਡਨ ਅਤੇ ਆਪਣੇ ਮੱਤ ਦਾ ਮੰਡਨ ਕੀਤਾ ।

ਗੁਰੂ ਰਵਿਦਾਸ ਦਰਸ਼ਨ ਵਿਚ ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਆਦਿ ਸੰਬੰਧੀ ਉਪਰੋਕਤ ਆਚਾਰੀਆਂ ਵਰਗਾ ਤਾਤਵਿਕ ਵਿਵੇਚਨ ਨਹੀਂ ਹੈ। ਵਾਸਤਵ ਵਿਚ ਗੁਰੂ ਰਵਿਦਾਸ ਮੂਲ ਰੂਪ ਵਿਚ ਇਕ ਭਗਤ-ਕਵੀ ਸਨ, ਉਹ ਦਾਰਸ਼ਨਿਕ ਵੇਤਾ ਨਹੀਂ ਸਨ। ਉਨ੍ਹਾਂ ਦਾ ਕਾਵਿ ਪ੍ਰੇਮ-ਭਗਤੀ, ਪ੍ਰਭੂ-ਕੀਰਤ ਅਤੇ ਨਾਮ ਮਹਿਮਾ ਭਰਪੂਰ ਕਾਵਿ ਹੈ। ਉਨ੍ਹਾਂ ਦੀ ਵਾਣੀ ਕਿਸੇ ਵਿਸ਼ੇਸ਼ ਦਾਰਸ਼ਨਿਕ ਅਤੇ ਸ਼ਾਸਤਰੀ-ਪ੍ਰਬੰਧ ਅਧੀਨ ਨਹੀਂ ਰਚੀ ਗਈ। ਆਚਾਰੀਆ ਪਰਸ਼ੂ ਰਾਮ ਚਤੁਰਵੇਦੀ ਅਨੁਸਾਰ, "ਇਹ ਸੌ ਫੀਸਦੀ ਸੱਚ ਹੈ ਕਿ ਸੰਤ-ਕਵੀਆਂ ਨੇ ਅਧਿਆਤਮਕ ਸਿਧਾਂਤਾਂ ਦਾ ਪ੍ਰਤਿਪਾਦਨ ਦਾਰਸ਼ਨਿਕ ਨਿਰੂਪਣ ਦੇ ਲਈ ਨਹੀਂ ਕੀਤਾ।"[1] ਨਿਰਸੰਦੇਹ ਗੁਰੂ ਰਵਿਦਾਸ ਵਾਣੀ ਦੀ ਵਿਚਾਰਧਾਰਾ ਕਿਸੇ ਵਿਸ਼ੇਸ਼ ਸ਼ਾਸਤਰ ਤੇ ਆਧਾਰਿਤ ਨਹੀਂ ਹੈ, ਪਰੰਤੂ "ਜਾਪਦਾ ਹੈ ਕਿ ਮਧਯੁਗੀਨ ਆਚਾਰੀਆਂ ਦੇ ਕਾਰਨ ਸਾਰਾ ਧਾਰਮਿਕ ਵਾਤਾਵਰਨ ਵੇਦਾਂਤ ਤੋਂ ਓਤਪ੍ਰੋਤ ਹੋ ਗਿਆ ਸੀ - - - ਇਸ ਵਾਤਾਵਰਨ ਵਿਚ ਸਾਹ ਲੈਣ ਦੇ ਕਾਰਨ ਇਹ ਇਨ੍ਹਾਂ ਅਨਪੜ੍ਹ ਸਾਧੂ ਸੰਤਾਂ ਦੇ ਅਸਤਿੱਤਵ ਦਾ ਅਭਿੰਨ ਅੰਗ ਹੋ ਗਿਆ।"[2]

ਗੁਰੂ ਰਵਿਦਾਸ ਨੇ ਵੇਦਾਂ, ਉਪਨਿਸ਼ਦਾਂ ਦੀ ਵਿਧੀਵਤ ਸਿਖਿਆ ਪ੍ਰਾਪਤ ਨਹੀਂ ਕੀਤੀ, ਪਰੰਤੂ ਜਿਸ ਤਰ੍ਹਾਂ ਹਰ ਉੱਤਮ ਕਾਵਿ ਕਿਸੇ ਦਰਸ਼ਨ ਦਾ ਧਾਰਨੀ ਜ਼ਰੂਰ ਹੁੰਦਾ ਹੈ, ਇਸੇ ਤਰ੍ਹਾਂ ਗੁਰੂ ਰਵਿਦਾਸ ਦੇ ਪ੍ਰੇਮ ਅਤੇ ਸ਼ਰਧਾਮਈ ਕਾਵਿ ਵਿਚੋਂ ਪਰਮ-ਤੱਤ ਦੀ ਸੱਤਾ, ਸਮਰੱਥਾ ਅਤੇ ਜੀਵ ਨਾਲ ਉਸ ਦੇ ਸੰਬੰਧਾਂ ਆਦਿ ਦੇ ਸੰਦਰਭ ਵਿਚ ਅਭਿਵਿਅਕਤ ਵਿਚਾਰਾਂ ਵਿਚੋਂ ਦਾਰਸ਼ਨਿਕ ਸਿਧਾਂਤ ਦੇ ਵਿਭਿੰਨ ਰੂਪਾਂ ਦਾ ਝਾਉਲਾ ਜ਼ਰੂਰ ਪੈਂਦਾ ਹੈ। ਗੁਰੂ ਰਵਿਦਾਸ ਵਾਣੀ ਦਾ ਦਾਰਸ਼ਨਿਕ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਭਾਰਤੀ ਦਰਸ਼ਨ ਦੇ ਨਿਸ਼ਚਿਤ ਪ੍ਰਮੁੱਖ ਤੱਤਵਾਂ ਬ੍ਰਹਮ, ਜੀਵ, ਜਗਤ, ਮਾਇਆ, ਮੋਕਸ਼, ਨਾਮ, ਗੁਰੂ, ਨੈਤਿਕਤਾ ਆਦਿ ਬਾਰੇ ਵਿਸਤ੍ਰਿਤ ਵਿਵੇਚਨ ਰਵਿਦਾਸ ਵਾਣੀ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਗੁਰੂ ਰਵਿਦਾਸ ਜੀ ਨੇ ਕਿਸੇ ਗੂੜ੍ਹ ਗਿਆਨ ਜਾਂ ਗੁੰਝਲਦਾਰ ਚਿੰਤਨ ਦਾ ਪਰਚਾਰ ਨਹੀਂ ਕੀਤਾ, ਉਨ੍ਹਾਂ ਦਾ ਮੂਲ ਮੰਤਵ ਤਾਂ ਗਿਆਨ, ਭਗਤੀ ਅਤੇ ਕਰਮ ਦਾ ਅਦਭੁਤ ਸੁਮੇਲ ਅਤੇ ਸੰਤੁਲਨ ਕਾਇਮ ਕਰਕੇ ਭੁੱਲੇ, ਭਟਕੇ ਮਨੁੱਖ ਦੇ ਸਾਹਮਣੇ ਕ੍ਰਿਆਤਮਕ ਜੀਵਨ ਜਿਉਣ ਦਾ ਮਾਰਗ ਅੰਕਿਤ ਕਰਨਾ ਹੈ। ਗੁਰੂ ਰਵਿਦਾਸ ਵੇਦਾਂਤੀ ਚਿੰਤਕਾਂ ਵਾਲੀ ਦਲੀਲ ਵਿਚ ਨਹੀਂ ਪੈਂਦੇ, ਉਹ ਤਾਂ ਇਸ ਦ੍ਰਿੜ ਵਿਸ਼ਵਾਸ ਤੋਂ ਹੀ ਆਪਣਾ ਚਿੰਤਨ ਆਰੰਭ ਕਰਦੇ ਹਨ ਕਿ ਪਰਮਾਤਮਾ ਹੈ ਅਤੇ ਉਸ ਦੀ ਭਗਤੀ ਕਰਨਾ ਹੀ ਮਾਨਵ ਮਾਤ੍ਰ ਦਾ ਪਰਮ ਲਕਸ਼ ਹੈ। ਡਾ. ਧਰਮਪਾਲ ਸਿੰਗਲ ਦਾ ਮੱਤ ਹੈ ਕਿ ਸ਼ੰਕਰ ਦੇ ਅਦ੍ਵੈਤ, ਰਾਮਾਨੁਜ ਦੇ ਵਿਸ਼ਿਸ਼ਟ ਅਦ੍ਵੈਤ, ਨਿੰਬਾਰਕ ਦੇ ਦ੍ਵੈਤਾਦ੍ਵੈਤ ਅਤੇ ਮੱਧਵਾਚਾਰਯ ਦੇ ਦ੍ਵੈਤਵਾਦ, ਰਾਮਾਨੰਦ ਦੇ ਪ੍ਰਪੱਤੀ ਸਿਧਾਂਤ ਅਤੇ ਵਲਭਾਚਾਰਯ ਦੇ ਸ਼ੁਧ ਸਰੂਪ ਅਤੇ ਕਿਰਪਾ ਸਿਧਾਂਤ ਦਾ ਮਿਲਵਾਂ ਪ੍ਰਭਾਵ ਰਵਿਦਾਸ ਦੀ ਵਾਣੀ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ।[3]

ਇਸ ਸੰਦਰਭ ਵਿਚ ਡਾ. ਪਦਮ ਗੁਰਚਰਨ ਸਿੰਘ ਦਾ ਵਿਚਾਰ ਹੈ ਕਿ ਉਨ੍ਹਾਂ ਨੂੰ ਕਿਸੇ ਇਕ ਵਿਸ਼ਿਸ਼ਟ ਦਾਰਸ਼ਨਿਕਤਾ ਦੇ ਅਧੀਨ ਨਹੀਂ ਮੰਨਿਆ ਜਾ ਸਕਦਾ। ਇਨ੍ਹਾਂ ਨੂੰ ਜਿਸ ਤਰ੍ਹਾਂ ਦੀ ਵੀ ਅਨੁਭੂਤੀ ਹੋਈ ਉਨ੍ਹਾਂ ਨੇ ਉਸ ਦਾ ਨਿਰੂਪਣ, ਵਰਣਨ ਅਤੇ ਵਿਵੇਚਨ ਵਾਣੀ ਵਿਚ ਕੀਤਾ। ਇਨ੍ਹਾਂ ਦਾ ਵਿਚਾਰਕ ਰੂਪ ਇਕ ਸੰਤ-ਭਗਤ ਦਾ ਰੂਪ ਹੈ। ਮੂਲ ਰੂਪ ਵਿਚ ਇਨ੍ਹਾਂ ਦਾ ਚਿੰਤਨ ਪਰਮਾਤਮਾ ਵਿਚ ਲੀਨ ਇਕ ਅਨੁਭਵੀ ਭਗਤ ਦੀ ਰਹੱਸ ਅਨੁਭੂਤੀ ਦਾ ਪ੍ਰਕਾਸ਼ਨ ਕਿਹਾ ਜਾ ਸਕਦਾ ਹੈ।[4]

ਇਸ ਪ੍ਰਕਾਰ ਗੁਰੂ ਰਵਿਦਾਸ ਜੀ ਦਾ ਚਿੰਤਨ ਉਨ੍ਹਾਂ ਦੇ ਆਪਣੇ ਸਹਿਜ ਅਨੁਭਵ ਵਿਚੋਂ ਉਪਜਿਆ ਹੈ। ਇਸ ਲਈ ਉਨ੍ਹਾਂ ਦੇ ਭਗਤੀ ਮਾਰਗ ਦਾ ਸ਼ਾਸਤਰੀ ਪੱਧਤੀ

ਅਨੁਸਾਰ ਵਿਵੇਚਨਾਤਮਕ ਅਧਿਐਨ ਪ੍ਰਸਤੁਤ ਕਰਨਾ ਠੀਕ ਨਹੀਂ ਹੈ। ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ, ਸੁਰਗ, ਨਰਕ, ਪਰਮਧਾਮ ਅਥਵਾ ਬੈਕੁੰਠ ਧਾਮ ਆਦਿ ਬਾਰੇ ਪ੍ਰਗਟ ਹੋਏ ਉਨ੍ਹਾਂ ਦੇ ਵਿਚਾਰ ਸ਼ੁੱਧ ਅਭਿਆਸ, ਅਨੁਭਵ ਤੇ ਭਗਤੀ ਸਾਧਨਾ ਵਿਚੋਂ ਸਹਿਜ ਸੁਭਾਅ ਪ੍ਰਗਟ ਹੋਏ ਹਨ।

3.1. ਭਾਰਤੀ ਦਰਸ਼ਨ ਵਿਚ ਬ੍ਰਹਮ ਦਾ ਸੰਕਲਪ

ਬ੍ਰਹਮ ਦੇ ਸੰਕਲਪ ਦਾ ਇਤਿਹਾਸ ਵੀ ਮਾਨਵੀ ਇਤਿਹਾਸ ਜਿੰਨਾ ਹੀ ਪ੍ਰਾਚੀਨਤਮ ਹੈ, ਇਹ ਸਾਰੇ ਹੀ ਮੱਤ-ਮਤਾਂਤਰਾਂ ਅਤੇ ਪ੍ਰਚਲਿਤ ਧਰਮਾਂ ਦਾ ਪ੍ਰਧਾਨ ਤੇ ਪ੍ਰਮੁੱਖ ਸਿਧਾਂਤ ਰਿਹਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, " ਢੇਰ ਪੁਰਾਣੇ ਸਮੇਂ ਤੋਂ ਮਨੁੱਖ ਦੇ ਚਿੰਤਨ, ਸੋਚਣ ਤੇ ਵਿਚਾਰਨ ਦਾ ਜੇਕਰ ਕੋਈ ਸਭ ਤੋਂ ਵਧ ਮਹੱਤਵਪੂਰਨ ਵਿਸ਼ਾ ਰਿਹਾ ਹੈ ਤਾਂ ਉਹ ਵਿਸਮਾਦਕ ਸ਼ਕਤੀ ਜਿਸ ਨੂੰ ਕਿਸੇ ਨੇ ਬ੍ਰਹਮ, ਕਿਸੇ ਨੇ ਖ਼ੁਦਾ, ਕਿਸੇ ਨੇ ਗਾਡ, ਕਿਸੇ ਨੇ ਆਤਮਾ, ਕਿਸੇ ਨੇ ਰਾਮ, ਕ੍ਰਿਸ਼ਨ, ਵਿਸ਼ਨੂੰ, ਸ਼ਿਵ ਆਦਿ ਅਨੇਕ ਨਾਵਾਂ ਨਾਲ ਨਾਮਿਆ ਹੈ।"[5]

ਆਦਿ ਕਾਲ ਤੋਂ ਹੀ ਮਨੁੱਖ ਦੀ ਉਸ ਅਲੌਕਿਕ ਸ਼ਕਤੀ ਨੂੰ ਜਾਨਣ ਦੀ ਇੱਛਾ ਰਹੀ ਹੈ ਅਤੇ ਉਹ ਇਸ ਅਗਿਆਤ ਨੂੰ ਗਿਆਤ ਕਰਨ ਲਈ ਯਤਨਸ਼ੀਲ ਰਿਹਾ ਹੈ। ਅਧਿਆਤਮਕ ਚੇਤਨਾ ਦੇ ਮੁਢਲੇ ਸਮਿਆਂ ਤੋਂ ਹੀ ਬ੍ਰਹਮ ਦੀ ਵਿਆਖਿਆ ਕਰਨ ਲਈ ਅਨੇਕ ਸਿਧਾਂਤ ਘੜੇ ਗਏ। ਰਿਗਵੇਦ ਵਿਚ ਬ੍ਰਹਮ ਨੂੰ ਇੰਦਰ, ਮਿੱਤਰ, ਵਰੁਣ, ਅਗਨੀ ਆਦਿ ਦੇਵਤਿਆਂ ਦੀ ਸ਼ਕਤੀ ਦਾ ਆਧਾਰ ਮੰਨਿਆ ਗਿਆ।[6] ਬ੍ਰਹਮ ਨੂੰ ਸ੍ਰਿਸ਼ਟੀ ਦਾ ਆਧਾਰ ਮੰਨ ਕੇ ਚੰਦਰਮਾ ਅਤੇ ਸੂਰਜ ਨੂੰ ਉਸ ਦੀਆਂ ਅੱਖਾਂ ਦਰਸਾਇਆ ਗਿਆ ਹੈ। ਯਜੁਰਵੇਦ ਵਿਚ ਇਕ ਹੀ ਈਸ਼ਵਰ ਨੂੰ ਅਗਨੀ, ਵਾਯੂ, ਚੰਦਰਮਾ, ਸ਼ੁਕਰ, ਬ੍ਰਹਮਾ ਅਤੇ ਪ੍ਰਜਾਪਤੀ ਕਿਹਾ ਗਿਆ ਹੈ।[7] ਇਸ ਵੇਦ ਵਿਚ ਹੀ ਇਹ ਵਰਣਿਤ ਹੈ ਕਿ ਬ੍ਰਹਮ ਜਗਤ ਵਿਚ ਅਨੇਕ ਰੂਪਾਂ ਵਿਚ ਅਭਿਵਿਅਕਤ ਹੁੰਦਾ ਹੈ, ਜਿਸ ਦੇ ਗਿਆਨ ਨਾਲ ਜਗਿਆਸੂ ਨੂੰ ਚਰਮ-ਲਕਸ਼ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਸਰਵੱਗ ਹੋ ਜਾਂਦਾ ਹੈ।[8]

ਉਪਨਿਸ਼ਦਾਂ ਵਿਚ ਬ੍ਰਹਮ ਦੀ ਪੂਰਨ ਰੂਪ ਵਿਚ ਪ੍ਰਤਿਸ਼ਠਾ ਹੋਈ ਹੈ। ਇਨ੍ਹਾਂ ਵਿੱਚ ਪਰਮਤੱਤ ਦੇ ਸਗੁਣ ਰੂਪ, ਨਿਰਵਿਸ਼ੇਸ਼ ਨਿਰਗੁਣ ਰੂਪ[9], ਰਹੱਸਮਈ ਸਰੂਪ[10], ਅੱਖਰ ਸਰੂਪ[11] ਆਦਿ ਦਾ ਵਰਣਨ ਹੈ। ਇਨ੍ਹਾਂ ਵਿਚ ਬ੍ਰਹਮ ਨੂੰ ਅਵਿਅਕਤ[12], ਅਜਨਮਾ,

ਸਰਵ-ਵਿਆਪੀ, ਜਗਤ ਦਾ ਕਰਤਾ, ਅੱਛਰ, ਅਗੋਚਰ, ਅਦ੍ਰਿਸ਼ਟ ਆਦਿ ਕਿਹਾ ਗਿਆ ਹੈ। ਉਪਨਿਸ਼ਦਾਂ ਵਿਚ ਬ੍ਰਹਮ ਵਿਵੇਚਨ ਲਈ ਕਈ ਥਾਂ ਨਿਸ਼ੇਧਾਤਮਕ ਰਹੱਸਵਾਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ, ਨੇਤਿ-ਨੇਤਿ (ਇਹ ਨਹੀਂ, ਇਹ ਨਹੀਂ) ਅਰਥਾਤ ਨਾ ਉਹ ਸਥੂਲ ਹੈ, ਨਾ ਸੂਖਮ, ਨਾ ਛੋਟਾ ਨਾ ਵੱਡਾ, ਨਾ ਰਕਤ ਨਾ ਮਾਸ, ਨਾ ਛਾਇਆ ਨਾ .ਤਪ, ਨਾ ਵਾਯੂ, ਨਾ ਆਕਾਸ਼, ਨਾ ਸਪਰਸ਼-ਰਸ-ਗੰਧ ਯੁਕਤ, ਨਾ ਅੱਖ-ਕੰਨ-ਵਾਣੀ ਮਨ-ਪ੍ਰਾਣ ਮੁਖ ਯੁਕਤ, ਨਾ ਆਂਤਰਿਕ ਨਾ ਬਾਹਰੀ, ਨਾ ਉਹ ਕਿਸੇ ਦਾ ਭਖਸ਼ਣ ਕਰਦਾ ਹੈ ਨਾ ਕੋਈ ਉਸਦਾ।[13] ਤੈਤਿਰਯ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਬ੍ਰਹਮ-ਸਰੂਪ ਦਾ ਗਿਆਨ ਇੰਦਰੀਆਂ ਦੀ ਸੀਮਾ ਤੋਂ ਬਾਹਰ ਹੈ।[14] ਇਸ ਉਪਨਿਸ਼ਦ ਦੀ 'ਆਨੰਦਵਲੀ' ਵਿਚ ਅੰਨ, ਪ੍ਰਾਣ, ਮਨ, ਵਿਗਿਆਨ ਅਤੇ ਆਨੰਦ ਨੂੰ ਬ੍ਰਹਮ ਦਾ ਕੋਸ਼ ਕਿਹਾ ਗਿਆ ਹੈ।

ਭਗਵਦ ਗੀਤਾ ਵਿਚ ਬ੍ਰਹਮ ਦੇ ਵਿਅਕਤ ਅਤੇ ਅਵਿਅਕਤ ਦੋਹਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ। ਗੀਤਾ ਅਨੁਸਾਰ ਅਵਿਅਕਤ ਤੋਂ ਵਿਅਕਤ ਉਪਜਦਾ ਹੈ।[15] ਅਵਿਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ।[16] ਗੀਤਾ ਦਾ ਅਵਿਅਕਤ ਸਗੁਣ ਵੀ ਹੈ ਅਤੇ ਨਿਰਗੁਣ ਵੀ। ਸ੍ਰੀ ਕ੍ਰਿਸ਼ਨ ਦਾ ਫੁਰਮਾਨ ਹੈ ਕਿ ਮੈਨੂੰ ਕਰਮਾਂ ਜਾਂ ਗੁਣਾਂ ਦਾ ਕਦੀ ਸਪਰਸ਼ ਨਹੀਂ ਹੁੰਦਾ।[17] ਨਿਰਗੁਣ ਬ੍ਰਹਮ ਜੀਵਾਂ ਦੇ ਵਿਚ ਰਹਿਕੇ ਉਨ੍ਹਾਂ ਪਾਸੋਂ ਕਰਮ ਕਰਾਉਂਦਾ ਹੈ।[18] ਉਹ ਸੰਸਾਰ ਤੋਂ ਪਰੇ ਅਤੇ ਸੰਸਾਰ ਵਿਚ ਰਮਿਆ ਹੋਇਆ ਵੀ ਮੰਨਿਆ ਗਿਆ ਹੈ। ਉਸ ਵਿਚ ਸਾਰੇ ਇੰਦਰਿਆਵੀ ਗੁਣ ਹਨ ਪਰੰਤੂ ਫਿਰ ਵੀ ਉਹ ਇੰਦਰੀਆਂ ਤੋਂ ਰਹਿਤ ਹੈ। ਉਹ ਮੋਹ ਵਿਹੂਣਾ ਹੁੰਦੇ ਹੋਇਆਂ ਵੀ ਸਾਰਿਆਂ ਦਾ ਆਧਾਰ ਹੈ। ਉਹ ਪ੍ਰਕ੍ਰਤੀਆਂ ਤੋਂ ਪਰੇ ਹੈ, ਪਰੰਤੂ ਫਿਰ ਵੀ ਉਨ੍ਹਾਂ ਨੂੰ ਮਾਣਦਾ ਹੈ। ਉਸ ਵਿਚ ਹਿਲਜੁਲ ਨਹੀਂ ਪਰੰਤੂ ਫਿਰ ਵੀ ਉਹ ਗਤੀਸ਼ੀਲ ਹੈ। ਉਹ ਅਤਿਅੰਤ ਸੂਖਮ ਹੈ, ਬਹੁਤ ਦੂਰ ਹੈ ਫਿਰ ਵੀ ਨੇੜੇ ਹੈ। ਉਸ ਨੂੰ ਵੰਡਿਆ ਨਹੀਂ ਜਾ ਸਕਦਾ ਪਰ ਫਿਰ ਵੀ ਸਾਰਿਆਂ ਵਿਚ ਬਿਰਾਜਮਾਨ ਹੋਣ ਕਾਰਨ ਵੰਡਿਆ ਹੋਇਆ ਲੱਗਦਾ ਹੈ, ਉਹੋ ਹੀ ਪੈਦਾ ਕਰਦਾ ਹੈ ਅਤੇ ਮਾਰਦਾ ਹੈ।[19]

ਗੀਤਾ ਵਿਚ ਬ੍ਰਹਮ ਦੇ ਵਿਰਾਟ ਸਰੂਪ ਦਾ ਵਰਣਨ ਵੀ ਪ੍ਰਾਪਤ ਹੈ। ਅਰਜੁਨ ਸ੍ਰੀ ਕ੍ਰਿਸ਼ਨ ਨੂੰ ਬ੍ਰਹਮ ਦੇ ਵਿਰਾਟ ਸਰੂਪ ਵਿਚ ਦੇਖਦਿਆਂ ਕਹਿੰਦਾ ਹੈ: ਹੇ ਕ੍ਰਿਸ਼ਨ ! ਆਪ ਦੇ ਵਿਰਾਟ ਸਰੂਪ ਦੀਆਂ ਅਨੇਕ ਬਾਹਾਂ, ਪੇਟ, ਮੂੰਹ, ਨੇਤਰ ਅਤੇ ਅਨੰਤ ਰੂਪ ਹਨ, ਨਾ ਆਪ ਦਾ ਅੰਤ ਹੈ ਨ ਮੱਧ ਅਤੇ ਨਾ ਹੀ ਆਦਿ, ਅਰਥਾਤ ਆਪ ਵਿਸ਼ਵ ਰੂਪ ਹੋ।[20]

ਅਵਿਅਕਤ ਨਿਰਗੁਣ ਅਤੇ ਸਗੁਣ ਦੇ ਨਾਲ-ਨਾਲ ਗੀਤਾ ਵਿਚ ਕਈ ਥਾਵਾਂ ਤੇ ਬ੍ਰਹਮ ਦੇ ਨਿਰਗੁਣ-ਸਗੁਣ ਮਿਸ਼ਰਤ ਰੂਪ ਦਾ ਵੀ ਵਰਣਨ ਹੈ। ਬ੍ਰਹਮ ਭੂਤਾਂ ਦਾ ਆਧਾਰ ਹੋ ਕੇ ਵੀ ਉਨ੍ਹਾਂ ਵਿਚ ਨਹੀਂ ਹੈ, ਉਹ ਨਾ ਸੱਤ ਹੈ ਨਾ ਅਸੱਤ।[21] ਉਹ ਇੰਦਰੀ ਰਹਿਤ ਅਤੇ ਨਿਰਗੁਣ ਹੋ ਕੇ ਵੀ ਗੁਣਾਂ ਦਾ ਉਪਭੋਗ ਕਰਨ ਵਾਲਾ ਹੈ,[22] ਉਹ ਦੂਰ ਵੀ ਹੈ ਅਤੇ ਨੇੜੇ ਵੀ[23] ਵਿਭਕਤੀ ਰਹਿਤ ਵੀ ਹੈ ਅਤੇ ਵਿਭਕਤੀ ਸਹਿਤ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।[24] ਇਸ ਤਰ੍ਹਾਂ ਗੀਤਾ ਵਿਚ ਬ੍ਰਹਮ ਦੇ ਵਿਅਕਤ, ਅਵਿਅਕਤ ਦੋਹਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ।

ਬੁੱਧ ਮੱਤ ਵਿਚ ਬ੍ਰਹਮ-ਨਾਮ ਦਾ ਪ੍ਰਯੋਗ ਤਾਂ ਨਹੀਂ ਕੀਤਾ ਗਿਆ, ਪਰ ਬੁੱਧ ਧਰਮ ਦੀ ਮਹਾਂਯਾਨ ਸ਼ਾਖਾ ਦੇ ਪ੍ਰਵਰਤਕ ਨਾਗਾਰੁਜਨ ਨੇ ਪਰਮ-ਸੱਤਾ ਨੂੰ ਸ਼ੂਨਯ ਸੱਤਾ ਮੰਨਿਆ ਹੈ। 'ਉਨ੍ਹਾਂ ਦਾ ਮੱਤ ਹੈ ਕਿ ਉਹ ਨਾ ਸੱਤ ਹੈ ਨਾ ਅਸੱਤ, ਨਾ ਸੱਤ ਅਤੇ ਅਸੱਤ ਦੋਨੋਂ ਹੈ, ਨਾ ਦੋਨਾਂ ਤੋਂ ਭਿੰਨ ਹੀ ਹੈ। ਇਨ੍ਹਾਂ ਚਾਰ ਸੰਭਾਵਿਤ ਕੋਟੀਆਂ ਤੋਂ ਵਿਲੱਖਣ ਹੀ ਇਕ ਤੱਤ ਹੈ।[25] ਆਚਾਰੀਆ ਨਾਗਾਰਜੁਨ ਨੇ ਸੱਤ ਨੂੰ ਦੋ ਪ੍ਰਕਾਰ ਦਾ ਮੰਨਿਆ ਹੈ: ਪਰਮਾਰਥਿਕ ਅਤੇ ਸਾਂਵਰਤਿਕ (ਮਾਇਆ ਅਤੇ ਅਵਿਦਿਆ ਦਾ ਕਾਰਨਭੂਤ ਹੋਣ ਕਾਰਨ ਜਗਤ ਦੀ ਸੱਤਾ ਵਿਵਹਾਰਕ ਹੈ)[26] ਪਰਮਾਰਥਿਕ ਸੱਤ ਨੂੰ ਨਿਰਵਾਣ ਦੇ ਸਮਾਨ ਮੰਨਿਆ ਗਿਆ ਹੈ, ਇਹੀ ਸ਼ੂਨਯ ਸੱਤਾ ਹੈ ਜਿਸ ਨੂੰ ਸਰੀਰ, ਮਨ, ਬਚਨ ਦੁਆਰਾ ਜਾਣਿਆ ਨਹੀਂ ਜਾ ਸਕਦਾ, ਸ਼ਬਦਾਂ ਰਾਹੀਂ ਇਸ ਦਾ ਉਚਾਰਨ ਅਤੇ ਵਰਣਨ ਨਹੀਂ ਹੋ ਸਕਦਾ, ਇਹ ਅਗੋਯ, ਅਦ੍ਰਿਸ਼ਟ ਅਤੇ ਅਨਿਰਵਚਨੀਯ ਹੈ, ਸਵੈ-ਅਨੁਭੂਤੀ ਦੁਆਰਾ ਗਿਆਨੀ ਪੁਰਸ਼ਾਂ ਨੂੰ ਇਸ ਦਾ ਅਨੁਮਾਨ ਹੁੰਦਾ ਹੈ ।

ਡਾ. ਕ੍ਰਿਸ਼ਨਾ ਕਲਸੀਆ ਦਾ ਮੱਤ ਹੈ ਕਿ ਮਹਾਂਯਾਨ ਸੰਪ੍ਰਦਾਇ ਨੇ ਨਿਰ-ਈਸ਼ਵਰਵਾਦੀ ਨਵਿਰਤੀ ਪ੍ਰਧਾਨ ਹੀਨਯਾਨ ਦੀ ਕਾਇਆ ਪਲਟ ਕੇ ਉਸ ਨੂੰ ਪ੍ਰਵਿਰਤੀ ਪ੍ਰਧਾਨ ਅਤੇ ਭਗਤੀ-ਭਾਵ ਵਾਲਾ ਬਣਾ ਦਿੱਤਾ।[27] ਇਸ ਤਰ੍ਹਾਂ ਮਹਾਂਯਾਨ ਸ਼ਾਖਾ ਦੁਆਰਾ ਪਰਮਾਰਥਿਕ ਸੱਤ ਦਾ ਵਿਵੇਚਨ ਬ੍ਰਹਮ ਦੇ ਅਨੁਰੂਪ ਹੈ ਅਰਥਾਤ ਬੁੱਧ ਮੱਤ ਵਿਚ ਵਰਣਿਤ ਸ਼ੂਨਯ ਸੱਤਾ ਅਥਵਾ ਪਰਮ ਸੱਤਾ ਤੇ ਬ੍ਰਹਮਵਾਦ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ।

ਸਾਂਖ ਦਰਸ਼ਨ ਨਿਰ-ਈਸ਼ਵਰਵਾਦੀ ਹੈ, ਇਸ ਵਿਚ ਵਿਵੇਕ ਪ੍ਰਧਾਨ ਹੈ ਅਤੇ ਇਹ ਦਰਸ਼ਨ ਪੁਰਸ਼ ਅਤੇ ਪ੍ਰਕ੍ਰਿਤੀ ਦੇ ਤੱਤਾਂ ਦਾ ਉਲੇਖ ਕਰਦਾ ਹੈ। ਸਾਂਖ ਦਾ ਪੁਰਸ਼-ਸੰਕਲਪ

ਹੀ ਬ੍ਰਹਮ ਸੰਕਲਪ ਹੈ। ਪੁਰਸ਼ ਨਾ ਕਾਰਜ ਹੈ ਨਾ ਕਾਰਨ ਹੈ,[28] ਉਹ ਤ੍ਰੈਗੁਣਾਤੀਤ ਹੈ।[29] ਕ੍ਰਿਆਸ਼ੀਲਤਾ ਪ੍ਰਕ੍ਰਿਤੀ ਦਾ ਧਰਮ ਹੈ, ਪੁਰਸ਼ ਵਾਸਤਵ ਵਿਚ ਨਿਰਗੁਣ, ਨਿਸ਼ਕ੍ਰਿਆ ਅਤੇ ਅਕਰਤਾ ਹੈ।[30] ਜਗਤ ਦੀ ਸਿਰਜਨਾ ਪ੍ਰਕ੍ਰਿਤੀ ਕਰਦੀ ਹੈ, ਪੁਰਸ਼ ਤਾਂ ਕੇਵਲ ਦ੍ਰਸ਼ਟਾ ਹੈ[31] ਉਹ ਸ੍ਰਿਸ਼ਟੀ ਦਾ ਮੂਲ ਕਾਰਨ ਨਹੀਂ ਹੈ। ਸਾਂਖ ਦਰਸ਼ਨ ਅਨੁਸਾਰ ਪੁਰਸ਼ ਅਨੇਕ ਹਨ।[32] ਪਰੰਤੂ ਉਪਨਿਸ਼ਦਾਂ ਅਤੇ ਗੀਤਾ ਵਿਚ ਬ੍ਰਹਮ ਨੂੰ ਸ੍ਰਿਸ਼ਟੀ ਦਾ ਮੂਲ ਕਾਰਨ ਮੰਨ ਕੇ ਬ੍ਰਹਮ ਜਾਂ ਆਤਮਾ ਦੀ ਏਕਤਾ ਸਥਾਪਿਤ ਕੀਤੀ ਗਈ ਹੈ। ਇਸ ਤਰ੍ਹਾਂ ਵੇਦਾਂਤ ਅਤੇ ਸਾਂਖ ਦੀ ਬ੍ਰਹਮ ਧਾਰਨਾ ਵੱਖੋ-ਵੱਖਰੇ ਚਿੰਤਨ ਦੇ ਫਲ-ਸਰੂਪ ਹੈ।

ਨਿਆਂ ਅਤੇ ਵੈਸ਼ੇਸ਼ਿਕ ਦਰਸ਼ਨਾਂ ਵਿਚ ਪਰਮਾਤਮਾ ਦੇ ਸੰਦਰਭ ਵਿਚ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਨਿਆਂ ਦਰਸ਼ਨ ਪੂਰੀ ਤਰ੍ਹਾਂ ਆਸਤਿਕ ਅਤੇ ਵੇਦ ਪ੍ਰਮਾਣੀਕ ਦਰਸ਼ਨ ਹੈ। ਇਸ ਵਿਚ ਈਸ਼ਵਰ ਦਾ ਸਰੂਪ-ਵਿਵੇਚਨ ਬੜੀ ਸੁੰਦਰਤਾ ਨਾਲ ਕੀਤਾ ਗਿਆ ਹੈ। ਈਸ਼ਵਰ ਸਰਵ-ਗਿਆਤਾ, ਸਰਵ-ਸ਼ਕਤੀਮਾਨ ਅਤੇ ਇਸ ਜਗਤ ਦੀ ਰਚਨਾ, ਪਾਲਣ ਅਤੇ ਸੰਘਾਰ ਕਰਨ ਵਾਲਾ ਹੈ।[33] ਵੈਸ਼ੇਸ਼ਿਕ ਦਰਸ਼ਨ ਪਦਾਰਥਕ ਜਗਤ ਨੂੰ ਇਕ ਕਿਸਮ ਦਾ ਲੀਲਾ-ਮੰਚ ਮੰਨਦਾ ਹੈ ਜੋ ਪ੍ਰਾਣੀਆਂ ਦੀ ਉਤਪਤੀ ਅਤੇ ਮੁਕਤੀ ਲਈ ਰਚਿਆ ਗਿਆ ਹੈ। ਇਸ ਦਰਸ਼ਨ ਨੂੰ ਪ੍ਰਮਾਣੂਵਾਦ ਵੀ ਕਿਹਾ ਜਾਂਦਾ ਹੈ। ਇਸ ਅਨੁਸਾਰ ਧਰਤੀ, ਜਲ, ਅਗਨੀ ਅਤੇ ਹਵਾ– ਪਮਾਣੂਆਂ ਦੁਆਰਾ ਸੰਸਾਰ ਦੇ ਕਾਰਜ ਪਦਾਰਥ ਬਣਦੇ ਹਨ ਅਤੇ ਇਨ੍ਹਾਂ ਪ੍ਰਮਾਣੂਆਂ ਦੀ ਚਾਲ ਦਾ ਸੂਤਰਧਾਰ ਈਸ਼ਵਰ ਹੈ। ਈਸ਼ਵਰ ਸਮੁੱਚੇ ਬ੍ਰਹਿਮੰਡ ਦਾ ਸੰਚਾਲਕ ਹੈ ਅਤੇ ਉਸ ਦੀ ਪ੍ਰੇਰਣਾ ਅਧੀਨ ਹੀ ਸ੍ਰਿਸ਼ਟੀ ਸਿਰਜਣਾ ਅਤੇ ਪਰਲੋ ਪ੍ਰਕਿਰਿਆ ਹੁੰਦੀ ਹੈ।

ਯੋਗ ਦਰਸ਼ਨ ਵਿਚ ਈਸ਼ਵਰ ਨੂੰ ਅਤਿਅੰਤ ਮਹੱਤਵਪੂਰਨ ਪਰਮ ਮਨੁੱਖ ਮੰਨਿਆ ਗਿਆ ਹੈ ਜੋ ਸਾਰੇ ਜੀਵਾਂ ਤੋਂ ਭਿੰਨ, ਉੱਚਾ, ਸ੍ਰੇਸ਼ਟ, ਸਦਾ ਇਕ ਸਮਾਨ ਅਤੇ ਨਿਰਵਿਕਾਰ ਹੈ। ਉਹ ਸਰਵੱਗ ਤੇ ਸਰਵ-ਸ਼ਕਤੀਮਾਨ ਹੈ ਅਤੇ ਆਪਣੀ ਇੱਛਾ ਅਨੁਸਾਰ ਸਮੁੱਚੇ ਜਗਤ ਨੂੰ ਚਲਾਉਂਦਾ ਹੈ। ਉਹ ਅਕਾਲ ਹੈ, ਅਰਥਾਤ ਭੂਤਕਾਲ, ਵਰਤਮਾਨ ਅਤੇ ਭਵਿੱਖ ਤਿੰਨਾਂ ਕਾਲਾਂ ਤੋਂ ਰਹਿਤ ਹੈ। ਉਸ ਦਾ ਕਾਲ ਦੁਆਰਾ ਖੰਡਨ ਨਹੀਂ ਹੁੰਦਾ।[34] ਯੋਗ ਦਰਸ਼ਨ ਅਨੁਸਾਰ ਜੋ ਪੁਰਸ਼ ਵਿਸ਼ੇਸ਼ ਕਲੇਸ਼, ਕਰਮ, ਵਿਪਾਕ(ਕਰਮਫਲ)ਅਤੇ ਆਸ਼ਯ( (ਵਿਚਾਰ ਅਨੁਰੂਪ ਸੰਸਕਾਰ ਦੇ ਸੰਪਰਕ) ਤੋਂ ਸ਼ੂਨਯ ਰਹਿੰਦਾ ਹੈ, ਉਹ ਈਸ਼ਵਰ ਹੈ।[35] ਉਪਨਿਸ਼ਦਾਂ ਦਾ ਬ੍ਰਹਮ ਯੋਗ ਦਰਸ਼ਨ ਦਾ ਈਸ਼ਵਰ ਹੈ।

ਮੀਮਾਂਸਾ ਦਰਸ਼ਨ ਅਨੁਸਾਰ ਈਸ਼ਵਰ ਸ੍ਰਿਸ਼ਟੀ ਦਾ ਸਿਰਜਕ ਨਹੀਂ ਹੈ। ਇਸ ਅਨੁਸਾਰ ਜਗਤ ਦੀ ਸਿਰਜਣਾ ਪ੍ਰਕ੍ਰਿਤੀ ਕਰਦੀ ਹੈ। ਇਹ ਦਰਸ਼ਨ ਮੂਲ ਜਗਤ ਦੀ ਸਿਰਜਣਾ ਅਤੇ ਪਰਲੋ ਨੂੰ ਨਹੀਂ ਮੰਨਦਾ। ਇਸ ਅਨੁਸਾਰ," ਕੇਵਲ ਵਿਅਕਤੀ ਉਤਪੰਨ ਹੁੰਦੇ ਰਹਿੰਦੇ ਹਨ ਅਤੇ ਵਿਨਾਸ਼ ਨੂੰ ਪ੍ਰਾਪਤ ਕਰਦੇ ਹਨ, ਜਗਤ ਦੀ ਸ੍ਰਿਸ਼ਟੀ ਅਤੇ ਨਾਸ਼ ਕਦੀ ਨਹੀਂ ਹੁੰਦਾ।[36] ਇਸ ਦਰਸ਼ਨ ਅਨੁਸਾਰ ਨਿਸ਼ਕਾਮ ਕਰਮ ਕਰਨ ਅਤੇ ਯੱਗਾਂ ਦੁਆਰਾ ਹੀ ਵਿਭਿੰਨ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਇਸ ਦਰਸ਼ਨ ਵਿਚ ਈਸ਼ਵਰ ਲਈ ਕੋਈ ਸਥਾਨ ਨਹੀਂ ਹੈ।

ਅਦ੍ਵੈਤ ਵੇਦਾਂਤ ਵਿਚ ਸਪਸ਼ਟ ਰੂਪ ਵਿਚ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕੀਤਾ .. ਗਿਆ ਹੈ, ਵੇਦਾਂਤ ਦਾ ਮੁੱਖ ਸਿਧਾਂਤ ਹੀ 'ਬ੍ਰਹਮਵਾਦ' ਹੈ। ਆਚਾਰੀਆ ਸ਼ੰਕਰ ਦਾ ਮੂਲ ਮੰਤਰ 'ਬ੍ਰਹਮ ਸਤਯਮ ਜਗਤ ਮਿਥਿਅਮ ਜੀਵੋ ਬ੍ਰਹਮੈਵ ਨਾਪਾਰਾਹ' ਅਰਥਾਤ ਬ੍ਰਹਮ ਸੱਤ ਹੈ, ਜਗਤ ਮਿਥਿਆ ਹੈ, ਜੀਵ ਹੀ ਬ੍ਰਹਮ ਹੈ, ਇਹ ਕਿਸੇ ਤਰ੍ਹਾਂ ਵੀ ਬ੍ਰਹਮ ਤੋਂ ਭਿੰਨ ਨਹੀਂ ਹੈ। ਬ੍ਰਹਮ ਨਿਰਵਿਸ਼ੇਸ਼, ਨਿਰਗੁਣ, ਨਿਰਵਿਕਾਰ, ਨਿਰਾਕਾਰ ਸੱਤ(ਸੱਤਾ) ਚਿੱਤ(ਗਿਆਨ) ਅਤੇ ਆਨੰਦ[37] ਅਰਥਾਤ 'ਸਚਿੱਦਾਨੰਦ' ਸਰੂਪ ਹੈ ।

ਸ਼ੰਕਰ ਦੇ ਅਦ੍ਵੈਤ-ਵੇਦਾਂਤ ਦਰਸ਼ਨ ਵਿਚ ਬ੍ਰਹਮ ਦੇ ਦੋ ਰੂਪਾਂ: ਸਾਕਾਰ ਅਤੇ ਨਿਰਾਕਾਰ ਅਰਥਾਤ ਸਗੁਣ ਅਤੇ ਨਿਰਗੁਣ ਨੂੰ ਸਵੀਕਾਰ ਕੀਤਾ ਗਿਆ ਹੈ। "ਵਿਵਹਾਰਕ ਦ੍ਰਿਸ਼ਟੀ ਤੋਂ ਬ੍ਰਹਮ ਦਾ ਸਗੁਣ ਸਰੂਪ ਹੈ ਅਤੇ ਪਰਮਾਰਥਿਕ ਦ੍ਰਿਸ਼ਟੀ ਤੋਂ ਨਿਰਗੁਣ । ਨਿਰਗੁਣ ਬ੍ਰਹਮ ਸਵੈ-ਪ੍ਰਕਾਸ਼ਿਤ, ਸਵੈ-ਸਿੱਧ, ਸਰਵ-ਵਿਆਪੀ ਅਤੇ ਚੇਤਨ ਹੈ।[38] ਸ਼ੰਕਰ ਅਨੁਸਾਰ ਸੱਤ, ਰਜ ਅਤੇ ਤਮ ਆਦਿ ਗੁਣਾਂ ਨਾਲ ਯੁਕਤ ਬ੍ਰਹਮ ਸਗੁਣ ਹੈ ਜਦ ਕਿ ਇਨ੍ਹਾਂ ਤਿੰਨਾਂ ਗੁਣਾਂ ਤੋਂ ਰਹਿਤ ਬ੍ਰਹਮ ਨਿਰਗੁਣ ਅਖਵਾਉਂਦਾ ਹੈ। ਗੁਣਾਂ ਦਾ ਦੋਸ਼ ਸਗੁਣ ਬ੍ਰਹਮ ਵਿਚ ਹੀ ਹੁੰਦਾ ਹੈ, ਨਿਰਗੁਣ ਵਿਚ ਨਹੀਂ।[39] ਸ਼ੰਕਰ ਅਨੁਸਾਰ ਨਿਰਗੁਣ ਬ੍ਰਹਮ ਅਕਰਤਾ ਹੈ, ਆਕਾਸ਼ ਦੀ ਨਿਆਈਂ ਨਿਰਲੇਪ ਹੈ। ਆਤਮ-ਸਰੂਪ ਬ੍ਰਹਮ ਸਰੀਰ ਵਿਚ ਰਹਿੰਦੇ ਹੋਇਆਂ ਵੀ ਕਰਮ ਦੇ ਵਿਕਾਰਾਂ ਨਾਲ ਦੂਸ਼ਿਤ ਨਹੀਂ ਹੁੰਦਾ।[40] ਉਹ ਕਦੀ ਵੀ ਬੰਧਨ ਵਿਚ ਨਹੀਂ ਆਉਂਦਾ। ਉਹੀ ਇਕ ਮਾਤਰ ਸ਼ੁੱਧ ਇਕਾਈ ਹੈ। ਉਹ ਅਨੰਤ, ਨਿਰਗੁਣ, ਨਿਰਪੇਖ, ਨਿਰਵਿਸ਼ੇਸ਼ ਅਤੇ ਸਦੀਵੀ ਹੈ। ਉਹ ਹਰ ਦੇਸ਼, ਕਾਲ ਅਤੇ ਅਵਸਥਾ ਤੋਂ ਮੁਕਤ ਹੈ।[41]

ਵਿਸ਼ਿਸ਼ਟ ਅਦ੍ਵੈਤਵਾਦ ਮੱਤ ਵਿਚ ਆਚਾਰੀਆ ਰਾਮਾਨੁਜ ਨੇ ਬ੍ਰਹਮ ਨੂੰ ਚਿੱਤ (ਜੀਵ) ਅਤੇ ਅਚਿੱਤ(ਜੜ ਪ੍ਰਕ੍ਰਿਤੀ) ਦੋਨਾਂ ਤੱਤਾਂ ਨਾਲ ਯੁਕਤ ਮੰਨਿਆ ਹੈ। ਬ੍ਰਹਮ ਹੀ ਕੇਵਲ ਇੱਕ ਮਾਤਰ ਸੱਤਾ ਹੈ, ਕਿਸੇ ਵਸਤੂ ਦੀ ਸੱਤਾ ਉਸ ਤੋਂ ਭਿੰਨ ਨਹੀਂ ਹੈ। ਇਸ ਤਰ੍ਹਾਂ ਵਿਸ਼ਿਸ਼ਟ ਅਦ੍ਵੈਤਵਾਦ ਵਿਚ ਚਿੱਤ, ਅਚਿੱਤ ਅਤੇ ਈਸ਼ਵਰ ਤਿੰਨ ਮੂਲ ਤੱਤਾਂ ਦੀ ਮਹੱਤਤਾ ਹੈ। ਇਸ ਵਿਚ ਈਸ਼ਵਰ ਪ੍ਰਧਾਨ ਅੰਗੀ ਹੈ, ਚਿੱਤ(ਜੀਵ) ਅਤੇ ਅਚਿੱਤ(ਜਗਤ) ਨਿਤਯ ਅਤੇ ਸੁਤੰਤਰ ਹੋ ਕੇ ਵੀ ਈਸ਼ਵਰ ਦੇ ਅਧੀਨ ਹਨ। ਰਾਮਾਨੁਜ ਨੇ ਬ੍ਰਹਮ ਨੂੰ ਨਿਰਗੁਣ ਨਾ ਮੰਨ ਕੇ ਸਗੁਣ ਅਤੇ ਸਵਿਸ਼ੇਸ਼ ਮੰਨਿਆ ਹੈ। ਉਹ ਸਰਵੱਗ, ਸਰਵ-ਸ਼ਕਤੀਮਾਨ, ਕ੍ਰਿਪਾਲੂ ਅਤੇ ਦਿਆਲੂ ਹੈ। "ਉਹ ਆਨੰਦ-ਸਰੂਪ, ਜਗਤ ਦੀ ਸ੍ਰਿਸ਼ਟੀ, ਸਥਿਤੀ ਅਤੇ ਸੰਹਾਰ ਕਰਨ ਵਾਲਾ, ਧਰਮ, ਅਰਥ, ਕਾਮ ਅਤੇ ਮੋਕਸ਼ ਦੇਣ ਵਾਲਾ, ਵਚਿੱਤਰ ਸਰੀਰ ਧਾਰਨ ਕਰਨ ਵਾਲਾ ਅਤੇ ਲੀਲਾ ਦਾ ਨਾਇਕ ਹੈ।[42] ਉਹ ਅਨੰਤ ਗੁਣਾਂ ਦਾ ਭੰਡਾਰ ਹੈ, ਇਸੇ ਲਈ ਉਹ ਸਗੁਣ ਸਰੂਪ ਹੈ। ਉਪਨਿਸ਼ਦਾਂ ਵਿਚਲੇ ਨਿਰਗੁਣ ਬ੍ਰਹਮ ਦੇ ਵਿਵੇਚਨ ਸੰਬੰਧੀ ਰਾਮਾਨੁਜ ਦਾ ਕਥਨ ਹੈ ਕਿ ਨਿਰਗੁਣ ਬ੍ਰਹਮ ਤੋਂ ਭਾਵ ਇਹ ਹੈ ਕਿ ਉਹ ਜੀਵਾਂ ਦੇ ਹਰਖ-ਸੋਗ ਆਦਿ ਗੁਣਾਂ ਤੋਂ ਨਿਰਲੇਪ ਹੈ।[43] ਰਾਮਾਨੁਜ ਨੇ ਬ੍ਰਹਮ ਦੇ ਪੰਜ ਰੂਪ ਮੰਨੇ ਹਨ:

(1) ਪਾਰਬ੍ਰਹਮ: ਇਸ ਦਾ ਨਿਵਾਸ ਸਥਾਨ ਬੈਕੁੰਠ ਹੈ, ਬ੍ਰਹਮ ਦਾ ਇਹ ਸਰੂਪ ਕਾਲ ਦੀ ਗਤੀ ਤੋਂ ਪਰੇ ਹੈ ।

(2) ਵਯੂਹ: ਇਹ ਰੂਪ ਬ੍ਰਹਮ ਨੇ ਪੂਜਾ ਅਤੇ ਜਗਤ ਦੀ ਉਤਪਤੀ ਦੇ ਪ੍ਰਯੋਜਨ ਧਾਰਨ ਕੀਤੇ ਹਨ।

(3) ਵਿਭਵ: ਇਹ ਬ੍ਰਹਮ ਦੇ ਦੈਵੀ ਅਵਤਾਰੀ ਸਰੂਪ ਹਨ ।

(4) ਅੰਤਰਯਾਮੀ: ਇਸ ਸਰੂਪ ਨਾਲ ਬ੍ਰਹਮ ਜੀਵਾਂ ਦੇ ਹਿਰਦਿਆਂ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਦਰਸ਼ਨ ਦਿੰਦਾ ਅਤੇ ਜੀਵਾਂ ਦੀਆਂ ਪ੍ਰਵਿਰਤੀਆਂ ਤੇ ਨਿਅੰਤਰਨ ਕਰਦਾ ਹੈ।

(5) ਅਰਚ ਅਵਤਾਰ: ਬ੍ਰਹਮ ਦੇ ਇਸ ਸਰੂਪ ਦੇ ਅੰਤਰਗਤ ਉਪਾਸ਼ਕਾਂ ਦੁਆਰਾ ਅਨੇਕ ਮੂਰਤੀਆਂ ਦੀ ਕਲਪਨਾ ਕਰਕੇ ਇਨ੍ਹਾਂ ਨੂੰ ਘਰਾਂ ਤੇ ਮੰਦਰਾਂ ਵਿਚ ਸਥਾਪਤ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਪਾਰਬ੍ਰਹਮ ਸੂਖਮ ਸਰੀਰ ਦੇ ਰੂਪ ਵਿਚ ਇਨ੍ਹਾਂ ਵਿਚ ਬਿਰਾਜਮਾਨ ਹੈ ।

ਦਵੈਤਵਾਦ ਮੱਤ ਵਿਚ ਮੱਧਵਾਚਾਰੀਆ ਨੇ ਨਿਰਗੁਣ ਬ੍ਰਹਮ ਨੂੰ ਮਿਥਿਆ ਮੰਨਿਆ ਹੈ। "ਮੱਧਵ ਅਨੁਸਾਰ ਅਨੰਤ ਗੁਣਾਂ ਦਾ ਭੰਡਾਰ ਬ੍ਰਹਮ ਸਗੁਣ ਹੈ, ਉਤਪਤੀ, ਸਥਿਤੀ, ਸੰਘਾਰ, ਨਿਯਮ, ਗਿਆਨ, ਬੋਧ, ਬੰਧਨ ਅਤੇ ਮੋਕਸ਼ ਦਾ ਕਰਤਾ ਹੈ—— -ਗਿਆਨ, ਆਨੰਦ ਅਤੇ ਕਲਿਆਣਕਾਰੀ ਗੁਣ ਉਸ ਦੇ ਸਰੀਰ ਹਨ।[44] ਇਸ ਮੱਤ ਵਿਚ ਵਿਸ਼ਨੂੰ ਨੂੰ ਹੀ ਸਾਖਿਆਤ ਬ੍ਰਹਮ ਸਵੀਕਾਰਿਆ ਗਿਆ ਹੈ।

ਦ੍ਵੈਤਾਦ੍ਵੈਤਵਾਦ ਦੇ ਆਚਾਰੀਆ ਨਿੰਬਾਰਕ ਅਨੁਸਾਰ ਬ੍ਰਹਮ ਸ੍ਰਿਸ਼ਟੀ ਦਾ ਕਰਤਾ, ਪਾਲਕ ਅਤੇ ਸੰਘਾਰਕ ਹੈ, ਉਹ ਸੱਤ, ਚਿੱਤ ਅਤੇ ਆਨੰਦ ਸਰੂਪ ਹੈ। ਉਹ ਗਿਆਨ,ਸ਼ਕਤੀ, ਐਸ਼ਵਰਜ,ਤੇਜ, ਸੁਸ਼ੀਲਤਾ, ਵਾਤਸਲ-ਕਰੁਣਾ ਆਦਿ ਗੁਣਾਂ ਦਾ ਭੰਡਾਰ ਅਤੇ ਪ੍ਰਾਕ੍ਰਿਤਕ ਦੋਸ਼ਾਂ ਤੋਂ ਰਹਿਤ ਹੈ। ਉਹ ਨਿਰਗੁਣ, ਸਗੁਣ ਵੀ ਹੈ ਅਤੇ ਸਵਿਸ਼ੇਸ਼ ਤੇ ਨਿਰਵਿਸ਼ੇਸ਼ ਵੀ ਹੈ।" ਇਸ ਮੱਤ ਅਨੁਸਾਰ ਬ੍ਰਹਮ, ਚਿੱਤ(ਜੀਵੀ) ਅਤੇ ਅਚਿੱਤ(ਜਗਤ) ਇਕ ਵੀ ਹਨ ਅਤੇ ਵੱਖ ਵੱਖ ਵੀ।"[45] ਚਿੱਤ ਅਤੇ ਅਚਿੱਤ ਬ੍ਰਹਮ ਤੋਂ ਵੱਖ ਹਨ ਕਿਉਂ ਜੋ ਉਨ੍ਹਾਂ ਦੀ ਵੱਖਰੀ ਹੋਂਦ ਹੈ,(ਦ੍ਵੈਤ) ਪਰੰਤੂ ਉਹ ਵੱਖ ਵੀ ਨਹੀਂ ਕਿਉਂ ਜੋ ਉਨ੍ਹਾਂ ਦੀ ਆਪਣੀ ਵੱਖਰੀ ਸੱਤਾ ਨਹੀਂ (ਅਦ੍ਵੈਤ)[46] ਵਾਸਤਵ ਵਿਚ ਦ੍ਵੈਤ ਅਦ੍ਵੈਤ ਮੱਤ ਰਾਮਾਨੁਜ ਦੇ ਵਿਸ਼ਿਸ਼ਟ ਅਦ੍ਵੈਤ ਅਤੇ ਮੱਧਵਾਚਾਰੀਆ ਦੇ ਦ੍ਵੈਤਵਾਦ ਵਿਚਕਾਰ ਇਕ ਸਮਝੌਤਾ ਜਿਹਾ ਹੈ।[47] ਇਸ ਮੱਤ ਵਿਚ ਸ੍ਰੀ ਕ੍ਰਿਸ਼ਨ ਨੂੰ ਬ੍ਰਹਮ ਦੇ ਰੂਪ ਵਿਚ ਮੰਨਿਆ ਜਾਂਦਾ ਹੈ।

ਸ਼ੁੱਧ ਅਦ੍ਵੈਤਵਾਦ ਦੇ ਆਚਾਰੀਆ ਵੱਲਭ ਨੇ ਮਾਇਆ ਦੇ ਸੰਬੰਧ ਤੋਂ ਰਹਿਤ ਬ੍ਰਹਮ ਨੂੰ ਹੀ ਜਗਤ ਦਾ ਕਾਰਨ ਅਤੇ ਕਾਰਜ ਮੰਨਿਆ ਹੈ। ਇਸ ਮੱਤ ਵਿਚ ਬ੍ਰਹਮ ਹੀ ਇਕ ਮਾਤਰ ਤੱਤ ਹੈ, ਮਾਇਆ ਭਗਵਾਨ ਦੀ ਸ਼ਕਤੀ ਹੈ। ਸ਼ਕਤੀ ਅਤੇ ਬ੍ਰਹਮ ਦੋਨੋਂ ਅਭਿੰਨ ਹਨ।[48] ਬ੍ਰਹਮ ਸੱਤ, ਚਿੱਤ ਅਤੇ ਆਨੰਦ ਸਰੂਪ ਹੈ, ਉਹ ਤ੍ਰੈਗੁਣਾਤੀਤ, ਸੁਤੰਤਰ ਸਰਵ-ਸ਼ਕਤੀਮਾਨ, ਦ੍ਵੈਤ ਰਹਿਤ ਅਥਵਾ ਅਦ੍ਵੈਤ ਹੈ। ਉਹ ਸਾਰੇ ਪਦਾਰਥਾਂ ਤੋਂ ਬੇਲਾਗ, ਮਾਇਆ ਦਾ ਸੁਆਮੀ, ਆਪਣੇ ਸਰੂਪ ਅਤੇ ਆਪਣੇ ਦੁਆਰਾ ਰਚਿਤ ਲੀਲ੍ਹਾ ਵਿਚ ਮਗਨ ਰਹਿਣ ਵਾਲਾ ਹੈ। ਇਸ ਮੱਤ ਵਿਚ ਸ੍ਰੀ ਕ੍ਰਿਸ਼ਨ ਨੂੰ ਪੂਰਨ ਆਨੰਦ-ਸਰੂਪ ,ਪੂਰਨ ਪੁਰਸ਼ੋਤਮ ਅਤੇ ਪਾਰਬ੍ਰਹਮ ਮੰਨਿਆ ਗਿਆ ਹੈ।

ਇਸਲਾਮ ਮੱਤ ਦੇ ਪਵਿੱਤਰ ਗ੍ਰੰਥ ਕੁਰਾਨ ਸ਼ਰੀਫ ਵਿਚ ਅੱਲ੍ਹਾ ਨੂੰ ਸਰਵ-ਸ਼ਕਤੀਮਾਨ ,ਸੰਸਾਰ ਦਾ ਰਚੈਤਾ, ਪਾਲਕ ਅਤੇ ਸੰਘਾਰਕ ਮੰਨਿਆ ਗਿਆ ਹੈ। ਸੂਰਜ,

ਚੰਦਰਮਾ ਅਥਵਾ ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਚੱਲ ਰਹੀ ਹੈ, ਉਸ ਦਾ ਸਾਰੇ ਆਲਮ ਵਿਚ ਰਾਜ ਹੈ।[49] ਉਹ ਜਿਸ ਨੂੰ ਚਾਹੇ ਰਾਜ ਦੇਵੇ ਅਤੇ ਜਿਸ ਤੋਂ ਚਾਹੇ ਰਾਜ ਖੋਹ ਲਵੇ, ਉਹ ਸਰਵ ਸਮਰੱਥ ਹੈ।[50] ਇਸਲਾਮ ਦਾ ਅੱਲ੍ਹਾ ਅਵਤਾਰ ਨਹੀਂ ਧਾਰਦਾ, ਉਹ ਸਦੀਵੀ ਅਥਵਾ ਕਾਲ-ਰਹਿਤ ਹੈ।

ਸੂਫੀ ਮੱਤ ਦਾ ਪ੍ਰੇਰਣਾ ਸ੍ਰੋਤ ਵੀ ਆਮ ਤੌਰ ਤੇ ਕੁਰਾਨ ਸ਼ਰੀਫ ਹੀ ਹੈ ਅਤੇ ਕੁਰਾਨ ਸ਼ਰੀਫ ਵਿਚ ਪਰਮਾਤਮਾ ਨੂੰ ਹੀ ਇਕ ਮਾਤਰ ਸੱਤਾ ਸਵੀਕਾਰਿਆ ਗਿਆ ਹੈ। ਕੁਝ ਸੂਫ਼ੀਆਂ ਦੀ ਧਾਰਨਾ ਅਦ੍ਵੈਤਵਾਦੀ ਹੈ ਅਤੇ ਉਹ ਸੰਸਾਰ ਨੂੰ ਉਸ ਅੱਲ੍ਹਾ ਪਰਮਾਤਮਾ ਦਾ ਪ੍ਰਤੀਬਿੰਬ ਨਹੀਂ ਸਮਝਦੇ। ਪਰਮਾਤਮਾ ਪਰਮ ਕਲਿਆਣਕਾਰੀ ਅਤੇ ਪਰਮ ਸੁੰਦਰ ਹੈ। ਸੰਪੂਰਨ ਸ੍ਰਿਸ਼ਟੀ ਉਸ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੈ।[51]

ਨਾਥ ਸੰਪ੍ਰਦਾਇ ਵਿਚ ਅਵਿਅਕਤ ਬ੍ਰਹਮ ਨੂੰ ਅਵਿਗਤ ਬ੍ਰਹਮ ਕਿਹਾ ਗਿਆ ਹੈ ਜੋ ਨਿਰਗੁਣ, ਨਿਰਾਕਾਰ ਹੈ[52], ਉਹ ਨਿਰੰਜਨ, ਅਪਰਿਵਰਤਨੀ ਹੈ, ਨਾ ਉਹ ਉਦੈ ਹੁੰਦਾ ਹੈ ਨਾ ਅਸਤ ਹੁੰਦਾ ਹੈ, ਨਾ ਰਾਤ ਹੈ ਨਾ ਦਿਵਸ ਹੈ।[53] ਉਸ ਨਿਰਾਕਾਰ ਬ੍ਰਹਮ ਲਈ ਨਾਥਾਂ ਨੇ ਅਗਮ, ਅਗੋਚਰ[54] ਅਪਾਰ[55] ਅਜਰ, ਅਮਰ[56], ਅਲਖ[57] ਆਦਿ ਨਾਵਾਂ ਦਾ ਪ੍ਰਯੋਗ ਕੀਤਾ ਹੈ। ਉਹ ਰੂਪ ਰੇਖਾ ਤੋਂ ਰਹਿਤ ਨਿੱਤ ਤੱਤ ਹੈ।[58] ਗੋਰਖ ਨਾਥ ਨੇ ਬ੍ਰਹਮ ਨੂੰ 'ਨਾਦ ਬ੍ਰਹਮ'[59] ਕਿਹਾ ਹੈ ਅਤੇ ਉਸ ਨੂੰ 'ਧੁਨਿ ਅਨਹਦ ਗਾਜੈ'[60] ਅਤੇ 'ਗੋਰਖ ਉਪਨਿਸ਼ਦ' ਵਿਚ ਅਨਿਰਵਚਨੀਯ ਸਦਾਨੰਦ[61] ਦੇ ਨਾਮ ਨਾਲ ਵੀ ਅਭਿਵਿਅਕਤ ਕੀਤਾ ਹੈ। ਪ੍ਰਸਿੱਧ ਸਿੱਧ ਜਲੰਧਰ ਨਾਥ ਨੇ ਸ਼ੂਨਯ ਨੂੰ ਪਰਮ ਜਯੋਤੀ ਪ੍ਰਕਾਸ਼ ਰੂਪੀ ਪਰਮਪਾਦ ਕਿਹਾ ਹੈ।[62] ਇਸ ਪ੍ਰਕਾਰ ਨਾਥ ਸੰਪ੍ਰਦਾਇ ਵਿਚ ਅਵਿਅਕਤ ਬ੍ਰਹਮ ਦੀ ਧਾਰਨਾ ਨੂੰ ਮਾਨਤਾ ਪ੍ਰਾਪਤ ਹੈ ਅਤੇ ਸ੍ਰਿਸ਼ਟੀ[63] ਤੇ ਪ੍ਰਾਣ[64] ਦੀ ਉਤਪਤੀ ਇਸੇ ਬ੍ਰਹਮ ਤੋਂ ਹੋਈ ਮੰਨੀ ਗਈ ਹੈ।

### 3.1.2 ਗੁਰੂ ਰਵਿਦਾਸ ਦਾ ਬ੍ਰਹਮ ਨਿਰੂਪਣ

ਬ੍ਰਹਮ ਦੇ ਸੰਦਰਭ ਵਿਚ ਉਪਰੋਕਤ ਵਿਵੇਚਨ ਦੇ ਪ੍ਰਕਾਸ਼ ਅਧੀਨ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਭ ਚਿੰਤਕਾਂ ਨੇ ਆਪਣੇ ਅਧਿਆਤਮਕ ਅਨੁਭਵ, ਗਿਆਨ ਅਤੇ ਕਰਮਾਂ ਦੇ ਆਧਾਰ ਤੇ ਪਰਮ-ਪਿਤਾ ਪਰਮਾਤਮਾ ਅਥਵਾ ਬ੍ਰਹਮ ਦੇ ਨਾਮ, ਸਰੂਪ, ਗੁਣਾਂ, ਸਥਾਨ ਆਦਿ ਦਾ ਵਿਸ਼ਲੇਸ਼ਣ ਕੀਤਾ ਹੈ। ਗੁਰੂ ਰਵਿਦਾਸ ਜੀ ਦੇ ਬ੍ਰਹਮ ਨਿਰੂਪਣ

ਸੰਬੰਧੀ ਵਿਚਾਰ ਕਰਨ ਤੋਂ ਪਹਿਲਾਂ ਇਹ ਤੱਥ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਰਵਿਦਾਸ ਨੇ ਕਿਤੇ ਵੀ ਨਿਰੀ ਬੌਧਿਕ ਦ੍ਰਿਸ਼ਟੀ ਤੋਂ ਪਰਮਸਤਿ ਦਾ ਵਿਸ਼ਲੇਸ਼ਣ ਨਹੀਂ ਕੀਤਾ। ਭਗਤ, ਸੰਤ ਅਤੇ ਸਾਧਕ ਹੋਣ ਦੇ ਨਾਤੇ ਉਨ੍ਹਾਂ ਵਿਚ ਵਿਸ਼ਵਾਸ ਅਤੇ ਸ਼ਰਧਾ ਦੀ ਭਾਵਨਾ ਪ੍ਰਬਲ ਸੀ। ਉਹ ਤਾਂ ਤੱਤ ਗਿਆਨ ਦੇ ਧਾਰਨੀ ਅਤੇ ਨਿਰੋਲ ਬੌਧਿਕ ਅਤੇ ਤਾਰਕਿਕ ਵਾਦ ਵਿਵਾਦ ਤੋਂ ਸੰਕੋਚ ਕਰਨ ਵਾਲੇ ਸਨ। ਉਨ੍ਹਾਂ ਦਾ ਬ੍ਰਹਮ ਨਿਰੂਪਣ ਕਿਸੇ ਪ੍ਰਕਾਰ ਦੀ ਦਾਰਸ਼ਨਿਕ ਜਾਂ ਸ਼ਾਸਤਰੀ ਸ਼ੈਲੀ ਨੂੰ ਨਹੀਂ ਅਪਣਾਉਂਦਾ, ਸਗੋਂ ਉਨ੍ਹਾਂ ਦਾ ਦ੍ਰਿਸ਼ਟੀ ਵਿਚ ਤਾਂ ਵੇਦਾਂ, ਪੁਰਾਣਾਂ ਵਿਚ ਵਰਣਿਤ ਸ਼ਾਸਤਰੀ ਗਿਆਨ, ਕਰਮ, ਅਕਰਮ ਉੱਪਰ ਵਿਚਾਰ ਕਰਨ, ਸੁਣਨ ਨਾਲ ਤਾਂ ਮਨੁੱਖੀ ਹਿਰਦੇ ਵਿਚ ਸ਼ੰਕੇ-ਸੰਸੇ ਹੋਰ ਵਧਦੇ ਹਨ, ਅਤੇ ਫਿਰ ਇਸ ਕਰਮ, ਧਰਮ ਨਾਲ ਵਧੇ ਹੰਕਾਰ ਨੂੰ ਕੌਣ ਦੂਰ ਕਰੇਗਾ ? ਆਪ ਦਾ ਫੁਰਮਾਨ ਹੈ:

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ<br>
ਸੰਸਾ ਸਦ ਹਿਰਦੈ ਬਸੈ ਕਉਨ, ਹਿਰੈ ਅਭਿਮਾਨੁ।[65]

ਸੋ ਸਾਡਾ ਮੱਤ ਹੈ ਕਿ ਗੁਰੂ ਰਵਿਦਾਸ ਜੀ ਦਰਸ਼ਨ ਆਚਾਰੀਆ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਨੇ ਦਾਰਸ਼ਨਿਕ ਬਣਨ ਦਾ ਯਤਨ ਹੀ ਕੀਤਾ, ਉਹ ਤਾਂ ਪ੍ਰਮੁੱਖ ਤੌਰ ਤੇ ਅਧਿਆਤਮਕ ਸਾਧਕ ਸਨ। ਉਨ੍ਹਾਂ ਨੇ ਤਾਂ ਪਰਮ ਸੱਤਾ ਪ੍ਰਤੀ ਆਪਣੇ ਵਿਸ਼ਵਾਸ ਅਤੇ ਨਿਸ਼ਠਾ ਨੂੰ ਪੂਰੀ ਤਰ੍ਹਾਂ ਦ੍ਰਿੜ੍ਹ ਕਰਕੇ ਉਸ ਨਾਲ ਕਈ ਪ੍ਰਕਾਰ ਦੇ ਭਾਵਨਾਤਮਕ ਸੰਬੰਧ ਸਥਾਪਿਤ ਕਰ ਲਏ ਸਨ। ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਦੇ ਅਵਿਅਕਤ ਜਾਂ ਨਿਰਗੁਣ ਸਰੂਪ ਦਾ ਪ੍ਰਤਿਪਾਦਨ ਹੋਇਆ ਹੈ ।

ਗੁਰੂ ਰਵਿਦਾਸ ਜੀ ਨੇ ਬ੍ਰਹਮ ਸੰਬੰਧੀ ਦਰਸ਼ਨ ਦੀ ਕੋਈ ਪ੍ਰਾਚੀਨ ਪ੍ਰਣਾਲੀ ਆਪਣੇ ਪੂਰੇ ਰੂਪ ਨਹੀਂ ਅਪਣਾਈ, ਹਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦਾ ਬ੍ਰਹਮ ਨਿਰੂਪਣ ਉਪਨਿਸ਼ਦਾਂ ਦੇ ਅਵਿਅਕਤ ਰੂਪ ਨਾਲ ਕੁਝ ਸਮਾਨਤਾ ਜ਼ਰੂਰ ਰੱਖਦਾ ਹੈ। ਬ੍ਰਹਮ ਨਿਰੂਪਣ ਦੇ ਸੰਦਰਭ ਵਿਚ ਗੁਰੂ ਰਵਿਦਾਸ ਵੇਦਾਂਤ ਦੇ ਅਦਵੈਤਵਾਦੀ ਸੰਪ੍ਰਦਾਇ ਦੇ ਕੁਝ ਸਮੀਪ ਜ਼ਰੂਰ ਕਹੇ ਜਾ ਸਕਦੇ ਹਨ, ਪਰੰਤੂ ਉਨ੍ਹਾਂ ਲਈ ਵੇਦਾਂ ਦੇ ਸਗੁਣ ਬ੍ਰਹਮ ਅਤੇ ਅਵਤਾਰਵਾਦੀ ਰੂਪ ਦਾ ਕੋਈ ਮਹੱਤਵ ਨਹੀਂ ਹੈ। ਆਪ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ। " ਗੁਰੂ ਰਵਿਦਾਸ ਜੀ ਸਗੁਣ ਦੀ ਮਹਿਮਾ ਗਾਉਂਦਿਆਂ ਨਿਰਗੁਣ ਰੂਪ ਦੀ ਰਹੱਸ ਅਨੁਭੂਤੀ ਨੂੰ ਪ੍ਰਾਪਤ ਹੋਏ। ਇਸ ਲਈ ਉਨ੍ਹਾਂ ਦੀ ਵਾਣੀ ਵਿਚ ਅਵਿਅਕਤ ਅਤੇ

ਵਿਅਕਤ ਬ੍ਰਹਮ ਦਾ ਨਿਰੂਪਣ ਭਗਤੀ ਭਾਵਨਾ ਨਾਲ ਬਹੁਤ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ।"[66] ਗੁਰੂ ਰਵਿਦਾਸ ਵਾਣੀ ਵਿਚ ਅਵਿਅਕਤ, ਅਨਿਰਵਚਨੀਯ, ਅਰੂਪ, ਨਿਰੰਜਨ, ਅਦੁੱਤੀ, ਨਿਰਵਿਕਾਰ, 'ਭਇਓ ਉਜਿਆਰੋ ਭਵਨ ਸਗਲਾਰੇ' ਅਰਥਾਤ ਚਾਰੇ ਦਿਸ਼ਾਵਾਂ ਵਿਚ ਪ੍ਰਕਾਸ਼ਵਾਨ ਬ੍ਰਹਮ ਨੂੰ ਕਈ ਢੰਗਾਂ, ਵਿਭਿੰਨ ਵਿਧੀਆਂ ਅਤੇ ਸਰੂਪਾਂ ਦੁਆਰਾ ਪ੍ਰਸਤੁਤ ਕੀਤਾ ਗਿਆ ਹੈ।

ਗੁਰੂ ਰਵਿਦਾਸ ਅਨੁਸਾਰ ਬ੍ਰਹਮ ਹੀ ਪਰਮਾਰਥਿਕ ਸੱਤ ਹੈ। ਉਹ ਸੱਤ, ਚਿੱਤ, ਆਨੰਦ ਸਰੂਪ ਹੈ, ਉਹ ਨਿਰਗੁਣ, ਨਿਰਾਕਾਰ, ਨਿਰਵਿਕਾਰ, ਅਰੂਪ, ਅਨਾਮ, ਅਜਨਮਾ, ਅਵਿਨਾਸ਼ੀ, ਇੰਦਰੀ-ਅਤੀਤ ਅਤੇ ਗੁਣਾਤੀਤ ਹੈ। ਗੁਰੂ ਰਵਿਦਾਸ ਨੇ ਬ੍ਰਹਮ ਦੇ ਅਵਿਅਕਤ ਸਰੂਪ ਨੂੰ ਦੋ ਪ੍ਰਕਾਰ ਨਾਲ ਰੂਪਮਾਨ ਕੀਤਾ ਹੈ:

(ੳ) ਅਵਿਅਕਤ ਨਿਰਗੁਣ ਰੂਪ ਬ੍ਰਹਮ (ਅ) ਅਵਿਅਕਤ ਸਗੁਣ ਸਰੂਪ ਬ੍ਰਹਮ

(ੳ) ਅਵਿਅਕਤ ਨਿਰਗੁਣ ਰੂਪ ਬ੍ਰਹਮ

ਅਵਿਅਕਤ ਨਿਰਗੁਣ ਤੋਂ ਭਾਵ ਗੁਣ ਅਤੀਤ ਹੈ ਅਰਥਾਤ ਜੋ ਗੁਣਾਂ ਦੀ ਸੀਮਾਂ ਵਿਚ ਨਾ ਬੰਨ੍ਹਿਆ ਜਾ ਸਕੇ। ਉਹ ਇਕ ਅਜਿਹੀ ਪਰਮਾਰਥਿਕ ਸੱਤਾ ਹੈ ਜੋ ਸੱਤ, ਰਜ, ਤਮ ਤਿੰਨਾਂ ਗੁਣਾਂ ਤੋਂ ਉੱਪਰ ਹੈ। ਗੁਰੂ ਰਵਿਦਾਸ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ ਅਤੇ ਨਿਰਗੁਣ ਬ੍ਰਹਮ ਨੂੰ ਵਿਅਕਤ ਨਹੀਂ ਕੀਤਾ ਜਾ ਸਕਦਾ। ਵਾਣੀ ਵਿਚ ਬਹੁਤ ਥਾਵਾਂ ਤੇ ਪਰਮ ਤੱਤਵ ਨੂੰ ਅਵਿਗਤ ਅਥਵਾ ਅਵਿਅਕਤ ਕਿਹਾ ਗਿਆ ਹੈ, ਆਪ ਲਿਖਦੇ ਹਨ:

ਅਬਿਗਤਿ ਨਾਥ ਨਿਰੰਜਨ ਦੇਵਾ, ਮੈਂ ਕਾ ਜਾਨੂੰ ਤੁਮ੍ਹਰੀ ਸੇਵਾ।[67]

ਅਜਰ ਅਮਰ ਅਡੋਲ ਅਭੇਖ, ਨਿਰਗੁਨ ਰਹਿਤ ਰੂਪ ਨਹੀਂ ਰੇਖ।
ਚੇਤਨ ਸਤ ਚਿਤ ਘਟ ਆਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ।
ਅਨੂਪ ਅਜਨਮਾ ਸਰਬਗਯ ਅਨੰਤਾ, ਅਭੇਦ ਅਦੋਖ ਅਵਿਗਤ ਸੁਛੰਦਾ।[68]

ਦੂਸਰੇ ਪਦ ਵਿਚ ਗੁਰੂ ਰਵਿਦਾਸ ਨੇ ਅਨੰਤ ਗੁਣਾਂ ਦੇ ਭੰਡਾਰ, ਅਜਰ, ਅਮਰ, ਅਡੋਲ, ਅਭੇਖ, ਸਰਵੱਗ, ਚੇਤਨ ਸੱਤਾ, ਨਿਰਾਕਾਰ, ਨਿਰਵਿਕਾਰ, ਆਨੰਦ-ਰੂਪ, ਅੰਮ੍ਰਿਤ-

ਸਰੂਪ ਅਵਿਅਕਤ ਬ੍ਰਹਮ ਨੂੰ ਵਿਸ਼ੇਸ਼ਣਾਂ ਦੁਆਰਾ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਗੁਰੂ ਰਵਿਦਾਸ ਵਾਣੀ ਵਿਚੋਂ ਅਵਿਅਕਤ ਨਿਰਗੁਣ ਬ੍ਰਹਮ ਦੇ ਨਿਮਨ-ਲਿਖਤ ਰੂਪ ਦ੍ਰਿਸ਼ਟੀ-ਗੋਚਰ ਹੁੰਦੇ ਹਨ:

(1) ਅਨਿਰਵਚਨੀਯ ਤੱਤ ਰੂਪ ਬ੍ਰਹਮ

(2) ਸ਼ਬਦ ਰੂਪ ਬ੍ਰਹਮ

(3) ਉਂਕਾਰ ਰੂਪ ਬ੍ਰਹਮ

(4) ਨਿਰੰਜਨ ਰੂਪ ਬ੍ਰਹਮ

(5) ਸ਼ੂਨਯ ਰੂਪ ਬ੍ਰਹਮ

(1) ਅਨਿਰਵਚਨੀਯ ਤੱਤ ਰੂਪ ਬ੍ਰਹਮ

ਪ੍ਰਾਚੀਨਤਮ ਕਾਲ ਤੋਂ ਹੀ ਨਿਰਗੁਣ ਬ੍ਰਹਮ ਦਾ ਵਿਵੇਚਨ ਅਨਿਰਵਚਨੀਯ ਤੱਤ ਰੂਪ ਵਿਚ ਕੀਤਾ ਜਾਂਦਾ ਰਿਹਾ ਹੈ। ਵਾਸਤਵ ਵਿਚ ਬ੍ਰਹਮ ਵਾਣੀ ਦਾ ਵਿਸ਼ਾ ਨਹੀਂ ਹੈ, ਉਹ ਵਰਣਨ ਦੀ ਸੀਮਾਂ ਤੋਂ ਬਾਹਰ ਹੈ, ਉਹ ਅਸੀਮ ਹੈ ਅਤੇ ਅਸੀਮ ਨੂੰ ਸੀਮਤ ਭਾਸ਼ਾ ਦੇ ਮਾਧਿਅਮ ਦੁਆਰਾ ਕਿਵੇਂ ਪ੍ਰਤਿਪਾਦਤ ਕੀਤਾ ਜਾ ਸਕਦਾ ਹੈ। ਕਠਉਪਨਿਸ਼ਦ ਵਿਚ ਇਸ ਸੰਦਰਭ ਵਿਚ ਉਲੇਖ ਹੈ ਕਿ ਬ੍ਰਹਮ ਵਾਣੀ ਦਾ ਵਿਸ਼ਾ ਨਹੀਂ ਹੋ ਸਕਦਾ, ਉਹ ਤਾਂ ਇੰਦਰੀ-ਅਤੀਤ ਹੈ,ਸ਼ਬਦ ਰਹਿਤ, ਸਪਰਸ਼ ਰਹਿਤ, ਰੂਪ ਰਹਿਤ, ਰਸ ਰਹਿਤ ਅਤੇ ਗੰਧ ਰਹਿਤ ਹੈ। ਉਹ ਅਵਿਨਾਸ਼ੀ, ਨਿੱਤ, ਅਨਾਦੀ, ਅਨੰਤ, ਮਹਾਨ, ਸਰਵ-ਉੱਤਮ, ਸੱਤ ਤਤਵ ਹੈ।[69] ਉਸ ਦਾ ਵਰਣਨ ਕਰਨ ਦੇ ਸਾਧਨ ਤੇ ਸਰੋਤ ਸੀਮਤ ਅਤੇ ਅਪੂਰਨ ਹਨ ਕਿਉਂ ਕਿ ਉਹ ਅਰੂਪ, ਅਮੂਰਤ ਅਤੇ ਇੰਦਰੀ ਅਤੀਤ ਹੈ। ਡਾ. ਪੀਤਾਂਬਰ ਦੱਤ ਬੜਥਵਾਲ ਦਾ ਕਥਨ ਹੈ ਕਿ ਪੂਰਨ ਰੂਪ ਵਿਚ ਉਸ ਪਰਮ ਸੱਤਾ ਦਾ ਕੋਈ ਵਿਚਾਰ ਹੀ ਨਹੀਂ ਕਰ ਸਕਦਾ ਕਿਉਂ ਕਿ ਉਹ ਮਨੁੱਖੀ ਮਨ ਤੋਂ ਪਰੇ ਹੈ। ਮੂਰਤ ਰੂਪ ਦਾ ਆਧਾਰ ਚਾਹੁੰਦੀ ਹੈ ਅਤੇ ਵਾਣੀ ਰੂਪਕ ਦਾ। ਇਸ ਲਈ ਉਸ ਅਮੂਰਤ ਅਤੇ ਅਨੂਪਮ ਨੂੰ ਗ੍ਰਹਿਣ ਕਰਨ ਵਿਚ ਬੁੱਧੀ ਅਤੇ ਵਿਅਕਤ ਕਰਨ ਵਿਚ ਵਾਣੀ ਅਸਮਰਥ ਹੈ। ਬੁੱਧੀ ਨਾਲ ਸਾਨੂੰ ਉਨ੍ਹਾਂ ਪਦਾਰਥਾਂ ਦਾ ਗਿਆਨ ਹੋ ਸਕਦਾ ਹੈ ਜੋ ਇੰਦਰੀਆਂ ਦੇ ਗੋਚਰ ਹਨ, ਇੰਦਰੀ ਅਤੀਤ ਦਾ ਨਹੀਂ।[70]

ਸੰਤ ਕਬੀਰ ਅਨੁਸਾਰ ਬ੍ਰਹਮ ਅਜਿਹਾ ਅਨੂਪ ਤੱਤ ਹੈ ਜਿਸ ਦਾ ਕੋਈ ਆਕਾਰ ਨਹੀਂ ਹੈ ਅਤੇ ਜੋ ਪੁਸ਼ਪ ਅਥਵਾ ਫੂਲ ਦੀ ਮਹਿਕ ਤੋਂ ਵੀ ਸੂਖਮ ਹੈ। ਆਪ ਦਾ ਕਥਨ ਹੈ:

ਜਾਕੈ ਮੁੰਹ ਮਾਥਾ ਨਹੀਂ, ਨਾ ਹੀ ਰੂਪ ਅਰੂਪ
ਪੁਹੁਪ ਬਾਸ ਥੈਂ ਪਾਤਰਾ, ਐਸਾ ਤੱਤ ਅਨੂਪ ।[71]

ਗੁਰੂ ਰਵਿਦਾਸ ਦਾ ਬ੍ਰਹਮ ਵੀ ਅਨਿਰਵਚਨੀਯ, ਅਕਥਨੀਯ ਅਤੇ ਵਰਣਨ ਤੋਂ ਪਰੇ ਹੈ। ਉਹ ਉਪਮਾ-ਰਹਿਤ, ਅਦੁੱਤੀ, ਵਿਲੱਖਣ ਅਤੇ ਆਪਣੇ ਵਰਗਾ ਖ਼ੁਦ ਆਪ ਹੀ ਹੈ। ਆਪ ਲਿਖਦੇ ਹਨ:

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ।[72]

ਵਾਸਤਵ ਵਿਚ ਬ੍ਰਹਮ ਤਾਂ ਅਨੁਭਵ ਦਾ ਵਿਸ਼ਾ ਹੈ, ਉਸ ਵਿਚ ਲੀਨ ਹੋ ਕੇ ਹੀ ਉਸ ਅਨੂਪਮ, ਵਿਲੱਖਣ ਅਤੇ ਨਿਵੇਕਲੀ ਪਰਮ-ਸੱਤਾ ਨੂੰ ਜਾਣਿਆ ਜਾ ਸਕਦਾ ਹੈ। ਬ੍ਰਹਮ ਦੇ ਸਰੂਪ ਦਾ ਵਿਸ਼ਾ ਲਿਖਣ, ਪੜ੍ਹਣ, ਬੋਲਣ ਅਤੇ ਸਮਝਾਉਣ ਦਾ ਨਹੀਂ ਹੈ, ਜਗਤ ਦੇ ਕਿਸੇ ਵੀ ਪਦਾਰਥ ਨਾਲ ਉਸ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਉਸ ਬਾਰੇ ਕਹਿਣ, ਸਮਝਾਉਣ ਅਤੇ ਅਨੁਭਵ ਕਰਨ ਵਿਚ ਢੇਰ ਅੰਤਰ ਹੈ। ਉਸ ਨਾਲ ਇਕਸੁਰਤਾ ਕਾਇਮ ਕਰਕੇ ਹੀ ਉਸ ਸਤਿ-ਸਰੂਪ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਆਪ ਦਾ ਕਥਨ ਹੈ:-

ਮਨ ਮੇਰੇ ! ਸਤਿ ਸਰੂਪ ਵਿਚਾਰੋ
ਆਦਿ ਅੰਤਿ ਅਨੰਦ ਪਰਮਪਦ, ਸੰਸਾ ਸਕਲ ਨਿਵਾਰੋ।1। ਟੇਕ।
ਜਸ ਹਰਿ ਕਹਿਏ, ਤਸ ਹਰਿ ਨਾਹਿ, ਹੈ ਅਸ ਜਸੁ ਕਛੁ ਤੈਸਾ।
ਜਾਨਤ ਜਾਨਤ ਜਾਨਿ ਰਹਯੋ ਮਨ, ਮਰਮ ਕਹੋ ਨਿਜ ਕੈਸਾ।2।
ਕਹਿਯਤ ਆਨ ਅਨਭਵਤ ਆਨ, ਰਸ ਮਿਲਯੋ ਬਿਗਰ ਨ ਹੋਈ।
ਬਾਹਰਿ ਭੀਤਰਿ ਪਰਗਟੁ ਗੁਪਤ, ਘਟ ਘਟ ਪ੍ਰਤਿ ਅਵਰੁ ਨ ਸੋਈ।3।

ਗੁਰੂ ਜੀ ਅਨੁਸਾਰ ਪਰਮਸਤਿ ਦੇ ਸਰੂਪ ਨੂੰ ਹਿਰਦੇ ਅੰਦਰ ਪ੍ਰਗਟ ਕਰਕੇ ਹੀ ਸਾਰੇ ਸ਼ੰਕਿਆਂ ਦੀ ਨਿਵਿਰਤੀ ਹੋ ਸਕਦੀ ਹੈ। ਹਰੀ ਦੇ ਸਰੂਪ ਨੂੰ ਕਥਨੀ ਵਿਚ ਲਿਆਂਦਾ ਹੀ ਨਹੀਂ ਜਾ ਸਕਦਾ। ਜਿਸ ਤਰ੍ਹਾਂ ਗੂੰਗਾ ਵਿਅਕਤੀ ਸ਼ੱਕਰ[74] ਚਖ ਕੇ ਉਸ ਦੇ ਮਿਠਾਸ ਦੇ ਵਿਸ਼ੇ

ਬਾਰੇ ਦੱਸ ਨਹੀਂ ਸਕਦਾ, ਕਿਉਂ ਕਿ ਉਹ ਵਾਣੀ ਤੋਂ ਰਹਿਤ ਹੁੰਦਾ ਹੈ, ਇਸੇ ਤਰ੍ਹਾਂ ਅਨਿਰਵਚਨੀਯ ਬ੍ਰਹਮ-ਸਰੂਪ ਬਾਰੇ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਪਰਮਸ਼ਾਂਤਿ ਦੀ ਅਨੁਭੂਤੀ ਦਾ ਆਨੰਦ ਇੰਨਾ ਅਦਭੁਤ ਅਤੇ ਵਿਲੱਖਣ ਹੁੰਦਾ ਹੈ ਕਿ ਉਸ ਨੂੰ ਵਾਣੀ ਦੁਆਰਾ ਪ੍ਰਗਟਾਇਆ ਹੀ ਨਹੀਂ ਜਾ ਸਕਦਾ। ਆਪ ਕਹਿੰਦੇ ਹਨ:

ਐਸੋ ਕਛੁ ਅਨਭਉ ਕਹਤ ਨ ਆਵੈ ।
ਸਾਹਿਬ ਮੇਰੋ ਮਿਲੈ ਤਉ ਕੋ ਬਿਲਗਾਵੈ ।ਟੇਕ।

- - - - - - - - - - - - - - - - -

ਤਨੁ ਥਿਰ ਹੋਇ ਤੋ ਕਾਇ ਨ ਸੂਝੈ, ਜਾਨੈ ਜਾਨਨਹਾਰਾ।
ਕਹੈ ਰਵਿਦਾਸ ਵਿਮਲ ਬਮੇਕ ਸੁਖ, ਸਹਜ ਸਰੂਪ ਸੰਭਾਰਾ।[75]

ਪਰਮ ਤੱਤਵ ਨਾਲ ਮਿਲਾਪ ਉਪਰੰਤ ਸਾਧਕ ਨੂੰ ਆਪਣੇ ਆਪ ਦੀ ਸੁੱਧ-ਬੁੱਧ ਨਹੀਂ ਰਹਿੰਦੀ, ਉਹ ਪ੍ਰਭੂ ਪ੍ਰੇਮ ਵਿਚ ਮਗਨ ਹੋ ਜਾਂਦਾ ਹੈ, ਪ੍ਰੇਮ-ਰਸ ਵਿਚ ਖੀਵੇ ਅਤੇ ਸਹਿਜ ਅਵਸਥਾ ਵਿਚ ਭਾਵ-ਵਿਭੋਰ ਹੋਏ ਪ੍ਰਾਣੀ ਨੂੰ ਫਿਰ ਕੁਝ ਵੀ ਸੁੱਝਦਾ ਨਹੀਂ ਹੈ, ਇਸ ਰਾਮ-ਨਾਮ ਦੀ ਮਸਤੀ ਵਿਚ ਖੋਇਆ ਪ੍ਰਭੂ-ਭਗਤ ਫਿਰ ਸਤਿ-ਸਰੂਪ ਦਾ ਵਰਣਨ ਕਿਵੇਂ ਕਰ ਸਕਦਾ ਹੈ। ਇਸ ਲਈ ਹੀ ਤਾਂ ਗੁਰੂ ਰਵਿਦਾਸ ਨੂੰ ਇਸ ਦੁਨੀਆਂ ਵਿਚ ਉਸ ਅਨਿਰਵਚਨੀਯ ਪ੍ਰੀਤਮ-ਪਿਆਰੇ ਵਰਗਾ ਕੋਈ ਹੋਰ ਨਜ਼ਰ ਹੀ ਨਹੀਂ ਆਉਂਦਾ ਜਿਸ ਨਾਲ ਉਪਮਾ ਕੇ ਉਹ ਬ੍ਰਹਮ ਦੇ ਸਰੂਪ ਨੂੰ ਪ੍ਰਗਟ ਕਰ ਸਕਣ। ਆਪਦਾ ਕਥਨ ਹੈ:

ਕਹੈ ਰਵਿਦਾਸ ਅਕਥ ਕਥਾ, ਉਪਨਿਸ਼ਦ ਸੁਨੀਜੈ।
ਜਸ ਤੂੰ ਤਸ ਤੂੰ ਹੀ, ਕਸ ਅਪਮ ਦੀਜੈ।[76]

ਗੁਰੂ ਜੀ ਅਨੁਸਾਰ ਪ੍ਰਭੂ-ਭਗਤੀ ਬੋਲਣ ਦਾ ਵਿਸ਼ਾ ਨਹੀਂ ਹੈ, ਜਜ਼ਬ ਕਰਨ ਦਾ ਹੈ, ਭਗਤੀ ਬਾਰੇ ਚਰਚਾ ਕਰਨ ਦਾ ਨਹੀਂ, ਸਹਿਜ ਸਮਾਧੀ ਦੀ ਅਵਸਥਾ ਵਿਚ ਰਹਿਣ ਦਾ ਹੈ। ਉਸ ਨਾਲ ਇਕਮਿਕ ਤੇ ਇਕ-ਰਸ ਹੋ ਕੇ ਤਾਂ ਜਗਿਆਸੂ ਦਾ ਮਨ ਸ਼ਾਂਤ ਹੋ ਜਾਂਦਾ ਹੈ:

ਤੇਰੋ ਜਨ ਕਾਹੇ ਕੋ ਬੋਲੈ ।
ਬੋਲਿ ਬੋਲਿ ਅਪਨੀ, ਭਗਤਿ ਕਧੂੰ ਖੋਲੈ। ਟੇਕ।[77]

ਪ੍ਰਭੂ ਵਿਚ ਵਿਲੀਨ ਹੋਏ ਗੁਰੂ ਰਵਿਦਾਸ ਨੂੰ ਆਤਮਾ-ਪਰਮਾਤਮਾ ਵਿਚ ਭਿੰਨਤਾ

ਦਿਖਾਈ ਨਹੀਂ ਦਿੰਦੀ, ਉਸ ਨਾਲ ਅਭੇਦ ਹੋ ਕੇ ਜਦੋਂ ਬ੍ਰਹਮ, ਜੀਵ ਤੇ ਜਗਤ ਦੀ ਦੂਰੀ ਹੀ ਮਿਟ ਗਈ ਤਾਂ ਉਹ ਪਰਮਸਤਿ ਦੇ ਸਰੂਪ ਨੂੰ ਬਿਆਨ ਕਿਵੇਂ ਕਰਨ, ਉਹ ਤਾਂ ਆਪਣਾ ਆਪਾ ਵਿਲੀਨ ਕਰਕੇ ਖ਼ੁਦ ਉਸ ਵਿਚ ਸਮਾ ਗਏ ਹਨ, ਅਭੇਦ ਹੋ ਗਏ ਹਨ, ਇਕ-ਰੂਪ ਬਣ ਗਏ ਹਨ। ਅਜਿਹੀ ਸਥਿਤੀ ਵਿਚ ਉਹ ਪ੍ਰਭੂ ਦੇ ਸਰੂਪ ਦਾ ਵਰਣਨ ਕਿਸ ਤਰ੍ਹਾਂ ਕਰ ਸਕਦੇ ਹਨ। ਆਪ ਦਾ ਫਰਮਾਨ ਹੈ:

ਅਬ ਕਾ ਕਹਿ ਕੌਨ ਬਤਾਊਂ, ਅਬ ਕਾ ਕਹਿ ਦੇਵਲਿ ਦੇਵ ਸਮਾਊਂ। ਟੇਕ।

- - - - - - - - - - - - - - - - - - - - - - -

ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਸੌਰਹਿੰ ਹੋਈ।
ਜਾ ਸਯੌਂ ਗਾਇਹਿ ਗਾਇ ਕਹਤ ਹੈਂ, ਪਰਮ ਰੂਪ ਹਮ ਸੋਈ।[78]

ਅਨਿਰਵਚਨੀਯ ਅਤੇ ਅਕਥਨੀਯ ਬ੍ਰਹਮ ਦਾ ਵਰਣਨ ਵਾਣੀ ਵਿਚ ਕਈ ਪ੍ਰਕਾਰ ਨਾਲ ਹੋਇਆ ਹੈ:

(1) ਨਿਰਗੁਣਵਾਚੀ ਵਿਸ਼ੇਸ਼ਣਾਂ ਦੁਆਰਾ ਬ੍ਰਹਮ ਨਿਰੂਪਣ
(2) ਨਾਕਾਰਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ
(3) ਵਿਭਾਵਾਤਮਕ ਸ਼ੈਲੀ ਦੁਆਰਾ
(4) ਵਿਰੋਧਾਤਮਕ ਸ਼ੈਲੀ ਦੁਆਰਾ
(5) ਰੂਪਾਤਮਕ ਸ਼ੈਲੀ ਦੁਆਰਾ

(ੳ) ਨਿਰਗੁਣਵਾਚਕ ਵਿਸ਼ੇਸ਼ਣਾਂ ਦੁਆਰਾ ਬ੍ਰਹਮ ਨਿਰੂਪਣ

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਨਿਰਗੁਣਵਾਚਕ ਵਿਸ਼ੇਸ਼ਣਾਂ ਦੁਆਰਾ ਸੀਮਿਤ ਕੀਤਾ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਬ੍ਰਹਮ ਨੂੰ ਮਹਾਨ, ਅਜਨਮਾ, ਅਮਰ ਅਤੇ ਅਭੈ ਦਸਿਆ ਗਿਆ ਹੈ।[79] ਉਪਨਿਸ਼ਦਾਂ ਅਨੁਕੂਲ ਗੁਰੂ ਰਵਿਦਾਸ ਵਾਣੀ ਵਿਚ ਨਿਰਗੁਣਵਾਚਕ ਵਿਸ਼ੇਸ਼ਣਾਂ ਦੁਆਰਾ ਬ੍ਰਹਮ ਦਾ ਸੁੰਦਰ ਵਰਣਨ ਕੀਤਾ ਗਿਆ ਹੈ। ਆਪ ਨੇ ਬ੍ਰਹਮ ਨੂੰ ਅਜਰ, ਅਮਰ, ਅਡੋਲ, ਅਭੇਖ, ਅਨੰਤ, ਅਭੇਦ, ਅਜਨਮਾ, ਅਨੂਪਮ, ਅਗਮ, ਅਗੋਚਰ, ਅਛਰ, ਅਤਰਕ, ਨਿਹਚਲ, ਨਿਰਭੈ, ਨਿਰਾਕਾਰ, ਨਿਰਵਿਕਾਰ, ਰੇਖਾ ਰਹਿਤ ਆਦਿ ਨਿਰਗੁਣਵਾਚਕ ਵਿਸ਼ੇਸ਼ਣਾਂ ਦੁਆਰਾ ਵਰਣਿਤ ਕੀਤਾ ਹੈ। ਆਪ ਲਿਖਦੇ ਹਨ:

ਅਜਰ, ਅਮਰ, ਅਡੋਲ, ਅਭੇਖ, ਨਿਰਗੁਨ ਰਹਿਤ ਰੂਪ ਨਹਿ ਰੇਖਾ।
ਚੇਤਨ ਸਤ ਚਿਤ ਘਟ ਆਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ ।
ਅਨੂਪ ਅਜਨਮਾ ਸਰਵਗਯ ਅਨੰਤਾ, ਅਭੇਦ ਅਦੇਖ ਅਵਿਗਤ ਸੁਛੰਦਾ ।[80]

ਨਿਹਚਲ ,ਨਿਰਾਕਾਰ, ਅਜ, ਅਨੁਪਮ, ਨਿਰਭੈ ਮਤਿ ਗੋਵਿੰਦਾ।
ਅਗਮ, ਅਗੋਚਰ, ਅਛਰ, ਅਤਰਕ, ਨਿਰਗੁਨ ਅੰਤਿ ਆਨੰਦਾ।[81]

ਅਗਤ ਵਿਗਤ ਅਨਾਦਿ ਅਨੂਪਾ, ਵਿਸਵ ਵਿਆਪਕ ਬ੍ਰਹਮ ਅਰੂਪਾ।[82]

(ਅ) ਨਾਕਾਰਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ ਬ੍ਰਹਮ ਨਿਰੂਪਣ

ਉਪਨਿਸ਼ਦਾਂ ਵਿਚ ਨਾਕਾਰਾਤਮਕ ਸ਼ੈਲੀ ਦੁਆਰਾ ਬ੍ਰਹਮ-ਵਰਨਨ ਕੀਤਾ ਗਿਆ ਹੈ। ਇਸ ਸ਼ੈਲੀ ਦੁਆਰਾ ਬ੍ਰਹਮ ਵਿਚ ਕਿਸੇ ਗੁਣ ਦੀ ਕਲਪਨਾ ਨਾ ਕਰ ਕੇ ਉਸ ਨੂੰ ਗੁਣਾਂ ਅਤੇ ਵਿਸ਼ੇਸ਼ਣਾਂ ਤੋਂ ਪਰੇ ਦੱਸਿਆ ਜਾਂਦਾ ਹੈ। ਜਗਤ ਦੇ ਨਾਮਰੂਪਾਤਮਕ ਪਦਾਰਥਾਂ ਵਿਚੋਂ ਬ੍ਰਹਮ ਕੁਝ ਵੀ ਨਹੀਂ ਹੈ। ਡਾ. ਧਰਮਪਾਲ ਮੈਨੀ ਅਨੁਸਾਰ, "ਵੇਦਾਂ ਵਿਚ ਜਿਸ 'ਨੇਤਿ' (ਅਜਿਹਾ ਨਹੀਂ, ਅਜਿਹਾ ਨਹੀਂ) ਸਰੂਪ ਦਾ ਆਖਿਆਨ ਹੋਇਆ ਹੈ, ਪਰਵਰਤੀ ਸਾਰੀ ਭਾਰਤੀ ਪਰੰਪਰਾ ਨੇ ਬ੍ਰਹਮ ਨੂੰ ਸਮਝਣ ਦੇ ਯਤਨ ਵਿਚ ਇਸੇ ਢੰਗ ਦਾ ਸਹਾਰਾ ਲਿਆ ਹੈ।"[83] ਬ੍ਰਿਹਦਾਰਣਯਕ ਉਪਨਿਸ਼ਦ ਵਿਚ ਲਿਖਿਆ ਹੈ ਕਿ ਉਹ ਬ੍ਰਹਮ ਨਾ ਸਥੂਲ ਹੈ ਨਾ ਸੂਖਮ ਹੈ, ਨਾ ਤੁੱਛ ਹੈ ਨਾ ਵਿਸ਼ਾਲ, ਨਾ ਅਰੁਣ ਹੈ ਨਾ ਦ੍ਰਵ, ਨਾ ਛਾਇਆ ਹੈ ਨਾ ਤਪ ਹੈ, ਨਾ ਵਾਯੂ ਹੈ ਨਾ ਆਕਾਸ਼ ਹੈ, ਨਾ ਰੰਗ ਹੈ ਨਾ ਰਸ ਹੈ ਅਤੇ ਨਾ ਹੀ ਗੰਧ ਹੈ। ਨਾ ਅੱਖ ਹੈ ਨਾ ਕੰਨ, ਨਾ ਵਾਣੀ ਹੈ, ਨਾ ਮਨ ਹੈ, ਨਾ ਤੇਜ ਹੈ, ਨਾ ਪ੍ਰਾਣ ਹੈ, ਨਾ ਮੁੱਖ ਹੈ, ਨਾ ਉਸ ਵਿਚ ਮਾਇਆ ਹੈ, ਉਹਨਾਂ ਅੰਦਰ ਹੈ ਨਾ ਬਾਹਰ ਹੈ।[84]

ਨਾਥ ਸੰਪ੍ਰਦਾਇ ਵਿਚ ਵੀ ਨਾਕਾਰਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ ਨਿਰਗੁਣ ਬ੍ਰਹਮ ਦਾ ਵਰਣਨ ਕੀਤਾ ਗਿਆ ਹੈ। ਗੋਰਖ ਨਾਥ ਦਾ ਕਥਨ ਹੈ ਕਿ ਬ੍ਰਹਮ ਨਾ ਆਕਾਸ਼ ਹੈ ਨਾ ਧਰਤੀ, ਨਾ ਚੰਦ ਹੈ ਨਾ ਸੂਰਜ, ਨਾ ਦਿਨ ਹੈ ਨਾ ਰਾਤ, ਨਾ ਉਂਕਾਰ ਹੈ ਨਾ ਨਿਰਾਕਾਰ, ਨਾ ਸੂਖਮ ਨਾ ਸਥੂਲ, ਨਾ ਸਰੀਰ ਨਾ ਪ੍ਰਾਣ, ਨਾ ਮਿੱਤਰ ਹੈ ਨਾ ਪੁੱਤਰ, ਨਾ ਪੈਦਾ ਹੁੰਦਾ ਹੈ ਨਾ ਬਿਨਸਦਾ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ, ਨਾ ਉਸ ਦੀ ਮਾਂ ਹੈ ਨਾ ਬਾਪ ਹੈ।[85]

ਗੁਰੂ ਰਵਿਦਾਸ ਵਾਣੀ ਵਿਚ ਵੀ ਉਕਤ ਸ਼ੈਲੀ ਦੁਆਰਾ ਬ੍ਰਹਮ ਦਾ ਨਿਰੂਪਣ

ਕੀਤਾ ਗਿਆ ਹੈ। ਗੁਰੂ ਜੀ ਦਾ ਕਥਨ ਹੈ ਕਿ ਨਿਰਗੁਣ ਬ੍ਰਹਮ ਨਾ ਵਰਣ ਹੈ ਨਾ ਆਵਰਣ ਹੈ, ਨਾ ਉਹ ਅਰੂਪ ਹੈ ਨਾ ਉਸ ਦਾ ਰੂਪ ਹੈ, ਨਾ ਚੰਦ ਹੈ ਨਾ ਸੂਰਜ ਹੈ, ਨਾ ਰਾਤ ਹੈ ਨਾ ਦਿਨ ਨਾ ਧਰਤੀ ਹੈ ਨਾ ਆਕਾਸ਼ ਹੈ, ਨਾ ਕਰਮ ਹੈ ਨਾ ਅਕਰਮ ਹੈ, ਨਾ ਸ਼ੁਭ ਹੈ ਨਾ ਅਸ਼ੁਭ ਹੈ, ਨਾ ਸੀਤ ਹੈ ਨਾ ਧੁੱਪ ਹੈ, ਨਾ ਜੋਗ ਹੈ ਨਾ ਭੋਗ ਹੈ, ਨਾ ਹਵਾ, ਮਿੱਟੀ, ਪਾਣੀ ਹੈ, ਨਾ ਕਾਮੀ ਹੈ, ਨਾ ਕੁਟਿਲ ਹੈ, ਨਾ ਉਸ ਦਾ ਕੋਈ ਨਾਮ ਹੈ, ਨਾ ਉਹ ਸਗੁਣ ਹੈ ਨਾ ਗੁਣ ਰਹਿਤ ਹੈ। ਮੈਂ ਉਸ ਨੂੰ ਕੀ ਕਹਿ ਕੇ ਸਮਝਾਵਾਂ, ਬੱਸ ਜਦੋਂ ਕੇਵਲ ਉਸ ਇੱਕੋ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਜੀਵ ਜਨਮ-ਮਰਨ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਆਪ ਲਿਖਦੇ ਹਨ:

> ਚੰਦ ਸੂਰ ਨਹੀਂ, ਰਾਤਿ ਦਿਵਸ ਨਹੀਂ,
> ਧਰਨਿ ਅਕਾਸ ਨ ਭਾਈ ।
> ਕਰਮ ਅਕਰਮ ਨਹੀਂ ਸੁਭ ਅਸੁਭ ਨਹੀਂ
> ਕਾ ਕਹਿ ਦੇਹੁੰ ਬੜਾਈ ।
> ਸੀਤ ਨ ਊਸਨ ਬਾਉ ਨਹੀਂ ਸਰਵਤ
> ਕਾਮ ਕੁਟਿਲ ਨਹੀਂ ਹੋਈ ।
> ਜੋਗ ਨ ਭੋਗ ਰੋਗ ਨਹੀਂ ਜਾਕੈ, ਕਹੋ ਨਾਵ ਸਤ ਸੋਈ।
> ਨਿਰੰਜਨ ਨਿਰਾਕਾਰ ਨਿਰਲੈਪੀ, ਨਿਰਵੀਕਾਰ ਨਿਰਾਸੀ।
> ਗਗਨ ਧੂਰ ਧੂਪ ਨਹੀਂ ਜਾਕੈ, ਪਵਨ ਪੂਰ ਨਹੀਂ ਪਾਨੀ।[86]

(ੲ) ਵਿਭਾਵਾਤਮਕ ਸ਼ੈਲੀ ਦੁਆਰਾ ਬ੍ਰਹਮ ਵਰਣਨ

ਵਾਸਤਵ ਵਿਚ ਬ੍ਰਹਮ ਤਾਂ ਅਨੁਭੂਤੀ ਦਾ ਵਿਸ਼ਾ ਹੈ ਅਤੇ ਇਸ ਅਨੂਪਮ ਅਨੁਭਵ ਨੂੰ ਵਾਣੀ ਰਾਹੀਂ, ਸ਼ਬਦਾਂ ਰਾਹੀਂ ਅੰਕਿਤ ਕਰਨਾ ਕੋਈ ਸਹਿਲ ਕਾਰਜ ਨਹੀਂ ਹੈ। ਇਸ ਅਨੁਭੂਤੀ ਦੀ ਨੇੜਤਾ ਤੇ ਸਮੀਪਤਾ ਨੂੰ ਅਭਿਵਿਅਕਤ ਕਰਨ ਲਈ ਵਿਭਾਵਾਤਮਕ ਸ਼ੈਲੀ ਦੀ ਵਰਤੋਂ ਹੁੰਦੀ ਰਹੀ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਇਸ ਸ਼ੈਲੀ ਦੁਆਰਾ ਬ੍ਰਹਮ ਨੂੰ ਵਰਣਿਤ ਕਰਦਿਆਂ ਕਿਹਾ ਗਿਆ ਹੈ ਕਿ ਉਹ ਪਰਮਾਤਮਾ ਹੱਥਾਂ, ਪੈਰਾਂ ਤੋਂ ਰਹਿਤ ਹੋ ਕੇ ਵੀ ਸਾਰੀਆਂ ਵਸਤਾਂ ਨੂੰ ਗ੍ਰਹਿਣ ਕਰਨਯੋਗ ਅਤੇ ਸਵੇਗ ਨਾਲ ਗਮਨ ਕਰਨ ਵਾਲਾ ਹੈ। ਉਹ ਅੱਖਾਂ ਤੋਂ ਬਿਨਾ ਸਭ ਕੁਝ ਦੇਖਦਾ ਹੈ ਅਤੇ ਬਿਨਾਂ ਕੰਨਾਂ ਤੋਂ ਸਭ ਕੁਝ ਸੁਣਦਾ ਹੈ, ਉਹ ਸਭ ਜਾਨਣਯੋਗ ਨੂੰ ਜਾਣਦਾ ਹੈ, ਪਰੰਤੂ ਉਸ ਨੂੰ ਕੋਈ ਨਹੀਂ ਜਾਣਦਾ।[87]

ਗੁਰੂ ਜੀ ਨੇ ਵੀ ਇਸ ਸ਼ੈਲੀ ਦੁਆਰਾ ਨਿਰਗੁਣ ਬ੍ਰਹਮ ਦਾ ਸਰੂਪ ਅੰਕਿਤ ਕੀਤਾ ਹੈ। ਆਪ ਅਨੁਸਾਰ ਉਹ ਪਰਮਾਤਮਾ ਸਰਵ-ਵਿਆਪਕ ਹੈ, ਇੰਦਰੀ, ਅਤੀਤ ਹੋਣ ਦੇ ਬਾਵਜੂਦ ਵੀ ਉਸ ਦੀ ਪ੍ਰੇਰਣਾ ਸ਼ਕਤੀ ਹੋਣ ਦੇ ਕਾਰਨ ਇੰਦਰੀਆਂ ਦੇ ਸਾਰੇ ਕਾਰਜ ਉਸ ਦੇ ਅਧੀਨ ਹੁੰਦੇ ਹਨ। ਆਪ ਦਾ ਕਥਨ ਹੈ:

ਸਰਬੇ ਏਕ ਅਨੇਕੈ ਸੁਆਮੀ, ਸਭ ਘਟ ਭੋਗਵੈ ਸੋਈ।[88]

ਉਹ ਉੱਤਮ-ਪੁਰਖ ਹੈ, ਸੂਖਮ ਦਰਸ਼ੀ ਹੈ, ਸਰਵ ਗਿਆਤਾ ਹੈ, ਸਭ ਤੋਂ ਸਿਆਣਾ, ਜਾਨਣਹਾਰ ਅਤੇ ਮਹਾਂਗਿਆਨੀ ਹੈ, ਉਹ ਸਰਵ ਕਲਾ ਸੰਪੂਰਨ ਹੈ, ਉਹ ਸਾਰਿਆਂ ਵਿਚ ਬਿਰਾਜਮਾਨ ਹੈ, ਸਰਵ-ਵਿਆਪਕ ਹੈ, ਸਭ ਕਾ ਕਰਤਾ ਹੈ:

ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਯਾਤਾ,ਏਕ ਮੇਕ ਹੈ ਰਵਿਦਾਸਾ।[89]

ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ ।
ਸਰਵੇਸ਼ਵਰ ਸਰਬੰਗੀ, ਸਰਬਗਤਿ, ਕਰਤਾ, ਹਰਤਾ,ਸੋਈ।[90]

ਸਬ ਘਟਿ ਅੰਤਰਿ ਰਮਸਿ ਨਿਰੰਤਰ,ਹੈਂ ਦੇਖਤ ਹੂੰ ਨਹੀਂ ਜਾਨਾ।[91]

ਉਹ ਪੂਰਨ ਬ੍ਰਹਮ ਹਰ ਜੀਵ ਵਿਚ ਵਸਦਾ ਹੈ, ਸਾਰੇ ਉਸ ਦੁਆਰਾ ਹੀ ਕਾਰਜ-ਸ਼ੀਲ ਹਨ, ਉਹ ਅਵਿਨਾਸ਼ੀ ਹੈ ਅਤੇ ਉਸ ਨੇ ਆਪਣੀ ਸਿਰਜਨ-ਸ਼ਕਤੀ ਦੁਆਰਾ, ਪੰਜਾਂ ਤੱਤਾਂ ਨਾਲ ਇਸ ਸਾਰੇ ਪਾਸਾਰੇ ਦੀ ਰਚਨਾ ਕੀਤੀ ਹੈ:

ਜੋ ਅਵਿਨਾਸ਼ੀ ਸਬਕਾ ਕਰਤਾ, ਵਯਾਪ ਰਹਯੋ ਸਬ ਠੋਰ ਰੇ।
ਪਾਂਚ ਤਤ ਜਿਨਿ ਕੀਯਾ ਪਾਸਾਰਾ,ਮੈਂ ਸੋਈ ਕਿਧੂ ਔਰ ਰੇ।[92]

ਪੂਰਨ ਬ੍ਰਹਮ ਬਸੈ ਸਬ ਠਾਈ,ਕਹੈ ਰਵਿਦਾਸ ਮਿਲੇ ਸੁਖ ਸਾਂਈਂ।[93]

ਸਬ ਮੈਂ ਹਰਿ ਹੈ ਹਰਿ ਮੈਂ ਸਬ ਹੈ,ਹਰਿ ਅਪਨੋ ਜਨਿ ਜਾਨਾ।
ਆਪਨਿ ਆਪ ਸਾਖੀ ਨਾਹੀਂ ਦੂਸਰ ਜਾਨਨਹਾਰ ਸਯਾਨਾ।[94]

(ਸ) ਵਿਰੋਧਾਤਮਕ ਸ਼ੈਲੀ ਦੁਆਰਾ ਬ੍ਰਹਮ ਨਿਰੂਪਣ

ਵਿਰੋਧਾਤਮਕ ਵਰਣਨ ਵਿਚ ਵਿਰੋਧ ਦੀ ਯੋਜਨਾ ਦੁਆਰਾ ਬ੍ਰਹਮ ਨਿਰੂਪਣ ਕੀਤਾ

ਜਾਂਦਾ ਹੈ। ਰਿਗਵੇਦ ਅਨੁਸਾਰ ਨਿਰਾਕਾਰ ਬ੍ਰਹਮ ਦੇ ਨਾ ਹੱਥ ਹਨ ਨਾ ਪੈਰ ਹਨ, ਫਿਰ ਵੀ ਉਹ ਤੇਜ਼ ਦੌੜਦਾ ਹੈ। ਉਹ ਅੱਖਾਂ ਤੋਂ ਬਿਨਾ ਦੇਖਦਾ ਹੈ, ਕੰਨਾਂ ਤੋਂ ਬਿਨਾ ਸੁਣਦਾ ਹੈ, ਉਹ ਸਰਵੱਗ ਹੈ ਪਰ ਉਸ ਨੂੰ ਸਮਝ ਨਹੀਂ ਸਕਦਾ। ਉਹ ਸਰਵਗੁਣ ਸੰਪਨ ਮਹਾਨ ਪੁਰਸ਼ ਹੈ:

ਅਪਾਣਿਪਾਦੋ ਜਵਨੋ ਗ੍ਰਹੀਤਾ ਪਸ਼ਯਤਯਚਕਸ਼ੁ ਸ ਸ਼੍ਰੋਣੋਤਯਕਰਣ:।
ਸ ਵੇਤਿ ਵੇਦਯਮ ਨ ਚ ਤਸਯਾਸਿਤ ਵੇੱਤਾ, ਤਮਾਹੁਰਗ੍ਰੰ ਪੁਰਸ਼ੰ ਮਹਾਨਤੰਮ।[95]

ਈਸ਼ਵਾਸ ਉਪਨਿਸ਼ਦ ਵਿਚ ਵਰਣਿਤ ਹੈ ਕਿ ਉਹ ਆਤਮ ਤੱਤ ਨੇੜੇ ਵੀ ਹੈ ਅਤੇ ਸਭ ਤੋਂ ਦੂਰ ਵੀ।[96] ਇਸ ਤਰ੍ਹਾਂ ਵੇਦਾਂ ਅਤੇ ਉਪਨਿਸ਼ਦਾਂ ਵਿਚ ਵਿਰੋਧ ਦੀ ਯੋਜਨਾ ਦੁਆਰਾ ਨਿਰਗੁਣ ਬ੍ਰਹਮ ਦੇ ਸਰੂਪ ਨੂੰ ਅੰਕਿਤ ਕਰਨ ਦਾ ਯਤਨ ਕੀਤਾ ਗਿਆ ਹੈ। ਵਾਣੀ ਵਿਚ ਵੀ ਬ੍ਰਹਮ ਵਰਣਨ ਦੀ ਇਸ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਉਹ ਪਰਮਸਤਿ ਇੱਕ ਹੈ ਪਰ ਅਨੇਕ ਹੋ ਕੇ ਆਪਣੀ ਰਚਨਾ ਵਿਚ ਵਿਸਥਾਰ ਪਾ ਰਿਹਾ ਹੈ। ਉਹ ਸਰਵ ਵਿਆਪੀ ਹੈ, ਉਹ ਦ੍ਰਿਸ਼ਟ ਵੀ ਹੈ ਅਤੇ ਅਦ੍ਰਿਸ਼ਟ ਵੀ, ਉਹ ਹੱਥ ਤੋਂ ਵੀ ਨੇੜੇ ਹੈ ਪਰ ਉਸ ਦੀ ਪ੍ਰਾਪਤੀ ਸਹਿਜੇ ਹੀ ਹੁੰਦੀ ਹੈ, ਉਹ ਨੇੜੇ ਹੋ ਕੇ ਵੀ ਦੂਰ ਹੈ ਕਿਉਂਕਿ ਉਸ ਦਾ ਵਾਸਾ ਸੁੰਨ ਮੰਡਲ ਵਿਚ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:

ਏਕ ਹੀ ਏਕ ਅਨੇਕ ਹੋਇ ਬਿਸਥਰਿਓ।[97]

ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਯਾਤਾ।[98]

ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੋ ਹੋਈ।[99]

ਕਹਿ ਰਵਿਦਾਸ ਤੇਰੀ ਭਗਤੀ ਦੂਰ ਹੈ।[100]

ਸੁੰਨਿ ਮੰਡਲ ਮੇ ਤੇਰਾ ਬਾਸਾ, ਤਾਥੈਂ ਜੀਵ ਮੈਂ ਰਹੋ ਉਦਾਸਾ।[101]

ਉਹ ਨਿਰੋਗ ਅਤੇ ਵਿਕਾਰ ਮੁਕਤ ਬ੍ਰਹਮ ਸਗੁਣ ਵੀ ਹੈ ਨਿਰਗੁਣ ਵੀ, ਉਹ ਅੰਜਨ, ਨਿਰੰਜਨ ਦੋਨੋਂ ਹੈ ਅਰਥਾਤ ਉਹ ਮਾਇਆ ਅੰਦਰ ਰਹਿੰਦਾ ਹੋਇਆ ਵੀ ਮਾਇਆ ਤੋਂ ਪਰੇ ਨਿਰੰਜਨ ਰੂਪ ਹੈ:

ਤੂੰ ਸ੍ਰਗੁਣ ਨਿਰਗੁਣ ਨਿਰਾਮਯੀ ਨ੍ਰਿਬਿਕਾਰ, ਹਰਿ ਅੰਜਨ ਨਿਰੰਜਨ ਬਿਮਲ
ਅਪ੍ਰਮੇਵੰ।[102]

ਗੁਰੂ ਰਵਿਦਾਸ ਨੇ ਪਰਮਾਤਮਾ ਨੂੰ ਇਸ ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲਾ ਵੀ ਕਿਹਾ ਹੈ ਅਤੇ ਸੰਘਾਰ ਕਰਨ ਵਾਲਾ ਵੀ। ਨਿਰਗੁਣ ਬ੍ਰਹਮ ਦਾ ਵਿਰੋਧਾਤਮਕ ਸ਼ੈਲੀ ਦੁਆਰਾ ਸਰੂਪ-ਵਰਣਨ ਕਰਦਿਆਂ ਆਪ ਨੇ ਉਸ ਨੂੰ ਕਰਤਾ, ਹਰਤਾ ਵਜੋਂ ਰੂਪਮਾਨ ਕੀਤਾ ਹੈ :

ਸਰਵੇਸ਼ਵਰ ਸਰਬੰਗੀ ਸਰਬਗਤਿ, ਕਰਤਾ, ਹਰਤਾ ਸੋਈ।[103]

ਕਰਤਾ ਹਰਤਾ ਜਗਤ ਕੋ, ਭਜੈ ਤਾਹਿ ਰਵਿਦਾਸ।[104]

(ਹ) ਰੂਪਾਤਮਕ ਸ਼ੈਲੀ ਦੁਆਰਾ ਬ੍ਰਹਮ ਨਿਰੂਪਣ

ਗੁਰੂ ਰਵਿਦਾਸ ਨੇ ਰੂਪਾਤਮਕ ਸ਼ੈਲੀ ਵਿਚ ਬ੍ਰਹਮ ਦਾ ਸਰੂਪ ਵਰਣਨ ਕਰਨ ਲਈ ਉਸ ਲਈ ਬਾਜ਼ੀਗਰ ਉਪਮਾਨ ਦੀ ਵਰਤੋਂ ਕੀਤੀ ਹੈ। ਉਨ੍ਹਾਂ ਅਨੁਸਾਰ ਇਸ ਜਗਤ ਰੂਪੀ ਖੇਡ ਦਾ ਸੰਚਾਲਕ ਪਰਮਾਤਮਾ ਹੈ। ਜਿਸ ਤਰ੍ਹਾਂ ਬਾਜ਼ੀਗਰ ਬਾਜ਼ੀ ਪਾਉਂਦਾ ਹੈ, ਖੇਡ ਰਚਾਉਂਦਾ ਹੈ, ਇਸੇ ਤਰ੍ਹਾਂ ਇਹ ਜਗਤ ਵੀ ਉਸ ਪਰਮਾਤਮਾ ਦੀ ਖੇਡ ਹੈ, ਲੀਲਾ ਹੈ ਅਤੇ ਗੁਰੂ ਜੀ ਨੇ ਇਸ ਖੇਡ ਦੇ ਸੰਚਾਲਕ ਪ੍ਰਭੂ ਨਾਲ ਪ੍ਰੀਤ ਪਾ ਲਈ ਹੈ:

ਕਹਿ ਰਵਿਦਾਸ ਬਾਜੀ ਜਗੁ ਭਾਈ, ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ।[105]

ਡਾ. ਧਰਮਪਾਲ ਸਿੰਗਲ ਦਾ ਮੱਤ ਹੈ ਕਿ ਬ੍ਰਹਮ ਨੂੰ ਬਾਜੀਗਰ ਦੀ ਸੰਗਿਆ ਦੇਣਾ ਗੁਰੂ ਰਵਿਦਾਸ ਦੀ ਨਵੀਂ ਉਦਭਾਵਨਾ ਹੈ। ਉਸ ਬਾਜ਼ੀਗਰ ਦੀ ਕਥਾ ਅਕੱਥ ਹੈ।[106] ਗੁਰੂ ਰਵਿਦਾਸ ਦੀ ਦ੍ਰਿਸ਼ਟੀ ਵਿਚ ਉਸ ਬਾਜ਼ੀਗਰ ਰੂਪੀ ਬ੍ਰਹਮ ਦੀ ਰਚਨਾ ਨੂੰ ਦੇਖ ਕੇ ਹਰ ਕੋਈ ਵਿਸਮਤ ਹੁੰਦਾ, ਉਸ ਦੀ ਲੀਲ੍ਹਾ ਵਿਚ ਹੀ ਸੁੱਧ-ਬੁੱਧ ਖੋਹ ਬੈਠਦਾ ਹੈ। ਇਸ ਲੀਲ੍ਹਾ ਦੇ ਰਚਨਹਾਰ ਦੇ 'ਮਰਮ' ਅਰਥਾਤ ਭੇਦ ਜਾਂ ਰਹੱਸ ਨੂੰ ਕੋਈ ਨਹੀਂ ਜਾਣਦਾ, ਗੁਰੂ ਜੀ ਬਾਜ਼ੀਗਰ ਦੇ ਰਹੱਸ ਨੂੰ ਪ੍ਰਗਟਾਉਣ ਅਤੇ ਉਸ ਦਾ ਸਰੂਪ ਕਥਨ ਕਰਨ ਵਾਲੇ ਦੇ ਸ਼ਿਸ਼ ਹੋਣ ਲਈ ਤਿਆਰ ਹਨ। ਆਪ ਕਹਿੰਦੇ ਹਨ:

ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਕ, ਆਵੈ।
ਜੋ ਦੇਖੇ ਸੋ ਭੂਲ ਰਹੇ, ਵਾ ਕਾ ਚੇਲਾ ਮਰਮੁ ਜੋ ਪਾਵੈ।[107]

ਅੱਗੇ ਕਹਿੰਦੇ ਹਨ ਕਿ ਜੀਵ ਨੂੰ ਬਾਜ਼ੀਗਰ ਰੂਪੀ ਬ੍ਰਹਮ ਦੀ ਰਚਨਾ-ਸ੍ਰਿਸ਼ਟੀ

ਵਿਚ ਹੀ ਨਹੀਂ ਗੁਆਚ ਜਾਣਾ ਚਾਹੀਦਾ, ਕਿਉਂ ਕਿ ਇਹ ਰਚਨਾ ਤਾਂ ਝੂਠੀ ਹੈ, ਨਾਸ਼ਵਾਨ ਹੈ, ਫਨਾਹ ਹੋਣ ਵਾਲੀ ਹੈ, ਇਸ ਲਈ ਆਪਣੇ ਆਪ ਨੂੰ ਸੱਚੇ ਬਾਜ਼ੀਗਰ ਵਿਚ ਵਿਲੀਨ ਕਰਨਾ ਚਾਹੀਦਾ ਹੈ:

ਬਾਜੀਗਰ ਸ੍ਉਂ ਰਾਚਿ ਰਹੀਏ, ਬਾਜੀ ਕਾ ਮਰਮ ਇਨਿ ਜਾਨਾ।
ਬਾਜੀ ਝੂਠ ਸਾਚ ਬਾਜੀਗਰ, ਜਾਨਾ ਮਨ ਪਤਿਆਨਾ।[108]

## ਸ਼ਬਦ ਰੂਪ ਬ੍ਰਹਮ

ਸ਼ਬਦ ਬ੍ਰਹਮ ਦੀ ਧਾਰਨਾ ਪ੍ਰਾਚੀਨ ਕਾਲ ਤੋਂ ਹੀ ਪ੍ਰਚਲਿਤ ਹੈ। ਵੇਦਾਂ ਵਿਚ ਬ੍ਰਹਮ ਨੂੰ ਸ਼ਬਦ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਰਿਗਵੇਦ ਵਿਚ ਕੇਵਲ ਵਾਕ ਅਥਵਾ ਸ਼ਬਦ ਦੀ ਅਨੁਭੂਤੀ ਨੂੰ ਹੀ ਆਤਮਾ ਦਾ ਸੱਚਾ ਲਕਸ਼ ਮੰਨਕੇ[109] ਇਸ ਨੂੰ ਹੀ ਸਭ ਤੋਂ ਪਹਿਲਾਂ ਤੇ ਸਭ ਤੋਂ ਉੱਤਮ ਇਸ਼ਟ-ਦੇਵ ਕਿਹਾ ਗਿਆ ਹੈ।[110] ਕਠਉਪਨਿਸ਼ਦ ਅਨੁਸਾਰ, "ਅੱਖਰ ਹੀ ਤਾਂ ਬ੍ਰਹਮ ਹੈ ਅਤੇ ਇਹ ਅੱਖਰ ਹੀ ਪਾਰਬ੍ਰਹਮ ਹੈ। ਇਸ ਲਈ ਇਸ ਅੱਖਰ ਨੂੰ ਜਾਣ ਕੇ ਜੋ ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਉਹੀ ਮਿਲਦਾ ਹੈ।[111] ਅੱਖਰ ਦਾ ਅਰਥ ਹੈ ਅ+ਖਰ ਅਰਥਾਤ ਜੋ ਕਦੇ ਨਹੀਂ ਖਰਦਾ। ਯੋਗ ਸ਼ਾਸਤਰ ਵਿਚ ਸ਼ਬਦ ਰੂਪ ਬ੍ਰਹਮ ਦੀ ਮਹੱਤਤਾ ਨੂੰ ਸਵੀਕਾਰਦਿਆਂ ਹੋਇਆਂ ਸਮਾਧੀ ਅਵਸਥਾ ਵਿਚ ਬ੍ਰਹਮ ਦਾ ਨਿਰੂਪਣਾਤਮਕ ਵਾਚਕ ਪ੍ਰਣਵ ਕਹਿ ਕੇ ਓਂਕਾਰ ਨੂੰ ਬ੍ਰਹਮ ਦਾ ਵਾਚਕ ਐਲਾਨਿਆ ਗਿਆ ਹੈ।[112]

ਬ੍ਰਹਮਸੂਤਰ ਸ਼ੰਕਰ ਭਾਸ਼ ਵਿਚ ਸੰਸਾਰ ਦੀ ਉਤਪਤੀ ਸ਼ਬਦ ਤੋਂ ਹੋਈ ਮੰਨੀ ਗਈ ਹੈ।[113] ਨਾਥ ਸੰਪ੍ਰਦਾਇ ਦੇ ਗੋਰਖ ਨਾਥ ਅਨੁਸਾਰ ਸ਼ਬਦ ਹੀ ਤਾਲਾ ਤੇ ਕੁੰਜੀ ਹੈ, ਸ਼ਬਦ ਤੋਂ ਗਿਆਨ ਹੁੰਦਾ ਹੈ, ਸ਼ਬਦ ਹੀ ਸ਼ਬਦ ਨਾਲ ਪਰਿਚੈ ਪ੍ਰਾਪਤ ਕਰਦਾ ਹੈ ਅਤੇ ਸ਼ਬਦ ਦਾ ਅੰਤ ਵੀ ਸ਼ਬਦ ਵਿਚ ਹੁੰਦਾ ਹੈ ਅਰਥਾਤ ਸ਼ਬਦ ਹੀ ਸ਼ਬਦ ਵਿਚ ਸਮਾ ਜਾਂਦਾ ਹੈ।[114] ਡਾ. ਗੋਬਿੰਦ ਤ੍ਰੈਗੁਣਾਇਤ ਦਾ ਮੱਤ ਹੈ ਕਿ ਵੇਦਾਂ, ਉਪਨਿਸ਼ਦਾਂ, ਬ੍ਰਾਹਮਣ ਗ੍ਰੰਥਾਂ, ਨਾਥ-ਪੰਥੀ ਜੋਗੀਆਂ ਅਤੇ ਨਿਰਗੁਣਧਾਰਾ ਦੇ ਸੰਤਾਂ, ਭਗਤਾਂ ਦੀ ਬਾਣੀ ਵਿਚ ਇਹ ਮੂਲ ਸਾਂਝ ਹੈ ਕਿ ਇਨ੍ਹਾਂ ਵਿਚ ਸ਼ਬਦ ਬ੍ਰਹਮ ਵਿਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ।[115]

ਗੁਰੂ ਰਵਿਦਾਸ ਵਾਣੀ ਵਿਚ ਸ਼ਬਦ-ਰੂਪ ਬ੍ਰਹਮ ਦੀ ਇਸ ਧਾਰਨਾ ਨੂੰ ਅਪਣਾਇਆ ਗਿਆ ਹੈ। ਆਪ ਜੀ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਜੋਤਿ ਦਾ ਰੂਪ ਹੈ, ਉਹ ਸ਼ਬਦ-ਸਰੂਪ ਹੈ, ਸ਼ਬਦ ਨਾਲ ਜੁੜਿਆਂ ਹੀ ਉਸ ਨਾਲ ਲਿਵ ਲਗਦੀ ਅਤੇ ਸਹਿਜ ਅਵਸਥਾ ਦੀ ਪ੍ਰਾਪਤੀ

ਹੁੰਦੀ ਹੈ। ਅੱਖਰ, ਬ੍ਰਹਮ ਅਗਮ, ਅਗੋਚਰ, ਅਤਰਕ, ਨਿਰਗੁਣ, ਨਿਰਵਿਕਾਰ ਤੇ ਅਵਿਨਾਸ਼ੀ ਹੈ। ਉਹ ਆਨੰਦ-ਸਰੂਪ, ਗਿਆਨ ਦਾ ਕਾਰਨ ਅਤੇ ਮੁਕਤੀ ਦਾ ਖ਼ਜ਼ਾਨਾ ਹੈ:

ਅਗਮ, ਅਗੋਚਰ, ਅਛਰ, ਅਤਰਕ, ਨਿਰਗੁਨ ਅਤਿ ਆਨੰਦਾ।
ਸਦਾ ਅਤੀਤ ਗਯਾਨ ਘਨ ਬਰਜਿਤ, ਨਿਰਬੀਕਾਰ ਅਬਿਨਾਸੀ।
ਕਹੈ ਰਵਿਦਾਸ ਸਹਜ ਸੁੰਨਿ ਸਤਿ, ਜੀਵਨ ਮੁਕਤਿ ਨਿਧਿ ਕਾਸੀ।[116]

ਸ਼ਬਦ-ਬ੍ਰਹਮ ਅਥਵਾ ਰੰਰਕਾਰ ਦੇ ਜਾਪ ਨਾਲ ਸਾਧਕ ਦੁਨੀਆਂ-ਰੂਪੀ ਭੈ-ਸਾਗਰ ਤਰ ਲੈਂਦਾ ਹੈ ਅਤੇ ਸਤਿ-ਸਰੂਪ ਦਾ ਅਨੁਭਵ ਕਰਦਾ ਹੋਇਆ ਅਨਹਦ ਨਾਮ ਸ਼੍ਰਵਣ ਕਰਨ ਦੇ ਸਮਰੱਥ ਹੋ ਜਾਂਦਾ ਹੈ, ਕਿਉਂਕਿ ਅੱਖਰ ਜਾਂ ਸ਼ਬਦ ਵਿਚ ਹੀ ਬ੍ਰਹਮ ਦਾ ਸਮਾਵੇਸ਼ ਹੋਇਆ ਹੁੰਦਾ ਹੈ। ਇਸ ਤਰ੍ਹਾਂ ਅੱਖਰ ਜਾਂ ਸ਼ਬਦ-ਬ੍ਰਹਮ ਆਪ ਹੀ ਸਿੱਧ ਸ਼ਕਤੀ ਹੈ। ਗੁਰੂ ਜੀ ਲਿਖਦੇ ਹਨ:

ਕਹੈ ਰਵਿਦਾਸ ਰੰਰਕਾਰ ਜਪਤਹਿੰ, ਭੈਸਾਗਰ ਤਰਿ ਜਾਊਂ।[117]
ਪਯੰਡ ਪਰੈ ਜੀਵ ਜਿਸ ਘਰ ਜਾਤਾ, ਸ਼ਬਦ ਅਤੀਤ ਅਨਾਹਤ ਰਾਤਾ।[118]

ਗੁਰੂ ਜੀ ਦਾ ਮੱਤ ਹੈ ਕਿ ਜਿਹੜੇ ਜੀਵ ਹਮੇਸ਼ਾ ਰੰਰਕਾਰ, ਓਂਕਾਰ ਆਦਿ ਅੱਖਰ-ਰੂਪ ਬ੍ਰਹਮ ਦਾ ਜਾਪ ਕਰਦੇ ਹਨ, ਉਹ ਅੰਮ੍ਰਿਤ-ਰੂਪੀ ਰਸ ਦੀ ਪ੍ਰਾਪਤੀ ਕਰ ਲੈਂਦੇ ਹਨ ਅਤੇ ਅੰਤ ਕਾਲ ਰਾਮ-ਰੂਪੀ ਪ੍ਰਭੂ ਨਾਲ ਮਿਲਾਪ ਹਾਸਿਲ ਕਰ ਕੇ ਆਪਣੇ ਨਿੱਜ-ਘਰ ਵਾਪਿਸ ਚਲੇ ਜਾਂਦੇ ਹਨ, ਅਰਥਾਤ ਪਰਮਧਾਮ ਦੀ ਪ੍ਰਾਪਤੀ ਕਰ ਲੈਂਦੇ ਹਨ:

ਰੇ ਪਾਯੋ ਰੰ ਰਾਮ ਅਮੀਰਸ।ਟੇਕ।
ਰਸ ਜਿਨਿ ਮਗਨ ਹਵੈ ਰਹਿਯਾ, ਰੰਰਕਾਰ ਰਾਖੈ ਨਿਤ ਰਸਨਾ।[119]

ਜਿਹਵਾ ਸੋਂ ਓਂਕਾਰ ਜਪ, ਹਥਨ ਸੋਂ ਕਰ ਕਾਰ।
ਰਾਮ ਮਿਲਹਿੰ ਘਰ ਆਇ ਕਰ, ਕਹਿ ਰਵਿਦਾਸ ਬਿਚਾਰ।[120]

ਗੁਰੂ ਜੀ ਨੇ ਵਾਣੀ ਵਿਚ ਸ਼ਬਦ-ਰੂਪ ਬ੍ਰਹਮ ਨੂੰ ਅਨਹਦ-ਨਾਦ ਵੀ ਕਿਹਾ ਹੈ, ਜੋ ਰਾਤ-ਦਿਨ ਨਿਰੰਤਰ ਵਜ ਰਿਹਾ ਹੈ। ਇਸ ਸ਼ਬਦ ਅਥਵਾ ਵਰਣ-ਰੂਪ ਬ੍ਰਹਮ ਦਾ ਸ਼ਬਦ ਦੁਆਰਾ ਜਾਪ ਹੀ ਜੀਵ ਨੂੰ ਸਾਧਕ ਅਥਵਾ ਅਸਲੀ ਜੋਗੀ ਬਣਾ ਕੇ ਮੁਕਤੀ-ਪਦ ਦਾ ਅਧਿਕਾਰ ਬਣਾ ਦਿੰਦਾ ਹੈ:

ਅਨਹਦ-ਨਾਦ ਨਿਰੰਤਰ ਤਹਾਂ ਰੈਨ-ਦਿਨ ਹੋਇ ।
ਜਨ ਰੈਦਾਸ ਨਿਰੰਜਨ, ਮਹਿਮਾ ਰਹਾ ਸਮੋਇ।[121]

ਬਰਨ ਸਹਿਤ ਜੋ ਜਪੈ ਨਾਮ, ਸੋ ਜੋਗੀ ਕੇਵਲ ਨਿਹਕਾਮ।[122]

ਓਂਕਾਰ ਰੂਪ ਬ੍ਰਹਮ

ਓਂਕਾਰ ਜਾਂ ਓਅੰਕਾਰ ਕਹਿਣ ਨਾਲ ਪ੍ਰਭੂ ਦਾ ਨਿਰਾਕਾਰ ਰੂਪ ਵਧੇਰੇ ਸਪਸ਼ਟ ਹੋ ਜਾਂਦਾ ਹੈ। ਵੇਦਾਂ ਵਿਚ ਬ੍ਰਹਮ ਲਈ ਇਸ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਓਅੰਕਾਰ ਨੂੰ ਅਥਰਵ ਵੇਦ ਵਿਚ ਏਕ-ਕਸ਼ਰ ਜਾਂ ਪ੍ਰਣਵ ਆਖਿਆ ਹੈ ਅਰਥਾਤ ਉਹ ਬ੍ਰਹਮ ਸਦਾ ਇਕ ਹੈ, ਬੇਮਿਸਾਲ ਹੈ, ਉਸ ਤੋਂ ਭਿੰਨ ਦੂਜਾ ਬ੍ਰਹਮ ਕੋਈ ਵੀ ਨਹੀਂ ਹੈ।[123] ਤੈਤਿਰਯ ਉਪਨਿਸ਼ਦ ਦਾ ਕਥਨ ਹੈ:

ਓਮਿਤਿ ਬ੍ਰਹਮ। ਓਮਿਤੀਦੰ ਸਰਵਮ।
ਓਮਿਤਿਯੇਨ ਦੁਕਰੰਤਿਰਹਸਮ ਵਾ ਅਪਿਓ ਸ਼੍ਰਾਵਸੇਤਯਾਸ਼੍ਰਾਵਯਤੀ।[124]

ਅਰਥਾਤ 'ਓਮ' ਬ੍ਰਹਮ ਹੈ। ਇਹ ਸਭ ਕੁਝ ਓਮ ਹੈ। ਓਮ ਅੱਖਰ ਇਕ ਜਾਪ ਦਾ ਮੰਨਿਆ ਪ੍ਰਮੰਨਿਆ ਅੱਖਰ ਹੈ। ਇਸ ਦਾ ਜਾਪ ਅੱਖਰਾਂ ਸਹਿਤ ਕੀਤਾ ਜਾਂਦਾ ਹੈ। ਮਾਂਡੂਕਯ ਉਪਨਿਸ਼ਦ ਦੇ ਪਹਿਲੇ ਮੰਤਰ ਵਿਚ ਓਮ, ਓਅੰ ਅਰਥਾਤ ਓਂਕਾਰ ਨੂੰ ਅਜਿਹਾ ਅੱਖਰ ਕਿਹਾ ਹੈ ਜਿਸ ਦੀ ਵਿਆਖਿਆ ਇਹ ਜਗਤ ਹੈ, ਅਰਥਾਤ ਇਹ(ਜਗਤ) ਜੋ ਕੁਝ ਦਿਖਾਈ ਦੇ ਰਿਹਾ ਹੈ ਇਹ ਸਭ ਓਮ ਅਵਿਨਾਸ਼ੀ ਦਾ ਵਿਖਿਆਨ ਹੈ। ਭੂਤ ਜੋ ਬੀਤ ਚੁੱਕਿਆ ਹੈ, ਵਰਤਮਾਨ ਜੋ ਬੀਤ ਰਿਹਾ ਹੈ ਅਤੇ ਭਵਿੱਖ ਜੋ ਆਉਣ ਵਾਲਾ ਹੈ, ਉਹ ਸਭ ਓਂਕਾਰ ਹੈ। ਜੋ ਕੁਝ ਹੋਰ ਵੀ ਤਿੰਨਾਂ ਕਾਲਾਂ ਤੋਂ ਉੱਤੇ ਹੈ, ਉਹ ਵੀ ਓਂਕਾਰ ਹੀ ਹੈ।[125] ਉਪਨਿਸ਼ਦਾਂ ਵਿਚ ਓਂਕਾਰ ਸ਼ਬਦ ਬ੍ਰਹਮ ਵਾਚਕ ਹੈ। ਪਾਤੰਜਲੀ ਦੇ ਯੋਗ ਸ਼ਾਸਤਰ ਅਨੁਸਾਰ ਓਮ (ਓਅੰਕਾਰ) ਅਥਵਾ ਪ੍ਰਣਵ ਉਸੇ (ਬ੍ਰਹਮ) ਨੂੰ ਦਰਸਾਉਂਦੇ ਹਨ।[126]

ਗੁਰੂ ਰਵਿਦਾਸ ਜੀ ਨੇ ਉਕਤ ਭਾਵ ਨੂੰ ਹੀ ਆਪਣੀ ਵਾਣੀ ਵਿਚ ਰੂਪਮਾਨ ਕੀਤਾ ਹੈ। ਉਨ੍ਹਾਂ ਦੀ ਵਾਣੀ ਵਿਚ ਵੀ 'ਓਅੰਕਾਰ' ਸ਼ਬਦ ਬ੍ਰਹਮ-ਵਾਚਕ ਮੰਨਿਆ ਗਿਆ ਹੈ। ਉਨ੍ਹਾਂ ਦਾ ਕਥਨ ਹੈ ਕਿ ਜਿਸ ਤਰ੍ਹਾਂ ਛੋਟੇ ਜਿਹੇ ਬੀਜ ਤੋਂ ਬਟ(ਬੜ) ਦਾ ਵਿਸ਼ਾਲ ਆਕਾਰ ਦਾ

ਦਰਖ਼ਤ ਉਗਮਦਾ ਹੈ, ਇਸੇ ਤਰ੍ਹਾਂ ਇਹ ਸਾਰੀ ਤ੍ਰੈਲੋਕੀ ਵਿਸ਼ਨੂੰ ਪੁਰੀ, ਇੰਦਰਪੁਰੀ ਅਤੇ ਮਾਇਆ ਪੁਰੀ ਦੀ ਸਿਰਜਨਾ ਤੇ ਪਾਸਾਰ ਵੀ ਉਸ ਓਂਕਾਰ ਰੂਪ ਇੱਕੋ ਬ੍ਰਹਮ ਤੋਂ ਹੋਇਆ ਹੈ। ਓਂਕਾਰ ਬ੍ਰਹਮ ਮਾਤ-ਲੋਕ, ਆਕਾਸ਼ ਤੇ ਪਾਤਾਲ ਦੇ ਕਣ-ਕਣ ਦਾ ਸਿਰਜਕ ਤੇ ਮਾਲਕ ਹੈ। ਆਪ ਲਿਖਦੇ ਹਨ:

ਬਟ ਕੋ ਬੀਜ ਜੈਸਾ ਓਂਕਾਰ, ਪਸਰਿਯੋ ਤੀਨ ਲੋਕ ਪਸਾਰ।[127]

ਅਖਰ ਅਨਾਦਿ ਏਕ ਓਂਕਾਰਾ, ਤੀਨ ਲੋਕ ਜਿਨ ਕੀਆ ਪਸਾਰਾ।[128]

ਗੁਰੂ ਰਵਿਦਾਸ ਵਾਣੀ ਵਿਚ ਜੀਵ ਨੂੰ ਆਪਣੀ ਰਸਨਾ ਨਾਲ ਓਂਕਾਰ ਦਾ ਜਾਪ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ, ਓਂਕਾਰ-ਸਿਮਰਨ ਅਜਿਹਾ ਮਾਧਿਅਮ ਹੈ ਜਿਸ ਦੁਆਰਾ ਪ੍ਰਭੂ ਨਾਲ ਇਕਮਿਕਤਾ ਹਾਸਿਲ ਹੋ ਸਕਦੀ ਹੈ। ਆਪ ਦਾ ਕਥਨ ਹੈ:

ਜਿਹਵਾ ਸੋਂ ਓਂਕਾਰ ਜਪ, ਹੱਥਨ ਸੋਂ ਕਰ ਕਾਰ।
ਰਾਮ ਮਿਲਹਿ ਘਰ ਆਇ ਕਰ, ਕਹਿ ਰਵਿਦਾਸ ਵਿਚਾਰ।[129]

ਸੰਤ ਜਗਬੀਰ ਸਿੰਘ ਦਾ ਮੱਤ ਹੈ ਕਿ ਬ੍ਰਹਮ ਦਾ ਪਰਿਆਇ ਬੀਜ ਹੈ ਅਤੇ ਬੀਜ ਦਾ ਨਾਮ ਬ੍ਰਹਮ ਕਿਹਾ ਜਾਂਦਾ ਹੈ। ਇਸ ਤੋਂ ਜੀਵ, ਜਗਤ ਦੀ ਉਤਪਤੀ ਹੁੰਦੀ ਹੈ। ਓਂਕਾਰ ਰੂਪੀ ਬ੍ਰਹਮ ਆਦਿ ਪੁਰਖ ਹੈ।[130] ਵੇਦਾਂ ਵਿਚ ਪਰਮਾਤਮਾ ਲਈ ਬ੍ਰਹਮ, ਰੰਰਕਾਰ ਅਖਰ, ਪ੍ਰਣਵ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਰਵਿਦਾਸ ਵਾਣੀ ਵਿਚ ਵੀ ਓਂਕਾਰ ਦੇ ਸਮਭਾਵੀ ਸ਼ਬਦ ਰੰਰਕਾਰ ਦੀ ਵਰਤੋਂ ਕੀਤੀ ਗਈ ਹੈ। ਆਪ ਦਾ ਕਥਨ ਹੈ ਕਿ ਰੰਰਕਾਰ ਦਾ ਜਾਪ ਕਰਨ, ਉਸ ਦੀ ਮਹਿਮਾ ਗਾਉਣ ਨਾਲ, ਹਰ ਜੀਵ ਵਿਚ ਵਿਦਮਾਨ ਰੰਰਕਾਰ ਨਾਲ ਮਿਲਾਪ ਹੋ ਜਾਂਦਾ ਹੈ:

ਭਣਤ ਰਵਿਦਾਸ ਰੰਰਕਾਰ ਗੁਣ ਗਾਵੰਤ, ਸੰਤ ਸਾਧੂ ਭਏ ਸਹਿਜ ਪਾਰੇ।[131]
ਜਬ ਰਾਮ ਨਾਮ ਕਹਿ ਗਾਵੈਗਾ, ਰੰਰਕਾਰ ਰਹਨ ਸਬਹਿਨ ਮੈਂ।
ਅੰਤਰ ਮੇਲ ਮਿਲਾਵੈਗਾ ।ਟੇਕ ।[132]

ਗੁਰੂ ਜੀ ਅਨੁਸਾਰ ਦੁਨੀਆਂ ਰੂਪੀ ਭਵ-ਸਾਗਰ ਤਰਨ ਅਤੇ ਪ੍ਰਭੂ ਦਾ ਅੰਮ੍ਰਿਤ-ਰਸ ਪ੍ਰਾਪਤ ਕਰਨ ਲਈ ਰਾਤ ਦਿਨ ਰੰਰਕਾਰ ਦਾ ਜਾਪ ਕਰਨਾ ਹੀ ਇੱਕੋ ਇੱਕ ਸਾਧਨ ਹੈ:

ਰੇ ਪਾਯੋ ਰੰ ਰਾਮ ਅਮੀਰਸ। ਟੇਕ।
ਰਸ ਜਿਨਿ ਮਗਨ ਹਵੈ ਰਹਿਯਾ, ਰੰਰਕਾਰ ਰਾਖੈ ਨਿਤ ਰਸਨਾ।[133]
ਕਹੈ ਰਵਿਦਾਸ ਰੰਰਕਾਰ ਜਪਤਹਿੰ ਭੌਸਾਗਰੁ ਤਰਿ ਜਾਊਂ।[134]

## ਨਿਰੰਜਨ ਰੂਪ ਬ੍ਰਹਮ

ਭਾਰਤੀ ਦਰਸ਼ਨ ਵਿਚ ਪਰਮਾਤਮਾ ਲਈ 'ਨਿਰੰਜਨ ਸ਼ਬਦ' ਦਾ ਪ੍ਰਯੋਗ ਅਕਸਰ ਹੁੰਦਾ ਰਿਹਾ ਹੈ। ਨਿਰੰਜਨ ਤੋਂ ਭਾਵ ਹੈ ਅੰਜਨ-ਰਹਿਤ ਅਤੇ ਅੰਜਨ ਦਾ ਅਰਥ ਕੱਜਲ ਜਾਂ ਸਿਆਹੀ ਹੈ। ਇਸ ਤੋਂ ਭਾਵ ਇਹ ਲਿਆ ਜਾਂਦਾ ਹੈ ਕਿ ਬ੍ਰਹਮ ਅੰਜਨ-ਰੂਪ ਮਾਇਆ ਤੋਂ ਮੁਕਤ ਹੈ, ਨਿਰਵਿਕਾਰ ਅਤੇ ਬਿਮਲ ਹੈ। ਮੁੰਡਕ ਉਪਨਿਸ਼ਦ ਵਿਚ ਬ੍ਰਹਮ ਲਈ ਨਿਰੰਜਨ[135] ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸ਼ਵੇਤਾਸ਼ਵਤਰ, ਉਪਨਿਸ਼ਦ ਵਿਚ ਸ਼ਾਂਤ, ਨਿਰਬਧ, ਨਿਸ਼ਕਿਰਿਆ ਅਤੇ ਨਿਰਗੁਣ ਬ੍ਰਹਮ ਲਈ ਇਹ ਸ਼ਬਦ ਵਰਤਿਆ ਗਿਆ ਹੈ। ਨਾਥ ਸੰਪ੍ਰਦਾਇ ਵਿਚ ਵੀ ਬ੍ਰਹਮ ਲਈ ਇਸ ਸ਼ਬਦ ਦਾ ਪ੍ਰਯੋਗ ਹੋਇਆ ਹੈ। ਯੋਗ ਸੂਤਰਾਂ ਵਿਚ ਨਿਰਾਕਾਰ ਬ੍ਰਹਮ ਨੂੰ ਕਲੇਸ਼ਾਂ, ਆਸਰੇ(ਇਛਾਵਾਂ) ਅਤੇ ਕਰਮ ਵਿਪਾਕ ਤੋਂ ਪਰੇ ਮੰਨਿਆ ਗਿਆ ਹੈ।[136]

ਗੁਰੂ ਰਵਿਦਾਸ ਬਾਣੀ ਵਿਚ ਥਾਂ-ਪਰ-ਥਾਂ 'ਨਿਰੰਜਨ' ਸ਼ਬਦ ਦੀ ਵਰਤੋਂ ਨਿਰਗੁਣ ਤੇ ਨਿਰਾਕਾਰ ਬ੍ਰਹਮ ਲਈ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਉਹ ਪਰਮਾਤਮਾ ਨਿਰੰਜਨ, ਨਿਰਾਕਾਰ, ਨਿਰਲੇਪ ਤੇ ਨਿਰਵਿਕਾਰ ਅਰਥਾਤ ਵਿਕਾਰਾਂ ਤੇ ਤ੍ਰਿਸ਼ਨਾਵਾਂ ਤੋਂ ਰਹਿਤ ਹੈ। ਆਪ ਨਿਰੰਜਨ-ਰੂਪ ਬ੍ਰਹਮ ਦਾ ਸਰੂਪ ਅੰਕਿਤ ਕਰਦੇ ਹੋਏ ਲਿਖਦੇ ਹਨ:

ਨਿਰੰਜਨ ਨਿਰਾਕਾਰ ਨਿਰਲੇਪੀ, ਨਿਰਵੀਕਾਰ ਨਿਰਾਸੀ।
ਕਾਮ ਕੁਟਿਲ ਤਾਹੀ ਕਹਿ ਗਾਵਤ, ਹਰ ਹਰ ਆਵੈ ਹਾਂਸੀ।[137]

ਗੁਰੂ ਜੀ ਅਨੁਸਾਰ ਉਹ ਬ੍ਰਹਮ ਸਰਵ-ਉੱਤਮ ਹੈ, ਪ੍ਰਕਾਸ਼ ਦੇ ਸਮਾਨ ਤੇਜ਼ ਸਰੂਪੀ ਹੈ, ਅਲੱਖ, ਨਿਰੰਜਨ ਤੇ ਅਕਥਨੀਯ ਹੈ, ਜੁੱਤੇ-ਸਿੱਧ ਹੀ ਉਸ ਨਾਲ ਆਪ ਦੀ ਪ੍ਰੀਤ ਦੀ ਡੋਰੀ ਬੱਝ ਗਈ ਹੈ:

ਪਰੀਤਿ ਸੁਧਾਮਨਿ ਆਵ, ਤੇਜ ਸਰੂਪੀ ਸਕਲ ਸਿਰੋਮਨਿ,
ਅਲਖ ਨਿਰੰਜਨ ਰਾਵ। ਟੇਕ।[138]

ਅਜਿਹੇ ਅਵਿਕਤ ਨਿਰੰਜਨ ਦੀ ਪ੍ਰੇਮ-ਭਰੀ ਸੇਵਾ ਕਰਨ ਤੋਂ ਉਹ ਆਪਣੇ ਆਪ ਨੂੰ ਅਸਮਰਥ ਸਮਝਦੇ ਹਨ। ਗੁਰੂ ਜੀ ਅਨੁਸਾਰ ਇਸ ਨਿਰੰਜਨ ਦੀ ਉਪਾਸ਼ਨਾ ਨੂੰ ਕਿਸੇ ਬੰਧਨ ਵਿਚ ਬੰਨ੍ਹਿਆ ਨਹੀਂ ਜਾ ਸਕਦਾ, ਅਰਥਾਤ ਉਸ ਨਿਰਲੇਪੀ ਤੇ ਨਿਰੰਜਨ ਬ੍ਰਹਮ ਨੂੰ ਕੇਵਲ ਨਿਰਗੁਣ ਭਾਵਨਾ ਨਾਲ ਤਨ ਮਨ ਅਰਪਿਤ ਕਰਕੇ ਹਾਸਿਲ ਕੀਤਾ ਜਾ ਸਕਦਾ ਹੈ:

ਅਬਿਗਤਿ ਨਾਥ ਨਿਰੰਜਨ ਦੇਵਾ, ਮੈ ਕਾ ਜਾਨੂੰ ਤੁਮਰੀ ਸੇਵਾ।ਟੇਕ।
ਬਾਧੂੰ ਨ ਬੰਧਨ ਛਾਡੂੰ ਨ ਛਾਯਾ, ਤੁਮ ਹੀ ਸੇਉਂ ਨਿਰੰਜਨ ਰਾਯਾ।[139]
ਤਨੁ ਮਨੁ ਅਰਪਉ ਪੂਜ ਚਰਾਵਉ, ਗੁਰ ਪਰਸਾਦਿ ਨਿਰੰਜਨ ਪਾਵਉ।[140]

ਉਸ ਨਿਰੰਜਨ ਨੂੰ ਧਿਆ ਕੇ, ਉਸ ਦੀ ਅਰਾਧਨਾ ਕਰਕੇ ਜੀਵਾਤਮਾ ਹਮੇਸ਼ਾ-ਹਮੇਸ਼ਾ ਲਈ ਜਨਮ-ਮਰਨ ਤੋਂ ਰਹਿਤ ਹੋ ਜਾਂਦੀ ਹੈ, ਅਨਹਦ ਸ਼ਬਦ ਵਿਚ ਲੀਨ ਹੋ ਜਾਂਦੀ ਹੈ ਅਤੇ ਪਰਮਧਾਮ ਪਹੁੰਚ ਕੇ ਉਸ ਨੂੰ ਦੁਬਾਰਾ ਇਸ ਸੰਸਾਰ ਵਿਚ ਆਉਣਾ ਨਹੀਂ ਪੈਂਦਾ। ਉਸ ਸਗੁਣ, ਨਿਰਗੁਣ, ਨਿਰਾਮਈ, ਨਿਰਵਿਕਾਰ ਅਤੇ ਨਿਰੰਜਨ ਤੇ ਬਿਮਲ ਪ੍ਰਭੂ ਨਾਲ ਅਭੇਦ ਹੋ ਕੇ ਆਤਮਾ ਉਸ ਦੇ ਗੁਣਾਂ ਨੂੰ ਪ੍ਰਾਪਤ ਕਰ ਕੇ ਉਸ ਦਾ ਹੀ ਰੂਪ ਹੋ ਜਾਂਦੀ ਹੈ:

ਕਹੈ ਰਵਿਦਾਸ ਨਿਰੰਜਨ ਧਯਾਊਂ ਜਿਸ ਘਰਿ ਜਾਊਂ ਹੋਂ ਬਹੁਰਿ ਨ ਆਊਂ।[141]
ਤੂੰ ਸ੍ਰਗੁਣ ਨਿਰਗੁਣ ਨਿਰਾਮਯੀ ਨ੍ਰਿਬਿਕਾਰ, ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵੰ।[142]

ਸ਼ੂਨਯ ਰੂਪ ਬ੍ਰਹਮ

ਬੁੱਧ ਧਰਮ ਦੀ ਮਹਾਯਾਨ ਸ਼ਾਖਾ ਦੇ ਪ੍ਰਵਰਤਕ ਨਾਗਾਰੁਜਨ ਨੇ 'ਸ਼ੂਨਯ' ਦੇ ਸੰਦਰਭ ਵਿਚ ਵਿਸਤ੍ਰਿਤ ਚਰਚਾ ਕੀਤੀ ਹੈ। ਇਨ੍ਹਾਂ ਦੀ ਦ੍ਰਿਸ਼ਟੀ ਵਿਚ ਸ਼ੂਨਯ ਹੀ ਪਰਮਾਰਥਕ ਸੱਤ ਹੈ। ਇਹ ਸ਼ੂਨਯ ਕੋਈ ਭਾਵ-ਹੀਨ ਜਾਂ ਅਰਥ-ਹੀਨ ਸ਼ਬਦ ਨਹੀਂ ਹੈ ਬਲਕਿ ਇਹ ਅਨਿਰਵਚਨੀਯ ਤੱਤ ਦਾ ਬੋਧ ਕਰਵਾਉਂਦਾ ਹੈ। ਮਹਾਯਾਨ ਸ਼ਾਖਾ ਦੇ ਬੋਧ ਦਾਰਸ਼ਨਿਕਾਂ ਅਨੁਸਾਰ ਸ਼ੂਨਯ ਨਾ ਸੱਤ ਹੈ ਨ ਅਸੱਤ, ਨਾ ਸੱਤ ਅਤੇ ਅਸੱਤ ਦੋਨਾਂ ਵਿਚ ਹੈ ਅਤੇ ਨਾ ਹੀ ਦੋਨਾਂ ਤੋਂ ਭਿੰਨ ਹੈ। ਇਨ੍ਹਾਂ ਚਾਰ ਕੋਟੀਆਂ ਤੋਂ ਵਿਲੱਖਣ ਇਕ ਤੱਤ ਹੈ। ਇਸ ਨੂੰ ਮਾਧਯਮਿਕਾਂ ਨੇ ਪਰਮ ਤੱਤ ਕਿਹਾ ਹੈ।[143]

ਇਸ ਪਰਮਾਰਥ ਸੱਤ ਬਾਰੇ 'ਬੋਧਿਚਰਯਾ' ਵਿਚ ਇਹ ਵੀ ਵਰਣਿਤ ਹੈ ਕਿ ਇਹ

ਸਰੀਰ, ਮਨ, ਵਚਨ ਦੁਆਰਾ ਅਗੋਚਰ ਹੈ, ਸ਼ਬਦਾਂ ਦੁਆਰਾ ਇਸ ਦਾ ਵਰਣਨ ਨਹੀਂ ਹੋ ਸਕਦਾ। ਇਹ ਅਗੇਯ, ਅਦ੍ਰਿਸ਼ਟ ਅਤੇ ਅਨਿਰਵਚਨੀਯ ਹੈ, ਸਵੈ-ਅਨੁਭੂਤੀ ਦੁਆਰਾ ਗਿਆਨੀ ਪੁਰਸ਼ਾਂ ਨੂੰ ਇਸ ਦਾ ਅਨੁਭਵ ਹੋ ਸਕਦਾ ਹੈ।[144] ਬੋਧ ਸਿੱਧਾਂ ਅਤੇ ਨਾਥ-ਯੋਗੀਆਂ ਨੇ ਸ਼ੂਨਯ ਬ੍ਰਹਮ ਦੀ ਅਰਾਧਨਾ ਕੀਤੀ ਅਤੇ ਬ੍ਰਹਮ ਦੇ ਇਸ ਸਰੂਪ ਨੂੰ ਸ਼ਬਦ-ਅਤੀਤ ਅਤੇ ਇੰਦਰੀ-ਅਤੀਤ ਮੰਨਿਆ ਹੈ।

ਨਾਥ ਸੰਪ੍ਰਦਾਇ ਵਿਚ ਸ਼ੂਨਯ ਦੁਆਰਾ ਬ੍ਰਹਮਵਾਦ ਨੂੰ ਵਿਅਕਤ ਕੀਤਾ ਗਿਆ ਹੈ। ਗੋਰਖ ਨਾਥ ਅਨੁਸਾਰ ਸ਼ੂਨਯ ਹੀ ਮਾਤਾ-ਪਿਤਾ(ਜੀਵ ਦਾ ਮੂਲ) ਹੈ।[145] ਪ੍ਰਸਿੱਧ ਸਿੱਧ ਜਲੰਧਰ ਨਾਥ ਨੇ ਵੀ ਸ਼ੂਨਯ ਨੂੰ ਪਰਮ ਜਯੋਤੀ ਪ੍ਰਕਾਸ਼ ਰੂਪੀ ਪਰਮਪਦ ਕਿਹਾ ਹੈ।[146] ਇਸ ਤਰ੍ਹਾਂ ਸ਼ੂਨਯ ਦਾ ਪ੍ਰਯੋਗ ਅਜਰ, ਅਮਰ, ਅਵਿਨਾਸ਼ੀ ਅਤੇ ਅਨਿਰਵਚਨੀਯ ਬ੍ਰਹਮ ਲਈ ਹੁੰਦਾ ਰਿਹਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਸ਼ੂਨਯ ਜਾਂ ਸੁੰਨਿ ਸ਼ਬਦ ਦੀ ਵਰਤੋਂ ਪਰਮਸਤਿ ਲਈ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਸ਼ੂਨਯ ਬ੍ਰਹਮ ਸੁੰਨਿ-ਮੰਡਲ ਦਾ ਵਾਸੀ ਹੈ, ਇਥੇ ਚੰਦ, ਸੂਰਜ, ਪ੍ਰਕਾਸ਼ਵਾਨ ਹੋ ਰਹੇ ਹਨ ਅਤੇ ਚੁਗਿਰਦੇ ਨੂਰ ਹੀ ਨੂਰ ਹੈ। ਇਸ ਸਥਾਨ ਤੇ ਨਿਰੰਤਰ ਅੰਮ੍ਰਿਤ ਬਰਸਦਾ ਹੈ ਜਿਸ ਨੂੰ ਪੀ ਕੇ ਜਗਿਆਸੂ ਮਰਨ ਜੰਮਣ ਤੋਂ ਰਹਿਤ ਹੋ ਜਾਂਦਾ ਹੈ, ਅਮਰ ਪਦਵੀ ਪ੍ਰਾਪਤ ਕਰ ਲੈਂਦਾ ਹੈ। ਆਪ ਦਾ ਕਥਨ ਹੈ:

ਸੁੰਨਿ ਮੰਡਲ ਮੈਂ ਤੇਰਾ ਬਾਸਾ, ਤਾਥੈ ਜੀਵ ਮੈਂ ਰਹਯੋ ਉਦਾਸਾ।[147]

ਚੰਦ ਸੂਰ ਦੋਊ ਸਨਮੁੱਖ ਹੋਈ, ਪੀਵੈ ਪਿਆਲਾ ਮਰੈ ਨ ਕੋਈ।
ਸਹਜ ਸੁੰਨਿ ਮੈਂ ਭਾਠੀ ਸਰਵੈ, ਪਾਵੈ ਰੈਦਾਸ ਗੁਰਮੁਖ ਦਰਵੈ।[148]

ਗੁਰੂ ਰਵਿਦਾਸ ਜੀ ਸਮਝਾਉਂਦੇ ਹਨ ਕਿ ਇਸ ਸ਼ੂਨਯ ਬ੍ਰਹਮ ਤੋਂ ਹੀ ਹਰ ਜੀਵ ਦੀ ਉਤਪੱਤੀ ਹੁੰਦੀ ਹੈ ਅਤੇ ਅੰਤ ਕਾਲ ਜੀਵ ਉਸ ਵਿਚ ਹੀ ਵਿਲੀਨ ਹੋ ਜਾਂਦਾ ਹੈ:

ਜਹਾਂ ਕਾ ਉਪਜਿਆ ਤਹਾਂ ਵਿਲਾਈ, ਸਹਜ ਸੁੰਨਿ ਮੈਂ ਰਹਯੋ ਲੁਕਾਈ।[149]

ਉਹ ਸ਼ੂਨਯ ਬ੍ਰਹਮ ਮੁਕਤੀ ਪ੍ਰਦਾਨ ਕਰਨ ਵਾਲਾ ਪਰਮਸਤਿ ਹੈ। ਜਿੰਨਾ ਚਿਰ ਦੁਨਿਆਵੀ ਜੀਵ ਉਸ ਤੋਂ ਵੱਖ ਹੈ, ਉਹ ਦੂਈ-ਦਵੈਤ ਵਿਚ ਫਸਿਆ ਹੋਇਆ, ਹਿੰਦੂ-ਮੁਸਲਿਮ ਧਰਮਾਂ ਦੀ ਮਜ਼ਹਬੀ ਸੰਕੀਰਨਤਾ ਵਿਚ ਜਕੜਿਆ ਹੋਇਆ ਹੈ, ਪਰ ਜਦੋਂ ਜੀਵ ਪਰਮ-ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਰਾਮ ਤੇ ਖੁਦਾ ਦੀ ਥਾਂ ਤੇ ਸ਼ੂਨਯ ਬ੍ਰਹਮ

ਹੀ ਦਿਸਦਾ ਹੈ। ਆਪ ਲਿਖਦੇ ਹਨ:

ਕਹਿ ਰਵਿਦਾਸ ਸਹਜੇ ਸੁੰਨਿ ਸਤਿ,ਜੀਵਨ ਮੁਕਤਿ ਨਿਧੀ ਕਾਸੀ।[150]

ਸੁੰਨਿ ਸਹਜ ਮੈਂ ਦੋਊ ਤਯਾਗੀ, ਰਾਮ ਕਹੌਂ ਨ ਖੁਦਾਈ।[151]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦਾ ਸ਼ੂਨਯਵਾਦ ਬ੍ਰਹਮਵਾਦ ਤੋਂ ਪ੍ਰਭਾਵਿਤ ਹੈ, ਇਸ ਲਈ ਹੀ ਉਨ੍ਹਾਂ ਨੇ ਆਪਣੀ ਵਾਣੀ ਵਿਚ ਸ਼ੂਨਯ-ਰੂਪ ਬ੍ਰਹਮ ਦਾ ਵਿਸਤ੍ਰਿਤ ਵਰਣਨ ਕੀਤਾ ਹੈ ।

## (ਅ) ਅਵਿਅਕਤ ਸਗੁਣ ਸਰੂਪ ਬ੍ਰਹਮ

ਅਸੀਂ ਉੱਪਰ ਗੁਰੂ ਰਵਿਦਾਸ ਵਾਣੀ ਵਿਚ ਅੰਕਿਤ ਅਵਿਅਕਤ ਨਿਰਗੁਣ ਬ੍ਰਹਮ ਦੇ ਸੰਦਰਭ ਵਿਚ ਵਿਵੇਚਨਾਤਮਕ ਅਧਿਐਨ ਪ੍ਰਸਤੁਤ ਕੀਤਾ ਹੈ ਅਤੇ ਇਸ ਤੱਥ ਨੂੰ ਸੁਦ੍ਰਿੜ ਕੀਤਾ ਹੈ ਕਿ ਗੁਰੂ ਜੀ ਦੀ ਵਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਦਾ ਉਲੇਖ ਕੀਤਾ ਗਿਆ ਹੈ। ਪਰੰਤੂ ਜਨ-ਸਾਧਾਰਨ ਨੂੰ ਸਮਝਾਉਣ ਲਈ ਉਨ੍ਹਾਂ ਨੇ ਅਵਿਅਕਤ ਨਿਰਗੁਣ ਬ੍ਰਹਮ ਦੇ ਵਿਸ਼ੇਸ਼ ਗੁਣਾਂ ਦਾ ਜ਼ਿਕਰ ਵੀ ਕੀਤਾ ਹੈ। ਨਿਰਸੰਦੇਹ ਉਨ੍ਹਾਂ ਦੀ ਵਾਣੀ ਵਿਚ ਅਵਿਅਕਤ ਸਗੁਣ ਬ੍ਰਹਮ ਦਾ ਉਲੇਖ ਵੀ ਸਪਸ਼ਟ ਰੂਪ ਵਿਚ ਮਿਲਦਾ ਹੈ। ਵਾਸਤਵ ਵਿਚ ਜੇ ਸਗੁਣ ਬ੍ਰਹਮ ਅਵਿਅਕਤ ਹੈ ਤਾਂ ਮੂਲ ਰੂਪ ਵਿਚ ਉਹ ਨਿਰਗੁਣ ਬ੍ਰਹਮ ਹੀ ਹੋਇਆ।

ਸ੍ਰੀਮਦ ਭਗਵਦ ਗੀਤਾ ਦਾ ਅਵਿਅਕਤ ਬ੍ਰਹਮ ਸਗੁਣ ਵੀ ਹੈ ਅਤੇ ਨਿਰਗੁਣ ਵੀ। ਗੀਤਾ ਅਨੁਸਾਰ ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ।[152] ਜੀਵਾਂ ਦੇ ਵਿਚ ਰਹਿ ਕੇ ਉਨ੍ਹਾਂ ਕੋਲੋਂ ਕਰਮ ਕਰਵਾਉਂਦਾ ਹੈ।[153] ਉਹ ਯੱਗ ਆਦਿ ਦਾ ਭੋਗੀ ਹੈ[154] ਜੀਵਾਂ ਦੇ ਸੁੱਖ-ਦੁੱਖ ਆਦਿ ਭਾਵਾਂ ਦੀ ਉਤਪਤੀ ਦਾ ਸਰੋਤ ਹੈ।[155] ਪ੍ਰਾਣੀਆਂ ਦੇ ਹਿਰਦੇ ਵਿਚ ਸ਼ਰਧਾ ਉਤਪੰਨ ਕਰਨ ਵਾਲਾ ਅਤੇ ਉਨ੍ਹਾਂ ਦੀਆਂ ਵਾਸਨਾਵਾਂ ਦਾ ਫਲ-ਦਾਤਾ ਵੀ ਉਹੀ ਹੈ,[156] ਆਦਿ ਵਿਚਾਰਾਂ ਤੋਂ ਸਪਸ਼ਟ ਹੈ ਕਿ ਬ੍ਰਹਮ ਭਾਵੇਂ ਅਵਿਅਕਤ ਅਤੇ ਇੰਦਰੀਆਂ ਦੁਆਰਾ ਅਗੋਚਰ ਹੁੰਦਾ ਹੈ ਪਰ ਦਇਆ, ਕਿਰਪਾ-ਦ੍ਰਿਸ਼ਟੀ, ਕਰਤੱਵ-ਪਰਾਇਣਤਾ ਆਦਿ ਗੁਣਾਂ ਨਾਲ ਯੁਕਤ ਹੋਣ ਕਾਰਨ ਉਹ ਸਗੁਣ ਵੀ ਹੈ। ਇਹੀ ਬ੍ਰਹਮ ਦਾ ਅਵਿਅਕਤ ਸਗੁਣ ਸਰੂਪ ਹੈ। ਡਾ. ਕ੍ਰਿਸ਼ਨ ਕਲਸੀਆ ਦਾ ਕਥਨ ਹੈ ਕਿ ਜਦੋਂ ਅਵਿਅਕਤ ਨਿਰਗੁਣ ਬ੍ਰਹਮ ਵਿਸ਼ੇਸ਼ ਗੁਣਾਂ ਸਦਕਾ ਸਗੁਣ

ਪ੍ਰਤੀਤ ਹੋਣ ਲੱਗੇ ਤਾਂ ਉਸ ਨੂੰ ਅਵਿਅਕਤ ਸਗੁਣ ਬ੍ਰਹਮ ਕਿਹਾ ਜਾ ਸਕਦਾ ਹੈ। ਇਹ ਬ੍ਰਹਮ ਸਗੁਣ ਅਤੇ ਨਿਰਗੁਣ ਗੁਣਾਂ ਦਾ ਧਾਰਨੀ ਹੁੰਦਾ ਹੈ।[157]

ਗੁਰੂ ਰਵਿਦਾਸ ਵਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਦੇ ਵਿਸ਼ੇਸ਼ ਗੁਣਾਂ ਨੂੰ ਵੀ ਰੂਪਮਾਨ ਕੀਤਾ ਗਿਆ ਹੈ। ਗੁਰੂ ਜੀ ਬ੍ਰਹਮ ਸੰਬੰਧੀ ਸ਼ਾਸਤਰੀ ਵਿਚਾਰਧਾਰਾ ਵਿਚ ਨਹੀਂ ਉਲਝਦੇ, ਉਪਨਿਸ਼ਦਾਂ ਵਾਂਗ ਉਨ੍ਹਾਂ ਦਾ ਬ੍ਰਹਮ ਤਾਂ ਸਗੁਣ, ਨਿਰਗੁਣ ਦੋਨੋਂ ਹੈ। ਵਾਣੀ ਵਿਚ ਆਪ ਨੇ ਅਵਿਅਕਤ ਸਗੁਣ ਬ੍ਰਹਮ ਦਾ ਨਿਰੂਪਣ ਨਿਮਨ-ਲਿਖਤ ਚਾਰ ਰੂਪਾਂ ਵਿਚ ਕੀਤਾ ਹੈ:

(1) ਇਕ ਬ੍ਰਹਮ
(2) ਸਤਿ-ਸਰੂਪ ਬ੍ਰਹਮ(ਸਤਿਨਾਮ)
(3) ਜੋਤਿ-ਸਰੂਪ ਬ੍ਰਹਮ
(4) ਸੈਭੰ ਰੂਪ ਬ੍ਰਹਮ

ਅਵਿਅਕਤ ਸਗੁਣ ਬ੍ਰਹਮ ਦੇ ਇਨ੍ਹਾਂ ਚਾਰ ਰੂਪਾਂ ਦਾ ਹੇਠਾਂ ਵਿਸਤ੍ਰਿਤ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਗਿਆ ਹੈ:

(1) <u>ਇੱਕ ਬ੍ਰਹਮ</u>

ਰਿਗਵੇਦ ਵਿਚ ਇੱਕੋ ਬ੍ਰਹਮ ਲਈ ਇੰਦਰ, ਮਿੱਤਰ, ਵਰੁਣ, ਅਗਨੀ ਆਦਿ ਅਨੇਕ ਦੇਵਤਿਆਂ ਦੇ ਨਾਂ ਲਏ ਗਏ ਹਨ।[158] ਇਸੇ ਤਰ੍ਹਾਂ ਯਜੁਰ-ਵੇਦ ਵਿਚ ਇੱਕ ਹੀ ਪਰਮਾਤਮਾ ਨੂੰ ਅਗਨੀ, ਵਾਯੂ, ਚੰਦਰਮਾ, ਸ਼ੁਕਰ, ਬ੍ਰਹਮਾ ਅਤੇ ਪਰਜਾਪਤੀ ਕਿਹਾ ਗਿਆ ਹੈ।[159] ਆਰੰਭ ਵਿਚ ਤਾਂ 'ਓਮ' ਸ਼ਬਦ ਬ੍ਰਹਮ ਵਾਚਕ ਹੀ ਸੀ, ਤੈਤਿਰਯ ਉਪਨਿਸ਼ਦ ਅਨੁਸਾਰ ਓਮ ਹੀ ਬ੍ਰਹਮ ਹੈ, ਸਾਰਾ ਵਿਸ਼ਵ ਓਮ ਹੈ।[160] ਪਰੰਤੂ ਬਾਅਦ ਵਿਚ ਇਸ ਸ਼ਬਦ ਦੇ ਅਨੇਕ ਅਰਥ (ਬ੍ਰਹਮਾ, ਵਿਸ਼ਨੂੰ, ਸ਼ਿਵ) ਕਰਨੇ ਆਰੰਭ ਦਿੱਤੇ। ਸਮਾਂ ਪੈਣ ਤੇ 'ਓਮ' ਸ਼ਬਦ ਦੇ ਅਰਥ ਏਕਤਾ ਤੋਂ ਅਨੇਕਤਾ ਵਲ ਵਿਕਾਸ ਕਰ ਗਏ। ਸਿੱਟੇ ਵਜੋਂ ਬਹੁਦੇਵਵਾਦ ਦੀ ਭਾਵਨਾ ਨੇ ਧਾਰਮਿਕ ਦਿਲਚਸਪੀ ਨੂੰ ਖਿੰਡਾ ਦਿੱਤਾ। ਇਸ ਅਨੇਕਤਾ ਦੇ ਭਾਵ ਨੂੰ ਭਾਰਤੀ ਸਮਾਜ ਵਿਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਜਨਮ ਦਿੱਤਾ। ਮੱਧ-ਯੁਗੀਨ ਸੰਤਾਂ ਨੇ ਏਕ-ਈਸ਼ਵਰਵਾਦ ਦਾ ਪ੍ਰਚਾਰ ਕਰਕੇ ਆਪਣੀ ਬ੍ਰਹਮ ਅਭਿਵਿਅਕਤੀ ਦੀ ਭਾਵਨਾ ਸ਼ਖਾਰਿਆ ਲਿਆ ਅਤੇ ਆਪਣੇ ਸਿਧਾਂਤਾਂ ਦੀ ਸਪੱਸ਼ਟਤਾ ਨੂੰ ਸਥਾਪਿਤ ਕੀਤਾ। ਡਾ. ਪੀਤਾਂਬਰ ਦੱਤ ਬੜਥਵਾਲ ਅਨੁਸਾਰ, " ਜਿਨ੍ਹਾਂ

ਪਰਿਸਥਿਤੀਆਂ ਨੇ ਇਸ ਨਵੇਂ ਨਿਰਗੁਣ ਪੰਥ ਨੂੰ ਜਨਮ ਦਿੱਤਾ ਸੀ, ਏਕ-ਈਸ਼ਵਰਵਾਦ ਉਨ੍ਹਾਂ ਦੀ ਸਭ ਤੋਂ ਵੱਡੀ ਲੋੜ ਸੀ।"[161]

ਗੁਰੂ ਰਵਿਦਾਸ ਨੇ ਆਪਣੀ ਵਾਣੀ ਵਿਚ ਵੇਦਾਂਤ ਸ਼ੈਲੀ ਅਨੁਸਾਰ ਇੱਕੋ ਹੀ ਬ੍ਰਹਮ ਦਾ ਨਿਰੂਪਣ ਕੀਤਾ ਹੈ। ਆਪ ਦੇ ਕਥਨ ਅਨੁਸਾਰ ਇੱਕੋ ਬ੍ਰਹਮ ਦਾ ਭਾਵ ਹੈ ਕਿ ਪਰਮਾਤਮਾ ਇਕ ਇਕਾਈ ਹੈ, ਜਿਸ ਵਿਚੋਂ ਇਸ ਸਾਰੀ ਦ੍ਰਿਸ਼ਟਮਾਨ ਅਨੇਕਤਾ ਨੇ ਜਨਮ ਲਿਆ ਹੈ। ਇਕ ਬ੍ਰਹਮ ਹੀ ਘਟ ਘਟ ਕਿਆ ਹਰ ਜੀਵ ਵਿਚ ਸਮਾਇਆ ਹੋਇਆ ਹੈ, ਉਹ ਸਰਵ-ਵਿਆਪੀ ਹੈ ਅਤੇ ਪ੍ਰਕ੍ਰਿਤੀ ਦੇ ਵਿਭਿੰਨ ਰੂਪਾਂ ਵਿਚ ਦ੍ਰਿਸ਼ਟਮਾਨ ਹੋ ਰਿਹਾ ਹੈ:

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।[162]

ਏਕ ਹੀ ਏਕ ਅਨੇਕ ਹੋਇ ਬਿਸਥਰਿਓ, ਆਨ ਰੇ ਆਨ ਭਰਪੂਰਿ ਸੋਊ।[163]

ਬਟਕ ਬੀਜ ਜੈਸਾ ਆਕਾਰ, ਪਸਰਿਓ ਤੀਨ ਲੋਕ ਪਾਸਾਰ।[164]

ਗੁਰੂ ਰਵਿਦਾਸ ਵਾਣੀ ਵਿਚ ਅਨੇਕ ਥਾਵਾਂ ਤੇ ਇਸ ਏਕੇ ਦੀ ਵਿਸ਼ੇਸ਼ਤਾ ਨੂੰ ਦਰਸਾਇਆ ਗਿਆ ਹੈ। ਇਹ ਜਗਤ ਉਸ ਸਰਵ-ਵਿਆਪੀ ਬ੍ਰਹਮ ਦਾ ਹੀ ਪਾਸਾਰਾ ਹੈ, ਇਕ ਬ੍ਰਹਮ ਹੀ ਸਰਵ-ਸੰਸਾਰ ਅਤੇ ਤ੍ਰੈਲੋਕੀ ਦਾ ਸਿਰਜਕ ਹੈ:

ਰਵਿਦਾਸ ਏਕੋ ਬ੍ਰਹਮ ਕਾ ਹੋਇ ਰਹਯੋ ਸਗਲ ਪਸਾਰ ।
ਏਕੋ ਮਾਟੀ ਸਭ ਘਟ ਸ੍ਰਜੈ, ਏਕੋ ਸਭ ਕੂੰ ਸਿਰਜਨਹਾਰ।[165]

ਉਹ ਇਕ ਬ੍ਰਹਮ ਹੀ ਸਾਰਿਆਂ ਵਿਚ ਬਿਰਾਜਮਾਨ ਹੈ। ਜੀਵ ਅਤੇ ਉਸ ਦਾ ਆਪਸੀ ਰਿਸ਼ਤਾ ਪਾਣੀ ਅਤੇ ਪਾਣੀ ਵਿਚੋਂ ਉੱਠੀ ਲਹਿਰ ਸਮਾਨ ਹੈ। ਉਹ ਪ੍ਰਭੂ ਸਾਰਿਆਂ ਦਾ ਪਾਲਣਹਾਰ ਹੈ, ਉਹ ਇਕ ਹੀ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ। ਉਹ ਦੁਨੀਆਂ ਦੇ ਆਦਿ ਵਿਚ ਵੀ ਸੀ, ਮੱਧ ਵਿਚ ਵੀ ਉਹੀ ਹੈ ਅਤੇ ਅੰਤ ਵਿਚ ਵੀ ਉਹੀ ਹੋਵੇਗਾ:

ਘਟ ਘਟ ਤਿਹ ਪੇਖਿਯਤ ਅਇਸੇ, ਜਲ ਮਾਹਿੰ ਲਹਿਰ, ਲਹਿਰ ਜਲ ਜਇਸੇ।
ਕਹਿ ਰਵਿਦਾਸ ਹਰਿ ਸਰਬ ਵਿਆਪਕ, ਸਰਬ ਚਿੰਤਾਮਣਿ ਸਰਬ ਪ੍ਰਤਿਪਾਲਕ।[166]

ਆਦਿ ਮਧਯ ਔਸਾਨ ਏਕ ਰਸ, ਤਾਰ ਤੂੰਬ ਨਹੀਂ ਤਾਈਂ ।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।[167]

ਪਰਮਾਤਮਾ ਤਾਂ ਹਰ ਥਾਂ ਮੌਜੂਦ ਹੈ, ਪਰੰਤੂ ਭਰਮਾਂ ਦੇ ਪਰਦੇ ਹੇਠ ਉਹ ਦੂਜਾ ਨਜ਼ਰ ਆਉਂਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਭਰਮ-ਭੁਲੇਖੇ ਦਾ ਸ਼ਿਕਾਰ ਹੋ ਕੇ ਪ੍ਰਾਣੀ ਜੋ ਕੁਝ ਮੰਨ ਲੈਂਦਾ ਹੈ, ਦਰਅਸਲ ਉਹ ਉਸ ਤਰ੍ਹਾਂ ਦਾ ਹੁੰਦਾ ਨਹੀਂ ਹੈ। ਆਪ ਰੱਸੀ ਨੂੰ ਸੱਪ ਸਮਝ ਲੈਣ ਦੀ ਕਹਾਣੀ ਦਾ ਹਵਾਲਾ ਦੇ ਕੇ ਅਤੇ ਸੋਨੇ ਦੇ ਅਨੇਕ ਕੰਗਣ ਦੇਖ ਕੇ ਸੋਨੇ ਦੀਆਂ ਵਿਭਿੰਨ ਕਿਸਮਾਂ ਦਾ ਭਰਮ ਪਾਲ ਲੈਣ ਦੀ ਭਾਵਨਾ ਦਾ ਜ਼ਿਕਰ ਕਰਦੇ ਹੋਏ ਸਮਝਾਉਂਦੇ ਹਨ ਕਿ ਭੁਲੇਖੇ ਦਾ ਸ਼ਿਕਾਰ ਜੀਵ ਐਵੇਂ ਹੀ ਉਸ ਇੱਕ ਬ੍ਰਹਮ ਨੂੰ ਆਪੇ ਤੇ ਜਗਤ ਤੋਂ ਵੱਖ ਸਮਝ ਕੇ ਦੁੱਖ ਭੋਗ ਰਿਹਾ ਹੈ:

> ਮਾਧਵੇ ! ਕਿਆ ਕਹੀਐ ਭ੍ਰਮੁ ਐਸਾ ! ਜੈਸਾ ਮਾਨੀਐ ਹੋਇ ਨ ਤੈਸਾ।ਰਹਾਉ।
>
> - - - - - - -   - - - - - - - - - - - - - - - - -
>
> ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।
> ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ।[168]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਇਸ ਸਾਰੀ ਰਚਨਾ ਵਿਚ ਉਸ ਇਕ ਤੋਂ ਬਿਨਾ ਦੂਜਾ ਨਹੀਂ ਹੈ, ਉਹ ਏਕ ਹੋ ਕੇ ਅਨੇਕ ਵਿਚ ਵਿਚਰ ਰਿਹਾ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਇੱਕ ਦਾ ਹੀ ਸਰੂਪ ਹੈ। ਉਹ ਆਪਣੀ ਅਦਭੁਤ ਰਚਨਾ ਰਾਹੀਂ ਸਾਰੇ ਪਸਰਿਆ ਹੋਇਆ ਹੈ, ਸਭ ਜੀਵਾਂ ਵਿਚ ਉਸ ਇਕ ਦੀ ਹੀ ਜੀਵਨ-ਸੱਤਾ ਹੈ:

> ਤੂ ਹਾਜਰਾ ਹਜੂਰਿ ਜੋਗ ਏਕ, ਅਵਰ ਨਹੀਂ ਦੂਜਾ।[169]
>
> ਏਕ ਅਨੇਕ ਅਨੇਕ ਏਕ ਹਰਿ, ਕਹੌ ਕਵਨ ਵਿਧਿ ਦੂਜਾ।[170]

ਗੁਰੂ ਜੀ ਅਨੁਸਾਰ ਉਹ ਕਰਤਾ ਇਕ ਹੀ ਸਤਿ-ਪੁਰਸ਼ ਹੈ, ਉਸ ਇਕ ਦੇ ਸਿਮਰਨ ਅਤੇ ਮਿਲਾਪ ਨਾਲ ਹੀ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ:

> ਕੇਵਲ ਕਰਤਾ ਏਕ ਸਹੀ ਕਰ, ਸਤਿ ਰਾਮ ਤਿਹਿ ਠਾਇ।[171]
>
> ਛੂਟੇ ਤਬ ਹੀ, ਜਬ ਮਿਲੈ ਏਕ ਹੀ, ਭਣੈ ਰਵਿਦਾਸ ਉਦਾਸੀ।[172]

(2) <u>ਸਤਿ ਸਰੂਪ ਬ੍ਰਹਮ(ਸਤਿਨਾਮ)</u>

ਰਿਗਵੇਦ ਅਨੁਸਾਰ ਬ੍ਰਹਮ-ਨਾਮ ਦਾ ਭਾਵ ਤੱਤ ਰੂਪ, ਅਸਲੀ ਜਾਂ ਸੱਚਾ[173]

ਆਦਿ ਹੈ। ਛਾਂਦੋਗਯ ਉਪਨਿਸ਼ਦ ਅਨੁਸਾਰ, " ਉਸ ਬ੍ਰਹਮ ਦਾ ਨਾਮ ਸਤਿ ਹੈ।"[174] ਤੈਤਿਰਯ ਉਪਨਿਸ਼ਦ ਵਿਚ ਵੀ ਬ੍ਰਹਮ ਦੇ ਸਤਿ-ਸਰੂਪ ਦਾ ਵਰਣਨ ਹੈ। ਇਸ ਵਿਚ ਬ੍ਰਹਮ ਨੂੰ ਅਨੰਤ, ਸਤਿ ਅਤੇ ਗਿਆਨ ਸਰੂਪ ਕਿਹਾ ਗਿਆ ਹੈ।[175] ਬ੍ਰਹਮ ਲਈ "ਸਤਿ" ਪਦ ਦੀ ਵਰਤੋਂ ਬਹੁਤ ਮਹੱਤਵ ਪੂਰਨ ਹੈ। " ਸਤਿ ਤੋਂ ਭਾਵ ਹੈ ਕਿ ਪਰਮਾਤਮਾ ਨਿਰਾ ਸਿਧਾਂਤ, ਕਲਪਨਾ ਜਾਂ ਨਿਯਮ ਨਹੀਂ ਹੈ, ਸਗੋਂ ਇਕ ਵਾਸਤਵਿਕ ਸੱਤਾ, ਵਜੂਦ ਜਾਂ ਹਸਤੀ ਹੈ ਜੋ ਆਪਣੀ ਹੋਂਦ ਲਈ ਕਿਸੇ ਦੂਸਰੇ ਉੱਤੇ ਨਿਰਭਰ ਨਹੀਂ। ਉਹ ਆਪਣੇ ਆਪ ਤੋਂ ਆਪ ਹੈ। ਉਹ ਤਿੰਨਾਂ ਲੋਕਾਂ ਅਤੇ ਤਿੰਨਾਂ ਕਾਲਾਂ ਵਿਚ ਵੀ ਸਤਿ ਹੈ ਅਤੇ ਇਨ੍ਹਾਂ ਦੇ ਆਦਿ ਅਤੇ ਅੰਤ ਵਿਚ ਵੀ ਸਤਿ ਹੈ।"[176]

ਪਰਮਾਤਮਾ ਦੇ ਨਾਵਾਂ ਅਤੇ ਉਸ ਦੇ ਸਤਿ ਨਾਮ ਅਰਥਾਤ ਸੱਚੇ ਨਾਮ ਅਥਵਾ ਸਤਿ-ਸਰੂਪ ਬ੍ਰਹਮ ਵਿਚ ਵੱਡਾ ਅੰਤਰ ਹੈ, ਬ੍ਰਹਮ ਦੇ ਦੁਨਿਆਵੀ ਨਾਵਾਂ ਵਿਚੋਂ ਕੋਈ ਵੀ ਨਾਂ ਉਸ ਸਤਿ-ਸਰੂਪ ਬ੍ਰਹਮ ਦੇ ਸਰਵ ਗੁਣਾਂ ਦਾ ਪ੍ਰਗਟਾਵਾ ਨਹੀਂ ਕਰ ਸਕਦਾ। ਪਰਮਾਤਮਾ ਵਾਂਗ ਉਸ ਦਾ ਨਾਮ ਵੀ ਅਮਰ, ਅਵਿਨਾਸ਼ੀ ਹੈ, ਇਹ ਸ੍ਰਿਸ਼ਟੀ ਦਾ ਕਰਤਾ ਅਤੇ ਆਧਾਰ ਹੈ । "ਪਰਮਾਤਮਾ ਦਾ ਨਾਮ ਪਰਮਾਤਮਾ ਦੇ ਸਰਵ ਗੁਣਾਂ ਦਾ ਪ੍ਰਗਟਾਵਾ ਹੈ ਅਤੇ ਉਹ ਨਾਮ ਸਤਿ ਹੈ। ਇਸ ਸੱਚੇ ਨਾਮ ਦੀ ਭਗਤੀ ਦੁਆਰਾ ਹੀ ਜੀਵ ਦਾ ਛੁਟਕਾਰਾ ਸੰਭਵ ਹੈ। ਪਰਮਾਤਮਾ ਸਤਿਨਾਮ ਹੈ ਅਰਥਾਤ ਉਸ ਦਾ ਨਾਮ ਸਤਿ ਹੈ।[177]

ਗੁਰੂ ਰਵਿਦਾਸ ਜੀ ਅਨੁਸਾਰ ਸਤਿ-ਸਰੂਪ ਬ੍ਰਹਮ ਸਦਾ ਰਹਿਣ ਵਾਲਾ ਹੈ। ਉਹ ਦੁਨਿਆਵੀ ਅੱਖਰਾਂ ਦੀ ਕੈਦ ਵਿਚ ਨਹੀਂ ਹੈ, ਉਹ ਅਮਰ, ਅਵਿਨਾਸ਼ੀ ਅਤੇ ਇਸ ਜਗਤ ਦਾ ਕਰਤਾ, ਹਰਤਾ ਹੈ। ਗੁਰੂ ਜੀ ਕਹਿੰਦੇ ਹਨ ਕਿ ਧਰਮ-ਗ੍ਰੰਥਾਂ ਦਾ ਸਾਰਾ ਗਿਆਨ ਭਾਸ਼ਾ ਦੇ ਚੌਂਤੀ ਅੱਖਰਾਂ ਦੀ ਕੈਦ ਵਿਚ ਹੈ , ਪਰ ਪਰਮਾਤਮਾ ਦਾ ਨਾਮ ਇਨ੍ਹਾਂ ਸਭ ਤੋਂ ਨਿਆਰਾ ਹੈ :

ਨਾਨਾ ਖਿਆਨ ਪੁਰਾਨ ਬੇਦ ਬਿਧਿ, ਚਉਤੀਸ ਅਖਰ ਮਾਂਹੀ।
ਬਿਆਸ ਬਿਚਾਰਿ ਕਹਿਓ ਪਰਮਾਰਥ, ਰਾਮ ਨਾਮ ਸਰਿ ਨਾਹੀ।[178]

ਕਰਤਾ ਹਰਤਾ ਜਗਤ ਕੋ, ਭਜੈ ਤਾਹਿ ਰਵਿਦਾਸ।[179]

ਸਤਿ-ਸਰੂਪ ਬ੍ਰਹਮ ਸਦੀਵੀ, ਆਦਿ, ਅਨੰਤ ਅਤੇ ਪਰਮਪਦ ਦਾ ਮਾਲਕ ਹੈ। ਉਹ ਸੱਚੀ ਮੁਕਤੀ ਅਤੇ ਸੱਚੇ ਆਨੰਦ ਦਾ ਸੋਮਾ ਅਤੇ ਦੁਨਿਆਵੀ ਭਰਮਾਂ ਤੇ ਸ਼ੰਕਿਆਂ ਨੂੰ

ਨਵਿਰਤ ਕਰਨ ਵਾਲਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਸਤਿਨਾਮੀ ਦੇ ਸਤਿ-ਸਰੂਪ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿੱਤਾ ਹੈ:

ਮਨ ਮੇਰੇ ਸਤਿ ਸਰੂਪ ਵਿਚਾਰੋ
ਆਦਿ ਅੰਤਿ ਅਨੰਤ ਪਰਮਪਦ ਸੰਸਾ ਸਕਲ ਨਿਵਾਰੋ ।[180]

ਗੁਰੂ ਰਵਿਦਾਸ ਵਾਣੀ ਵਿਚ ਸਤਿ-ਸਰੂਪ ਬ੍ਰਹਮ ਅਤੇ ਉਸ ਦੇ ਸੱਚੇ ਨਾਮ ਦੀ ਮਹਿਮਾ ਗਾਈ ਗਈ ਹੈ। ਉਨ੍ਹਾਂ ਨੂੰ ਤਾਂ ਹਰੀ ਦੇ ਨਾਮ ਤੋਂ ਬਿਨਾਂ ਹੋਰ ਸਭ ਦੁਨਿਆਵੀ ਖਿਲਾਰੇ ਕੂੜ ਨਜ਼ਰ ਆਉਂਦੇ ਹਨ। ਗੁਰੂ ਜੀ ਦੀ ਦ੍ਰਿਸ਼ਟੀ ਵਿਚ 'ਨਾਮ' ਕਰਤਾ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਹੈ। "ਕਹੈ ਰਵਿਦਾਸ ਨਾਮ ਤੇਰੋ ਆਰਤੀ"[181] ਸ਼ਬਦ ਵਿਚ ਨਾਮ ਪਰਮਸਤਿ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ। ਡਾ. ਤ੍ਰਿਲੋਚਨ ਸਿੰਘ ਦਾ ਮੱਤ ਹੈ ਕਿ ਸੱਚਾ ਨਾਮ ਕੇਵਲ ਲਫ਼ਜ਼ ਨਹੀਂ ਜੋ ਕਿਸੇ ਵਸਤੂ ਦਾ ਸੰਕੇਤ ਦਿੰਦਾ ਹੈ। ਨਾਮ ਤਾਂ ਪਰਮਸਤਿ ਦੀ ਸਮੁੱਚੀ ਸ਼ਕਤੀ, ਗੁਣ ਅਤੇ ਪ੍ਰਕ੍ਰਿਤੀ ਹੈ।[182] ਗੁਰੂ ਜੀ ਦਾ ਕਥਨ ਹੈ ਕਿ ਸਤਿ-ਸਰੂਪ ਬ੍ਰਹਮ ਦੇ ਸੱਚੇ ਨਾਮ ਦਾ ਸਿਮਰਨ ਹੀ ਉਨ੍ਹਾਂ ਲਈ ਆਰਤੀ ਹੈ ਅਤੇ ਪਰਮਤਮਾ ਦੇ ਭੋਗ ਲਈ ਵੀ ਉਨ੍ਹਾਂ ਕੋਲ ਕੇਵਲ ਉਸ ਦਾ ਸੱਚਾ ਤੇ ਸਥਿਰ ਨਾਮ ਹੀ ਹੈ। ਆਪ ਲਿਖਦੇ ਹਨ:

ਕਹੈ ਰਵਿਦਾਸ ਨਾਮ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ।[183]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਸੰਸਾਰ ਨਾਸ਼ਵਾਨ ਹੈ, ਇਸ ਦਾ ਰੰਗ ਕਸੁੰਭੜੇ ਦੇ ਫੁਲ ਦੀ ਨਿਆਈਂ ਥੋੜ-ਚਿਰਾ ਹੈ, ਕੱਚਾ ਹੈ, ਪਰੰਤੂ ਉਸ ਪਰਮਸਤਿ ਦੇ ਪ੍ਰੇਮ ਦਾ ਰੰਗ ਮਜੀਠ ਦੇ ਰੰਗ ਵਾਂਗ ਪੱਕਾ, ਸਥਿਰ ਤੇ ਸਦੀਵੀ ਹੈ। ਉਸ ਪਰਮਾਤਮਾ ਤੋਂ ਬਿਨਾ ਹਰ ਚੀਜ਼ ਮਿਥਿਆ ਹੈ, ਥੋਥੀ ਹੈ, ਕੂੜ ਹੈ, ਇਸ ਲਈ ਹੀ ਤਾਂ ਗੁਰੂ ਜੀ ਨੇ ਉਸ ਸਤਿ-ਸਰੂਪ ਬ੍ਰਹਮ ਦੀ ਭਗਤੀ ਕਰ ਕਿ ਉਸ ਵਾਂਗ ਹੀ ਅਮਰ-ਪਦਵੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ:

ਜੈਸਾ ਰੰਗ ਕਸੁੰਭ ਕਾ ਤੈਸਾ ਇਹ ਸੰਸਾਰ।
ਮੇਰੇ ਰਮਈਏ ਰੰਗ ਮਜੀਠ ਕਾ ਕਹੁ ਰਵਿਦਾਸ ਚਮਾਰ।[184]

ਅਮਰ ਭਯੇ ਹਮ ਕਾਹੇ ਕੂੰ ਮਰਿ ਹੈਂ।ਟੇਕ।
ਮਿਥਯਾ ਜਗ ਮਾਯਾ ਤਜਿ ਦੀਨੀ, ਸੰਤ ਰੂਪ ਮਨੁ ਧਰਿ ਹੈਂ।[185]

(3) ਜੋਤਿ ਸਰੂਪ ਬ੍ਰਹਮ

ਭਾਰਤੀ ਦਰਸ਼ਨ ਵਿਚ ਪਰਮਾਤਮਾ ਨੂੰ ਜੋਤਿ-ਸਰੂਪ ਮੰਨ ਕੇ ਉਸ ਦੇ ਪ੍ਰਕਾਸ਼ਮਈ ਰੂਪ ਦੀ ਉਪਮਾ ਕੀਤੀ ਗਈ ਹੈ। ਰਿਗਵੇਦ ਦਾ ਕਥਨ ਹੈ ਕਿ ਪਰਮਾਤਮਾ—ਸੂਰਜ, ਧਰਤੀ ਅਤੇ ਆਕਾਸ਼ ਸਾਰੇ ਬ੍ਰਹਿਮੰਡ ਵਿਚ ਪੂਰੀ ਤਰ੍ਹਾਂ ਵਿਆਪਕ ਹੈ,ਉਹ ਸਾਰੇ ਸੰਸਾਰ ਦਾ ਸੂਰਜ ਅਰਥਾਤ ਪ੍ਰਕਾਸ਼ਕ ਹੈ।[186] ਯੋਗ ਚੂੜਾਮਣੀ ਉਪਨਿਸ਼ਦ ਵਿਚ ਪਰਮਾਤਮਾ ਦੇ ਸ਼ਬਦ ਜਾਂ ਨਾਮ ਨੂੰ ਓਅੰਕਾਰ ਦੀ ਜੋਤਿਮਈ ਧੁਨੀ ਕਿਹਾ ਗਿਆ ਹੈ।[187] ਨਾਦ ਬਿੰਦੂ ਉਪਨਿਸ਼ਦ ਅਨੁਸਾਰ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਸਮੇਂ ਜੋਤਿ-ਸਰੂਪ ਪਰਮਾਤਮਾ ਨਾਦ ਰੂਪ ਵਿਚ ਪ੍ਰਤੱਖ ਦਿਖਾਈ ਦਿੰਦਾ ਹੈ। ਸਾਂਖ ਦਰਸ਼ਨ ਦਾ ਪੁਰਸ਼ ਚੇਤਨ-ਸਰੂਪ, ਪ੍ਰਕਾਸ਼ ਸਰੂਪ ਅਤੇ ਸਵੈ-ਪ੍ਰਕਾਸ਼ਿਤ ਹੈ। ਉਸ ਦੇ ਪ੍ਰਕਾਸ਼ ਕਾਰਨ ਹੀ ਸਾਰੇ ਜੜ੍ਹ ਪਦਾਰਥ ਪ੍ਰਕਾਸ਼ਿਤ ਹੋ ਰਹੇ ਹਨ।[188]

ਭਗਵਦ ਗੀਤਾ ਦਾ ਕਥਨ ਹੈ ਕਿ ਜੇ ਆਕਾਸ਼ ਵਿਚ ਇਕੋ ਸਮੇਂ ਹਜ਼ਾਰਾਂ ਸੂਰਜ ਉਦੈ ਹੋ ਜਾਣ ਤਾਂ ਵੀ ਉਹ ਉਸ ਤੇਜ-ਪੁੰਜ ਪਰਮਾਤਮਾ ਦੇ ਪ੍ਰਕਾਸ਼ ਦਾ ਮੁਕਾਬਲਾ ਨਹੀਂ ਕਰ ਸਕਦੇ।[189] ਨਾਥ ਸੰਪ੍ਰਦਾਇ ਦੇ ਸਿੱਧ ਜਾਲੰਧਰ ਨਾਥ ਨੇ ਵੀ ਸ਼ੂਨਯ(ਬ੍ਰਹਮ) ਨੂੰ ਪਰਮ ਜੋਤਿ ਪ੍ਰਕਾਸ਼ ਰੂਪੀ ਪਰਮਪਦ ਕਿਹਾ ਹੈ।[190]

ਗੁਰੂ ਰਵਿਦਾਸ ਵਾਣੀ ਵਿਚ ਵੀ ਜੋਤਿ-ਸਰੂਪ ਬ੍ਰਹਮ ਦਾ ਨਿਰੂਪਣ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਸਾਰੇ ਜੀਵਾਂ ਵਿਚ ਉਸ ਸਵੈ ਪ੍ਰਕਾਸ਼ਿਤ ਪਰਮਾਤਮਾ ਦਾ ਨੂਰ ਵਿਆਪਕ ਹੈ। ਦੀਪਕ ਰੂਪੀ ਪ੍ਰਭੂ ਦੀ ਜੋਤਿ ਨਾਲ ਹੀ ਸਾਰੀਆਂ ਜੀਵ-ਆਤਮਾਵਾਂ ਦਿਨ-ਰਾਤ ਨਿਰੰਤਰ ਪ੍ਰਕਾਸ਼ਮਾਨ ਹੋ ਰਹੀਆਂ ਹਨ:

ਹੈ ਸਬ ਆਤਮ ਸਵਯੰ ਪ੍ਰਕਾਸ ਸਾਚੋ।[191]

ਪ੍ਰਭੁ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਜਰੈ ਦਿਨ ਰਾਤੀ।[192]

ਕਠਉਪਨਿਸ਼ਦ ਦਾ ਕਥਨ ਹੈ ਕਿ ਪਰਮਧਾਮ ਵਿਖੇ ਨਾ ਤਾਂ ਸੂਰਜ ਪ੍ਰਕਾਸ਼ਿਤ ਹੁੰਦਾ ਹੈ, ਨਾ ਚੰਦਰਮਾ ਅਤੇ ਨਾ ਹੀ ਤਾਰੇ ਚਮਕਦੇ ਹਨ, ਉਥੇ ਬਿਜਲੀ ਦੀ ਚਮਕ ਵੀ ਨਹੀਂ ਪੈਂਦੀ। ਇਹ ਲੌਕਿਕ ਅਗਨੀ ਉਸ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੁੰਦੀ ਹੈ। ਉਸ ਤੋਂ ਵਸਤੂਆਂ ਪ੍ਰਕਾਸ਼ਿਤ ਹੁੰਦੀਆਂ ਹਨ ਅਤੇ ਉਸ ਦੇ ਪ੍ਰਕਾਸ਼ ਨਾਲ ਪੂਰਨ ਜਗਤ ਪ੍ਰਕਾਸ਼ਿਤ ਹੁੰਦਾ ਹੈ।[193]

ਇਸ ਕਥਨ ਅਨੁਸਾਰ ਗੁਰੂ ਜੀ ਦਾ ਬ੍ਰਹਮ ਵੀ ਜੋਤਿ-ਸਰੂਪ ਹੈ ਅਤੇ ਉਹ ਚਾਰੇ ਦਿਸ਼ਾਵਾਂ ਵਿਚ ਸਵੈ-ਪ੍ਰਕਾਸ਼ਿਤ ਹੋ ਰਿਹਾ ਹੈ। ਉਹ ਪ੍ਰਕਾਸ਼-ਸਰੂਪ ਪਰਮਪਦ ਹੈ, ਜੀਵਾਤਮਾ ਨੂੰ ਉਸ ਦੀ ਜੋਤਿ ਵਿਚ ਸਮਾਉਣ, ਉਸ ਵਿਚ ਲੀਨ ਹੋਣ ਅਤੇ ਮੁਕਤੀ ਪ੍ਰਾਪਤ ਕਰਨ ਲਈ ਪ੍ਰਯਤਨਸ਼ੀਲ ਹੋਣਾ ਚਾਹੀਦਾ ਹੈ। ਆਪ ਲਿਖਦੇ ਹਨ:

ਚਹੁ ਦਿਸਿ ਦਿਵਲਾ ਬਾਲਿ, ਜਗਿ ਮਗਿ ਹਵੈ ਰਹਯੋ ਏ।
ਜੋਤਿ ਜੋਤਿ ਸਮ ਜੋਤਿ, ਜੋਤਹਿ ਮਿਲਿ ਰਹਯੋ ਏ।[194]

ਜਾਸੌਂ ਆਤਮ ਪ੍ਰਗਾਸ ਹੈ, ਭਜੈ ਤਾਹਿ ਰਵਿਦਾਸ।[195]

ਪ੍ਰਭੂ-ਪ੍ਰੀਤਮ ਦੀ ਆਰਤੀ ਉਤਾਰਦੇ ਹੋਏ ਆਪ ਕਹਿੰਦੇ ਹਨ ਕਿ ਇਸ ਪ੍ਰਕਾਸ਼ ਪੁੰਜ ਤੇ ਜੋਤਿ-ਸਰੂਪ ਬ੍ਰਹਮ ਦਾ ਨਾਮ ਹੀ ਦੀਵਾ ਤੇ ਵੱਟੀ ਹੈ ਅਤੇ ਪ੍ਰਕਾਸ਼ ਰੂਪੀ ਨਾਮ ਹੀ ਦੀਵੇ ਵਿਚ ਪਾਇਆ ਹੋਇਆ ਤੇਲ ਹੈ। ਇਸ ਨਾਮ-ਰੂਪੀ ਜੋਤਿ ਨੇ ਹੀ ਸਾਰੇ ਸੰਸਾਰ ਨੂੰ ਪ੍ਰਕਾਸ਼ਵਾਨ ਕੀਤਾ ਹੋਇਆ ਹੈ:

ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ, ਨਾਮ ਤੇਰੋ ਤੇਲੁ ਲੇ ਮਾਹਿ ਪਸਾਰੇ।
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।[196]

ਗੁਰੂ ਰਵਿਦਾਸ ਜੀ ਅਨੁਸਾਰ ਉਸ ਪ੍ਰਕਾਸ਼ ਸਰੂਪ ਬ੍ਰਹਮ ਵਿਚ ਲੀਨ ਹੋ ਕੇ, ਉਸ ਦੇ ਨੂਰ ਵਿਚ ਸਮਾ ਕੇ ਹੀ ਆਤਮਾ ਪਰਮਪਦ ਦੀ ਪ੍ਰਾਪਤੀ ਕਰ ਸਕਦੀ ਹੈ। ਉਹ ਬ੍ਰਹਮ ਪ੍ਰਕਾਸ਼ ਪੁੰਜ ਹੈ, ਰੋਸ਼ਨੀ ਦਾ ਥੰਮ੍ਹ ਹੈ, ਸਵੈ-ਪ੍ਰਕਾਸ਼ਿਤ ਹੈ ਅਤੇ ਉਸ ਦੇ ਪ੍ਰਕਾਸ਼ ਨਾਲ ਹੀ ਸਾਰਾ ਵਿਸ਼ਵ ਤੇ ਖੰਡ-ਬ੍ਰਹਿਮੰਡ ਨੂਰੋ-ਨੂਰ ਹੋ ਰਿਹਾ ਹੈ।

### (4) ਸੈਭੰ ਰੂਪ ਬ੍ਰਹਮ

ਭਾਰਤੀ ਦਰਸ਼ਨ ਵਿਚ ਬ੍ਰਹਮ ਲਈ 'ਸੈਭੰ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। 'ਸੈਭੰ' ਸੰਸਕ੍ਰਿਤ ਦੇ ਸ੍ਵਯੰਭੂ ਦਾ ਤਦਭਵ ਰੂਪ ਹੈ। 'ਸ੍ਵਯੰ' ਦਾ ਅਰਥ ਹੈ ਆਪਣੇ ਆਪ ਤੋਂ ਪੈਦਾ ਹੋਣ ਵਾਲੀ ਸੱਤਾ ਹੀ 'ਸੈਭੰ' ਹੋ ਸਕਦੀ ਹੈ। ਈਸ਼ਵਾਸ ਉਪਨਿਸ਼ਦ ਵਿਚ ਬ੍ਰਹਮ ਨੂੰ ਸ੍ਵਯੰਭੂ ਕਿਹਾ ਗਿਆ ਹੈ, ਉਹ ਪਰਮਾਤਮਾ ਸਰਵ-ਦ੍ਰਿਸ਼ਟਾ, ਸਰਵੱਗ, ਸਭ

ਤੋਂ ਉੱਤਮ ਅਤੇ ਆਪਣੇ ਆਪ ਹੋਣ ਵਾਲਾ ਹੈ।[197] ਪ੍ਰਭੂ ਦਾ ਪ੍ਰਤੱਖ ਗੁਣ ਹੀ ਇਹ ਹੈ ਕਿ ਉਹ ਆਤਮ-ਨਿਰਮਤ ਹੈ, ਆਪਣੇ ਆਪ ਨੂੰ ਹੋਂਦ ਵਿਚ ਲਿਆਉਣ ਵਾਲੀ ਸੱਤਾ ਉਹ ਆਪ ਹੀ ਹੈ, ਉਹ ਪਰ-ਨਿਰਮਿਤ ਨਹੀਂ ਹੈ।

ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਨੂੰ ਸਵੈ-ਪ੍ਰਕਾਸ਼ਿਤ, ਆਪਣੇ ਵਰਗਾ ਖ਼ੁਦ ਆਪ ਅਤੇ ਉਪਮਾ ਤੋਂ ਰਹਿਤ ਕਿਹਾ ਗਿਆ ਹੈ। ਉਹ ਅਕੱਥਨੀਯ, ਅਦੁੱਤੀ ਤੇ ਵਿਲੱਖਣ ਹੈ, ਉਹ ਸੈਭੰ ਹੈ ਅਤੇ ਸਵੈ ਨਿਰਮਿਤ ਹੈ:

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ।[198]
ਸਵਯੰਭੂ ਕੋ ਚਿਤ ਚੋਰਿ ਲਿਯੋ ਹੈ ਵਾਕੈ ਪਾਛੈ ਲਾਗਾ ਧਾਵੈ।[199]

ਉਹ ਸਵੈ-ਪ੍ਰਕਾਸ਼ਿਤ ਹੈ, ਕੋਈ ਪ੍ਰਕਾਸ਼ ਉਸ ਨੂੰ ਪ੍ਰਕਾਸ਼ਿਤ ਕਰਨ ਵਾਲਾ ਨਹੀਂ ਹੈ,ਅਤੇ ਉਹੀ ਸਭ ਜੀਵਾਂ ਵਿਚ ਪ੍ਰਕਾਸ਼ਵਾਨ ਹੋ ਰਿਹਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ 'ਆਤਮ ਪਕਾਸ਼' ਨੂੰ ਹੀ ਸਿਮਰਦਾ ਹਾਂ:

ਹੈ ਸਬ ਆਤਮ ਸ੍ਵਯੰ ਪਕਾਸ ਸਾਁਚੋ।[200]
ਜਾਸੋਂ ਆਤਮ ਪ੍ਰਗਾਸ ਹੈ, ਭਜੈ ਤਾਹਿ ਰਵਿਦਾਸ।[201]

ਉਹ 'ਸੈਭੰ' ਸਰੂਪ ਬ੍ਰਹਮ ਖ਼ੁਦ ਆਪਣੇ ਆਪ ਤੋਂ ਪੈਦਾ ਹੋਣ ਵਾਲਾ ਹੈ ਅਤੇ ਉਸ ਨੂੰ ਕੋਈ ਸਾਧਕ ਹੀ ਜਾਣ ਸਕਦਾ ਹੈ:

ਆਪਹਿ ਆਪ ਸਾਖੀ ਨਹਿੰ ਦੂਸਰ, ਜਾਨਨਹਾਰ ਸਯਾਨਾ।[202]

ਗੁਰੂ ਰਵਿਦਾਸ ਵਾਣੀ ਵਿਚ ਅਵਿਅਕਤ ਨਿਰਗੁਣ ਅਤੇ ਸਗੁਣ ਸਰੂਪ ਬ੍ਰਹਮ ਦਾ ਚਿੱਤਰ ਅੰਕਿਤ ਕਰਨ ਦਾ ਯਤਨ ਕੀਤਾ ਗਿਆ ਹੈ। ਉਸ ਅਨਿਰਵਚਨੀਯ, ਨਿਰਵਿਕਾਰ, ਨਿਰਾਕਾਰ, ਨਿਰੰਜਨ, ਨਿਰਲੇਪੀ, ਅਕੱਥ, ਅੱਛਰ, ਅਤਰਕ, ਅਵਿਨਾਸ਼ੀ, ਅਨਾਦੀ,ਅਜਰ, ਅਮਰ, ਅਗਮ, ਅਗੋਚਰ, ਅਡੋਲ, ਅਭੇਖ ਬ੍ਰਹਮ ਨੂੰ ਸਰਵੱਗ, ਸਰਵ-ਵਿਆਪਕ, ਸਰਵ-ਚਿੰਤਾਮਣੀ, ਸਰਵ-ਪ੍ਰਤਿਪਾਲਕ ਅਤੇ ਸਵਿਸ਼ੇਸ਼ ਕਹਿ ਕੇ ਸਗੁਣ ਸਰੂਪ ਵਿਚ ਅਭਿਵਿਅਕਤ ਕੀਤਾ ਹੈ। ਲੋਕਾਚਾਰ ਦੀ ਇਸ ਦ੍ਰਿਸ਼ਟੀ ਤੋਂ ਵਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਲਈ ਸਗੁਣ ਨਾਮਧਾਰੀ ਬ੍ਰਹਮ-ਵਾਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਗਿਆ ਹੈ।

ਵਿਅਕਤ ਸਗੁਣ ਸਰੂਪ ਬ੍ਰਹਮ

ਗੁਰੂ ਰਵਿਦਾਸ ਜੀ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ, ਪਰੰਤੂ ਉਨ੍ਹਾਂ ਨੇ ਅਨੇਕ ਸੰਭਾਵਿਤ ਢੰਗਾਂ ਨਾਲ ਪ੍ਰਭੂ ਦੇ ਸਰੂਪ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਗੁਰੂ ਜੀ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਸਰੂਪ ਦੀ ਪਰੰਪਰਿਕ ਵਿਭਿੰਨਤਾ ਨੂੰ ਨਹੀਂ ਮੰਨਦੇ। ਬ੍ਰਹਮ ਦੇ ਵਿਅਕਤ ਰੂਪ ਨੂੰ ਉਹ ਅਵਤਾਰਵਾਦ ਨਾ ਮੰਨ ਕੇ, ਉਸ ਦੀ ਵਿਵਹਾਰਕ ਸੱਤਾ ਨੂੰ ਮੰਨਦੇ ਹਨ। ਬ੍ਰਹਮ ਸਗੁਣ ਵੀ ਹੈ ਕਿਉਂ ਕਿ ਉਹ ਸਾਰੇ ਗੁਣਾਂ ਦਾ ਭੰਡਾਰ ਹੈ, ਉਹ ਸਰਵ-ਉੱਚ ਹੈ, ਪੁਰਸ਼ੋਤਮ ਹੈ, ਸੱਤ, ਚਿੱਤ ਤੇ ਆਨੰਦ ਅਰਥਾਤ ਸਚਿਦਾਨੰਦ ਹੈ। ਉਹ ਦਿਸਦਾ ਤੇ ਅਨੁਭਵ ਹੁੰਦਾ ਵਿਸ਼ਾਲ ਸਰੂਪ ਹੈ। ਉਹ 'ਕਰਤਾ' ਹੈ, ਸ੍ਰਿਸ਼ਟੀ ਰਚ ਕੇ ਆਪ ਉਸ ਵਿਚ ਵਿਆਪਕ ਹੈ, ਸਭ ਥਾਂ ਰਮਿਆ ਹੋਇਆ ਹੈ। ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ ਕਿ ਬ੍ਰਹਮ ਦਾ ਇਹ ਰੂਪ ਪ੍ਰਾਚੀਨ ਕਾਲ ਤੋਂ ਹੀ ਚਿਤ੍ਰਤ ਹੁੰਦਾ ਆ ਰਿਹਾ ਹੈ ਅਤੇ ਸਮੇਂ ਸਮੇਂ ਸਿਰ ਇਸ ਦੇ ਵਿਵਹਾਰਕ ਰੂਪ ਨੇ ਇਤਨਾ ਪ੍ਰਬਲ ਰੂਪ ਧਾਰਨ ਕੀਤਾ ਹੈ ਕਿ ਮੂਲ ਨਿਰਗੁਣ ਰੂਪ ਦੱਬ ਕੇ ਰਹਿ ਗਿਆ ਹੈ ਅਤੇ ਉਸ ਦੀ ਥਾਂ ਵਿਵਹਾਰਕ ਰੂਪ ਹੀ ਭਰਮ-ਵਸ ਮੂਲ ਰੂਪ ਸਮਝਿਆ ਜਾਣ ਲੱਗਾ।[203]

ਗੁਰੂ ਰਵਿਦਾਸ ਜੀ ਦਾ ਵਿਅਕਤ ਸਗੁਣ ਸਰੂਪ-ਬ੍ਰਹਮ ਸਗੁਣੀ ਭਗਤਾਂ ਦੇ ਅਵਤਾਰੀ ਸਰੂਪ ਵਰਗਾ ਨਹੀਂ, ਸਗੋਂ ਇਹ ਸਗੁਣ ਤਾਂ ਨਿਰਗੁਣ ਤੋਂ ਹੀ ਉਤਪੰਨ ਹੋਇਆ ਹੈ। ਇਹ ਨਿਰਗੁਣ ਸਰੂਪ ਤੋਂ ਭਿੰਨ ਨਹੀਂ, ਸਗੋਂ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਤਾਂ ਦੋਨੋਂ ਇਕ ਰੂਪ ਹੀ ਹਨ:

> ਅਗੁਨ ਸਗੁਨ ਦੋ ਸਮਕਰਿ ਜਾਨਯੋ, ਚਹੁੰ ਦਿਸ ਦਰਸਨ ਤੇਰਾ।[204]
>
> ਤੂ ਸਗੁਣ ਨਿਗੁਣ ਨਿਰਾਮਯੀ ਨਿਰਬਿਕਾਰ, ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵੰ।[205]

ਪੌਰਾਣਿਕ ਦਰਸ਼ਨ ਵਿਚ ਸਗੁਣ ਬ੍ਰਹਮ ਦੀ ਭਗਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਨਿਰਗੁਣ ਬ੍ਰਹਮ ਕਿਉਂ ਕਿ ਮਨ, ਇੰਦਰੀਆਂ ਅਤੇ ਬੁੱਧੀ ਤੋਂ ਪਰੇ ਹੈ, ਅਗਮ, ਅਗੋਚਰ ਹੈ, ਇਸ ਲਈ ਪੁਰਾਣਾਂ ਵਿਚ ਸਗੁਣ ਭਗਤੀ ਮਨ ਦੀ ਇਕਾਗਰਤਾ ਦਾ ਮਾਧਿਅਮ ਬਣਦੀ ਹੈ। ਸ੍ਰੀਮਦ ਭਾਗਵਤ ਪੁਰਾਣ ਅਨੁਸਾਰ ਭਗਵਾਨ ਅਰੂਪ ਹੋ ਕੇ ਵੀ ਰੂਪਵਾਨ ਹੈ[206] ਅਤੇ ਭਗਤਾਂ ਦੀ ਰੁਚੀ ਦੇ ਅਨੁਸਾਰ ਉਹ ਭਿੰਨ ਭਿੰਨ ਰੂਪ ਧਾਰਨ ਕਰਦਾ ਹੈ।[207] ਗੀਤਾ ਅਨੁਸਾਰ

ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ[208] ਅਤੇ ਅਵਿਅਕਤ ਰੂਪ ਦੇ ਮੁਕਾਬਲੇ ਤੇ ਵਿਅਕਤ ਰੂਪ ਦੀ ਉਪਾਸ਼ਨਾ ਸਹਿਜ ਅਤੇ ਸਰਲ ਹੈ।[209] ਇਹੀ ਕਾਰਨ ਹੈ ਕਿ ਮੱਧਯੁਗੀਨ ਅਧਿਆਤਮਵਾਦੀਆਂ ਨੇ ਪ੍ਰਭੂ-ਪ੍ਰਾਪਤੀ ਲਈ ਭਾਵਾਤਮਕ ਭਗਤੀ ਨੂੰ ਪ੍ਰਮੁੱਖਤਾ ਦਿੱਤੀ ਹੈ ਅਤੇ ਮਧੁਰ ਭਾਵ ਰਾਹੀਂ ਪ੍ਰਭੂ ਨੂੰ ਵਧੇਰੇ ਪੂਜਿਆ ਹੈ।

ਗੁਰੂ ਰਵਿਦਾਸ ਵਾਣੀ ਵਿਚ ਭਾਵਾਤਮਕ ਭਗਤੀ ਨੂੰ ਪ੍ਰਮੁੱਖਤਾ ਪ੍ਰਾਪਤ ਹੈ, ਇਸੇ ਅਧੀਨ ਉਨ੍ਹਾਂ ਨੇ ਪ੍ਰਭੂ ਦੇ ਸੁੰਦਰ, ਮਧੁਰ ਤੇ ਪ੍ਰਿਯ ਸਰੂਪ ਨੂੰ ਕਲਪਿਆ, ਪ੍ਰੇਮ-ਭਰੇ ਵਲਵਲਿਆਂ ਨਾਲ ਉਸ ਨੂੰ ਯਾਦ ਕੀਤਾ ਅਤੇ ਉਸ ਦੇ ਪ੍ਰੇਮ-ਪਾਤਰ ਬਣੇ ਹਨ। ਆਪ ਨੇ ਪ੍ਰਭੂ ਦੇ ਸਗੁਣ ਸਰੂਪ ਨੂੰ ਨਿਮਨਲਿਖਤ ਅਨੇਕ ਰੂਪਾਂ ਵਿਚ ਅੰਕਿਤ ਕੀਤਾ ਹੈ:

(1) ਭਾਵਨਾ-ਮੂਲਕ ਦਿਵਯ ਸਰੂਪ ਬ੍ਰਹਮ,
(2) ਕਰਤਾਪੁਰਖ ਰੂਪ ਬ੍ਰਹਮ
(3) ਪ੍ਰਤੀਕ ਰੂਪ ਬ੍ਰਹਮ
(4) ਵਿਰਾਟ ਰੂਪ ਬ੍ਰਹਮ
(5) ਸੁਲਤਾਨ ਰੂਪ ਬ੍ਰਹਮ
(6) ਲੇਖਾ ਮੰਗਣਹਾਰ ਬ੍ਰਹਮ
(7) ਪ੍ਰੀਤਮ ਰੂਪ ਬ੍ਰਹਮ

### (1) ਭਾਵਨਾ-ਮੂਲਕ ਦਿਵਯ ਸਰੂਪ ਬ੍ਰਹਮ

ਵਾਸਤਵ ਵਿਚ ਭਗਤੀ ਕਾਵਿ ਵਿਚ ਪ੍ਰਭੂ ਦਾ ਮਧੁਰ ਸਰੂਪ ਆਦਿ ਕਾਲ ਤੋਂ ਹੀ ਮੌਜੂਦ ਹੈ। ਉਪਨਿਸ਼ਦਾਂ ਵਿਚ ਪ੍ਰਭੂ ਨੂੰ 'ਮਧੁ' ਕਿਹਾ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ ਪਰਮਾਤਮਾ ਹੀ ਪ੍ਰਿਯਤਮ ਹੈ, ਉਹ ਪੁੱਤਰ ਨਾਲੋਂ ਅਧਿਕ ਪ੍ਰਿਯ ਹੈ, ਉਹ ਪ੍ਰਿਯਤਮ ਹੈ।[210] ਨਾਰਦ ਭਗਤੀ ਸੂਤਰ ਵਿਚ ਉਸ ਨੂੰ 'ਅਨਿਰਵਚਨੀ ਪ੍ਰੇਮ ਸਰੂਪ'[211] ਕਿਹਾ ਗਿਆ ਹੈ ।

ਗੁਰੂ ਰਵਿਦਾਸ ਵਾਣੀ ਵਿਚ ਪ੍ਰਭੂ ਦੀ ਪ੍ਰੇਮ-ਉਪਾਸ਼ਨਾ ਦੇ ਅੰਤਰਗਤ ਆਤਮਾ-ਪਰਮਾਤਮਾ ਦੇ ਆਪਸੀ ਮਧੁਰ-ਭਾਵਮਈ ਰਿਸ਼ਤੇ ਦੀ ਉਚੇਰੀ ਅਭਿਵਿਅਕਤੀ ਹੋਈ ਹੈ। ਉਨ੍ਹਾਂ ਨੇ ਪਰੋਖ-ਸੱਤਾ ਨੂੰ ਪ੍ਰੇਮਮਈ, ਰਸਮਈ ਤੇ ਮਧੁਰਮਈ ਬਣਾ ਕੇ ਪ੍ਰਤੱਖ ਕੀਤਾ

ਹੈ। ਗੁਰੂ ਜੀ ਦੀ ਭਗਤੀ, ਸ਼ਰਧਾ, ਵਿਸ਼ਵਾਸ ਤੇ ਲਗਨ-ਭਰਪੂਰ ਦੈਵੀ-ਪ੍ਰੇਮ ਦੀ ਮਧੁਰ ਭਾਵ-ਧਾਰਾ ਹੈ ਜਿਸ ਵਿਚ ਉਨ੍ਹਾਂ ਨੇ ਪ੍ਰਭੂ ਦੇ ਪ੍ਰੇਮਮਈ ਭਾਵਾਤਮਕ ਸਰੂਪ ਨੂੰ ਚਿੱਤਰਿਆ ਹੈ। ਇਸ ਪ੍ਰੀਤ-ਭਾਵਨਾ ਦੁਆਰਾ ਉਨ੍ਹਾਂ ਨੇ ਅਵਿਅਕਤ ਤੇ ਨਿਰਾਕਾਰ ਸੱਤਾ ਨੂੰ ਆਕਾਰ ਦਿੱਤਾ ਅਤੇ ਮੇਲ-ਭਾਵਨਾ ਅਧੀਨ ਪ੍ਰਭੂ ਉਨ੍ਹਾਂ ਦੇ ਨਜ਼ਦੀਕ ਆ ਗਿਆ ।

ਗੁਰੂ ਰਵਿਦਾਸ ਵਾਣੀ ਵਿਚ ਨਿਰਾਕਾਰ ਬ੍ਰਹਮ ਉਨ੍ਹਾਂ ਦਾ ਪ੍ਰੀਤਮ, ਪ੍ਰਿਯ-ਸੱਜਣ, ਸੁਆਮੀ, ਮਾਤਾ-ਪਿਤਾ ਅਤੇ ਅੰਸ਼ੀ ਰੂਪ ਬਣ ਕੇ ਉਨ੍ਹਾਂ ਦੀ ਭਾਵਨਾ ਨੂੰ ਤ੍ਰਿਪਤ ਕਰਦਾ ਹੋਇਆ ਦ੍ਰਿਸ਼ਟਮਾਨ ਹੁੰਦਾ ਹੈ। ਪ੍ਰਭੂ-ਪਿਆਰ ਵਿਚ ਲੀਨ ਹੋਏ ਗੁਰੂ ਰਵਿਦਾਸ ਸਰਵ-ਸਮਰੱਥ, ਕ੍ਰਿਪਾਲੂ, ਦਇਆਲੂ ਅਤੇ ਪਰ-ਉਪਕਾਰੀ ਪ੍ਰਭੂ ਦੇ ਚਰਨਾਂ ਵਿਚ ਆਪਾ ਅਰਪਿਤ ਕਰਦੇ ਹੋਏ ਆਪਣੇ ਆਪ ਨੂੰ ਨਿਮਾਣਾ, ਤੁੱਛ, ਨੀਚ, ਔਗੁਣਹਾਰੀ 'ਜਾਤੀ ਓਛਾ ਪਾਤੀ ਓਛਾ'[212] ਕਹਿੰਦੇ ਹੋਇਆਂ ਉਸ ਨੂੰ 'ਤੁਅ ਗੁਣ ਕਥਨ ਅਪਾਰ'[213] ਕਹਿ ਕੇ ਬਿਆਨ ਕਰਦੇ ਹਨ:

ਮਾਧਉ ! ਸਤਿ ਸੰਗਤਿ ਸਰਨਿ ਤੁਮਾਰੀ
ਹਮ ਅਉਗਨ ਤੁਮ ਉਪਕਾਰੀ। ਰਹਾਉ।[214]

ਪ੍ਰਭੂ ਤੋਂ ਵਿਛੜ ਕੇ ਉਨ੍ਹਾਂ ਦੇ ਅੰਦਰ ਬਿਰਹਾ ਦੇ ਵਿਯੋਗ ਦੀ ਬਲ ਰਹੀ ਲਟ-ਲਟ ਅਗਨੀ ਉਨ੍ਹਾਂ ਦੇ ਹਿਰਦੇ ਨੂੰ ਸਾੜ ਰਹੀ ਹੈ। ਉਹ ਤਾਂ ਹਰ ਹੀਲੇ ਆਪਣੇ ਪ੍ਰੀਤਮ-ਪਿਆਰੇ ਨਾਲ ਮਿਲਾਪ ਚਾਹੁੰਦੇ ਹਨ। ਪ੍ਰਭੂ-ਮਿਲਾਪ ਦੀ ਇਸ ਪ੍ਰਬਲ ਇੱਛਾ ਦੇ ਅਧੀਨ ਉਨ੍ਹਾਂ ਨੇ ਪਰਮਾਤਮਾ ਦੇ ਵਿਭਿੰਨ ਸਰੂਪਾਂ ਨੂੰ ਆਪਣੀ ਵਾਣੀ ਵਿਚ ਸਾਕਾਰ ਕੀਤਾ ਹੈ:

(ੳ) ਮਾਤਾ ਪਿਤਾ ਦੇ ਰੂਪ ਵਿਚ ਬ੍ਰਹਮ ਨਿਰੂਪਣ
(ਅ) ਅੰਸ਼ੀ ਰੂਪ ਬ੍ਰਹਮ
(ੲ) ਸੁਆਮੀ ਰੂਪ ਬ੍ਰਹਮ
(ਸ) ਸਖਾ ਰੂਪ ਬ੍ਰਹਮ
(ਹ) ਭਗਤ-ਰਖਿਅਕ ਬ੍ਰਹਮ
(ਕ) ਦੰਪਤੀ ਭਾਵ ਦੁਆਰਾ ਬ੍ਰਹਮ ਵਰਣਨ

(ੳ) <u>ਮਾਤਾ ਪਿਤਾ ਦੇ ਰੂਪ ਵਿਚ</u>

ਰਿਗਵੇਦ ਵਿਚ ਕਲਿਆਣਕਾਰੀ ਪਿਤਾ-ਰੂਪ ਬ੍ਰਹਮ ਨੂੰ ਅਦ੍ਵੈਤੀ ਕਿਹਾ ਗਿਆ

ਹੈ।[215] ਗੁਰੂ ਰਵਿਦਾਸ ਵਾਣੀ ਵਿਚ ਵੀ ਸਨੇਹ ਤੇ ਸੁਰੱਖਿਆ ਦੀ ਭਾਵਨਾ ਅਧੀਨ ਪ੍ਰਭੂ ਦੀ ਭਗਤੀ ਕੀਤੀ ਗਈ ਹੈ। ਇਕ ਬਾਲਕ ਲਈ ਮੋਹ-ਮਮਤਾ ਅਤੇ ਸੁਰੱਖਿਆ ਦੀ ਜਿਹੜੀ ਭਾਵਨਾ ਮਾਤਾ-ਪਿਤਾ ਦੇ ਰਿਸ਼ਤੇ ਵਿਚ ਹੁੰਦੀ ਹੈ, ਉਹ ਕਿਸੇ ਹੋਰ ਸੰਬੰਧਾਂ ਵਿਚੋਂ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਹੀ ਗੁਰੂ ਜੀ ਨੇ ਸਭ ਚਿੰਤਾਵਾਂ ਤੋਂ ਮੁਕਤ ਹੋਣ ਲਈ ਆਪਣਾ ਆਪ ਮਾਤਾ-ਪਿਤਾ ਰੂਪੀ ਪ੍ਰਭੂ ਅੱਗੇ ਸਮਰਪਿਤ ਕਰ ਦਿੱਤਾ ਹੈ। ਜਦੋਂ ਪਰਮ-ਪਿਤਾ ਪਰਮਾਤਮਾ ਹੀ ਉਨ੍ਹਾਂ ਦਾ ਮਾਤਾ-ਪਿਤਾ ਹੈ ਤਾਂ ਉਸ ਦੀ ਛਤਰ-ਛਾਇਆ ਹੇਠ ਉਨ੍ਹਾਂ ਨੂੰ ਕਿਸ ਚੀਜ਼ ਦੀ ਚਿੰਤਾ ਹੈ, ਪਰਵਾਹ ਕਿਸ ਗੱਲ ਦੀ ਹੈ। ਉਹ ਮਾਤਾ-ਪਿਤਾ ਰੂਪੀ ਪ੍ਰਭੂ ਦੇ ਅਸੀਮ ਪਿਆਰ-ਬੰਧਨ ਵਿਚ ਬੱਝ ਗਏ ਹਨ। ਇਸ ਲਈ ਹੁਣ ਉਨ੍ਹਾਂ ਨੂੰ ਰੱਤਾ-ਮਾਸਾ ਵੀ ਡਰ ਅਤੇ ਘਬਰਾਹਟ ਨਹੀਂ ਹੈ, ਕਿਉਂ ਕਿ ਉਹ ਸਰਵ-ਸਮਰੱਥ, ਸਰਵ-ਗਿਆਤਾ ਅਤੇ ਮੁਕਤੀ ਦਾ ਦਾਤਾ ਹੈ:

ਸੋਈ ਮੁਕੰਦ ਮੁਕਤਿ ਕਾ ਦਾਤਾ, ਸੋਈ ਮੁਕੰਦ ਹਮਰਾ ਪਿਤ ਮਾਤਾ।[216]

ਅਸ ਕਹਿਅਤ ਹੌ ਮੈਂ ਅਜਾਨ, ਅਹੋ ਪ੍ਰਭੂ ਤੁਮ ਸਰਵਗਯ ਸਯਾਨ।
ਸੁਤ ਸੇਵਕ ਸਦਾ ਅਸੋਚ, ਠਾਕੁਰ ਪਿਤੁਹਿੰ ਸਬ ਸੋਚ।[217]
ਤੁਮਹਿ ਮਾਤ ਪਿਤ ਪ੍ਰਭੂ ਮੇਰੋ, ਹੌਂ ਮਸਕੀਨ ਅਤਿ ਭੋਰਾ।[218]

## (ਅ) ਅੰਸ਼ੀ ਰੂਪ ਬ੍ਰਹਮ

ਭਾਰਤੀ ਦਰਸ਼ਨ ਵਿਚ ਜੀਵਾਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਿਆ ਗਿਆ ਹੈ। ਰਿਗਵੇਦ ਵਿਚ ਵਰਣਿਤ ਹੈ, "ਹੇ ਅਗਨੇ ਪਰਮਾਤਮਾ ਮੈਂ ਤੂੰ ਹੋ ਜਾਵਾਂ ਤੇ ਤੂੰ ਮੈਂ ਬਣ ਜਾਵੇਂ ਤਾਂ ਬਹੁਤ ਚੰਗਾ ਹੈ।"[219] ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਜੀਵ ਮੇਰਾ ਅੰਸ਼ ਹੈ।[220] ਗੁਰੂ ਰਵਿਦਾਸ ਵਾਣੀ ਵਿਚ ਵੀ ਇਸ ਅਨਿੰਨ-ਤੱਤਵਾਦ ਦੀ ਦਾਰਸ਼ਨਿਕਤਾ ਨੂੰ ਅਪਣਾਇਆ ਗਿਆ ਹੈ। ਉਨ੍ਹਾਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਅੰਸ਼ੀ ਬ੍ਰਹਮ ਦਾ ਚਿਤ੍ਰਣ ਕੀਤਾ ਹੈ। ਅੰਸ਼-ਅੰਸ਼ੀ ਦੇ ਸੰਬੰਧਾਂ ਅਰਥਾਤ ਬ੍ਰਹਮ ਅਤੇ ਜੀਵਾਤਮਾ ਦੀ ਅਭੇਦਤਾ ਨੂੰ ਸੋਨੇ ਅਤੇ ਸੋਨੇ ਤੋਂ ਬਣੇ ਕੰਗਣ ਅਤੇ ਪਾਣੀ ਦੀ ਲਹਿਰ ਦੀ ਸੁੰਦਰ ਮਿਸਾਲ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ਕਨਕ ਕਟਿਕ ਜਲ ਤਰੰਗ ਜੈਸਾ।[221]

ਜਲ ਕੇ ਤਰੰਗ ਜਲ ਮਾਹਿ ਸਮਾਈ, ਕਹਿ ਕਾ ਕੋ ਨਾਵ ਧਰਿਯੈ।
ਐਸੇ ਤੈਂ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰਵਰਿਯੈ।[222]

ਗੁਰੂ ਜੀ ਨੇ ਬੜੇ ਹੀ ਸੁੰਦਰ ਦ੍ਰਿਸ਼ਟਾਂਤ ਦਾ ਪ੍ਰਯੋਗ ਕਰਕੇ ਜੀਵਾਤਮਾ ਅਤੇ ਪਰਮਾਤਮਾ ਦੇ ਆਪਸੀ ਰਿਸ਼ਤੇ ਨੂੰ ਪ੍ਰਗਟਾਉਣ ਦਾ ਉਪਰਾਲਾ ਕੀਤਾ ਹੈ। ਉਹ ਹਰ ਹਾਲਤ ਵਿਚ ਆਪਣੇ ਪ੍ਰੀਤਮ-ਪਿਆਰੇ ਨਾਲ ਜੁੜੇ ਰਹਿਣਾ ਲੋਚਦੇ ਹਨ। ਜੇ ਉਹ (ਬ੍ਰਹਮ) ਸੁੰਦਰ ਤੇ ਸ੍ਰੇਸ਼ਟ ਪਹਾੜ ਹੋਵੇ, ਚੰਦਰਮਾ ਜਾਂ ਦੀਪਕ ਦਾ ਰੂਪ ਧਾਰਨ ਕਰ ਲਵੇ ਅਤੇ ਜਾਂ ਫਿਰ ਤੀਰਥ ਬਣ ਜਾਵੇ ਤਾਂ ਆਪ ਕ੍ਰਮਵਾਰ ਮੋਰ, ਚਕੋਰ, ਵੱਟੀ ਅਤੇ ਤੀਰਥ-ਯਾਤਰੀ ਬਣਨ ਲਈ ਤਿਆਰ ਹਨ। ਉਹ ਕਿਸੇ ਵੀ ਸੂਰਤ ਵਿਚ ਅੰਸ਼ੀ ਰੂਪ ਬ੍ਰਹਮ ਤੋਂ ਦੂਰੀ ਨਹੀਂ ਚਾਹੁੰਦੇ ਕਿਉਂਕਿ ਉਸ ਤੋਂ ਨਿਖੜ ਕੇ, ਉਸ ਨਾਲੋਂ ਨਾਤਾ ਤੋੜ ਕੇ ਉਹ ਕਿਸ ਨਾਲ ਜੋੜਨਗੇ। ਉਹ ਹਮੇਸ਼ਾ ਲਈ ਪ੍ਰਭੂ ਦੇ ਚਰਨ-ਕੰਵਲਾਂ ਵਿਚ ਰਹਿਣਾ ਅਤੇ ਦ੍ਰਿੜ੍ਹਤਾ ਨਾਲ ਇਨ੍ਹਾਂ ਸੰਬੰਧਾਂ ਨੂੰ ਬਣਾਈ ਰੱਖਣਾ ਲੋੜਦੇ ਹਨ:

ਜਉ ਤੁਮ ਗਿਰਿਵਰ ਤਉ ਹਮ ਮੋਰਾ, ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ।
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ।
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ? ਰਹਾਉ।[223]

(ੲ) ਸੁਆਮੀ ਰੂਪ ਬ੍ਰਹਮ

ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਨੂੰ ਸੁਆਮੀ ਰੂਪ ਵਿਚ ਚਿੱਤਰਿਆ ਗਿਆ ਹੈ। ਪ੍ਰਭੂ ਦੀ ਪ੍ਰੇਮਾ-ਭਗਤੀ ਦੇ ਅੰਤਰਗਤ ਉਨ੍ਹਾਂ ਨੇ ਜੀਵਾਤਮਾ ਅਤੇ ਪਰਮਾਤਮਾ ਦੇ ਸੰਬੰਧ ਨੂੰ ਸੇਵਕ-ਸੁਆਮੀ ਰਿਸ਼ਤੇ ਦੁਆਰਾ ਅੰਕਿਤ ਕੀਤਾ ਹੈ। ਇਸ ਸਰੂਪ ਦੁਆਰਾ ਆਪ ਨੇ ਪ੍ਰਭੂ ਦੀ ਵਡਿੱਤਣ ਦਾ ਅਹਿਸਾਸ ਪ੍ਰਗਟ ਕਰਕੇ ਦਾਸ ਭਾਵ ਅਧੀਨ ਸਵੈ-ਪੜਚੋਲ ਨਾਲ ਆਤਮ-ਬਲ ਪ੍ਰਾਪਤ ਕੀਤਾ ਹੈ। ਇਸ ਭਾਵਨਾ ਨੇ ਉਨ੍ਹਾਂ ਅੰਦਰ ਅਤਿ ਨਿਮਰਤਾ ਅਤੇ ਨਿਰਮਾਣਤਾ ਪੈਦਾ ਕਰਨ ਦੇ ਨਾਲ ਨਾਲ ਆਤਮ ਗੌਰਵ ਵੀ ਜਗਾਇਆ ਹੈ। ਆਪ ਨੇ ਪ੍ਰਭੂ ਲਈ ਨਾਥ (ਮਾਲਕ) ਸੁਆਮੀ, ਠਾਕੁਰ ਅਤੇ ਸਰਵ ਪ੍ਰਿਥਵੀ ਦਾ ਮਾਲਕ 'ਗੁਸਈਆਂ' ਲਫ਼ਜ਼ ਵਰਤੇ ਹਨ। 'ਗੁ'

ਤੋਂ ਭਾਵ ਹੈ ਪ੍ਰਿਥਵੀ ਅਤੇ 'ਸਈਆਂ' ਤੋਂ ਸੁਆਮੀ। ਗੁਸਈਆ ਅਤੇ ਸੁਆਮੀ ਇਕੋ ਭਾਵ ਦੇ ਵਾਚਕ ਹਨ। ਪਰਮਾਤਮਾ ਸਰਵ ਸ੍ਰਿਸ਼ਟੀ ਦਾ ਮਾਲਕ ਹੈ। ਸਰਵ ਜੀਆਂ ਨੂੰ ਜੀਅ ਦਾਨ ਦੇਣ ਵਾਲਾ ਹੈ।[224] ਆਪ ਲਿਖਦੇ ਹਨ:

ਰਾਮ ਗੁਸਈਆ ਜੀਅ ਕੇ ਜੀਵਨਾ, ਮੋਹਿ ਨ ਬਿਸਾਰਹੁ ਮੈਂ ਜਨੁ ਤੇਰਾ।
।ਰਹਾਉ।[225]

ਤੁਮ ਜੁ ਨਾਇਕ ਅੰਤਰਜਾਮੀ! ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ।[226]

ਨਾਥ ਕਛੂਅ ਨ ਜਾਨਉ, ਮਨ ਮਾਇਆ ਕੇ ਹਾਥ ਬਿਕਾਨਉ।[227]

ਪ੍ਰਭੂ ਨੂੰ ਸੁਆਮੀ ਤੇ ਠਾਕੁਰ ਰੂਪ ਵਿਚ ਅੰਕਿਤ ਕਰਦਿਆਂ ਗੁਰੂ ਜੀ ਨੇ ਆਪਣੇ ਆਪ ਨੂੰ ਦਾਸ ਭਾਵ ਵਿਚ ਪ੍ਰਗਟ ਕੀਤਾ ਹੈ। ਇਸ ਸੇਵਕ-ਸੁਆਮੀ ਸੰਬੰਧ ਦੁਆਰਾ ਆਪ ਨੇ ਪ੍ਰਭੂ ਨਾਲ ਵਧੇਰੇ ਲਗਾਉ ਉਤਪੰਨ ਕਰਦੇ ਹੋਇਆਂ ਉਸ ਅੱਗੇ ਆਪਣਾ ਆਪਾ ਅਰਪਿਤ ਕਰ ਦਿੱਤਾ ਹੈ। ਆਪ ਫੁਰਮਾਉਂਦੇ ਹਨ:

ਪ੍ਰਭੁ ਜੀ ਤੁਮ ਸ੍ਵਾਮੀ ਹਮ ਦਾਸਾ, ਐਸੀ ਭਗਤਿ ਕਰੈ ਰਵਿਦਾਸਾ।[228]

ਤੁਮ ਸੋ ਠਾਕੁਰੁ ਅਉਰੁ ਨ ਦੇਵਾ।[229]

ਤਨੁ ਮਨੁ ਅਰਪਉ ਪੂਜ ਚਰਾਵਉ ।[230]

ਆਪਣੇ ਆਪ ਨੂੰ ਦੀਨ, ਜਨ, ਸੇਵਕ, ਦਾਸ ਅਤੇ ਦਾਸਾਨ ਦਾਸਾ ਕਹਿੰਦੇ ਹੋਏ ਗੁਰੂ ਰਵਿਦਾਸ ਉਸ ਸੁਆਮੀ-ਸਰੂਪ, ਪ੍ਰਭੂ ਤੋਂ ਬਲਿਹਾਰ ਜਾਂਦੇ ਹਨ ਜਿਸ ਦੀ ਪ੍ਰੇਮ-ਭਰੀ ਦਇਆ, ਮਿਹਰ ਤੇ ਬਖਸ਼ਿਸ਼ ਸਦਕਾ ਪ੍ਰਧਾਨ-ਪੰਡਿਤ ਵੀ ਹੁਣ ਦਾਸਾਂ ਦੇ ਦਾਸ ਰਵਿਦਾਸ ਨੂੰ ਡੰਡੌਤ ਬੰਦਨਾ ਕਰਦੇ ਹਨ:

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ।
ਤੇਰੇ ਨਾਮਿ ਸਰਣਾਇ ਰਵਿਦਾਸੁ ਦਾਸਾ ।[231]

ਗੁਰੂ ਰਵਿਦਾਸ ਜੀ ਦਾ ਸੁਆਮੀ-ਸਰੂਪ ਬ੍ਰਹਮ ਹੀ ਸਭ ਜੀਆਂ ਵਿਚ ਅਨੇਕਾਂ ਰੂਪ ਹੋ ਕੇ ਵਸ ਰਿਹਾ ਹੈ। ਆਪ ਲਿਖਦੇ ਹਨ:

ਸਰਬੇ ਏਕੁ ਅਨੇਕੈ ਸੁਆਮੀ, ਸਭ ਘਟ ਭੋਗਵੈ ਸੋਈ।[232]

(ਸ) ਸਖਾ ਰੂਪ ਬ੍ਰਹਮ

ਸੁਆਮੀ ਰੂਪ ਬ੍ਰਹਮ ਦੀ ਅਗਲੇਰੀ ਮੰਜ਼ਿਲ ਸਖਾ ਰੂਪ ਬ੍ਰਹਮ ਹੈ। ਇਸ ਪ੍ਰੇਮ-ਭਾਵਨਾ ਅਧੀਨ ਜੀਵਾਤਮਾ ਅਤੇ ਪਰਮਾਤਮਾ ਵਿਚ ਦਾਸ-ਸੁਆਮੀ ਵਾਲੀ ਮਰਿਆਦਾ ਨਾ ਰਹਿ ਕੇ ਮਿੱਤਰਤਾ ਭਾਵ ਵਾਲੇ ਸੰਬੰਧ ਸਥਾਪਿਤ ਹੋ ਜਾਂਦੇ ਹਨ। ਰਿਗਵੇਦ ਵਿਚ ਪ੍ਰਭੂ ਨੂੰ 'ਇੰਦਰ ਮਿੱਤਰ ਵਰੁਣਾਮਗਿਮਾਹ'[233] ਅਰਥਾਤ ਇੰਦਰ, ਮਿੱਤਰ, ਵਰੁਣ ਅਤੇ ਅਗਨੀ ਕਿਹਾ ਗਿਆ ਹੈ। ਉਸ ਪ੍ਰਭੂ ਵਿਚ ਮਿੱਤਰ ਅਤੇ ਸਖਾ ਭਾਵ ਹਨ। ਉਹ ਕਲਿਆਣਕਾਰੀ ਸਖਾ-ਰੂਪ ਅਤੇ ਪਿਤਾ-ਰੂਪ ਪਰਮਾਤਮਾ ਅਦੁੱਤੀ ਹੈ।[234]

ਸਖਾ ਰੂਪ ਬ੍ਰਹਮ ਦੇ ਉੱਤਮ ਨਮੂਨੇ ਗੁਰੂ ਰਵਿਦਾਸ ਵਾਣੀ ਵਿਚੋਂ ਪ੍ਰਾਪਤ ਹੁੰਦੇ ਹਨ। ਸਖਾ ਭਾਵ ਉਨ੍ਹਾਂ ਨੂੰ ਪ੍ਰਭੂ ਦੇ ਬਹੁਤ ਸਮੀਪ ਲੈ ਗਏ ਹਨ। ਵਾਸਤਵ ਵਿਚ ਪ੍ਰਭੂ ਪ੍ਰਤੀ ਇਹ ਭਾਵ ਉਨ੍ਹਾਂ ਦੀ ਉੱਚੱਤਮ ਅਵਸਥਾ ਦੇ ਸੂਚਕ ਹਨ ਕਿਉਂਕਿ ਉਨ੍ਹਾਂ ਵਿਚੋਂ ਡਰ ਦੀ ਭਾਵਨਾ ਖ਼ਤਮ ਹੋ ਕੇ ਅਸੀਮ ਪ੍ਰੇਮ-ਪਿਆਰ ਦੀ ਭਾਵਨਾ ਜਨਮ ਲੈ ਲੈਂਦੀ ਹੈ। ਗੁਰੂ ਰਵਿਦਾਸ ਵਾਣੀ ਵਿਚ ਸਖਾ-ਰੂਪ ਬ੍ਰਹਮ ਦੇ ਸੁੰਦਰ ਨਮੂਨੇ ਝਲਕਾਰੇ ਮਾਰਦੇ ਹਨ। ਉਹ ਬੜੇ ਮਾਣ ਤੇ ਵਿਸ਼ਵਾਸ ਨਾਲ ਪ੍ਰਭੂ ਦੀ ਦੋਸਤੀ ਨੂੰ ਦ੍ਰਿੜ੍ਹ ਕਰਦੇ ਹੋਏ ਪ੍ਰੇਮ ਅਤੇ ਸਖਾ ਭਾਵ ਨਾਲ ਪ੍ਰੀਤਮ-ਪਿਆਰੇ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ:

ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਂਧੇ।
ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ।[235]

ਅਰਥਾਤ ਪ੍ਰਭੂ ਨਾਲ ਆਪਣੀ ਅਪਣੱਤ ਪ੍ਰਗਟ ਕਰਦਿਆਂ ਆਪ ਫ਼ੁਰਮਾਉਂਦੇ ਹਨ ਕਿ ਹੇ ਪ੍ਰਭੂ ! ਜੇ ਅਸੀਂ ਦੁਨਿਆਵੀ ਮੋਹ, ਮਾਇਆ ਦੀ ਫਾਹੀ ਵਿਚ ਫਸੇ ਹੋਏ ਹਾਂ, ਤਾਂ ਤੁਹਾਨੂੰ ਵੀ ਅਸੀਂ ਆਪਣੇ ਪ੍ਰੇਮ ਦੇ ਬੰਧਨ ਵਿਚ ਬੰਨ੍ਹ ਲਿਆ ਹੈ। ਅਸੀਂ ਤਾਂ ਤੁਹਾਨੂੰ ਸਿਮਰ ਕੇ ਫਾਹੀ ਵਿਚੋਂ ਛੁੱਟ ਗਏ ਹਾਂ ਪਰ ਹੁਣ ਤੁਸੀਂ ਵੀ ਸਾਡੇ ਪਿਆਰ ਦੀ ਜਕੜ ਵਿਚੋਂ ਛੁੱਟਣ ਦਾ ਉਪਰਾਲਾ ਕਰੋ। ਫਿਰ ਕਹਿੰਦੇ ਹਨ ਕਿ ਤੂੰ ਸਾਨੂੰ ਦੁਨਿਆਵੀ ਪਿਆਰ ਦੀ ਰੱਸੀ ਨਾਲ ਬੰਨ੍ਹਿਆ ਹੋਇਆ ਹੈ, ਅਸੀਂ ਇਸ ਬੰਧਨ ਤੋਂ ਕਿਸ ਤਰ੍ਹਾਂ ਛੁਟਕਾਰਾ ਪ੍ਰਾਪਤ ਕਰ ਸਕਦੇ ਹਾਂ :

ਪ੍ਰੇਮ ਕੀ ਜੇਵਰੀ ਬਾਂਧਿਓ ਤੇਰੋ ਜਨ, ਕਹਿ ਰਵਿਦਾਸ ਛੂਟਿਬੋ ਕਵਨ ਗੁਨ?[236]

ਗੁਰੂ ਰਵਿਦਾਸ ਜੀ ਸਖਾ ਭਾਵ ਅਧੀਨ ਪ੍ਰਭੂ ਨਾਲ ਨਿਕਟਤਮ ਸੰਬੰਧ ਸਥਾਪਿਤ ਕਰਦਿਆਂ ਅਤਿ ਵਿਸ਼ਵਾਸ ਭਰੇ ਲਹਿਜੇ ਨਾਲ ਪ੍ਰਭੂ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ ! ਜੇ ਤੁਸੀਂ ਸਾਡੇ ਨਾਲੋਂ ਆਪਣਾ ਪਿਆਰ ਨਹੀਂ ਤੋੜੋਗੇ ਤਾਂ ਅਸੀਂ ਵੀ ਤੁਹਾਡੇ ਨਾਲੋਂ ਆਪਣੀ ਪ੍ਰੀਤ ਨਹੀਂ ਤੋੜਾਂਗੇ, ਕਿਉਂਕਿ ਤੁਹਾਡੇ ਨਾਲ ਤੋੜਕੇ ਹੋਰ ਕਿਸ ਨਾਲ ਜੋੜ ਸਕਦੇ ਹਾਂ:

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ।
ਤੁਮ ਸਿਉ ਤੋਰ ਕਵਨ ਸਿਉ ਜੋਰਹਿ ॥ ਰਹਾਉ।[237]

(ਹ) ਭਗਤ-ਰਖਿਅਕ ਬ੍ਰਹਮ

ਗੁਰੂ ਰਵਿਦਾਸ ਦਾ ਬ੍ਰਹਮ ਭਗਤਾਂ ਦੀ ਰਖਿਆ ਕਰਨ ਵਾਲਾ, ਉਪਕਾਰੀ ਅਤੇ 'ਨੀਚਹੁ ਊਚ' ਕਰਨ ਵਾਲਾ ਹੈ। ਉਹ ਗ਼ਰੀਬਾਂ ਨੂੰ ਨਿਵਾਜਣ ਵਾਲਾ, ਪ੍ਰਿਥਵੀ ਦਾ ਮਾਲਕ ਨਿਆਸਰਿਆਂ ਦੇ ਸਿਰ ਉੱਤੇ ਸ਼ਾਹੀ ਛਤਰ ਵੀ ਝੁਲਾ ਦਿੰਦਾ ਹੈ। ਉਹ ਸਮ-ਦ੍ਰਿਸ਼ਟੀ ਵਾਲਾ ਮੁਕਤੀ ਦਾਤਾ ਹੈ। ਉਸ ਦੀ ਕ੍ਰਿਪਾ ਹੋਵੇ ਤਾਂ ਸਾਰੇ ਕੰਮ ਰਾਸ ਹੋ ਜਾਂਦੇ ਹਨ। ਆਪ ਦਾ ਕਥਨ ਹੈ:

ਐਸੀ ਲਾਲ ! ਤੁਧ ਬਿਨ ਕਉਨੁ ਕਰੈ, ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ। ਰਹਾਉ।
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੂ ਹੀ ਢਰੈ ।
ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ ।[238]

ਗੁਰੂ ਰਵਿਦਾਸ ਜੀ ਦਾ ਭਗਤ-ਰਖਿਅਕ ਬ੍ਰਹਮ ਪਤਿਤ-ਪਾਵਨ ਹੈ, ਉਹ ਪ੍ਰਭੂ-ਭਗਤੀ ਵਿਚ ਲੀਨ ਚੰਡਾਲਾਂ ਵਰਗੇ ਨੀਚ, ਦੁਰਮਤਿ ਮਨੁੱਖਾਂ ਨੂੰ ਵੀ ਤਾਰਨ ਵਾਲਾ ਹੈ:

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।
ਐਸੇ ਦੁਰਮਤਿ ਨਿਸਤਰੇ ਤੂੰ ਕਿਉ ਨ ਤਰਹਿ ਰਵਿਦਾਸ।[239]

ਫਿਰ ਕਹਿੰਦੇ ਹਨ ਕਿ ਹੇ ਪ੍ਰਭੂ ! ਤੂੰ ਬਖ਼ਸ਼ਿੰਦ ਹੈਂ, ਕ੍ਰਿਪਾ ਨਿਧਾਨ ਹੈਂ ਅਤੇ ਮੇਰੇ ਵਰਗੇ ਗ਼ਰੀਬ ਤੇ ਕੰਗਾਲੀ ਦੀ ਜਹਾਲਤ ਵਿਚ ਫਸੇ ਹੋਏ ਜੀਵ ਨੂੰ, ਜਿਸ ਨੂੰ ਦੇਖ ਕੇ ਸਾਰੇ ਹੱਸਦੇ ਤੇ ਮਖ਼ੌਲ ਕਰਦੇ ਹਨ, ਅਠਾਰਾਂ ਕਰਾਮਾਤੀ ਸ਼ਕਤੀਆਂ ਦਾ ਮਾਲਕ ਬਣਾ ਸਕਦਾ ਹੈ:

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ।[240]

(ਕ) ਦੰਪਤੀ-ਭਾਵ ਦੁਆਰਾ ਬ੍ਰਹਮ ਵਰਣਨ

ਪਤੀ-ਪਤਨੀ ਦੇ ਰੂਪਕ ਅਥਵਾ ਦੰਪਤੀ ਭਾਵ ਰਾਹੀਂ ਸਾਧਕ ਪ੍ਰਭੂ ਨਾਲ ਇਕਮਿਕਤਾ ਅਤੇ ਇਕਰੂਪਤਾ ਦੇ ਭਾਵ ਦੀ ਸਥਾਪਨਾ ਕਰਦਾ ਹੈ। ਭਾਰਤੀ ਸਮਾਜ ਵਿਚ ਪਤੀ-ਪਤਨੀ ਦੇ ਸੰਬੰਧ ਨੂੰ ਸੱਚਾ-ਸੁੱਚਾ ਤੇ ਸਰਵ-ਉੱਤਮ ਮੰਨਿਆ ਗਿਆ ਹੈ, ਇਸ ਲਈ ਹੀ ਵਾਣੀ ਵਿਚ ਗੁਰੂ ਰਵਿਦਾਸ ਜੀ ਨੇ ਅਧਿਆਤਮਿਕ ਪ੍ਰੇਮ-ਅਨੁਭੂਤੀ ਨੂੰ ਦੰਪਤੀ-ਭਾਵ ਦੇ ਮਧੁਰ ਪ੍ਰਵਾਹ ਦੁਆਰਾ ਅਭਿਵਿਅਕਤ ਕੀਤਾ ਹੈ। ਨਾਰਦ ਭਗਤੀ ਸੂਤਰ ਵਿਚ ਇਸ ਤਰ੍ਹਾਂ ਦੇ ਸੰਬੰਧ ਨੂੰ 'ਕਾਂਤਾਆਸਕਤੀ' ਕਿਹਾ ਗਿਆ ਹੈ।[241] ਵਾਣੀ ਵਿਚ ਪਤਨੀ ਰੂਪੀ ਜੀਵਾਤਮਾ ਦੀ ਪਤੀ-ਰੂਪੀ ਪਰਮਾਤਮਾ ਪ੍ਰਤੀ ਵਿਆਕੁਲਤਾ ਅਤੇ ਮਿਲਾਪ ਦੀ ਤਾਂਘ ਵਿਚੋਂ ਉਪਜੀ ਬ੍ਰਿਹਾ-ਵੇਦਨਾ ਨੂੰ ਪ੍ਰੇਮ ਪੂਰਤ ਵਲਵਲਿਆਂ ਦੁਆਰਾ ਅੰਕਿਤ ਕੀਤਾ ਗਿਆ ਹੈ। ਗੁਰੂ ਜੀ ਨੇ ਆਤਮਾ ਨੂੰ ਨਾਰ, ਸਤੀ, ਸੁਹਾਗਨਿ, ਦੁਖੀ ਦੁਹਾਗਨਿ ਕਹਿੰਦੇ ਪ੍ਰਭੂ ਨੂੰ ਪੀਵ, ਪੀਉ, ਪ੍ਰਿਅ, ਸਹ ਮੰਨ ਕੇ ਪਤੀ-ਪਤਨੀ ਦੇ ਰੂਪਕ ਦੁਆਰਾ ਪ੍ਰੀਤ ਵਲਵਲਿਆਂ ਨੂੰ ਪ੍ਰਗਟਾਇਆ ਹੈ। ਆਪ ਦਾ ਕਥਨ ਹੈ ਕਿ ਜੋ ਜੀਵ ਰੂਪੀ ਇਸਤਰੀ ਪਤੀ-ਪਰਮੇਸ਼ਰ ਦੀ ਸੇਵਾ-ਭਗਤੀ ਨਹੀਂ ਕਰਦੀ, ਹਉਮੈਂ-ਵੱਸ ਉਸ ਦੇ ਪ੍ਰੇਮ ਵਿਚ ਲੀਨ ਨਹੀਂ ਹੁੰਦੀ, ਉਹ ਦੁਹਾਗਨਿ ਅਥਵਾ ਛੁੱਟੜ ਪਤਨੀ ਦੇ ਵਾਂਗ ਹਮੇਸ਼ਾ ਦੁਖੀ ਰਹਿੰਦੀ ਹੈ ਅਤੇ ਆਪਣੇ ਦੋਨੋਂ ਪਾਸੇ ਸਹੁਰੇ-ਪੇਕੇ ਅਰਥਾਤ ਲੋਕ-ਪਰਲੋਕ ਨੂੰ ਗੰਵਾ ਲੈਂਦੀ ਹੈ:-

ਸਖੀ ਸਹੇਲੀ ਗਰਬ ਗਹੇਲੀ, ਪੀਉ ਕੀ ਬਾਤ ਨ ਸੁਨਹੁ ਸਹੇਲੀ।
ਮੈਂ ਰੇ ਦੁਹਾਗਨਿ ਅਘਿ ਕਰ ਜਾਨੀ, ਗਯੋ ਸੁ ਜੋਬਨ ਸਾਧ ਨ ਮਾਨੀ।[242]

ਦੁਖੀ ਦੁਹਾਗਨਿ ਦੁਇ ਪਖ ਹੀਨੀ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ।[243]

ਪ੍ਰਭੂ-ਪਤੀ ਨਾਲ ਮਿਲਾਪ ਤੋਂ ਬਿਨਾਂ ਆਤਮਾ-ਰੂਪੀ ਪਤਨੀ ਸੇਜ-ਸੁੱਖ ਨਹੀਂ ਮਾਣ ਸਕਦੀ, ਉਹ ਉਸ ਦੇ ਵਿਛੋੜੇ ਦੀ ਅਗਨੀ ਵਿਚ ਤੜਪ-ਤੜਪ ਕੇ ਰਾਤਾਂ ਬਤੀਤ ਕਰਦੀ ਹੈ, ਉਸ ਦੇ ਬ੍ਰਿਹਾ ਵਿਚ ਉਸਨੂੰ ਨੀਂਦ ਨਹੀਂ ਆਉਂਦੀ, ਭੋਜਨ ਚੰਗਾ ਨਹੀਂ ਲੱਗਦਾ, ਪ੍ਰੀਤਮ-ਪਿਆਰੇ ਦੇ ਵਿਯੋਗ ਵਿਚ ਬੀਤ ਰਿਹਾ ਇਕ ਪਲ ਵੀ ਉਸ ਨੂੰ ਇਕ ਯੁੱਗ ਸਮਾਨ ਜਾਪਦਾ ਹੈ:

ਭੋਰ ਭਯੋ ਮੋਹਿ ਇਕ ਟਗ ਜੋਵਤ, ਤਲਫਤ ਰਜਨੀ ਜਾਈ।
ਪੀਵ ਬਿਨ ਸੇਜਹਿ ਕਾ ਸੁਖ ਸੋਊ, ਬਿਰਹ ਬਿਥਾ ਤਨ ਖਾਈ।
ਮੇਲਿ ਦੁਹਾਗ ਸੁਹਾਗਨਿ ਕੀਜੈ, ਅਪਨੇ ਅੰਗ ਲਗਾਈ ।
ਕਹੈ 'ਰਵਿਦਾਸ' ਪ੍ਰਭੂ ਤੁਮਰੇ, ਬਿਛੋਹੇ, ਏਕੁ ਪਲਕ ਜੁਗ ਜਾਈ।[244]

ਬਿਰਹਤਪੈ ਤਨ ਅਧਿਕ ਜਰਾਵੈ, ਨੀਦੜੀ ਨਾ ਆਵੈ ਭੋਜਨ ਨਹੀਂ ਭਾਵੈ।[245]

ਗੁਰੂ ਜੀ ਅਨੁਸਾਰ ਸੋਲਹਾਂ ਪ੍ਰਕਾਰ ਦੇ ਹਾਰ-ਸ਼ਿੰਗਾਰ ਕਰਨ ਦਾ ਕੀ ਲਾਭ ਹੈ, ਜੇਕਰ ਜੀਵ-ਰੂਪੀ ਇਸਤਰੀ ਪਤੀ-ਰੂਪੀ ਪ੍ਰਭੂ ਨੂੰ ਭਾਉਂਦੀ ਨਹੀਂ, ਉਸਦੇ ਮਨ ਨਹੀਂ ਚੜ੍ਹਦੀ, ਉਸ ਨੂੰ ਚੰਗੀ ਨਹੀਂ ਲੱਗਦੀ ਅਥਵਾ ਪੀਆ ਦਾ ਦਿਲ ਨਾਹੀਂ ਜਿੱਤ ਲੈਂਦੀ। ਆਪ ਕਹਿੰਦੇ ਹਨ ਕਿ ਵਾਸਤਵ ਵਿਚ ਸਤੀ ਤੇ ਸੁਹਾਗਣ ਉਹ ਹੈ ਜੋ ਹਉਮੈ-ਹੰਕਾਰ ਦੀ ਭਾਵਨਾ ਤਿਆਗ ਕੇ, ਤਨ ਤੇ ਮਨ ਸਮਰਪਿਤ ਕਰਕੇ ਪਤੀ-ਰੂਪ ਪ੍ਰਭੂ ਦੇ ਰੰਗ ਵਿਚ ਰੰਗੀਜ ਕੇ ਉਸ ਨਾਲ ਇਕਮਿਕ, ਇਕ ਰਸ ਤੇ ਇਕ ਰੂਪ ਹੋ ਜਾਂਦੀ ਹੈ:

ਜੌ ਲੌ ਪਿਉ ਰਾ ਮਨ ਨਹਿੰ ਆਈ, ਕਾ ਸੋਰਹ ਸਜੈਗਾਰ ਬਨਾਈ।
ਸੋਇ ਸਤੀ ਰਵਿਦਾਸ ਬਖਾਨੀ, ਤਨ ਮਨ ਸਪੁੰ ਪਿਉ ਰੰਗ ਸਮਾਨੀ।[246]

ਸਹ ਕੀ ਸਾਰ ਸੁਹਾਗਨਿ ਜਾਨੈ ਤਜਿ ਅਭਿਮਾਨ ਸੁਖ ਰਲੀਆ ਮਾਨੈ ।
ਤਨੁ ਮਨੁ ਦੇਇ ਨ ਅੰਤਰੁ ਰਾਖੈ ਅਵਰਾ ਦੇਖਿ ਨ ਸੁਨੈ ਅਭਾਖੈ।[247]

ਆਪ ਨੇ ਜੀਵਾਤਮਾ ਨੂੰ ਪ੍ਰਭੂ ਨਾਲ ਐਸੀ ਪ੍ਰੀਤ ਕਰਨ ਦਾ ਉਪਦੇਸ਼ ਦਿੱਤਾ ਹੈ ਜਿਸ ਤਰ੍ਹਾਂ ਦੀ ਪ੍ਰੀਤ ਇਕ ਸਮਰਪਿਤ ਪਤਨੀ ਆਪਣੇ ਪਤੀ ਨਾਲ ਕਰਦੀ ਹੈ। ਇਸ ਵਿਧੀ ਦੁਆਰਾ ਹੀ ਜੀਵ-ਰੂਪੀ ਇਸਤਰੀ ਪਤੀ-ਰੂਪੀ ਪਰਮਾਤਮਾ ਨਾਲ ਮਿਲਾਪ ਹਾਸਿਲ ਕਰਕੇ ਆਪਣੇ ਸਾਰੇ ਕੰਮ ਸੰਵਾਰ ਲੈਂਦੀ ਅਥਵਾ ਮੁਕਤ-ਪਦ ਦੀ ਅਧਿਕਾਰੀ ਬਣ ਜਾਂਦੀ ਹੈ:

ਕਾਇਆ ਹੰਸਿ ਪ੍ਰੀਤਿ ਹੈ ਪ੍ਰਿਅ ਸੰਗਿ ਉਲਝੀ ਨਾਰਿ।
ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਤੂ ਕਾਰਜ ਲੇਹਿ ਸਵਾਰਿ।[248]

ਇਸ ਪ੍ਰਕਾਰ ਗੁਰੂ ਰਵਿਦਾਸ ਜੀ ਨੇ ਦੰਪਤੀ-ਭਾਵ ਦੇ ਸਾਧਨ ਦੁਆਰਾ ਬ੍ਰਹਮ ਦੇ ਰਸਮਈ ਸਰੂਪ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ ਹੈ।

## (2) ਕਰਤਾ ਰੂਪ ਬ੍ਰਹਮ

'ਕਰਤਾ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕਰਨ ਵਾਲਾ । ਡਾ. ਦਲੀਪ ਸਿੰਘ ਦੀਪ ਅਨੁਸਾਰ, "ਕਰਤਾ ਸੰਸਕ੍ਰਿਤ ਦੇ ਕਰਤ੍ਰੀ ਤੋਂ ਹੈ ਜਿਸ ਦਾ ਭਾਵ ਹੈ ਕਰਨ ਵਾਲਾ,

ਸਾਜਣੇ ਵਾਲਾ।"[249] ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਕਰਨ ਕਾਰਨ ਹੀ ਪ੍ਰਭੂ ਕਰਤਾ ਹੈ। ਪ੍ਰਸ਼ਨ ਉਪਨਿਸ਼ਦ ਅਨੁਸਾਰ, " ਉਸ ਨੇ ਪ੍ਰਾਣਾਂ ਦੀ ਸਿਰਜਨਾ ਕੀਤੀ । ਪ੍ਰਾਣਾਂ ਤੋਂ ਸ਼ਰਧਾ, ਅਗਨੀ, ਆਕਾਸ਼, ਵਾਯੂ, ਪ੍ਰਕਾਸ਼, ਜਲ, ਪ੍ਰਿਥਵੀ, ਇੰਦਰੀਆਂ, ਮਨ, ਅੰਨ, ਵੀਰਜ, ਤਪ, ਮੰਤਰ, ਕਰਮ, ਲੋਕਾਂ ਦੀ ਸਿਰਜਨਾ ਕੀਤੀ ਅਤੇ ਉਨ੍ਹਾਂ ਲੋਕਾਂ ਦਾ ਨਾਂ ਵੀ ਧਰਿਆ।"[250] ਗੀਤਾ ਵਿਚ ਬ੍ਰਹਮ ਨੂੰ ਸਭ ਦਾ ਪਾਲਣਹਾਰ ਅਤੇ ਸੰਘਾਰ ਕਰਨ ਵਾਲਾ ਦਰਸਾਇਆ ਗਿਆ ਹੈ।

ਗੁਰੂ ਰਵਿਦਾਸ ਵਾਣੀ ਵਿਚ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਹੋਈ ਹੈ। ਵਾਣੀ ਵਿਚ ਬ੍ਰਹਮ ਨੂੰ ਇਕ ਅਜਿਹੀ ਸੂਖਮ ਸ਼ਕਤੀ ਮੰਨਿਆ ਗਿਆ ਹੈ ਜੋ ਸਭ ਦੀ ਕਰਤਾ ਹੈ, ਸਭ ਦਾ ਆਧਾਰ ਹੈ, ਸਭ ਦੇ ਅੰਦਰ-ਬਾਹਰ ਵਿਆਪਕ ਹੈ ਅਤੇ ਸਭ ਥਾਂ ਰਮਿਆ ਹੋਇਆ ਹੈ। ਆਪ ਲਿਖਦੇ ਹਨ:

ਕਰਤਾ ਏਕ ਭਾਈ ਜੁਗ ਭੁਗਤਾ, ਸਬ ਘਟਿ ਸਭ ਬਿਧਿ ਸੋਈ।[251]

ਕਹੈ ਰਵਿਦਾਸ ਕ੍ਰਿਸ਼ਨ ਕਰੁਨਾਮੈ, ਜੈ ਜੈ ਜਗਤ ਆਧਾਰਾ।[252]

ਗੁਰੂ ਰਵਿਦਾਸ ਵਾਣੀ ਵਿਚ ਉਸ ਇਕ ਪਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਦਰਸਾ ਕੇ ਉਸ ਇਕ ਵਿਚ ਹੀ ਲੀਨ ਹੋਣ ਦੀ ਪ੍ਰਬਲ ਭਾਵਨਾ ਨੂੰ ਪ੍ਰਗਟ ਕੀਤਾ ਗਿਆ ਹੈ। ਇਹ ਕਰਤਾ ਸਤਿਰਾਮ ਹੈ, ਇਹੋ ਹੀ ਸ੍ਰਿਸ਼ਟੀ ਦੀ ਸਿਰਜਨਾ ਤੇ ਸੰਘਾਰ ਕਰਦਾ ਹੈ:

ਕੇਵਲ ਕਰਤਾ ਏਕ ਸਹੀ ਕਰਿ, ਸਤਿ ਰਾਮ ਤਿਹਿੰ ਠਾਈ।[253]

ਸਰਵੇਸ਼ਵਰ ਸਰਬੰਗੀ ਸਰਬਗਤਿ ਕਰਤਾ , ਹਰਤਾ ਸੋਈ ।[254]

ਜੋ ਅਵਿਨਾਸੀ ਸਬਕਾ ਕਰਤਾ, ਵਯਾਪ ਰਹਯੋ ਸਬ ਠੌਰ ਰੇ।[255]

ਵਾਣੀ ਵਿਚ ਉਸ ਇਕ ਕਰਤਾ ਪੁਰਖ ਦਾ ਸਿਮਰਨ ਕਰਨ ਦੀ ਹੀ ਪ੍ਰੇਰਨਾ ਦਿੱਤੀ ਗਈ ਹੈ ਜਿਹੜਾ ਇਸ ਜਗਤ ਦੀ ਰਚਨਾ ਵੀ ਕਰਦਾ ਹੈ ਅਤੇ ਇਸ ਨੂੰ ਨਸ਼ਟ ਵੀ ਕਰਦਾ ਹੈ। ਉਹੀ ਇਸ ਜਗਤ ਦਾ ਸਿਰਜਕ ਹੈ, ਪਾਲਣਹਾਰ ਅਤੇ ਸੰਘਾਰਕ ਵੀ ਹੈ। ਆਪ ਲਿਖਦੇ ਹਨ:

ਕਰਤਾ ਹਰਤਾ ਜਗਤ ਕੋ, ਭਜੈ ਤਾਹਿ ਰਵਿਦਾਸ।[256]

(3) ਪ੍ਰਤੀਕ ਰੂਪ ਬ੍ਰਹਮ

ਬ੍ਰਹਮ ਇਕ ਅਸੀਮ ਸੱਤਾ ਹੈ, ਇਸ ਲਈ ਇਸ ਦੇ ਸਰੂਪ ਨੂੰ ਸ਼ਬਦਾਂ ਵਿਚ ਉਲੀਕਣਾ ਅਤਿ ਕਠਿਨ ਕਾਰਜ ਹੈ। ਨਿਰਸੰਦੇਹ ਸਮੁੱਚਾ ਭਾਰਤੀ ਦਰਸ਼ਨ ਉਸ ਅਲੌਕਿਕ ਤੇ ਅਗਿਆਤ ਸ਼ਕਤੀ ਨੂੰ ਗਿਆਤ ਕਰਨ ਲਈ ਯਤਨਸ਼ੀਲ ਰਿਹਾ ਹੈ, ਪਰੰਤੂ ਵੇਦਾਂ, ਉਪਨਿਸ਼ਦਾਂ ਵਿਚ ਉਸ ਨੂੰ 'ਨੇਤਿ-ਨੇਤਿ' (ਇਹ ਨਹੀਂ, ਇਹ ਨਹੀਂ) ਕਹਿ ਕੇ ਸਬਰ ਕਰ ਲਿਆ ਗਿਆ ਅਤੇ ਪਰਮਾਤਮਾ ਇਕ 'ਰਹੱਸਮਈ' ਵਿਸ਼ਾ ਹੀ ਬਣਿਆ ਰਿਹਾ। ਗੁਰੂ ਰਵਿਦਾਸ ਵਾਣੀ ਵਿਚ ਫ਼ਰਮਾਨ ਹੈ:

ਜਾ ਪਰਿ ਕ੍ਰਿਪਾ ਸੋਇ ਭਲ ਜਾਨੈ ,ਗੂੰਗੈ ਸਾਕਰ ਕਹਾ ਬਖਾਨੈ।[257]

ਅਰਥਾਤ ਉਸ ਦਾ ਵਰਣਨ ਤਾਂ ਗੂੰਗੇ ਦੇ ਸ਼ਕਰ ਖਾਣ ਦੇ ਸਮਾਨ ਹੈ, ਜੋ ਸ਼ਕਰ ਦੀ ਮਿਠਾਸ ਨੂੰ ਅਨੁਭਵ ਤਾਂ ਕਰ ਸਕਦਾ ਹੈ, ਪਰੰਤੂ ਵਾਣੀ ਦੁਆਰਾ ਅਭਿਵਿਅਕਤ ਨਹੀਂ ਕਰ ਸਕਦਾ। ਫਿਰ ਵੀ ਆਦਿ ਕਾਲ ਤੋਂ ਹੀ ਬ੍ਰਹਮ ਦੀ ਅਭਿਵਿਅਕਤੀ ਲਈ ਚਿੰਨ੍ਹਾਂ ਅਤੇ ਪ੍ਰਤੀਕਾਂ ਦਾ ਸਹਾਰਾ ਲਿਆ ਜਾਂਦਾ ਰਿਹਾ ਹੈ। ਤੈਤਿਰਯ ਉਪਨਿਸ਼ਦ ਵਿਚ ਬ੍ਰਹਮ ਨੂੰ 'ਸਤਯੰ ਗਿਆਨਮਨੰਤੰ ਬ੍ਰਹਮ'[258] ਕਹਿਕੇ ਸਤਿ ਅਤੇ ਅਨੰਤ ਗਿਆਨ ਦੇ ਅਮੂਰਤ ਪ੍ਰਤੀਕਾਂ ਦੁਆਰਾ ਵਰਣਿਤ ਕੀਤਾ ਗਿਆ ਹੈ। ਇਸ ਉਪਨਿਸ਼ਦ ਵਿਚ ਹੀ ਬ੍ਰਹਮ ਨੂੰ ਅੰਨ, ਔਸ਼ਧੀ[259] ਆਦਿ ਮੂਰਤ ਪ੍ਰਤੀਕਾਂ ਦੁਆਰਾ ਵੀ ਦਰਸਾਇਆ ਗਿਆ ਹੈ। ਡਾ. ਪ੍ਰੇਮ ਪ੍ਰਕਾਸ਼ ਅਨੁਸਾਰ, "ਪ੍ਰਤੀਕ ਕਵੀ ਦਾ ਅਜਿਹਾ ਸਾਧਨ ਹੁੰਦਾ ਹੈ ਜਿਸ ਵਿਚ ਗੋਚਰ ਤੇ ਅਗੋਚਰ, ਦ੍ਰਿਸ਼ਟ ਤੇ ਅਦ੍ਰਿਸ਼ਟ, ਮੂਰਤ ਤੇ ਅਮੂਰਤ ਵਸਤੂਆਂ ਦੇ ਅਰਥ ਗੂੰਜਦੇ ਰਹਿੰਦੇ ਹਨ।[260]

ਗੁਰੂ ਰਵਿਦਾਸ ਵਾਣੀ ਵਿਚ ਵੀ ਬ੍ਰਹਮ ਨੂੰ ਪ੍ਰਤੀਕ ਰੂਪ ਵਿਚ ਚਿਤਰਿਆ ਗਿਆ ਹੈ। ਉਨ੍ਹਾਂ ਨੇ ਬ੍ਰਹਮ ਲਈ ਸਵਾਂਤ ਬੂੰਦ, ਪਾਰਸ, ਚੰਦਨ, ਪੁਸ਼ਪ ਦੀ ਸੁਗੰਧ, ਮਖਤੂਲ ਸਪੇਦ ਸਪੀਅਲ(ਉੱਤਮ ਚਿੱਟਾ ਤੇ ਪੀਲਾ ਰੇਸ਼ਮ) ਆਦਿ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਹੈ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗ ਤੁਮਾਰੇ ਬਾਸਾ।[261]

ਤੁਮ ਮਖਤੂਲ ਸਪੇਦ ਸਪੀਅਲ ਹਮ ਬਾਪੁਰੇ ਜਸ ਕੀਰਾ।[262]

ਆਪ ਨੇ ਬ੍ਰਹਮ ਦੇ ਸਰੂਪ ਨੂੰ ਅਭਿਵਿਅਕਤ ਕਰਨ ਲਈ ਬੱਦਲ, ਚੰਦਰਮਾ, ਦੀਪਕ, ਮੋਤੀ ਆਦਿ ਪ੍ਰਤੀਕਾਂ ਦੀ ਵਰਤੋਂ ਕਰਕੇ ਉਸ ਪ੍ਰਭੂ-ਪ੍ਰੀਤਮ ਨਾਲ ਆਪਣੇ ਨਿਕਟਤਮ

ਸੰਬੰਧਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ:

ਪ੍ਰਭੂ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਅੰਗ ਸਮਾਨੀ।
ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ।
ਪ੍ਰਭੂ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਜਰੈ ਦਿਨ ਰਾਤੀ।
ਪ੍ਰਭੂ ਜੀ ਤੁਮ ਮੋਤੀ ਹਮ ਧਾਗਾ, ਜੈਸੇ ਸੋਨਹਿੰ ਮਿਲਤ ਸੁਹਾਗਾ।
ਪ੍ਰਭੂ ਜੀ ਤੁਮ ਸੁਆਮੀ ਹਮ ਦਾਸਾ, ਐਸੀ ਭਗਤੀ ਕਰੈ ਰਵਿਦਾਸਾ।[263]

ਗੁਰੂ ਰਵਿਦਾਸ ਜੀ ਨੇ ਬ੍ਰਹਮ ਲਈ ਸਵਾਤ-ਬੂੰਦ ਪ੍ਰਤੀਕ ਦਾ ਪ੍ਰਯੋਗ ਕਰਕੇ ਜਗਿਆਸੂ ਰੂਪੀ ਪਪੀਹੇ ਦੀ ਪ੍ਰਭੂ ਲਈ ਅਸੀਮ ਤੜਪ ਦਾ ਬਿਆਨ ਕੀਤਾ ਹੈ । ਜਿਸ ਤਰ੍ਹਾਂ ਚਾਤ੍ਰਿਕ ਅੰਮ੍ਰਿਤਮਈ ਸਵਾਤ-ਬੂੰਦ ਲਈ ਤੜਪਦਾ ਹੈ, ਉਸੇ ਤਰ੍ਹਾਂ ਸਾਧਕ ਪ੍ਰੀਤਮ -ਪਿਆਰੇ ਦੇ ਪ੍ਰੇਮ ਵਿਚ ਰੱਤਾ ਅੰਮ੍ਰਿਤ ਰਸ ਦੀ ਪ੍ਰਾਪਤੀ ਲਈ ਬਿਹਬਲ ਹੁੰਦਾ ਹੈ। ਪ੍ਰਭੂ ਨਾਲ ਮਿਲਾਪ ਅਤੇ ਉਸ ਦੇ ਦਰਸ਼ਨਾਂ ਤੋਂ ਬਿਨਾ ਸਾਧਕ ਦੀ ਇਹ ਪਿਆਸ ਬੁਝ ਨਹੀਂ ਸਕਦੀ :

ਸਾਇਰ ਸਲਿਲ ਸਰੋਦਿਕਾ ਜਲ ਥਲ ਅਧਿਕਾਈ।
ਸ੍ਵਾਂਤਿ ਬੂੰਦ ਕੀ ਆਸ ਹੈ, ਪਿਊ ਪਿਆਸ ਨ ਜਾਈ।[264]

ਆਪ ਨੇ ਬ੍ਰਹਮ ਲਈ ਬਾਜ਼ੀਗਰ ਦੇ ਪ੍ਰਤੀਕ ਦਾ ਪ੍ਰਯੋਗ ਵੀ ਕੀਤਾ ਹੈ। ਇਸ ਜਗਤ ਨੂੰ ਬਾਜ਼ੀ ਅਰਥਾਤ ਖੇਡ ਤਮਾਸ਼ਾ ਦੱਸ ਕੇ ਇਸ ਦੀ ਰਚਨਾ ਕਰਨ ਅਰਥਾਤ ਲੀਲ੍ਹਾ, ਰਚਾਉਣ ਵਾਲੇ ਨੂੰ ਬਾਜ਼ੀਗਰ ਦਾ ਸੰਗਿਆ ਦਿੱਤੀ ਗਈ ਹੈ:

ਕਹਿ ਰਵਿਦਾਸ ਬਾਜੀ ਜਗ ਭਾਈ, ਬਾਜਗੀਰ ਸਉਂ ਮੋਹਿ ਪ੍ਰੀਤਿ ਬਨਿ ਆਈ।[265]
ਬਾਜੀਗਰ ਕੀ ਬਾਜੀ ਕਾਰਨਿ, ਸਬ ਕੋ ਕੌਤਿਕ ਆਵੈ ।[266]

ਵਾਣੀ ਵਿਚ ਆਤਮਾ-ਪਰਮਾਤਮਾ ਦੇ ਸੰਬੰਧਾਂ ਨੂੰ ਵੀ ਪ੍ਰਤੀਕਾਂ ਦੁਆਰਾ ਰੂਪਮਾਨ ਕੀਤਾ ਗਿਆ ਹੈ। ਆਤਮਾ ਰੂਪੀ ਨਦੀ ਦੀ ਤੜਪ ਉੱਨਾ ਚਿਰ ਤਕ ਸ਼ਾਂਤ ਨਹੀਂ ਹੋ ਸਕਦੀ ਜਿੰਨਾ ਚਿਰ ਇਹ ਸਮੁੰਦਰ ਰੂਪੀ ਰਾਮ-ਸਾਗਰ ਵਿਚ ਜਾ ਕੇ ਸਮਾ ਨਹੀਂ ਜਾਂਦੀ। ਗੁਰੂ ਜੀ ਲਿਖਦੇ ਹਨ:

ਜਬ ਲਗਿ ਨਦੀ ਨ ਸਮੁੰਦ ਸਮਾਵੈ, ਤਬ ਲਗਿ ਬਢੈ ਹੰਕਾਰਾ।
ਜਬ ਮਨ ਮਿਲਯੋ ਰਾਮ-ਸਾਗਰ ਸੂੰ, ਤਬ ਯਹੁ ਮਿਟੀ ਪੁਕਾਰਾ।[267]

ਆਪ ਨੇ ਪ੍ਰਭੂ ਲਈ ਪੁਸ਼ਪ ਦੀ ਸੁਗੰਧੀ ਪ੍ਰਤੀਕ ਦਾ ਪ੍ਰਯੋਗ ਕਰਕੇ ਇਸ ਤੱਥ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ ਕਿ ਫੁੱਲ ਵਿਚ ਵਸੀ ਸੁਗੰਧੀ ਵਾਂਗ ਪ੍ਰਭੂ ਹਰ ਜੀਵ ਵਿਚ ਵਸ ਰਿਹਾ ਹੈ:

ਪੁਹੁਪ ਮੱਧੇ ਜਥੁੰ ਵਾਸ ਬਸਤ ਹੈ, ਤਥੁੰ ਸਭ ਘਟ ਰਮਹਿ ਰਘੁਰਾਈ।[268]

ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਲਈ ਵਰਤੇ ਗਏ ਉਪਰੋਕਤ ਪ੍ਰਤੀਕ ਸਹਿਜ-ਸੁਭਾਅ ਆਏ ਹਨ ਅਤੇ ਇਨ੍ਹਾਂ ਦੇ ਪ੍ਰਯੋਗ ਦੁਆਰਾ ਬ੍ਰਹਮ ਦੇ ਸਗੁਣ ਸਰੂਪ ਨੂੰ ਅਭਿਵਿਅਕਤ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ।

(4) <u>ਬੁਧੀ-ਨਿਰਮਿਤ ਵਿਰਾਟ ਰੂਪ ਬ੍ਰਹਮ</u>

ਵੇਦਾਂਤ ਅਨੁਕੂਲ ਗੁਰੂ ਰਵਿਦਾਸ ਜੀ ਨੇ ਆਪਣੀ ਵਾਣੀ ਵਿਚ ਬ੍ਰਹਮ ਦੇ ਵਿਰਾਟ ਸਰੂਪ ਦਾ ਵਰਣਨ ਵੀ ਕੀਤਾ ਹੈ। 'ਬਟ ਕੈ ਬੀਜ ਜੈਸਾ ਆਕਾਰੁ, ਪਸਰਯੋ ਤੀਨਿ ਲੋਕ ਪਸਾਰ'[269] ਪ੍ਰਭੂ ਦੀ ਸਰਵ-ਵਿਆਪਕਤਾ ਨੂੰ ਦ੍ਰਿਸ਼ਟਮਾਨ ਕਰਦੇ ਹੋਏ ਗੁਰੂ ਜੀ ਨੇ ਬ੍ਰਹਮ ਨੂੰ ਤਿੰਨਾਂ ਲੋਕਾਂ ਵਿਚ ਪਸਰਿਆ ਹੋਇਆ ਦਰਸਾਇਆ ਹੈ। ਰਿਗਵੇਦ ਦੇ ਪੁਰਸ਼ ਸੂਕਤ ਵਿਚ ਆਉਂਦਾ ਹੈ ਕਿ ਉਸ ਦੇ ਹਜ਼ਾਰਾਂ ਮਸਤਕ ਹਨ, ਹਜ਼ਾਰਾਂ ਨੇਤਰ ਹਨ, ਹਜ਼ਾਰਾਂ ਪੈਰ ਹਨ। ਉਹ ਸਾਰੀ ਪ੍ਰਿਥਵੀ ਵਿਚ ਵਿਆਪਕ ਹੈ ਅਤੇ ਉਸ ਤੋਂ ਦਸ ਉਂਗਲ ਪਰੇ ਵੀ ਹੈ।[270] ਗੀਤਾ ਵਿਚ ਸ੍ਰੀ ਕ੍ਰਿਸ਼ਨ ਨੂੰ ਸੰਬੋਧਨ ਕਰਦੇ ਹੋਏ ਅਰਜੁਨ ਕਹਿੰਦਾ ਹੈ ਕਿ ਹੇ ਦੇਵ ! ਮੈਂ ਤੁਹਾਡੀਆਂ ਅਨੇਕ ਬਾਹਾਂ, ਅਨੇਕ ਪੇਟ, ਅਨੇਕ ਮੁੱਖ, ਅਨੇਕ ਨੇਤਰ ਅਤੇ ਅਨੰਤ ਰੂਪ ਤੁਹਾਨੂੰ ਹੀ ਦੇਖਦਾ ਹਾਂ। ਪਰ ਹੇ ਵਿਸ਼ਵ ਰੂਪ ! ਤੁਹਾਡਾ ਨਾ ਤਾਂ ਅੰਤ, ਨਾ ਮੱਧ ਅਤੇ ਨਾ ਹੀ ਆਦਿ ਮੈਨੂੰ ਦਿਖਾਈ ਦਿੰਦਾ ਹੈ।[271]

ਵਾਸਤਵ ਵਿਚ ਬ੍ਰਹਮ ਦੇ ਵਿਰਾਟ ਸਰੂਪ ਦਾ ਇਹ ਵਰਣਨ ਬੁੱਧੀ-ਨਿਰਮਿਤ ਹੀ ਹੈ। ਪ੍ਰਭੂ ਦੀ ਸਰਵ-ਵਿਆਪਕਤਾ, ਅਨੰਤ ਸਮਰਥਾ ਅਤੇ ਅਨੰਤ ਵਿਸਥਾਰ ਦੇ ਵਰਣਨ ਲਈ ਉਕਤ ਪ੍ਰਕਾਰ ਦੀ ਕਾਵਿਕ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਰਵਿਦਾਸ ਵਾਣੀ ਵਿਚ ਵੀ ਇਸ ਕਾਵਿਕ ਵਰਣਨ ਦੀ ਵਰਤੋਂ ਹੋਈ ਹੈ। ਗੁਰੂ ਜੀ ਨੇ ਬ੍ਰਹਮ ਨੂੰ ਚਾਰੇ ਦਿਸ਼ਾਵਾਂ ਵਿਚ ਵਿਆਪਕ ਚਿਤਰਿਆ ਹੈ:

ਅਗੁਨ ਸਗੁਨ ਦੋ ਸਮਕਰਿ ਜਾਨਯੋ, ਚਹੂੰ ਦਿਸ ਦਰਸਨ ਤੇਰਾ।[272]

ਗੁਰੂ ਜੀ ਨੇ ਵਿਰਾਟ ਰੂਪ ਬ੍ਰਹਮ ਨੂੰ ਸ਼ਬਦਾਂ ਦੁਆਰਾ ਉਲੀਕਣ ਦਾ ਯਤਨ ਕੀਤਾ ਹੈ, ਉਨ੍ਹਾਂ ਦਾ ਇਹ ਬ੍ਰਹਮ-ਵਰਣਨ ਵੇਦਾਂ ਤੇ ਵੇਦਾਂਤ ਅਨੁਕੂਲ ਹੈ। ਉਹ ਵਿਸ਼ਾਲ ਬ੍ਰਹਮ ਪਤਾਲ ਤੋਂ ਲੈ ਕੇ ਆਕਾਸ਼ ਤਕ ਪੂਰੇ ਬ੍ਰਹਿਮੰਡ ਵਿਚ ਸਮਾਇਆ ਹੋਇਆ ਹੈ:

ਚਰਨ ਪਤਾਰਿ ਸੀਸ ਅਸਮਾਨਾਂ, ਸੋ ਠਾਕੁਰ ਕੈਸੇ ਸੰਪਟਿ ਸਮਾਨਾ।[273]

ਵਾਸਤਵ ਵਿਚ ਤਾਂ ਗੁਰੂ ਰਵਿਦਾਸ ਜੀ ਦਾ ਬ੍ਰਹਮ ਅਕੱਥ ਹੈ, ਅਨਿਰਵਚਨੀਯ ਹੈ ਅਤੇ ਉਹ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ, ਉਸ ਨੂੰ ਵਾਣੀ ਦੁਆਰਾ ਸਾਕਾਰ ਕਰਨਾ ਅਤਿ ਕਠਿਨ ਕਾਰਜ ਹੈ। ਡਾ. ਕਾਲਾ ਸਿੰਘ ਬੇਦੀ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਨਿਰਗੁਣ ਬ੍ਰਹਮ ਅਨੰਤ ਹੈ ਅਤੇ ਉਸ ਨੂੰ ਕਥਿਆ ਨਹੀਂ ਜਾ ਸਕਦਾ, ਉਸੇ ਪ੍ਰਕਾਰ ਸਗੁਣ ਬ੍ਰਹਮ ਦਾ ਵਿਰਾਟ ਸਰੂਪ ਵੀ ਕਥਨੀ ਅਤੇ ਕਹਿਣੀ ਦੀ ਸੀਮਾਂ ਤੋਂ ਪਰੇ ਹੈ।[274] ਪ੍ਰੰਤੂ ਫਿਰ ਵੀ ਗੁਰੂ ਰਵਿਦਾਸ ਜੀ ਨੇ ਵਿਰਾਟ ਸਰੂਪ ਬ੍ਰਹਮ ਦੀ ਵਿਸ਼ਾਲਤਾ ਨੂੰ ਦਰਸਾਉਣ ਲਈ ਸਗੁਣਤਾ- ਸੂਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ। ਉਹ ਸਰਵ-ਗੁਣ ਸੰਪਨ ਹੈ, ਸਰਵੱਗ, ਸਰਵ-ਸ਼ਕਤੀਮਾਨ, ਸਰਵੇਸ਼ਵਰ, ਸਰਬੰਗੀ, ਸਰਬਗਤਿ, ਇਸ ਜਗਤ ਦਾ ਕਰਤਾ, ਹਰਤਾ ਅਤੇ ਅੰਤਰਜਾਮੀ ਹੈ:

ਸਰਵੇਸ਼ਵਰ ਸਰਬੰਗੀ ਸਰਬਗਤਿ, ਕਰਤਾ, ਹਰਤਾ ਸੋਈ।[275]

ਕਹਿ ਰਵਿਦਾਸ ਹਰਿ ਸਰਬ ਵਿਆਪਕ, ਸਰਬ ਚਯੰਤਾਮਣਿ ਸਰਬ ਪ੍ਰਤਿਪਾਲਕਾ।[276]

ਤੁਮ ਜੋ ਨਾਇਕ ਆਛਹੁ ਅੰਤਰਜਾਮੀ।[277]

(5) ਰਾਜਾ ਜਾਂ ਸੁਲਤਾਨ ਰੂਪ ਬ੍ਰਹਮ

ਮੱਧਯੁਗੀਨ ਭਾਰਤ ਵਿਚ ਰਾਜਾ ਜਾਂ ਸੁਲਤਾਨ ਅਜਿਹਾ ਸ਼ਾਸਕ ਸੀ ਜਿਸ ਕੋਲ ਅਸੀਮ ਰਾਜਨੀਤਿਕ ਸ਼ਕਤੀਆਂ ਹੁੰਦੀਆਂ ਸਨ। ਅਸੀਮ ਸ਼ਕਤੀਆਂ ਅਤੇ ਸਥਾਈ ਹਕੂਮਤ ਦੇ ਮਾਲਕ ਅਜਰ, ਅਮਰ ਅਤੇ ਅਡੋਲ ਪ੍ਰਭੂ ਲਈ ਗੁਰੂ ਰਵਿਦਾਸ ਵਾਣੀ ਵਿਚ ਰਾਜਾ ਅਤੇ ਸੁਲਤਾਨ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਬ੍ਰਹਮ ਲਈ ਸੁਲਤਾਨ ਸ਼ਬਦ ਦੀ ਕਲਪਨਾ, ਇਸਲਾਮ ਧਰਮ ਦੀ ਦੇਣ ਹੈ। ਡਾ. ਬੜਥਵਾਲ ਦਾ ਮੱਤ ਹੈ ਕਿ ਇਸਲਾਮ ਦੀ ਅੱਲ੍ਹਾ ਭਾਵਨਾ ਵਿਚ ਅੱਲ੍ਹਾ, ਇਕ ਅਧਿਪਤੀ ਸ਼ਾਹਾਂ ਦਾ ਸ਼ਾਹ ਹੈ ਜਿਸ ਦੇ ਉੱਪਰ ਕੋਈ ਸ਼ਾਸਨ ਕਰਤਾ ਨਹੀਂ, ਜਿਸ ਦੀ ਸ਼ਕਤੀ ਅਨੰਤ ਅਤੇ ਅਪਰਿਮਿਤ ਹੈ।[278] ਗੁਰੂ ਰਵਿਦਾਸ ਜੀ ਅਨੁਸਾਰ ਰਾਜਾ ਰੂਪੀ

ਪ੍ਰਭੂ ਕਿਸੇ ਦੇ ਪਿਉ ਦੀ ਜਾਗੀਰ ਨਹੀਂ ਹੈ, ਉਹ ਤਾਂ ਆਪਣੇ ਪ੍ਰੇਮੀ ਭਗਤਾਂ ਦੇ ਪ੍ਰੇਮ ਦਾ ਬੱਝਾ ਹੋਇਆ ਹੈ:

ਆਪਨ ਬਾਪੈ ਨਾਹੀ ਕਿਸੀ ਕੋ, ਭਾਵਨ ਕੋ ਹਰਿ ਰਾਜਾ।[279]

ਗੁਰੂ ਰਵਿਦਾਸ ਨੇ ਲੋਕ-ਵਿਵਹਾਰ ਦੀ ਦ੍ਰਿਸ਼ਟੀ ਤੋਂ ਬ੍ਰਹਮ ਲਈ ਰਾਜਾ ਰਾਮ ਚੰਦ ਲਫ਼ਜ਼ ਦਾ ਪ੍ਰਯੋਗ ਵੀ ਕੀਤਾ ਹੈ:

ਤੁਮ ਸਰਨਾਗਤਿ ਰਾਜਾ ਰਾਮਚੰਦ, ਕਹਿ ਰਵਿਦਾਸ ਚਮਾਰਾ।[280]

ਨਾ ਬੀਚਾਰਿਓ ਰਾਜਾ ਰਾਮ ਕੋ ਰਸੁ, ਜਿਹ ਰਸ ਅਨਰਸ ਬੀਸਰਿ ਜਾਹੀ।
।-ਰਹਾਉ।[281]

ਪਰ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਇਹ ਬ੍ਰਹਮ ਦਾ ਸੰਸਾਰੀ ਨਾਮ ਹੈ। ਉਨ੍ਹਾਂ ਦਾ ਰਾਜਾ ਰਾਮ ਚੰਦ ਦਸ਼ਰਥ ਦਾ ਪੁੱਤਰ ਰਾਮ ਨਹੀਂ ਹੈ, ਸਗੋਂ ਉਹ ਤਾਂ ਪੂਰਨ ਬ੍ਰਹਮ ਹੈ ਜੋ ਸਾਰੇ ਜੀਵਾਂ ਵਿਚ ਰਮ ਰਿਹਾ ਹੈ ਅਤੇ ਜੋ ਸਾਰੇ ਵਿਸ਼ਵ ਵਿਚ ਵਿਆਪਕ ਅਥਵਾ ਸਰਵ-ਵਿਆਪਕ ਹੈ:

ਰਵਿਦਾਸ ਹਮਾਰੋ ਰਾਮ ਜੀ, ਦਸ਼ਰਥ ਕਰਿ ਸੁਤ ਨਾਹਿੰ।
ਰਾਮ ਹਮਉਂ ਮਹਿ ਰਮਿ ਰਹਿਓ, ਬਿਸਬ ਕੁਟੰਬਹ ਮਾਹਿੰ।[282]

ਗੁਰੂ ਰਵਿਦਾਸ ਨੇ ਉਸ ਇਕੋ ਇਕ ਸਰਵ ਸਮਰੱਥ ਰਾਜਾ ਅਥਵਾ ਪਾਰਬ੍ਰਹਮ, ਪਰਮੇਸ਼ਰ ਨੂੰ ਹੀ ਸਿਮਰਨ ਤੇ ਬਲ ਦਿੱਤਾ ਹੈ ਜੋ ਸਾਰੇ ਸ਼ੰਕਿਆਂ ਨੂੰ ਨਿਵਿਰਤ ਕਰਦਾ ਹੈ। ਉਹ ਸਾਰੀ ਪ੍ਰਿਥਵੀ ਦਾ ਮਾਲਕ ਤੇ ਸ੍ਰਿਸ਼ਟੀ ਦਾ ਸੁਆਮੀ ਗੁਸਈਆਂ ਹੈ ਜੋ ਗ਼ਰੀਬਾਂ ਨੂੰ ਨਿਵਾਜਦਾ ਹੈ, ਨਿਮਾਣਿਆਂ ਨੂੰ ਮਾਣ ਬਖ਼ਸ਼ਦਾ ਅਤੇ ਉਨ੍ਹਾਂ ਦੇ ਸਿਰ ਤੇ ਸ਼ਾਹੀ ਛੱਤਰ ਝੁਲਾਉਂਦਾ ਹੈ:

ਕਹੈ ਰਵਿਦਾਸ ਸੁਮਿਰੌਂ ਬੜ ਰਾਜਾ, ਕਾਢਿ ਦਿਯੌਂ ਜਨ ਸਾਹਿਬ ਲਾਜਾ।[283]

ਗਰੀਬ ਨਿਵਾਜੁ ਗੁਸਈਆ ਮੇਰਾ, ਮਾਥੈ ਛਤ੍ਰੁ ਧਰੈ। ਰਹਾਉ।[284]

ਗੁਰੂ ਰਵਿਦਾਸ ਨੇ ਉਸ ਪਾਰਬ੍ਰਹਮ ਨੂੰ ਸੁਲਤਾਨਾਂ ਦਾ ਸੁਲਤਾਨ ਕਿਹਾ ਹੈ। ਉਸ ਦੀ ਮਿਹਰ ਤੇ ਬਖ਼ਸ਼ਿਸ਼ ਦੇ ਪਾਤਰ ਬਣ ਕੇ ਹੀ ਕੋਈ ਸੁਲਤਾਨ ਬਣਦਾ ਹੈ। ਦੁਨਿਆਵੀ

ਸਲਤਨਤ ਤਾਂ ਨਾਸ਼ਵਾਨ ਤੇ ਫ਼ਨਾਹ ਹੈ, ਪਰ ਉਸ ਬੇਗਮਪੁਰਾ ਦੇ ਵਾਸੀ ਪਰਮਾਤਮਾ ਦੀ ਪਾਤਿਸ਼ਾਹੀ ਸਦੀਵੀ, ਸਥਿਰ ਤੇ ਹਮੇਸ਼ਾ ਰਹਿਣ ਵਾਲੀ ਹੈ। ਆਪ ਲਿਖਦੇ ਹਨ:

ਯਾ ਰਾਮਾਂ ਏਕ ਤੂੰ ਦਾਨਾ, ਤੇਰਾ ਆਦਿ ਭੈਸਨੋਂ ।
ਤੂੰ ਸੁਲਿਤਾਨ ਸੁਲਿਤਾਨਾ, ਬੰਦਾ ਸਕਿਸ਼ਤਾ ਰਜਾਨਾਂ।ਟੇਕ।[285]
ਕਾਇਮ ਦਾਇਮ ਸਦਾ ਪਾਤਿਸਾਹੀ,ਦੋਮ ਨ ਸੋਮ ਏਕ ਸੋ ਆਹੀ।[286]

(6) ਲੇਖਾ ਮੰਗਣਹਾਰ ਬ੍ਰਹਮ

ਭਾਰਤੀ ਦਰਸ਼ਨ ਵਿਚ ਕਰਮ-ਸਿਧਾਂਤ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਹਰ ਜੀਵ ਨੂੰ ਕੀਤੇ ਹੋਏ ਕਰਮਾਂ ਦਾ ਫਲ ਭੋਗਣ ਲਈ ਵਾਰ-ਵਾਰ ਇਸ ਦੇਹਿ ਦਿਆਂ ਬੰਧਨਾਂ ਵਿਚ ਆਉਣਾ ਪੈਂਦਾ ਹੈ। ਸੰਤਾਂ-ਮਹਾਤਮਾਂ ਨੇ ਇਸ ਜਗਤ ਨੂੰ ਕਰਮ-ਭੂਮੀ ਕਿਹਾ ਹੈ। ਵੈਦਿਕ ਦਰਸ਼ਨ ਅਨੁਸਾਰ ਹਰ ਜੀਵ ਦੇ ਕਰਮਾਂ ਦਾ ਹਿਸਾਬ-ਕਿਤਾਬ ਰੱਖਣ ਲਈ ਪਰਮਾਤਮਾ ਨੇ ਚਿੱਤਰ ਗੁਪਤ ਦੀ ਨਿਯੁਕਤੀ ਕੀਤੀ ਹੋਈ ਹੈ ਅਤੇ ਹਰ ਜੀਵ ਦੀ ਮੌਤ ਤੋਂ ਬਾਅਦ ਉਸ ਵਲੋਂ ਕੀਤੇ ਗਏ ਕਰਮਾਂ ਅਨੁਸਾਰ ਉਸ ਨੂੰ ਫਲ ਦੀ ਪ੍ਰਾਪਤੀ ਹੁੰਦੀ ਹੈ। ਇਹੀ ਕਾਰਨ ਹੈ ਕਿ ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਗੁਰੂ ਰਵਿਦਾਸ ਜੀ ਦਾ ਬ੍ਰਹਮ ਵੀ ਜੀਵ ਵਲੋਂ ਕੀਤੇ ਕਰਮਾਂ ਦਾ ਲੇਖਾ ਮੰਗਣ ਵਾਲਾ ਹੈ। ਹਰ ਜੀਵ-ਜੰਤੂ ਕਰਮਾਂ ਦੇ ਵੱਸ ਵਿਚ ਹੈ ਅਤੇ ਕੀਤੇ ਹੋਏ ਕਰਮਾਂ ਅਨੁਸਾਰ ਹੀ ਉਸ ਨੂੰ ਫਲ ਮਿਲਣਾ ਹੈ। ਉਸ ਦੇ ਦਰਬਾਰ ਵਿਚ ਤਾਂ ਪੂਰਾ ਨਿਆਂ ਹੋਣਾ ਹੈ, ਉਸ ਅੱਗੇ ਕੋਈ ਛਲ-ਕਪਟ ਜਾਂ ਉਪਾਅ ਨਹੀਂ ਹੋ ਸਕਣਾ। ਉਥੇ ਤਾਂ 'ਕਰਮ ਅਕਰਮ ਬੀਚਾਰੀਐ'[287] ਅਤੇ 'ਕਛੁ ਨ ਚਲੈ ਉਪਾਇ' ਦਾ ਸਿਧਾਂਤ ਹੀ ਲਾਗੂ ਹੋਣਾ ਹੈ। ਗੁਰੂ ਰਵਿਦਾਸ ਲਿਖਦੇ ਹਨ:

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।[288]

ਇਸ ਲਈ ਆਪ ਜੀਵ ਨੂੰ ਚੰਗੇ ਅਤੇ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ, ਕਿਉਂ ਕਿ ਪ੍ਰਭੂ ਦੇ ਦਰਬਾਰ ਵਿਚ ਜਦੋਂ ਕਰਮਾਂ ਦਾ ਲੇਖਾ ਅਥਵਾ ਹਿਸਾਬ-ਕਿਤਾਬ ਹੋਣਾ ਹੈ ਤਾਂ ਜੋ-ਜੋ ਕਰਮ ਕੀਤੇ ਹੋਣਗੇ, ਉਹ ਹੀ ਸਾਹਮਣੇ ਪ੍ਰਗਟ ਹੋ ਜਾਣਗੇ। ਉਥੇ ਤਾਂ ਭੀੜ ਪਈ ਤੇ ਪੂਰਾ-ਪੂਰਾ ਹਿਸਾਬ-ਕਿਤਾਬ ਦੇਣਾ ਪੈਣਾ ਹੈ:

ਕਹੁ ਰਵਿਦਾਸ ਭਇਓ ਜਬ ਲੇਖੋ,ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।[289]

ਕਥਾ ਤੈਂ ਖਰਚਥਾ ਕਥਾ ਤੈਂ ਖਾਥਾ,ਚਲਿ ਦਰਿ-ਹਾਲ ਦਿਵਾਨਿ ਬੁਲਾਥਾ।
ਸਾਹਿਬ ਤੋ ਪੈ ਲੇਖਾ ਲੇਸੀ, ਭੀਰਿ ਪਰਥਾਂ ਭਰਿ ਭਰਿ ਦੇਸੀ।[290]

ਗੁਰੂ ਰਵਿਦਾਸ ਜੀ ਨੇ ਮਾਨਵ ਜੀਵਨ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਲੇਖਾ ਮੰਗਣਹਾਰ ਬ੍ਰਹਮ ਦੇ ਸਰੂਪ ਨੂੰ ਸਪਸ਼ਟ ਕੀਤਾ ਹੈ ਅਤੇ ਜੀਵ ਨੂੰ ਚੇਤੰਨ ਕੀਤਾ ਹੈ ਕਿ ਉਹ ਜੁਆਨੀ ਦੇ ਮਾਣ ਵਿਚ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਮੰਦੇ ਕਰਮ ਕਰ ਰਿਹਾ ਹੈ। ਪਰ ਲੇਖਾ ਮੰਗਣਹਾਰ ਬ੍ਰਹਮ ਨੇ ਉਸ ਤੋਂ ਉਸ ਦੇ ਹਰ ਔਗੁਣ ਅਤੇ ਮੰਦੇ ਕਰਮ ਦਾ ਹਿਸਾਬ ਲੈਣਾ ਹੈ:

ਨਾਂਵ ਨ ਲੀਥਾ ਔਗੁਣ ਕੀਥਾ,ਇਸ ਜੋਬਨ ਕੈ ਤਾਣ ਬੇ।
ਅਪਨੀ ਪਰਾਈ ਗਿਨਿ ਨ ਕਾਸੀ,ਮੰਦੇ ਕਰਮ ਕਮਾਣ ਬੇ।
ਸਾਹਿਬ ਲੇਖਾ ਲੇਸੀ,ਤੂੰ ਭਰਿ ਦੇਸੀ,ਭੀੜ ਪਰੇ ਤੁਝ ਤਾਂਹ ਬੇ।
ਜਨ ਰਵਿਦਾਸ ਕਹੈ ਬਨਿਜਾਰਿਆ,ਤੂੰ ਨਿਰਖਤ ਚਾਲਥਾ ਛਾਂਹ ਬੇ।[291]

ਗੁਰੂ ਜੀ ਮਨੁੱਖ ਨੂੰ ਵਾਰ-ਵਾਰ ਸੁਚੇਤ ਕਰਦੇ ਹਨ ਕਿ ਉਹ ਦੁਨਿਆਵੀ ਰਿਸ਼ਤੇ-ਨਾਤਿਆਂ ਦੇ ਹਉਮੈ-ਵੱਸ ਪ੍ਰਭੂ ਤੋਂ ਬੇਮੁੱਖ ਹੋ ਕੇ ਪੁੱਤਰ,ਪਤਨੀ ਅਥਵਾ ਪਰਿਵਾਰ ਦੇ ਹੰਕਾਰ ਵਿਚ ਹੀ ਫਸਿਆ ਹੋਇਆ ਹੈ ਅਥਵਾ ਪ੍ਰਭੂ-ਬੰਦਗੀ ਵਿਚ ਲੀਨ ਨਹੀਂ ਹੁੰਦਾ। ਪਰ ਉਸ ਲੇਖਾ ਮੰਗਣ ਵਾਲੇ ਪ੍ਰਭੂ ਨੇ ਉਸ ਦੁਆਰਾ ਕੀਤੇ ਕਰਮਾਂ ਦਾ ਪੂਰਾ-ਪੂਰਾ ਹਿਸਾਬ ਲੈਣਾ ਹੈ। ਆਪ ਕਹਿੰਦੇ ਹਨ:

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰ,ਠਾਕੁਰੁ ਲੇਖਾ ਮਗਨਹਾਰੁ।[292]

ਆਪਣੀ ਵਾਣੀ ਵਿਚ ਆਪਨੇ ਇਹ ਸੰਕੇਤ ਵੀ ਕੀਤਾ ਹੈ ਕਿ ਦੁਨਿਆਵੀ ਕਰਮਾਂ ਦੇ ਜੰਜਾਲ ਨੂੰ ਤਿਆਗਣ ਵਾਲੇ, ਪ੍ਰਭੂ-ਭਗਤੀ ਵਿਚ ਲੀਨ ਪ੍ਰਾਣੀਆਂ ਦਾ ਹਿਸਾਬ-ਕਿਤਾਬ ਸਮਾਪਤ ਹੋ ਜਾਂਦਾ ਹੈ। ਉਹ ਸਵੈ-ਭਰੋਸੇ ਅਤੇ ਦ੍ਰਿੜਤਾ ਨਾਲ ਇਸ ਤੱਥ ਵਲ ਸੰਕੇਤ ਕਰਦੇ ਹਨ ਕਿ ਉਨ੍ਹਾਂ ਨੇ ਪ੍ਰਭੂ-ਭਗਤੀ ਕੀਤੀ ਹੈ, ਇਸ ਲਈ 'ਉਰਵਾਰ ਪਾਰ ਕੇ ਦਾਨੀਆ' ਅਥਵਾ ਚਿਤਰਗੁਪਤ ਉਨ੍ਹਾਂ ਦੇ ਹਿਸਾਬ-ਕਿਤਾਬ ਵਿਚ ਜੋ ਚਾਹੇ ਲਿਖ ਦੇਵੇ, ਪਰੰਤੂ ਉਨ੍ਹਾਂ ਨੂੰ ਜਮਾਂ ਦਾ ਡੰਡ ਲੱਗ ਹੀ ਨਹੀਂ ਸਕਦਾ। ਆਪ ਦਾ ਫ਼ਰਮਾਨ ਹੈ:

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ।
ਮੋਹਿ ਜਮ ਡੰਡ ਨ ਲਾਗਈ ਤਜੀਲੇ ਸਰਬ ਜੰਜਾਲ।[293]

ਇਸ ਤਰ੍ਹਾਂ ਗੁਰੂ ਰਵਿਦਾਸ ਵਾਣੀ ਵਿਚ ਜੀਵ ਵਲੋਂ ਕੀਤੇ ਹੋਏ ਕਰਮਾਂ ਦਾ ਲੇਖਾ ਮੰਗਣ ਵਾਲੇ ਬ੍ਰਹਮ ਦੇ ਸਗੁਣ ਸਰੂਪ ਨੂੰ ਅੰਕਿਤ ਕੀਤਾ ਗਿਆ ਹੈ।

(7) ਮਣੀ ਰੂਪ ਬ੍ਰਹਮ

ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਨੂੰ ਮਣੀ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਡਾ. ਸਿੰਗਲ ਦਾ ਮੱਤ ਹੈ ਕਿ ਸੰਤ ਰਵਿਦਾਸ ਦੀ ਵਾਣੀ ਦੇ ਆਧਾਰ ਤੇ ਉਸ ਦੇ ਤਿੰਨ ਰੂਪ-ਪਾਰਸਮਣਿ, ਸੁਧਾਮਣਿ ਅਤੇ ਚਿੰਤਾਮਣਿ ਹਨ।[294]

(ੳ) ਪਾਰਸਮਣੀ ਰੂਪ ਬ੍ਰਹਮ

ਲੌਕਿਕ ਦ੍ਰਿਸ਼ਟੀ ਤੋਂ ਰਾਮ ਪਾਰਸਮਣੀ ਹੈ, ਉਹ ਧੰਨ-ਦੌਲਤ, ਖੁਸ਼ਹਾਲੀ, ਸੁੱਖ-ਆਰਾਮ ਅਤੇ ਰਿਧੀਆਂ ਸਿੱਧੀਆਂ ਦੇ ਦਾਤਾ ਹਨ। ਅਲੌਕਿਕ ਦ੍ਰਿਸ਼ਟੀ ਤੋਂ ਗੁਰੂ ਰੂਪੀ ਪਾਰਸ ਦੁਆਰਾ ਬ੍ਰਹਮ ਦੀ ਪ੍ਰਾਪਤੀ ਹੋ ਜਾਣ ਤੇ ਦੁਨਿਆਵੀ ਪਦਾਰਥਾਂ, ਧਨ, ਦੌਲਤ ਅਤੇ ਸੁੱਖ-ਆਰਾਮ ਦੀ ਕੋਈ ਜ਼ਰੂਰਤ ਹੀ ਨਹੀਂ ਰਹਿੰਦੀ। ਉਸ ਇਕੋ ਪਾਰਸਮਣੀ ਦੀ ਪ੍ਰਾਪਤੀ ਨਾਲ ਮੁਕਤੀ ਦੁਆਰ ਹੀ ਖੁਲ੍ਹ ਜਾਂਦਾ ਹੈ:

> ਪਾਰਸਮਾਨੋ ਤਾਂਬੋ ਛੁਏ, ਕਨਕ ਹੋਤ ਨਹੀਂ ਬਾਰ।[295]
>
> ਲੋਹ ਪਾਰਸਮਣਿ ਹਿਰਨ ਕਿਰਨ ਦਮਕਾਯ।
> ਰਵਿਦਾਸ ਰਾਮ ਪਾਰਸਮਣਿ, ਉਹੁ ਦਰਸ ਮੰਹ ਬੈਰਾਯ।[296]
>
> ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ।
> ਉਨਮਨ ਮਨ ਮਨ ਹੀ ਮਿਲੈ ਛੁਟਕਤ ਬਜਰ ਕਪਾਟ।[297]

ਇਸ ਪਾਰਸਮਣੀ ਰੂਪੀ ਰਾਮ ਦੀ ਪ੍ਰਾਪਤੀ ਨਾਲ ਸਾਰੀਆਂ ਦੁਨਿਆਵੀ ਭੁੱਖਾਂ ਖਤਮ ਹੋ ਜਾਂਦੀਆਂ ਹਨ, ਜਦੋਂ ਦੁਨਿਆਵੀ ਪਦਾਰਥ ਦੇਣ ਵਾਲਾ ਦਾਤਾ ਹੀ ਮਿਲ ਜਾਵੇ ਤਾਂ ਦਾਤਾਂ ਦੀ ਪਰਵਾਹ ਕੌਣ ਕਰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ:

> ਸੰਪਤਿ ਬਿਪਤਿ ਪਟਲ ਮਾਇਆ ਧਨੁ ।
> ਤਾ ਮਹਿ ਮਗਨ ਹੋਤ ਨ ਤੇਰੋ ਜਨੁ।[298]

(ਅ) ਸੁਧਾਮਣੀ ਰੂਪ ਬ੍ਰਹਮ

ਗੁਰੂ ਰਵਿਦਾਸ ਜੀ ਦਾ ਸੁਧਾਮਣੀ ਰੂਪ ਬ੍ਰਹਮ ਅੰਮ੍ਰਿਤ ਰਸ ਦਾ ਦਾਤਾ ਹੈ, ਉਹ ਭਗਤ-ਜਨਾਂ ਦਾ ਭੈ ਹਰਨ ਵਾਲਾ ਪਰਮਾਨੰਦ[299]ਹੈ। ਡਾ. ਕ੍ਰਿਸ਼ਨਾ ਕਲਸੀਆ ਅਨੁਸਾਰ, " ਉਹ ਆਪਣੇ ਭਗਤ ਨੂੰ ਅੰਮ੍ਰਿਤ, ਰਾਮ-ਰਸ, ਰਾਮ ਰਸਾਇਣ ਦੇ ਪਿਆਲੇ ਪਲ-ਪਲ ਛਕਾ, ਆਨੰਦ ਵਿਭੋਰ ਕਰ ਨਾਮ-ਖੁਮਾਰੀ ਪ੍ਰਦਾਨ ਕਰਦਾ ਹੈ।[300] ਇਹੋ ਜਿਹੀ ਰਾਮ-ਰਸ ਵਿਚ ਲੀਨ ਅਵਸਥਾ ਸੁਧਾਮਣੀ ਬ੍ਰਹਮ ਦੀ ਅਨੁਭੂਤੀ ਦੀ ਅਵਸਥਾ ਹੈ, ਇਸ ਹਾਲਤ ਵਿਚ ਸਾਧਕ ਨਾਮ ਦੀ ਖੁਮਾਰੀ ਵਿਚ ਬਾਉਲਾ ਹੋ ਜਾਂਦਾ ਹੈ ਅਤੇ ਉਸ ਨੂੰ ਆਪਣੇ ਆਪੇ ਦੀ ਸੁੱਧ-ਬੁੱਧ ਨਹੀਂ ਰਹਿੰਦੀ:

ਪਰੀਤਿ ਸੁਧਾ ਮਤਿ ਆਵ। ਤੇਜ ਸਰੂਪੀ ਸਕਲ ਸਿਰੋਮਣਿ, ਅਲਖ ਨਿਰੰਜਨ ਰਾਵ।[301]
ਪੀਆ ਰਾਮ ਰਸ ਪੀਆ ਰੇ ।ਟੇਕ।
ਭਰਿ ਭਰਿ ਦੇਵੈ ਸੁਰਤਿ ਕਲਾਲੀ, ਦਰਿਆ ਦਰਿਆ ਪੀਨਾ ਰੇ।
ਪੀਵਤੁ ਪੀਵਤੁ ਆਪਾ ਜਗ ਭੂਲਾ, ਹਰਿ ਰਸ ਮਾਹਿੰ ਬੌਰਾਨਾ ਰੇ।
ਦਰ ਘਰਿ ਵਿਸਰਿ ਗਯੋ ਰਵਿਦਾਸਾ, ਉਨਮਨਿ ਸਦ ਮਤਵਾਰੀ ਰੇ।
ਪਲ ਪਲ ਪ੍ਰੇਮ ਪਿਆਲਾ ਚਾਲੈ, ਛੂਟੇ ਨਾਹਿੰ ਖ਼ੁਮਾਰੀ ਰੇ।[302]

(ੲ) ਚਿੰਤਾਮਣੀ ਰੂਪ ਬ੍ਰਹਮ

ਚਿੰਤਾਮਣੀ ਰੂਪ ਵਿਚ ਬ੍ਰਹਮ ਦਿੱਵ ਰੂਪ ਹੈ, ਪ੍ਰਕਾਸ਼ਵਾਨ ਹੈ। ਡਾ. ਬੀ.ਪੀ.ਸ਼ਰਮਾ ਬ੍ਰਹਮ ਦੇ ਚਿੰਤਾਮਣੀ ਸਰੂਪ ਸੰਬੰਧੀ ਲਿਖਦੇ ਹਨ ਕਿ ਸਮਾਧੀ ਸਥਿਤੀ ਵਿਚ ਹੀ ਭਗਤ ਜਨ ਦੇ ਆਗਿਆ ਚੱਕਰ-ਬ੍ਰਹਮ ਰੰਧ੍ਰ ਵਿਚ ਉਸ ਦਾ ਦਿੱਵ ਰੂਪ ਚੱਕਰ ਆਕਾਰ ਵਿਚ ਘੁੰਮਦਾ ਰਹਿੰਦਾ ਹੈ ਅਤੇ ਯੋਗੀ 'ਰੈ ਰਾਮਾਇ ਨਮੋ' ਦੇ ਅਜਪਾ ਜਾਪ ਵਿਚ ਮਗਨ ਰਹਿੰਦਾ ਹੈ। ਇਸ ਯੋਗ ਸਥਿਤੀ ਦੇ ਤਿੰਨ ਚਰਨ ਹਨ: ਸੁਰਤਿ, ਨਿਰਤਿ ਅਤੇ ਉਨਮਨਿ। ਪਹਿਲੀ ਸਥਿਤੀ ਵਿਚ ਸਾਧਕ ਨੂੰ ਆਪਣੇ ਆਪ ਦੀ ਸੁੱਧ ਬੁੱਧ ਰਹਿੰਦੀ ਹੈ ਅਤੇ ਦੂਜੇ ਵਿਚ ਸਾਧਕ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਅਤੇ ਕੇਵਲ ਬ੍ਰਹਮ ਦੇ ਜੋਤਿ-ਸਰੂਪ ਦਾ ਆਭਾਸ ਹੁੰਦਾ ਹੈ। ਉਨਮਨਿ ਅਵਸਥਾ ਵਿਚ ਸਾਧਕ ਪਰਮਤੱਤ ਵਿਚ ਲੀਨ ਹੋ ਜਾਂਦਾ ਹੈ ਅਤੇ ਬ੍ਰਹਮ ਨਾਲ ਕੀਟ ਭ੍ਰਿੰਗੀ ਵਾਲੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ।[303]

ਅਜਿਹੇ ਚਿੰਤਾਮਣੀ ਬ੍ਰਹਮ ਦੀ ਪ੍ਰਾਪਤੀ ਨਾਲ ਜੀਵ ਬ੍ਰਹਮ ਦੇ ਦਿੱਵ ਸਰੂਪ ਦੇ ਦਰਸ਼ਨ ਕਰਦਾ ਹੈ ਜਿਸ ਸਦਕਾ ਉਸ ਦੇ ਅੰਦਰਲਾ ਹਨੇਰਾ ਪ੍ਰਕਾਸ਼ ਰੂਪ ਵਿਚ ਪਰਿਵਰਤਿਤ ਹੋ ਜਾਂਦਾ ਹੈ। ਚਿੰਤਾਮਣੀ ਬ੍ਰਹਮ ਅਮੋਲਕ ਲਾਲ, ਨੂਰਾਨੀ ਪ੍ਰਕਾਸ਼ ਹੈ ਜੋ ਆਤਮਾ ਉੱਪਰ ਪਏ ਕਾਲਖ ਤੇ ਹਨੇਰੇ ਦੇ ਗੂੜ੍ਹੇ ਪਰਦਿਆਂ ਨੂੰ ਹਟਾ ਕੇ ਨੂਰੋ-ਨੂਰ ਕਰ ਦਿੰਦਾ ਹੈ:

ਚਿੰਤਾਮਣਿ ਲਾਲ ਹਾਥੈ ਜੌ ਚਢਿਯੋ, ਹੁਵੈ ਉਜਾਸ ਤਿਮਿਰ ਨਹੀਂ ਰਹਨਾ।[304]

ਲੌਕਿਕ ਰੂਪ ਵਿਚ ਵਿਵਹਾਰਕ ਦ੍ਰਿਸ਼ਟੀ ਤੋਂ ਬ੍ਰਹਮ ਦਾ ਚਿੰਤਾਮਣੀ ਰੂਪ ਜੀਵ ਦੇ ਮਨ ਦੀ ਹਰ ਇੱਛਾ ਪੂਰੀ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਸੁੱਖਾਂ ਦਾ ਸਾਗਰ ਹੈ, ਇਸ ਦੀ ਪ੍ਰਾਪਤੀ ਨਾਲ ਸਾਧਕ ਦੀ ਤਲੀ ਤੇ ਚਾਰ ਪਦਾਰਥ ਧਰਮ, ਅਰਥ, ਕਾਮ, ਮੋਕਸ਼, ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੀ ਕਾਮਧੇਨੂ ਗਊ, ਹਰ ਪ੍ਰਕਾਰ ਦੇ ਫਲ ਦੇਣ ਵਾਲੇ ਪੰਜ ਸਵਰਗੀ ਰੁੱਖ(ਮੰਦਰ, ਪਾਰਿਜਾਤਿ, ਸੰਤਾਨ, ਕਲਪ ਤੇ ਹਰਿਚੰਦਨ), ਅਠਾਰਾਂ ਕਰਾਮਾਤੀ ਸ਼ਕਤੀਆਂ ਅਤੇ ਨੌ ਨਿੱਧੀਆਂ ਅਥਵਾ ਨੌ ਖ਼ਜ਼ਾਨੇ ਵਿਚਰ ਰਹੇ ਹੁੰਦੇ ਹਨ। ਆਪ ਲਿਖਦੇ ਹਨ:

ਸੁਖ ਸਾਗਰ ਸੁਰਤਰੁ ਚਿੰਤਾਮਨਿ, ਕਾਮਧੇਨੁ ਬਸਿ ਜਾਕੈ ।
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰਤਲ ਤਾਕੈ ।[305]

ਉਸ ਚਿੰਤਾਮਣੀ ਸਰੂਪ ਬ੍ਰਹਮ ਦੀ ਪ੍ਰਾਪਤੀ ਨਾਲ ਜੀਵ ਦੇ ਸਾਰੇ ਫਿਕਰਾਂ, ਝਗੜੇ-ਝੇੜਿਆਂ ਅਤੇ ਚਿੰਤਾਵਾਂ ਦਾ ਨਾਸ਼ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ 'ਸਰਬ ਦੁਖਾਂ ਕਾ ਅਉਖਧ ਨਾਉਂ'[306] ਕਿਹਾ ਹੈ। ਉਹ ਚਿੰਤਾਮਣੀ ਪ੍ਰਭੂ ਸਰਵ-ਵਿਆਪੀ ਅਤੇ ਸਾਰਿਆਂ ਦਾ ਪਾਲਣਹਾਰ ਹੈ। ਗੁਰੂ ਜੀ ਕਹਿੰਦੇ ਹਨ:

ਤੁਮ ਚਖੰਤਤ ਮੇਰੀ ਚਖੰਤਾ ਹੀ ਨ ਜਾਂਹੀ, ਤੁਮ ਚਖੰਤਾਮਣਿ ਹੋਹੁ ਕਿ ਨਾਹੀ।[307]

ਕਹਿ ਰਵਿਦਾਸ ਹਰਿ ਸਰਬ ਵਿਆਪਕ, ਸਰਬ ਚਖੰਤਾਮਣਿ ਸਰਬ ਪ੍ਰਤਿਪਾਲਕ।[308]

(8) ਕਿਰਪਾ-ਨਿਧੀ ਬ੍ਰਹਮ

ਰਿਗਵੇਦ ਵਿਚ ਅਦੁੱਤੀ ਬ੍ਰਹਮ ਨੂੰ ਕਲਿਆਣਕਾਰੀ ਸਖਾ-ਰੂਪ ਅਤੇ ਪਿਤਾ-ਰੂਪ ਕਿਹਾ ਗਿਆ ਹੈ।[309] ਉਹ ਸੰਤ-ਜਨਾਂ ਲਈ ਸਰਵ-ਸੁਖ ਦਾਤਾ ਤੇ ਸਰਵ ਕਾਮਨਾ ਦਾ ਪੂਰਨ ਕਰਨਹਾਰ

ਹੈ।[309] ਉਹ ਅਨੰਤ ਗਿਆਨਵਾਨ, ਅਨੰਤ ਦਾ ਇਕ ਮਾਤ੍ਰ ਸਰੂਪ, ਜਗਤ ਦੀ ਸ੍ਰਿਸ਼ਟੀ, ਸਥਿਤੀ, ਅਤੇ ਸੰਘਾਰ ਕਰਨ ਵਾਲਾ ਧਰਮ, ਅਰਥ, ਕਾਮ, ਮੋਕਸ਼ ਦੇਣ ਵਾਲਾ, ਭਗਤਾਂ ਦੀ ਰਖਿਆ ਕਰਨ ਵਾਲਾ ਦਿਆਲੂ ਈਸ਼ਵਰ ਹੈ।[310]

ਗੁਰੂ ਰਵਿਦਾਸ ਜੀ ਦਾ ਬ੍ਰਹਮ ਵੀ ਕ੍ਰਿਪਾਲੂ, ਦਿਆਲੂ ਅਤੇ ਬਖ਼ਸ਼ਿਸ਼ਾਂ ਦਾ ਭੰਡਾਰ ਹੈ। ਉਹ ਨੀਚੋਂ ਊਚ ਕਰਨ ਵਾਲਾ, ਗਰੀਬ-ਨਿਵਾਜ ਹੈ, ਜਾਕੀ ਛੋਤ ਜਗਤ ਕਉ ਲਾਗੈ, ਉਸ ਉੱਪਰ ਵੀ ਰੀਝਣ ਵਾਲਾ ਅਤੇ ਔਗੁਣ ਬਖ਼ਸ਼ਣਹਾਰ ਹੈ। ਉਹ ਕਰੁਣਾ ਦਾ ਭੰਡਾਰ, ਖ਼ਜ਼ਾਨਾ ਅਤੇ ਕਿਰਪਾ-ਨਿਧੀ ਹੈ:

ਮੈਂ ਗੁਨਹਗਾਰ ਗੁਮਰਾਹ ਗਾਫਿਲ, ਕਮਦਿਲਾ ਕਰਤਾਰ ।
ਤੂੰ ਦਯਾਲ ਦਰਿਆਵ ਦਿਲ, ਮੈਂ ਹਿਰਸਿਯਾ ਹੁਸਿਯਾਰ।[311]
ਪ੍ਰਭੂ ਜੀ ! ਤੁਮ ਔਗੁਨ ਬਕਸਨਹਾਰ ।[312]
ਕਹਿ ਰਵਿਦਾਸ ਭਜੋ ਰੇ ਕ੍ਰਿਪਾਨਿਧੀ, ਪ੍ਰਾਨ ਗਯੇ ਪਛਿਤੈਹੋ।[313]

ਉਹ ਦੀਨ-ਦੁਨੀਆਂ ਦਾ ਨਾਥ ਹੈ, ਦੁੱਖ ਹਰਨ ਵਾਲਾ ਦਿਆਲੂ, ਕਰੁਨਾਨਿੱਧੀ, ਉਪਕਾਰੀ, ਪਤਿਤ-ਪਾਵਨ ਅਤੇ ਮੁਕਤੀ ਦਾ ਦਾਤਾ ਹੈ:

ਦੀਨ ਬੰਧੂ ਕਰੁਨਾਮੈਂ ਸ੍ਵਾਮੀ ਔਗੁਨ ਚਿਤ ਨ ਧਰੈ।[314]
ਤੁਮ ਦੀਨਾ ਨਾਥ ਦਯਾਲ ਦਮੋਦਰ, ਕੌਨੇਂ ਹੇਤ ਬਿਲੰਬੈ।[315]

ਗੁਰੂ ਜੀ ਦਾ ਕਿਰਪਾ-ਨਿਧੀ ਬ੍ਰਹਮ ਭਗਤ ਰੱਖਿਅਕ ਹੈ। ਉਹ ਪ੍ਰਹਿਲਾਦ ਭਗਤ ਦੀ ਰਖਿਆ ਲਈ ਨਰਸਿੰਘ ਦਾ ਰੂਪ ਧਾਰਨ ਕਰਨ ਵਾਲਾ, ਭਰੀ ਸਭਾ ਵਿਚ ਦਰੋਪਦੀ ਦੀ ਲਾਜ ਰੱਖਣ ਵਾਲਾ ਅਤੇ ਸ਼ਰਨਾਗਤੀਆਂ ਉੱਪਰ ਮਿਹਰ ਦੀ ਬਾਰਿਸ਼ ਕਰਨ ਵਾਲਾ ਕਿਰਪਾ-ਨਿਧੀ ਹੈ:

ਤੇਰੀ ਚਰਨੀ ਸਰਨੀਂ ਪਰਉਂ ਰਾਮੁ ਰਾਜਾ, ਬਡੇ ਉਪਾਰੀ ਕ੍ਰਿਪਾਲ ਕ੍ਰਿਪਾ ਨਿਧਿ।
ਸਗਲ ਸੰਸਾਰ ਕੇ ਕਰਹਿ ਕਾਜਾ।ਟੇਕ।
- - - - - - - - - - - - - - - - - - - - - - - - -
ਕਹਿ ਰਵਿਦਾਸ ਬਿਸਵਾਸ ਮਨਿ ਏਹੋ ਹੈ, ਸਰਨਿ ਆਵੈ ਤੋਹਿ ਸੋਈ ਨਿਵਾਜਾ।[316]
ਸੋਈ ਮੁਕੰਦੁ ਮੁਕਤਿ ਕਾ ਦਾਤਾ, ਸੋਈ ਮੁਕੰਦ ਹਮਰਾ ਪਿਤ ਮਾਤਾ।
- - - - - - - - - - - - - - - - - - - - - - - - - - -

ਉਪਜਿਓ ਗਿਆਨ ਹੂਆ ਪਰਗਾਸ, ਕਰਿ ਕਿਰਪਾ ਲੀਨੇ ਕੀਟ ਦਾਸ।[317]

(9) ਗਿਆਨ-ਸਰੂਪ ਬ੍ਰਹਮ

ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਵਿਚ ਬ੍ਰਹਮ ਨੂੰ ਗਿਆਨ-ਸਰੂਪ ਮੰਨਿਆ ਗਿਆ ਹੈ। ਰਿਗਵੇਦ ਦਾ ਕਥਨ ਹੈ ਕਿ ਉਹ ਗਿਆਨ ਦਾ ਭੰਡਾਰ ਹੈ[318] ਬ੍ਰਿਹਾਦਾਰਣਯਕ ਉਪਨਿਸ਼ਦ ਅਨੁਸਾਰ ਉਹ ਸੱਤ, ਵਿਗਿਆਨ ਅਤੇ ਆਨੰਦ-ਰੂਪ ਹੈ।[319] ਅਤੇ ਤੈਤਿਰਯ ਉਪਨਿਸ਼ਦ ਵਿਚ ਬ੍ਰਹਮ ਨੂੰ ਸੱਤ, ਗਿਆਨ ਅਤੇ ਆਨੰਦ-ਸਰੂਪ ਕਿਹਾ ਗਿਆ ਹੈ।[320] ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਸਮਸਤ ਭੂਤਾਂ ਦੀ ਅੰਤਰਯਾਮੀ ਆਤਮਾ ਮੈਂ ਹਾਂ।[321] ਦ੍ਵੈਤਵਾਦ ਮੱਤ ਅਨੁਸਾਰ ਗਿਆਨ ਆਨੰਦ ਅਤੇ ਕਲਿਆਣਕਾਰੀ ਗੁਣ ਭਗਵਾਨ ਦੇ ਸਰੀਰ ਹਨ।[322]

ਗੁਰੂ ਰਵਿਦਾਸ ਵਾਣੀ ਵਿਚ ਵੀ ਬ੍ਰਹਮ ਨੂੰ ਗਿਆਨ-ਸ਼ਕਤੀ ਦਾ ਮਾਲਕ ਮੰਨਿਆ ਗਿਆ ਹੈ। ਆਪ ਦੀ ਰਚਨਾ 'ਗਯਾਨ ਗੋਸ਼ਠੀ(ਰਮੈਣੀ)' ਵਿਚ ਗੁਰੂ ਜੀ ਨੇ ਇਸ ਸੰਦਰਭ ਵਿਚ ਵਿਸਤ੍ਰਿਤ ਚਰਚਾ ਕੀਤੀ ਹੈ। ਉਨ੍ਹਾਂ ਦਾ ਮੱਤ ਹੈ ਕਿ ਗਿਆਨ-ਰੂਪ ਪ੍ਰਭੂ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ ਅਤੇ ਸ੍ਰਿਸ਼ਟੀ ਦੇ ਸਭ ਜੀਵ, ਜਲ ਅਤੇ ਥਲ ਦੇ ਪ੍ਰਾਣੀ, ਨਭ ਵਾਸੀ, ਜੋਗੀ, ਜਤੀ, ਸਤੀ, ਸੰਨਿਆਸੀ ਆਦਿ ਗਿਆਨ-ਰੂਪ ਬ੍ਰਹਮ ਦੁਆਰਾ ਹੀ ਉਤਪੰਨ ਹੋਏ ਹਨ:

ਗਯਾਨ ਰੂਪ ਜਗ ਰਹਯੋ ਸਮਾਇ, ਬਰਨਤ ਹੂੰ ਕਿਛੁ ਫੁਨਿ ਰਹਿ ਜਾਇ।[323]

ਥਾਵਰ ਜੰਗਮ ਜਲ ਨਭਵਾਸੀ, ਜੋਗੀ ਜਤੀ ਵਿਰਤਿ ਉਦਾਸੀ।
ਸਬੈ ਗਯਾਨ ਕਰਿ ਰੂਪ ਅਨੇਕਾ, ਸਮੁਝਹਿੰ ਸਬਧ ਸਗਯਾਨ ਬਸੇਕਾ।[324]

ਗੁਰੂ ਜੀ ਦਾ ਕਥਨ ਹੈ ਕਿ ਉਸ ਗਿਆਨ-ਸਰੂਪ ਪ੍ਰਭੂ ਨੇ ਹੀ ਸਵਰਗ—ਨਰਕ, ਆਕਾਸ਼-ਪਾਤਾਲ, ਜਲ-ਥਲ ਦੇ ਜੀਵਾਂ, ਵਿਸ਼ਨੂੰ, ਬ੍ਰਹਮਾ, ਰਾਮ ਵਰਗੇ ਦੇਵਤਿਆਂ ਅਤੇ ਪੁਰਸ਼ਾਂ ਦੀ ਰਚਨਾ ਕੀਤੀ ਹੈ। ਉਹ ਗਿਆਨ-ਰੂਪ ਬ੍ਰਹਮ ਸਾਰੇ ਜਗਤ ਵਿਚ ਵਿਆਪਕ ਅਤੇ ਹਰ ਜੀਵ ਵਿਚ ਵਸ ਰਿਹਾ ਹੈ:

ਸੁਰਗ ਨਰਕ ਅਕਾਸ ਪਤਾਲਾ, ਕੂਰਮ ਮੱਛ ਨਰਸਿੰਗ ਕਰਾਲਾ।
ਵਿਸਨੁ ਵਿਰੰਚਿ ਰਾਮ ਭਗਵਾਨਾ, ਗਯਾਨ ਰੂਪ ਪ੍ਰਗਟੇ ਜਗ ਨਾਨਾ।[325]

ਜਲ ਥਲ ਜੀਵ ਚਰਾਚਰ ਜੇਤੇ, ਰਾਮ ਰੂਪ ਮਾਨਿਯਹਿ ਸਭ ਤੇ ਤੇ।
ਗਯਾਨ ਰੂਪ ਬਿਆਪਤ ਜਗ ਮਾਹਿ, ਆਤਮ ਰਾਮ ਸਮੁਝਹਿ ਘਟ ਮਾਹਿ।[326]

ਇਸ ਪ੍ਰਕਾਰ ਗੁਰੂ ਜੀ ਦਾ ਬ੍ਰਹਮ ਗਿਆਨ-ਸਰੂਪ ਹੈ ਅਤੇ ਉਸ ਨੇ ਗਿਆਨ ਸ਼ਕਤੀ ਦੁਆਰਾ ਹੀ ਸਮਸਤ ਜਗਤ ਦੀ ਰਚਨਾ ਕੀਤੀ ਹੈ। ਉਹ ਘਟ ਘਟ ਵਿਚ ਸਮਾਇਆ ਹੋਇਆ ਹੈ,'ਗਯਾਨ ਜੋਤਿ ਜਗ ਮਾਹਿ ਪਰਗਾਸੀ' ਅਰਥਾਤ ਉਸ ਦੀ ਗਿਆਨ-ਜੋਤਿ ਦੁਆਰਾ ਹੀ ਇਹ ਸਾਰੀ ਸ੍ਰਿਸ਼ਟੀ ਪ੍ਰਕਾਸ਼ਵਾਨ ਹੋ ਰਹੀ ਹੈ।

ਵਾਣੀ ਵਿਚ ਬ੍ਰਹਮ ਲਈ ਪ੍ਰਯੋਗ ਕੀਤੇ ਨਾਮ

ਆਦਿ ਕਾਲ ਤੋਂ ਹੀ ਇਸ ਸ੍ਰਿਸ਼ਟੀ ਦੇ ਸਿਰਜਣਹਾਰ ਲਈ ਅਨੇਕ ਨਾਵਾਂ ਦਾ ਪ੍ਰਯੋਗ ਹੁੰਦਾ ਰਿਹਾ ਹੈ। ਪਰਮਾਤਮਾ ਅਨਾਦੀ ਹੈ ਅਤੇ ਆਤਮਾ ਦਾ ਪਰਮਾਤਮਾ ਨਾਲ ਪ੍ਰੇਮ ਵੀ ਅਨਾਦੀ ਹੈ। ਉਸ ਅਨਾਦੀ ਪਰਮਾਤਮਾ ਦੇ ਅਨੰਤ ਗੁਣਾਂ ਦੇ ਆਧਾਰ ਤੇ ਉਸ ਦੇ ਅਨੇਕਾਂ ਨਾਂ ਰੱਖੇ ਗਏ ਹਨ। ਕੇਵਲ 'ਕੁਰਾਨ ਸ਼ਰੀਫ ਵਿਚ ਉਹਦੇ 99 ਨਾਂ ਰੱਖੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪ ਸਾਹਿਬ' ਵਿਚ ਉਹਨੂੰ ਹਜ਼ਾਰ ਤੋਂ ਵੱਧ ਨਾਵਾਂ ਨਾਲ ਯਾਦ ਕੀਤਾ ਹੈ। ਪਿਛਲੇ ਵਕਤਾਂ ਵਿਚ 'ਸਹੰਸਰ ਨਾਮੇ' ਲਿਖੇ ਜਾਂਦੇ ਸਨ, ਜਿਨ੍ਹਾਂ ਵਿਚ ਹਜ਼ਾਰਾਂ ਨਾਵਾਂ ਨਾਲ ਪਰਮਾਤਮਾ ਦੀ ਉਪਮਾ ਕੀਤੀ ਜਾਂਦੀ ਸੀ।"[327]

ਗੁਰੂ ਰਵਿਦਾਸ ਉਸ ਪਰਮਸਤਿ ਨੂੰ ਕੋਈ ਨਾਮ ਨਹੀਂ ਦੇਣਾ ਚਾਹੁੰਦੇ ਕਿਉਂ ਕਿ ਉਹ ਅਨਿਰਵਚਨੀਯ, ਅਕੱਥ ਅਤੇ ਵਰਣਨ ਤੋਂ ਪਰੇ ਹੈ। ਉਹ ਉਪਮਾ ਤੋਂ ਰਹਿਤ, ਅਦੁੱਤੀ, ਵਿਲੱਖਣ ਅਤੇ ਆਪਣੇ ਵਰਗਾ ਖ਼ੁਦ ਆਪ ਹੀ ਹੈ:

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ।[328]

ਪਰੰਤੂ ਉਸ ਅਰੂਪ, ਅਨਾਮ, ਅਵਿਗਤ ਤੇ ਨਿਰੰਜਨ ਪ੍ਰਭੂ ਨੂੰ ਅਭਿਵਿਅਕਤ ਕਰਨ ਲਈ ਆਪ ਨੇ ਸਗੁਣ ਨਾਮਧਾਰੀ ਬ੍ਰਹਮ-ਵਾਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸਮਕਾਲੀਨ ਪ੍ਰਚਲਿਤ ਧਰਮਾਂ ਹਿੰਦੂ, ਮੁਸਲਮਾਨ, ਜੈਨ ਮੱਤ, ਬੁੱਧ ਮੱਤ, ਨਾਥ ਸੰਪ੍ਰਦਾਇ, ਸਿੱਧ, ਵੈਸ਼ਣਵ, ਸ਼ੈਵ ਅਤੇ ਸੰਤ ਮੱਤ ਆਦਿ ਦੁਆਰਾ ਵਰਤੀਂਦੇ ਨਾਵਾਂ ਦਾ ਪ੍ਰਯੋਗ ਬ੍ਰਹਮ ਲਈ ਕੀਤਾ ਹੈ। ਆਪ ਨੇ ਬ੍ਰਹਮ ਲਈ ਰਾਮ, ਕ੍ਰਿਸ਼ਨ,ਹਰਿ,ਰਾਘਵ, ਦੀਨ ਬੰਧੂ, ਰਘੂਨਾਥ, ਪਾਰਸਮਣੀ, ਨਰਹਰਿ, ਜਗਜੀਵਨ, ਹਜ਼ੂਰ, ਸ਼ੂਨਯ, ਸ਼ਿਵ, ਸ਼ੰਕਰ, ਓਂਕਾਰ, ਰੰਰਕਾਰ, ਅਲਖ, ਨਿਰੰਜਨ,ਕਰਤਾ, ਸਤਿ, ਸੁਲਤਾਨ, ਸਤਿਨਾਮ, ਅੰਮ੍ਰਿਤ, ਉਨਮਨ, ਅਨਹਦ ਆਦਿ ਨਾਵਾਂ ਦਾ ਪ੍ਰਯੋਗ ਕੀਤਾ ਹੈ ।

## ਗੁਰੂ ਰਵਿਦਾਸ ਜੀ ਦੇ 'ਰਾਮ'

ਵੈਸ਼ਣਵ ਮੱਤ ਵਿਚ ਪ੍ਰਭੂ ਦੇ ਸੈਂਕੜੇ ਨਾਮ ਦੱਸੇ ਗਏ ਹਨ। ਅਸੀਂ ਉੱਪਰ ਦੱਸਿਆ ਹੈ ਕਿ ਗੁਰੂ ਰਵਿਦਾਸ ਵਾਣੀ ਵਿਚ ਵੀ ਬ੍ਰਹਮ ਨੂੰ ਅਨੇਕ ਸਗੁਣ ਨਾਮਧਾਰੀ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਗਿਆ ਹੈ। ਇਸ ਆਧਾਰ ਤੇ ਹੀ ਕੁਝ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਨੂੰ ਮੂਰਤੀ ਪੂਜਕ ਵੈਸ਼ਣਵ ਭਗਤ ਸਿੱਧ ਕਰਨ ਦਾ ਯਤਨ ਕੀਤਾ ਹੈ। ਮੇਜਰ ਬ੍ਰਿਗਜ਼ ਦੀ ਪੁਸਤਕ 'ਦੀ ਚਮਾਰਜ਼' ਦੇ ਆਧਾਰ ਤੇ ਡਾ. ਬੀ.ਪੀ. ਸ਼ਰਮਾ[329] ਅਤੇ ਡਾ. ਸ਼ਿਵ ਦੱਤ ਸ਼ਰਮਾ[330] ਨੇ ਉਨ੍ਹਾਂ ਦੇ ਮੂਰਤੀ ਪੂਜਕ ਹੋਣ ਦੇ ਸੰਕੇਤ ਪ੍ਰਗਟ ਕੀਤੇ ਹਨ। ਪਰੰਤੂ ਅਸੀਂ ਉਨ੍ਹਾਂ ਦੀ ਇਸ ਧਾਰਨਾਂ ਨਾਲ ਸਹਿਮਤ ਨਹੀਂ ਹਾਂ। ਗੁਰੂ ਰਵਿਦਾਸ ਵਾਣੀ ਦੀ ਅੰਦਰਲੀ ਗਵਾਹੀ ਉਨ੍ਹਾਂ ਦੇ ਨਿਰੋਲ ਨਿਰਗੁਣ ਅਤੇ ਨਿਰਾਕਾਰ ਪਰਮਾਤਮਾ ਦੇ ਭਗਤ ਹੋਣ ਦੀ ਹਾਮੀ ਭਰਦੀ ਹੈ। ਉਨ੍ਹਾਂ ਦਾ ਬ੍ਰਹਮ ਤਾਂ ਵਿਸ਼ਾਲ ਬ੍ਰਹਮ ਹੈ ਜਿਸ ਦੀ ਭਾਲ ਵਿਚ ਸ਼ਿਵ, ਸਨਕਾਦਿਕ, ਬ੍ਰਹਮਾ ਵਰਗੇ ਦੇਵਤੇ ਵੀ ਅਜਾਈਂ ਜਨਮ ਗੁਆ ਰਹੇ ਹਨ। ਉਨ੍ਹਾਂ ਦੀਆਂ ਇਹ ਪੰਕਤੀਆਂ ਅਵਤਾਰਵਾਦ, ਅਵਤਾਰ ਪੂਜਾ ਜਾਂ ਮੂਰਤੀ ਪੂਜਾ ਦਾ ਸਪਸ਼ਟ ਖੰਡਨ ਕਰਦੀਆਂ ਹਨ:

> ਸ਼ਿਵ ਸਨਕਾਦਿਕ ਅੰਤੁ ਨ ਪਾਯਾ, ਬ੍ਰਹਮਾ ਖੋਜਤ ਜਨਮ ਗੰਵਾਯਾ।
> ਤੋੜੂੰ ਨ ਪਾਤੀ, ਪੂਜੂੰ ਨ ਦੇਵਾ, ਸਹਜ ਸਮਾਧਿ ਕਰੂੰ ਹਰਿ ਸੇਵਾ।[331]

ਗੁਰੂ ਜੀ ਅਵਤਾਰਵਾਦ ਵਿਚ ਭਰੋਸਾ ਨਹੀਂ ਰੱਖਦੇ, ਨਾ ਉਹ ਸ੍ਰੀ ਕ੍ਰਿਸ਼ਨ ਨੂੰ ਭਗਵਾਨ ਜਾਂ ਆਪਣੇ ਪ੍ਰੇਮ ਤੇ ਭਗਤੀ ਦਾ ਕੇਂਦਰ ਬਣਾਉਂਦੇ ਹਨ ਅਤੇ ਨਾ ਹੀ ਉਹ ਸ੍ਰੀ ਕ੍ਰਿਸ਼ਨ ਦੇ ਉਪਾਸ਼ਕ ਹਨ। ਵੈਸ਼ਣਵ ਭਗਤਾਂ ਵਿਚ ਹੁੰਦਿਆਂ ਵੀ ਉਨ੍ਹਾਂ ਦੀ ਸਾਰੀ ਵਾਣੀ, ਜੋ ਗੁਰੂ ਗਰੰਥ ਸਾਹਿਬ ਜਾਂ ਹੋਰ-ਦਰੇ ਉਪਲਭਧ ਹੈ, ਵਿਚ ਬ੍ਰਹਮਾ, ਵਿਸ਼ਣੂ, ਸ਼ਿਵ ਦੀ ਤ੍ਰਿਮੂਰਤੀ ਜਾਂ ਕਿਸੇ ਦੇਵਤੇ ਦਾ ਸਿਮਰਨ ਨਹੀਂ।[332] ਸ੍ਰੀ ਬੀ.ਐਨ. ਲੂਨੀਆ ਦਾ ਮੱਤ ਹੈ ਕਿ ਗੁਰੂ ਜੀ ਨੇ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕੀਤਾ, ਲੂਨੀਆਂ ਦਾ ਮੱਤ ਹੈ ਕਿ ਗੁਰੂ ਜੀ ਨੇ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕੀਤਾ, ਦੁਨੀਆਂ ਨੂੰ ਰੱਬ ਦਾ ਤਮਾਸ਼ਾ ਸਮਝਿਆ। ਉਨ੍ਹਾਂ ਦਾ ਪ੍ਰਧਾਨ ਸੰਕਲਪ ਇਹੋ ਹੀ ਸੀ ਕਿ ਪਰਮਾਤਮਾ ਸਭ ਵਿਚ ਹੈ ਅਤੇ ਸਭ ਪਰਮਾਤਮਾ ਵਿਚ ਹਨ ।[333]

ਗੁਰੂ ਰਵਿਦਾਸ ਨੇ ਬ੍ਰਹਮ ਦੇ ਅਦ੍ਵੈਤ ਰੂਪ ਨੂੰ ਸਵੀਕਾਰ ਕੀਤਾ ਹੈ ਜੋ ਅਨੇਕ ਰੂਪਾਂ ਵਿਚ ਵਿਸਤਾਰ ਪਾ ਰਿਹਾ ਹੈ। ਵਾਣੀ ਵਿਚ ਅੰਕਿਤ ਬ੍ਰਹਮ ਦੇ ਨਾਮ ਤਾਂ ਸੰਸਾਰੀ

ਨਾਮ ਹਨ। ਡਾ. ਮਨਮੋਹਨ ਸਹਿਗਲ ਅਨੁਸਾਰ, " ਪ੍ਰਭੂ ਦਾ ਨਾਮ ਜਪਣ ਲਈ ਕੋਈ ਸੰਗਿਆ (ਨਾਮ) ਉਨ੍ਹਾਂ ਨੂੰ ਸਵੀਕਾਰ ਸੀ। ਖ਼ੁਦ ਰਵਿਦਾਸ ਜੀ ਨੇ ਪ੍ਰਭੂ ਨੂੰ ਮੁਕੰਦ, ਮਾਧਵ, ਹਰਿ, ਰਾਮ, ਨਾਰਾਇਣ, ਬਿੱਠਲ, ਵਾਸੁਦੇਵ, ਕ੍ਰਿਸ਼ਨ, ਰਘੁਨਾਥ, ਠਾਕੁਰ ਆਦਿ ਨਾਵਾਂ ਨਾਲ ਪੁਕਾਰਿਆ ਹੈ। ਇਨ੍ਹਾਂ ਵਿਚੋਂ ਰਾਮ ਸੰਗਿਆ ਸਭ ਤੋਂ ਵਧੇਰੇ ਪਿਆਰੀ ਸੀ।"[334] ਡਾ. ਧਰਮ ਪਾਲ ਮੈਨੀ ਦਾ ਮੱਤ ਹੈ ਕਿ ਉਨ੍ਹਾਂ ਨੇ ਸੈਖ ਲਈ 'ਰਾਮ' ਦੇ ਨਾਮ ਨੂੰ ਬ੍ਰਹਮ ਦਾ ਨਾਮ ਮੰਨ ਲਿਆ ਹੈ।[335] ਗੁਰੂ ਜੀ ਦਾ 'ਰਾਮ' ਦਸ਼ਰਥ ਦਾ ਪੁੱਤਰ ਰਾਮ ਨਹੀਂ ਹੈ, ਉਹ ਤਾਂ ਸਰਵ-ਵਿਆਪਕ ਰਾਮ ਹੈ, ਉਹ ਨਿਰਗੁਣ, ਨਿਰਾਕਾਰ, ਉਦੈ-ਅਸਤ ਤੋਂ ਰਹਿਤ, ਅਜਰ, ਅਮਰ, ਤਰਕ ਤੋਂ ਪਰੇ, ਅਨਾਦਿ, ਅਨੰਤ, ਨਿਰਵਿਕਾਰ ਅਤੇ ਅਵਿਨਾਸ਼ੀ ਬ੍ਰਹਮ ਹੈ। ਆਪ ਦਾ ਕਥਨ ਹੈ:

> ਰਵਿਦਾਸ ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਹਿੰ।
> ਰਾਮ ਹਮਉਂ ਮਾਹਿੰ ਰਮ ਰਹਯੋ, ਬਿਸਬ ਕੁਟੰਬਹ ਮਾਹਿੰ।[336]
>
> ਨੇਤਿ ਨੇਤਿ ਜਿਹਿੰ ਵੇਦ ਵਖਾਨਹਿੰ, ਰਾਮ ਰੂਪ ਤੇਹਿ ਕਹਿਏ।
> ਕਹਿ ਰਵਿਦਾਸ ਜਉ ਵਯਾਪਹਿ ਘਟੁ ਘਟੁ, ਤਿਹਿ ਕਾਈ ਵਿਸਰਿਏ।[337]

ਗੁਰੂ ਰਵਿਦਾਸ ਨੇ ਵੈਸ਼ਣਵ ਮੱਤ ਅਨੁਸਾਰ ਬ੍ਰਹਮ ਦੇ ਸਗੁਣ ਤੇ ਨਿਰਗੁਣ ਦੋਨਾਂ ਸਰੂਪਾਂ ਨੂੰ ਸਵੀਕਾਰ ਕੀਤਾ ਹੈ। ਨਿਰਸੰਦੇਹ ਉਨਾਂ ਤੇ ਸਗੁਣ-ਚਿੰਤਨ ਦਾ ਪ੍ਰਭਾਵ ਵੀ ਸੀ, ਪਰੰਤੂ ਆਪਣੀ ਵਾਣੀ ਵਿਚ ਉਨ੍ਹਾਂ ਨੇ ਨਿਰਗੁਣ ਸਰੂਪ ਦੀ ਹੀ ਵਧੇਰੇ ਉਪਾਸਨਾ ਕੀਤੀ ਹੈ। ਡਾ. ਧਰਮਪਾਲ ਸਿੰਗਲ ਦਾ ਮੱਤ ਹੈ ਕਿ ਉਨ੍ਹਾਂ ਦੀ ਵਾਣੀ ਵਿਚ ਸਗੁਣ ਉਪਾਸਨਾ ਦੇ ਸੰਕੇਤ ਜ਼ਰੂਰ ਮਿਲਦੇ ਹਨ ਪਰ ਉਹ ਇਨ੍ਹਾਂ ਉਦਾਹਰਣਾਂ ਦਾ ਪ੍ਰਯੋਗ ਲੋਕ-ਵਿਵਹਾਰ ਦੀ ਦ੍ਰਿਸ਼ਟੀ ਤੋਂ ਹੀ ਕਰਦੇ ਹੋਏ ਦਿਸਦੇ ਹਨ। ਉਨ੍ਹਾਂ ਨੇ ਇਕ ਥਾਂ ਨਹੀਂ ਸਗੋਂ ਵਾਰ ਵਾਰ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਉਹ ਪ੍ਰਭੂ ਅਰੂਪ ਹੈ, ਅਨਾਮ ਅਤੇ ਅਜਨਮਾ ਹੈ, ਅਵਿਗਤ ਅਤੇ ਨਿਰੰਜਨ ਹੈ।[338] ਇਸ ਪ੍ਰਕਾਰ ਗੁਰੂ ਰਵਿਦਾਸ ਦਾ ਰਾਮ ਤਾਂ ਘਟ ਘਟ ਵਿਚ ਸਮਾਇਆ ਰਾਮ ਹੈ, ਉਹ ਸਗੁਣ ਰਾਮ ਹੈ, ਸੀਤਾ ਪਤੀ ਜਾਂ ਦਸ਼ਰਥ ਦਾ ਪੁੱਤਰ ਰਾਮ ਨਹੀਂ ਹੈ। ਉਨ੍ਹਾਂ ਦੀ ਵਾਣੀ ਦੇ ਕਿਸੇ ਵੀ ਪਦ ਵਿਚ ਰਾਮ ਦੇ ਅਵਤਾਰ ਧਾਰਨ ਦਾ ਜ਼ਿਕਰ ਮਾਤਰ ਨਹੀਂ ਆਇਆ। ਸੋ ਉਨ੍ਹਾਂ ਦਾ ਰਾਮ ਤਾਂ ਸਰਵ-ਵਿਆਪਕ, ਪੂਰਨ ਬ੍ਰਹਮ ਹੈ ।

## ਨਿਸ਼ਕਰਸ਼

ਬ੍ਰਹਮ ਸੰਬੰਧੀ ਉਪਰੋਕਤ ਵਿਵੇਚਨ ਦੇ ਆਧਾਰ ਤੇ ਇਹ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਵਾਣੀ ਵਿਚ ਨਿਰਗੁਣ, ਸਗੁਣ ਸਰੂਪ ਦਾ ਪ੍ਰਤਿਪਾਦਨ ਹੋਇਆ ਹੈ। ਉਨ੍ਹਾਂ ਨੇ ਬ੍ਰਹਮ ਦੇ ਵਿਅਕਤ ਅਤੇ ਅਵਿਅਕਤ ਦੋਨਾਂ ਸਰੂਪਾਂ ਦਾ ਵਰਣਨ ਕੀਤਾ ਹੈ। ਉਹ ਨਿਰਗੁਣ ਅਤੇ ਸਗੁਣ ਦੇ ਅੰਤਰ ਨੂੰ ਨਹੀਂ ਸਵੀਕਾਰਦੇ, ਉਹ ਤਾਂ ਬ੍ਰਹਮ ਦੀ ਪਰਮਾਰਥਿਕ ਅਤੇ ਵਿਵਹਾਰਕ ਸੱਤਾ ਨੂੰ ਮੰਨਦੇ ਹਨ। ਆਪਣੀ ਪਰਮਾਰਥਿਕ ਅਵਸਥਾ ਅਥਵਾ ਸਰੂਪ-ਵਿਸ਼ੇਸ਼ਤਾ ਵਿਚ ਗੁਰੂ ਰਵਿਦਾਸ ਦਾ ਬ੍ਰਹਮ ਅਨਿਰਵਚਨੀਯ ਹੈ, ਉਹ ਇੰਦਰੀ ਅਤੀਤ ਹੈ, ਅਜਰ, ਅਮਰ, ਅਡੋਲ, ਅਭੇਖ, ਅਨੰਤ, ਅਲਖ, ਅਭੇਦ, ਅਜਨਮ, ਅਨੂਪਮ, ਅਗਮ,ਅਗੋਚਰ, ਅਛਰ, ਅਤਰਕ,ਅਨਾਦੀ , ਨਿਹਚਲ, ਨਿਰਾਕਾਰ, ਨਿਰੰਜਨ, ਨਿਰਭੈ, ਨਿਰਵਿਕਾਰ, ਅਦ੍ਰਿਸ਼ਟ, ਓਂਕਾਰ, ਰਰੰਕਾਰ, ਬਿਮਲ, ਸੱਤ, ਚਿੱਤ, ਆਨੰਦ ਅਰਥਾਤ ਸਚਿਦਾਨੰਦ ਅਤੇ ਗਿਆਨ-ਸਰੂਪ ਹੈ। ਗੁਰੂ ਰਵਿਦਾਸ ਮੂਲ ਰੂਪ ਵਿਚ ਭਗਤ ਸਨ, ਇਸ ਲਈ ਉਨ੍ਹਾਂ ਨੇ ਬ੍ਰਹਮ ਦੀ ਵਿਵਹਾਰਕ ਸੱਤਾ ਨੂੰ ਵੀ ਸਵੀਕਾਰ ਕੀਤਾ ਹੈ। ਭਗਤੀ ਭਾਵਨਾ ਅਧੀਨ ਉਨ੍ਹਾਂ ਨੇ ਪ੍ਰਭੂ-ਪ੍ਰੀਤਮ ਵਿਚ ਸਵਿਸ਼ੇਸ਼ ਗੁਣਾਂ ਦਾ ਅਰੋਪ ਕਰਕੇ ਬ੍ਰਹਮ ਦੇ ਦਿੱਵ ਅਤੇ ਵਿਰਾਟ ਸਰੂਪ ਦੀ ਕਲਪਨਾ ਵੀ ਕੀਤੀ ਹੈ। ਉਹ ਸਰਵੱਗ, ਸਰਵ-ਸ਼ਕਤੀਮਾਨ, ਸਰਵ-ਉੱਤਮ, ਸਰਵ-ਵਿਆਪੀ, ਸਤਿ-ਸਰੂਪ, ਸ਼ਬਦ-ਰੂਪ, ਸਰਵ-ਚਿੰਤਾਮਣੀ, ਪਾਰਸਮਣੀ, ਕਰੁਣਾ-ਨਿਧੀ, ਕਿਰਪਾ-ਨਿਧੀ, ਮੁਕਤੀ ਦਾਤਾ, ਚਾਰ ਪਦਾਰਥ, ਨੌ ਨਿਧੀਆਂ ਤੇ ਅਠਾਰਾਂ ਸਿੱਧੀਆਂ ਦਾ ਸੁਆਮੀ, ਸ੍ਰਿਸ਼ਟੀ ਦਾ ਕਰਤਾ, ਹਰਤਾ, ਪ੍ਰਤਿਪਾਲਕ ਅਤੇ ਸੁਖ ਸਾਗਰ ਹੈ। ਬ੍ਰਹਮ ਦੇ ਉਕਤ ਨਿਰਗੁਣ ਤੇ ਸਗੁਣ ਸਰੂਪ ਨੂੰ ਵਰਣਿਤ ਕਰ ਕੇ ਵੀ ਗੁਰੂ ਜੀ ਨੇ ਉਸ ਨੂੰ 'ਅਕਥ ਕਥਾ' ਅਰਥਾਤ ਅਕਥਨੀਯ, ਵਰਣਨ ਤੋਂ ਪਰੇ ਕਿਹਾ ਹੈ, ਕਿਉਂਕਿ ਉਹ ਤਾਂ ਸਵੈ-ਅਨੁਭੂਤੀ ਦਾ ਵਿਸ਼ਾ ਹੈ। ਉਸ ਦਾ ਅਨੁਭਵ ਤਾਂ ਗੂੰਗੇ ਦੇ ਸ਼ੱਕਰ ਖਾਣ ਸਮਾਨ ਹੈ, ਉਸ ਨੂੰ ਆਖਿਆ ਜਾਂ ਉਪਮਾਇਆ ਕਿਵੇਂ ਜਾ ਸਕਦਾ ਹੈ, ਉਹ ਤਾਂ ਆਪਣੇ ਵਰਗਾ ਖ਼ੁਦ ਆਪ ਹੀ ਅਦੁੱਤੀ ਤੇ ਵਿਲੱਖਣ ਹੈ ।

## ਟਿਪਣੀਆਂ ਤੇ ਹਵਾਲੇ

### ਬ੍ਰਹਮ ਦਾ ਸੰਕਲਪ


1. ਕਬੀਰ ਸਾਹਿਤਯ ਕੀ ਪਰਖ, ਪੰਨਾ- 88.
2. ਡਾ. ਪੀਤਾਂਬਰ ਦੱਤ ਬੜਥਵਾਲ, ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ- 160.
3. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 45.
4. ਡਾ. ਪਦਮ ਗੁਰਚਰਨ ਸਿੰਘ, ਸੰਤ ਰਵਿਦਾਸ-ਵਿਚਾਰਕ ਔਰ ਕਵੀ, ਪੰਨਾ- 101.
5. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ ਪੰਜਾਬ, ਪੰਨਾ-53.
6. ਰਿਗਵੇਦ, 1/164/46.
7. ਯਜੁਰਵੇਦ, 32/5.
8. -ਉਹੀ-, 1/17/9.
9. ਮੁੰਡਕ ਉਪਨਿਸ਼ਦ, 1/6.
10. ਸ਼ਵੇਤਾਸ਼ਵਤਰ ਉਪਨਿਸ਼ਦ, 4/17.
11. ਕਠਉਪਨਿਸ਼ਦ, 1/2/16.
12. ਕੇਨਉਪਨਿਸ਼ਦ, 1/4.
13. ਬ੍ਰਿਹਦਾਰਣਯਕ ਉਪਨਿਸ਼ਦ, 2/3/6.
14. ਤੈਤਿਰਯ ਉਪਨਿਸ਼ਦ, 2/4/1.
15 ਤੋਂ 24. ਸ੍ਰੀਮਦ ਭਗਵਦ ਗੀਤਾ, 4/18, 9/8, 4/414, 18/61, 13/14-16, 11/16, 11/37, 13/14, 13/16, 2/25.
25. ਡਾ. ਰਾਮਜੀ ਲਾਲ ਸਹਾਇਕ, ਕਬੀਰ ਦਰਸ਼ਨ, ਪੰਨਾ- 121.
26. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ, ਕਰਤਿਤਵ ਅਤੇ ਚਿੰਤਨ, ਪੰਨਾ-270.
27. ਡਾ. ਕ੍ਰਿਸ਼ਨਾ ਕਲਸੀਆ, ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਪੰਨਾ- 240.
28. ਸਾਂਖ ਕਾਰਿਕਾ, ਗੌੜਪਾਦ ਭਾਸ਼, 11
29 ਤੋਂ 32. -ਉਹੀ-, 14, 64, 65, 18.
33. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 326.
34. ਯੋਗ ਸੂਤਰ, 1/25/6.
35. -ਉਹੀ-, 1/24.

36. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 326.
37. ਬ੍ਰਹਮ ਸੂਤਰ ਸ਼ੰਕਰ ਭਾਸ਼ 1/1/12, 1/1/22, 1/1/24, 1/1/28.
38. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 355.
39. ਬ੍ਰਹਮ ਸੂਤਰ, ਸ਼ੰਕਰ ਭਾਸ਼, 3/3/1, 3/3/13.
40. ਗੀਤਾ, ਸ਼ੰਕਰ ਭਾਸ਼, 13/12.
41. ਬ੍ਰਹਮ ਸੂਤਰ, ਸ਼ੰਕਰ ਭਾਸ਼, 2/1/14.
42. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 413.
43. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ- 50.
44. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 404.
45. ਏ.ਐਲ. ਸ੍ਰੀ ਵਾਸਤਵ, ਮੇਡਿਵਲ ਇੰਡੀਅਨ ਕਲਚਰ, ਪੰਨਾ- 44.
46. ਟੀ.ਐਮ.ਪੀ ਮਹਾਦੇਵਨ, ਟੈੱਨ ਸੈਂਟਸ ਆਫ਼ ਇੰਡੀਆ, ਪੰਨਾ- 161.
47. ਆਰ.ਸੀ. ਮਜੂਮਦਾਰ, ਈਵੇਲੂਏਸ਼ਨ ਆਫ਼ ਦੀ ਰਿਲੀਜਓ, ਫ਼ਿਲੋਸੋਫ਼ਿਕ ਕਲਚਰ ਇੰਨ ਇੰਡੀਆ।
48. ਡਾ. ਰਾਮਜੀ ਲਾਲ ਸਹਾਇਕ, ਕਬੀਰ ਦਰਸ਼ਨ, ਪੰਨਾ- 124.
49 ਤੇ 50. ਕੁਰਾਨ ਸ਼ਰੀਫ਼, 35/13, 3/26.
51. ਰਾਮਪੂਜਨ ਤਿਵਾਰੀ, ਸੂਫ਼ੀਮੱਤ-ਸਾਧਨਾ ਔਰ ਸਾਹਿਤਯ ,ਪੰਨਾ- 251.
52. ਪੀਤਾਂਬਰ ਦੱਤ ਬੜਥਵਾਲ(ਸੰਪਾ., ਗੋਰਖ ਬਾਨੀ, ਪੰਨਾ- 27.)
53 ਤੋਂ 58. -ਉਹੀ-, ਪੰਨਾ- 39, 46,64,228,32, ਨਾਥ ਸਿਧੋਂ ਕੀ ਬਾਨੀਆਂ; ਪੰਨਾ-109.
59. ਯੋਗ ਮਾਰਤੰਡ ਸ਼ਲੋਕ, ਪੰਨਾ- 108.
60. ਪੀਤਾਂਬਰ ਦੱਤ ਬੜਥਵਾਲ, ਗੋਰਖ ਬਾਨੀ, ਪੰਨਾ- 109.
61. ਗੋਰਖ ਉਪਨਿਸ਼ਦ, ਪੰਨਾ- 1.
62. ਪੀਤਾਂਬਰ ਦੱਤ ਬੜਥਵਾਲ (ਸੰਪਾ.) ਨਾਥ ਸਿਧੋਂ ਕੀ ਬਾਨੀਆਂ, ਪੰਨਾ- 5.
63. -ਉਹੀ, ਗੋਰਖ ਬਾਨੀ ,ਪੰਨਾ- 59.
64. -ਉਹੀ-, ਪੰਨਾ- 191.
65. ਗੁਰੂ ਗ੍ਰੰਥ ਸਾਹਿਬ, ਪੰਨਾ- 346.
66. ਡਾ. ਕ੍ਰਿਸ਼ਨਾ ਕਲਸੀਆ, ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਪੰਨਾ- 245.
67. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ,ਪੰਨਾ- 19(ਪਦ 8)
68. -ਉਹੀ-,ਪੰਨਾ- 22(ਪਦ 15)

69. ਕਠਉਪਨਿਸ਼ਦ, 1/3/15.

70. ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ- 158.

71. ਕਬੀਰ ਗ੍ਰੰਥਾਵਲੀ, ਪੰਨਾ- 90.

72. ਗੁਰੂ ਗ੍ਰੰਥ ਸਾਹਿਬ, ਪੰਨਾ- 858.

73. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 64(ਪਦ 151)

74. ਜਾ ਪਰ ਕ੍ਰਿਪਾ ਸੋਇ ਭਲ ਜਾਨੈ, ਗੂੰਗੇ ਸਾਕਰ ਕਹਾ ਬਖਾਨੈ ।

--ਬਾਣੀ ਸ੍ਰੀ ਗੁਰੂ ਰਵਿਦਾਸ, ਪੰਨਾ- 23(ਪਦ-18)

75. ਡਾ. ਧਰਮਪਾਲ ਸਿੰਗਲ,ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-22(ਪਦ 16)

76 ਤੋਂ 78. -ਉਹੀ-, ਪੰਨਾ- 49( ਪਦ 102),49(ਪਦ 104), 18(ਪਦ 4)

79. ਬ੍ਰਿਹਦਾਰਣਯਕ ਉਪਨਿਸ਼ਦ, 4/4/25.

80 ਤੋਂ 82. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-22(ਪਦ 15),65(ਪਦ 156),

ਪੰਨਾ- 33(ਪਦ-53)

83. ਡਾ. ਧਰਮਪਾਲ ਮੈਨੀ, ਗੁਰਮਤ ਸਾਹਿਤ, ਪੰਨਾ- 5.

84. ਬ੍ਰਿਹਦਾਰਣਯਕ ਉਪਨਿਸ਼ਦ, 3/8/8.

85. ਡਾ. ਤਾਰਨ ਸਿੰਘ, ਗੋਰਖ ਨਾਥ ਦੀ ਵਾਣੀ, ਮਧਕਾਲੀਨ ਪੰਜਾਬੀ ਸਾਹਿਤ,ਪੰਨਾ- 10 ਤੋਂ ਉਧ੍ਰਿਤ ।

86. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 58(ਪਦ 132)

87. ਸ਼ਵੇਤਾਸ਼ਵਤਰ ਉਪਨਿਸ਼ਦ, 3/9.

88. ਗੁਰੂ ਗ੍ਰੰਥ ਸਾਹਿਬ, ਪੰਨਾ- 658.

89. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48)

90 ਤੋਂ 94. -ਉਹੀ-, ਪੰਨਾ- 32(ਪਦ 48),ਪੰਨਾ- 53(ਪਦ 119),72(ਪਦ 182),

ਪੰਨਾ- 57(ਪਦ 128), 22(ਪਦ 16) ।

95. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ ਕੀ ਭਕਤੀ ਸਾਧਨਾ, ਪੰਨਾ- 88 ਤੋਂ ਉਧ੍ਰਿਤ ।

96. ਈਸ਼ਵਾਸ ਉਪਨਿਸ਼ਦ, ਪਦ 5.

97. ਗੁਰੂ ਗ੍ਰੰਥ ਸਾਹਿਬ, ਪੰਨਾ- 1293.

98. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48)

99. ਗੁਰੂ ਗ੍ਰੰਥ ਸਾਹਿਬ, ਪੰਨਾ- 658.

100 ਤੋਂ 104. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- ,23(ਪਦ 18),

20(ਪਦ 10), 32(ਪਦ 48), ਪੰਨਾ-26(ਪਦ 27)

105. ਗੁਰੂ ਗ੍ਰੰਥ ਸਾਹਿਬ, ਪੰਨਾ- 487.

106. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 67.

107. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 59(ਪਦ 136)

108. -ਉਹੀ, ਪੰਨਾ- 22(ਪਦ 16)

109. ਰਿਗਵੇਦ, 10/114/9.

110. -ਉਹੀ- 10/125/3.

111. ਕਠਉਪਨਿਸ਼ਦ, 1/2/16.

112. ਪਾਤੰਜਲੀ ਯੋਗਸੂਤਰ, 1/25.

113. ਬ੍ਰਹਮ ਸੂਤਰ, ਸ਼ੰਕਰਭਾਸ਼, 1/3/28.

114. ਸਬਦਹਿੰ ਤਾਲਾ ਸਬਦਹਿੰ ਕੂੰਚੀ, ਸਬਦਹਿੰ ਸਬਦ ਜਗਾਯਾ।
ਸਬਦਹਿੰ ਸਬਦ ਸੂੰ ਪਰਚਾ ਹੂਆ, ਸਬਦਹਿੰ ਸਬਦ ਸਮਾਯਾ।
-ਗੋਰਖ ਵਾਣੀ, ਪੰਨਾ- 8.

115. ਡਾ. ਗੋਬਿੰਦ ਤ੍ਰੈਗੁਣਾਇਤ, ਹਿੰਦੀ ਕੀ ਨਿਰਗੁਣ ਕਾਵਯਧਾਰਾ, ਪੰਨਾ- 418.

116. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 65(ਪਦ 157)

117 ਤੋਂ 121. -ਉਹੀ-, ਪੰਨਾ- 64(ਪਦ 152), 23(ਪਦ 18), 70(ਪਦ 174),
ਸਾਖੀ ਭਾਗ, ਪੰਨਾ-85(ਪਦ 141), ਪੰਨਾ-93(ਪਦ 262).

122. ਗੁਰੂ ਗ੍ਰੰਥ ਸਾਹਿਬ, ਪੰਨਾ- 1167.

123. ਅਥਰਵ ਵੇਦ, 13/20.

124. ਤੈਤਿਰਯ ਉਪਨਿਸ਼ਦ, 20.

125. ਮਾਂਡੂਕਯ ਉਪਨਿਸ਼ਦ, ਮੰਤ੍ਰ 1.

126. ਪਾਤੰਜਲੀ ਯੋਗ-ਸੂਤਰ, 1/27.

127. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ ਵਾਣੀ, ਪਦ-2.

128. ਸੰਤ ਜਗਬੀਰ ਸਿੰਘ, ਰਵਿਦਾਸ ਮਹਾਤਮਯ, ਪੰਨਾ-5 ਤੋਂ ਉਧ੍ਰਿਤ।

129. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 85(ਸਾਖੀ 141)

130. ਸੰਤ ਜਗਬੀਰ ਸਿੰਘ, ਰਵਿਦਾਸ ਮਹਾਤਮਯ, ਪੰਨਾ- 7-10.

131. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 24(ਪਦ 21)

132 ਤੋਂ 134. -ਉਹੀ-, ਪੰਨਾ- 41(ਪਦ78), 70(ਪਦ 174), 64(ਪਦ 152)

135. ਮੁੰਡਕ ਉਪਨਿਸ਼ਦ, 1/7/3.

136. ਪਾਤੰਜਲੀ ਯੋਗ-ਸੂਤਰ, 1/24.

137. ਤੋਂ 139. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 58(ਪਦ 132), 59(ਪਦ 135), ਪੰਨਾ-19(ਪਦ 8).

140. ਗੁਰੂ ਗ੍ਰੰਥ ਸਾਹਿਬ, ਪੰਨਾ- 525.

141. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 23(ਪਦ 18)

142. -ਉਹੀ-, ਪੰਨਾ- 20(ਪਦ 10)

143. ਮਾਧਯਮਿਕਾ ਕਾਰਿਕਾ, 1/7.

144. ਡਾ. ਰਾਮਜੀ ਲਾਲ ਸਹਾਇਕ, ਕਬੀਰ ਦਰਸ਼ਨ, ਪੰਨਾ- 137 ਤੋਂ ਉਧ੍ਰਿਤ ।

145. ਡਾ. ਪੀਤਾਂਬਰ ਦੱਤ ਬੜਥਵਾਲ(ਸੰਪਾ.) ਗੋਰਖ ਵਾਣੀ, ਪੰਨਾ- 73.

146. -ਉਹੀ-, ਨਾਥ ਸਿਧੋਂ ਕੀ ਵਾਣੀਆਂ, ਪੰਨਾ- 5.

147. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ ਵਾਣੀ, ਪਦ- 75.

148. ਤੋਂ 151. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 52(ਪਦ 114), 56(ਪਦ 126), 65(ਪਦ 156), 17(ਪਦ 2) .

152. ਸ੍ਰੀਮਦ ਭਗਵਦ ਗੀਤਾ, 9/8.

153 ਤੋਂ 156. -ਉਹੀ-, 18/61., 9/24, 10/5, 7/22.

157. ਡਾ. ਕ੍ਰਿਸ਼ਨਾ ਕਲਸੀਆ, ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਪੰਨਾ- 254.

158. ਰਿਗਵੇਦ, 1/164/46.

159. ਯਜੁਰਵੇਦ, 32/5.

160. ਤੈਤਿਰਯ ਉਪਨਿਸ਼ਦ, 18.

161. ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ- 138.

162 ਤੇ 163. ਗੁਰੂ ਗ੍ਰੰਥ ਸਾਹਿਬ, ਪੰਨਾ- 658, 1293.

164. ਤੋਂ 167. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-56(126), 81(ਸਾਖੀ 93), ਪੰਨਾ-33(ਪਦ 53), 32(ਪਦ 48) .

168. ਗੁਰੂ ਗ੍ਰੰਥ ਸਾਹਿਬ, ਪੰਨਾ- 657-58.

169 ਤੋਂ 172. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 36(ਪਦ 62), 64(ਪਦ 151), ਪੰਨਾ-63(147), 58(ਪਦ 132)

173. ਰਿਗਵੇਦ, 1/84/15.

174. ਛਾਂਦੋਗਯ ਉਪਨਿਸ਼ਦ, 8/3/4.

175. ਤੈਤਿਰਯ ਉਪਨਿਸ਼ਦ, 2/1/2.

176. ਡਾ. ਤਿਲਕ ਰਾਜ ਸ਼ੰਗਾਰੀ ਤੇ ਹੋਰ, ਨਾਮ ਸਿਧਾਂਤ, ਪੰਨਾ- 114.

177. ਡਬਲਿਯੂ.ਐਚ.ਮੈਕਲੋਡ, ਗੁਰੂ ਨਾਨਕ ਐਂਡ ਦੀ ਸਿਖ ਰਿਲੀਜਨ, ਪੰਨਾ- 196.

178. ਗੁਰੂ ਗ੍ਰੰਥ ਸਾਹਿਬ, ਪੰਨਾ- 658.

179. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 26(ਪਦ 27)

180. -ਉਹੀ-, ਪੰਨਾ- 64(ਪਦ 151)

181. ਗੁਰੂ ਗ੍ਰੰਥ ਸਾਹਿਬ, ਪੰਨਾ- 694.

182. ਥੀਓਲੋਜੀਕਲ ਕਾਨਸੇਪਟਸ ਆਫ ਸਿਖਇਜ਼ਮ, ਪੰਨਾ- 156(ਡਾ. ਸ਼ਿੰਗਾਰੀ,ਨਾਮ ਸਿਧਾਂਤ, ਦੇ ਪੰਨਾ- 124 ਤੋਂ ਉਧ੍ਰਿਤ)

183 ਤੇ 184. ਗੁਰੂ ਗ੍ਰੰਥ ਸਾਹਿਬ, ਪੰਨਾ- 694 ਤੇ 346.

185. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 19(ਪਦ 7).

186. ਰਿਗਵੇਦ, 1/115/1.

187. ਯੋਗ ਚੂੜਾਮਣੀ ਉਪਨਿਸ਼ਦ, ਸਲੋਕ 86.

188. ਸਾਂਖ ਕਾਰਿਕਾ, 64.

189. ਸ੍ਰੀ ਮਦ ਭਗਵਦ ਗੀਤਾ, 11/12.

190. ਪੀਤਾਂਬਰ ਦੱਤ ਬੜੱਥਵਾਲ, ਨਾਥ ਸਿਧੋਂ ਕੀ ਬਾਨੀਆਂ, ਪੰਨਾ- 5.

191 ਤੇ 192. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48),18(ਪਦ 5).

193. ਕਠਉਪਨਿਸ਼ਦ, 2/2/15.

194 ਤੇ 195. ਬਾਣੀ ਸ੍ਰੀ ਗੁਰੂ ਰਵਿਦਾਸ ਜੀ,ਪੰਨਾ- 28(ਪਦ 34),26(ਪਦ 27).

196. ਗੁਰੂ ਗ੍ਰੰਥ ਸਾਹਿਬ, ਪੰਨਾ- 694.

197. ਈਸ਼ਵਾਸ ਉਪਨਿਸ਼ਦ, 8.

198. ਗੁਰੂ ਗ੍ਰੰਥ ਸਾਹਿਬ, ਪੰਨਾ- 858.

199 ਤੋਂ 202. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 59(ਪਦ 136),32(ਪਦ 48), ਪੰਨਾ- 26(ਪਦ 27),22(ਪਦ 16).

203. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ, ਕਰਤਿਤਵ ਔਰ ਚਿੰਤਨ,ਪੰਨਾ-307.

204 ਤੇ 205. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-66(ਪਦ 160),20(ਪਦ 10).

206. ਸ੍ਰੀਮਦ ਭਾਗਵਤ ਪੁਰਾਣ, 3/24/31.

207. ਤੋਂ 209. ਉਹੀ- 3/9/11,9/8, 12/7,

210. ਬ੍ਰਿਹਦਾਰਣਯਕ ਉਪਨਿਸ਼ਦ, 1/4/8.

211. ਨਾਰਦ ਭਗਤੀ ਸੂਤਰ, 51.

212 ਤੋਂ 214. ਗੁਰੂ ਗ੍ਰੰਥ ਸਾਹਿਬ, ਪੰਨਾ- 486,346।486.

215. ਰਿਗਵੇਦ, 2/5/6.

216. ਗੁਰੂ ਗ੍ਰੰਥ ਸਾਹਿਬ, ਪੰਨਾ- 875.

217. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 53(ਪਦ 120)

218. ਉਹੀ-, ਪੰਨਾ- 66(ਪਦ 160)

219. ਰਿਗਵੇਦ, 8/44/23.

220. ਸ੍ਰੀਮਦ ਭਗਵਦ ਗੀਤਾ, 15/7.

221. ਗੁਰੂ ਗ੍ਰੰਥ ਸਾਹਿਬ, ਪੰਨਾ- 93.

222. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-18(ਪਦ 4)

223. ਗੁਰੂ ਗ੍ਰੰਥ ਸਾਹਿਬ, ਪੰਨਾ- 658--59.

224. ਡਾ. ਦਲੀਪ ਸਿੰਘ ਦੀਪ, ਸਾਧਨ ਮੈਂ ਰਵਿਦਾਸ ਸੰਤ, ਪੰਨਾ-94.

225 ਤੋਂ 227. ਗੁਰੂ ਗ੍ਰੰਥ ਸਾਹਿਬ, ਪੰਨਾ- 345, 93, 710.

228. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 18(ਪਦ 5).

229 ਤੋਂ 232. ਗੁਰੂ ਗ੍ਰੰਥ ਸਾਹਿਬ, ਪੰਨਾ- 659,525,1293,658.

233. ਰਿਗਵੇਦ, 1/164/46.

234. ਉਹੀ- 2/5/6.

235 ਤੋਂ 240. ਗੁਰੂ ਗ੍ਰੰਥ ਸਾਹਿਬ, ਪੰਨਾ- 658,487,658,1106,1124,858.

241. ਨਾਰਦ ਭਗਤੀ ਸੂਤਰ, 82.

242. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨ-45(ਪਦ 90.)

243. ਗੁਰੂ ਗ੍ਰੰਥ ਸਾਹਿਬ, ਪੰਨਾ- 793.

244 ਤੋਂ 246. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 59(ਪਦ 135),45(ਪਦ 90), ਪੰਨਾ- 61(ਪਦ 141).

247. ਗੁਰੂ ਗ੍ਰੰਥ ਸਾਹਿਬ, ਪੰਨਾ- 793.

248. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 73(ਪਦ 183

249. ਜਪੁਜੀ--ਇਕ ਤੁਲਨਾਤਮਿਕ ਅਧਿਐਨ, ਪੰਨਾ- 9.

250. ਪ੍ਰਸ਼ਨ ਉਪਨਿਸ਼ਦ, 6/4.

251ਤੋਂ 257. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 66(ਪਦ 157), ਪੰਨਾ-53(ਪਦ 119), ਪੰਨਾ-63(ਪਦ 147), 32(ਪਦ 48), 72(ਪਦ 182), 26(ਪਦ 27) ਪੰਨਾ-23, (ਪਦ18)

258. ਤੈਤਿਰਯ ਉਪਨਿਸ਼ਦ, 2/1/2.

259. -ਉਹੀ- 2/2/1.

260. ਸਾਹਿਤ ਵਿਵੇਚਨ, ਪੰਨਾ- 190.

261 ਤੇ 262. ਗੁਰੂ ਗ੍ਰੰਥ ਸਾਹਿਬ, ਪੰਨਾ- 486, 486.

263 ਤੇ 264. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-18(ਪਦ 5), 49(ਪਦ 102)

265. ਗੁਰੂ ਗ੍ਰੰਥ ਸਾਹਿਬ, ਪੰਨਾ- 487.

266 ਤੋਂ 269. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 59(ਪਦ 136), 37(ਪਦ 64), ਪੰਨਾ-37(ਪਦ 66), 56(ਪਦ 126).

270. ਰਿਗਵੇਦ, 1/60.

271. ਸ੍ਰੀਮਦ ਭਗਵਦ ਗੀਤਾ, 11/16.

272 ਤੇ 273. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-56(ਪਦ 160), 19(ਪਦ 8).

274. ਗੁਰੂ ਨਾਨਕ ਦਰਸ਼ਨ, ਪੰਨਾ- 127.

275 ਤੇ 276. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48), 33(ਪਦ 53).

277. ਗੁਰੂ ਗ੍ਰੰਥ ਸਾਹਿਬ, ਪੰਨਾ- 93.

278. ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ- 154.

279 ਤੋਂ 281. ਗੁਰੂ ਗ੍ਰੰਥ ਸਾਹਿਬ, ਪੰਨਾ- 658, 659, 658.

282 ਤੇ 283. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-78(ਪਦ 44), 54(ਪਦ 121).

284. ਗੁਰੂ ਗ੍ਰੰਥ ਸਾਹਿਬ, ਪੰਨਾ- 1106.

285. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-69(ਪਦ 168).

286 ਤੋਂ 289. ਗੁਰੂ ਗ੍ਰੰਥ ਸਾਹਿਬ, ਪੰਨਾ- 345, 346, 486, 1293.

290. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 34(ਪਦ 54).

291. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 55-56(ਪਦ 125).

292 ਤੇ 293. ਗੁਰੂ ਗ੍ਰੰਥ ਸਾਹਿਬ, ਪੰਨਾ- 1196, 346.

294. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 67.

295 ਤੇ 296. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-25(ਪਦ 25), 76(ਪਦ 25)

297 ਤੇ 298. ਗੁਰੂ ਗ੍ਰੰਥ ਸਾਹਿਬ, ਪੰਨਾ-346, 487.

299. ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ।

—ਗੁਰੂ ਗ੍ਰੰਥ ਸਾਹਿਬ, ਪੰਨਾ-486.

300. ਡਾ. ਕ੍ਰਿਸ਼ਨਾ ਕਲਸੀਆ, ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਪੰਨਾ-266.

301 ਤੇ 302. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-59(ਪਦ 135)57(ਪਦ 130)

303. ਸੰਤ ਰਵਿਦਾਸ ਕੀ ਭਕਤਿ ਸਾਧਨਾ, ਪੰਨਾ- 76.

304. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-70(ਪਦ 174)

305. ਤੋਂ 306. ਗੁਰੂ ਗ੍ਰੰਥ ਸਾਹਿਬ, ਪੰਨਾ- 658, 658.

307 ਤੇ 308. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-25(ਪਦ 24), 33(ਪਦ 53)

309. ਰਿਗਵੇਦ, 2/5/6.

309ੳ. ਰਿਗਵੇਦ, 2/1/3.

310. ਸ੍ਰੀਮਦ ਭਗਵਦ ਗੀਤਾ, 9/82.

311 ਤੋਂ 316. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-69(ਪਦ 168), 58(ਪਦ 133),
ਪੰਨਾ-46(ਪਦ 92), 44(86), 38(68), 49(103).

317. ਗੁਰੂ ਗ੍ਰੰਥ ਸਾਹਿਬ, ਪੰਨਾ- 875.

318. ਰਿਗਵੇਦ, 3/37/3.

319. ਬ੍ਰਿਹਦਾਰਣਯਕ ਉਪਨਿਸ਼ਦ, 8/14/1.

320. ਤੈਤਿਰਯ ਉਪਨਿਸ਼ਦ, 2/1/1.

321. ਸ੍ਰੀਮਦ ਭਗਵਦ ਗੀਤਾ, 10/20.

322. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ- 51.

323 ਤੋਂ 326. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-95(ਪਦ 5), 96(14), 96(13),
ਪੰਨਾ-96(ਪਦ 17).

327. ਉਪਦੇਸ਼ ਰਾਧਾਸੁਆਮੀ, ਬਿਆਸ, ਪੰਨਾ- 13.

328. ਗੁਰੂ ਗ੍ਰੰਥ ਸਾਹਿਬ, ਪੰਨਾ- 858.

329. ਸੰਤ ਰਵਿਦਾਸ ਕੀ ਭਕਤਿ ਸਾਧਨਾ, ਪੰਨਾ- 85-87.

330. ਭਾਰਤੀਯ ਜੀਵਨ ਦਰਸ਼ਨ ਅੋਰ ਗੁਰੂ ਰਵਿਦਾਸ, (ਅਣਛਪਿਆ ਸ਼ੋਧ ਪ੍ਰਬੰਧ )

331. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 19(ਪਦ 8)

332. ਡਾ. ਧਰਮਜੀਤ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 1986, ਪੰਨਾ- 130.

333. ਈਵੋਲਿਊਸ਼ਨ ਆਫ਼ ਇੰਡੀਅਨ ਕਲਚਰ, ਪੰਨਾ- 344.

334. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 73 ਤੋਂ ਉਧ੍ਰਿਤ।

335. -ਉਹੀ-, ਪੰਨਾ- 75 ਤੋਂ ਉਧ੍ਰਿਤ ।

336. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 78 (ਸਾਖੀ 44)

337. -ਉਹੀ-, ਪੰਨਾ- 46(ਪਦ 95)

338. ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 70.

---

# ਅਧਿਆਇ ਚੌਥਾ

## ਗੁਰੂ ਰਵਿਦਾਸ ਵਾਣੀ ਵਿਚ ਜੀਵ, ਜਗਤ ਦਾ ਸੰਕਲਪ

4.1.1. ਇਤਿਹਾਸਕ ਪਿਛੋਕੜ

ਭਾਰਤੀ ਦਰਸ਼ਨ ਵਿਚ ਜੀਵ ਨੂੰ ਆਤਮਾ ਜਾਂ ਜੀਵਾਤਮਾ ਕਿਹਾ ਗਿਆ ਹੈ। ਰਿਗਵੇਦ ਵਿਚ ਜੀਵਾਤਮਾ ਦੇ ਸਰੂਪ ਸੰਬੰਧੀ ਵਰਣਨ ਕੀਤਾ ਗਿਆ ਹੈ ਅਤੇ ਆਤਮਾ ਤੇ ਪਰਮਾਤਮਾ ਦੀ ਇਕ ਰੁੱਖ ਤੇ ਬੈਠੇ ਪ੍ਰਸਪਰ ਮਿੱਤਰ ਭਾਵ ਰੱਖਣ ਵਾਲੇ ਦੋ ਪੰਛੀਆਂ ਨਾਲ ਤੁਲਨਾ ਕੀਤੀ ਗਈ ਹੈ। ਉਨ੍ਹਾਂ ਵਿਚ ਜੀਵਾਤਮਾ ਉਸ ਰੁੱਖ ਦੇ ਫਲਾਂ ਦਾ ਉਪਭੋਗ ਕਰਤਾ ਹੈ ਅਰਥਾਤ ਜੀਵ ਸੰਸਾਰਕ ਜੀਵਨ ਭੋਗਤਾ ਹੈ ਅਤੇ ਦੂਸਰਾ ਪੰਛੀ (ਪਰਮਾਤਮਾ) ਕੇਵਲ ਦੇਖਦਾ ਰਹਿੰਦਾ ਹੈ ਅਰਥਾਤ ਸ੍ਰਿਸ਼ਟੀ ਦੇ ਕਾਰਜ-ਕਰਮਾਂ ਨੂੰ ਵਾਚਦਾ ਹੈ।[1] ਉਪਨਿਸ਼ਦਾਂ ਵਿਚ ਜੀਵਾਤਮਾ ਅਤੇ ਪਰਮਾਤਮਾ ਨੂੰ ਇੱਕ ਹੀ ਮੰਨਿਆ ਗਿਆ ਹੈ ਅਰਥਾਤ ਜੀਵ ਦੀ ਹੋਂਦ ਹੀ ਆਤਮ-ਸ਼ਕਤੀ ਕਾਰਨ ਹੈ। ਛਾਂਦੋਗਯ ਉਪਨਿਸ਼ਦ ਦਾ ਕਥਨ ਹੈ, 'ਜੀਵੇਨਾਤਮਨਾਨਭੂਤਾ' ਅਰਥਾਤ ਜੀਵ ਆਤਮਾ ਨਾਲ ਓਤਪੋਤ ਹੈ।[2] ਏਤਰੇਯ ਉਪਨਿਸ਼ਦ ਵਿਚ ਵਰਣਿਤ ਹੈ ਕਿ ਉਤਪਤ ਹੋਏ ਉਸ ਪਰਮਾਤਮਾ ਨੇ ਭੂਤਾਂ(ਸਰੀਰਾਂ) ਨੂੰ ਗ੍ਰਹਿਣ ਕੀਤਾ।[3] ਅਰਥਾਤ ਜੀਵ ਰੂਪ ਵਿਚ ਉਤਪੰਨ ਹੋਏ ਪਰਮਾਤਮਾ ਨੇ ਸਰੀਰ ਵਿਚ ਪ੍ਰਵੇਸ਼ ਕਰਕੇ ਅਭੇਦ ਭਾਵ ਨਾਲ ਭੂਤਾਂ(ਸਰੀਰਾਂ) ਨੂੰ ਗ੍ਰਹਿਣ ਕੀਤਾ। ਦੂਜੇ ਸ਼ਬਦਾਂ ਵਿਚ, ਬ੍ਰਹਮ ਭੂਤਾਂ(ਸਰੀਰਾਂ) ਵਿਚ ਬੰਧੀਜ ਕੇ ਹੀ ਜੀਵਾਤਮਾ ਅਖਵਾਉਂਦਾ ਹੈ ਅਤੇ ਜਦੋਂ ਇਸਨੂੰ ਆਪਣੀ ਅਸਲੀਅਤ ਦਾ ਬੋਧ ਹੁੰਦਾ ਹੈ ਤਾਂ ਇਹ ਦੁਬਾਰਾ ਸ਼ੁਧ ਸਰੂਪ ਹੋ ਕੇ ਉਸ ਬ੍ਰਹਮ ਦਾ ਹੀ ਰੂਪ ਹੋ ਜਾਂਦਾ ਹੈ ।

ਬ੍ਰਿਹਦਾਰਣਯਕ ਉਪਨਿਸ਼ਦ ਵਿਚ ਵੀ ਉਕਤ ਭਾਵ ਨੂੰ ਹੀ ਅੰਕਿਤ ਕੀਤਾ ਗਿਆ ਹੈ ਕਿ ਪੁਰਸ਼ ਜਨਮ ਲੈਣ ਸਮੇਂ ਸਰੀਰ ਨੂੰ ਆਤਮ ਭਾਵ ਨਾਲ ਗ੍ਰਹਿਣ ਕਰਦਾ ਹੋਇਆਂ ਪਾਪਾਂ ਨਾਲ (ਦੇਹ ਅਤੇ ਇੰਦਰੀਆਂ ਦੁਆਰਾ) ਗ੍ਰਸਿਆ ਜਾਂਦਾ ਹੈ ਅਤੇ ਮੌਤ ਸਮੇਂ ਪਾਪਾਂ ਨੂੰ ਤਿਆਗ ਦਿੰਦਾ ਹੈ।[4] ਇਸ ਕਥਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਰੀਰੀ ਆਤਮਾ ਜੀਵ ਹੈ ਅਤੇ ਅਸਰੀਰੀ ਆਤਮਾ ਬ੍ਰਹਮ। ਕਠਉਪਨਿਸ਼ਦ ਵਿਚ ਵੀ ਦੇਹਿਧਾਰੀ ਆਤਮਾ ਨੂੰ ਜੀਵਾਤਮਾ ਦੀ ਉਪਾਧੀ ਪ੍ਰਦਾਨ ਕੀਤੀ ਗਈ ਹੈ।[5] ਛਾਂਦੋਗਯ ਉਪਨਿਸ਼ਦ ਦਾ ਕਥਨ ਹੈ ਕਿ ਬ੍ਰਹਮ ਹੀ ਜੀਵ ਰੂਪ ਵਿਚ ਪ੍ਰਗਟ ਹੋਇਆ ਹੈ।[6]

ਗੀਤਾ ਵਿਚ ਜੀਵਾਤਮਾ ਅਤੇ ਪਰਮਾਤਮਾ ਵਿਚ ਅਭਿੰਨਤਾ ਪ੍ਰਤੀਪਾਦਿਤ ਕੀਤੀ ਗਈ ਹੈ। ਸ੍ਰੀ ਕ੍ਰਿਸ਼ਨ ਨੇ ਅਨੇਕ ਥਾਵਾਂ ਤੇ ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਪ੍ਰਗਟ ਕੀਤਾ ਗਿਆ ਹੈ, ਉਨ੍ਹਾਂ ਅਨੁਸਾਰ, 'ਜੀਵ ਮੇਰਾ ਅੰਸ਼ ਹੈ"[7] ਅਤੇ ਸਮਸਤ ਭੂਤਾਂ ਦਾ ਅੰਤਰਯਾਮੀ ਆਤਮਾ ਮੈਂ ਹਾਂ।"[8] ਇਹ ਆਤਮਾ ਵੀ ਪਰਮ ਆਤਮਾ ਦੀ ਤਰ੍ਹਾਂ ਅਵਿਅਕਤ, ਅਚਿੰਤ ਅਤੇ

ਨਿਰਵਿਕਾਰ ਹੈ।[9] ਅਵਿਅਕਤ ਅਤੇ ਅਕਰਤਾ ਬ੍ਰਹਮ ਹੀ ਪ੍ਰਾਣੀਆਂ ਦੇ ਹਿਰਦੇ ਵਿਚ ਜੀਵ ਰੂਪ ਵਿਚ ਨਿਵਾਸ ਕਰਦਾ ਹੈ।[10] ਆਤਮਾ ਅਮਰ ਹੈ, ਉਹ ਕਦੀ ਮਰਦੀ ਨਹੀਂ। ਜਿਸ ਤਰ੍ਹਾਂ ਮਨੁੱਖ ਪੁਰਾਣੇ ਬਸਤਰ ਤਿਆਗ ਕੇ ਨਵੇਂ ਪਹਿਨ ਲੈਂਦਾ ਹੈ, ਉਸ ਤਰ੍ਹਾਂ ਹੀ ਜੀਵਾਤਮਾ ਵੀ ਪੁਰਾਣੇ ਸਰੀਰ ਨੂੰ ਛੱਡਕੇ ਨਵੇਂ ਸਰੀਰ ਨੂੰ ਗ੍ਰਹਿਣ ਕਰ ਲੈਂਦੀ ਹੈ।[11]

ਚਾਰਵਾਕ, ਜੈਨ ਅਤੇ ਬੁੱਧ ਦਰਸ਼ਨ ਨਾਸਤਕ ਦਰਸ਼ਨ ਮੰਨੇ ਜਾਂਦੇ ਹਨ। ਚਾਰਵਾਕ ਦਰਸ਼ਨ ਅਨੁਸਾਰ ਪ੍ਰਿਥਵੀ, ਜਲ, ਪ੍ਰਕਾਸ਼(ਤੇਜ), ਹਵਾ ਆਦਿ ਚਾਰ ਪਦਾਰਥਾਂ ਦੇ ਸਮਿਸ਼ਰਣ ਨਾਲ ਸਰੀਰ ਦੀ ਰਚਨਾ ਹੁੰਦੀ ਹੈ ਅਤੇ ਇਸ ਸਰੀਰ ਤੋਂ ਇਲਾਵਾ ਆਤਮਾ ਨਾਮ ਦਾ ਦੂਸਰਾ ਹੋਰ ਕੋਈ ਪਦਾਰਥ ਹੈ ਹੀ ਨਹੀਂ।[12] ਇਸ ਦਰਸ਼ਨ ਦੇ ਕੁਛ ਲੋਕ ਇਕ ਸ਼ਰੁਤੀ ਤਥਾ ਅਨੁਭਵ ਦੇ ਆਧਾਰ ਤੇ ਇੰਦਰੀਆਂ ਨੂੰ, ਕੁਛ ਲੋਕ ਪ੍ਰਾਣਾਂ ਨੂੰ ਅਤੇ ਕੁਛ ਹੋਰ ਲੋਕ ਮਨ ਨੂੰ ਆਤਮਾ ਮੰਨਦੇ ਹਨ।[13]

ਜੈਨ ਦਰਸ਼ਨ ਵਿਚ ਜੀਵ-ਆਤਮਾ ਦਾ ਵਾਚਕ ਹੈ। ਇਸ ਦੇ ਦੋ ਰੂਪ ਮੰਨੇ ਗਏ ਹਨ: ਸੰਸਾਰੀ ਅਤੇ ਮੁਕਤ ਮੰਸਾਰੀ ਜੀਵ। ਚੇਤਨ ਆਤਮਾ ਜੀਵ ਹੈ, ਚੇਤਨਤਾ ਜੀਵ ਦਾ ਲੱਛਣ ਹੈ। ਜੀਵ ਹੀ ਵਸਤੂਆਂ ਨੂੰ ਜਾਣਦਾ ਹੈ, ਕਰਮਾਂ ਦਾ ਸੰਪਾਦਨ ਕਰਦਾ ਹੈ, ਸੁੱਖ ਨੂੰ ਭੋਗਦਾ ਅਤੇ ਦੁੱਖਾਂ ਨੂੰ ਸਹਿੰਦਾ ਹੈ। "ਉਹ ਦੀਪਕ ਦੇ ਪ੍ਰਕਾਸ਼ ਵਾਂਗ ਆਪਣੇ ਸਰੀਰ ਨੂੰ ਪ੍ਰਕਾਸ਼ਮਾਨ ਕਰਦਾ ਹੈ।[14] ਇਸ ਮੱਤ ਅਨੁਸਾਰ, "ਜੋ ਆਤਮਾ ਹੈ ਉਹੀ ਵਿਗਿਆਤਾ ਹੈ, ਜੋ ਵਿਗਿਆਤਾ ਹੈ ਉਹੀ ਆਤਮਾ ਹੈ। ਅਰਥਾਤ ਜਿਸ ਤੋਂ ਜਾਣਿਆ ਜਾਂਦਾ ਹੈ, ਉਹ ਆਤਮਾ ਹੈ, ਜਾਨਣ ਦੀ ਸ਼ਕਤੀ ਤੋਂ ਆਤਮਾ ਦੀ ਪ੍ਰਤੀਤ ਹੁੰਦੀ ਹੈ।"[15] ਆਤਮਾ ਸ਼ਬਦ, ਰੂਪ, ਗੰਧ, ਸਪਰਸ਼-ਰਹਿਤ ਹੈ, ਨਾ ਉਹ ਇਸਤਰੀ ਹੈ ਨਾ ਪੁਰਸ਼ ਅਤੇ ਨਾ ਨਿਪੁੰਸਕ, ਨਾ ਦੀਰਘ, ਨਾ ਹ੍ਰਸਵ, ਨਾ ਗੋਲਾਕਾਰ, ਨਾ ਤਿਕੋਣ, ਨਾ ਚੋਰਸ, ਨਾ ਮੰਡਲਾਕਾਰ ਹੈ, ਉਹ ਤਾਂ ਅਰੂਪੀ ਸੱਤਾ ਹੈ, ਅਵਾਚਯ ਹੈ, ਵਰਣਨ ਤੋਂ ਪਰ੍ਹੇ ਹੈ।[16]

ਬੁੱਧ ਦਰਸ਼ਨ ਵਿਚ ਆਤਮਾ ਦੇ ਅਸਤਿੱਤਵ ਦੇ ਸਿਧਾਂਤ ਨੂੰ ਅਸਵੀਕਾਰ ਕੀਤਾ ਗਿਆ ਹੈ। ਮਹਾਤਮਾ ਬੁੱਧ ਨੇ ਸਪੱਸ਼ਟ ਕਿਹਾ ਕਿ ਆਤਮਾ ਨਹੀਂ ਹੈ।[17] ਜੋ ਚੀਜ਼ ਵਾਸਤਵ ਵਿਚ ਹੈ, ਉਹ ਮਨ ਜਾਂ ਚਿੱਤ ਹੈ, ਆਤਮਾ ਨਹੀਂ ਹੈ। ਮਨ ਆਤਮਾ ਤੋਂ ਭਿੰਨ ਹੈ। ਮਹਾਤਮਾ ਬੁੱਧ ਅਨੁਸਾਰ ਹਰ ਪ੍ਰਾਣੀ ਕੁਛ ਭੌਤਿਕ ਅਤੇ ਮਾਨਸਿਕ ਤੱਤਾਂ ਦੇ ਸਮਿਸ਼ਰਣ ਦਾ ਪਰਿਵਾਰ

ਹੈ।[18] ਆਤਮਾ ਦੇ ਸਬੰਧ ਵਿਚ ਤਥਾਗਤ ਦਾ ਮੱਤ ਅਨਾਤਮਵਾਦ ਕਹਿਲਾਉਂਦਾ ਹੈ।[19] ਬੁੱਧ ਦਰਸ਼ਨ ਅਨੁਸਾਰ ਚਿੱਤ ਹੀ ਇਕ ਮਾਤਰ ਸੱਤਾ ਹੈ, ਇਸ ਵਿਚ ਅਨੰਤ ਵਿਗਿਆਨਾਂ ਦਾ ਉਦੈ ਹੁੰਦਾ ਹੈ ਅਤੇ ਇਹ ਵਿਗਿਆਨ ਸਵੈ-ਪ੍ਰਕਾਸ਼ਿਤ ਹਨ। ਆਪਣੇ ਕੀਤੇ ਕਰਮਾਂ ਅਧੀਨ ਹਰ ਜੀਵ ਦੁੱਖ ਤੇ ਸੁੱਖ ਭੋਗਦਾ ਹੈ।

ਨਿਆਂ ਅਤੇ ਵੈਸ਼ੇਸ਼ਿਕ ਦਰਸ਼ਨ ਵਿਚ ਆਤਮਾ ਨੂੰ ਦ੍ਰਿਸ਼ਟਾ, ਸਰਵਗਯ, ਨਿਤਯ ਅਤੇ ਸਰਵ ਵਿਆਪਕ ਮੰਨਿਆ ਗਿਆ ਹੈ,[20] ਪਰੰਤੂ ਇਨ੍ਹਾਂ ਅਨੁਸਾਰ ਹਰੇਕ ਸਰੀਰ ਵਿਚ ਭਿੰਨ-ਭਿੰਨ ਜੀਵਾਤਮਾ ਹੈ। ਇਹ ਆਤਮਾ-ਪਰਮਾਤਮਾ ਦੇ ਸੰਬੰਧਾਂ ਨੂੰ ਅੰਸ਼-ਅੰਸ਼ੀ ਰੂਪ ਵਿਚ ਸਵੀਕਾਰ ਨਹੀਂ ਕਰਦੇ। ਆਤਮਾ ਨਿਰਾਕਾਰ, ਸਪਰਸ਼ ਰਹਿਤ, ਗੁਣ ਰਹਿਤ, ਗਿਆਨ ਅਤੇ ਚੇਤਨ ਦੀ ਅਮੂਰਤ ਰੂਪ ਹੈ। ਇਹ ਆਪਣੇ ਖੇਤਰ ਵਿਚ ਨਿਰਪੇਖ ਹੈ ਅਤੇ ਕਰਮਾਂ ਦੇ ਸੰਸਕਾਰ ਕਾਰਨ ਇਕ ਸਰੀਰ ਤੋਂ ਦੂਸਰੇ ਵਿਚ ਪ੍ਰਵੇਸ਼ ਕਰਦੀ ਹੈ।

ਮੀਮਾਂਸਾ ਦਰਸ਼ਨ ਅਨੁਸਾਰ ਜੀਵਾਤਮਾ ਦੀ ਸੱਤਾ ਸਰੀਰ ਅਤੇ ਇੰਦਰੀਆਂ ਆਦਿ ਤੋਂ ਭਿੰਨ ਹੈ। ਜੀਵਾਤਮਾ ਨਿਤਯ, ਕਰਤਾ, ਭੋਗਤਾ, ਸ਼ੁੱਧ ਗਿਆਨ-ਸਰੂਪ ਅਤੇ ਅਵਿਨਾਸ਼ੀ ਤੱਤ ਹੈ ਜੋ ਸ੍ਰਿਸ਼ਟੀ ਵਿਚ ਵਾਸਤਵਿਕ ਸ਼ਰੀਰ ਦੇ ਨਾਲ ਸੰਯੁਕਤ ਰੂਪ ਵਿਚ ਰਹਿੰਦਾ ਹੈ। ਇਸ ਵਿਚ ਆਤਮਾ ਦੀ ਸੰਖਿਆ ਵੀ ਅਨੇਕ ਦੱਸੀ ਗਈ ਹੈ। ਮੀਮਾਂਸਾ ਦਰਸ਼ਨ ਅਨੁਸਾਰ, "ਜਿੰਨੇ ਜੀਵ ਹਨ, ਉੱਨੀਆਂ ਹੀ ਆਤਮਾਵਾਂ ਹਨ। ਹਰ ਜੀਵ ਵਿਚ ਭਿੰਨ-ਭਿੰਨ ਆਤਮਾ ਹੈ।"[21]

ਯੋਗ ਦਰਸ਼ਨ ਅਨੁਸਾਰ ਆਤਮਾ ਸ਼ੁੱਧ, ਬੁੱਧ ਅਤੇ ਮੁਕਤ ਤੱਤ ਹੈ ਅਰਥਾਤ ਸ਼ੁੱਧ ਚੇਤਨ ਸਰੂਪ ਹੈ, ਪਰੰਤੂ ਸਰੀਰਕ ਬੰਧਨਾਂ ਅਤੇ ਮਾਨਸਿਕ ਵਿਕਾਰਾਂ ਦੇ ਅੰਤਰਗਤ ਇਹ ਅਗਿਆਨਤਾ ਦੇ ਵੱਸ ਪੈ ਕੇ ਚਿੱਤ ਨਾਲ ਆਪਣਾ ਨਾਤਾ ਜੋੜ ਲੈਂਦੀ ਹੈ। ਇਸ ਦੇ ਫਲ-ਰੂਪ ਜੀਵਾਤਮਾ ਮਨ, ਮਾਇਆ ਦੇ ਭਰਮ-ਜਾਲ ਅਤੇ ਤ੍ਰਿਸ਼ਨਾਂ ਵਿਚ ਫਸ ਕੇ ਚਿੱਤ-ਬਿਰਤੀਆਂ ਦੇ ਪ੍ਰਭਾਵ ਅਧੀਨ ਦੁੱਖਾਂ ਦਾ ਸਾਹਮਣਾ ਕਰਦੀ ਹੈ। ਇਸ ਪ੍ਰਕਾਰ ਇਸ ਦੇ ਸੰਸਾਰਿਕ ਦੁੱਖ, ਕਲੇਸ਼ ਦਾ ਕਾਰਨ ਜੀਵ ਅਤੇ ਪ੍ਰਕ੍ਰਿਤੀ ਦਾ ਸੰਜੋਗ ਹੈ। ਇਸ ਸੰਜੋਗ ਦਾ ਕਾਰਨ ਅਵਿਦਿਆ ਹੈ । ਮਹਾਂਰਿਸ਼ੀ ਪਾਤੰਜਲੀ ਅਨੁਸਾਰ ਚਿੱਤਵ੍ਰਿਤੀ-ਨਿਰੋਧ ਨਾਲ ਜੀਵਾਤਮਾ(ਦ੍ਰਿਸ਼ਟਾ) ਆਪਣੇ ਰੂਪ ਵਿਚ ਸਥਿਤ ਹੋ ਜਾਂਦੀ ਹੈ।[22] ਯੋਗ ਦਾ ਪ੍ਰਮੁੱਖ ਤੇ ਪ੍ਰਬਲ ਉਦੇਸ਼ ਹੀ 'ਯੋਗਸ਼ਚਿਤਵ੍ਰਿਤੀਨਿਰੋਧ' ਹੈ ਅਰਥਾਤ ਚਿੱਤ ਅਤੇ ਅੰਤਹਕਰਣ (ਮਨ, ਬੁੱਧੀ ਅਤੇ ਹੰਕਾਰ) ਦੀਆਂ ਬਿਰਤੀਆਂ ਨੂੰ ਰੋਕਣਾ ਹੈ।

ਸਾਂਖ ਦਰਸ਼ਨ ਵਿਚ 'ਪੁਰਸ਼' ਆਤਮਾ ਦੇ ਪਰਿਆਇ ਦੇ ਰੂਪ ਵਿਚ ਵਰਤਿਆ ਗਿਆ ਹੈ। ਇਸ ਦਰਸ਼ਨ ਅਨੁਸਾਰ ਪੁਰਸ਼ ਦਾ ਅਸਤਿਤੱਵ ਖੁਦ ਸਿੱਧ ਹੈ, "ਮੈਂ, ਮੇਰੀ'ਸ਼ਬਦ

ਆਤਮਾ ਦਾ ਪਰਿਚੈ ਹੀ ਦਿੰਦੇ ਹਨ। ਇਹ ਆਤਮਾ ਸਰੀਰ, ਮਨ ਅਤੇ ਬੁੱਧੀ ਤੋਂ ਭਿੰਨ ਹੈ, ਇਹ ਸ਼ੁੱਧ, ਚੇਤਨ, ਸਰੂਪ ਹੈ ।

ਆਚਾਰੀਆ ਸ਼ੰਕਰ ਦੇ ਅਦ੍ਵੈਤਵਾਦ ਅਨੁਸਾਰ ਆਤਮਾ ਹੀ ਜੀਵ ਹੈ ਅਤੇ ਜੀਵ ਹੀ ਬ੍ਰਹਮ ਦਾ ਅੰਸ਼ ਹੈ। ਜੀਵਾਤਮਾ ਬ੍ਰਹਮ ਦੀ ਛਾਇਆ ਹੈ, ਇਹ ਜਲ ਵਿਚ ਸੂਰਜ ਦੇ ਪ੍ਰਤੀਬਿੰਬ ਦੇ ਸਮਾਨ ਹੈ।[23] ਆਤਮਾ ਨਿਤਯ, ਨਿਰਾਕਾਰ, ਸਤਿ, ਗਿਆਨ, ਅਮਰ ਅਤੇ ਚੇਤੰਨ ਸਰੂਪ ਹੈ। ਜੀਵਾਤਮਾ ਅਤੇ ਬ੍ਰਹਮ ਵਿਚ ਚੇਤੰਨਤਾ ਦੀ ਦ੍ਰਿਸ਼ਟੀ ਤੋਂ ਸਮਾਨਤਾ ਹੈ। ਸ਼ੰਕਰ ਅਨੁਸਾਰ ਜੀਵ ਅਤੇ ਬ੍ਰਹਮ ਵਿਚ ਅਗਨੀ ਅਤੇ ਉਸ ਦੀਆਂ ਚਿੰਗਾੜੀਆਂ ਸਮਾਨ ਭੇਦ ਹੈ। ਦੋਹਾਂ ਦੀ ਭਿੰਨਤਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੇ ਤਾਤਵਿਕ ਗੁਣ ਵਿਚ ਅਭਿੰਨਤਾ ਹੈ।[24] ਜਿਸ ਤਰ੍ਹਾਂ ਸਾਲਗਰਾਮ ਵਿਚ ਵਿਸ਼ਨੂੰ ਸਮਾਏ ਹੋਏ ਹਨ, ਉਸੇ ਤਰ੍ਹਾਂ ਜੀਵ-ਪੁਰ ਵਿਚ ਬ੍ਰਹਮ ਸਮਾਇਆ ਹੋਇਆ ਹੈ।[25] ਅਵਿਦਿਆ ਦੁਆਰਾ ਜੀਵ ਅਤੇ ਬ੍ਰਹਮ ਵਿਚ ਭੇਦ ਉਤਪੰਨ ਹੁੰਦਾ ਹੈ ਅਤੇ ਅਵਿਦਿਆ ਦੇ ਨਾਸ਼ ਨਾਲ ਜੀਵ ਅਵਿਨਾਸ਼ੀ ਪਰਮਾਤਮਾ ਦੇ ਨਾਲ ਏਕਤਾ ਪ੍ਰਾਪਤ ਕਰ ਲੈਂਦਾ ਹੈ।[26] ਇਸ ਤਰ੍ਹਾਂ ਸ਼ੰਕਰ ਦੇ ਅਦ੍ਵੈਤਵਾਦ ਵਿਚ ਜੀਵ ਅਤੇ ਬ੍ਰਹਮ ਦੇ ਅਦ੍ਵੈਤਵਾਦੀ ਸਰੂਪ ਨੂੰ ਸਵੀਕਾਰਿਆ ਗਿਆ ਹੈ।

ਰਾਮਾਨੁਜਾਚਾਰੀਆ ਦੇ ਵਿਸ਼ਿਸ਼ਟ ਅਦ੍ਵੈਤਵਾਦ ਅਨੁਸਾਰ ਜੀਵ ਅਤੇ ਬ੍ਰਹਮ ਦੋਨੋਂ ਇਕ ਨਹੀਂ ਹਨ, ਜੀਵ ਬ੍ਰਹਮ ਦਾ ਅੰਸ਼ ਹੈ, ਉਹ ਨਿਤਯ ਅਤੇ ਸੁਤੰਤਰ ਹੋ ਕੇ ਵੀ ਈਸ਼ਵਰ ਦੇ ਅਧੀਨ ਹੈ। ਜਿਸ ਤਰ੍ਹਾਂ ਸਰੀਰ ਦੀ ਹੋਂਦ ਆਤਮਾ ਤੇ ਆਧਾਰਿਤ ਹੈ, ਉਸੇ ਤਰ੍ਹਾਂ ਜੀਵ ਦਾ ਅਸਤਿਤੱਵ ਈਸ਼ਵਰ ਤੇ ਨਿਰਭਰ ਹੈ ਅਤੇ ਉਹੀ ਇਸਨੂੰ ਕਾਰਜ ਵਿਚ ਲਾਉਂਦਾ ਹੈ।[27] ਇਸ ਦਰਸ਼ਨ ਵਿਚ ਜੀਵ ਅਤੇ ਬ੍ਰਹਮ ਦੀ ਭਿੰਨਤਾ ਨੂੰ ਪ੍ਰਗਟ ਕਰਦਿਆਂ ਕਿਹਾ ਗਿਆ ਹੈ ਕਿ ਜੀਵ ਕਦੀ ਸੁਖੀ ਅਤੇ ਕਦੀ ਦੁਖੀ ਹੈ, ਪਰੰਤੂ ਬ੍ਰਹਮ ਸਦੈਵ ਸੁਖੀ ਹੈ। ਜੀਵ ਤੇ ਬ੍ਰਹਮ ਵਿਚ ਇਹੀ ਭਿੰਨਤਾ ਹੈ। ਰਾਮਾਨੁਜ ਅਨੁਸਾਰ ਜੀਵ ਅਨੰਤ ਹਨ ਅਤੇ ਉਹ ਇਕ ਦੂਜੇ ਤੋਂ ਭਿੰਨ ਵੀ ਹਨ। ਜੀਵਾਂ ਦੇ ਤਿੰਨ ਭੇਦ ਹਨ: ਨਿਤਯ, ਮੁਕਤ ਅਤੇ ਬਧ ਜੀਵ ।

(ੳ) ਨਿਤਯ ਜੀਵ ਕਰਮ ਅਤੇ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਆਨੰਦ ਭੋਗਦੇ ਹੋਏ ਬੈਕੁੰਠ ਵਿਚ ਨਿਵਾਸ ਕਰਦੇ ਹਨ ।

(ਅ) ਮੁਕਤ ਜੀਵ ਆਪਣੀ ਬੁੱਧੀ ਅਤੇ ਭਗਤੀ ਦੇ ਬਲ ਦੇ ਆਧਾਰ ਤੇ ਮੁਕਤੀ ਪ੍ਰਾਪਤ ਕਰਦੇ ਹਨ ।

(ਏ) ਬਧ ਜੀਵ ਆਪਣੇ ਅਗਿਆਨ ਅਤੇ ਸਵਾਰਥ ਦੇ ਵੱਸ ਸੰਸਾਰ ਵਿਚ ਹੀ ਵਿਚਰਦੇ ਰਹਿੰਦੇ ਹਨ ।

ਦ੍ਵੈਤਵਾਦ ਦੇ ਪਰਵਰਤਕ ਮੱਧਵਾਚਾਰੀਆ ਅਨੁਸਾਰ ਜੀਵ ਅਤੇ ਬ੍ਰਹਮ ਵਿਚ ਭੇਦ ਨਿਸ਼ਚਿਤ ਹੈ। ਜੀਵ ਬ੍ਰਹਮ ਦੇ ਅਧੀਨ ਹੈ, ਉਸ ਉੱਤੇ ਨਿਰਭਰ ਹੈ ਅਤੇ ਅਲਪ ਗਿਆਨ ਤੇ ਅਲਪ ਸ਼ਕਤੀ ਕਾਰਨ ਉਹ ਕਿਸੇ ਵੀ ਕੰਮ ਨੂੰ ਪੂਰਾ ਨਹੀਂ ਕਰ ਸਕਦਾ। ਇਸ ਦਰਸ਼ਨ ਵਿਚ ਵੀ ਜੀਵਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ: ਮੁਕਤੀ ਯੋਗ, ਤਮਯੋਗ ਅਤੇ ਨਿਤਯ ਸੰਸਾਰੀ।

(ੳ) ਮੁਕਤੀ ਯੋਗ ਜੀਵ: ਬ੍ਰਹਮਾ, ਅਗਨੀ, ਵਾਯੂ ਆਦਿ ਦੇਵਤੇ ਅਤੇ ਨਾਰਦ ਵਿਸ਼ਵਾਮਿੱਤਰ ਆਦਿ ਉੱਤਮ ਪੁਰਸ਼ ਮੁਕਤੀਯੋਗ ਜੀਵਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਨ੍ਹਾਂ ਜੀਵਾਂ ਨੂੰ ਆਨੰਦ ਦੀ ਅਨੁਭੂਤੀ ਤਾਂ ਹੁੰਦੀ ਹੈ, ਪਰੰਤੂ ਇਨ੍ਹਾਂ ਦੇ ਆਨੰਦ ਵਿਚ ਵੀ ਭੇਦ ਹੁੰਦਾ ਹੈ।

(ਅ) ਤਮੋਯੋਗ ਜੀਵ: ਦੈਂਤ, ਰਾਖਸ਼ ਆਦਿ ਤਮੋਯੋਗ ਸ਼੍ਰੇਣੀ ਦੇ ਜੀਵ ਹਨ ਜਿਨ੍ਹਾਂ ਦੀ ਕਦੀ ਮੁਕਤੀ ਨਹੀਂ ਹੁੰਦੀ ।

(ੲ) ਨਿਤਯ ਸੰਸਾਰੀ: ਉਕਤ ਦੋਨੋਂ ਪ੍ਰਕਾਰ ਦੀ ਵਿਚਕਾਰਲੀ ਸ਼੍ਰੇਣੀ ਵਾਲੇ ਸਾਧਾਰਨ ਮਨੁੱਖ ਨਿਤਯ ਸੰਸਾਰੀ ਜੀਵ ਹਨ ਜੋ ਪ੍ਰਿਥਵੀ, ਸਵਰਗ ਅਤੇ ਨਰਕ ਆਦਿ ਵਿਚ ਰਹਿੰਦੇ ਹੋਏ ਦੁੱਖ-ਸੁੱਖ ਭੋਗਦੇ ਹਨ। ਇਹ ਵੀ ਮੁਕਤੀ ਰਹਿਤ ਜੀਵ ਹਨ ।

ਇਹ ਸਾਰੇ ਤਿੰਨ ਪ੍ਰਕਾਰ ਦੇ ਜੀਵ ਪ੍ਰਭੂ ਦੇ ਹੁਕਮ ਵਿਚ ਚੱਲਣ ਕਾਰਨ ਪਰਤੰਤਰ ਹਨ, ਪ੍ਰਭੂ ਦੇ ਹੁਕਮ ਵਿਚ ਬੱਝੇ ਹੋਏ ਹਨ ।

ਨਿੰਬਾਰਕਾਚਾਰੀਆ ਦੇ ਮੱਤ ਦ੍ਵੈਤ-ਅਦ੍ਵੈਤ ਅਨੁਸਾਰ ਚਿੱਤ(ਜੀਵ) ਅਤੇ ਅਚਿੱਤ (ਜਗਤ) ਈਸ਼ਵਰ ਤੇ ਆਧਾਰਿਤ ਹੁੰਦੇ ਹਨ। ਇਸ ਮੱਤ ਨੂੰ ਭੇਦ-ਅਭੇਦ ਵੀ ਕਿਹਾ ਜਾਂਦਾ ਹੈ। ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਤੇ ਅੰਸ਼ੀ ਦਾ ਹੈ। ਜੀਵ ਦੇ ਸਮਸੱਤ ਕਾਰਜ ਈਸ਼ਵਰ ਦੀ ਇੱਛਾ ਤੇ ਨਿਰਭਰ ਹਨ। ਮੁਕਤ ਅਵਸਥਾ ਵਿਚ ਵੀ ਜੀਵ ਈਸ਼ਵਰ ਦੇ ਆਸਰੇ ਹੀ ਰਹਿੰਦਾ ਹੈ। ਦ੍ਵੈਤ-ਅਦ੍ਵੈਤਵਾਦ ਅਨੁਸਾਰ ਜੀਵ ਦੋ ਪ੍ਰਕਾਰ ਦੇ ਹਨ: ਬਧ ਜੀਵ ਅਤੇ ਮੁਕਤ ਜੀਵ।

(ੳ) ਬਧ ਜੀਵ ਸੰਸਾਰ ਦੇ ਬੰਧਨਾਂ ਵਿਚ ਜਕੜੇ ਹੋਏ ਹਨ ।

(ਅ) ਮੁਕਤ ਜੀਵ ਪ੍ਰਭੂ ਦੀ ਮਿਹਰ ਸਦਕਾ ਬੰਧਨ ਅਤੇ ਕਲੇਸ਼ ਤੋਂ ਨਿਵਿਰਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

ਪਰੰਤੂ ਇਹ ਦੋਨੋਂ ਪ੍ਰਕਾਰ ਦੇ ਜੀਵ ਬ੍ਰਹਮ ਤੋਂ ਭਿੰਨ ਵੀ ਰਹਿੰਦੇ ਹਨ ਅਤੇ ਅਭਿੰਨ ਵੀ। "ਇਸ ਮੱਤ ਅਨੁਸਾਰ ਚਿੱਤ(ਜੀਵ) ਅਤੇ ਅਚਿੱਤ(ਜਗਤ) ਬ੍ਰਹਮ ਤੋਂ ਵੱਖ ਹਨ ਕਿਉਂ ਜੋ ਉਨ੍ਹਾਂ ਦੀ ਆਪਣੀ ਵੱਖਰੀ ਸੱਤਾ ਨਹੀਂ।"[28] ਇਸ ਤਰ੍ਹਾਂ ਬ੍ਰਹਮ ਅਤੇ ਜੀਵ ਦਾ ਭੇਦ-ਅਭੇਦ ਸੁਭਾਵਿਕ ਹੈ ।

ਵਲਭਾਚਾਰੀਆ ਦੇ ਸ਼ੁੱਧ ਅਦ੍ਵੈਤਵਾਦ ਅਨੁਸਾਰ ਬ੍ਰਹਮ ਦੀ ਇੱਛਾ ਤੋਂ ਹੀ ਜੀਵ ਦੀ ਉੱਤਪਤੀ ਹੁੰਦੀ ਹੈ, ਜੀਵ ਬ੍ਰਹਮ ਨਹੀਂ, ਬ੍ਰਹਮ ਦਾ ਕੇਵਲ ਅੰਸ਼ ਮਾਤ੍ਰ ਅਤੇ ਸੇਵਕ ਹੈ। ਬ੍ਰਹਮ ਅਤੇ ਜੀਵ ਦਾ ਸੰਬੰਧ ਅੰਸ਼-ਅੰਸ਼ੀ, ਅੱਗ ਤੇ ਅੱਗ ਦੀਆਂ ਚਿੰਗਾੜੀਆਂ ਸਮਾਨ ਹੈ। ਜਿਸ ਤਰ੍ਹਾਂ ਸੋਨੇ ਦੇ ਬਣੇ ਗਹਿਣੇ ਸੋਨੇ ਤੋਂ ਅੱਡ ਨਹੀਂ, ਜਲ ਤੇ ਜਲ-ਲਹਿਰ ਇਕ ਸਮਾਨ ਹੈ, ਇਸੇ ਤਰ੍ਹਾਂ ਭੇਦ ਕਰਨ ਤੇ ਵੀ ਜੀਵ-ਬ੍ਰਹਮ ਦਾ ਸੰਬੰਧ ਅਭੇਦ ਹੈ। ਬ੍ਰਹਮ ਦੀ ਇੱਛਾ ਤੋਂ ਹੀ ਜੀਵਾਂ ਦੀ ਉੱਤਪਤੀ ਹੁੰਦੀ ਹੈ। ਜਿਸ ਤਰ੍ਹਾਂ ਅਗਨੀ ਤੋਂ ਛੋਟੀਆਂ-ਛੋਟੀਆਂ ਚਿੰਗਾੜੀਆਂ ਨਿਕਲਦੀਆਂ ਹਨ, ਉਸੇ ਤਰ੍ਹਾਂ ਬ੍ਰਹਮ ਤੋਂ ਹੀਣ ਅਤੇ ਤੇਜੱਸਵੀ ਜੀਵਾਂ ਦੀ ਉੱਤਪਤੀ ਹੁੰਦੀ ਹੈ। ਅਵਿਦਿਆ ਅਤੇ ਮਾਇਆ ਦੇ ਪ੍ਰਭਾਵ ਅਧੀਨ, ਕਰਮਾਂ ਦੇ ਫਲਰੂਪ ਜੀਵ ਅਨੇਕ ਜੂਨਾਂ ਵਿਚ ਭਟਕ ਰਿਹਾ ਹੈ। ਵਲਭਾਚਾਰੀਆ ਨੇ ਜੀਵ-ਸ੍ਰਿਸ਼ਟੀ ਨੂੰ ਦੋ ਭਾਗਾਂ ਵਿਚ ਵੰਡਿਆ ਹੈ: ਦੈਵੀ-ਜੀਵ ਸ੍ਰਿਸ਼ਟੀ ਅਤੇ ਅਸੁਰੀ ਜੀਵ-ਸ੍ਰਿਸ਼ਟੀ ।

ਨਾਥ ਸੰਪ੍ਰਦਾਇ ਵਿਚ ਆਤਮਾ ਨੂੰ ਚਿੱਤ ਕਿਹਾ ਗਿਆ ਹੈ। ਚਿੱਤ ਵਿਚ ਹੀ ਸਾਰਾ ਬ੍ਰਹਿਮੰਡ ਹੈ, ਇਥੇ ਹੀ ਨਿਰੰਜਨ ਦਾ ਵਾਸਾ ਹੈ, ਇਹ ਹੀ ਸ਼ੂਨਯ ਹੈ। ਗੋਰਖ ਨਾਥ ਅਨੁਸਾਰ ਸ਼ੂਨਯ ਹੀ ਮਾਤਾ-ਪਿਤਾ ਹੈ ਅਰਥਾਤ ਜੀਵ ਦਾ ਮੂਲ ਹੈ।[29] ਪ੍ਰਾਣ[30] ਅਤੇ ਪੰਚ ਭੂਤ ਦੀ ਉੱਤਪੱਤੀ ਅਵਿਅਕਤ ਬ੍ਰਹਮ ਤੋਂ ਹੀ ਹੋਈ ਦੱਸੀ ਗਈ ਹੈ। ਇਸ ਅਵਿਅਕਤ ਬ੍ਰਹਮ ਨੂੰ ਹੀ 'ਆਵਤੇ ਨਾ ਜਾਵਤੇ'[31] ਕਹਿ ਕੇ ਇਸ ਤੱਤ ਦੀ ਨਿਤਯਤਾ ਵਲ ਸੰਕੇਤ ਕੀਤਾ ਗਿਆ ਹੈ।

ਸੂਫ਼ੀ ਦਰਸ਼ਨ ਅਨੁਸਾਰ ਜੀਵ ਇਸ ਧਰਤੀ ਉੱਪਰ ਰੱਬ ਦਾ ਖ਼ਲੀਫ਼ਾ ਹੈ। ਉਸ ਅੰਦਰ ਰੱਬੀ ਰੂਹ ਹੈ, ਇਸ ਲਈ ਉਹ ਫ਼ਰਿਸ਼ਤਿਆਂ ਨਾਲੋਂ ਵੀ ਉੱਤਮ ਹੈ। ਸੂਫ਼ੀ ਮੱਤ ਵਿਚ ਆਤਮਾ ਅਥਵਾ ਰੂਹ ਦੇ ਦੋ ਭੇਦ ਮੰਨੇ ਗਏ ਹਨ:ਨਫ਼ਸ ਅਤੇ ਰੂਹ। 'ਨਫ਼ਸ ਕੁਦਿਰਤੀਆਂ

ਦਾ ਸਥਾਨ ਹੈ ਅਤੇ ਰੂਹ ਸਦ-ਬਿਰਤੀਆਂ ਦਾ। ਉੱਚਤਮ ਆਤਮਾ ਸਰੀਰ ਵਿਚ ਪਹਿਲਾਂ ਤੋਂ ਹੀ ਵਿਦਮਾਨ ਹੁੰਦਾ ਹੈ। ਪਰਮਾਤਮਾ ਹੀ ਆਤਮਾ ਨੂੰ ਮਨੁੱਖੀ ਸਰੀਰ ਵਿਚ ਭੇਜਦਾ ਹੈ।[32] ਅਮਾਮ ਗਜ਼ਾਲੀ ਦਾ ਕਥਨ ਹੈ ਕਿ ਰੂਹ ਇਕ ਸੂਖਮ ਸਰੀਰ ਹੈ ਅਤੇ ਦਿਲ ਦੇ ਸੁੰਨਿ ਜਾਂ ਆਕਾਸ਼ ਵਿਚ ਵਸਦੀ ਹੈ ਅਤੇ ਇਥੋਂ ਹੀ ਸਾਰੇ ਸਰੀਰ ਵਿਚ ਰਮਦੀ ਹੈ।[33] ਮੌਲਾਨਾ ਜਲਾਲੁਦੀਨ ਰੂਮੀ ਨੇ ਸੂਰਜ ਅਤੇ ਸਾਗਰ ਦੇ ਦ੍ਰਿਸ਼ਟਾਂਤ ਦੁਆਰਾ ਜੀਵਾਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਨੂੰ ਦ੍ਰਿਸ਼ਟਮਾਨ ਕਰਦਿਆਂ ਸਮਝਾਇਆ ਹੈ ਕਿ 'ਸਾਗਰ ਵਿਚੋਂ ਉਠੀਆਂ ਅਨੰਤ ਲਹਿਰਾਂ ਜਾਂ ਸੂਰਜ ਵਿਚੋਂ ਨਿਕਲੀਆਂ ਅਨੰਤ ਕਿਰਨਾਂ ਸਰੀਰਾਂ ਵਿਚ ਵਿਆਪਕ ਅਣਗਿਣਤ ਰੂਹਾਂ ਹਨ ਅਤੇ ਸਾਗਰ ਜਾਂ ਸੂਰਜ ਵਾਂਗ ਇਨ੍ਹਾਂ ਰੂਹਾਂ ਦਾ ਮੂਲ ਸਰਵ-ਵਿਆਪਕ ਰੂਹ ਰੱਬ ਆਪ ਹੈ। ਹਰ ਲਹਿਰ ਨੇ ਮੁੜ ਸਾਗਰ ਵਿਚ ਰਲਣਾ ਹੈ, ਹਰ ਕਿਰਨ ਨੇ ਮੁੜ ਸੂਰਜ ਨਾਲ ਇਕ-ਰੂਪ ਹੋਣਾ ਹੈ। ਇਹ ਸਥਿਤੀ ਆਤਮਾ ਦੀ ਹੈ।"[34] ਇਸ ਪ੍ਰਕਾਰ ਸੂਫ਼ੀ ਦਰਸ਼ਨ ਵਿਚ ਇਸ ਤੱਥ ਦੀ ਪੁਸ਼ਟੀ ਕੀਤੀ ਗਈ ਹੈ ਕਿ ਆਤਮਾ ਪਰਮਾਤਮਾ ਦੀ ਅੰਸ਼ ਹੈ, ਪਰਮ-ਰੂਪ ਹੈ ਅਤੇ ਇਸਨੇ ਮੁਕਤ ਹੋ ਕੇ ਫਿਰ ਬ੍ਰਹਮ-ਰੂਪ ਹੋਣਾ ਹੈ।

ਉਕਤ ਵਿਵੇਚਨ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਵੇਦ ਦਰਸ਼ਨ ਤੋਂ ਲੈ ਕੇ ਸੰਤ-ਮੱਤ ਦਰਸ਼ਨ ਤਕ ਚਾਰਵਾਕ ਅਤੇ ਬੁੱਧ ਧਰਮ ਨੂੰ ਛੱਡਕੇ ਸਮੁੱਚੇ ਭਾਰਤੀ ਅਧਿਆਤਮਕ ਸਿਧਾਂਤਾਂ ਵਿਚ ਜੀਵਾਤਮਾ ਦੀ ਹੋਂਦ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨ ਕੇ ਇਸ ਨੂੰ ਪਰਤੰਤਰ ਕਿਹਾ ਗਿਆ ਹੈ। ਬ੍ਰਹਮ-ਜੀਵ ਦਾ ਆਪਸੀ ਸੰਬੰਧ ਸੁਆਮੀ ਅਤੇ ਸੇਵਕ ਦਾ ਹੈ। ਬ੍ਰਹਮ ਜੀਵ-ਉਤਪਤੀ ਦਾ ਕਾਰਨ ਹੈ ਅਤੇ ਜੀਵਾਤਮਾ ਹੀ ਬ੍ਰਹਮ ਦਾ ਨਿਵਾਸ-ਸਥਾਨ ਹੈ, ਇਸ ਲਈ ਆਤਮਾ ਸ਼ੁੱਧ-ਬੁੱਧ, ਨਿਤਯ, ਅਵਿਨਾਸ਼ੀ ਅਤੇ ਅਮਰ ਹੈ। ਪਰੰਤੂ ਸਰੀਰਕ ਬੰਧਨ ਵਿਚ ਪੈ ਕੇ, ਮਾਨਸਿਕ ਵਿਕਾਰਾਂ, ਅਗਿਆਨਤਾ ਅਤੇ ਹਉਮੈ ਦੇ ਅੰਤਰਗਤ ਜੀਵ ਆਪਣੀ ਵੱਖਰੀ ਹਸਤੀ ਸਮਝਣ ਲੱਗ ਪੈਂਦਾ ਹੈ। ਦੁਨਿਆਵੀ ਪਦਾਰਥਾਂ ਅਤੇ ਮੋਹ, ਮਾਇਆ ਦੇ ਜੰਜਾਲ ਵਿਚ ਫਸਕੇ ਇਹ ਪਰਮਾਤਮਾ ਤੋਂ ਬੇਮੁੱਖ ਹੋ ਕੇ ਆਪਣੇ ਕਰਮਾਂ ਦਾ ਫਲ ਭੋਗਦਾ, ਵਾਰ-ਵਾਰ ਜੰਮਦਾ-ਮਰਦਾ ਅਤੇ ਚੌਰਾਸੀ ਦੇ ਜੇਲ੍ਹਖ਼ਾਨੇ ਵਿਚ ਪਿਆ ਰਹਿੰਦਾ ਹੈ। ਪਰ ਜਦੋਂ ਪਰਮਾਤਮਾ ਦੀ ਭਗਤੀ ਕਰਕੇ ਇਸ ਵਿਚ ਆਪਣੇ ਚੇਤੰਨ-ਸਰੂਪ ਹੋਣ ਦਾ ਅਹਿਸਾਸ ਜਾਗਦਾ ਹੈ ਤਾਂ ਇਹ ਸੰਸਾਰਿਕ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

### 4.1.2 ਗੁਰੂ ਰਵਿਦਾਸ ਬਾਣੀ ਵਿਚ ਜੀਵਾਤਮਾ

ਗੁਰੂ ਰਵਿਦਾਸ ਵਾਣੀ ਵਿਚ ਪਰਮਾਤਮਾ ਤੇ ਜੀਵ ਦੇ ਅਦ੍ਵੈਤ ਸੰਬੰਧ ਨੂੰ ਸਵੀਕਾਰਿਆ ਗਿਆ ਹੈ। ਜੀਵ ਦਾ ਅਸਲ ਆਪਾ ਉਸ ਦੀ ਆਤਮਾ ਹੈ ਅਤੇ ਆਤਮਾ ਪਰਮਾਤਮਾ ਦੀ ਅੰਸ਼ ਹੈ, ਇਹ ਉਸ ਪਰਮ-ਜੋਤਿ ਦਾ ਪ੍ਰਕਾਸ਼ ਹੈ,[35] ਪੁਸ਼ਪ ਵਿਚ ਸਮਾਈ ਵਾਸਨਾ ਦੇ ਸਮਾਨ ਹਰ ਜੀਵ ਵਿਚ ਰਮਿਆ ਹੋਇਆ ਹੈ[36], ਇਕੋ ਪਰਮਤਮਾ ਹੀ ਸਭ ਜੀਵਾਂ ਵਿਚ ਅਨੇਕ ਰੂਪ ਹੋ ਕੇ ਵਸ ਰਿਹਾ ਅਤੇ ਸਭ ਹਿਰਦਿਆਂ ਵਿਚ ਆਪ ਹੀ ਬੈਠਾ ਅਨੰਦ ਮਾਣ ਰਿਹਾ ਹੈ।[37] ਪਰੰਤੂ ਹਉਮੈਂ ਤੇ ਭੁਲੇਖੇ ਦਾ ਸ਼ਿਕਾਰ ਜੀਵ ਉਸ ਤੋਂ ਵਿਛੜ ਕੇ, ਉਸ ਨੂੰ ਆਪਣੇ ਆਪੇ ਅਤੇ ਜਗਤ ਤੋਂ ਭਿੰਨ ਸਮਝ ਕੇ, ਦੁਖੀ ਤੇ ਅਸ਼ਾਂਤ ਰਹਿੰਦਾ ਹੈ ।

### 4.1.3. ਗੁਰੂ ਰਵਿਦਾਸ ਵਾਣੀ ਵਿਚ ਜੀਵ-ਨਿਰੂਪਣ

ਸ਼ੰਕਰ ਦਾ ਮੱਤ ਹੈ ਕਿ ਆਤਮਾ ਗਿਆਨ ਰੂਪ ਹੈ, ਗਿਆਤਾ ਹੈ, ਨਿਤਯ, ਨਿਰਕਾਰ, ਅਮਰ, ਅਨੰਤ, ਚੇਤਨ ਸਰੂਪ ਅਤੇ ਦੁੱਖ-ਸੁੱਖ ਤੋਂ ਪਰ੍ਹੇ ਹੈ। ਇਸ ਆਤਮਾ ਦਾ ਵਿਵਹਾਰਕ ਰੂਪ ਹੀ ਜੀਵ ਹੈ ਅਤੇ ਸਭ ਜੀਵਾਂ ਵਿਚ ਇਕ ਹੀ ਆਤਮਾ ਹੈ।[38] ਗੁਰੂ ਰਵਿਦਾਸ ਵਾਣੀ ਵਿਚ ਇਸ ਕਥਨ ਦੀ ਪੁਸ਼ਟੀ ਕੀਤੀ ਗਈ ਹੈ:

> ਸਰਬੇ ਏਕ ਅਨੇਕੈ ਸੁਆਮੀ, ਸਭ ਘਟ ਭੋਗਵੈ ਸੋਈ।[39]
>
> ਏਕ ਹੀ ਏਕ ਅਨੇਕ ਹੋਇ ਬਿਸਥਰਿਓ, ਆਨ ਰੇ ਆਨ ਭਰਪੂਰਿ ਸੋਊ।[40]
>
> ਹੈ ਸਬ ਆਤਮ ਸੁਯੰ ਪ੍ਰਕਾਸ ਸਾਚੋ, ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।[41]

ਗੁਰੂ ਜੀ ਅਨੁਸਾਰ ਜੀਵਾਤਮਾ ਅਤੇ ਬ੍ਰਹਮ ਦਾ ਸੰਬੰਧ ਅਦ੍ਵੈਤ ਰੂਪ ਹੈ। ਇਸ ਤੱਥ ਨੂੰ ਸਪੱਸ਼ਟ ਕਰਨ ਲਈ ਆਪਨੇ ਸੁੰਦਰ ਦ੍ਰਿਸ਼ਟਾਂਤ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ:

> ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ।[42]
>
> ਘਟ ਘਟ ਤਿਹ ਪੇਖਿਯਤ ਐਸੇ, ਜਲ ਮਾਹਿ ਲਹਿਰ ਲਹਿਰ ਜਲ ਜੈਸੇ।[43]

ਗੁਰੂ ਜੀ ਨੇ ਇਹ ਦਰਸਾਇਆ ਹੈ ਕਿ ਜੀਵਾਤਮਾ ਅਤੇ ਬ੍ਰਹਮ ਵਿਚ ਉਹੋ ਜਿਹਾ ਹੀ ਅੰਤਰ ਹੈ ਜਿਹੋ ਜਿਹਾ ਸੋਨਾ ਤੇ ਸੋਨੇ ਤੋਂ ਬਣੇ ਗਹਿਣਿਆਂ ਵਿਚ ਅਤੇ ਪਾਣੀ ਤੇ ਪਾਣੀ ਵਿਚੋਂ ਉਠ ਰਹੀਆਂ ਤਰੰਗਾਂ ਵਿਚ ਹੈ। ਜਿਸ ਤਰ੍ਹਾਂ ਭਰਮ-ਮੂਲਕ ਗਹਿਣੇ ਅਲੱਗ-ਅਲੱਗ ਜਾਪਦੇ ਹਨ ,

ਪਰੰਤੂ ਇਨ੍ਹਾਂ ਸਭ ਦਾ ਮੂਲ ਤੱਤ ਤਾਂ ਸੋਨਾ ਹੀ ਹੈ, ਪਾਣੀ ਦੀਆਂ ਤਰੰਗਾਂ ਅਤੇ ਪਾਣੀ ਦੀ ਮੂਲ ਪ੍ਰਕ੍ਰਿਤੀ ਇਕੋ ਜਿਹੀ ਹੀ ਹੈ, ਪਰੰਤੂ ਭੌਤਿਕ ਕਾਰਨਾਂ ਕਰਕੇ ਇਹ ਭਿੰਨ-ਭਿੰਨ ਪ੍ਰਤੀਤ ਹੁੰਦੀਆਂ ਹਨ; ਇਸ ਤਰ੍ਹਾਂ ਹੀ ਤਾਤਵਿਕ ਦ੍ਰਿਸ਼ਟੀ ਤੋਂ ਆਤਮਾ ਅਤੇ ਜੀਵ ਵਿਚ ਕੋਈ ਅੰਤਰ ਨਹੀਂ ਹੈ। ਸਤਿ, ਨਿਤਯ, ਸ਼ੁੱਧ-ਬੁੱਧ ਅਤੇ ਮੁਕਤ ਸਰੂਪ ਆਤਮਾ ਹੀ ਮਾਇਆ ਦੇ ਪ੍ਰਭਾਵ ਸਦਕਾ ਆਪਣੀ ਵਾਸਤਵਿਕਤਾ ਅਰਥਾਤ ਮੂਲ ਪ੍ਰਕ੍ਰਿਤੀ ਨੂੰ ਭੁੱਲ ਕੇ ਆਪਣੀ ਅਲੱਗ ਸੱਤਾ ਸਮਝਣ ਲੱਗਦਾ ਹੈ ਤਾਂ ਜੀਵ ਕਹਿਲਾਉਂਦਾ ਹੈ। ਚੰਗੇ-ਮੰਦੇ ਕਰਮਾਂ ਦੇ ਕਾਰਨ ਉਹ ਸੁੱਖ-ਦੁੱਖ ਭੋਗਦਾ ਅਤੇ ਅਨੇਕ ਜੂਨੀਆਂ ਵਿਚ ਜਨਮ ਲੈਂਦਾ ਹੈ। ਗੁਰੂ ਜੀ ਅਨੁਸਾਰ ਸਭ ਜੀਵ ਕਰਮਾਂ ਦੇ ਵੱਸ ਪਏ ਹੋਏ ਹਨ, ਉਹ ਜਿੱਧਰ ਵੀ ਜਾਂਦੇ ਹਨ, ਮੌਤ ਦੀ ਅਕੱਟ ਫਾਹੀ ਉੱਧਰ ਵੀ ਉਨ੍ਹਾਂ ਨੂੰ ਚੰਬੜੀ ਰਹਿੰਦੀ ਹੈ। ਉਸਨੂੰ ਕੱਟਣ ਅਤੇ ਉਸ ਤੋਂ ਮੁਕਤ ਹੋਣ ਦਾ ਕੋਈ ਵੀ ਹੀਲਾ,ਉਪਾਅ ਕੰਮ ਨਹੀਂ ਆਉਂਦਾ:

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ।[44]

ਜੀਵ ਅਤੇ ਬ੍ਰਹਮ ਦੇ ਮੂਲ ਤੱਤ ਆਤਮਾ ਅਤੇ ਪਰਮਾਤਮਾ ਵਿਚ ਕੋਈ ਭਿੰਨਤਾ ਨਹੀਂ ਹੈ। ਅਗਿਆਨਤਾ ਅਤੇ ਅਵਿਦਿਆ ਦੇ ਭਰਮ ਵਿਚ ਪੈ ਕੇ ਜੀਵ ਆਪਣੇ ਆਪ ਨੂੰ ਬ੍ਰਹਮ ਤੋਂ ਅਲੱਗ ਸਮਝਣ ਲੱਗ ਪੈਂਦਾ ਹੈ। ਗੁਰੂ ਰਵਿਦਾਸ ਵਾਣੀ ਵਿਚ ਇਕ ਹੋਰ ਅਲੰਕਾਰ ਦੁਆਰਾ ਇਸ ਤੱਥ ਨੂੰ ਰੂਪਮਾਨ ਕੀਤਾ ਗਿਆ ਹੈ:

ਮਾਧੋ ਭ੍ਰਮ ਕੈਸੇਂ ਨ ਬਿਲਾਈ, ਤਾਥੈਂ ਦੁਤੀ-ਦਰਸੈ ਆਈ ।
ਕਨਕ ਕੁਟਕ ਸੂਤ ਪਟ ਜੁਦਾ, ਰਜੁ ਭੁਅੰਗ ਭਮ ਜੈਸਾ।
ਜਲ ਤਰੰਗ ਪਾਹਨ ਪ੍ਰਤਿਮਾ ਜਯੂੰ, ਬ੍ਰਹਮ ਜੀਵ ਦੁਤਿ ਐਸਾ।[45]

ਅਰਥਾਤ ਭਰਮ-ਵੱਸ ਜੀਵ ਬ੍ਰਹਮ ਤੋਂ ਆਪਣੀ ਹਸਤੀ ਨੂੰ ਅਲੱਗ ਮਹਿਸੂਸ ਕਰ ਰਿਹਾ ਹੈ। ਵਾਸਤਵ ਵਿਚ ਬ੍ਰਹਮ ਅਤੇ ਜੀਵ ਦਾ ਸੰਬੰਧ ਤਾਂ ਸੋਨੇ ਅਤੇ ਸੋਨੇ ਤੋਂ ਬਣੇ ਕੰਗਣ, ਸੂਤ ਅਤੇ ਸੂਤ ਤੋਂ ਬਣੇ ਕਪੜੇ, ਜਲ ਅਤੇ ਜਲ-ਤਰੰਗ, ਪੱਥਰ ਅਤੇ ਪੱਥਰ ਤੋਂ ਬਣੀ ਮੂਰਤੀ ਵਰਗਾ ਹੈ। ਜਿਵੇਂ ਹਨ੍ਹੇਰੇ ਵਿਚ ਰੱਸੀ ਸੱਪ ਜਾਪਦੀ ਹੈ ਅਤੇ ਪ੍ਰਕਾਸ਼ ਵਿਚ ਉਸ ਦਾ ਅਸਲ ਸਰੂਪ ਦ੍ਰਿਸ਼ਟਮਾਨ ਹੁੰਦਾ ਹੈ, ਇਸ ਤਰ੍ਹਾਂ ਹੀ ਅਗਿਆਨਤਾ, ਅਵਿਦਿਆ ਦੇ ਹਨ੍ਹੇਰੇ ਅਤੇ ਭਰਮ-ਵੱਸ ਜੀਵ ਆਪਣੇ ਆਪ ਨੂੰ ਬ੍ਰਹਮ ਤੋਂ ਭਿੰਨ ਸਮਝ ਰਿਹਾ ਹੈ। ਪਰੰਤੂ ਜਦੋਂ ਇਹ ਪ੍ਰਕਾਸ਼ਵਾਨ ਹੁੰਦਾ

ਹੈ ਤਾਂ ਇਸ ਨੂੰ ਆਪਣੀ ਅਸਲੀਅਤ ਦਾ ਪਤਾ ਚਲਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਅਵਿੱਦਿਆ ਦੇ ਕਾਰਨ ਹੀ ਸੱਤ-ਅਸੱਤ ਅਤੇ ਚੰਗੇ-ਮੰਦੇ ਦੀ ਪਰਖ ਕਰਨ ਵਾਲੀ ਬੁੱਧੀ ਮਲੀਨ ਅਰਥਾਤ ਧੁੰਦਲੀ ਹੋ ਗਈ ਹੈ:

ਮਾਧੋ ! ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ। ਰਹਾਉ।[46]

ਜੀਵਾਤਮਾ ਭਰਮ-ਭੁਲੇਖੇ ਵਿਚ ਪੈ ਕੇ ਵਾਸਤਵਿਕਤਾ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦੀ। ਗੁਰੂ ਜੀ ਦਾ ਕਥਨ ਹੈ ਕਿ ਭਰਮ-ਵੱਸ ਜੀਵ ਜੋ ਕੁਝ ਮੰਨ ਲੈਂਦਾ ਹੈ, ਉਹ ਅਸਲ ਵਿਚ ਉਸ ਤਰ੍ਹਾਂ ਦਾ ਨਹੀਂ ਹੁੰਦਾ। ਦਰਅਸਲ ਇਸ ਦੁਨੀਆਂ ਵਿਚ ਜੀਵਾਤਮਾ ਦੀ ਸਥਿਤੀ ਉਸ ਰਾਜੇ ਵਰਗੀ ਹੈ ਜੋ ਤਖ਼ਤ ਉਤੇ ਹੀ ਸੌਂ ਜਾਂਦਾ ਹੈ ਅਤੇ ਸੁਪਨੇ ਵਿਚ ਆਪਣੇ ਆਪ ਨੂੰ ਭਿਖਾਰੀ ਬਣਿਆ ਦੇਖ ਕੇ ਰਾਜ-ਭਾਗ ਦੇ ਹੁੰਦਿਆਂ ਸੁੰਦਿਆਂ ਵੀ ਉਸ ਤੋਂ ਵਾਂਝਿਆ ਹੋਣ ਕਰਕੇ ਬੜਾ ਦੁਖੀ ਤੇ ਪੀੜਿਤ ਹੁੰਦਾ ਹੈ। ਉਸ ਤਰ੍ਹਾਂ ਹੀ ਜੀਵਾਤਮਾ ਬ੍ਰਹਮ ਦੀ ਅੰਸ਼ ਅਤੇ ਬੇਗਮਪੁਰੇ ਦੀ ਵਾਸੀ ਹੋਣ ਦੇ ਬਾਵਜੂਦ ਦੁਨਿਆਵੀ ਮੋਹ, ਮਾਇਆ ਵਿਚ ਫਸ ਕੇ ਆਪਣੀ ਅਸਲੀਅਤ ਨੂੰ ਭੁੱਲੀ ਬੈਠੀ, ਬ੍ਰਹਮ ਤੋਂ ਵਿਛੜ ਕੇ ਇਸ ਦੁਨੀਆਂ ਵਿਚ ਦੁੱਖ ਸਹਿ ਰਹੀ ਹੈ:

ਮਾਧਵੇ ! ਕਿਆ ਕਹੀਐ ਭ੍ਰਮੁ ਐਸਾ, ਜੈਸਾ ਮਾਨੀਐ ਹੋਇ ਨ ਤੈਸਾ। ਰਹਾਉ।
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।[47]

ਇਸ ਕਾਰਨ ਹੀ ਉਹ ਜੀਵ ਨੂੰ ਚਿਤਵਾਨੀ ਦੇ ਰਹੇ ਹਨ ਕਿ ਹੇ ਜੀਵ ! ਤੂੰ ਅਵਿਦਿਆ ਵੱਸ ਅਸਲੀਅਤ ਤੋਂ ਅੱਖਾਂ ਮੀਟੀ ਬੈਠਾ ਹੈਂ, ਸੁੱਤਾ ਹੋਇਆ ਹੈਂ ਅਤੇ ਇਸ ਜੀਵਨ ਤੇ ਜਗਤ ਨੂੰ ਹੀ ਸੱਚ ਮੰਨੀ ਬੈਠਾ ਇਸ ਦੀਆਂ ਮਾਇਆ-ਬਿਰਤੀਆਂ ਵਿਚ ਗ਼ਲਤਾਨ ਹਰੀ ਦੀ ਭਗਤੀ ਤੋਂ ਬਿਨਾ ਅਕਾਰਥ ਹੀ ਆਪਣਾ ਜਨਮ ਗੰਵਾ ਰਿਹਾ ਹੈ। ਇਹ ਜੀਵਨ ਤੇ ਜੀਵਨ ਦੀਆਂ ਖ਼ੁਸ਼ੀਆਂ ਤਾਂ ਥੋਥੀਆਂ ਤੇ ਥੋੜ੍ਹ-ਚਿਰੀਆਂ ਹਨ:

ਕਿਆ ਤੂ ਸੋਇਆ ਜਾਗ ਇਆਨਾ, ਤੈਂ ਜੀਵਨ ਜਗਿ ਸਚੁ ਕਰਿ ਜਾਨਾ। ਰਹਾਉ।[48]
ਥੋਥੀ ਕਾਇਆ, ਥੋਥੀ ਮਾਇਆ, ਥੋਥਾ ਹਰਿ ਬਿਨ ਜਨਮ ਗੰਵਾਇਆ।[49]

ਅਗਿਆਨਤਾ ਦੇ ਪ੍ਰਭਾਵ ਅਧੀਨ ਜੀਵ ਮਾਇਆ ਦੇ ਪੰਜ ਦੂਤਾਂ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਅਤੇ ਕਰਮਾਂ ਦੇ ਵੱਸ ਪੈ ਕੇ ਲੁੱਟਿਆ ਜਾ ਰਿਹਾ ਹੈ, ਤਬਾਹ ਤੇ ਨਾਸ਼

ਹੋ ਰਿਹਾ ਹੈ। ਮਾਇਆ ਦੇ ਇਹ ਪੰਜ ਦੂਤ ਜੀਵ ਨੂੰ ਤੜਪਾ-ਤੜਪਾ ਕੇ ਮਾਰ ਰਹੇ ਹਨ, ਉਸ ਨੂੰ ਹਰ ਪਲ, ਹਰ ਛਿਣ ਪਰਮਾਤਮਾ ਤੋਂ ਦੂਰ ਲੈ ਜਾ ਰਹੇ ਹਨ:

ਇਨ ਦੂਤਨ ਖਲੁ ਬਧੁ ਕਰ ਮਾਰਿਓ, ਬਡੋ ਨਿਲਜੁ ਅਜਹੂ ਨਹੀਂ ਹਾਰਿਓ।[50]

ਇਨ ਪੰਚਨੁ ਮੇਰੋ ਮਨ ਜੁ ਬਿਗਾਰਿਓ, ਪਲੁ ਪਲੁ ਹਰਿ ਜੀ ਤੇ ਅੰਤਰ ਪਾਰਿਓ।[51]

ਪਰੰਤੂ ਜਦੋਂ ਜੀਵ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ, ਮਾਇਆ ਦਾ ਪਰਦਾ ਲਾਹ ਕੇ ਪ੍ਰਭੂ-ਭਗਤੀ ਦੁਆਰਾ ਪ੍ਰੀਤਮ-ਪਿਆਰੇ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਦੁਬਾਰਾ ਆਪਣੇ ਮੂਲ ਨੂੰ ਗ੍ਰਹਿਣ ਕਰ ਲੈਂਦਾ ਹੈ। ਜੀਵਾਤਮਾ, ਕਿਉਂਕਿ ਬ੍ਰਹਮ ਦੀ ਅੰਸ਼ ਹੈ, ਇਸ ਲਈ ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਮਨੁੱਖੀ ਦੇਹ ਸਰਵਉੱਚ ਤੇ ਮਹਾਨ ਹੈ। ਪਿਛਲੇ ਜਨਮਾਂ ਦੇ ਸ਼ੁਭ ਕਰਮਾਂ ਦੇ ਫਲ ਰੂਪ ਹੀ ਤਾਂ ਇਹ ਦੁਰਲੱਭ ਤੇ ਅਨਮੋਲ ਮਨੁੱਖੀ ਜਨਮ ਪ੍ਰਾਪਤ ਹੋਇਆ ਸੀ, ਪਰੰਤੂ ਹਉਮੈਂ ਦੇ ਪ੍ਰਭਾਵ ਅਧੀਨ ਇਹ ਵਿਅਰਥ ਜਾ ਰਿਹਾ ਹੈ:

ਦੁਲਭੁ ਜਨਮੁ ਪੁੰਨ ਫਲ ਪਾਇਓ, ਬਿਰਥਾ ਜਾਤ ਅਬਿਬੇਕੈ।[52]

ਜੀਵਾਤਮਾ ਦੀ ਵਿਵਹਾਰਕ ਸ੍ਰੇਸ਼ਟਤਾ ਪ੍ਰਗਟ ਕਰਨ ਲਈ ਗੁਰੂ ਜੀ ਨੇ ਮਨੁੱਖੀ ਜਾਮੇ ਨੂੰ 'ਅਵਤਾਰ' ਕਿਹਾ ਹੈ। ਬੁੱਧੀ ਸੰਪਨ ਹੋਣ ਕਰਕੇ ਹੀ ਇਹ ਦੁਰਲੱਭ ਹੈ, ਪਰੰਤੂ ਜੀਵ ਫਿਰ ਵੀ ਨੀਚ ਸੰਗਤ ਅਥਵਾ ਵਿਸ਼ੇ-ਵਿਕਾਰਾਂ ਵਿਚ ਖੱਚਿਤ ਹੈ:

ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।[53]

ਇਸ ਦੇ ਮੁਕਾਬਲੇ ਵਿਚ ਤ੍ਰਿਗਦ ਅਰਥਾਤ ਨਿਮਨ, ਟੇਢੀਆਂ ਹੋਕੇ ਚੱਲਣ ਵਾਲੀਆਂ ਕੀੜਿਆਂ, ਮਕੌੜਿਆਂ, ਬੁੱਧੀ ਤੇ ਗਿਆਨ ਵਿਹੂਣੀਆਂ ਜੂਨੀਆਂ ਹਨ ਜੋ ਪਾਪ ਤੇ ਪੁੰਨ ਵਿਚ ਅੰਤਰ ਨਹੀਂ ਕਰ ਸਕਦੀਆਂ:

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।[54]

ਇਸ ਪ੍ਰਕਾਰ ਗੁਰੂ ਜੀ ਨੇ ਮਨੁੱਖ ਨੂੰ ਪ੍ਰਭੂ ਦਾ ਉੱਤਮ ਸਿਰਜਨਾ ਸਵੀਕਾਰਦਿਆਂ ਇਸ ਨੂੰ ਸਮੁੱਚੀ ਰਚਨਾ ਦਾ ਸਿਰਤਾਜ ਪ੍ਰਾਣੀ ਮੰਨਿਆ ਹੈ। ਪਰੰਤੂ ਆਵਾਗਵਨ ਦੇ ਕਈ ਪੜਾਵਾਂ ਵਿੱਚੋਂ ਲੰਘ ਕੇ ਮਿਲੇ ਇਸ ਦੁਰਲੱਭ ਅਵਸਰ ਦਾ ਅਹਿਸਾਸ ਇਸ ਨੂੰ ਨਹੀਂ ਹੈ ,

ਇਸੇ ਲਈ ਅਨਮੋਲ ਜਨਮ ਦੀ ਮਹੱਤਤਾ ਨੂੰ ਇਹ ਸਮਝਦਾ ਹੀ ਨਹੀਂ, ਸਗੋਂ ਸ਼ੰਕਿਆਂ ਵਿਚ ਫਸ ਕੇ 'ਮਨ ਮਾਇਆ ਦੇ ਹੱਥ ਵਿਕ ਜਾਂਦਾ ਹੈ।"[55] ਇਸ ਦੇ ਫਲ-ਰੂਪ ਇਹ ਕਾਮ, ਕ੍ਰੋਧ, ਮਾਇਆ, ਮਦ, ਮਤਸਰ ਇਨ੍ਹਾਂ ਪੰਜਾਂ ਦੂਤਾਂ ਦੇ ਹੱਥੋਂ ਲੁੱਟਿਆ ਜਾ ਰਿਹਾ ਹੈ।[56] ਇਹ ਪੰਜ ਵਿਕਾਰ ਜੀਵਾਤਮਾ ਅਤੇ ਪਰਮਾਤਮਾ ਵਿਚ ਭਿੰਨਤਾ ਪੈਦਾ ਕਰਦੇ ਅਤੇ ਦੂਈ ਦ੍ਵੈਤ ਦੀ ਭਾਵਨਾ ਨੂੰ ਵਧਾਉਂਦੇ ਜੀਵ ਤੇ ਬ੍ਰਹਮ ਵਿਚ ਵਿੱਥ ਪਾ ਦਿੰਦੇ ਹਨ:

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ, ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।[57]

## 4.14. ਜੀਵ ਦੀ ਉਤਪੱਤੀ

ਭਾਰਤੀ ਦਰਸ਼ਨ ਵਿਚ ਜੀਵ-ਉਤਪਤੀ ਦੇ ਸੰਦਰਭ ਵਿਚ ਵਿਸਤ੍ਰਿਤ ਤੇ ਗੰਭੀਰ ਵਿਚਾਰ-ਚਰਚਾ ਕਰਕੇ ਬ੍ਰਹਮ ਨੂੰ ਜੀਵ-ਉਤਪੱਤੀ ਦਾ ਕਾਰਨ ਮੰਨਿਆ ਗਿਆ ਹੈ। ਸਭ ਜੀਵ ਪ੍ਰਭੂ ਤੋਂ ਹੀ ਉਤਪੰਨ ਹੋਏ ਹਨ। "ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ।[58] ਅਤੇ ਜੀਵਾਂ ਦੇ ਵਿਚ ਰਹਿ ਕੇ ਉਨ੍ਹਾਂ ਪਾਸੋਂ ਕਰਮ ਕਰਾਉਂਦਾ ਹੈ।[59] ਬ੍ਰਹਮ ਸੂਤਰਕਾਰ ਬਾਦਰਾਇਣ ਨੇ ਬ੍ਰਹਮ ਦੇ ਇਸ ਲੱਛਣ ਨੂੰ 'ਜਨਮਾਦਯਸ੍ਯਯਤ'[60] ਕਿਹਾ ਹੈ ਜਿਸਦਾ ਸ਼ਾਬਦਿਕ ਅਰਥ ਹੈ ਕਿ ਜਿਸ ਤੋਂ ਸਭ ਭੂਤਾਂ ਦੇ ਜਨਮ ਆਦਿ ਹੁੰਦੇ ਹਨ, ਉਹੀ ਬ੍ਰਹਮ ਹੈ। ਬ੍ਰਹਮ ਪ੍ਰਾਣੀਆਂ ਦੇ ਸੁੱਖ-ਦੁਖ ਆਦਿ ਭਾਵਾਂ ਦੀ ਉੱਤਪੱਤੀ ਦਾ ਸ੍ਰੋਤ ਹੈ।

ਸ਼ੰਕਰ ਦੇ ਅਦ੍ਵੈਤਵਾਦ ਦੇ ਮੂਲ ਮੰਤਰ 'ਬ੍ਰਹਮ ਸਤਯਮ ਜਗਤ ਮਿਥਿਆ ਜੀਵੋ ਬ੍ਰਹਮੈਵ ਨਾਪਾਰਾਹ' ਵਿਚ ਵੀ ਜੀਵ ਨੂੰ ਬ੍ਰਹਮ-ਰੂਪ ਮੰਨ ਕੇ ਬ੍ਰਹਮ ਤੋਂ ਹੀ ਜੀਵ ਦੀ ਉੱਤਪੱਤੀ ਦੇ ਵਿਚਾਰ ਨੂੰ ਸੁਦ੍ਰਿੜ੍ਹ ਕੀਤਾ ਗਿਆ ਹੈ।

ਗੁਰੂ ਰਵਿਦਾਸ ਵਾਣੀ ਵਿਚ ਵੀ ਜੀਵ ਦੀ ਉੱਤਪੱਤੀ ਬ੍ਰਹਮ ਤੋਂ ਹੋਈ ਮੰਨੀ ਗਈ ਹੈ। ਜਿਵੇਂ ਸਾਗਰ ਵਿਚ ਤਰੰਗਾਂ ਉਠਦੀਆਂ ਹਨ ਅਤੇ ਉਸ ਵਿਚ ਹੀ ਸਮਾ ਜਾਂਦੀਆਂ ਹਨ, ਤਰੰਗਾਂ ਦੀ ਸਮੁੰਦਰ ਤੋਂ ਵੱਖਰੀ ਕੋਈ ਹਸਤੀ ਨਹੀਂ ਹੁੰਦੀ, ਇਸੇ ਤਰ੍ਹਾਂ ਜੀਵ ਵੀ ਪ੍ਰਭੂ ਤੋਂ ਜਨਮ ਲੈਂਦੇ ਹਨ ਅਤੇ ਉਸ ਵਿਚ ਹੀ ਲੀਨ ਹੋ ਜਾਂਦੇ ਹਨ। ਗੁਰੂ ਜੀ ਕਹਿੰਦੇ ਹਨ:

ਜਹਾਂ ਕਾ ਉਪਜਯਾ ਤਹਾਂ ਵਿਲਾਈ।[61]

ਜਲ ਕੇ ਤਰੰਗ ਜਲ ਮਾਹਿੰ ਸਮਾਈ, ਕਹਿ ਕਾ ਕੋ ਨਾਂਵ ਧਰਿਯੈ।[62]

ਜੀਵ ਦੀ ਬ੍ਰਹਮ ਤੋਂ ਵੱਖਰੀ ਕੋਈ ਹੋਂਦ ਨਹੀਂ ਹੈ। ਅੰਸ਼ ਰੂਪ ਜੀਵ, ਅੰਸ਼ੀ ਰੂਪ

ਬ੍ਰਹਮ ਵਿਚੋਂ ਹੀ ਪੈਦਾ ਹੁੰਦਾ ਹੈ ਅਤੇ ਉਸ ਵਿਚ ਹੀ ਲੀਨ ਹੋ ਜਾਂਦਾ ਹੈ। ਗੁਰੂ ਰਵਿਦਾਸ ਅਨੁਸਾਰ ਉਹ ਅਵਿਨਾਸ਼ੀ ਪ੍ਰਭੂ ਹੀ ਜੀਵ, ਜਗਤ ਅਤੇ ਮਾਇਆ ਦਾ ਸਿਰਜਕ ਹੈ, ਸਾਰੀ ਵਿਅਕਤ ਰਚਨਾ ਉਸ ਦਾ ਹੀ ਕਮਾਲ ਹੈ:

ਪੰਚ ਤਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[63]

ਜੋ ਅਵਿਨਾਸੀ ਸਬ ਕਾ ਕਰਤਾ, ਵਯਾਪ ਰਹਯੋ ਸਬ ਠੌਰ ਰੇ।[64]

ਗੁਰੂ ਜੀ ਦਾ ਕਥਨ ਹੈ ਕਿ ਜਿਸ ਪਰਮਾਤਮਾ ਨੇ ਜੀਵ ਦੀ ਉਤਪੱਤੀ ਕੀਤੀ ਹੈ, ਜਿੰਦ-ਜਾਨ ਬਖਸ਼ੀ ਹੈ, ਉਹ ਹੀ ਉਸ ਤਕ ਰੋਜ਼ੀ ਵੀ ਪਹੁੰਚਾਉਂਦਾ ਹੈ। ਸਿਰਜਨਹਾਰ ਪ੍ਰਭੂ ਹੀ ਸਭ ਜੀਵਾਂ ਵਿਚ ਵਸਦਾ, ਸਭ ਦੀਆਂ ਲੋੜਾਂ ਦੀ ਪੂਰਤੀ ਕਰਦਾ, ਸਾਰਿਆਂ ਦੇ ਰਿਜ਼ਕ ਆਦਿ ਦਾ ਪ੍ਰਬੰਧ ਕਰ ਰਿਹਾ ਹੈ:

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ, ਸਭ ਘਟ ਭੀਤਰਿ ਹਾਟੁ ਚਲਾਵੈ।[65]

ਪ੍ਰਸ਼ਨ ਉਪਨਿਸ਼ਦ ਦਾ ਕਥਨ ਹੈ ਕਿ ਉਸਨੇ ਪ੍ਰਾਣਾਂ ਦੀ ਸਿਰਜਣਾ ਕੀਤੀ। ਪ੍ਰਾਣਾਂ ਤੋਂ ਸ਼ਰਧਾ, ਅਗਨੀ, ਆਕਾਸ਼, ਵਾਯੂ, ਪ੍ਰਕਾਸ਼, ਜਲ, ਪ੍ਰਿਥਵੀ, ਇੰਦਰੀਆਂ, ਮਨ, ਅੰਨ, ਵੀਰਯ, ਤਪ, ਮੰਤਰ, ਕਰਮ, ਲੋਕਾਂ ਦੀ ਸਿਰਜਣਾ ਕੀਤੀ ਅਤੇ ਉਨ੍ਹਾਂ ਲੋਕਾਂ ਦਾ ਨਾਂ ਵੀ ਧਾਰਿਆ।"[66] ਗੁਰੂ ਰਵਿਦਾਸ ਜੀ ਅਨੁਸਾਰ ਉਹ ਪ੍ਰਭੂ ਹੀ ਸਾਰੇ ਜਗਤ ਦਾ ਕਰਤਾ, ਹਰਤਾ, ਪਾਲਣਹਾਰ ਅਤੇ ਸੁਆਮੀ ਹੈ:

ਸਰਵੇਸ਼ਵਰ ਸਰਬੰਗੀ ਸਰਵਗਤਿ ਕਰਤਾ, ਹਰਤਾ ਸੋਈ।[67]

ਕਰਤਾ ਹਰਤਾ ਜਗਤ ਕੋ, ਭਜੈ ਤਾਂਹਿ ਰਵਿਦਾਸ।[68]

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।[69]

ਇਸ ਪ੍ਰਕਾਰ ਗੁਰੂ ਰਵਿਦਾਸ ਜੀ ਨੇ ਬ੍ਰਹਮ ਨੂੰ ਇਕ ਅਜਿਹੀ ਸੂਖਮ ਸ਼ਕਤੀ ਮੰਨਿਆ ਹੈ ਜੋ ਜੀਵ-ਜਗਤ ਦੀ ਕਰਤਾ ਹੈ, ਸਭ ਦਾ ਆਧਾਰ ਹੈ, ਸਭ ਦੇ ਅੰਦਰ-ਬਾਹਰ ਵਿਆਪਕ ਹੈ ਅਤੇ ਸਭ ਥਾਂ ਰਮਿਆ ਹੋਇਆ ਹੈ। ਉਹ ਜੀਵ ਦੀ ਉਤਪੱਤੀ ਦਾ ਕਾਰਨ ਵੀ ਹੈ, ਪਾਲਣ ਕਰਤਾ ਵੀ ਹੈ ਅਤੇ ਸੰਘਾਰ ਕਰਤਾ ਵੀ ਹੈ। ਗੁਰੂ ਰਵਿਦਾਸ ਵਾਣੀ ਵਿਚ ਇਸ ਤੱਥ ਨੂੰ ਵੀ ਸਵੀਕਾਰਿਆ ਗਿਆ ਹੈ ਕਿ ਜੀਵ ਕਰਮਾਂ ਦੇ ਵੱਸ ਪੈ ਕੇ ਵਾਰ-ਵਾਰ ਜੰਮਣ-ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈ। ਪ੍ਰਭੂ-ਪ੍ਰੀਤ ਦੀ ਅਣਹੋਂਦ ਕਾਰਨ ਇਹ ਜਮਾਂ ਦੀ ਮਾਰ ਸਹਿ ਰਿਹਾ ਆਵਾਗਵਨ

ਵਿਚ ਭਟਕਦਾ ਫਿਰਦਾ ਹੈ:

ਅਨਿਕ ਬਾਰ ਜੰਮੇ ਅਰੁ ਮਰਿਓ ।[70]

ਲਿਯੋ ਵਿਵਿਧ ਜੋਨਿ ਬਾਸ, ਜਮ ਕੀ ਅਗਮ ਤ੍ਰਾਸ
ਤੁਮਰੇ ਭਜਨ ਬਿਨ ਭ੍ਰਮਤ ਫਿਰਯੋ ।[71]

## 4.1.5. ਸਰੀਰ ਦੀ ਸਰੰਚਨਾ ਅਤੇ ਆਤਮਾ ਦਾ ਨਿਵਾਸ

ਗੁਰੂ ਰਵਿਦਾਸ ਵਾਣੀ ਵਿਚ ਮਨੁੱਖੀ ਦੇਹਿ ਨੂੰ ਇਸ ਲਈ ਸਰਵ-ਉੱਤਮ ਮੰਨਿਆ ਗਿਆ ਹੈ ਕਿਉਂਕਿ ਇਸ ਵਿਚ ਆਤਮਾ ਦਾ ਨਿਵਾਸ ਹੈ। ਇਸ ਦੇਹਿ ਦੀ ਸਰੰਚਨਾ ਸੰਬੰਧੀ ਵਾਣੀ ਵਿਚ ਵਿਸਤ੍ਰਿਤ ਵਰਨਣ ਮਿਲਦਾ ਹੈ। ਗੁਰੂ ਜੀ ਅਨੁਸਾਰ ਇਹ ਸਰੀਰ ਪੰਜ ਤੱਤਾਂ ਪੌਣ, ਪਾਣੀ ਅਗਨੀ, ਧਰਤੀ ਤੇ ਆਕਾਸ਼ ਦੇ ਸੁਮਿਸ਼੍ਰਣ ਤੋਂ ਹੋਂਦ ਵਿਚ ਆਉਂਦਾ ਹੈ:

ਪਾਂਚ ਤਤ ਕੋ ਯਹੁ ਰਥ ਸਾਜਯੋ, ਅਰਧੈ-ਉਰਧ ਨਿਵਾਸਾ।[72]

ਪਾਂਚ ਤਤ ਜਿਨਿ ਕੀਯਾ ਪਾਸਾਰਾ, ਮੈਂ ਯੇਹੀ ਕਿਧੂ ਔਰ ਰੇ।[73]

ਗੁਰੂ ਰਵਿਦਾਸ ਜੀ ਨੇ ਮਨੁੱਖੀ ਸਰੀਰ ਦੀ ਸਰੰਚਨਾ ਦਾ ਪ੍ਰਭਾਵਸ਼ਾਲੀ ਚਿੱਤਰ ਆਪਣੀ ਵਾਣੀ ਵਿਚ ਉਲੀਕਿਆ ਹੈ। ਉਨ੍ਹਾਂ ਨੇ ਬੜੀ ਸੰਜਮ ਤੇ ਕਾਵਿ-ਮਈ ਵਿਗਿਆਨਕ ਵਿਧੀ ਦੁਆਰਾ ਮਨੁੱਖੀ ਸਰੀਰ ਨੂੰ ਆਤਮਾ ਦੇ ਨਿਵਾਸ-ਸਥਾਨ ਦੇ ਰੂਪ ਵਿਚ ਚਿਤਰਿਆ ਹੈ। ਇਸ ਸਰੀਰ ਦੀਆਂ ਦੀਵਾਰਾਂ ਦਾ ਨਿਰਮਾਣ ਜਲ-ਰੂਪੀ ਤੱਤ ਤੋਂ ਹੋਇਆ ਹੈ, ਸੁਆਸਾਂ ਰੂਪੀ ਥੰਮੀ ਨੇ ਇਸ ਨੂੰ ਸਹਾਰਾ ਦਿੱਤਾ ਹੈ ਅਤੇ ਦੇਹਿ ਦੀ ਕੰਧ ਦੇ ਨਿਰਮਾਣ ਵਿਚ ਵਰਤਿਆ ਗਿਆ ਗਾਰਾ ਮਾਤਾ ਦੇ ਰਕਤ ਅਤੇ ਪਿਤਾ ਦੇ ਵੀਰਯ(ਬੂੰਦ) ਤੋਂ ਤਿਆਰ ਹੋਇਆ ਹੈ। ਇਸ ਤੋਂ ਇਲਾਵਾ ਹੱਡੀਆਂ, ਮਾਸ ਅਤੇ ਨਾੜੀਆਂ ਤੋਂ ਇਹ ਮਨੁੱਖੀ ਪਿੰਜਰ ਬਣਿਆ ਹੈ ਅਤੇ ਇਸ ਦੇਹਿ-ਰੂਪ 'ਭਵਨ' ਵਿਚ ਪੰਛੀ-ਰੂਪ ਆਤਮਾ ਨਿਵਾਸ ਕਰਦੀ ਹੈ। ਡਾ. ਐਸ.ਐਸ.ਭੱਟੀ ਅਨੁਸਾਰ, "ਨਾਸ਼ਵਾਨ ਸਰੀਰ ਅਤੇ ਅਮਰ ਆਤਮਾ ਵਿਚਲੇ ਦੇਸ਼, ਕਾਲ ਵਾਚੀ ਸੰਬੰਧਾਂ ਵਰਗੇ ਅਜਿਹੇ ਗੂੜ੍ਹ ਵਿਸ਼ੇ ਦੇ ਸੰਬੰਧ ਵਿਚ ਇਕ ਹੱਦ ਦਰਜੇ ਦੇ ਰਹੱਸਵਾਦੀ ਅਨੁਭਵ ਦਾ ਚਿਤ੍ਰਣ ਕਰਨ ਲਈ ਗੁਰੂ ਰਵਿਦਾਸ ਵਲੋਂ ਇਸ ਭਵਨ ਕਲਾਤਮਕ ਰੂਪਕ ਦੀ ਵਰਤੋਂ ਕਰਨਾ ਵਾਕਈ ਵਿਲੱਖਣ ਪ੍ਰਾਪਤੀ ਹੈ।"[74] ਗੁਰੂ ਰਵਿਦਾਸ ਜੀ ਨੇ ਸੁੰਦਰ ਰਹੱਸਵਾਦੀ ਰੂਪਕ ਦੁਆਰਾ ਸਰੀਰ ਦੀ ਸਰੰਚਨਾ ਨੂੰ ਰੂਪਮਾਨ ਕੀਤਾ ਹੈ:

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।
ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ।[75]

ਕਠਉਪਨਿਸ਼ਦ ਵਿਚ ਸਰੀਰ ਨੂੰ ਰੱਥ ਮੰਨ ਕੇ ਆਤਮਾ ਨੂੰ ਇਸ ਦਾ ਸੁਆਮੀ ਅਤੇ ਬੁੱਧੀ ਨੂੰ ਸਾਰਥੀ ਅਥਵਾ ਕੋਚਵਾਨ ਕਿਹਾ ਗਿਆ ਹੈ। ਇਸ ਸਰੀਰ-ਰੂਪੀ ਰੱਥ ਦੀਆਂ ਲਗਾਮਾਂ ਮਨ ਦੇ ਹੱਥ ਵਿਚ ਹਨ।[76] ਗੁਰੂ ਰਵਿਦਾਸ ਵਾਣੀ ਵਿਚ ਵੀ ਰਥ-ਰੱਥੀ ਦੇ ਇਸ ਰੂਪਕ ਨੂੰ ਬੜੇ ਹੀ ਸਰਲ ਤੇ ਸਪੱਸ਼ਟ ਸ਼ਬਦਾਂ ਵਿਚ ਸਵੀਕਾਰਦਿਆਂ ਕਿਹਾ ਹੈ ਕਿ ਇਸ ਰੱਥ ਰੂਪੀ ਸਰੀਰ ਨੂੰ ਚਲਾਉਣ ਵਾਲੀ ਆਤਮਾ ਬੜੀ ਹੀ ਚਤੁਰ ਹੈ:

ਰਥ ਕੋ ਚਤੁਰ ਚਲਾਵਣ ਹਾਰੋ
ਖਿਣ ਹਾਂਕੇ ਖਿਣ ਉਭੇ ਰਾਖੈ, ਨਹੀਂ ਆਨ ਕੋ ਸਾਰੋ ।[77]

ਗੁਰੂ ਰਵਿਦਾਸ ਅਨੁਸਾਰ ਇਹ ਸਰੀਰ ਨਾਸ਼ਵਾਨ ਹੈ, ਭਾਦੋਂ ਦੇ ਮਹੀਨੇ ਵਿਚ ਉੱਗੀ ਖੁੰਬ ਦੇ ਸਮਾਨ ਥੋੜ੍ਹ ਚਿਰਾ ਹੀ ਨਹੀਂ ਬਲਕਿ ਉਸ ਤੋਂ ਵੀ ਛੇਤੀ ਮਰ-ਮੁਕਣ ਵਾਲਾ ਅਤੇ ਪਲ ਵਿਚ ਭਸਮ ਹੋਣ ਵਾਲਾ ਹੈ। ਮਨੁੱਖ ਤਾਂ ਐਵੇਂ ਗਰਵ ਅਥਵਾ ਹਉਮੈਂ, ਹੰਕਾਰ ਵਿਚ ਬਉਲਾ, ਬਾਵਰਾ ਹੋਇਆ ਫਿਰਦਾ ਹੈ। ਆਪ ਕਹਿੰਦੇ ਹਨ:

ਤੂ ਕਾਂਇ ਗਰਬਹਿ ਬਾਵਲੀ, ਜੈਸੇ ਭਾਦਉ ਖੂੰਬ ਰਾਜ।
ਤੂ ਤਿਸ ਤੇ ਖਰੀ ਉਤਾਵਲੀ। ਰਹਾਉ ।[78]
ਜਲ ਥਲ, ਬਾਊ-ਅਗਨ ਕੋ ਪੁਤਰਾ ਛਿਨ ਮਹਿੰ ਹੋਹਿ ਭਸਮਾਤ।[79]

ਗੁਰੂ ਰਵਿਦਾਸ ਨੇ ਮਨੁੱਖੀ ਸਰੀਰ ਦੀ ਤੁਲਨਾ ਮਿੱਟੀ ਦੇ ਪੁਤਲੇ ਨਾਲ ਕੀਤੀ ਹੈ, ਇਸ ਨੂੰ ਘਾਹ ਦੀ ਢੇਰੀ ਕਿਹਾ ਹੈ ਜਿਸ ਨੇ ਅੰਤ ਕਾਲ ਘਾਹ ਵਾਂਗ ਹੀ ਜਲ ਕੇ ਮਿੱਟੀ-ਰੂਪ ਬਣ ਜਾਣਾ ਹੈ:

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।[80]
ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ, ਜਲਿ ਗਇਓ ਘਾਸੁ ਰਲਿ ਗਇਓ ਮਾਟੀ।[81]

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਸਰੀਰ ਦੀ ਸਰੰਚਨਾ ਦਾ ਸੁੰਦਰ ਅਤੇ ਪ੍ਰਭਾਵਸ਼ਾਲੀ ਚਿੱਤਰ ਅੰਕਿਤ ਕਰਕੇ ਇਸ ਨੂੰ ਨਾਸ਼ਵਾਨ, ਥੋੜ੍ਹ-ਚਿਰਾ, ਫਨਾਹ ਅਤੇ ਭਸਮ ਦੀ

ਵੇਰੀ ਸਮਾਨ ਦਰਸਾਇਆ ਗਿਆ ਹੈ। ਪਰੰਤੂ ਇਸ ਮਨੁੱਖੀ ਦੇਹਿ ਵਿਚ ਆਤਮ-ਤੱਤ ਹੋਣ ਕਾਰਨ ਇਸ ਨੂੰ ਪਰਮਾਤਮਾ ਦੀ ਸਰਵ-ਉੱਤਮ ਰਚਨਾ ਮੰਨਿਆ ਜਾਂਦਾ ਹੈ। ਜੀਵ-ਬ੍ਰਹਮ ਵਿਚ ਕੋਈ ਅੰਤਰ ਨਹੀਂ, ਕੇਵਲ ਮਾਇਆ ਅਤੇ ਅਵਿਦਿਆ ਕਾਰਨ ਹੀ ਅੰਤਰ ਦਿਖਾਈ ਦਿੰਦਾ ਹੈ। ਵਾਸਤਵ ਵਿਚ ਜੀਵਾਤਮਾ ਹੀ ਬ੍ਰਹਮ-ਰੂਪ ਹੈ, ਪਰੰਤੂ ਮਾਇਆ-ਵੱਸ ਅਗਿਆਨਤਾ ਅਤੇ ਕਰਮ-ਫਲ ਦੇ ਕਾਰਨ ਇਹ ਸਰੀਰ ਰੂਪੀ ਪਿੰਜਰੇ ਵਿਚ ਇਕ ਬੇਵੱਸ ਪੰਛੀ ਵਾਂਗ ਗ਼ੁਲਾਮ ਹੋ ਕੇ ਰਹਿ ਜਾਂਦੀ ਹੈ।[82] ਗੁਰੂ ਰਵਿਦਾਸ ਵਾਣੀ ਵਿਚ ਮਨੁੱਖ ਦੇ ਆਂਤਰਿਕ ਜਗਤ ਅਰਥਾਤ ਸੂਖਮ ਸਰੀਰ ਨੂੰ ਹਉਮੈਂ, ਮਨ, ਬੁੱਧੀ, ਸੁਰਤਿ, ਆਤਮਾ ਆਦਿ ਦੇ ਪ੍ਰਤੀਕਾਂ ਦੁਆਰਾ ਵਰਣਿਤ ਕੀਤਾ ਗਿਆ ਹੈ।

### 4.1.6. ਗੁਰੂ ਰਵਿਦਾਸ ਵਾਣੀ ਅਨੁਸਾਰ ਜੀਵ ਦੀਆਂ ਕਿਸਮਾਂ

ਗੁਰੂ ਰਵਿਦਾਸ ਅਨੁਸਾਰ ਜੀਵਾਤਮਾ ਤਾਂ ਬ੍ਰਹਮ ਦੀ ਅੰਸ਼ ਹੈ, ਪਰੰਤੂ ਅਵਿਦਿਆ ਅਤੇ ਮੋਹ-ਵੱਸ ਇਹ ਅਨਮੋਲ ਜੀਵਨ ਵਿਅਰਥ ਜਾ ਰਿਹਾ ਹੈ, ਹਉਮੈਂ, ਹੰਕਾਰ, ਕਰਮਾਂ ਦੇ ਵੱਸ ਅਥਵਾ ਤਮੋ, ਸਤੋ, ਰਜੋ ਗੁਣਾਂ ਦੇ ਅੰਤਰਗਤ ਜੀਵਨ ਸੰਸਾਰਿਕ ਬੰਧਨਾਂ ਵਿਚ ਬੱਝਕੇ ਵਿਵੇਕ ਹੀਣ ਹੋ ਗਿਆ ਹੈ, ਉਸਦੀ ਸੂਝ ਸਮਝ ਮਾਰੀ ਗਈ ਹੈ। ਆਪ ਕਹਿੰਦੇ ਹਨ:

ਅੰਤਿ ਅਹੰਕਾਰ ਉਰ ਮਹੈ ਸਤ ਰਜ, ਤਾਂ ਮੈਂ ਰਹਯੋ ਉਰਝਾਈ।
ਕ੍ਰਮ ਬਸਿ ਬਝਿ ਪਰਯੋ ਕਛੂ ਨ ਸੂਝੈ, ਸ੍ਵਾਮੀ ਨਾਂਵ ਭੁਲਾਈ।[83]

ਗੁਰੂ ਰਵਿਦਾਸ ਵਾਣੀ ਵਿਚ ਦੋ ਪ੍ਰਕਾਰ ਦੇ ਜੀਵ ਦ੍ਰਿਸ਼ਟੀਗੋਚਰ ਹੁੰਦੇ ਹਨ: ਬੱਧ ਅਤੇ ਮੁਕਤ ਜੀਵ। ਆਚਾਰੀਆ ਨਿੰਬਾਰਕ ਦੇ ਦ੍ਵੈਤ-ਅਦ੍ਵੈਤ ਮੱਤ ਅਨੁਸਾਰ ਵੀ ਜੀਵ ਉਕਤ ਦੋਨੋਂ ਪ੍ਰਕਾਰ ਦੇ ਹਨ। ਬੱਧ ਜੀਵ ਸੰਸਾਰ ਦੇ ਬੰਧਨਾਂ ਵਿਚ ਜਕੜੇ ਹੋਏ ਹਨ ਅਤੇ ਮੁਕਤ ਜੀਵ ਪ੍ਰਭੂ ਦੀ ਮਿਹਰ ਸਦਕਾ ਬੰਧਨ ਅਤੇ ਕਲੇਸ਼ ਤੋਂ ਨਿਵਿਰਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਗੁਰੂ ਜੀ ਦੀ ਵਾਣੀ ਵਿਚ ਦੋਨੋਂ ਤਰ੍ਹਾਂ ਦੇ ਜੀਵਾਂ ਦਾ ਵਰਣਨ ਉਪਲਬਧ ਹੈ:

**ਬੱਧ ਜੀਵ:**

ਗੁਰੂ ਜੀ ਅਨੁਸਾਰ ਬੱਧ ਜੀਵਾਂ ਦੀ ਬੁੱਧੀ ਮਾਇਆ ਦੇ ਪ੍ਰਭਾਵ ਅਧੀਨ ਵਿਸ਼ੇ-ਵਿਕਾਰਾਂ ਵਿਚ ਪੈ ਕੇ ਮਲੀਨ ਹੋ ਜਾਂਦੀ ਹੈ। ਉਹ ਖੂਹ ਦੇ ਡੱਡੂ ਵਾਂਗ ਭਰਮਾਂ ਅਤੇ ਸ਼ੰਕਿਆਂ

ਦੀਆਂ ਦੀਵਾਰਾਂ ਦੇ ਬੰਧਨਾਂ ਵਿਚ ਬੱਝੇ ਹੋਏ ਅਗਿਆਨ ਵੱਸ ਦੁਖੀ ਜੀਵਨ ਜਿਊਂਦੇ ਹਨ। ਅਜਿਹੇ ਜੀਵਾਂ ਨੂੰ ਲੋਕ-ਪਰਲੋਕ ਜਾਂ ਆਤਮਾ-ਪਰਮਾਤਮਾ ਦੀ ਕੋਈ ਸੋਝੀ ਨਹੀਂ ਹੁੰਦੀ:

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ।
ਮਲਿਨ ਭਈ ਮਤਿ ਮਾਧਵਾ ! ਤੇਰੀ ਗਤਿ ਲਖੀ ਨ ਜਾਇ।[84]

ਬੱਧ ਜੀਵਾਂ ਦੇ ਭਰਮਾਂ, ਸ਼ੰਕਿਆਂ ਦੀ ਗੰਢ ਨਹੀਂ ਖੁਲ੍ਹਦੀ, ਮਾਇਆ ਦੇ ਪੰਜ ਵਿਕਾਰ ਉਨ੍ਹਾਂ ਨੂੰ ਲੁੱਟੀ ਜਾ ਰਹੇ ਹਨ, ਪਰੰਤੂ ਉਹ ਫਿਰ ਸਮਝਦੇ ਨਹੀਂ, ਪਰਮਾਰਥ ਵਾਲੇ ਪਾਸੇ ਲਗਦੇ ਨਹੀਂ, ਬਉਰਿਆਂ ਵਾਂਗ ਭੁੱਲੇ ਭਟਕੇ ਫਿਰਦੇ ਹਨ:

ਦੇਵ! ਸੰਸੇ ਗਾਂਠਿ ਨ ਛੂਟੈ, ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ।

- - - - - - - - - - - - - - - - - - - - - - - - - -

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੈ ਜੈਸੇ ਬਉਰੇ।[85]

ਅਜਿਹੇ ਜੀਵ ਨੂੰ ਆਪਣੇ ਆਪੇ ਦਾ, ਆਪਣੇ ਪਹਿਰਾਵੇ ਦਾ ਹੰਕਾਰ ਹੋ ਜਾਂਦਾ ਹੈ ਅਤੇ ਉਹ ਆਪਣੀ ਵਾਸਤਵਿਕਤਾ ਨੂੰ ਭੁੱਲ ਜਾਂਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਅਜਿਹੀ ਗਰਵ-ਗ੍ਰਸੀ ਅਰਥਾਤ ਹੰਕਾਰੀ ਹੋਈ ਜੀਵਾਤਮਾ ਨੂੰ ਕੋਈ ਢੋਈ ਨਹੀਂ ਮਿਲਦੀ, ਕੋਈ ਸਹਾਰਾ ਨਹੀਂ ਮਿਲ ਸਕਦਾ ਅਤੇ ਅਜਿਹਾ ਬੱਧ-ਜੀਵ ਹੰਕਾਰ ਭਾਵਨਾ ਅਧੀਨ ਖੱਜਲ-ਖੁਆਰ ਹੁੰਦਾ ਹੈ, ਕਾਂ ਰੂਪੀ ਕਾਲ ਹਰ ਦਮ ਉਸ ਨੂੰ ਆਵਾਜ਼ਾਂ ਮਾਰਦਾ ਹੈ:

ਤੁਝਹਿ ਸੁਝੰਤਾ ਕਛੂ ਨਾਹਿ ਪਹਿਰਾਵਾ ਦੇਖੇ ਊਭਿ ਜਾਹਿ।
ਗਰਬਵਤੀ ਕਾ ਨਾਹੀ ਠਾਉ ਤੇਰੀ ਗਰਦਨ ਊਪਰਿ ਲਵੈ ਕਾਉ।[86]

ਗੁਰੂ ਰਵਿਦਾਸ ਜੀ ਨੇ ਆਪਣੀ ਵਾਣੀ ਵਿਚ ਅਜਿਹੇ ਬੱਧ ਜੀਵ ਦਾ ਸੁੰਦਰ ਚਿੱਤਰ ਉਲੀਕਿਆ ਹੈ ਜੋ ਮਾਇਆ ਦੇ ਜਾਲ ਵਿਚ ਫਸ ਕੇ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਅਜੀਬ ਅਤੇ ਹਾਸੋ-ਹੀਣੇ ਨਾਚ ਨਚ ਰਿਹਾ ਹੈ। ਮਾਇਆਵੀ ਵਸਤਾਂ ਲਈ ਉਸ ਦੀ ਇੱਧਰ-ਉੱਧਰ ਦੌੜ ਲੱਗੀ ਹੋਈ ਹੈ। ਮਿੱਟੀ ਦਾ ਪੁਤਲਾ, ਸੰਸਾਰਕ ਹਿਰਸ ਵਿਚ ਜਕੜਿਆ ਹੋਇਆ ਜੀਵ ਕਦੇ ਇੱਧਰ ਤੇ ਕਦੇ ਉੱਧਰ ਝਾਕਦਾ ਹੈ, ਕਦੇ ਕੁਝ ਸੁਣਦਾ ਹੈ, ਕਦੇ ਕੁਝ ਬੋਲਦਾ ਹੈ, ਕਦੇ ਪਦਾਰਥਕ ਪ੍ਰਾਪਤੀ ਤੇ ਗਰਵ ਕਰਦਾ ਹੈ ਅਤੇ ਜਦੋਂ ਕੁਝ ਗੁਆਚ ਜਾਂਦਾ ਹੈ ਤਾਂ ਆਪਣੇ ਨੁਕਸਾਨ

ਉੱਤੇ ਰੋਂਦਾ, ਚੀਖ਼ਦਾ-ਚਿਲਾਉਂਦਾ ਹੈ:

> ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ, ਦਉਰਿਓ ਫਿਰਤੁ ਹੈ।
> ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ, ਮਾਇਆ ਗਈ ਤਬ ਰੋਵਨੁ ਲਗਤ ਹੈ।[87]

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਦ੍ਰਿਸ਼ਟਮਾਨ ਬੱਧ ਜੀਵ ਮਾਇਆ ਦੇ ਬੰਧਨਾਂ ਵਿਚ ਬੱਝਿਆ, ਵਿਸ਼ੇ-ਵਿਕਾਰਾਂ, ਭਰਮਾਂ ਅਤੇ ਸ਼ੰਕਿਆਂ ਦਾ ਸ਼ਿਕਾਰ ਹੋਇਆ ਅਗਿਆਨੀ ਜੀਵ ਹੈ ਜੋ ਦੁਖੀ ਜੀਵਨ ਜਿਉਂਦਾ ਆਪਣੇ ਕਰਮਾਂ ਕਾਰਨ ਮਰਨ-ਜੰਮਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਬ੍ਰਹਮ ਦੀ ਅੰਸ਼ ਇਹ ਜੀਵ ਇਸ ਸੰਸਾਰ ਦੀ ਮਾਇਆ ਵਿਚ ਪੈ ਕੇ ਆਪਣੇ ਸਤਿ-ਸਰੂਪ ਨੂੰ ਵਿਸਾਰ ਦਿੰਦਾ ਹੈ। ਉਹ ਇਹ ਵੀ ਨਹੀਂ ਜਾਣਦਾ ਕਿ ਉਹ ਪਾਰਬ੍ਰਹਮ ਦੀ ਅੰਸ਼ ਹੈ। ਅਵਿਦਿਆ ਦੇ ਕਾਰਨ ਉਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ। ਉਹ ਮਨ, ਮਾਇਆ ਦੇ ਹੱਥ ਵਿਕ ਕੇ ਖੱਜਲ-ਖੁਆਰ ਹੁੰਦਾ ਹੈ।

<u>ਮੁਕਤ ਜੀਵ</u>

ਗੁਰੂ ਰਵਿਦਾਸ ਵਾਣੀ ਵਿਚ ਮੁਕਤ ਜੀਵਾਂ ਦਾ ਵੀ ਵਰਣਨ ਕੀਤਾ ਗਿਆ ਹੈ। ਅਜਿਹੇ ਜੀਵ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ ਹੋਏ ਸਦਾਚਾਰਕ ਜੀਵਨ ਬਿਤਾਉਂਦੇ ਹਨ। ਉਹ ਸ਼ੁਭ ਕਰਮਾਂ, ਨਿਰਮਲ ਰਹਿਣੀ, ਬਹਿਣੀ, ਸਤਿਸੰਗ ਅਤੇ ਨਾਮ-ਸਿਮਰਨ ਦੁਆਰਾ ਪਰਮਾਤਮਾ ਦੀ ਕ੍ਰਿਪਾ, ਮਿਹਰ ਅਤੇ ਬਖ਼ਸ਼ਿਸ਼ ਦੇ ਪਾਤਰ ਬਣਦੇ ਹਨ। ਉਹ ਮਨ, ਬਚਨ ਤੇ ਕਰਮ ਰਾਹੀਂ ਪ੍ਰਭੂ-ਪ੍ਰੀਤ ਵਿਚ ਲੱਗੇ ਰਹਿੰਦੇ ਹਨ। ਪ੍ਰਭੂ-ਨਾਮ ਵਿਚ ਰੱਤੇ ਅਜਿਹੇ ਜੀਵ ਫਿਰ 'ਗੁਰ ਪਰਸਾਦਿ' ਦੁਆਰਾ ਨਰਕਾਂ ਦੀ ਅੱਗ ਤੋਂ ਬਚ ਜਾਂਦੇ ਹਨ, ਮੁਕਤ ਹੋ ਜਾਂਦੇ ਹਨ ਅਤੇ ਇਨ੍ਹਾਂ ਦੇ ਜਨਮ-ਜਨਮਾਂਤਰਾਂ ਦੇ ਲੇਖੇ ਕੱਟੇ ਜਾਂਦੇ ਹਨ:

> ਜਨ ਰਵਿਦਾਸ ਨਾਮ ਰੰਗਿ ਰਾਤਾ ।
> ਇਉ ਗੁਰ ਪਰਸਾਦਿ ਨਰਕ ਨਹੀਂ ਜਾਤਾ ।[88]
>
> ਹਰਿ ਕੇ ਨਾਮ ਕਬੀਰ ਉਜਾਗਰ, ਜਨਮ ਜਨਮ ਕੇ ਕਾਟੇ ਕਾਗਰ।[89]

ਅਜਿਹੇ ਜੀਵ ਹੀ ਸੰਤ-ਰੂਪ ਹਨ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਅਜਿਹੇ ਸੰਤ-ਰੂਪ ਜੀਵ ਅਤੇ ਅਨੰਤ-ਰੂਪ ਪ੍ਰਭੂ ਵਿਚ ਕੋਈ ਭੇਦ-ਭਿੰਨਤਾ ਬਾਕੀ ਨਹੀਂ ਰਹਿੰਦੀ। ਉਹ ਪ੍ਰਭੂ

ਰੂਪ ਹੀ ਹੋ ਜਾਂਦੇ ਹਨ:

ਰਵਿਦਾਸ ਭਣੈ, ਜੋ ਜਾਣੈ ਸੋ ਜਾਣੁ, ਸੰਤ ਅਨੰਤਹਿ ਅੰਤਰੁ ਨਾਹੀ।[90]

ਪ੍ਰਭੂ-ਭਗਤੀ ਵਿਚ ਲੀਨ ਰਹਿਣ ਵਾਲੇ ਸਾਧੂ-ਸੰਤ, ਉਸ ਦੀ ਮਹਿਮਾ ਗਾਉਣ ਵਾਲੇ ਭਗਤ-ਪਿਆਰੇ ਮੁਕਤ, ਨਿਰਮਲ ਜਨ ਹਨ ਜਿਹੜੇ 'ਹਰਿ ਬਿਨੁ ਅਉਰ ਨ ਜਾਨੈ' ਅਤੇ ਅਜਿਹੇ ਪ੍ਰਭੂ-ਪਿਆਰਿਆਂ ਦੀ ਬਰਾਬਰੀ ਤਾਂ 'ਪੰਡਿਤ ਸੂਰ ਛਤ੍ਰਪਤਿ ਰਾਜਾ' ਵੀ ਨਹੀਂ ਕਰ ਸਕਦਾ ਅਰਥਾਤ ਕੋਈ ਵੀ ਦੁਨਿਆਵੀ ਜੀਵ ਅਜਿਹੇ ਮੁਕਤ ਜੀਵਾਂ ਦੇ ਤੁਲ ਨਹੀਂ ਹੋ ਸਕਦਾ। ਗੁਰੂ ਜੀ ਦਾ ਫਰਮਾਨ ਹੈ:

ਭਣਤ ਰਵਿਦਾਸ ਰੰਰਕਾਰ ਗੁਣ ਗਾਵੰਤ, ਸੰਤ ਸਾਧੂ ਭਏ ਸਹਿਜ ਪਾਰੰ।[91]

ਹਰਿਜਨ ਹਰਿ ਬਿਨੁ ਅਉਰ ਨ ਜਾਨੈ, ਤਜੈ ਆਨ ਤਨੁ ਤਯਾਗੀ।
ਕਹੈ ਰਵਿਦਾਸ ਸੋਈ ਜਨੁ ਨਿਰਮਲ, ਨਿਸ ਦਿਨ ਨਿਜੁ ਅਨੁਰਾਗੀ।[92]

ਪੰਡਿਤ ਸੂਰ ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰ ਨ ਕੋਇ।[93]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਬੱਧ ਜੀਵ ਤਾਂ ਸੰਸਾਰਿਕ ਧੰਨ-ਦੌਲਤ, ਮੋਹ-ਮਾਇਆ, ਦੁਨਿਆਵੀ ਪਦਾਰਥਾਂ ਅਤੇ ਵਿਸ਼ੇ-ਵਿਕਾਰਾਂ ਦੀ ਜਕੜ ਵਿਚ ਬੱਝੇ ਹੁੰਦੇ ਹਨ, ਪਰ ਮੁਕਤ ਜੀਵ ਪ੍ਰਭੂ ਨੂੰ ਹੀ ਆਪਣੇ ਪ੍ਰੇਮ-ਬੰਧਨ ਵਿਚ ਅਜਿਹਾ ਬੰਨ੍ਹ ਲੈਂਦੇ ਹਨ ਕਿ ਉਹ ਆਪਣੇ ਭਗਤਾਂ ਦੇ ਪ੍ਰੇਮ-ਬੰਧਨ ਵਿਚੋਂ ਮੁਕਤ ਨਹੀਂ ਹੋ ਸਕਦਾ। ਪ੍ਰਭੂ ਨੂੰ ਪ੍ਰੇਮ-ਬੰਧਨ ਵਿਚ ਬੰਨ੍ਹ ਲੈਣ ਦਾ ਸੁੰਦਰ ਵਰਣਨ ਗੁਰੂ ਜੀ ਦੀ ਵਾਣੀ ਵਿਚੋਂ ਪ੍ਰਾਪਤ ਹੁੰਦਾ ਹੈ:

ਜਉ ਤੁਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧੇ।
ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ।[94]

ਪ੍ਰਭੂ ਨਾਮ ਵਿਚ ਰੰਗੇ ਹੋਏ ਮੁਕਤ ਜੀਵ ਦਾ ਜੀਵਨ ਪਰਮਾਤਮਾ ਨਾਲ ਅਜਿਹਾ ਇਕਸੁਰ ਹੋ ਜਾਂਦਾ ਹੈ ਕਿ ਹਰ ਸਥਿਤੀ ਅਤੇ ਹਰ ਰੂਪ ਵਿਚ ਉਹ ਪਰਮਾਤਮਾ ਨੂੰ ਨਿਹਾਰਦਾ ਹੈ। ਉਹ ਪ੍ਰਭੂ ਨਾਲ ਸੱਚੀ ਪ੍ਰੀਤ ਪਾ ਕੇ ਹੋਰ ਸਭ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ। ਆਪਣੇ ਮਾਲਕ ਤੋਂ ਬਿਨਾਂ ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ। ਆਪ ਲਿਖਦੇ ਹਨ:

ਜਉ ਤੁਮ ਗਿਰਿਵਰ ਤਉ ਹਮ ਮੋਰਾ, ਜਉ ਤੁਮ ਚੰਦ ਹਮ ਭਏ ਹੈਂ ਚਕੋਰਾ।

- - - - - - - - - - - - - - - - - - - - - - - -

ਜਉ ਤੁਮ ਦੀਵਰਾ ਤਉ ਹਮ ਬਾਤੀ, ਜਉ ਤੁਮ ਤੀਰਥ ਤਉ ਹਮ ਜਾਤੀ।[95]

ਉੱਠਦੇ-ਬੈਠਦੇ, ਚਲਦੇ-ਫਿਰਦੇ, ਸੌਂਦੇ-ਜਾਗਦੇ ਪ੍ਰਭੂ-ਭਗਤੀ, ਪ੍ਰਭੂ-ਸੇਵਾ ਹੀ ਮੁਕਤ ਜੀਵ ਦਾ ਪ੍ਰਮੁੱਖ ਤੇ ਅੰਤਮ ਲਕਸ਼ ਬਣ ਜਾਂਦੀ ਹੈ। ਉਹ ਜਿੱਧਰ ਵੀ ਨਜ਼ਰ ਮਾਰਦਾ ਹੈ ਪ੍ਰਭੂ-ਪ੍ਰੀਤਮ ਤੋਂ ਬਿਨਾਂ ਉਸ ਨੂੰ ਹੋਰ ਕੁਝ ਦਿਖਾਈ ਨਹੀਂ ਦਿੰਦਾ ਅਤੇ ਪਰਮਾਤਮਾ ਦੀ ਸੇਵਾ ਤੋਂ ਬਿਨਾਂ ਉਸ ਨੂੰ ਹੋਰ ਕੁਝ ਸੁਝਦਾ ਹੀ ਨਹੀਂ ਹੈ। ਦੁਨੀਆਂ ਵਿਚ ਕਿਤੇ ਵੀ, ਕੋਈ ਵੀ ਉਸ ਨੂੰ ਆਪਣੇ 'ਠਾਕੁਰ' ਵਰਗਾ ਦਿਖਾਈ ਨਹੀਂ ਦਿੰਦਾ। ਇਹ ਸਥਿਤੀ ਮੁਕਤ ਜੀਵ ਦੀ ਉੱਚਤਮ ਅਵਸਥਾ ਦੀ ਲਖਾਇਕ ਹੈ, ਉਸ ਨੂੰ ਜ਼ਰੇ-ਜ਼ਰੇ ,ਪੱਤੇ-ਪੱਤੇ ਅਤੇ ਹਰ ਜੀਵ ਵਿਚ ਪਰਮਾਤਮਾ ਹੀ ਨਜ਼ਰ ਆਉਂਦਾ ਹੈ ਅਤੇ ਉਹ ਪੁਕਾਰ ਉੱਠਦਾ ਹੈ:

ਜਹ ਜਹ ਜਾਉ ਤਹਾ ਤੇਰੀ ਸੇਵਾ, ਤੁਮ ਸੋ ਠਾਕੁਰੁ ਅਉਰੁ ਨ ਦੇਵਾ।[96]

ਮੁਕਤ ਜੀਵ ਸੁਚੇਤ ਸਦਗੁਣਾਂ ਦੇ ਧਾਰਨੀ, ਗਿਆਨੀ ਪੁਰਖ ਤੇ ਨਾਮ ਦੇ ਵਣਜਾਰੇ ਹੁੰਦੇ ਹਨ, ਉਹ ਸਹਿਜ ਦਾ ਵਪਾਰ ਕਰਦੇ ਹਨ ਅਤੇ ਪਰਮਸਤਿ ਵਿਚ ਲੀਨ ਹੋ ਜਾਂਦੇ ਹਨ। ਗੁਰੂ ਜੀ ਕਹਿੰਦੇ ਹਨ:

ਹਉ ਬਨਜਾਰੋ ਰਾਮ ਕੋ, ਮੇਰਾ ਟਾਂਡਾ ਲਾਦਿਆ ਜਾਇ ਰੇ। ਰਹਾਉ।
ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰੁ।[97]

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਬੱਧ ਅਥਵਾ ਅਗਿਆਨੀ ਅਤੇ ਮੁਕਤ ਜੀਵ ਦਾ ਵਿਸਤ੍ਰਿਤ ਵਰਣਨ ਅੰਕਿਤ ਹੈ। ਬੱਧ ਜੀਵ ਅਵਿਦਿਆ ਕਾਰਨ ਕਰਮਾਂ ਦੇ ਵੱਸ ਪਿਆ ਜਨਮ-ਮਰਨ ਦੇ ਚੱਕਰ ਵਿਚ ਭਟਕਦਾ ਹੋਇਆ ਦੁੱਖ-ਸੁੱਖ ਦਾ ਸਾਹਮਣਾ ਕਰ ਰਿਹਾ ਹੈ ਜਦਕਿ ਜਿਗਿਆਸੂ ਤੇ ਸਾਧਕ ਜੀਵ ਆਪਣੇ ਆਪ ਨੂੰ ਸਾਧ ਕੇ, ਦੁਨਿਆਵੀ, ਤ੍ਰਿਸ਼ਨਾਵਾਂ, ਖਾਹਿਸ਼ਾਂ ਅਤੇ ਵਿਕਾਰਾਂ ਉਪਰ ਕਾਬੂ ਪਾ ਕੇ ਮੁਕਤ ਅਵਸਥਾ ਪ੍ਰਾਪਤ ਕਰਨ ਦੇ ਯਤਨਾਂ ਵਿਚ ਹੈ। ਉਹ ਅਵਿਨਾਸ਼ੀ ਪ੍ਰਭੂ ਵਿਚ ਲੀਨ ਹੋ ਕੇ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ। ਗੁਰੂ ਜੀ ਦ੍ਰਿੜ ਵਿਸ਼ਵਾਸ ਤੇ ਪੂਰਨ ਭਰੋਸੇ ਨਾਲ ਅਜਿਹੇ ਜੀਵ ਦਾ ਚਿੱਤਰ ਉਲੀਕਦੇ ਹੋਏ ਕਹਿੰਦੇ ਹਨ ਕਿ ਮੁਕਤ ਜੀਵ ਨਰਕਾਂ ਦੀ ਅੱਗ ਅਤੇ ਜਮਾਂ ਦੇ ਡੰਡ ਤੋਂ ਬਚ ਜਾਂਦਾ ਹੈ:

ਮੋਹਿ ਜਮਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ।[98]

ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ।[99]

ਕਹਿ ਰਵਿਦਾਸ ਜੋ ਜਪੈ ਨਾਮ, ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ।[100]

## 4.1.7. ਗੁਰੂ ਰਵਿਦਾਸ ਵਾਣੀ ਵਿਚ ਜੀਵਾਤਮਾ ਦਾ ਸਰੂਪ

ਗੁਰੂ ਰਵਿਦਾਸ ਵਾਣੀ ਵਿਚ ਜੀਵ ਅਥਵਾ ਜੀਵਾਤਮਾ ਦੇ ਅਰਥ ਬੋਧਕ ਲਈ ਅਨੇਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਆਪ ਨੇ ਜੀਵਾਤਮਾ ਲਈ ਹੰਸ, ਰਥੀ, ਚਿਤ, ਮਨ, ਮਾਨਸ, ਮਿਟੀ ਕਾ ਪੁਤਰਾ, ਬਾਵਲੀ, ਬਉਰਾ, ਪ੍ਰਾਣੀ, ਜੀਉ, ਜੋਤਿ, ਘਟਿ, ਵਣਜਾਰਾ, ਨਾਦਾਨਿ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ।

### ਵਿਭਿੰਨ ਰੂਪਕਾਂ ਦੁਆਰਾ ਆਤਮ-ਵਰਣਨ

ਗੁਰੂ ਜੀ ਨੇ ਆਤਮਾ ਦੇ ਸਰੂਪ ਦਾ ਵਰਣਨ ਵਿਭਿੰਨ ਜੁਗਤਾਂ, ਵਿਧੀਆਂ ਅਤੇ ਢੰਗਾਂ ਦੁਆਰਾ ਕੀਤਾ ਹੈ। ਆਤਮਾ ਦੇ ਸਰੂਪ ਨੂੰ ਵਿਅਕਤ ਕਰਨ ਲਈ ਆਪਨੇ ਇਸ ਲਈ ਪੰਛੀ ਸ਼ਬਦ ਦਾ ਪ੍ਰਯੋਗ ਕੀਤਾ ਹੈ। ਗੁਰੂ ਰਵਿਦਾਸ ਵਾਣੀ ਵਿਚ ਆਤਮਾ ਕਿਤੇ ਹੰਸ-ਰੂਪ ਹੈ, ਕਿਤੇ ਜੋਤੀ-ਸਰੂਪ ਹੈ, ਕਿਤੇ ਮਨ-ਰੂਪ ਹੈ, ਕਿਤੇ ਇਸ ਨੂੰ ਪਰਮਸਤਿ ਸਰੂਪ ਦੁਆਰਾ ਰੂਪਮਾਨ ਕੀਤਾ ਗਿਆ ਹੈ ਅਤੇ ਕਿਤੇ ਰੱਥ-ਰੱਥੀ ਦੇ ਰੂਪਕ ਦੁਆਰਾ ਦ੍ਰਿਸ਼ਟਮਾਨ ਕੀਤਾ ਹੈ।

ਰਿਗਵੇਦ ਵਿਚ ਆਤਮਾ ਨੂੰ ਪੰਛੀ ਦੇ ਰੂਪਕ ਦੁਆਰਾ ਵਰਣਿਤ ਕੀਤਾ ਗਿਆ ਹੈ। ਇਥੇ ਆਤਮਾ ਤੇ ਪਰਮਾਤਮਾ ਦੀ ਤੁਲਨਾ ਇਕ ਬ੍ਰਿਛ ਤੇ ਬੈਠੇ ਮਿੱਤਰ ਭਾਵ ਰਖਣ ਵਾਲੇ ਦੋ ਪੰਛੀਆਂ ਨਾਲ ਕੀਤੀ ਗਈ ਹੈ।[101] ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵੀ ਆਤਮਾ ਲਈ ਪੰਛੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ।[102] ਗੁਰੂ ਰਵਿਦਾਸ ਜੀ ਨੇ ਆਪਣੀ ਵਾਣੀ ਵਿਚ ਆਤਮਾ ਲਈ 'ਪੰਖੀ' ਸ਼ਬਦ ਦੀ ਵਰਤੋਂ ਅਨੇਕ ਥਾਵਾਂ ਤੇ ਕੀਤੀ ਹੈ। ਰਿਗਵੇਦ ਅਨੁਸਾਰ ਉਨ੍ਹਾਂ ਨੇ ਵੀ ਆਤਮਾ ਦੀ ਤੁਲਨਾ ਬ੍ਰਿਛ ਉਪਰ ਬੈਠੇ ਪੰਛੀ ਨਾਲ ਕੀਤੀ ਹੈ। ਆਪ ਲਿਖਦੇ ਹਨ:

ਪ੍ਰਾਣੀ ਕਿਆ ਮੇਰਾ ਕਿਆ ਤੇਰਾ, ਜੈਸੇ ਤਰਵਰ ਪੰਖਿ ਬਸੇਰਾ।ਰਹਾਉ।[103]

ਅਰਥਾਤ ਇਸ ਪਦਾਰਥਕ ਤੇ ਨਾਸ਼ਵਾਨ ਸੰਸਾਰ ਵਿਚ ਕੋਈ ਵਸਤੂ ਵੀ ਅਜਿਹੀ ਨਹੀਂ ਜਿਸ ਨੂੰ ਜੀਵ ਆਪਣੀ ਬਣਾ ਸਕੇ, ਇਥੇ ਤਾਂ ਆਤਮਾ ਦੀ ਅਵਸਥਾ ਪੰਛੀਆਂ ਦੇ ਰੁੱਖਾਂ ਉੱਤੇ ਰੈਣ-ਬਸੇਰੇ ਵਾਂਗ ਹੀ ਥੋੜ੍ਹ-ਚਿਰੀ ਹੈ। ਫਿਰ ਕਹਿੰਦੇ ਹਨ ਕਿ ਆਤਮਾ ਰੂਪੀ ਨਿਮਾਣਾ ਪੰਛੀ ਸਰੀਰ ਰੂਪੀ ਹੱਡ, ਮਾਸ ਅਤੇ ਨਾੜਾਂ ਦੇ ਢਾਂਚੇ ਵਿਚ ਵਸ ਰਿਹਾ ਹੈ ਜਿਸ ਦਾ ਸਮਾਂ ਨਿਸ਼ਚਿਤ ਤੇ ਸੀਮਤ ਹੈ:

ਹਾਡ ਮਾਸ ਨਾੜੀ ਕੋ ਪਿੰਜਰੁ,ਪੰਖੀ ਬਸੈ ਬਿਚਾਰਾ।[104]

ਹੰਸ-ਰੂਪ ਆਤਮਾ

ਗੁਰੂ ਰਵਿਦਾਸ ਵਾਣੀ ਵਿਚ ਉਪਨਿਸ਼ਦਿਕ ਦਰਸ਼ਨ ਅਨੁਕੂਲ ਆਤਮਾ ਲਈ ਹੰਸ ਸ਼ਬਦ ਦਾ ਵਰਤੋਂ ਕੀਤੀ ਗਈ ਹੈ। ਗੁਰੂ ਜੀ ਨੇ ਸਰੀਰ ਦੀ ਨਾਸ਼ਵਾਨਤਾ ਦਰਸਾਉਂਦਿਆਂ ਇਸ ਅਟੱਲ ਸੱਚਾਈ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਨਿਸ਼ਚਿਤ ਸਮੇਂ ਤੇ ਇਸ ਹੰਸ ਰੂਪੀ ਆਤਮਾ ਨੇ ਸਰੀਰ ਨੂੰ ਤਿਆਗ ਕੇ ਉਡਾਰੀ ਭਰ ਲੈਣੀ ਹੈ, ਇਸ ਲਈ ਮਨੁੱਖ ਨੂੰ ਸਰੀਰਕ ਮੋਹ ਦਾ ਤਿਆਗ ਕਰਨਾ ਚਾਹੀਦਾ ਹੈ। ਹੰਸ-ਰੂਪ ਇਹ ਪੰਛੀ(ਆਤਮਾ) ਚੇਤਨ ਸਰੂਪ ਹੈ ਪਰ ਮਨੁੱਖ ਨੂੰ ਇਸ ਦੀ ਅਨੁਭੂਤੀ ਨਹੀਂ ਹੈ। ਗੁਰੂ ਜੀ ਲਿਖਦੇ ਹਨ:

ਕੋਟਿ ਜਤਨ ਕਰਿ ਜੋਗਿ ਤਪਿ ਹਾਰੈ,ਨਿਹਚਯ ਹੰਸਾ ਉਡਿ ਜਾਤਿ।[105]

ਜਾ ਦਿਨ ਇਹ ਹੰਸਾ ਉਰਿ ਜਾਇ ਹੈ ,ਛੋਟਿ ਠਠਰਿਯਾ ਤਨ ਕੀ।[106]

ਹੰਸ ਪੰਖੇਰੂ ਚੰਚਲ ਭਾਈ,ਸਮੁਝਿ ਪੇਖਿ ਮਨ ਮਾਹਿਂ।[107]

ਗੁਰੂ ਰਵਿਦਾਸ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਹੰਸ ਰੂਪੀ ਆਤਮਾ ਮਨੁੱਖੀ ਕਾਇਆ ਨਾਲ ਰਲਗਡ ਹੋ ਕੇ ਆਪਣੇ ਪਰਮ ਤੱਤ ਨੂੰ ਭੁੱਲੀ ਬੈਠੀ ਹੈ ਅਤੇ ਜਿਸ ਤਰ੍ਹਾਂ ਪਤਨੀ ਆਪਣੇ ਪਤੀ ਦੇ ਪਿਆਰ ਵਿਚ ਮਸਤ ਹੈ, ਇਸ ਤਰ੍ਹਾਂ ਹੀ ਹੇ ਜੀਵ! ਤੂੰ ਆਪਣੇ ਮਾਲਕ ਨਾਲ ਇਕਸੁਰ ਹੋ ਕੇ ਜੀਵਨ-ਮੁਕਤੀ ਦਾ ਨਕਸ਼ ਪੂਰਾ ਕਰ ਲੈ। ਆਪ ਦਾ ਫਰਮਾਨ ਹੈ:

ਕਾਇਆ ਹੰਸਿ ਪ੍ਰੀਤਿ ਹੈ, ਪ੍ਰਿਅ ਸੰਗਿ ਉਲਝੀ ਨਾਰਿ।
ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਤੂੰ ਕਾਰਜ ਲੇਹਿ ਸਵਾਰਿ।[108]

ਜੀਵ ਨੂੰ ਮੁਕਤੀ ਦਾ ਸਾਧਨ ਸਮਝਾਉਂਦਿਆਂ ਹੰਸ ਨੂੰ ਰੂਪਕ ਵਜੋਂ ਇਸਤੇਮਾਲ ਕਰਦੇ ਹੋਏ ਆਪ ਕਹਿੰਦੇ ਹਨ ਕਿ ਜਿਵੇਂ ਹੰਸ ਪਵਿੱਤਰ ਸਰੋਵਰ ਤੋਂ ਬਿਨਾਂ ਰਹਿ ਨਹੀਂ ਸਕਦਾ, ਇਸ ਤਰ੍ਹਾਂ ਦੀ ਪ੍ਰੀਤ ਹੀ ਤੂੰ ਆਪਣੇ ਪਿਆਰੇ ਨਾਲ ਪਾ ਲੈ, ਤਾਂ ਹੀ ਤੂੰ ਇਸ ਦੁਨੀਆਂ ਰੂਪੀ ਭਵਸਾਗਰ ਤੋਂ ਪਾਰ ਹੋ ਸਕਦਾ ਹੈਂ:

ਬਿਨ ਸਰਵਰ ਹੰਸ ਨ ਰਹਿ ਸਕੈ, ਮੁਕਤਾਹਲ ਆਧਾਰ।
ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਤੂੰ ਭਵਜਲਿ ਉਤਰਹਿ ਪਾਰ।[109]

## ਸ਼ੁੱਧ ਅਤੇ ਮੁਕਤ ਸਰੂਪ ਆਤਮਾ

ਗੁਰੂ ਰਵਿਦਾਸ ਵਾਣੀ ਵਿਚ ਆਤਮਾ ਦੇ ਸ਼ੁੱਧ, ਚੇਤਨ ਸਰੂਪ ਨੂੰ ਸਵੀਕਾਰਿਆ ਗਿਆ ਹੈ। ਪਰੰਤੂ ਅਵਿਦਿਆ ਦੇ ਕਾਰਨ, ਕਰਮਾਂ ਦੇ ਵੱਸ ਪੈ ਕੇ ਇਹ ਵਿਵੇਕ ਰੂਪੀ ਦੀਪਕ (ਆਤਮਾ) ਮਲੀਨ ਹੋ ਗਿਆ ਹੈ, ਅਤਿ ਗੰਦਾ ਤੇ ਮੈਲਾ ਹੋ ਗਿਆ ਹੈ:

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।[110]

ਮਾਧੋ ! ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ।[111]

ਗੀਤਾ ਵਿਚ ਵਰਣਿਤ ਹੈ ਕਿ ਆਤਮਾ ਅਮਰ ਹੈ, ਉਹ ਕਦੀ ਮਰਦੀ ਨਹੀਂ। ਜਿਸ ਤਰ੍ਹਾਂ ਮਨੁੱਖ ਆਪਣੇ ਪੁਰਾਣੇ ਬਸਤਰ ਤਿਆਗ ਕੇ ਨਵੇਂ ਪਹਿਨ ਲੈਂਦਾ ਹੈ, ਉਸ ਤਰ੍ਹਾਂ ਹੀ ਜੀਵਾਤਮਾ ਵੀ ਪੁਰਾਣੇ ਸਰੀਰ ਨੂੰ ਛੱਡ ਕੇ ਨਵੇਂ ਸਰੀਰ ਨੂੰ ਗ੍ਰਹਿਣ ਕਰ ਲੈਂਦੀ ਹੈ।[112] ਆਤਮਾ ਨਾ ਜੰਮਦੀ ਹੈ ਨਾ ਮਰਦੀ ਹੈ। ਇਹ ਅਜਨਮਾ, ਨਿਤਯ, ਸਨਾਤਨ, ਅਜਰ, ਅਮਰ ਅਤੇ ਪੁਰਾਣ ਹੈ, ਇਹ ਸਰੀਰ ਹੀ ਨਾਸ਼ਵਾਨ ਹੈ, ਮ੍ਰਿਤੂ ਨੂੰ ਪ੍ਰਾਪਤ ਹੁੰਦਾ ਹੈ।[113]

ਗੁਰੂ ਰਵਿਦਾਸ ਵਾਣੀ ਵਿਚ ਵੀ ਆਤਮਾ ਦੇ ਸੰਦਰਭ ਵਿਚ ਅਜਿਹੇ ਵਿਚਾਰ ਪ੍ਰਸਤੁਤ ਕੀਤੇ ਗਏ ਹਨ ਅਤੇ ਆਤਮਾ ਨੂੰ ਅਜਰ, ਅਮਰ, ਅਡੋਲ, ਅਭੇਖ ਤੇ ਅਰੂਪ ਕਿਹਾ ਗਿਆ ਹੈ। ਗੁਰੂ ਜੀ ਅਨੁਸਾਰ ਮੌਤ ਉਪਰੰਤ ਆਤਮਾ ਪੁਰਾਣੀ ਦੇਹਿ ਛੱਡਕੇ ਨਵੀਂ ਦੇਹਿ ਵਿਚ ਪ੍ਰਵੇਸ਼ ਕਰ ਲੈਂਦੀ ਹੈ ਅਤੇ ਆਪਣੇ ਕਰਮਾਂ ਦਾ ਹਿਸਾਬ-ਕਿਤਾਬ ਦਿੰਦੀ ਹੈ। ਆਪ ਲਿਖਦੇ ਹਨ:

ਅਜਰ ਅਮਰ ਅਡੋਲ ਅਭੇਖ, ਨਿਰਗੁਨ ਰਹਿਤ ਰੂਪ ਨਹਿੰ ਰੇਖਾ।[114]

ਸਾਹਿਬ ਲੇਖਾ ਮੰਗਿਯਾ ਬਨਿਜਾਰਿਯਾ, ਤੂੰ ਛਾਡਿ ਪੁਰਾਨੀ ਦੇਹ ਬੇ।[115]

ਗੁਰੂ ਜੀ ਅਨੁਸਾਰ ਆਤਮਾ ਅਮਰ ਤੇ ਅਵਿਨਾਸ਼ੀ ਹੈ, ਸਥਿਰਤਾ ਤੇ ਅਡੋਲਤਾ ਇਸ ਦੀ ਪ੍ਰਕ੍ਰਿਤੀ ਵਿਚ ਸ਼ਾਮਲ ਹੈ ਜਦ ਕਿ ਮਨੁੱਖੀ ਸ਼ਰੀਰ ਨਾਸ਼ਵਾਨ ਹੈ, ਸਦੀਵੀ ਤੇ ਸਥਿਰ ਨਹੀਂ ਹੈ:

ਆਤਮਾ ਥਿਰ ਭਈ, ਤਬ ਸਬ ਹੀ ਨਿਧਿ ਪਾਈ।[116]

ਜੋ ਦਿਨ ਆਵਹਿ ਸੋ ਦਿਨ ਜਾਹੀ, ਕਰਨਾ ਕੂਚੁ ਰਹਨੁ ਥਿਰੁ ਨਾਹੀ।[117]

## ਮਨ-ਸਰੂਪ ਆਤਮਾ

ਤੈਤਿਰਯ ਉਪਨਿਸ਼ਦ ਵਿਚ ਮਨ ਨੂੰ ਹੀ ਬ੍ਰਹਮ ਅਤੇ ਆਤਮਾ ਕਿਹਾ ਗਿਆ ਹੈ, 'ਮਨ ਤੋਂ ਹੀ ਪ੍ਰਾਣੀ ਉਤਪੰਨ ਹੁੰਦੇ ਹਨ, ਮਨ ਨਾਲ ਹੀ ਜੀਵਿਤ ਰਹਿੰਦੇ ਹਨ ਅਤੇ ਇਸ ਲੋਕ ਤੋਂ ਪ੍ਰਸਥਾਨ ਕਰਦੇ ਹੋਏ ਅੰਤ ਵਿਚ ਮਨ ਵਿਚ ਹੀ ਪ੍ਰਵੇਸ਼ ਪਾ ਲੈਂਦੇ ਹਨ।"[118] ਗੁਰੂ ਰਵਿਦਾਸ ਵਾਣੀ ਵਿਚ ਵੀ ਆਤਮਾ ਨੂੰ ਮਨ-ਰੂਪ ਸਵੀਕਾਰਿਆ ਗਿਆ ਹੈ। ਗੁਰੂ ਜੀ ਦਾ ਕਥਨ ਹੈ ਕਿ ਜਦੋਂ ਪਿਛਲੇ ਜਨਮ ਦੀ ਮੱਥੇ ਉਪਰ ਲਿਖੀ ਲਿਖਤ ਅਨੁਸਾਰ ਉੱਤਮ ਪਾਰਸ-ਰੂਪੀ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਮਨ ਦੇ ਬਜਰ ਕਪਾਟ ਖੁਲ੍ਹ ਜਾਂਦੇ ਹਨ, ਅਰਥਾਤ ਮਨ ਤੋਂ ਅਗਿਆਨਤਾ ਦੇ ਪਰਦੇ ਲਹਿ ਜਾਂਦੇ ਹਨ। ਮਨ ਆਪਣੀ ਸੰਸਾਰਿਕ ਬਿਰਤੀ ਤੋਂ ਉਲਟ ਕੇ ਗਿਆਨ ਪਦ ਵਿਚ ਪਹੁੰਚ ਕੇ ਅੰਤਰ-ਆਤਮਾ ਅਰਥਾਤ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ:

ਪਰਮ ਪਰਸ ਗੁਰ ਭੇਟਿਐ ਪੂਰਬ ਲਿਖਤ ਲਿਲਾਟ
ਉਨਮਨ ਮਨ ਮਨ ਹੀ ਮਿਲੈ ਛੁਟਕਤ ਬਜਰ ਕਪਾਟ ।[119]

ਵਾਸਤਵ ਵਿਚ ਮਨ ਰੂਪੀ ਆਤਮਾ ਤਾਂ ਦਿਵਯ ਜੋਤਿ ਹੈ, ਬ੍ਰਹਮ ਦਾ ਅੰਸ਼ ਹੈ, ਪਰੰਤੂ ਦੁਨਿਆਵੀ ਵਿਸ਼ੇ-ਵਿਕਾਰਾਂ ਦੇ ਮੋਹ ਵਿਚ ਫਸ ਕੇ ਆਪਣੀ ਅਸਲੀਅਤ ਤੇ ਆਪਣੇ ਅਸਲੇ ਨੂੰ ਭੁੱਲ ਜਾਂਦੀ ਹੈ। ਇਸ ਨੂੰ ਲੋਕ-ਪਰਲੋਕ ਦੀ ਕੋਈ ਸੋਝੀ ਨਹੀਂ ਰਹਿੰਦੀ, ਇਹ ਮਾਇਆ ਦੇ ਹੱਥ ਵਿਕ ਜਾਂਦੀ ਹੈ:

ਐਸਾ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾ-ਪਾਰੁ ਨ ਸੂਝ।[120]
ਨਾਥ! ਕਛੂਅ ਨ ਜਾਨਉ, ਮਨ ਮਾਇਆ ਕੇ ਹਾਥਿ ਬਿਕਾਨਉ।ਰਹਾਉ।[121]

## ਜੋਤਿ-ਸਰੂਪ ਆਤਮਾ

ਉਪਨਿਸ਼ਦਾਂ ਵਿਚ ਆਤਮਾ ਨੂੰ ਜੋਤਿ-ਸਰੂਪ ਕਿਹਾ ਗਿਆ ਹੈ। ਤੈਤਿਰਯ ਉਪਨਿਸ਼ਦ ਦਾ ਕਥਨ ਹੈ ਕਿ ਇਹ ਜੋ ਪੁਰਸ਼ ਅਤੇ ਸੂਰਜ ਵਿਚ ਪ੍ਰਕਾਸ਼ ਹੈ, ਉਹ ਇਕ ਹੀ ਹੈ[122]

ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ ਇਹ ਪੁਰਸ਼ ਜਾਂ ਆਤਮਾ ਜੋਤਿ ਹੈ।[123] ਗੀਤਾ ਵਿਚ ਸ਼੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਉਸ ਜੋਤਿ ਨੂੰ ਮੇਰੀ ਸਮਝੋ ਜੋ ਸੂਰਜ ਵਿਚ ਹੈ ਅਤੇ ਸਾਰੇ ਬ੍ਰਹਿਮੰਡ ਨੂੰ ਜਿਉਤਿਤ ਕਰਦੀ ਹੈ। ਉਹ ਤੇਜ ਜੋ ਸੂਰਜ ਵਿਚ ਹੈ ਅਤੇ ਸਾਰੇ ਜਗਤ ਨੂੰ ਰੋਸ਼ਨ ਕਰਦਾ ਹੈ, ਉਹ ਜੋਤਿ ਜੋ ਅਗਨੀ ਅਤੇ ਚੰਦ ਵਿਚ ਹੈ, ਉਸ ਜੋਤਿ ਨੂੰ ਮੇਰੀ ਜਾਣੋ।[124] ਅਤੇ ਫਿਰ ਕਹਿੰਦੇ ਹਨ, "ਮੈਂ ਹੀ ਆਤਮਾ ਰੂਪ ਵਿਚ ਸਭ ਪ੍ਰਾਣੀਆਂ ਵਿਚ ਸਥਿਤ ਹਾਂ।"[125] ਨਾਥ ਸੰਪ੍ਰਦਾਇ ਵਿਚ ਵੀ ਆਤਮਾ ਨੂੰ ਜੋਤਿ-ਸਰੂਪ ਕਿਹਾ ਗਿਆ ਹੈ:

ਅਲਖ ਵਿਨਾਣੀ ਦੋਇ ਦੀਪਕ ਰਚਿਲੈ, ਤੀਨ ਭਵਨ ਇਕ ਜੋਤੀ।[126]

ਅਰਥਾਤ ਪਰਮਾਤਮਾ ਨੇ ਵਿਅਕਤ ਅਤੇ ਅਵਿਅਕਤ ਦੋ ਦੀਪਕਾਂ ਦੀ ਰਚਨਾ ਕੀਤੀ ਜਿਸ ਦੀ ਇਕ ਜੋਤਿ ਤੋਂ ਤਿੰਨ ਲੋਕ ਅਥਵਾ ਤ੍ਰੈਲੋਕੀ ਹੀ ਪ੍ਰਕਾਸ਼ਿਤ ਹੋ ਰਹੀ ਹੈ। ਗੁਰੂ ਰਵਿਦਾਸ ਵਾਣੀ ਵਿਚ ਉਪਰੋਕਤ ਕਥਨਾਂ ਦੀ ਪੁਸ਼ਟੀ ਕੀਤੀ ਗਈ ਹੈ। ਉਨ੍ਹਾਂ ਦਾ ਕਥਨ ਹੈ ਕਿ ਜੋਤਿ-ਸਰੂਪ ਆਤਮਾ ਹੀ ਬ੍ਰਹਮ-ਰੂਪੀ ਜੋਤਿ ਦੇ ਸਮਾਨ ਹੈ। ਆਪ ਨੂੰ ਤਾਂ ਚਾਰੋਂ ਦਿਸ਼ਾਵਾਂ ਵਿਚ ਉਸ ਪਰਮ-ਜੋਤਿ ਦਾ ਪ੍ਰਕਾਸ਼ ਦਿਖਾਈ ਦੇ ਰਿਹਾ ਹੈ, ਉਸ ਤੋਂ ਸਾਰੀਆਂ ਰੂਹਾਂ ਪ੍ਰਕਾਸ਼ਵਾਨ ਹੋ ਰਹੀਆਂ ਹਨ ਅਤੇ ਆਤਮਾ ਦੀ ਜੋਤਿ ਉਸ ਪਰਮ ਜੋਤਿ ਨਾਲ ਅਭਿੰਨ, ਇਕਸੁਰ ਅਤੇ ਹਮੇਸ਼ਾ ਲਈ ਉਸ ਵਿਚ ਹੀ ਲੀਨ ਹੋ ਗਈ ਜਾਪਦੀ ਹੈ। ਆਪ ਦਾ ਕਥਨ ਹੈ:

ਚਹੁ ਦਿਸਿ ਦਿਵਲਾ ਬਾਲਿ, ਜਗਿ ਮਗਿ ਹਵੈ ਰਹਯੋ ਏ।<br>
ਜੋਤਿ ਜੋਤਿ ਸਮ ਜੋਤਿ, ਜੋਤਹਿ ਮਿਲਿ ਰਹਯੋ ਏ।[127]

ਗੁਰੂ ਜੀ ਅਨੁਸਾਰ ਉਹ ਸਾਰੀਆਂ ਆਤਮਾਵਾਂ ਵਿਚ ਸਮਾਇਆ ਹੋਇਆ ਹੈ, ਸਭ ਆਤਮਾਵਾਂ ਉਸ ਤੋਂ ਹੀ ਪ੍ਰਕਾਸ਼ ਗ੍ਰਹਿਣ ਕਰ ਰਹੀਆਂ ਹਨ ਅਤੇ ਸਾਰਾ ਵਿਸ਼ਵ ਹੀ ਪ੍ਰਭੂ ਦੀ ਨਾਮ ਰੂਪੀ ਜੋਤਿ ਨਾਲ ਜਿਉਤਿਤ ਹੋ ਰਿਹਾ ਹੈ:

ਹੈ ਸਭ ਆਤਮ ਸ੍ਵਯੰ ਪ੍ਰਕਾਸ਼ ਸਾਚੋ।[128]

ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ।[129]

ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਉਹ ਉਸ ਬ੍ਰਹਮ ਦੀ ਭਗਤੀ ਤੇ ਸਿਮਰਨ ਕਰਦੇ ਹਨ ਜਿਸਤੋਂ ਸਭ ਰੂਹਾਂ ਪ੍ਰਕਾਸ਼ਿਤ ਹੋ ਰਹੀਆਂ ਹਨ:

ਜਾਸੋਂ ਆਤਮ ਪ੍ਰਕਾਸ ਹੈ ਭਜੈ ਤਾਂਹਿ ਰਵਿਦਾਸ।[130]

## ਰੱਥੀ ਰੂਪ ਆਤਮਾ

ਕਠਉਪਨਿਸ਼ਦ ਦੇ ਇਕ ਮੰਤਰ ਵਿਚ ਰੱਥ ਦੇ ਰੂਪਕ ਦੁਆਰਾ ਆਤਮਾ ਦੇ ਸਰੂਪ ਨੂੰ ਵਿਅਕਤ ਕੀਤਾ ਗਿਆ ਹੈ। ਆਤਮਾ ਰੱਥੀ ਹੈ ਅਰਥਾਤ ਰੱਥ ਦੀ ਸੁਆਮੀ ਹੈ, ਸਰੀਰ ਰੱਥ, ਬੁੱਧੀ ਰਥਵਾਨ ਅਤੇ ਮਨ ਲਗਾਮ ਹੈ।[131] ਵੇਦਾਂਤ ਦਰਸ਼ਨ ਅਨੁਕੂਲ ਗੁਰੂ ਰਵਿਦਾਸ ਜੀ ਨੇ ਵੀ ਰੱਥ-ਰੱਥੀ ਦੇ ਇਸ ਰੂਪਕ ਨੂੰ ਬੜੇ ਹੀ ਸਰਲ ਤੇ ਸਪੱਸ਼ਟ ਸ਼ਬਦਾਂ ਦੁਆਰਾ ਪ੍ਰਗਟਾਇਆ ਹੈ:

ਰਥ ਕੋ ਚਤੁਰ ਚਲਾਵਨ ਹਾਰੋ, ਖਿਣ ਹਾਂਕੇ ਖਿਣ ਉਭੇ ਰਾਖੈ,
ਨਹੀਂ ਆਨ ਕੋ ਸਾਰੋ। ਟੇਕ ।
ਜਬ ਰਥੁ ਰਹੇ ਸਾਰਥੀ ਥਾਕੈ, ਤਬ ਕੋ ਰਥਹਿੰ ਚਲਾਵੈ ।[132]

## ਸਤਿ-ਸਰੂਪ ਆਤਮਾ

ਵੇਦਾਂਤ ਦਰਸ਼ਨ ਵਿਚ ਆਤਮਾ ਅਤੇ ਪਰਮਾਤਮਾ ਦੇ ਅਦ੍ਵੈਤ ਰੂਪ ਨੂੰ ਸਵੀਕਾਰਿਆ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ, "ਇਹ ਆਤਮਾ ਬ੍ਰਹਮ ਹੈ ਅਤੇ ਇਹ ਸਭ ਦਾ ਅਨੁਭਵ ਕਰਨ ਵਾਲੀ ਹੈ।[133] ਮੈਂ ਬ੍ਰਹਮ ਹਾਂ[134] ਆਦਿ ਵਾਕਾਂ ਦਾ ਪ੍ਰਯੋਗ ਕਰਕੇ ਬ੍ਰਹਮ ਅਤੇ ਆਤਮਾ ਦੇ ਅਭਿੰਨ ਸਰੂਪ ਨੂੰ ਅੰਕਿਤ ਕੀਤਾ ਗਿਆ ਹੈ। ਛਾਂਦੋਗਯ ਉਪਨਿਸ਼ਦ ਦਾ ਕਥਨ ਹੈ, "ਜੀਵੇ-ਨਾਤਮਨਾਨ ਭੂਤਾ"[135] ਅਰਥਾਤ ਜੀਵ ਆਤਮਾ ਨਾਲ ਓਤਪ੍ਰੋਤ ਹੈ। ਪਰਮਾਰਥਿਕ ਦ੍ਰਿਸ਼ਟੀ ਤੋਂ ਆਤਮਾ ਨੂੰ ਹੀ ਬ੍ਰਹਮ ਪ੍ਰਤਿਪਾਦਤ ਕੀਤਾ ਗਿਆ ਹੈ। ਗੁਰੂ ਰਵਿਦਾਸ ਨੇ ਆਪਣੀ ਵਾਣੀ ਵਿਚ ਆਤਮਾ ਨੂੰ ਸਤਿ-ਸਰੂਪ ਮੰਨ ਕੇ ਹਰ ਜੀਵ ਵਿਚ ਪਰਮਾਤਮਾ ਅਰਥਾਤ ਹਰੀ ਨੂੰ ਬਿਰਾਜਮਾਨ ਦਰਸਾਇਆ ਹੈ:

ਸਬ ਮੈਂ ਹਰਿ ਹੈ, ਹਰਿ ਮੈਂ ਸਬ ਹੈ, ਹਰਿ ਅਪਨੌ ਜਿਨਿ ਜਾਨਾ।[136]

ਕਹੈ 'ਰਵਿਦਾਸ' ਜਾਸੂੰ ਅਉਰ ਕਹਤ ਹੈ, ਪਰਮ ਤੱਤ ਹੈ ਸੋਈ।[137]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਆਤਮਾ ਹੀ ਪਰਮ-ਰੂਪ ਤੇ ਸਤਿ-ਸਰੂਪ ਹੈ। ਜੀਵ ਜਿਸ ਪ੍ਰਭੂ ਦੀ ਮਹਿਮਾ ਦੇ ਗੀਤ ਗਾਉਂਦਾ ਹੈ, ਵਾਸਤਵ ਵਿਚ ਇਹ ਉਸ ਦਾ ਹੀ ਰੂਪ ਹੈ, ਉਸ ਸਤਿ-ਸਰੂਪ ਦਾ ਅੰਸ਼ ਹੈ ਅਤੇ ਸਭ ਵਿਚ ਉਸਦਾ ਪ੍ਰਕਾਸ਼ ਹੈ:

ਜਾ ਸਥੈ ਗਾਇਹਿ ਗਾਇ ਕਹਤ ਹੈਂ ਪਰਮ ਰੂਪ ਹਮ ਸੋਈ।[138]

ਹੈ ਸਬ ਆਤਮ ਸ਼ੁਧ ਪ੍ਰਕਾਸ ਸਾਰੋ।[139]

ਗੁਰੂ ਜੀ ਅਨੁਸਾਰ ਸਭ ਜੀਵਾਂ ਅੰਦਰ ਪਰਮਾਤਮਾ ਵਸਦਾ ਹੈ ਅਤੇ ਉਹ ਜੀਵਾਂ ਦੇ ਸਾਰੇ ਕਰਮਾਂ ਨੂੰ ਵਾਚਦਾ ਹੈ। ਉਹ ਪ੍ਰਭੂ ਤਾਂ ਮਨੁੱਖ ਦੇ ਆਪਣੇ ਹੱਥ ਨਾਲੋਂ ਵੀ ਵੱਧ ਉਸ ਦੇ ਨੇੜੇ ਹੈ। ਪਰੰਤੂ ਅਗਿਆਨੀ ਜੀਵ ਉਸ ਤੋਂ ਬੇ-ਮੁੱਖ ਹੋਇਆ ਬੈਠਾ ਹੈ। ਉਹ ਇਕ ਪਰਮਾਤਮਾ ਹੀ ਅਨੇਕ ਹੋ ਕੇ ਸਾਰਿਆਂ ਵਿਚ ਰਮ ਰਿਹਾ ਹੈ, ਕੋਈ ਵੀ ਜੀਵ ਉਸ ਤੋਂ ਬਿਨਾਂ ਨਹੀਂ ਹੈ। ਉਸ ਤੋਂ ਬਿਨਾਂ ਤਾਂ ਜੀਵ ਦੀ ਹਸਤੀ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ:

ਸਭ ਘਟਿ ਅੰਤਰਿ ਰਮਸਿ ਨਿਰੰਤਰ,ਹੌਂ ਦੇਖਤ ਹੂੰ ਨਹੀਂ ਜਾਨਾ।[140]

ਏਕ ਅਨੇਕ, ਅਨੇਕ ਏਕ ਹਰਿ,ਕਹੌ ਕਵਨ ਵਿਧਿ ਦੂਜਾ।[141]

ਕਹਿ ਰਵਿਦਾਸ ਹਾਥ ਪੈ ਨੇਰੈ ,ਸਹਿਜੇ ਹੋਇ ਸੁ ਹੋਈ।[142]

ਆਤਮਾ ਸਤਿ-ਸਰੂਪ ਹੈ, ਉਸ ਦਾ ਹੀ ਰੂਪ ਹੈ, ਇਹੀ ਕਾਰਨ ਹੈ ਕਿ ਪ੍ਰਭੂ-ਪ੍ਰਕਾਸ ਸਦਕਾ ਸਭ ਰੂਹਾਂ ਸਵੈ-ਪ੍ਰਕਾਸ਼ਿਤ ਹਨ। ਕੈਵਲਯ ਉਪਨਿਸ਼ਦ ਦਾ ਕਥਨ ਹੈ ਕਿ ਜੋ ਪਾਰਬ੍ਰਹਮ ਸਭ ਦਾ ਆਤਮਾ, ਵਿਸ਼ਵ ਦਾ ਮਹਾਨ ਆਯਤਨ, ਸੂਖਮ ਤੋਂ ਵੀ ਸੂਖਮ ਅਤੇ ਨਿਤਯ ਹੈ, ਉਹ ਤੂੰ ਹੀ ਹੈਂ, ਤੂੰ ਹੀ ਉਹ ਹੈਂ।[143] ਗੁਰੂ ਜੀ ਆਤਮਾ ਪਰਮਾਤਮਾ ਦੀ ਏਕਤਾ ਨੂੰ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਜਲ ਵਿਚੋਂ ਉੱਠੀ ਤਰੰਗ ਜਲ ਵਿਚ ਹੀ ਸਮਾਉਂਦੀ ਹੈ ਅਰਥਾਤ ਉਸ ਦੀ ਹੀ ਅੰਸ਼ ਹੈ, ਉਸ ਦਾ ਹੀ ਰੂਪ ਹੈ, ਇਸੇ ਤਰ੍ਹਾਂ ਆਤਮਾ ਹੀ ਸਤਿ-ਸਰੂਪ ਹੈ, ਉਸੇ ਦਾ ਰੂਪ ਹੈ:

ਜਲ ਕੇ ਤਰੰਗ ਜਲ ਮਾਹਿੰ ਸਮਾਇ,ਕਹਿ ਕਾ ਕੌ ਨਾਂਵ ਧਰਿਯੈ।

ਐਸੇ ਤੈਂ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰਵਰਿਯੈ।[144]

ਘਟ ਘਟ ਤਿਹ ਪੇਖਿਯਤ ਅਇਸੇ, ਜਲ ਮੰਹਿ ਲਹਿਰ, ਲਹਿਰ ਜਲ ਜਇਸੇ।[144ੳ]

ਸਭ ਜੀਵਾਂ ਦਾ ਸਿਰਜਣਹਾਰ ਅਵਿਨਾਸ਼ੀ ਪ੍ਰਭੂ ਸਾਰਿਆਂ ਦੇ ਹਿਰਦੇ ਵਿਚ ਵਿਆਪਕ ਹੈ, ਬਿਰਾਜਮਾਨ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਦਾ ਕਥਨ ਹੈ ਕਿ ਸੰਪੂਰਨ ਸਥਾਵਰ ਜੰਗਮ ਦਾ ਸੁਆਮੀ ਇਹ ਹੰਸ(ਪਰਮਾਤਮਾ) ਦੇਹਿ-ਅਭਿਮਾਨੀ ਹੋ ਕੇ ਨੌ- ਦੁਆਰ ਵਾਲੇ (ਦੇਹਿ ਰੂਪ) ਪੁਰ ਵਿਚ ਬਾਹਰੀ ਵਿਸ਼ਿਆਂ ਨੂੰ ਗ੍ਰਹਿਣ ਕਰਨ ਦੀ ਚੇਸ਼ਟਾ ਕਰਦਾ ਹੈ।[145]

ਅਰਥਾਤ ਆਤਮਾ ਜਾਂ ਬ੍ਰਹਮ ਦੇਹਿ-ਬੰਧਨ ਵਿਚ ਪੈ ਕੇ ਜੀਵ ਜਾਂ ਜੀਵਾਤਮਾ ਦੀ ਪਦਵੀ ਨੂੰ ਧਾਰਨ ਕਰਦਾ ਹੈ। ਗੁਰੂ ਰਵਿਦਾਸ ਵਾਣੀ ਵਿਚ ਇੰਨ-ਬਿੰਨ ਇਸ ਵਿਚਾਰ ਦੀ ਪੁਸ਼ਟੀ ਕੀਤੀ ਗਈ ਹੈ। ਆਪ ਦਾ ਕਥਨ ਹੈ ਕਿ ਸਭ ਦਾ ਕਰਤਾ ਉਹ ਹਰੀ ਥਾਵਰ, ਜੰਗਮ, ਕੀਟ, ਪਤੰਗੇ ਅਥਵਾ ਹਰ ਪ੍ਰਾਣੀ ਦੇ ਹਿਰਦੇ ਵਿਚ ਬਿਰਾਜਮਾਨ ਹੈ:

ਜੋ ਅਵਿਨਾਸੀ ਸਬ ਕਾ ਕਰਤਾ, ਵਯਾਪ ਰਹਯੋ ਸਬ ਠੌਰ ਰੇ।[146]

ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।[147]

## ਸੁਰਤਿ ਰੂਪ ਆਤਮਾ

ਯੋਗ ਮੱਤ ਵਿਚ ਰੱਬ ਨੂੰ ਨਿਰਪੱਖ ਸੁਰਤਿ ਕਿਹਾ ਗਿਆ ਹੈ।[148] ਡਾ. ਕਾਲਾ ਸਿੰਘ ਬੇਦੀ ਅਨੁਸਾਰ, 'ਸੁਰਤ, ਤਵਜੋ, ਹੋਸ਼, ਧਿਆਨ, ਗਿਆਤ, ਰੂਹ ਜਾਂ ਜੀਵਾਤਮਾ ਨੂੰ ਕਿਹਾ ਜਾਂਦਾ ਹੈ।[149] ਭਾਈ ਵੀਰ ਸਿੰਘ ਨੇ ਸੁਰਤਿ ਦੇ ਅਰਥ 'ਗਯਾਤਾ', 'ਸੋਝੀ ਵਾਲੀ ਸ਼ਕਤੀ' ਅਤੇ 'ਚਿਤਬ੍ਰਿਤੀ' ਆਦਿ ਕੀਤੇ ਹਨ।[150] ਗੁਰੂ ਰਵਿਦਾਸ ਵਾਣੀ ਵਿਚ ਸੁਰਤਿ ਪਦ ਦਾ ਪ੍ਰਯੋਗ ਚਿੱਤ-ਬਿਰਤੀ, ਧਿਆਨ, ਮਤਿ, ਬੁਧੀ ਅਤੇ ਆਤਮਾ ਲਈ ਕੀਤਾ ਗਿਆ ਹੈ। ਆਪ ਦਾ ਕਥਨ ਹੈ ਕਿ ਸੁਰਤਿ ਅਥਵਾ ਚਿਤ-ਬਿਰਤੀਆਂ ਨੂੰ ਸਾਧ ਕੇ ਹੀ ਜੋਤਿ-ਸਰੂਪ ਬ੍ਰਹਮ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਜਿੰਨੀ ਦੇਰ ਤਕ ਸੁਰਤਿ ਰੂਪੀ ਆਤਮਾ ਉਂਕਾਰ-ਰੂਪ ਪਰਮਾਤਮਾ ਦਾ ਧਿਆਨ ਨਹੀਂ ਧਰਦੀ, ਇਹ ਪਰਮਸਤਿ ਅਰਥਾਤ ਸੱਚੇ ਬ੍ਰਹਮ ਦੇ ਰਹੱਸ ਨੂੰ ਨਹੀਂ ਜਾਣ ਸਕਦੀ:

ਰਵਿਦਾਸ ਦੀਆ ਜਗਮਗ ਜਰਈ, ਬਿਨ ਬਾਤੀ ਬਿਨ ਤੇਲ।
ਸੁਰਤ ਸਾਧ ਕਰ ਹੀਅ ਮਹਿੰ, ਦੇਖ ਪੀਆ ਕੇ ਖੇਲ।[151]

ਉਂਕਾਰ ਕੇ ਧਯਾਨ ਮੰਹਿ, ਜੋ ਲੌਂ ਸੁਰਤਿ ਨ ਹੋਇ।
ਤੌ ਲੌਂ ਸਾਚੇ ਬ੍ਰਹਮ ਕੂੰ, ਰਵਿਦਾਸ ਨ ਬੂਝਈ ਕੋਇ।[152]

ਗੁਰੂ ਜੀ ਅਨੁਸਾਰ ਸੁਰਤਿ-ਰੂਪੀ ਆਤਮਾ ਸ਼ਬਦ-ਰੂਪ ਬ੍ਰਹਮ ਨਾਲ ਅਭੇਦ ਹੋ ਕੇ ਹੀ ਪਰਮ-ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਸਕਦੀ ਹੈ। ਇਸ ਲਈ ਆਪ ਜੀਵ ਨੂੰ ਪ੍ਰੇਰਿਤ ਕਰਦੇ ਹਨ ਕਿ ਆਪਣੀ ਆਤਮਾ ਤੋਂ ਦੁਨਿਆਵੀ ਵਿਕਾਰਾਂ ਦੀਆਂ ਮੈਲਾਂ ਅਤੇ ਮੋਹ ਮਾਇਆ ਦੇ

ਪਰਦੇ ਉਤਾਰ ਕੇ ਪ੍ਰਭੂ ਨਾਲ ਸੱਚੀ ਪ੍ਰੀਤ ਪਾ ਲੈ, ਇਸ ਵਿਧੀ ਦੁਆਰਾ ਹੀ ਦੁਨੀਆਂ ਰੂਪੀ ਭੈ-ਸਾਗਰ ਦੇ ਸੰਕਟਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:

ਸੁਰਤਿ ਸ਼ਬਦ ਜਉ ਏਕ ਹੋ, ਤਉਂ ਪਾਇਹਿ ਪਰਮ ਅਨੰਦ।[153]

ਰਵਿਦਾਸ ਸੁਰਤਿ ਕੂੰ ਸਾਧਿ ਕਰ, ਮੋਹਨ ਸੋ ਕਰ ਪਿਆਰ।
ਭੈ-ਜਲ ਕਰ ਸੰਕਟ ਕਟਹਿੰ, ਛੂਟਹਿੰ ਬਿਘਨ ਬਿਕਾਰ।[154]

ਦੁਨਿਆਵੀ ਮੋਹ, ਮਾਇਆ ਅਤੇ ਵਿਕਾਰਾਂ ਨਾਲ ਮਲੀਨ ਹੋਈ ਮਤਿ ਅਥਵਾ ਸੁਰਤਿ ਪ੍ਰਭੂ ਦੇ ਸਰੂਪ ਅਰਥਾਤ ਉਸ ਦੀ ਅਵਸਥਾ ਨੂੰ ਜਾਣ ਨਹੀਂ ਸਕਦੀ ਅਤੇ ਇਹ ਪਰਮਾਤਮਾ ਦੀ ਸੋਝੀ ਤੋਂ ਸੱਖਣੀ ਰਹਿ ਜਾਂਦੀ ਹੈ:

ਮਲਿਨ ਭਈ ਮਤਿ ਮਾਧਵਾ! ਤੇਰੀ ਗਤਿ ਲਖੀ ਨ ਜਾਇ।[155]

ਪ੍ਰਭੂ ਨਾਲ ਪ੍ਰੀਤ ਪਾ ਕੇ, ਗੁਰੂ ਜੀ ਦੀ ਮਿਹਰ ਤੇ ਬਖ਼ਸ਼ਿਸ਼ ਦੀ ਪਾਤਰ ਬਣ ਕੇ ਇਹ ਮਤਿ ਕਿਆ ਸੁਰਤਿ-ਰੂਪੀ ਆਤਮਾ ਭੈ-ਰਹਿਤ ਹੋ ਜਾਂਦੀ ਹੈ ਅਤੇ ਹਉਮੈਂ ਦਾ ਤਿਆਗ ਕਰ, ਆਪਣੀ ਵੱਖਰੀ ਹਸਤੀ ਨੂੰ ਮਿਟਾ ਕੇ ਅਮਰ-ਪਦ ਦੀ ਅਧਿਕਾਰੀ ਬਣ ਜਾਂਦੀ ਹੈ:

ਗੁਰਪ੍ਰਸਾਦ ਭਈ ਅਨਭੈ ਮਤਿ, ਵਿਖ ਅੰਮ੍ਰਿਤ ਸਮ ਧਯਾਵੈਗਾ।
ਕਹੈ ਰਵਿਦਾਸ ਮੇਟਿ ਆਪਾ ਪਰ, ਵਾ ਠੌਰਹਿ ਪਾਵੈਗਾ।[156]

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਵਿਭਿੰਨ ਰੂਪਕਾਂ ਦੁਆਰਾ ਆਤਮਾ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਇਹ ਜੀਵਾਤਮਾ ਹੰਸ-ਰੂਪ, ਸ਼ੁੱਧ ਅਤੇ ਮੁਕਤ ਸਰੂਪ, ਮਨ-ਰੂਪ ਅਤੇ ਜੋਤਿ-ਸਰੂਪ ਹੈ। ਗੁਰੂ ਜੀ ਨੇ ਇਸ ਸਤਿ-ਸਰੂਪ ਅਤੇ ਸੁਰਤਿ ਸਰੂਪ ਆਤਮਾ ਨੂੰ ਰੱਬ ਦੇ ਇਕ ਰੂਪਕ ਦੁਆਰਾ ਰੱਬੀ ਰੂਪ ਵਿਚ ਵੀ ਰੂਪਮਾਨ ਕੀਤਾ ਹੈ। ਆਪ ਨੇ ਆਤਮਾ ਦੇ ਵਾਸਤਵਿਕ ਸਰੂਪ ਨੂੰ ਦਰਸਾਉਣ ਲਈ ਵਿਭਿੰਨ ਢੰਗਾਂ ਅਤੇ ਜੁਗਤਾਂ ਦੀ ਵਰਤੋਂ ਕੀਤੀ ਹੈ ।

### 4.1.8. ਜੀਵਾਤਮਾ ਦੀ ਸਥਿਤੀ

ਜੀਵਾਤਮਾ ਦੇ ਉਪਰੋਕਤ ਵਿਸਤ੍ਰਿਤ ਵਿਵੇਚਨ ਦੇ ਆਧਾਰ ਤੇ ਇਹ ਤੱਥ ਸਪਸ਼ਟ

ਹੋ ਗਿਆ ਹੈ ਕਿ ਗੁਰੂ ਰਵਿਦਾਸ ਵਾਣੀ ਵਿਚ ਜੀਵਾਤਮਾ ਨੂੰ ਬ੍ਰਹਮ ਦੀ ਅੰਸ਼ ਮੰਨਿਆ ਗਿਆ ਹੈ ਅਤੇ ਇਸ ਨੂੰ ਬ੍ਰਹਮ-ਰੂਪ ਹੀ ਦਰਸਾਇਆ ਗਿਆ ਹੈ। ਪਰੰਤੂ ਸਤ, ਰਜ ਅਤੇ ਤਮ ਤ੍ਰੈਗੁਣੀ ਮਾਇਆ ਦੇ ਪ੍ਰਭਾਵ ਅਧੀਨ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਪੰਜ ਵਿਕਾਰਾਂ ਦੇ ਕਾਰਨ ਇਹ ਦੁੱਖਾਂ-ਸੁੱਖਾਂ ਅਤੇ ਜੰਮਣ-ਮਰਨ ਦੇ ਚੱਕਰ ਵਿਚ ਪੈ ਕੇ ਅਸੀਮ ਕਸ਼ਟ ਸਹਿ ਰਹੀ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਅਨੁਸਾਰ ਮਾਇਆ ਅਧੀਨ ਜੀਵ ਭੋਗ-ਭਾਵ ਦੇ ਬੰਧਨ ਵਿਚ ਪੈ ਕੇ ਜੀਵ ਕਰਮਾਂ ਅਨੁਸਾਰ ਗਤੀ ਪ੍ਰਾਪਤ ਕਰਦਾ ਹੈ।[157] ਜੀਵਾਤਮਾ ਆਪਣੇ ਗੁਣਾਂ (ਪਾਪ-ਪੁੰਨ) ਕਾਰਨ ਸਥੂਲ-ਸੂਖਮ ਬਹੁਤ ਸਾਰੀਆਂ ਦੇਹਾਂ ਧਾਰਨ ਕਰਦਾ ਹੈ।[158] ਗੁਰੂ ਰਵਿਦਾਸ ਵਾਣੀ ਵਿਚ ਵੀ ਇਸ ਵਿਚਾਰ ਦੀ ਪੁਸ਼ਟੀ ਕੀਤੀ ਗਈ ਹੈ ਕਿ ਜੀਵ ਕਰਮਾਂ-ਭਰਮਾਂ ਦੇ ਵੱਸ ਪੈ ਕੇ ਦੁਨਿਆਵੀ ਬੰਧਨਾਂ ਵਿਚ ਬੱਝਿਆ ਹੋਇਆ ਅਨੇਕ ਜੂਨੀਆਂ ਵਿਚ ਭਟਕ ਰਿਹਾ ਹੈ। ਮਾਇਆ ਦੇ ਪੰਜ ਦੂਤ ਜੀਵ ਨੂੰ ਬ੍ਰਹਮ ਤੋਂ ਵੱਖ ਕਰਦੇ ਹਨ:

> ਕ੍ਰਮ ਬਸਿ ਬਝਿ ਪਰਯੋ ਕਛੂ ਨ ਸੂਝੈ।[159]
>
> ਭਰਮ ਕਰਮ ਜੀਅ ਬੰਧਯੋ, ਛੂਟੇ ਤੁਮ ਬਿਨ ਕੈਸੇ ਹੋ ਹਰਿ।[160]
>
> ਅਨਿਕ ਬਾਰੁ ਜੰਮੇ ਅਰੁ ਮਰਿਯੇ।[161]

ਦੁਨਿਆਵੀ ਭੋਗਾਂ, ਵਿਸ਼ੇ ਵਿਕਾਰਾਂ ਅਤੇ ਅਗਿਆਨਤਾ ਆਦਿ ਦਾ ਜੀਵ ਦੀ ਬੁੱਧੀ ਤੇ ਅਜਿਹਾ ਪਰਦਾ ਤਣਿਆ ਗਿਆ ਹੈ ਕਿ ਉਸ ਦੀ ਸੂਝ, ਸਮਝ ਨਿਰਬਲ ਹੋ ਕੇ ਰਹਿ ਗਈ ਹੈ। ਉਹ ਮੋਹ, ਮਾਇਆ ਵਿਚ ਫਸ ਕੇ ਅਕਾਰਥ ਲੁੱਟਿਆ ਜਾ ਰਿਹਾ, ਜਮਾਂ ਦੀ ਮਾਰ ਸਹਿ ਰਿਹਾ ਹੈ। ਗੁਰੂ ਜੀ ਦਾ ਫੁਰਮਾਨ ਹੈ:

> ਇੰਦ੍ਰੀ ਸਬਲ, ਨਿਬਲ ਬਿਬੇਕ ਬੁਧਿ, ਪਰਮਾਰਥ ਪਰਵੇਸ ਨਹੀਂ।[162]
>
> ਕਾਮ, ਕ੍ਰੋਧ ਮਾਇਆ ਮਦ ਮਤਸਰ, ਇਨ ਪੰਚਹੁ ਮਿਲਿ ਲੂਟੇ।[163]
>
> ਲਿਖੇ ਵਿਵਿਧ ਜੋਨਿ ਬਾਸ, ਜਮ ਕੀ ਅਗਮ ਤ੍ਰਾਸ, ਤੁਮਰੇ ਭਜਨ ਬਿਨ ਭ੍ਰਮਤ ਫਿਰਯੋ ।[164]
>
> ਤਾ ਕੇ ਜਨਮ ਅਕਾਰਥ ਕਹਿਏ। ਟੇਕ ।
> ਵਿਸ਼ਯਨ ਰਤੁ ਸੰਸਾ ਭ੍ਰਮ ਅਨਯੋ, ਭੰਵਰ ਫੰਦ ਮਹੂੰ ਰਹਿਏ।[165]

ਬ੍ਰਿਹਦਾਰਣਯਕ ਉਪਨਿਸ਼ਦ ਦਾ ਕਥਨ ਹੈ ਕਿ ਪੁਰਸ਼ ਪੁੰਨ-ਕਰਮਾਂ ਦੁਆਰਾ ਪੁੰਨ-ਆਤਮਾ ਅਤੇ ਪਾਪ-ਕਰਮਾਂ ਦੁਆਰਾ ਪਾਪੀ ਬਣਦਾ ਹੈ।[166] ਗੁਰੂ ਰਵਿਦਾਸ ਜੀ ਵੀ ਇਸ ਕਰਮ-ਫਲਸਫੇ ਅਨੁਕੂਲ ਜੀਵਾਤਮਾ ਨੂੰ ਕਰਮ-ਫਲ ਦਾ ਭੋਗੀ ਮੰਨਦੇ ਹਨ। ਉਨ੍ਹਾਂ ਅਨੁਸਾਰ ਜੇ 'ਕਰਮ ਕੁਟਿਲਤਾ ਹੈ ਤਾਂ ਜਨਮ ਵੀ ਕੁਭਾਂਤੀ ਹੋਵੇਗਾ।[167] ਸਾਰੇ ਜੀਵ-ਜੰਤੂ ਕਰਮਾਂ ਦੇ ਵੱਸ ਪਏ ਹੋਏ ਮੌਤ ਦਾ ਖਾਜਾ ਬਣ ਰਹੇ ਹਨ। ਕਾਲ ਦੀ ਫਾਹੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ ਅਤੇ ਇਸਤੋਂ ਬਚਣ ਦਾ ਕੋਈ ਹੀਲਾ ਨਜ਼ਰ ਨਹੀਂ ਆਉਂਦਾ। ਇਸ ਅਵਸਥਾ ਵਿਚ ਮਨੁੱਖ ਦੀ ਸਥਿਤੀ ਬੜੀ ਤਰਸਯੋਗ ਤੇ ਭਿਆਨਕ ਹੈ। ਵਿਸ਼ੇ-ਵਿਕਾਰ ਰੂਪੀ ਪੰਜ ਦੁਸ਼ਟ ਬੁਰੀ ਤਰ੍ਹਾਂ ਉਸ ਦੀ ਕੁੱਟ-ਮਾਰ ਕਰਦੇ ਹੋਏ ਜੀਵ ਦੀ ਮਿੱਟੀ ਪਲੀਤ ਕਰ ਰਹੇ ਹਨ। ਪਰ ਜੀਵ ਬੜਾ ਨਿਰਲੱਜ ਅਥਵਾ ਬੇਸ਼ਰਮ ਹੈ ਜੋ ਅਜੇ ਵੀ ਆਪਣੀ ਹਾਰ ਨਹੀਂ ਮੰਨਦਾ, ਉਨ੍ਹਾਂ ਦੀ ਸੰਗਤ ਛੱਡਦਾ ਨਹੀਂ, ਮੰਦੇ ਕਰਮਾਂ ਤੋਂ ਬਾਜ ਨਹੀਂ ਆਉਂਦਾ:

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।[168]

ਇਨ ਦੂਤਨ ਖਲੁ ਬਧੁ ਕਰ ਮਾਰਿਓ, ਬਡੋ ਨਿਲਾਜੁ ਅਜਹੁ ਨਹੀ ਹਾਰਿਓ।[169]

ਗੁਰੂ ਰਵਿਦਾਸ ਵਾਣੀ ਵਿਚ ਵਿਵਹਾਰਕ ਮਨੁੱਖ ਦਾ ਚਿੱਤਰ ਉਲੀਕਦਿਆਂ ਉਸ ਦੀਆਂ ਸਰਗਰਮੀਆਂ ਦਾ ਸੁੰਦਰ ਵਿਵਰਨ ਪ੍ਰਸਤੁਤ ਕੀਤਾ ਗਿਆ ਹੈ:

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ, ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ।ਰਹਾਉ।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ, ਮਾਇਆ ਗਈ ਤਬ ਰੋਵਨੁ ਲਗਤੁ ਹੈ।[170]

ਜੀਵ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਗੁਰੂ ਰਵਿਦਾਸ ਵਾਣੀ ਵਿਚ ਹੱਲ ਵੀ ਪ੍ਰਸਤੁਤ ਕੀਤਾ ਗਿਆ ਹੈ। ਅਗਿਆਨੀ ਜੀਵ ਨੂੰ ਇਸ ਨਾਸ਼ਵਾਨ ਸਰੀਰ ਦਾ ਅਹਿਸਾਸ ਕਰਵਾ ਕੇ ਗੁਰੂ ਜੀ ਨੇ ਉਸ ਨੂੰ ਪ੍ਰਭੂ-ਭਗਤੀ ਵਿਚ ਲੀਨ ਹੋਣ ਦੀ ਪ੍ਰੇਰਣਾ ਦਿੱਤੀ ਹੈ। ਪ੍ਰਭੂ ਹੀ ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲਾ ਅਤੇ ਸਦੀਵੀ ਆਨੰਦ ਪ੍ਰਦਾਨ ਕਰਨ ਵਾਲਾ ਮੁਕਤੀ ਦਾਤਾ ਹੈ। ਉਸ ਇਕੋ ਪਰਮਾਤਮਾ ਦੀ ਭਗਤੀ ਹੀ ਜੀਵ ਨੂੰ ਜੰਮਣ-ਮਰਨ ਦੇ ਦੁੱਖਾਂ-ਸੁੱਖਾਂ ਤੋਂ ਨਿਜਾਤ ਦੁਆ ਸਕਦੀ ਹੈ। ਆਪ ਦਾ ਫਰਮਾਨ ਹੈ :

ਮੁਕੰਦ ਮੁਕੰਦ ਜਪਹੁ ਸੰਸਾਰ, ਬਿਨ ਮੁਕੰਦ ਤਨੁ ਹੋਇ ਅਉਹਾਰ।
ਸੋਈ ਮੁਕੰਦ ਮੁਕਤਿ ਕਾ ਦਾਤਾ, ਸੋਈ ਮੁਕੰਦ ਹਮਰਾ ਪਿਤਾ ਮਾਤਾ।

ਜੀਵਤ ਮੁਕੰਦੇ, ਮਰਤ ਮੁਕੰਦੇ, ਤਾ ਕੇ ਸੇਵਕ ਕਉ ਸਦਾ ਅਨੰਦੇ ।[171]

ਗੁਰੂ ਜੀ ਅਨੁਸਾਰ ਪ੍ਰਭੂ-ਨਾਮ ਦਾ ਸਿਮਰਨ ਅਜਿਹਾ ਸਾਧਨ ਹੈ ਜੋ ਜੀਵ ਨੂੰ ਆਵਾਗਵਨ, ਮਰਨ-ਜੰਮਣ ਦੇ ਚੱਕਰ ਵਿਚੋਂ ਕੱਢ ਕੇ ਉਸ ਦਾ ਪਾਰ-ਉਤਾਰਾ ਕਰ ਸਕਦਾ ਹੈ। ਇਸ ਲਈ ਪ੍ਰਭੂ-ਪ੍ਰਾਪਤੀ ਲਈ ਜੀਵ ਨੂੰ ਪ੍ਰਭੂ-ਚਰਨਾਂ ਵਿਚ ਤਨ-ਮਨ ਅਰਪਿਤ ਕਰਕੇ ਉਸਦੀ ਪੂਜਾ-ਅਰਾਧਨਾ ਕਰਨੀ ਅਰਥਾਤ ਨਿਸ਼ਕਾਮਤਾ ਨਾਲ ਪ੍ਰਭੂ-ਭਗਤੀ ਕਰਨੀ ਚਾਹੀਦੀ ਹੈ:

ਕਹਿ ਰਵਿਦਾਸ ਜੋ ਜਪੈ ਨਾਮ, ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮ।[172]

ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।ਰਹਾਉ।[173]

ਤਨੁ ਮਨੁ ਅਰਪਉ ਪੂਜ ਚਰਾਵਉ, ਗੁਰ ਪਰਸਾਦਿ ਨਿਰੰਜਨ ਪਾਵਉ।[174]

### 4.1.9. ਜੀਵਾਤਮਾ ਦੇ ਵਿਕਾਸ ਦੀਆਂ ਚਾਰ ਅਵਸਥਾਵਾਂ

ਗੁਰੂ ਰਵਿਦਾਸ ਜੀ ਨੇ ਵਾਣੀ ਵਿਚ 'ਮਨੁਖਾ ਅਵਤਾਰ ਦੁਲਭ'[175] ਕਹਿਕੇ ਮਨੁੱਖ ਨੂੰ ਪਰਮਾਤਮਾ ਦੀ ਸਰਵ-ਉੱਤਮ ਰਚਨਾ ਮੰਨਿਆ ਹੈ, ਪਰੰਤੂ ਇਹ ਦੁਰਲੱਭ ਜੂਨ ਵੀ ਪੰਜ ਅਸਾਧ ਦੋਸ਼ਾਂ[176] ਜਾਂ ਵਿਕਾਰਾਂ ਨਾਲ ਘਿਰੀ ਹੋਈ ਹੈ। ਵਿਸ਼ੇ-ਵਿਕਾਰਾਂ ਦੀ ਸੰਗਤ ਕਾਰਨ ਇਹ ਜੀਵਾਤਮਾ ਨੀਚ ਤੇ ਨਿਕੰਮੀ ਬਣ ਚੁੱਕੀ ਹੈ ਜਿਸ ਦੇ ਫਲ-ਰੂਪ ਜੀਵ ਲਈ ਇਹ ਸੰਸਾਰਿਕ ਜੀਵਨ ਇਕ ਘੋਰ ਹਨ੍ਹੇਰੀ ਤੇ ਭਿਆਨਕ ਰਾਤ ਦਾ ਰੂਪ ਧਾਰਨ ਕਰ ਚੁੱਕਾ ਹੈ। ਗੁਰੂ ਜੀ ਨੇ ਜੀਵਨ ਲਈ ਰਾਤ (ਰੈਣਿ) ਅਤੇ ਮਨੁੱਖ ਲਈ ਵਣਜਾਰੇ ਦੇ ਪ੍ਰਤੀਕਾਂ ਦੁਆਰਾ ਮਨੁੱਖੀ ਜੀਵਨ ਨੂੰ ਚਾਰ ਪੜਾਵਾਂ ਵਿਚ ਵੰਡਕੇ ਪ੍ਰਸਤੁਤ ਕੀਤਾ ਹੈ।

(ੳ) ਬਾਲ ਅਵਸਥਾ

ਇਸ ਜੀਵਨ ਰੂਪੀ ਰਾਤ ਦਾ ਪਹਿਲਾ ਪਹਿਰ 'ਬਾਲਕਬੁਧਿ' ਅਥਵਾ ਗੰਵਾਰਪੁਣੇ ਦਾ ਸੂਚਕ ਹੈ, ਜਨਮ ਧਾਰਨ ਤੋਂ ਲੈ ਕੇ ਵੀਹ ਸਾਲ ਦੀ ਉਮਰ ਤਕ ਦੀ ਇਸ ਅਵਸਥਾ ਵਿਚ ਜੀਵ ਅੰਞਾਣਪੁਣੇ ਅਤੇ ਗੰਵਾਰਪੁਣੇ ਵਿਚ, ਸੰਸਾਰਿਕ ਮੋਹ, ਮਾਇਆ ਦੇ ਪ੍ਰਭਾਵ ਅਧੀਨ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਇਸ ਪੜਾਅ ਤੇ ਉਸ ਤੋਂ ਆਪਣਾ ਆਪਾ ਸੰਭਾਲ ਨਹੀਂ ਹੁੰਦਾ, ਉਹ ਦੁੱਖਾਂ-ਦਰਦਾਂ ਤੇ ਜ਼ਿੰਮੇਵਾਰੀਆਂ ਸਾਂਭ ਸਕਣ ਦੀ ਸਮਰਥਾ ਆਪਣੇ ਅੰਦਰ ਧਾਰਨ ਨਹੀਂ ਕਰਦਾ, ਜਿਸ ਦੇ ਫਲ-ਰੂਪ ਇਸ ਅਵਸਥਾ ਉਪਰੰਤ ਉਸ ਨੂੰ ਪਛਤਾਉਣਾ ਪੈਂਦਾ ਹੈ। ਗੁਰੂ ਰਵਿਦਾਸ ਜੀ ਜੀਵ ਨੂੰ ਚੇਤੰਨ ਕਰਦੇ ਹਨ:

ਪਹਲੈ ਪਹਰੈ ਰੈਣਿ ਦੇ ਬਣਿਜਾਰਿਆ, ਤੈਂ ਜਨਮ ਲੀਯਾ ਸੰਸਾਰ ਬੇ।
ਸੇਵਾ ਚੂਕੌਂ ਰਾਮ ਕੀ ਬਾਣਜਾਰਿਆ, ਤੇਰੀ ਬਾਲਕ ਬੁਧਿ ਗੰਵਾਰ ਬੇ।ਟੇਕ।
ਬਾਲਕ ਬੁਧਿ ਗੰਵਾਰ ਨ ਚੇਤਯੌ, ਭੂਲਾ ਮਾਯਾ ਜਾਲ ਬੇ।
ਕਹਾ ਹੋਈ ਪੀਛੇ ਪਛਿਤਾਯੈ, ਜਲ ਪਹਲੀ ਨ ਬਾਂਧੀ ਪਾਲ ਬੇ।
ਬੀਸ ਬਰਸ ਕਾ ਭਯਾ ਅਯਾਨਾ, ਥੰਭਿ ਨ ਸਕਯਾ ਭਾਰ ਬੇ।
ਜਨ 'ਰਵਿਦਾਸ' ਕਹੈ ਬਨਿਜਾਰਿਆ, ਤੈਂ ਜਨਮ ਲੀਯਾ ਸੰਸਾਰ ਬੇ।1।।[177]

(ਅ) ਜਵਾਨੀ ਦੀ ਅਵਸਥਾ

ਜੀਵਨ ਰੂਪੀ ਇਸ ਰਾਤ ਦਾ ਦੂਜਾ ਪਹਿਰ ਜਵਾਨੀ ਦਾ ਹੁੰਦਾ ਹੈ ਜਿਸ ਦੇ ਮਾਣ, ਹੰਕਾਰ ਅਤੇ ਨਸ਼ੇ ਵਿਚ ਜੀਵ ਚੰਗੇ-ਮੰਦੇ ਦੀ ਪਛਾਣ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਇਸ ਅਵਸਥਾ ਵਿਚ ਉਹ ਪਰਮਾਤਮਾ ਤੋਂ ਬੇਮੁੱਖ ਹੋ ਜਾਂਦਾ ਹੈ, ਪ੍ਰਭੂ ਨਾਮ ਦਾ ਸਿਮਰਨ ਨਹੀਂ ਕਰਦਾ ਅਤੇ ਜਵਾਨੀ ਦੇ ਨਸ਼ੇ ਅਧੀਨ ਆਪਣੇ ਤੇ ਪਰਾਏ ਵਿਚ, ਨੇਕੀ ਤੇ ਬੁਰਾਈ ਵਿਚ ਲਕੀਰ ਨਹੀਂ ਖਿੱਚ ਸਕਦਾ। ਜੀਵ ਪਰਮਾਰਥ ਦਾ ਮਾਰਗ ਧਾਰਨ ਨਹੀਂ ਕਰਦਾ, ਪ੍ਰਭੂ-ਭਗਤੀ ਵਿਚ ਲੀਨ ਨਹੀਂ ਹੁੰਦਾ, ਜੋਬਨ ਦੇ ਮਾਣ ਵਿਚ ਮੱਤਾ, ਹਉਮੈਂ ਤੇ ਹੰਕਾਰ ਅਧੀਨ ਮੰਦੇ ਕਰਮ ਕਮਾਉਂਦਾ ਹੈ।

ਗੁਰੂ ਰਵਿਦਾਸ ਜੀ ਜੀਵ ਨੂੰ ਇਸ ਤੱਥ ਪ੍ਰਤੀ ਸੁਚੇਤ ਕਰਦੇ ਹਨ ਕਿ ਪਰਮਾਤਮਾ ਨੇ ਤਾਂ ਚੰਗੇ-ਮੰਦੇ ਕਰਮਾਂ ਦਾ ਪੂਰਾ-ਪੂਰਾ ਹਿਸਾਬ ਲੈਣਾ ਹੈ। ਜਿਸ ਵਕਤ ਪ੍ਰਭੂ ਲੇਖਾ ਮੰਗੇਗਾ, ਤੇਰੇ ਤੇ ਭੀੜ ਆ ਬਣੇਗੀ। ਤੇਰੇ ਪੱਲੇ ਕੁਝ ਨਹੀਂ ਹੋਵੇਗਾ, ਤੂੰ ਪਛਤਾਏਂਗਾ, ਪਰ ਤੈਨੂੰ ਉਹ ਲੇਖਾ ਦੇਣਾ ਹੀ ਪਵੇਗਾ। ਸ਼ਾਇਦ ਤੂੰ ਸਮਝਦਾ ਹੈਂ ਕਿ ਬਚ ਜਾਏਂਗਾ, ਪਰ ਸਾਹਿਬ ਲੇਖਾ ਮੰਗਣਹਾਰ ਹੈ, ਉਹ ਕਿਸੇ ਨੂੰ ਨਹੀਂ ਬਖ਼ਸ਼ਦਾ। ਰਾਮ-ਨਾਮ ਦਾ ਵਣਜ ਕਰਨ ਵਾਲਾ ਪ੍ਰਭੂ-ਭਗਤ ਹੀ ਇਸ ਪ੍ਰੀਖਿਆ ਵਿਚੋਂ ਪਾਸ ਹੋ ਸਕਦਾ ਹੈ, ਇਸ ਲਈ ਜਵਾਨੀ ਦੀ ਇਸ ਅਵਸਥਾ ਵਿਚ ਜੀਵ ਨੂੰ ਪ੍ਰਭੂ-ਨਾਮ ਦੇ ਸਿਮਰਨ ਵਿਚ ਲੀਨ ਹੋ ਕੇ ਆਪਣਾ ਸਮਾਂ ਵਿਅਰਥ ਨਹੀਂ ਗੁਆਉਣਾ ਚਾਹੀਦਾ, ਪ੍ਰਭੂ ਭਗਤੀ ਹੀ ਉਸ ਦੇ ਜੀਵਨ ਦੀ ਖੱਟੀ ਹੈ। ਆਪ ਦਾ ਫੁਰਮਾਨ ਹੈ:

ਦੂਜੇ ਪਹਰੈ ਰੈਣਿ ਦੇ ਬਨਿਜਾਰਿਆ, ਤੂੰ ਨਿਰਖ਼ਤ ਚਾਲਯਾ ਛਾਂਹ ਬੇ।
ਹਰਿ ਨ ਦਾਮੋਦਰ ਧਯਾਇਆ ਬਨਿਜਾਰਿਆ, ਤੇ ਲੇਇ ਨ ਸਕਯਾ ਨਾਂਵ ਬੇ।
ਨਾਂਵ ਨ ਲੀਯਾ ਔਗੁਣ ਕੀਯਾ, ਇਸ ਜੋਬਨ ਕੇ ਤਾਣ ਬੇ।
ਅਪਨੀ ਪਰਾਈ ਗਿਨਿ ਨ ਕਾਸੀ, ਮੰਦੇ ਕਰਮ ਕਮਾਣ ਬੇ।

ਸਾਹਿਬ ਲੇਖਾ ਲੇਸੀ, ਤੂੰ ਭਰਿ ਦੇਸੀ, ਭੀੜ ਪਰੈ ਤੁਝ ਤਾਹ ਬੇ।
ਜਨ 'ਰਵਿਦਾਸ' ਕਹੈ ਬਣਿਜਾਰਿਆ, ਤੂੰ ਨਿਰਭਉ ਚਾਲਯਾ ਛਾਹ ਬੇ।।2।।[178]

(ੲ) ਪ੍ਰੌੜ੍ਹ ਅਵਸਥਾ

ਜੀਵਨ ਦਾ ਤੀਸਰਾ ਪਹਿਰ ਢਲਦੀ ਹੋਈ ਉਮਰ ਦਾ ਪ੍ਰਤੀਕ ਹੈ। ਇਸ ਪੜਾਅ ਤੇ ਜੋਬਨ ਦਾ ਸੂਰਜ ਢਲ ਜਾਂਦਾ ਹੈ, ਜਵਾਨੀ ਦਾ ਜੋਸ਼, ਸ਼ਕਤੀ ਅਤੇ ਹੱਡ, ਮਾਸ, ਪ੍ਰਾਣ ਢਿੱਲੇ ਪੈ ਜਾਂਦੇ ਹਨ। ਇਸ ਅਵਸਥਾ ਵਿਚ ਵੀ ਮਨੁੱਖ ਆਪਣੀ ਕਾਇਆ ਅੰਦਰ ਵਸੇ ਪ੍ਰੀਤਮ-ਪਿਆਰੇ ਨਾਲ ਮਿਲਾਪ ਕਰਨ ਦਾ ਯਤਨ ਨਹੀਂ ਕਰਦਾ। ਗੁਰੂ ਸਾਹਿਬ ਪ੍ਰਭੂ ਤੋਂ ਬੇਮੁੱਖ ਹੋਏ ਜੀਵ ਨੂੰ ਸਮਝਾਉਂਦੇ ਹਨ ਕਿ ਤੇਰਾ ਇਹ ਜਨਮ ਵੀ ਪਰਮਾਤਮਾ ਦੀ ਬੰਦਗੀ ਤੋਂ ਬਿਨਾਂ ਅਕਾਰਥ ਹੀ ਜਾ ਰਿਹਾ ਹੈ। ਇਸ ਅਵਸਥਾ ਵਿਚ ਵੀ ਜੀਵ ਸੁੱਚੀ ਕਿਰਤ ਕਰਕੇ ਗੁਰਮੁਖ ਨਹੀਂ ਬਣੇਗਾ ਤਾਂ ਦੁਬਾਰਾ ਉਸ ਨੂੰ ਇਹ ਗੜ੍ਹ ਰੂਪੀ ਮਜ਼ਬੂਤ ਕਿਲਾ ਅਰਥਾਤ ਮਨੁੱਖੀ ਦੇਹ ਪ੍ਰਾਪਤ ਨਹੀਂ ਹੋਵੇਗੀ। ਗੁਰੂ ਜੀ ਜੀਵ ਨੂੰ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਜੀਵਨ ਦੇ ਇਸ ਤੀਸਰੇ ਪਹਿਰ ਵਿਚ ਹੁਣ ਤਾਂ ਮਜ਼ਬੂਤ ਦੇਹ ਵੀ ਕਮਜ਼ੋਰੀ ਕਾਰਨ ਕੰਬਣ ਲੱਗ ਪਈ ਹੈ, ਵਿਅਰਥ ਸਮਾ ਗੁਆ ਕੇ ਹੁਣ ਪਛਤਾਉਣ ਦਾ ਕੀ ਫਾਇਦਾ? ਤੀਸਰੇ ਪਹਿਰ ਦੀ ਅਵਸਥਾ ਦਾ ਵਰਣਨ ਕਰਦੇ ਹੋਏ ਆਪ ਲਿਖਦੇ ਹਨ:

ਤੀਜੈ ਪਹਰੈ ਰੈਣਿ ਦੇ ਬਣਿਜਾਰਿਆ, ਤੇਰੇ ਢਿਲਰੇ ਪਰੇ ਪਿਰਾਨ ਬੇ।
ਕਾਯਾ ਰੁ ਵਾਨੀ ਨਾ ਕਰੈ ਬਣਿਜਾਰਿਆ, ਘਟ ਭੀਤਰਿ ਬਸੈ ਕੂੰ ਜਾਣ ਬੇ।
ਏਕ ਬਸੈ ਕੂੰ ਜਾਣ ਕਾਯਾ ਗਢ ਭੀਤਰਿ, ਪਹਲਾ ਜਨਮ ਗੰਵਾਯ ਬੇ।
ਅਬ ਕੀ ਬੇਰ ਨ ਸੁਕ੍ਰਿਤ ਕੀਏ, ਬਹੁਰਿ ਨ ਯਹੁ ਗੜ ਪਾਯ ਬੇ।
ਕੰਪੀ ਦੇਹ ਕਾਯਾ ਗੜ੍ਹ ਛੀਨਾ, ਫਿਰਿ ਲਾਗਾ ਪਛਿਤਾਣ ਬੇ।
ਜਨ 'ਰਵਿਦਾਸ' ਕਹੈ ਬਣਿਜਾਰਿਆ, ਤੇਰੇ ਢਿਲਰੇ ਪਰੇ ਪਿਰਾਨ ਬੇ।।3।।[179]

(ਸ) ਬਿਰਧ ਅਵਸਥਾ

ਗੁਰੂ ਰਵਿਦਾਸ ਦੁਆਰਾ ਵਰਣਿਤ ਜੀਵਨ ਰੂਪੀ ਰਾਤ ਦੇ ਚੌਥੇ ਪਹਿਰ ਦਾ ਵਰਣਨ ਬੜਾ ਹੀ ਮਾਰਮਿਕ, ਕਰੁਨਾਮਈ ਅਤੇ ਯਥਾਰਥਕ ਹੈ। ਇਹ ਮਨੁੱਖੀ ਜੀਵਨ ਦਾ ਅੰਤਿਮ ਪੜਾਅ ਹੈ ਅਤੇ ਇਸ ਅਵਸਥਾ ਵਿਚ ਮਨੁੱਖੀ ਦੇਹ ਥਰ-ਥਰ ਕੰਬਣ ਲੱਗ ਪੈਂਦੀ ਹੈ। ਇਸ ਨਿਮਾਣੀ ਤੇ ਨਿਤਾਣੀ ਅਵਸਥਾ ਵਿਚ ਭੁੱਲ ਕੇ ਵੀ ਉਹ ਪ੍ਰਭੂ-ਭਗਤੀ ਵਿਚ ਆਪਣਾ ਮਨ ਨਹੀਂ ਲਗਾ ਸਕਦਾ। ਜੀਵਨ ਦੀ ਇਸ ਦਰਦਨਾਕ ਅਵਸਥਾ ਦੀ ਸਮਾਪਤੀ ਦੇਹ ਤਿਆਗਣ ਨਾਲ ਹੁੰਦੀ ਹੈ ਅਤੇ ਇਸ

ਉਪਰੰਤ ਉਸ ਦਾ ਜੀਵਾਤਮਾ ਰੂਪ ਨਿਰਗੁਣ ਬੈਲ, ਜੀਵਨ ਵਿਚ ਕੀਤੇ ਕਰਮਾਂ ਦਾ ਲੇਖਾ-ਜੋਖਾ ਦੇਣ ਲਈ ਜਮਾਂ ਦੀ ਜਕੜ ਵਿਚ ਉਹ ਬਿਖਮ ਮਾਰਗ ਤੇ ਚੱਲ ਪੈਂਦਾ ਹੈ। ਆਖੀਰ ਮੌਤ ਦੇ ਵੇਲੇ ਉਸ ਨੂੰ ਪਛਤਾਉਣਾ ਪੈਂਦਾ ਹੈ ਕਿ ਉਸ ਨੇ ਪ੍ਰਭੂ ਨਾਮ ਦੇ ਸਿਮਰਨ ਤੋਂ ਬਿਨਾਂ ਐਵੇਂ ਹੀ ਆਪਣਾ ਹੀਰਾ ਜਨਮ ਦੁਨੀਆਂ ਦੇ ਮੋਹ ਵਿਚ ਵਿਅਰਥ ਗੁਆ ਲਿਆ। ਇਸ ਦਰਦਨਾਕ ਅਵਸਥਾ ਨੂੰ ਗੁਰੂ ਜੀ ਨੇ ਉਕਤ ਸ਼ਬਦ ਦੇ ਅੰਤਮ ਭਾਗ ਵਿਚ ਇਉਂ ਚਿੱਤਰਿਆ ਹੈ:

ਸਾਹਿਬ ਲੇਖਾ ਮੰਗਿਆ ਬਣਿਜਾਰਿਆ, ਤੂੰ ਛਾਡਿ ਪੁਰਾਣੀ ਦੇਹ ਬੇ।
ਛਾਡਿ ਪੁਰਾਣੀ ਜਿੰਦ ਅਯਾਣਾ, ਬਾਲਦਿ ਲਦਿ ਸਬੇਰਿਆਂ ਬੇ।
ਜਮ ਕੈ ਆਏ ਬਾਂਧਿ ਚਲਾਏ, ਬਾਰੀ ਪੁਗੀ ਤੇਰਿਆਂ ਬੇ।
ਪੰਥਿ ਚਲੈ ਅਕੇਲਾ ਹੋਇ ਦੁਹੇਲਾ, ਕਾ ਸਯੋਂ ਕਰੇ ਸਨੇਹ ਬੇ।
ਜਨ ਰਵਿਦਾਸ ਕਹੇ ਬਣਿਜਾਰਿਆ, ਤੇਰੀ ਕੰਪਨ ਲਾਗੀ ਦੇਹ ਬੇ।।4।। [180]

ਇਸ ਪ੍ਰਕਾਰ ਰਾਗ ਜੰਗਲੀ ਗੌੜੀ ਦੇ ਇਸ ਸ਼ਬਦ ਦੁਆਰਾ ਗੁਰੂ ਰਵਿਦਾਸ ਜੀ ਨੇ ਮਾਨਵ-ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਵਿਚ ਵੰਡ ਕੇ ਜੀਵ ਨੂੰ ਦੁਨਿਆਵੀ ਮੋਹ, ਮਾਇਆ, ਵਿਸ਼ੇ-ਵਿਕਾਰਾਂ ਤੇ ਹਉਮੈਂ ਦਾ ਤਿਆਗ ਕਰਕੇ ਸੁਕ੍ਰਿਤ ਕਰਨ ਅਤੇ ਪ੍ਰਭੂ ਦੇ ਨਾਮ-ਸਿਮਰਨ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਹੈ।

### 4.1.10 ਨਿਸ਼ਕਰਸ਼

ਸਮੁੱਚੇ ਤੌਰ ਤੇ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਅਤੇ ਆਤਮਾ ਦੇ ਅਦ੍ਵੈਤ ਰੂਪ ਦਾ ਵਰਣਨ ਕੀਤਾ ਗਿਆ ਹੈ। ਬ੍ਰਹਮ ਅਤੇ ਜੀਵ ਵਿਚਕਾਰ ਅੰਸ਼ੀ ਤੇ ਅੰਸ਼ ਦਾ, ਸੋਨਾ ਤੇ ਸੋਨੇ ਤੋਂ ਬਣੇ ਕੰਗਣ ਦਾ, ਸਾਗਰ ਅਤੇ ਸਾਗਰ ਵਿਚੋਂ ਉੱਠੀ ਜਲ-ਲਹਿਰ ਵਾਲਾ ਸੰਬੰਧ ਹੈ। ਅਰਥਾਤ ਤਾਤਵਿਕ ਦ੍ਰਿਸ਼ਟੀ ਤੋਂ ਬ੍ਰਹਮ ਅਤੇ ਜੀਵਾਤਮਾ ਵਿਚ ਕੋਈ ਭਿੰਨ-ਭੇਦ ਨਹੀਂ। ਪਰੰਤੂ ਮੋਹ-ਮਾਇਆ ਦੇ ਪ੍ਰਭਾਵ ਅਧੀਨ, ਅਵਿਦਿਆ ਕਾਰਨ ਜੀਵਾਤਮਾ ਆਪਣੇ ਆਪ ਨੂੰ ਪਰਮ੍ਹੱਤ ਤੋਂ ਅਲੱਗ ਸਮਝੀ ਬੈਠੀ ਹੈ। ਹਉਮੈਂ ਅਤੇ ਵਿਸ਼ੇ-ਵਿਕਾਰਾਂ ਨੇ ਜੀਵਾਤਮਾ ਨੂੰ ਅਤਿ ਗੰਦਾ ਅਤੇ ਮੈਲਾ ਕੀਤਾ ਹੋਇਆ ਹੈ ਜਿਸ ਦੇ ਫਲ-ਰੂਪ ਉਹ ਮਨੁੱਖੀ ਸਰੀਰ ਦੁਆਰਾ ਭਿੰਨ-ਭਿੰਨ ਪ੍ਰਕਾਰ ਦੇ ਨਾਚ ਨੱਚ ਰਹੀ ਹੈ। ਬ੍ਰਹਮ ਅਤੇ ਜੀਵ ਵਿਚ ਵਿਸ਼ਿਸ਼ਟ ਸੰਬੰਧ ਨਿਰਧਾਰਿਤ ਕਰਦਿਆਂ ਗੁਰੂ ਰਵਿਦਾਸ ਜੀ ਨੇ ਵਿਗਿਆਨਕ ਦ੍ਰਿਸ਼ਟੀ ਤੋਂ ਸਰੀਰ ਦੀ ਸੰਰਚਨਾ, ਉਤਪੱਤੀ, ਬੰਧ ਅਤੇ ਮੁਕਤ ਦੋ ਪ੍ਰਕਾਰ ਦੇ ਜੀਵਾਂ ਦਾ ਵਰਣਨ ਕੀਤਾ ਹੈ। ਗੁਰੂ ਜੀ ਦਾ ਮੱਤ ਹੈ ਕਿ ਪ੍ਰੀਤਮ-ਪਿਆਰੇ ਨਾਲ ਸੱਚੀ ਪ੍ਰੀਤ ਪਾ ਕੇ ਹੀ ਉਸ ਦੀ ਕ੍ਰਿਪਾ, ਮਿਹਰ ਤੇ ਬਖ਼ਸ਼ਿਸ਼ ਦੇ ਪਾਤਰ ਬਣ ਕੇ ਜੀਵ ਇਸ ਦੁਨੀਆਂ ਰੂਪੀ ਭਵ-ਸਾਗਰ ਤੋਂ ਪਾਰ ਹੋ ਸਕਦਾ ਅਤੇ ਮੁਕਤ-ਪਦ ਦਾ ਅਧਿਕਾਰੀ ਬਣ ਸਕਦਾ ਹੈ।

## 4.2. ਜਗਤ ਦਾ ਸੰਕਲਪ

### 4.2.1.ਜਗਤ ਉਤਪੱਤੀ ਦੀ ਪਰੰਪਰਾ

ਆਦਿਮ ਕਾਲ ਤੋਂ ਹੀ ਮਨੁੱਖੀ ਸੋਚ ਨੂੰ ਇਹ ਪ੍ਰਸ਼ਨ ਟੁੰਬਦੇ ਰਹੇ ਹਨ ਕਿ ਇਸ ਜਗਤ ਦਾ ਕਰਤਾ ਕੌਣ ਹੈ? ਉਸ ਨੇ ਇਸ ਜਗਤ ਨੂੰ ਕਿਸ ਵਿਧੀ ਨਾਲ ਰਚਿਆ ਹੈ? ਬ੍ਰਹਮ ਅਤੇ ਜਗਤ ਦਾ ਆਪਸੀ ਸੰਬੰਧ ਕੀ ਹੈ? ਇਸ ਜਗਤ ਦੀ ਪ੍ਰਕ੍ਰਿਤੀ ਅਤੇ ਸਰੂਪ ਕੀ ਹੈ ? ਜੁਗਾਂ-ਜੁਗਾਂਤਰਾਂ ਤੋਂ ਦਰਸ਼ਨ-ਆਚਾਰੀਆ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਭਾਲਣ ਵਿਚ ਯਤਨਸ਼ੀਲ ਰਹੇ ਹਨ। ਭਾਰਤੀ ਦਰਸ਼ਨ ਵਿਚ ਵੀ ਜਗਤ ਦੀ ਉੱਤਪੱਤੀ, ਵਿਕਾਸ ਤੇ ਸਥਿਤੀ ਆਦਿ ਸੰਬੰਧੀ ਗੰਭੀਰ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।

ਵੇਦਾਂ ਵਿਚ ਬ੍ਰਹਮ ਨੂੰ ਹੀ ਜਗਤ ਦੀ ਉੱਤਪੱਤੀ ਦਾ ਆਧਾਰ ਸਵੀਕਾਰਿਆ ਗਿਆ ਹੈ। ਉਹ 'ਸਾਰੇ ਸੰਸਾਰ ਦੇ ਅੰਦਰ-ਬਾਹਰ ਵਿਆਪਕ ਹੈ, ਉਹੀ ਸਾਰੇ ਵਿਸ਼ਵ ਦੀ ਆਤਮਾ ਤੇ ਅਭਿੰਨ ਸਰੂਪ ਹੈ। ਇਸ ਇਕ ਆਤਮਭਾਵ ਦਾ ਵੇਦ ਮੰਤਰਾਂ ਵਿਚ ਸਪੱਸ਼ਟ ਤੌਰ ਤੇ ਪ੍ਰਗਟਾਵਾ ਕੀਤਾ ਗਿਆ ਹੈ।[1] ਵੇਦਾਂ ਵਿਚ ਇਕ ਪਰਜਾਪਤੀ ਦੀ ਉਦਭਾਵਨਾ ਕੀਤੀ ਗਈ ਹੈ, ਜਿਸ ਦਾ ਸਰੀਰ ਨਸ਼ਟ ਹੋਣ ਤੇ ਅੰਨ ਦੇ ਪੈਦਾ ਹੋਣ ਦੀ ਕਲਪਨਾ ਕੀਤੀ ਗਈ ਹੈ।[2] ਵੇਦਾਂ ਵਿਚ, "ਬ੍ਰਹਮ ਨੂੰ ਜਗਤ ਦਾ ਆਧਾਰ ਮੰਨ ਕੇ ਅਤੇ ਚੰਦ੍ਰਮਾਂ ਤੇ ਸੂਰਜ ਨੂੰ ਉਸ ਦੀਆਂ ਅੱਖਾਂ ਵੀ ਦਰਸਾਇਆ ਗਿਆ ਹੈ ।[3]

ਵੇਦਾਂ ਦੇ ਅੰਤਮ ਭਾਗ ਵੇਦਾਂਤ ਅਥਵਾ ਉਪਨਿਸ਼ਦਾਂ ਵਿਚ ਜਗਤ-ਰਚਨਾ ਦੀ ਪ੍ਰਕ੍ਰਿਆ ਨੂੰ ਵਿਭਿੰਨ ਵਿਧੀਆਂ ਦੁਆਰਾ ਵਰਣਿਤ ਕੀਤਾ ਗਿਆ ਹੈ। ਪ੍ਰਸ਼ਨ ਉਪਨਿਸ਼ਦ ਅਨੁਸਾਰ,"ਉਸ ਨੇ ਪ੍ਰਾਣਾਂ ਦੀ ਸਿਰਜਣਾ ਕੀਤੀ। ਪ੍ਰਾਣਾਂ ਤੋਂ ਸ਼ਰਧਾ, ਅਗਨੀ, ਆਕਾਸ਼, ਵਾਯੂ, ਪ੍ਰਕਾਸ਼, ਜਲ, ਪ੍ਰਿਥਵੀ,ਇੰਦਰੀਆਂ, ਮਨ, ਅੰਨ, ਵੀਰਯ, ਤਪ, ਮੰਤ੍ਰ, ਕਰਮ, ਲੋਕਾਂ ਦੀ ਸਿਰਜਣਾਂ ਕੀਤੀ ਅਤੇ ਉਨ੍ਹਾਂ ਲੋਕਾਂ ਦਾ ਨਾਂ ਵੀ ਧਰਿਆ।"[4] ਤੈਤਿਰਯ ਉਪਨਿਸ਼ਦ ਦਾ ਕਥਨ ਹੈ ਕਿ ਪ੍ਰਾਰੰਭ ਵਿਚ ਇਹ ਸਭ ਕੁਝ ਅਵਿਅਕਤ (ਬ੍ਰਹਮ) ਸੀ। ਉਸ ਤੋਂ ਹੀ ਸਾਰੀ ਉੱਤਪੱਤੀ ਹੋਈ। ਅਵਿਅਕਤ ਨੇ ਆਪਣੇ ਆਪ ਨੂੰ ਆਪ ਕੀਤਾ।[5] ਮੁੰਡਕ ਉਪਨਿਸ਼ਦ ਵਿਚ ਆਉਂਦਾ ਹੈ ਕਿ ਜਿਸ ਤਰ੍ਹਾਂ ਪ੍ਰਜਵਲਿਤ ਅਗਨੀ ਤੋਂ ਉਸ ਦੇ ਸਮਾਨ ਰੂਪ ਵਾਲੀਆਂ ਅਨੇਕ ਚਿੰਗਾੜੀਆਂ ਉਤਪੰਨ ਹੁੰਦੀਆਂ ਹਨ, ਉਸੇ ਤਰ੍ਹਾਂ ਅਵਿਨਾਸ਼ੀ ਪ੍ਰਭੂ ਤੋਂ ਵਿਭਿੰਨ ਪ੍ਰਕਾਰ ਦੇ ਭਾਵ ਉਤਪੰਨ ਅਤੇ ਵਿਲਯ ਹੁੰਦੇ ਹਨ।[6] ਛਾਂਦੋਗਯ ਉਪਨਿਸ਼ਦ

ਦਾ ਮੱਤ ਹੈ ਕਿ ਹਰ ਵਸਤੂ ਬ੍ਰਹਮ ਤੋਂ ਹੀ ਜਨਮ ਲੈਂਦੀ, ਬ੍ਰਹਮ ਵਿਚ ਹੀ ਸਥਿਰ ਹੁੰਦੀ ਹੈ ਅਤੇ ਆਪਣੀ ਹਸਤੀ ਵੀ ਬ੍ਰਹਮ ਵਿੱਚ ਹੀ ਗੁਆਉਂਦੀ ਹੈ।[7] ਬ੍ਰਿਹਦਾਰਣਯਕ ਉਪਨਿਸ਼ਦ ਦਾ ਕਥਨ ਹੈ ਕਿ ਸਭ ਤੋਂ ਪਹਿਲਾਂ ਪੁਰਸ਼ ਤੇ ਬਾਅਦ ਵਿਚ ਇਸਤਰੀ ਦਾ ਸਰੂਪ ਉਤਪੰਨ ਹੋਇਆ ਅਤੇ ਦੋਨਾਂ ਤੋਂ ਵਿਸ਼ਵ ਦੀ ਉੱਤਪੱਤੀ ਹੋਈ।[8] ਇਸ ਪ੍ਰਕਾਰ ਉਪਨਿਸ਼ਦਿਕ ਦਰਸ਼ਨ ਅਨੁਸਾਰ ਬ੍ਰਹਮ ਹੀ ਇਕ ਮਾਤਰ ਸੱਤਾ ਹੈ ਜੋ ਜਗਤ ਦੀ ਉੱਤਪੱਤੀ ਦਾ ਕਾਰਨ ਹੈ।

ਗੀਤਾ ਅਨੁਸਾਰ ਸਾਰਾ ਜਗਤ ਬ੍ਰਹਮ ਦੇ ਵਿਅਕਤ ਸਰੂਪ ਦਾ ਹੀ ਪਾਸਾਰ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਪ੍ਰਕ੍ਰਿਤੀ ਮੇਰਾ ਸਰੂਪ ਹੈ[9] ਮੈਂ (ਬ੍ਰਹਮ) ਹੀ ਸੰਪੂਰਨ ਜਗਤ ਦੀ ਉੱਤਪੱਤੀ ਦਾ ਕਾਰਨ ਹਾਂ।[10] ਇਸ ਜਗਤ ਨੂੰ ਬਣਾਉਣ ਅਤੇ ਨਸ਼ਟ ਕਰਨ ਵਾਲਾ ਵੀ ਮੈਂ ਹੀ ਹਾਂ ।[11] ਪ੍ਰਕ੍ਰਿਤੀ ਅਤੇ ਜੀਵ ਮੇਰੀਆਂ ਜੜ੍ਹ ਅਤੇ ਚੇਤੰਨ ਸ਼ਕਤੀਆਂ ਹਨ ਅਤੇ ਮੈਂ ਹੀ ਜਗਤ ਨਾਲ ਜੁੜਿਆ ਹੋਇਆ ਹਾਂ।[12] ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ।[13]

ਸਾਂਖ ਸ਼ਾਸਤਰ ਦੇ ਰਚਨਾਕਾਰ ਅਚਾਰੀਆ ਕਪਿਲ ਨੇ ਜਗਤ ਵਿਧਾਨ ਬਾਰੇ ਸੁਚੱਜੇ ਅਤੇ ਨਿਯਮ ਪੂਰਬਕ ਵਿਚਾਰ ਪ੍ਰਸਤੁਤ ਕੀਤੇ ਹਨ। ਇਹ ਦਰਸ਼ਨ ਸ੍ਰਿਸ਼ਟੀ ਰਚਨਾ ਦੇ ਦੋ ਮੂਲ ਕਾਰਨ ਮੰਨਦਾ ਹੈ: ਪ੍ਰਕ੍ਰਿਤੀ ਅਤੇ ਪੁਰਸ਼। ਇਸ ਅਨੁਸਾਰ ਜਗਤ ਦੇ ਸਾਰੇ ਪਦਾਰਥਾਂ ਨੂੰ ਤਿੰਨ ਵਰਗਾਂ ਵਿਚ ਰਖਿਆ ਜਾ ਸਕਦਾ ਹੈ:

(ੳ) ਅਵਿਅਕਤ(ਮੂਲ ਪ੍ਰਕ੍ਰਿਤੀ), (ਅ) ਵਿਅਕਤ(ਪ੍ਰਕ੍ਰਿਤੀ ਦੇ ਵਿਕਾਰ),
(ੲ) ਪੁਰਸ਼(ਗੇਯ)

ਪਰੰਤੂ ਪ੍ਰਲਯ ਕਾਲ ਦੇ ਸਮੇਂ ਵਿਅਕਤ ਪਦਾਰਥਾਂ ਦਾ ਰੂਪ ਨਸ਼ਟ ਹੋ ਜਾਂਦਾ ਹੈ ਅਤੇ ਕੇਵਲ ਪ੍ਰਕ੍ਰਿਤੀ ਤੇ ਪੁਰਸ਼ ਹੀ ਦੋ ਮੂਲ ਤੱਤ ਬਾਕੀ ਬਚਦੇ ਹਨ। ਇਨ੍ਹਾਂ ਦੋ ਮੂਲ ਤੱਤਾਂ ਪੁਰਸ਼ ਅਤੇ ਪ੍ਰਕ੍ਰਿਤੀ ਤੋਂ ਹੀ ਸ੍ਰਿਸ਼ਟੀ ਦਾ ਵਿਕਾਸ ਹੁੰਦਾ ਹੈ। ਸਤ, ਰਜ ਅਤੇ ਤਮ ਪ੍ਰਕ੍ਰਿਤੀ ਦੇ ਤਿੰਨ ਗੁਣ ਹਨ। ਇਸ ਦਰਸ਼ਨ ਅਨੁਸਾਰ ਕ੍ਰਿਆਸ਼ੀਲਤਾ ਪ੍ਰਕ੍ਰਿਤੀ ਦਾ ਧਰਮ ਹੈ, ਪੁਰਸ਼ ਤਾਂ ਵਾਸਤਵ ਵਿਚ ਨਿਰਗੁਣ, ਨਿਸ਼ਕ੍ਰਿਯ ਅਤੇ ਅਕਰਤਾ ਹੈ।[14] ਜਗਤ ਦੀ ਸਿਰਜਨਾ ਪ੍ਰਕ੍ਰਿਤੀ ਕਰਦੀ ਹੈ, ਪੁਰਸ਼ ਤਾਂ ਕੇਵਲ ਦ੍ਰਿਸ਼ਟਾ ਹੈ।[15] ਪੁਰਸ਼ ਅਤੇ ਪ੍ਰਕ੍ਰਿਤੀ– ਦੋ ਮੂਲ ਤੱਤਾਂ ਦੁਆਰਾ ਜਗਤ ਦੀ ਹੋਈ ਰਚਨਾ ਦੇ ਸੰਦਰਭ ਵਿਚ ਸਾਂਖ ਸ਼ਾਸਤਰ ਦਾ ਮੱਤ ਹੈ ਕਿ ਬੇਸ਼ਕ ਪੁਰਸ਼ ਸੁਚੇਤ ਅਤੇ ਗਿਆਤਾ ਹੈ, ਫਿਰ ਵੀ 'ਕੈਵਲਯ' ਅਰਥਾਤ ਮੁਕਤ ਤੇ ਨਿਰਗੁਣ ਹੋਣ ਦੇ ਕਾਰਨ ਖ਼ੁਦ ਕਰਮ

ਕਰਨ ਦਾ ਕੋਈ ਸਾਧਨ ਉਸ ਕੋਲ ਨਹੀਂ ਹੈ। ਇਸੇ ਤਰ੍ਹਾਂ ਪ੍ਰਕ੍ਰਿਤੀ ਬੇਸ਼ੱਕ ਖ਼ੁਦ ਕੰਮ ਕਰਨ ਵਾਲੀ ਹੈ, ਪਰੰਤੂ ਜੜ੍ਹ ਜਾਂ ਅਚੇਤ ਹੋਣ ਦੇ ਕਾਰਨ ਉਹ ਇਹ ਨਹੀਂ ਜਾਣਦੀ ਕਿ ਕੀ ਕਾਰਨਾ ਚਾਹੀਦਾ ਹੈ ।

ਸਾਂਖ ਸ਼ਾਸਤਰ ਦਾ ਮੱਤ ਹੈ ਕਿ ਸੁਚੇਤ ਪੁਰਸ਼ ਅਤੇ ਜੜ੍ਹ ਜਾਂ ਅਚੇਤ ਪ੍ਰਕ੍ਰਿਤੀ ਦੇ ਸੰਜੋਗ ਨਾਲ, ਜਿਸ ਪ੍ਰਕਾਰ ਗਊ ਆਪਣੇ ਵੱਛੇ ਲਈ ਦੁੱਧ ਦਿੰਦੀ ਹੈ ਜਾਂ ਲੋਹਾ ਅਤੇ ਚੁੰਬਕ ਲਾਗੇ ਲਾਗੇ ਹੋਣ ਦੀ ਹਾਲਤ ਵਿਚ ਲੋਹੇ ਵਿਚ ਖਿੱਚ-ਸ਼ਕਤੀ ਆ ਜਾਂਦੀ ਹੈ, ਉਸੇ ਤਰ੍ਹਾਂ ਮੂਲ ਅਵਿਅਕਤ ਪ੍ਰਕ੍ਰਿਤੀ ਆਪਣੇ ਗੁਣਾਂ (ਸੂਖਮ ਅਤੇ ਸਥੂਲ) ਦਾ ਵਿਅਕਤ ਪਸਾਰਾ ਪੁਰਸ਼ ਦੇ ਸਾਹਮਣੇ ਪਸਾਰਨ ਲੱਗਦੀ ਹੈ।[16] ਬਾਲ ਗੰਗਾਧਰ ਤਿਲਕ ਨੇ ਸੁੰਦਰ ਦ੍ਰਿਸ਼ਟਾਂਤ ਦੁਆਰਾ ਇਸ ਪ੍ਰਕ੍ਰਿਆ ਨੂੰ ਸਮਝਾਇਆ ਕਿ ਪੁਰਸ਼ ਅਤੇ ਪ੍ਰਕ੍ਰਿਤੀ ਲੰਗੜੇ ਅਤੇ ਅੰਨ੍ਹੇ ਦੀ ਉਹ ਜੋੜੀ ਹੈ ਜਿਸ ਵਿਚ ਅੰਨ੍ਹੇ ਦੇ ਮੋਢਿਆਂ ਉਤੇ ਲੰਗੜਾ ਬੈਠਾ ਹੈ ਅਤੇ ਦੋਨੋਂ ਇਕ ਦੂਸਰੇ ਦੀ ਸਹਾਇਤਾ ਨਾਲ ਚਲਦੇ ਚਲੇ ਜਾਂਦੇ ਹਨ। ਇਸ ਤਰ੍ਹਾਂ ਅਚੇਤ ਪ੍ਰਕ੍ਰਿਤੀ ਅਤੇ ਸੁਚੇਤ ਪੁਰਸ਼ ਦਾ ਸੰਯੋਗ ਹੋ ਜਾਣ ਨਾਲ ਸ੍ਰਿਸ਼ਟੀ ਦੇ ਸਾਰੇ ਕਾਰਜ ਆਰੰਭ ਹੋ ਜਾਂਦੇ ਹਨ।[17]

ਇਸ ਪ੍ਰਕਾਰ ਚੇਤਨਾ ਦੀ ਅਗਵਾਈ ਵਿਚ ਹੀ ਜੜ੍ਹ ਪ੍ਰਕ੍ਰਿਤੀ ਸ੍ਰਿਸ਼ਟੀ ਕਾਰਜ ਦਾ ਅਮਲ ਆਰੰਭ ਕਰਦੀ ਹੈ। ਸਾਂਖ ਦਾ ਪੁਰਸ਼ ਅਕਰਤਾ ਹੈ ਅਤੇ ਉਹ ਜਗਤ ਦਾ ਮੂਲ ਕਾਰਨ ਨਹੀਂ ਹੈ, ਜਦਕਿ ਉਪਨਿਸ਼ਦਾਂ ਅਤੇ ਗੀਤਾ ਦਾ ਬ੍ਰਹਮ ਸ੍ਰਿਸ਼ਟੀ ਦਾ ਕਾਰਨ ਭੂਤ ਤੱਤ ਹੈ।

ਨਿਆਂ ਦਰਸ਼ਨ ਦਾ ਕਥਨ ਹੈ ਕਿ ਜਗਤ ਦਾ ਕਰਤਾ ਸਰਵੱਗ ਈਸ਼ਵਰ ਹੈ।[18] ਵੈਸ਼ੇਸ਼ਿਕ ਦਰਸ਼ਨ ਦਾ ਜਗਤ ਉਤਪੱਤੀ ਸੰਬੰਧੀ ਦ੍ਰਿਸ਼ਟੀਕੋਣ ਵੀ ਨਿਆਂ ਸ਼ਾਸਤਰ ਨਾਲ ਮਿਲਦਾ ਜੁਲਦਾ ਹੈ। ਇਨ੍ਹਾਂ ਦਾ ਮੱਤ ਹੈ ਕਿ ਜਿਸ ਤਰ੍ਹਾਂ ਹਰ ਕਾਰਜ ਦਾ ਕਰਤਾ ਹੁੰਦਾ ਹੈ, ਉਸੇ ਤਰ੍ਹਾਂ ਜਗਤ ਵੀ ਇਕ ਕਾਰਜ ਹੈ ਅਤੇ ਇਸ ਦੀ ਰਚਨਾ ਕਰਨ ਵਾਲਾ ਸਾਧਾਰਨ ਪੁਰਸ਼ ਨਹੀਂ ਹੋ ਸਕਦਾ। ਇਨ੍ਹਾਂ ਦਾ ਕਥਨ ਹੈ ਕਿ 'ਈਸ਼ਵਰ ਸਰਬ ਗਿਆਤਾ, ਸਰਬ ਸ਼ਕਤੀਮਾਨ ਅਤੇ ਇਸ ਜਗਤ ਦੀ ਰਚਨਾ, ਪਾਲਣਾ ਅਤੇ ਸੰਘਾਰ ਕਰਨ ਵਾਲਾ ਹੈ।"[19]

ਬੋਧ ਦਰਸ਼ਨ ਜਗਤ ਨੂੰ ਇਕ ਸੁਤੰਤਰ ਸੱਤਾ ਮੰਨਦਾ ਹੈ ਜੋ ਪਰਿਵਰਤਨਸ਼ੀਲ ਵੀ ਹੈ। ਇਸ ਮੱਤ ਅਨੁਸਾਰ, "ਇਕ ਵਸਤੂ ਕਿਸੇ ਕਾਰਨ ਤੋਂ ਉਤਪੰਨ ਹੁੰਦੀ ਹੈ। ਇਸ ਲਈ ਸੰਸਾਰ ਵਿਚ ਕੋਈ ਵਸਤੂ ਨਿਤਯ ਨਹੀਂ, ਸਭ ਵਸਤੂਆਂ ਪਰਿਵਰਤਨਸ਼ੀਲ ਹਨ।"[20] ਜਗਤ ਦੀ ਉਤਪੱਤੀ ਬਿਨਾਂ ਕਿਸੇ ਗਿਆਤ ਪ੍ਰਬੰਧ ਤੋਂ ਹੈ। ਸਮਸਤ ਅਸਤਿੱਤਵ ਨਿਰੰਤਰ ਧਾਰਾ ਹੈ

ਜੋ ਤੱਤਾਂ ਤੋਂ ਉਤਪੰਨ ਹੁੰਦਾ ਹੈ।[21] ਬੁੱਧ ਮੱਤ ਅਤੇ ਵੈਸ਼ੇਸ਼ਿਕ ਮੱਤ ਦੀ ਧਾਰਨਾ ਹੈ ਕਿ ਪਦਾਰਥ ਨਸ਼ਟ ਹੋ ਕੇ ਦੂਜੇ ਰੂਪ ਵਿਚ ਬਦਲ ਜਾਂਦਾ ਹੈ ਅਰਥਾਤ ਬੀਜ ਦਾ ਨਾਸ਼ ਹੋ ਕੇ ਉਸ ਤੋਂ ਅੰਕੁਰ ਅਤੇ ਅੰਕੁਰ ਦੇ ਨਾਸ਼ ਤੋਂ ਬਾਅਦ ਉਸ ਤੋਂ ਪੇੜ ਬਣਦਾ ਹੈ।

ਜੈਨ ਮੱਤ ਅਨੁਸਾਰ ਵੱਖ-ਵੱਖ ਪ੍ਰਕਾਰ ਦੇ ਦ੍ਰਵਾਂ ਤੋਂ ਸੰਸਾਰ ਦੀ ਸਿਰਜਣਾ ਹੁੰਦੀ ਹੈ। ਇਹ ਛੇ ਤੱਤਾਂ ਜੀਵ, ਪੁਦਗਲ(ਸਥੂਲ), ਧਰਮ, ਅਧਰਮ, ਆਕਾਸ਼ ਅਤੇ ਕਾਲ ਦਾ ਬਣਿਆ ਹੋਇਆ ਹੈ। ਦ੍ਰਵਯ ਦੇ ਅਪਰਿਵਰਤਨਸ਼ੀਲ ਗੁਣਾਂ ਅਤੇ ਇਨ੍ਹਾਂ ਦੁਆਰਾ ਨਿਰਮਿਤ ਹੋਣ ਕਾਰਨ ਇਹ ਸੰਸਾਰ ਨਿਤਯ ਹੈ, ਪਰ ਕਿਉਂ ਕਿ ਸੰਸਾਰ ਵਿਚ ਅਕਸਰ ਪਰਿਵਰਤਨ ਹੁੰਦਾ ਰਹਿੰਦਾ ਹੈ, ਇਸ ਲਈ ਇਹ ਪਰਿਵਰਤਨਸ਼ੀਲ ਵੀ ਹੈ।

ਚਾਰਵਾਕ ਦਰਸ਼ਨ ਅਨੁਸਾਰ ਜਗਤ ਅਤੇ ਜਗਤ ਦੇ ਪਦਾਰਥਾਂ ਦੀ ਸਿਰਜਣਾ ਪ੍ਰਿਥਵੀ, ਜਲ, ਵਾਯੂ ਅਤੇ ਤੇਜ ਅਥਵਾ ਪ੍ਰਕਾਸ਼ ਆਦਿ ਚਾਰ ਤੱਤਾਂ ਦੁਆਰਾ ਹੁੰਦੀ ਹੈ। ਇਹ ਮੱਤ ਪਰਮਾਤਮਾ ਤੇ ਵਿਸ਼ਵਾਸ ਨਹੀਂ ਰੱਖਦਾ, ਡਾ. ਉਮੇਸ਼ ਮਿਸ਼ਰ ਦਾ ਕਥਨ ਹੈ ਕਿ ਇਨ੍ਹਾਂ ਅਨੁਸਾਰ ਸ੍ਰਿਸ਼ਟੀ ਦੇ ਨਿਰਮਾਣ ਲਈ ਈਸ਼ਵਰ ਇੱਛਾ ਜਾਂ ਅਦ੍ਰਿਸ਼ਟ ਆਦਿ ਨੂੰ ਮੰਨਣ ਦੀ ਆਵਸ਼ਕਤਾ ਨਹੀਂ ਕਿਉਂ ਕਿ ਸ੍ਰਿਸ਼ਟੀ ਆਪਣੇ ਆਪ ਜਾਂ ਮਾਤਾ ਪਿਤਾ ਦੀ ਪਰੰਪਰਾ ਨਾਲ ਹੋ ਜਾਂਦੀ ਹੈ।[22]

ਅਦ੍ਵੈਤਵਾਦੀ ਦਰਸ਼ਨ ਅਨੁਸਾਰ ਬ੍ਰਹਮ ਦੇ ਰੂਪਾਂ ਵਿਚ ਸਿਸ਼ਟੀ ਦੀ ਉੱਤਪਤੀ ਦਾ ਕਾਰਨ ਹੈ: ਨਿਮਿਤ ਅਤੇ ਉਪਾਦਾਨ ਰੂਪ ਵਿਚ। ਨਿਮਿਤ ਅਰਥਾਤ ਸ੍ਰਿਸ਼ਟੀ ਦੇ ਹੇਤੂ ਦੇ ਰੂਪ ਅਤੇ ਉਪਾਦਾਨ ਅਰਥਾਤ ਸ੍ਰਿਸ਼ਟੀ ਪਦਾਰਥਾਂ ਦੇ ਸਾਧਨ ਦੇ ਰੂਪ ਵਿਚ।[23] ਮਿਸਾਲ ਵਜੋਂ ਘੁਮਿਆਰ ਘੜੇ ਆਦਿ ਦਾ ਹੇਤੂ ਹੈ ਅਰਥਾਤ ਨਿਮਿਤ ਕਾਰਨ ਹੈ ਅਤੇ ਮਿੱਟੀ ਸਾਧਨ ਰੂਪ ਵਿਚ ਉਪਾਦਾਨ ਕਾਰਨ ਹੈ।[24] ਸ਼ੰਕਰ ਦੇ ਮੱਤ ਅਨੁਸਾਰ ਨਿਮਿਤ ਅਤੇ ਉਪਦਾਨ ਕਾਰਨਾਂ ਦੀ ਵੱਖੋ-ਵੱਖਰੀ ਸੱਤਾ ਨਹੀਂ ਹੈ,[25] ਇਕ ਹੀ ਬ੍ਰਹਮ ਨਿਮਿਤ ਅਤੇ ਉਪਦਾਨ ਕਾਰਨ ਦੋਨੋਂ ਹੈ। ਬ੍ਰਹਮ ਦੀ ਕਾਰਨ ਸਰੂਪਤਾ ਸੰਬੰਧੀ ਸ਼ੰਕਰ ਦਾ ਮੱਤ ਹੈ ਕਿ ਬ੍ਰਹਮ ਜਗਤ ਦਾ ਆਧਾਰ ਹੈ, ਮਨ ਦੁਆਰਾ ਉਸ ਦੀ ਰਚਨਾ ਦਾ ਵਿਚਾਰ ਨਹੀਂ ਹੋ ਸਕਦਾ, ਉਹ ਅਚਿੰਤਯ ਹੈ, ਸਰਵੱਗ ਅਤੇ ਸ਼ਕਤੀਮਾਨ ਕਾਰਨ ਹੈ ਅਤੇ ਉਸ ਦੁਆਰਾ ਹੀ ਜਗਤ ਦੀ ਰਚਨਾ, ਸਥਿਤੀ ਅਤੇ ਪ੍ਰਲੈ ਹੁੰਦੀ ਹੈ।[26]

ਸ਼ੰਕਰ ਨੇ ਬ੍ਰਹਮ ਦੇ ਸਾਕਾਰ, ਨਿਰਕਾਰ, ਮੂਰਤ, ਅਮੂਰਤ ਅਰਥਾਤ ਸਗੁਣ ਤੇ ਨਿਰਗੁਣ ਦੇ ਸਰੂਪਾਂ ਨੂੰ ਸਵੀਕਾਰ ਕੀਤਾ ਹੈ। ਸਤ, ਰਜ ਅਤੇ ਤਮ ਆਦਿ ਗੁਣਾਂ ਨਾਲ ਯੁਕਤ ਬ੍ਰਹਮ

ਸਗੁਣ ਹੈ ਅਤੇ ਇਨ੍ਹਾਂ ਤਿੰਨਾਂ ਗੁਣਾਂ ਤੋਂ ਰਹਿਤ ਬ੍ਰਹਮ ਨਿਰਗੁਣ ਅਖਵਾਉਂਦਾ ਹੈ। ਸਗੁਣ ਬ੍ਰਹਮ ਈਸ਼ਵਰ ਰੂਪ ਵਿਚ ਜਗਤ ਦੀ ਸਿਰਜਣਾ, ਪਾਲਣਾ ਅਤੇ ਸੰਘਾਰ ਕਰਦਾ ਹੈ। ਸ਼ੰਕਰ ਅਨੁਸਾਰ ਈਸ਼ਵਰ ਸਭ ਦਾ ਅਧਿਅਕਸ਼, ਵਿਚਿੱਤਰ ਸ੍ਰਿਸ਼ਟੀ ਦਾ ਸਿਰਜਕ, ਸੰਘਾਰ ਕਰਤਾ ਅਤੇ ਦੇਸ਼-ਕਾਲ ਦਾ ਗਿਆਤਾ ਹੈ।[27] ਉਹ ਕੇਵਲ ਲੀਲ੍ਹਾ ਨਹੀਂ, ਇਸ ਜਗਤ ਦੀ ਸਿਰਜਣਾ ਕਰਦਾ ਹੈ। ਮੂਰਤ ਰੂਪ ਬ੍ਰਹਮ ਹੀ ਜਗਤ ਰੂਪ ਹੈ ਜੋ ਸਦੀਵੀ ਨਹੀਂ, ਥੋੜ੍ਹ ਚਿਰਾ, ਮਿਥਿਆ ਤੇ ਨਾਸ਼ਵਾਨ ਹੈ। ਅਦ੍ਵੈਤਵਾਦੀ ਚਿੰਤਨ ਦੇ ਮੂਲ ਮੰਤਰ ਵਿਚ ਹੀ ਜਗਤ ਨੂੰ ਮਿਥਿਆ ਮੰਨਿਆ ਗਿਆ ਹੈ।

ਵਿਸ਼ਿਸ਼ਟ ਅਦ੍ਵੈਤਵਾਦੀ ਧਾਰਨਾ ਅਨੁਸਾਰ ਜਗਤ ਮਿਥਿਆ ਨਹੀਂ, ਇਹ ਈਸ਼ਵਰ ਦੁਆਰਾ ਨਿਰਮਿਤ ਹੈ, ਇਸ ਲਈ ਇਸ ਵਿਚ ਉਸੇ ਦਾ ਸੱਤ ਸਰੂਪੀ ਅੰਸ਼ ਮੌਜੂਦ ਹੈ। ਰਾਮਾਨੁਜ ਦਾ ਮੱਤ ਹੈ ਕਿ ਈਸ਼ਵਰ ਦੀ ਅਗਵਾਈ ਹੇਠ ਪ੍ਰਕ੍ਰਿਤੀ ਇਸ ਜਗਤ ਦੀ ਰਚਨਾ ਕਰਦੀ ਹੈ। ਈਸ਼ਵਰ ਆਪਣੀ ਮਾਇਆ ਦੁਆਰਾ ਇਸ ਜਗਤ ਰੂਪੀ ਲੀਲ੍ਹਾ-ਭੂਮੀ ਦੀ ਸਿਰਜਣਾ ਅਤੇ ਸੰਘਾਰ ਕਰਦਾ ਹੈ।

ਸ਼ੁੱਧ-ਅਦ੍ਵੈਤਵਾਦ ਦੇ ਆਚਾਰੀਆ ਵੱਲਭ ਅਨੁਸਾਰ ਮਾਇਆ ਦੇ ਸੰਬੰਧ ਤੋਂ ਰਹਿਤ ਬ੍ਰਹਮ ਹੀ ਇਸ ਜਗਤ ਦਾ ਕਾਰਨ ਅਤੇ ਕਾਰਜ ਹੈ। ਵੱਲਭ ਨੇ ਜਗਤ ਅਤੇ ਸੰਸਾਰ ਵਿਚ ਅੰਤਰ ਕੀਤਾ ਹੈ। ਉਨ੍ਹਾਂ ਦਾ ਮੱਤ ਹੈ ਕਿ ਜਗਤ ਈਸ਼ਵਰ ਦੀ ਇੱਛਾ ਨਾਲ ਉਸ ਦੇ ਸੱਤ ਅੰਸ਼ ਦਾ ਵਿਸਤਾਰ ਹੈ, ਪ੍ਰੰਤੂ ਸੰਸਾਰ ਜੀਵ ਕ੍ਰਿਤ ਹੈ ਅਤੇ ਉਸ ਦੀ ਅਵਿਦਿਆ ਦੇ ਕਾਰਨ ਮਮਤਾ ਰੂਪ ਵਿਚ ਪੈਦਾ ਹੋਇਆ ਪਦਾਰਥ ਹੈ। ਜੀਵ ਦੇ ਅਗਿਆਨ ਦਾ ਫਲ ਹੋਣ ਦੇ ਕਾਰਨ ਜਗਤ 'ਅਵਿਕ੍ਰਿਤ ਪਰਿਣਾਮਵਾਦ' ਹੈ। ਬ੍ਰਹਮ ਕਾਰਨ ਹੈ ਅਤੇ ਜਗਤ ਪਰਿਣਾਮ, "ਜਿਸ ਤਰ੍ਹਾਂ ਕੁੰਡਲ ਰੂਪ ਵਿਚ ਪਰਿਵਰਤਿਤ ਹੋਣ ਤੇ ਵੀ ਸੋਨੇ ਵਿਚ ਕਿਸੇ ਪ੍ਰਕਾਰ ਦਾ ਵਿਕਾਰ ਉਤਪੰਨ ਨਹੀਂ ਹੁੰਦਾ, ਉਸ ਤਰ੍ਹਾਂ ਹੀ ਜਗਤ ਰੂਪ ਵਿਚ ਪਰਿਵਰਤਿਤ ਹੋਣ ਤੇ ਵੀ ਬ੍ਰਹਮ ਵਿਚ ਕੋਈ ਵਿਕਾਰ ਪੈਦਾ ਨਹੀਂ ਹੁੰਦਾ।[28] ਸੋਨੇ ਵਾਂਗ ਬ੍ਰਹਮ ਵੀ ਅਨੇਕ ਨਾਮਾਂ ਅਤੇ ਰੂਪਾਂ ਅੰਦਰ ਇਕੋ ਹੀ ਤਰ੍ਹਾਂ ਅਵਿਕ੍ਰਿਤ ਰੂਪ ਵਿਚ ਵਿਦਮਾਨ ਰਹਿੰਦਾ ਹੈ। ਇਸ ਮੱਤ ਵਿਚ ਜਗਤ ਦੀ ਉਤਪੱਤੀ ਅਤੇ ਵਿਨਾਸ਼ ਨੂੰ ਸਵੀਕਾਰ ਨਹੀਂ ਕੀਤਾ ਗਿਆ ।

ਨਾਥ ਸੰਪ੍ਰਦਾਇ ਅਨੁਸਾਰ ਬ੍ਰਹਮ ਨੇ ਸ਼ਕਤੀ ਦੁਆਰਾ ਇਸ ਜਗਤ ਦੀ ਸਿਰਜਣਾ ਕੀਤੀ ਹੈ। ਇਹ ਸ਼ਕਤੀ ਚੇਤਨ ਬ੍ਰਹਮ ਦੀ ਅੰਸ਼ ਹੋਣ ਦੇ ਕਾਰਨ ਆਪ ਵੀ ਚੇਤਨ ਅਤੇ ਬ੍ਰਹਮ ਅਧੀਨ ਹੈ। 'ਨਾਥ ਸੰਪ੍ਰਦਾਇ ਦੀ ਸ਼ਕਤੀ, ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਵਾਂਗ

ਹੀ ਤ੍ਰੈਗੁਣਾਤਮਕ ਹੈ। ਗੋਰਖ ਨਾਥ ਅਨੁਸਾਰ ਉਤਪੱਤੀ ਕਰਨ ਵਾਲੀ ਮਾਇਆ-ਸ਼ਕਤੀ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਉਤਪੰਨ ਕੀਤਾ।"[29] ਨਾਥ ਸਾਹਿਤ ਵਿਚ ਅਵਿਅਕਤ ਬ੍ਰਹਮ ਨੂੰ ਅਵਿਗਤ-ਬ੍ਰਹਮ ਕਿਹਾ ਗਿਆ ਅਤੇ ਸ੍ਰਿਸ਼ਟੀ ਦੀ ਉਤਪਤੀ ਇਸ ਬ੍ਰਹਮ ਤੋਂ ਹੀ ਹੋਈ ਮੰਨੀ ਗਈ ਹੈ।[30]

ਭਾਰਤੀ ਦਰਸ਼ਨ ਵਿਚ ਜਗਤ-ਉਤਪੱਤੀ ਦੇ ਸੰਦਰਭ ਵਿਚ ਉਪਰੋਕਤ ਵਿਵੇਚਨ ਦੇ ਆਧਾਰ ਤੇ ਜੋ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ, ਉਸ ਅਨੁਸਾਰ ਸ੍ਰਿਸ਼ਟੀ ਦੀ ਉਤਪੱਤੀ ਦੇ ਕਈ ਕਾਰਨ ਹਨ। ਕੁਝ ਦਾਰਸ਼ਨਿਕਾਂ ਨੇ ਬ੍ਰਹਮ ਜਾਂ ਆਤਮਾ ਨੂੰ ਇਸ ਦਾ ਸਿਰਜਕ ਮੰਨਿਆ ਹੈ, ਕੁਝ ਇਕ ਨੇ ਜਲ, ਅਗਨੀ, ਵਰੁਣ, ਪ੍ਰਕਾਸ਼, ਆਕਾਸ਼ ਆਦਿ ਦ੍ਰਵਾਂ ਦੇ ਸੰਜੋਗ ਦੁਆਰਾ ਜਗਤ ਦੀ ਰਚਨਾ ਹੋਈ ਮੰਨੀ ਹੈ ਅਤੇ ਕੁਝ ਇਕ ਦਾ ਵਿਚਾਰ ਹੈ ਕਿ ਸਤ, ਰਜ ਅਤੇ ਤਮ ਗੁਣਾਂ ਦੁਆਰਾ ਇਹ ਸ੍ਰਿਸ਼ਟੀ ਹੋਂਦ ਵਿਚ ਆਈ ਹੈ। ਕੁਝ ਹੋਰਨਾਂ ਨੇ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਜੋਗ ਦੁਆਰਾ ਇਸ ਸ੍ਰਿਸ਼ਟੀ ਨੂੰ ਉਤਪੰਨ ਹੋਈ ਸਵੀਕਾਰਿਆ ਹੈ। ਇਸ ਪ੍ਰਕਾਰ ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਦਰਸ਼ਨ-ਆਚਾਰੀਆਂ ਨੇ ਇਸ ਜਗਤ ਵਿਧਾਨ ਦੇ ਕ੍ਰਮ ਨੂੰ ਆਪਣੇ ਆਪਣੇ ਢੰਗ ਨਾਲ ਸਮਝਣ ਦਾ ਯਤਨ ਕੀਤਾ ਹੈ।

### 4.2.2. ਗੁਰੂ ਰਵਿਦਾਸ ਦੁਆਰਾ ਜਗਤ-ਰਚਨਾ ਦਾ ਵਰਣਨ

ਜਗਤ ਦੀ ਉਤਪੱਤੀ ਦੇ ਸੰਦਰਭ ਵਿਚ ਗੁਰੂ ਰਵਿਦਾਸ ਵਾਣੀ ਵਿਚ ਵੇਦਾਂਤ ਦਰਸ਼ਨ ਦਾ ਪੂਰਨ ਅਨੁਸਰਣ ਕੀਤਾ ਗਿਆ ਹੈ ਅਤੇ ਇਸ ਰਚਨਾ ਦਾ ਮੂਲ ਕਾਰਨ ਕੇਵਲ ਬ੍ਰਹਮ ਨੂੰ ਹੀ ਮੰਨਿਆ ਗਿਆ ਹੈ। ਗੁਰੂ ਜੀ ਅਨੁਸਾਰ ਬ੍ਰਹਮ ਨੇ ਆਪਣੀ ਗਿਆਨ ਸ਼ਕਤੀ, ਇੱਛਾ ਸ਼ਕਤੀ ਅਤੇ ਕ੍ਰਿਆ ਸ਼ਕਤੀ ਨਾਲ ਇਸ ਜਗਤ ਦਾ ਨਿਰਮਾਣ ਕੀਤਾ ਹੈ। ਇਹ ਦ੍ਰਿਸ਼ਟਮਾਨ ਸ੍ਰਿਸ਼ਟੀ ਉਸ ਤੋਂ ਹੀ ਉਤਪੰਨ ਹੁੰਦੀ ਹੈ ਅਤੇ ਅੰਤ ਵਿਚ ਉਸ ਵਿਚ ਹੀ ਸਮਾ ਜਾਂਦੀ ਹੈ।

#### (ੳ) ਬ੍ਰਹਮ ਦੁਆਰਾ ਸ੍ਰਿਸ਼ਟੀ ਸਿਰਜਣਾ

ਇਹ ਜਗਤ ਉਸ ਸਰਵ-ਵਿਆਪੀ ਬ੍ਰਹਮ ਦਾ ਹੀ ਪਸਾਰਾ ਹੈ ਅਤੇ ਸਾਰੇ ਜੀਵ-ਜੰਤੂਆਂ ਦਾ ਸਿਰਜਕ ਇਕੋ ਹੀ ਪਰਮਾਤਮਾ ਹੈ। ਉਪਨਿਸ਼ਦਾਂ ਵਿਚ ਬ੍ਰਹਮ ਨੂੰ ਉਂਕਾਰ -ਰੂਪ

ਮੰਨਿਆ ਗਿਆ ਹੈ, ਛਾਂਦੋਗਯ ਉਪਨਿਸ਼ਦ ਦਾ ਕਥਨ ਹੈ ਕਿ ਉਂਕਾਰ ਤੋਂ ਹੀ ਜਗਤ ਦੀ ਉਤਪਤੀ ਹੋਈ ਹੈ।[31] ਮਾਂਡੂਕਯ ਉਪਨਿਸ਼ਦ ਅਨੁਸਾਰ ਉਂਕਾਰ ਅੱਖਰ ਅਵਿਨਾਸ਼ੀ ਪ੍ਰਭੂ ਦਾ ਪ੍ਰਤੀਕ ਹੈ ਅਤੇ ਸੰਪੂਰਨ ਜਗਤ ਉਸ ਦਾ ਹੀ ਵਿਆਖਿਆਨ ਹੈ।[32] ਗੁਰੂ ਰਵਿਦਾਸ ਵਾਣੀ ਵਿਚ ਵੀ ਉਂਕਾਰ-ਰੂਪ ਬ੍ਰਹਮ ਨੂੰ ਹੀ ਸਮਸਤ ਸੰਸਾਰ ਅਤੇ ਤ੍ਰੈਲੋਕੀ ਦਾ ਸਿਰਜਕ ਮੰਨਿਆ ਗਿਆ ਹੈ। ਆਪ ਦਾ ਕਥਨ ਹੈ:

ਅਖਰ ਅਨਾਦਿ ਏਕ ਓਂਕਾਰਾ, ਤੀਨ ਲੋਕ ਜਿਨ ਕੀਆ ਪਸਾਰਾ।[33]

ਏਕੈ ਮਾਟੀ ਸਭ ਘਟ ਸਾਜੈ, ਏਕੈ ਸਭ ਕੂੰ ਸਿਰਜਨਹਾਰਾ।[34]

ਬ੍ਰਹਮ ਕਰਤਾ ਪੁਰਖ ਹੈ, ਸਰਵ-ਵਿਆਪਕ, ਸਰਬੰਗੀ, ਸਰਬਗਤਿ ਅਤੇ ਜਗਤ ਦਾ ਆਧਾਰ ਹੈ, ਉਹੋ ਹੀ ਜਗਤ ਦੀ ਸਿਰਜਨਾ ਤੇ ਸੰਘਾਰ ਕਰਦਾ ਹੈ। ਆਪ ਦਾ ਫੁਰਮਾਨ ਹੈ:

ਕਹੈ ਰਵਿਦਾਸ ਕ੍ਰਿਸ਼ਨ ਕਰੁਨਾਮੈ, ਜੈਜੈ ਜਗਤ ਆਧਾਰਾ।[35]

ਸਰਵੇਸ਼ਵਰ ਸਰਬੰਗੀ ਸਰਬਗਤਿ, ਕਰਤਾ, ਹਰਤਾ ਸੋਈ।[36]

ਜੋ ਅਵਿਨਾਸੀ ਸਬਕਾ ਕਰਤਾ, ਵਯਾਪ ਰਹਯੋ ਸਬ ਠੌਰ ਰੇ।[37]

ਤੈਤਿਰਯ ਉਪਨਿਸ਼ਦ ਵਿਚ ਜਗਤ-ਉਤਪੱਤੀ ਸੰਬੰਧੀ ਵਰਣਿਤ ਹੈ ਕਿ ਉਸ ਪਰਮਾਤਮਾ ਨੇ ਇੱਛਾ ਕੀਤੀ ਕਿ ਮੈਂ ਬਹੁਤ ਹੋ ਜਾਵਾਂ। ਉਸ ਨੇ ਤਪ ਦੁਆਰਾ ਸਾਰੀ ਰਚਨਾ ਕੀਤੀ ਅਤੇ ਰਚਨਾ ਕਰਕੇ ਉਹ ਆਪ ਵੀ ਇਸ ਵਿਚ ਹੀ ਪ੍ਰਵੇਸ਼ ਕਰ ਗਿਆ।"[38] ਛਾਂਦੋਗਯ ਉਪਨਿਸ਼ਦ ਅਨੁਸਾਰ ਸਾਰਾ ਜਗਤ ਬ੍ਰਹਮ ਹੀ ਹੈ, ਇਹ ਉਸ ਤੋਂ ਉਤਪੰਨ ਹੋ ਕੇ ਉਸ ਵਿਚ ਹੀ ਲੀਨ ਹੋਣ ਵਾਲਾ ਹੈ।[39] ਗੁਰੂ ਰਵਿਦਾਸ ਵਾਣੀ ਵਿਚ ਸ੍ਰਿਸ਼ਟੀ-ਰਚਨਾ ਦੇ ਆਦਿ ਤੱਤ ਨੂੰ ਸੁੰਨ ਦਾ ਨਾਮ ਦਿੱਤਾ ਗਿਆ ਹੈ। ਇਸ ਸੁੰਨ ਤੋਂ ਹੀ ਸਾਰੀ ਸ੍ਰਿਸ਼ਟੀ ਉਤਪੰਨ ਹੋਈ, ਇਕ ਤੋਂ ਅਨੇਕ ਰੂਪ ਹੋ ਕੇ ਉਹ ਇਸ ਜਗਤ ਵਿਚ ਹੀ ਵਿਲੀਨ ਹੋ ਗਿਆ ਹੈ। ਆਪ ਲਿਖਦੇ ਹਨ:

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।[40]

ਜਹਾਂ ਕਾ ਉਪਜਯਾ ਤਹਾਂ ਵਿਲਾਈ, ਸਹਜ ਸੁੰਨਿ ਮੈਂ ਰਹਯੋ ਲੁਕਾਈ।[41]

ਗੁਰੂ ਰਵਿਦਾਸ ਅਨੁਸਾਰ ਸਮਸਤ ਸ੍ਰਿਸ਼ਟੀ ਬ੍ਰਹਮ ਤੋਂ ਪੈਦਾ ਹੋਈ ਹੈ ਅਤੇ ਸਾਰੇ ਜਗਤ ਵਿਚ ਹੀ ਉਹ ਸਮਾਇਆ ਹੋਇਆ ਹੈ:

ਏਕ ਬ੍ਰਹਮ ਹਇ ਸਕਲ ਮਾਂਹਿ,ਅਰੁ ਸਕਲ ਬ੍ਰਹਮਹ ਮਾਹਿਂ।[42]

ਇਸ ਪ੍ਰਕਾਰ ਗੁਰੂ ਰਵਿਦਾਸ ਜੀ ਅਨੁਸਾਰ ਜਗਤ ਦੀ ਉਤਪੱਤੀ ਬ੍ਰਹਮ ਦੁਆਰਾ ਹੋਈ ਹੈ, ਉਹੀ ਇਸ ਜਗਤ ਦਾ ਆਧਾਰ ਹੈ, ਕਰਤਾ, ਹਰਤਾ ਅਰਥਾਤ ਸਿਰਜਕ, ਪਾਲਕ ਅਤੇ ਸੰਘਾਰਕ ਵੀ ਹੈ।

(ਅ) <u>ਨੂਰ ਅਥਵਾ ਪ੍ਰਕਾਸ਼ ਦੁਆਰਾ ਜਗਤ-ਸਿਰਜਣਾ</u>

ਭਾਰਤੀ ਦਰਸ਼ਨ ਵਿਚ ਪਰਮਾਤਮਾ ਨੂੰ ਜੋਤਿ-ਸਰੂਪ ਮੰਨਕੇ ਉਸਦੀ ਜੋਤਿ ਅਰਥਾਤ ਪ੍ਰਕਾਸ਼ ਦੁਆਰਾ ਸ੍ਰਿਸ਼ਟੀ ਦੀ ਉਤਪੱਤੀ ਹੋਈ ਮੰਨੀ ਗਈ ਹੈ। ਸਾਂਖ ਦਰਸ਼ਨ ਅਨੁਸਾਰ, "ਪੁਰਸ਼ ਚੇਤਨ-ਸਰੂਪ, ਪ੍ਰਕਾਸ਼-ਸਰੂਪ ਅਤੇ ਸਵੈ-ਪ੍ਰਕਾਸ਼ਿਤ ਹੈ। ਉਸ ਦੇ ਪ੍ਰਕਾਸ਼ ਕਾਰਨ ਹੀ ਸਾਰੇ ਜੜ੍ਹ ਪਦਾਰਥ ਪ੍ਰਕਾਸ਼ਿਤ ਹੋ ਰਹੇ ਹਨ।"[43] ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਉਸ ਜੋਤਿ ਨੂੰ ਮੇਰੀ ਸਮਝੋ ਜੋ ਸੂਰਜ ਵਿਚ ਹੈ ਅਤੇ ਸਾਰੇ ਬ੍ਰਹਿਮੰਡ ਨੂੰ ਜਿਉਤਿਤ ਕਰਦੀ ਹੈ।[44] ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਨੂੰ ਜੋਤਿ-ਸਰੂਪ ਮੰਨ ਕੇ ਉਸ ਦੇ ਨੂਰ ਦੁਆਰਾ ਜਗਤ ਦੀ ਸਿਰਜਣਾ ਹੋਈ ਸਵੀਕਾਰੀ ਗਈ ਹੈ। ਆਪ ਦਾ ਕਥਨ ਹੈ:

ਰਵਿਦਾਸ ਇਕ ਹੀ ਨੂਰ ਤੇ ਜਿਮਿ ਉਪਜਯੋ ਸੰਸਾਰ।
ਊਂਚ ਨੀਚ ਕਿਹ ਬਿਧ ਭਯੋ, ਬਾਹਮਨ ਅਰੁ ਚਮਾਰ ।[45]

ਪ੍ਰਭੂ-ਨਾਮ ਦੀ ਜੋਤਿ[46] ਨੇ ਹੀ ਸਾਰੇ ਸੰਸਾਰ ਨੂੰ ਪ੍ਰਕਾਸ਼ਵਾਨ ਕੀਤਾ ਹੋਇਆ ਹੈ, ਸਮਸਤ ਜੀਵਾਂ ਵਿਚ ਉਸ ਸਵੈ-ਪ੍ਰਕਾਸ਼ਿਤ ਪਰਮਾਤਮਾ ਦਾ ਨੂਰ ਵਿਆਪਕ ਹੈ ਅਤੇ ਉਸ ਦੇ ਪ੍ਰਕਾਸ਼ ਤੋਂ ਹੀ ਸਭ ਆਤਮਾਵਾਂ ਨੂਰੋ-ਨੂਰ ਹੋ ਰਹੀਆਂ ਹਨ:

ਹੈ ਸਬ ਆਤਮ ਸਵਯੰ ਪ੍ਰਕਾਸ ਸਾਚੋਂ।[47]

ਚਹੁ ਦਿਸਿ ਦਿਵਲਾ ਬਾਲਿ ਜਗਿ ਮਗਿ ਹਵੈ ਰਹਯੋ ਏ।[48]

ਇਸ ਪ੍ਰਕਾਰ ਗੁਰੂ ਰਵਿਦਾਸ ਨੇ ਬ੍ਰਹਮ ਨੂੰ ਜੋਤਿ-ਸਰੂਪ ਮੰਨ ਕੇ ਉਸ ਦੀ ਜੋਤਿ ਅਥਵਾ ਨੂਰ ਤੋਂ ਹੀ ਜਗਤ ਦੀ ਸਿਰਜਣਾ ਹੋਈ ਮੰਨੀ ਹੈ ।

(ੲ) ਗਿਆਨ-ਸ਼ਕਤੀ ਦੁਆਰਾ ਜਗਤ ਸਿਰਜਣਾ

ਗੁਰੂ ਰਵਿਦਾਸ ਅਨੁਸਾਰ ਪਰਮਾਤਮਾ ਨੇ ਗਿਆਨ-ਸ਼ਕਤੀ ਦੁਆਰਾ ਜਗਤ ਦੀ ਉੱਤਪੱਤੀ ਕੀਤੀ ਹੈ। ਆਪਣੀ ਰਚਨਾ 'ਗਯਾਨ-ਗੋਸ਼ਠੀ(ਰਮੈਣੀ)' ਵਿਚ ਇਸ ਸੰਦਰਭ ਵਿਚ ਵਿਸਤ੍ਰਿਤ ਵਿਚਾਰ ਪ੍ਰਸਤੁਤ ਕੀਤਾ ਗਿਆ ਹੈ। ਪ੍ਰਭੂ ਗਿਆਨ-ਰੂਪ ਹੋ ਕੇ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ। ਆਪ ਲਿਖਦੇ ਹਨ:

ਗਯਾਨ ਰੂਪ ਜਗ ਰਹਯੋ ਸਮਾਇ, ਬਰਨਤ ਹੂੰ ਕਿਛੁ ਫੁਨਿ ਰਹਿ ਜਾਇ।[49]

ਜਗਤ ਦੇ ਸਮਸਤ ਜੀਵ, ਜਲ ਅਤੇ ਥਲ ਦੇ ਪ੍ਰਾਣੀ, ਨਭਵਾਸੀ, ਦੇਵੀ-ਦੇਵਤੇ,ਜੋਗੀ, ਜਤੀ, ਸਤੀ, ਸੰਨਿਆਸੀ, ਸਵਰਗ,ਨਰਕ, ਆਕਾਸ਼, ਪਾਤਾਲ ਆਦਿ ਗਿਆਨ-ਰੂਪ ਬ੍ਰਹਮ ਦੁਆਰਾ ਹੀ ਉਤਪੰਨ ਹੋਏ ਹਨ:

ਥਾਵਰ ਜਗੰਮ ਜਲ ਨਭਵਾਸੀ, ਜੋਗੀ ਜਤੀ ਵਿਰਤਿ ਉਦਾਸੀ।
ਸਬੈ ਗਯਾਨ ਕਰਿ ਰੂਪ ਅਨੇਕਾ, ਸਮਝਹਿ ਸਬਧ ਸੁਗਯਾਨ ਬਮੇਕਾ।[50]

ਸੁਰਗ ਨਰਕ ਅਕਾਸ ਪਾਤਾਲਾ, ਕੂਰਮ ਮੱਛ ਨਰਸਿੰਗ ਕਰਾਲਾ ।
ਵਿਸਨੁ ਵਿਰੰਚਿ ਰਾਮ ਭਗਵਾਨਾ, ਗਯਾਨ ਰੂਪ ਪ੍ਰਗਟੇ ਜਗ ਨਾਨਾ।[51]

ਵੇਦਾਂ ਵਿਚ ਬ੍ਰਹਮ ਨੂੰ ਗਿਆਨ-ਸ਼ਕਤੀ ਦਾ ਮਾਲਕ ਮੰਨਿਆ ਗਿਆ ਹੈ। ਰਿਗਵੇਦ ਦਾ ਕਥਨ ਹੈ ਕਿ ਉਹ ਗਿਆਨ ਦਾ ਭੰਡਾਰ ਹੈ।[52] ਗੁਰੂ ਰਵਿਦਾਸ ਵਾਣੀ ਵਿਚ ਵੀ ਇਹ ਦਰਸਾਇਆ ਗਿਆ ਹੈ ਕਿ ਬ੍ਰਹਮ ਗਿਆਨ-ਰੂਪ ਵਿਚ ਸਾਰੇ ਜਗਤ ਵਿਚ ਵਿਆਪਕ ਹੈ, ਸਮਸਤ ਜੀਵਾਂ ਅਤੇ ਚਾਰੇਂ ਪਾਸੇ ਉਸ ਦੇ ਗਿਆਨ ਦਾ ਹੀ ਪਾਸਾਰਾ ਹੈ:

ਜਲ ਥਲ ਜੀਵ ਚਰਾਚਰ ਜੇਤੇ, ਰਾਮ ਰੂਪ ਮਾਨਿਯਹਿ ਸਭ ਤੇ ਤੇ।
ਗਯਾਨ ਰੂਪ ਬਿਆਪਤ ਜਗ ਮਾਂਹਿ, ਆਤਮ ਰਾਮ ਸਮੁਝਹਿ ਘਟ ਮਾਂਹਿ।[53]

(ਸ) ਪੰਜ ਭੌਤਿਕ ਤੱਤਾਂ ਤੋਂ ਜਗਤ ਦੀ ਸਿਰਜਣਾ

ਭਾਰਤੀ ਦਰਸ਼ਨ ਵਿਚ ਪੰਜ ਭੌਤਿਕ ਤੱਤਾਂ ਤੋਂ ਜਗਤ ਦੀ ਰਚਨਾ ਦਰਸਾਈ ਗਈ ਹੈ। ਇਹ ਪੰਜ ਤੱਤ ਹਨ: ਪਵਨ,ਪਾਣੀ, ਅਗਨੀ, ਧਰਤੀ ਤੇ ਆਕਾਸ਼। ਇਹ ਸੂਖਮ ਤੱਤ ਹੀ ਸਮੁੱਚੀ ਵਿਅਕਤ ਸ੍ਰਿਸ਼ਟੀ ਦਾ ਆਧਾਰ ਹਨ। ਤੈਤਿਰਯ ਉਪਨਿਸ਼ਦ ਦਾ ਕਥਨ ਹੈ ਕਿ ਸਭ

ਤੋਂ ਪਹਿਲਾਂ ਆਕਾਸ਼, ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਦਾ ਵਿਕਾਸ ਹੋਇਆ।[54]

ਗੁਰੂ ਰਵਿਦਾਸ ਵਾਣੀ ਵਿਚ ਵੀ ਇਸ ਤੱਥ ਨੂੰ ਸਵੀਕਾਰਿਆ ਗਿਆ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਨੇ ਪੰਜਾਂ ਤੱਤਾਂ ਦੁਆਰਾ ਸ੍ਰਿਸ਼ਟੀ ਦੇ ਸਮੁੱਚੇ ਪਸਾਰੇ ਨੂੰ ਰਚਿਆ ਹੈ। ਆਪ ਦਾ ਫੁਰਮਾਨ ਹੈ:

ਪਾਂਚ ਤਤ ਜਿਨਿ ਕੀਆ ਪਾਸਾਰਾ, ਸੋ ਐਸੋ ਕਿਧੂ ਔਰ ਰੇ।[55]

ਉਕਤ ਤੱਥ ਨੂੰ ਤਾਂ ਵਿਗਿਆਨ ਨੇ ਵੀ ਮਾਨਤਾ ਦਿੱਤੀ ਹੈ ਕਿ ਸਮਸਤ ਸ੍ਰਿਸ਼ਟੀ ਪੰਜਾਂ ਤੱਤਾਂ ਦੁਆਰਾ ਹੋਂਦ ਵਿਚ ਆਈ ਹੈ। ਵਾਣੀ ਵਿਚ ਇਕ ਹੋਰ ਥਾਂ ਗੁਰੂ ਜੀ ਲਿਖਦੇ ਹਨ ਕਿ ਪ੍ਰਭੂ ਨੇ ਤ੍ਰੈਗੁਣਾਤਮਕ ਮਾਇਆ ਸ਼ਕਤੀ ਦੁਆਰਾ ਪੰਜ ਤੱਤਾਂ ਨਾਲ ਇਸ ਜਗਤ ਦੀ ਸਿਰਜਣਾ ਕੀਤੀ ਹੈ:

ਪਾਂਚ ਤਤ ਘਰ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[56]

(ਹ) ਮਾਇਆ ਦੁਆਰਾ ਜਗਤ ਸਿਰਜਣਾ

ਵੇਦਾਂ ਵਿਚ ਮਾਇਆ ਲਈ ਦੈਵੀ ਸ਼ਕਤੀ, ਅਦਭੁੱਤ ਸ਼ਕਤੀ, ਅਕੱਥ ਸ਼ਕਤੀ, ਅਨੁਭਵ ਅਤੇ ਨਿਰਮਾਣ ਸ਼ਕਤੀ ਆਦਿ ਅਰਥਾਂ ਵਿਚ ਇਸ ਦਾ ਪ੍ਰਯੋਗ ਕੀਤਾ ਗਿਆ ਹੈ। "ਅਥਰਵ ਵੇਦ ਵਿਚ ਨਿਰਮਾਣ ਸ਼ਕਤੀ ਦੇ ਰੂਪ ਵਿਚ ਜਿਸ ਮਾਇਆ ਦਾ ਵਰਣਨ ਮਿਲਦਾ ਹੈ, ਉਸ ਦਾ ਭਾਵ ਸ਼ਾਇਦ ਜਗਤ-ਨਿਰਮਾਣ ਦੀ ਸ਼ਕਤੀ ਹੀ ਹੈ।"[57] ਡਾ. ਰਾਧਾ ਕ੍ਰਿਸ਼ਨਨ ਅਨੁਸਾਰ, "ਮਾਇਆ ਸ਼ਬਦ ਮਾਂ ਧਾਤੂ ਤੋਂ ਆਇਆ ਹੈ ਜਿਸ ਦਾ ਭਾਵ ਹੈ ਸਿਰਜਨ ਸ਼ਕਤੀ।"[58] ਉਪਨਿਸ਼ਦਾਂ ਵਿਚ ਮਾਇਆ ਨੂੰ ਬ੍ਰਹਮ ਅਧੀਨ ਸ਼ਕਤੀ ਅਤੇ ਸ੍ਰਿਸ਼ਟੀ ਸਿਰਜਣਾ ਦਾ ਕਾਰਨ ਮੰਨਿਆ ਗਿਆ ਹੈ।

ਗੁਰੂ ਰਵਿਦਾਸ ਵਾਣੀ ਵਿਚ ਵੀ ਮਾਇਆ ਨੂੰ ਬ੍ਰਹਮ ਅਧੀਨ ਪ੍ਰਬਲ ਸ਼ਕਤੀ ਸਵੀਕਾਰਿਆ ਗਿਆ ਹੈ, ਜੋ ਤ੍ਰੈਗੁਣਾਤਮਕ ਹੈ, ਸਤ, ਰਜ, ਤਮ ਤਿੰਨ ਗੁਣਾਂ ਨਾਲ ਯੁਕਤ ਹੈ। ਇਸ ਦੇ ਪੰਜ ਤੱਤਾਂ ਆਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ ਦੇ ਸੁਮੇਲ ਤੋਂ ਹੀ ਪ੍ਰਭੂ ਜਗਤ ਦੀ ਰਚਨਾ ਕਰਦਾ ਹੈ :

ਪੰਚ ਤਤ ਘਰ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[59]

ਇਹ ਮਾਇਆ ਬੜੀ ਵਿਕਟ ਹੈ, ਇਸ ਨੇ ਜੋਗੀ, ਜਤੀ, ਸਤੀ, ਮੁਨੀ ਵੀ ਨਹੀਂ ਬਖਸ਼ੇ, ਸਭ ਨੂੰ ਭਰਮਾ ਕੇ ਆਪਣੇ ਜਾਲ ਵਿਚ ਫਸਾ ਲਿਆ ਹੈ,ਸਭ ਇਸ ਦੇ ਵੱਸ ਵਿਚ ਹਨ, ਬਾਲਕ,ਬਿਰਧ, ਜੋਬਨ-ਮੱਤੇ ਸੁੰਦਰ ਜਵਾਨ ਸਭ ਇਸ ਦਾ ਹੀ ਰੂਪ ਹਨ:

ਕੇਸਵੇ ਵਿਕਟ ਮਾਯਾ ਤੋਰ, ਤਾ ਤੈ ਵਿਕਲ ਮਤਿ ਮੋਰ।[60]

ਮਹਾ ਪ੍ਰਬਲ ਸਬ ਹੀ ਬਸਿ ਕੀਏ, ਸੁਰਨੁਰ ਮੁਨਿ ਭਰਮਾਯਾ।
ਬਾਲਕ ਬਿਰਧ ਤਰਬਨ ਅਤਿ ਸੁੰਦਰ, ਨਾਨਾ ਭੇਖ ਬਣਾਯਾ।[61]

ਸ਼ਵੇਤਾਸ਼ਵਤਰ ਉਪਨਿਸ਼ਦ ਦਾ ਕਥਨ ਹੈ ਕਿ ਬ੍ਰਹਮ ਮਾਇਆ ਪਤੀ ਹੈ ਅਤੇ ਇਹ ਸੰਸਾਰ ਪ੍ਰਪੰਚ ਵਿਚ ਮਾਇਆ ਨਾਲ ਬੱਝਾ ਹੋਇਆ ਹੈ।[62] ਗੁਰੂ ਰਵਿਦਾਸ ਵਾਣੀ ਵਿਚ ਇਸ ਕਥਨ ਦੀ ਪੁਸ਼ਟੀ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਸਮਸਤ ਸ੍ਰਿਸ਼ਟੀ, ਖੰਡ-ਬ੍ਰਹਿਮੰਡ ਅਰਥਾਤ ਸਾਰਾ ਜਗਤ ਮਾਇਆ ਦੇ ਤੇਜ, ਸ਼ਕਤੀ ਅਥਵਾ ਪ੍ਰਭਾਵ ਅਧੀਨ ਹੈ। ਇਥੋਂ ਤਕ ਕਿ ਇਸ ਦਾ ਕਰਤਾ ਪ੍ਰਭੂ ਆਪ ਵੀ ਇਸ ਦੀ ਪਕੜ ਤੋਂ ਬਚ ਨਹੀਂ ਸਕਿਆ, ਇਸ ਮਾਇਆ ਨੇ ਉਸ ਦਾ ਵੀ ਚਿੱਤ ਚੁਰਾ ਲਿਆ ਹੈ, ਉਹ ਵੀ ਇਸ ਦੇ ਪਿੱਛੇ ਲੱਗਾ ਹੋਇਆ ਹੈ:

ਖੰਡ ਬ੍ਰਹਮਾਂਡ ਲੋਕ ਸਭ ਜੀਤੈ, ਇਹ ਬਿਧਿ ਤੇਜ ਜਨਾਵੈ।
ਸ੍ਵਯੰਭੂ ਕੋ ਚਿਤ ਚੋਰ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ ।[63]

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਮਾਇਆ ਨੂੰ ਬ੍ਰਹਮ ਅਧੀਨ ਸ਼ਕਤੀ ਮੰਨਿਆ ਗਿਆ ਹੈ ਜੋ ਸ੍ਰਿਸ਼ਟੀ-ਉਤਪਾਦਕ ਸ਼ਕਤੀ ਦਾ ਹੀ ਰੂਪ ਹੈ। ਜਗਤ ਰਚਨਾ ਵਿਚ ਇਹ ਬ੍ਰਹਮ ਦੀ ਸਹਾਇਕ ਸ਼ਕਤੀ ਹੈ ਅਤੇ ਸਾਰੇ ਸੰਸਾਰਿਕ ਪ੍ਰਪੰਚ ਦੀ ਰਚਨਾ ਇਸ ਨੇ ਕੀਤੀ ਹੈ।

(ਕ) ਕਿਰਿਆ ਸ਼ਕਤੀ ਦੁਆਰਾ ਜਗਤ ਸਿਰਜਣਾ

ਗੁਰੂ ਰਵਿਦਾਸ ਜੀ ਦਾ ਮੱਤ ਹੈ ਕਿ ਕਿਰਿਆ ਸ਼ਕਤੀ ਦੁਆਰਾ ਇਸ ਜਗਤ ਦੀ ਰਚਨਾ ਹੋਈ ਹੈ। ਨਾਥ ਸੰਪ੍ਰਦਾਇ ਵਿਚ ਸ਼ੂਨਯ ਜਾਂ ਸੁੰਨ ਦੁਆਰਾ ਬ੍ਰਹਮ ਨੂੰ ਵਿਅਕਤ ਕੀਤਾ ਗਿਆ ਹੈ। ਗੋਰਖ ਨਾਥ ਅਨੁਸਾਰ ਸ਼ੂਨਯ ਹੀ ਮਾਤਾ-ਪਿਤਾ ਅਥਵਾ ਜੀਵ ਤੇ ਜਗਤ ਦਾ ਮੂਲ ਹੈ ਅਤੇ ਇਸ ਮੂਲ ਤੋਂ ਹੀ ਸਮਸਤ ਜਗਤ ਦੀ ਰਚਨਾ ਹੋਈ ਹੈ।[64] ਜਗਤ ਰਚਨਾ ਦੇ ਆਦਿ ਤੱਤ ਨੂੰ, ਗੁਰੂ ਰਵਿਦਾਸ ਵਾਣੀ ਵਿਚ 'ਸੁੰਨਿ' ਦਾ ਨਾਮ ਦਿੱਤਾ ਗਿਆ ਹੈ। ਇਸ 'ਸੁੰਨਿ' ਦੀ ਕਿਰਿਆ ਤੋਂ ਹੀ ਸਮਸਤ ਸ੍ਰਿਸ਼ਟੀ ਹੋਂਦ ਵਿਚ ਆਈ ਹੈ, ਇਸ ਸੁੰਨ ਮੰਡਲ ਵਿਚ ਹੀ ਉਸ

ਦਾ ਵਾਸਾ ਹੈ ਅਤੇ ਸੁੰਨ ਬ੍ਰਹਮ ਦੀ ਕਿਰਿਆ ਤੋਂ ਹੀ ਹਰ ਇਕ ਦੀ ਉਤਪਤੀ ਹੁੰਦੀ ਹੈ ਅਤੇ ਅੰਤ ਕਾਲ ਵਿਚ ਸਭ ਉਸ ਵਿਚ ਹੀ ਵਿਲੀਨ ਹੋ ਜਾਂਦੇ ਹਨ:

ਜਹਾਂ ਕਾ ਉਪਜਿਆ ਤਹਾਂ ਵਿਲਾਈ, ਸਹਜ ਸੁੰਨਿ ਮੈਂ ਰਹਯੋ ਲੁਕਾਇ।[65]

ਜਗਤ ਦੇ ਆਦਿ ਦਾ ਕਾਰਨ ਵੀ ਉਹੀ ਹੈ, ਵਰਤਮਾਨ ਅਤੇ ਭਵਿੱਖ ਵਿਚ ਵੀ ਉਸ ਦੀ ਕਿਰਿਆ ਦੁਆਰਾ ਹੀ ਸ੍ਰਿਸ਼ਟੀ ਦੀ ਉੱਤਪੱਤੀ ਹੁੰਦੀ ਰਹੇਗੀ। ਹਰ ਜੀਵ, ਥਾਵਰ, ਜੰਗਮ, ਕੀਟ, ਪਤੰਗਾ ਅਰਥਾਤ ਸਾਰੀ ਸ੍ਰਿਸ਼ਟੀ ਉਸ ਦੀ ਕਿਰਿਆ ਦੁਆਰਾ ਹੀ ਹੋਂਦ ਵਿਚ ਆਈ ਹੈ:

ਆਦਿ ਮਧਯ ਔਸਾਨ ਏਕ ਰਸ, ਤਾਰ ਤੂੰਬ ਨਹੀਂ ਤਾਈ।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।[66]

ਗੁਰੂ ਜੀ ਦਾ ਕਥਨ ਹੈ ਕਿ ਉਹ 'ਏਕ' ਪ੍ਰਭੂ ਆਪਣੀ ਕਿਰਿਆ ਸ਼ਕਤੀ ਦੁਆਰਾ ਅਨੇਕ ਰੂਪ ਧਾਰਕੇ ਅਰਥਾਤ ਵਿਸਤ੍ਰਿਤ ਹੋ ਕੇ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ। ਸਮੁੱਚੇ ਜਗਤ ਵਿਚ ਉਹ ਹੀ ਵਿਆਪਕ ਹੈ:

ਏਕ ਹੀ ਏਕ ਅਨੇਕ ਹੋਇ ਬਿਸਥਰਿਓ।[67]

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਨੂੰ ਜਗਤ ਰਚਨਾ ਦਾ ਮੂਲ ਕਾਰਨ ਸਵੀਕਾਰਿਆ ਗਿਆ ਹੈ। ਉਸ ਇਕ ਪ੍ਰਭੂ ਨੇ ਹੀ ਆਪਣੀ ਕਿਰਿਆ ਸ਼ਕਤੀ ਦੁਆਰਾ ਸੁੰਨ ਦੀ ਅਵਸਥਾ ਤੋਂ ਇਸ ਸ੍ਰਿਸ਼ਟੀ ਨੂੰ ਰਚਿਆ ਅਤੇ ਮਾਇਆ ਦੁਆਰਾ ਇਸ ਜਗਤ-ਲੀਲ੍ਹਾ ਦੇ ਪ੍ਰਪੰਚ ਦੀ ਸਿਰਜਣਾ ਕੀਤੀ ਹੈ। ਬ੍ਰਹਮ ਅਧੀਨ ਸ਼ਕਤੀ ਤ੍ਰੈਗੁਣ ਯੁਕਤ ਮਾਇਆ ਨੇ ਆਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ ਰੂਪ ਪੰਜ ਤੱਤਾਂ ਤੋਂ ਇਸ ਸ੍ਰਿਸ਼ਟੀ ਦੀ ਉੱਤਪੱਤੀ ਕੀਤੀ, ਪ੍ਰਭੂ ਨੇ ਆਪਣੇ ਪ੍ਰਕਾਸ਼ ਅਤੇ ਗਿਆਨ-ਸ਼ਕਤੀ ਦੁਆਰਾ ਇਸ ਅਗਿਆਨੀ ਅਤੇ ਅਵਿਦਿਆ ਰੂਪ ਜਗਤ ਨੂੰ ਪ੍ਰਕਾਸ਼ਵਾਨ ਕੀਤਾ। ਉਹ ਇਕ ਪਰਮਾਤਮਾ ਹੀ ਇਸ ਜਗਤ ਦੇ ਨਿਮਿਤ ਅਥਵਾ ਹੇਤੂ ਦੇ ਰੂਪ ਵਿਚ ਅਤੇ ਉਪਾਦਾਨ ਅਥਵਾ ਸ੍ਰਿਸ਼ਟੀ-ਪਦਾਰਥਾਂ ਦੇ ਸਾਧਨ ਦੇ ਰੂਪ, ਵਿਚ, ਇਸ ਜਗਤ ਦਾ ਮੂਲ ਕਾਰਨ ਹੈ। ਜਗਤ ਦੀ ਰਚਨਾ ਕਿਉਂ ਕਿ ਉਸ ਦੀ ਇੱਛਾ ਤੇ ਹੁਕਮ ਨਾਲ ਹੁੰਦੀ ਹੈ, ਇਸ ਲਈ ਉਹ ਨਿਮਿਤ ਕਾਰਨ ਹੈ। ਸਾਰੇ ਜਗਤ ਤੇ ਇਸ ਦੇ ਜੀਵਾਂ ਵਿਚ ਅਨੇਕ ਰੂਪ ਧਾਰਕੇ ਵਿਆਪਕ ਰਹਿੰਦਾ ਹੈ, ਇਸ ਲਈ ਉਹ ਸ੍ਰਿਸ਼ਟੀ ਦਾ ਉਪਾਦਾਨ ਕਾਰਨ ਹੈ। ਜਗਤ ਦੀ ਸਿਰਜਨਾ ਵਿਚ ਉਹ ਪ੍ਰਭੂ ਆਪ ਹੀ ਕਾਰਜ ਰੂਪ ਵਿਚ ਪਰਿਵਰਤਿਤ ਹੁੰਦਾ

ਅਤੇ ਸਮੁੱਚੇ ਜਗਤ ਦੀ ਉਤਪੱਤੀ ਕਰਦਾ ਹੈ। ਉਹ ਇਕ ਬ੍ਰਹਮ ਹੀ ਅਨੇਕ ਹੋ ਕੇ ਸਾਰਿਆਂ ਵਿਚ ਵਿਸਥਾਰ ਪਾ ਰਿਹਾ ਹੈ।

4.2.3. ਜਗਤ ਦਾ ਵਿਵਹਾਰਕ ਸਰੂਪ

ਗੁਰੂ ਰਵਿਦਾਸ ਵਾਣੀ ਵਿਚ ਇਸ ਨਾਸ਼ਵਾਨ ਮਾਇਆਵੀ ਜਗਤ ਦੇ ਪ੍ਰਥਾਇ ਕਈ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਆਪ ਨੇ ਇਸ ਲਈ ਜਗੁ, ਜਗਤ, ਦੁਨੀਆਂ ਫਨਖਾਨੇ, ਸੰਸਾਰ, ਸੰਸਾਰ ਸੰਮੁਦੇ, ਭੈ-ਜਲ, ਭੈ-ਸਾਗਰ, ਕਜਲਿ ਕੂੰ ਕੋਠੜੀ, ਬਾਜੀਗਰ ਦੀ ਬਾਜੀ, ਸਵਾਂਗ, ਭਵਨ, ਤੀਨ ਲੋਕ, ਤ੍ਰਿਭਵਨ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਗੁਰੂ ਰਵਿਦਾਸ ਵਾਣੀ ਵਿਚ ਜਗਤ ਨੂੰ ਸਤਿ ਵੀ ਮੰਨਿਆ ਗਿਆ ਹੈ ਅਤੇ ਅਸਤਿ ਵੀ। ਸਤਿ ਇਸ ਕਰਕੇ ਹੈ ਕਿਉਂ ਕਿ ਇਹ ਸਤਿ-ਸਰੂਪ ਪ੍ਰਭੂ ਦੀ ਰਚਨਾ ਹੈ, ਇਕ ਬ੍ਰਹਮ ਬੂੰਦ ਤੋਂ ਇਹ ਸਾਰਾ ਪਸਾਰਾ ਹੋਇਆ ਹੈ, ਇਕ ਪਰਮਾਤਮਾ ਤੋਂ ਅਨੇਕ ਹੋ ਕੇ ਇਹ ਵਿਸਤ੍ਰਿਤ ਹੋਇਆ ਹੈ ਅਤੇ ਸਰਵ-ਵਿਆਪੀ ਪ੍ਰਭੂ ਹੀ ਇਸ ਜਗਤ ਦਾ ਆਧਾਰ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਪ੍ਰਕ੍ਰਿਤੀ ਮੇਰਾ (ਬ੍ਰਹਮ ਦਾ ) ਸਰੂਪ ਹੈ।[68] ਅਤੇ ਮੈਂ ਹੀ ਸੰਪੂਰਨ ਜਗਤ ਦੀ ਉਤਪੱਤੀ ਦਾ ਕਾਰਨ ਹਾਂ।[69] ਗੁਰੂ ਰਵਿਦਾਸ ਵਾਣੀ ਵਿਚ ਇਸ ਵਿਚਾਰ ਨੂੰ ਹੀ ਸੁਦ੍ਰਿੜ ਕੀਤਾ ਗਿਆ ਹੈ, ਆਪ ਲਿਖਦੇ ਹਨ:

ਏਕ ਹੀ ਏਕ ਅਨੇਕ ਹੋਇ ਬਿਸਥਰਿਓ,ਆਨ ਰੇ ਆਨ ਭਰਪੂਰਿ ਸੋਊ।[70]
ਕਹੈ ਰਵਿਦਾਸ ਕ੍ਰਿਸ਼ਨ ਕਰੁਣਾਮੈ,ਜੈ ਜੈ ਜਗਤ ਅਧਾਰਾ।[71]

ਉਹ ਅਵਿਨਾਸ਼ੀ ਪ੍ਰਭੂ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਉਸ ਨੇ ਪੰਜ ਤੱਤਾਂ ਨਾਲ ਇਸ ਜਗਤ ਦੀ ਉਤਪੱਤੀ ਕੀਤੀ ਹੈ ਅਤੇ ਘਟ-ਘਟ ਵਿਚ ਉਹੀ ਪਰਮਾਤਮਾ ਵਿਆਪਕ ਹੈ, ਪਰਮਸਤਿ ਦੀ ਸਿਰਜਣਾ ਕਾਰਨ ਹੀ ਇਹ ਜਗਤ ਸਤਿ ਹੈ:

ਜੋ ਅਵਿਨਾਸੀ ਸਬਕਾ ਕਰਤਾ, ਵਯਾਪ ਰਹਯੋ ਸਬ ਠੌਰ ਰੇ।
ਪਾਂਚ ਤਤ ਜਿਨਿ ਕੀਯਾ ਪਸਾਰਾ, ਸੋ ਯੋਹੀ ਕਿਧੂ ਔਰ ਰੇ।[72]

ਗੁਰੂ ਜੀ ਦਾ ਫ਼ੁਰਮਾਨ ਹੈ ਕਿ ਸਾਰੀ ਸ੍ਰਿਸ਼ਟੀ ਵਿਚ ਉਸ ਦਾ ਨੂਰ ਪਸਰਿਆ ਹੋਇਆ ਹੈ ਅਤੇ ਚਾਰੋਂ ਦਿਸ਼ਾਵਾਂ ਵਿਚ ਉਸ ਪਰਮ-ਪਿਤਾ ਦਾ ਪ੍ਰਕਾਸ਼ ਜਗ-ਮਗਾ ਰਿਹਾ ਹੈ।

ਹਰ ਜੀਵ ਵਿਚ ਉਸ ਦੀ ਜੋਤਿ ਪ੍ਰਕਾਸ਼ਵਾਨ ਹੋ ਰਹੀ ਹੈ, ਸਾਰੇ ਪਦਾਰਥ ਉਸ ਦੇ ਹੀ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੋ ਰਹੇ ਹਨ, ਇਸ ਕਾਰਨ ਵਿਵਹਾਰਕ ਰੂਪ ਵਿਚ ਇਹ ਜਗਤ ਸਤਿ ਹੈ:

ਚਹੁ ਦਿਸਿ ਦਿਵਲਾ ਬਾਲਿ, ਜਗਿ ਮਗਿ ਹਵੈ ਰਹਯੋ ਏ।
ਜੋਤਿ ਜੋਤਿ ਸਮ ਜੋਤਿ, ਜੋਤਹਿ ਮਿਲਿ ਰਹਯੋ ਏ।[73]

ਪਰੰਤੂ ਜਗਤ ਦਾ ਇਹ ਸਤਿ-ਸਰੂਪ ਕੇਵਲ ਵਿਵਹਾਰਕ ਦ੍ਰਿਸ਼ਟੀ ਤੋਂ ਹੈ, ਇਹ ਸਤਿ ਪਰਮਾਰਥਕ ਸਤਿ ਨਹੀਂ ਹੈ, ਪਰਮਾਰਥਕ ਸਤਿ ਤਾਂ ਕੇਵਲ ਪਰਮਾਤਮਾ ਹੀ ਹੈ। ਭੌਤਿਕ ਜਗਤ ਤਾਂ ਪਰਿਵਰਤਨਸ਼ੀਲ ਅਤੇ ਵਿਨਾਸ਼ਸ਼ੀਲ ਹੈ। ਜਿਸ ਤਰ੍ਹਾਂ ਜੀਵ ਵੰਨ-ਸੁਵੰਨੇ ਸੁਪਨੇ ਦੇਖਦਾ ਹੈ, ਪਰੰਤੂ ਜਾਗ੍ਰਿਤ ਅਵਸਥਾ ਵਿਚ ਉਹ ਸੁਪਨੇ ਸਾਰਥਕ ਨਹੀਂ ਹੁੰਦੇ, ਸੁਪਨੇ ਪਲ ਭਰ ਲਈ ਹੀ ਸੱਚ ਹੁੰਦੇ ਹਨ, ਉਂਝ ਉਹ ਸੱਚੇ ਨਹੀਂ ਹੁੰਦੇ, ਇਸ ਪ੍ਰਕਾਰ ਇਹ ਜਗਤ ਸੁਪਨੇ ਦਾ ਨਿਆਈਂ ਅਸਤਿ ਹੈ। ਅਵਿਦਿਆ ਅਤੇ ਭਰਮ-ਵੱਸ ਮਨੁੱਖ ਸੁਪਨੇ ਨੂੰ ਹੀ ਸੱਚ ਸਮਝ ਕੇ ਦੁਖੀ ਹੋ ਰਿਹਾ ਹੈ। ਗੁਰੂ ਜੀ ਇਕ ਦ੍ਰਿਸ਼ਟਾਂਤ ਦੁਆਰਾ ਜੀਵ ਅਤੇ ਜਗਤ ਦੇ ਆਪਸੀ ਸੰਬੰਧ ਨੂੰ ਸਮਝਾਉਂਦੇ ਹਨ ਕਿ ਜਿਵੇਂ ਸੁਪਨੇ ਵਿਚ ਭਿਖਾਰੀ ਬਣ ਕੇ ਰਾਜਾ ਇਸ ਅਵਸਥਾ ਤੋਂ ਪੀੜਤ ਹੁੰਦਾ ਹੈ, ਇਸੇ ਤਰ੍ਹਾਂ ਜੀਵ ਵੀ ਪਰਮਾਤਮਾ ਤੋਂ ਵਿਛੜ ਕੇ ਇਸ ਮਾਇਆਵੀ ਤੇ ਅਸਤਿ ਜਗਤ ਨੂੰ ਹੀ ਸਤਿ ਅਤੇ ਸੁੰਦਰ ਸਮਝ ਕੇ ਦੁੱਖ ਸਹਿ ਰਿਹਾ ਪੀੜਿਤ ਹੋ ਰਿਹਾ ਹੈ। ਵਾਸਤਵ ਵਿਚ ਮਨੁੱਖ ਇਸ ਜਗਤ ਦੀ ਅਸਲੀਅਤ ਨੂੰ ਸਮਝਣ ਤੋਂ ਅਸਮਰਥ ਹੈ, ਭਰਮ-ਵੱਸ ਉਹ ਜਗਤ ਨੂੰ ਜੋ ਸਮਝਦਾ ਹੈ, ਦਰਅਸਲ ਉਹ ਉਹੋ ਜਿਹਾ ਨਹੀਂ ਹੈ:

ਮਾਧਵੇ! ਕਿਆ ਕਹੀਐ ਭ੍ਰਮੁ ਐਸਾ ! ਜੈਸਾ ਮਾਨੀਐ ਹੋਇ ਨ ਤੈਸਾ। ਰਹਾਉ।
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ।
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।[74]

ਜਗਤ ਦੇ ਵਾਸਤਵਿਕ ਸਰੂਪ ਨੂੰ ਦ੍ਰਿਸ਼ਟਮਾਨ ਕਰਦੇ ਹੋਏ ਗੁਰੂ ਰਵਿਦਾਸ ਆਪਣੀ ਵਾਣੀ ਵਿਚ ਵਾਰ-ਵਾਰ ਮਨੁੱਖ ਨੂੰ ਚਿਤਾਵਨੀ ਦਿੰਦੇ ਹਨ ਕਿ ਹੇ ਜੀਵ ! ਤੂੰ ਇਸ ਝੂਠੇ, ਫਾਨੀ, ਨਾਸ਼ਵਾਨ ਜਗਤ ਨੂੰ ਹੀ ਸੱਚ ਸਮਝ ਬੈਠਾ ਹੈਂ:

ਕਿਆ ਤੂ ਸੋਇਆ ਜਾਗ ਇਆਨਾ, ਤੈ ਜੀਵਨੁ ਜਗਿ ਸਚੁ ਕਰਿ ਜਾਨਾ। ਰਹਾਉ।[75]

ਗੁਰੂ ਰਵਿਦਾਸ ਨੇ ਇਸ ਜਗਤ ਦੇ ਵਾਸਤਵਿਕ ਦੁੱਖ-ਭਰੇ, ਨਾਸ਼ਵਾਨ ਮਿਥਿਆ, ਥੋੜ੍ਹ ਚਿਰੇ ਸਰੂਪ ਨੂੰ ਰੂਪਮਾਨ ਕਰਨ ਲਈ ਕਈ ਉਪਮਾਵਾਂ ਅਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਅਨੁਸਾਰ ਇਹ ਸੰਸਾਰ ਕਸੁੰਭੜੇ ਦੇ ਫੁਲ ਵਾਂਗ ਥੋੜ੍ਹ ਚਿਰਾ ਹੈ, ਮਿਥਿਆ ਹੈ, ਭੋ-ਸਾਗਰ ਅਤੇ ਕੱਜਲ ਦੀ ਕੋਠੜੀ ਸਮਾਨ ਹੈ। ਇਹ ਸੰਸਾਰ ਨਾਸ਼ਵਾਨ, ਫਾਨੀ, ਮ੍ਰਿਗ-ਤ੍ਰਿਸ਼ਨਾ ਦਾ ਰੂਪ ਅਤੇ ਕਾਮ,ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਵਿਸ਼ਿਆਂ ਦਾ ਵਨ ਅਰਥਾਤ ਜੰਗਲ ਹੈ। ਇਹ ਦੁੱਖਾਂ ਦਾ ਘਰ ਹੈ ਪੰਤੂ ਅਗਿਆਨਤਾ ਅਤੇ ਮੋਹ, ਮਾਇਆ ਦੇ ਭਰਮਾਂ ਵਿਚ ਫਸ ਕੇ ਜੀਵ ਇਸ ਜਗਤ ਨੂੰ ਹੀ ਸਤਿ ਸਮਝੀ ਬੈਠਾ ਇਸ ਦੇ ਅਸਾਧ ਰੋਗਾਂ ਵਿਚ ਪੀੜਿਤ ਹੋ ਕੇ ਆਪਣਾ ਜਨਮ ਵਿਅਰਥ ਗੁਆ ਰਿਹਾ ਹੈ। ਜਗਤ ਦੀ ਵਾਸਤਵਿਕਤਾ ਨੂੰ ਅਭਿਵਿਅਕਤ ਕਰਨ ਲਈ ਗੁਰੂ ਜੀ ਨੇ ਵਿਭਿੰਨ ਰੂਪਾਂ ਦਾ ਪ੍ਰਯੋਗ ਕੀਤਾ ਹੈ:

(ੳ) <u>ਕਸੁੰਭੜੇ ਦੇ ਫੁੱਲ ਰੂਪੀ ਜਗਤ</u>

ਜਗਤ ਦੀਆਂ ਦ੍ਰਿਸ਼ਟਮਾਨ ਖ਼ੂਬਸੂਰਤੀਆਂ ਨੂੰ ਥੋੜ੍ਹ-ਚਿਰੀਆਂ, ਕੱਚੀਆਂ, ਆਰਜ਼ੀ ਅਤੇ ਛਿਣ ਵਿਚ ਹੀ ਅਲੋਪ ਹੋਣ ਵਾਲੀਆਂ ਦਰਸਾਉਣ ਲਈ ਗੁਰੂ ਰਵਿਦਾਸ ਜੀ ਨੇ ਇਸ ਸੰਸਾਰ ਦੀ ਤੁਲਨਾ ਕਸੁੰਭੜੇ ਦੇ ਫੁੱਲ ਨਾਲ ਕੀਤੀ ਹੈ। ਸੰਸਾਰ ਦੇ ਰੰਗ, ਖ਼ੁਸ਼ੀਆਂ, ਭੋਗ-ਵਿਲਾਸ, ਸੁਖ-ਚੈਨ, ਆਰਾਮ ਅਤੇ ਐਸ਼-ਪ੍ਰਸਤੀ ਕਸੁੰਭੜੇ ਦੇ ਫੁੱਲ ਦੇ ਰੰਗ ਵਾਂਗ ਕੱਚੀ ਅਤੇ ਥੋੜ੍ਹ-ਚਿਰੀ ਹੈ। ਅਰਥਾਤ ਸੰਸਾਰ ਦੇ ਰੰਗ-ਤਮਾਸ਼ੇ ਛਿਣ-ਭੰਗਰ ਹਨ, ਪਲਾਂ ਵਿਚ ਹੀ ਬਿਖਰਨ ਵਾਲੇ ਹਨ ਅਤੇ ਇਨ੍ਹਾਂ ਦਾ ਅਸਤਿਤੱਵ ਅਸਥਿਰ ਤੇ ਆਰਜ਼ੀ ਹੈ:

> ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ, ਮੇਰੇ ਰਮਈਏ ਰੰਗੁ ਮਜੀਠ ਕਾ
> ਕਹੁ ਰਵਿਦਾਸ ਚਮਾਰ ।[76]

ਇਸ ਨਾਸ਼ਵਾਨ ਜਗਤ ਵਿਚ ਕੇਵਲ ਪਰਮਾਤਮਾ ਹੀ ਸਦੀਵੀ ਅਤੇ ਪਰਮਸਤਿ ਹੈ, ਉਸ ਦਾ ਰੰਗ ਮਜੀਠ ਵਾਂਗ ਪੱਕਾ ਤੇ ਹਮੇਸ਼ਾ ਰਹਿਣ ਵਾਲਾ ਸਥਿਰ ਹੈ। ਉਸ ਤੋਂ ਬਿਨਾਂ ਸਾਰਾ ਜਗਤ ਕਸੁੰਭ ਦੇ ਫੁੱਲ ਦੇ ਰੰਗ ਵਾਂਗ ਅਸਥਾਈ ਅਤੇ ਆਰਜ਼ੀ ਹੈ ।

(ਅ) <u>ਮਿਥਿਆ ਜਗਤ</u>

ਗੁਰੂ ਰਵਿਦਾਸ ਵਾਣੀ ਵਿਚ ਇਸ ਜਗਤ ਨੂੰ ਮਿਥਿਆ, ਝੂਠਾ, ਅਸਥਿਰ ਅਤੇ ਮਾਇਆ ਦਾ ਫੰਦਾ ਕਿਹਾ ਗਿਆ ਹੈ। ਇਸ ਮਿਥਿਆ ਜਗਤ ਦੇ ਰਿਸ਼ਤੇ-ਨਾਤੇ ਅਤੇ ਸਾਰੇ

ਸੰਬੰਧ ਝੂਠੇ ਅਤੇ ਭਰਮ ਹਨ, ਪਰੰਤੂ ਮਨੁੱਖ ਮੋਹ-ਮਾਇਆ ਦੇ ਅੰਤਰਗਤ ਇਸ ਜਗਤ ਨੂੰ ਸਦੀਵੀ ਸਮਝ ਕੇ ਇਸ ਨਾਲ ਪਿਆਰ ਪਾ ਕੇ ਮੌਤ ਨੂੰ ਭੁਲਾਈ ਬੈਠਾ ਹੈ। ਗੁਰੂ ਜੀ ਜੀਵ ਨੂੰ ਚੇਤੰਨ ਕਰਦੇ ਹਨ ਕਿ ਹੇ ਜੀਵ ! ਇਹ ਜਗਤ ਮਿਥਿਆ ਹੈ ਅਤੇ ਇਥੋਂ ਹਰ ਜੀਵ ਨੇ ਕੂਚ ਕਰਨਾ ਹੈ। ਹਰ ਪ੍ਰਾਣੀ ਦੇ ਸਿਰ ਉੱਤੇ ਮੌਤ ਮੰਡਲਾਅ ਰਹੀ ਹੈ, ਇਸ ਲਈ ਤੂੰ ਸਤਿ-ਸਰੂਪ ਪ੍ਰਭੂ ਨੂੰ ਆਪਣੇ ਮਨ ਵਿਚ ਸਥਿਰ ਕਰ ਲੈ, ਉਸ ਦਾ ਸਿਮਰਨ ਕਰ ਲੈ। ਇਹ ਦ੍ਰਿਸ਼ਟਮਾਨ ਜਗਤ ਤਾਂ ਮਾਇਆ ਦਾ ਫੰਦਾ ਹੈ, ਪ੍ਰਭੂ-ਭਗਤੀ ਨਾਲ ਇਸ ਮਾਇਆ ਦੀਆਂ ਜੰਜ਼ੀਰਾਂ ਨੂੰ ਕੱਟਿਆ ਜਾ ਸਕਦਾ ਹੈ:

ਜੋ ਦਿਨ ਆਵਹਿ ਸੋ ਦਿਨ ਜਾਹੀ।ਕਰਨਾ ਕੂਚੁ ਰਹਨੁ ਥਿਰੁ ਨਾਹੀ।
ਸੰਗ ਚਲਤ ਹੈ ਹਮ ਭੀ ਚਲਨਾ। ਦੂਰਿ ਗਵਨੁ ਸਿਰਿ ਊਪਰਿ ਧਰਨਾ।[77]

ਮਿਥਿਆ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨ ਧਰਿ ਹੈਂ।
ਜੋ ਦੀਸੈ ਸਭ ਮਾਯਾ ਫੰਦਾ, ਤਾਕਿ ਜੇਵਰਿ ਕਤਰਿ ਹੈਂ।[78]

ਇਸ ਮਿਥਿਆ ਜਗਤ ਵਿਚ ਜੀਵ ਦਾ ਨਿਵਾਸ ਪੰਛੀਆਂ ਦੇ ਰੁੱਖਾਂ ਉੱਤੇ ਰੈਣ ਬਸੇਰੇ ਵਾਂਗ ਹੀ ਥੋੜ੍ਹ-ਚਿਰਾ ਹੈ। ਮਨੁੱਖ ਤਾਂ ਐਵੇਂ ਮੇਰ-ਤੇਰ ਦੇ ਭਾਵ ਵਿਚ ਉਲਝ ਕੇ ਸੰਸਾਰਿਕ ਵੰਡੀਆਂ ਅਤੇ ਵਿਤਕਰਿਆਂ ਵਿਚ ਗ੍ਰਸਿਆ ਹੋਇਆ ਹੈ:

ਪ੍ਰਾਨੀ ਕਿਆ ਮੇਰਾ ਕਿਆ ਤੇਰਾ, ਜੈਸੇ ਤਰਵਰ ਪੰਖਿ ਬਸੇਰਾ। ਰਹਾਉ।[79]

ਇਸ ਮਿਥਿਆ ਜਗਤ ਦੇ ਰਿਸ਼ਤੇ-ਨਾਤੇ, ਬੰਧਨ, ਵਰਤੋਂ-ਵਿਹਾਰ ਅਤੇ ਸੰਬੰਧ ਵੀ ਝੂਠੇ ਅਤੇ ਸਵਾਰਥ-ਭਰਪੂਰ ਹਨ। ਮੋਹ, ਮਾਇਆ ਅਤੇ ਖ਼ੁਦਗਰਜ਼ੀ ਦੇ ਪ੍ਰਭਾਵ ਅਧੀਨ ਮਨੁੱਖ ਦੇ ਜਿਊਂਦੇ-ਜੀਅ ਉਸ ਦੇ ਨਜ਼ਦੀਕੀ ਰਿਸ਼ਤੇਦਾਰ, ਸਕੇ-ਸੰਬੰਧੀ, ਪਰਿਵਾਰ ਦੇ ਜੀਅ ਉਸ ਨਾਲ ਮੀਤਾਂ ਦਾ ਮੋਹ ਕਰਦੇ ਹਨ, ਪਰੰਤੂ ਉਸ ਦੇ ਮਰਦਿਆਂ ਹੀ ਉਸ ਨੂੰ ਇਕ ਪਲ ਲਈ ਵੀ ਘਰ ਵਿਚ ਰੱਖਣ ਲਈ ਤਿਆਰ ਨਹੀਂ ਹੁੰਦੇ। ਮਰੇ ਹੋਏ ਪ੍ਰਾਣੀ ਨੂੰ ਉਹ ਛੇਤੀ ਹੀ ਘਰੋਂ ਕੱਢਣ ਦੀਆਂ ਤਿਆਰੀਆਂ ਕਰਦੇ ਹਨ, ਇਥੋਂ ਤਕ ਕਿ ਉਸ ਦੀ ਅਰਧ-ਸਰੀਰੀ ਨਾਰ ਵੀ ਉਸ ਨੂੰ ਭੂਤ-ਭੂਤ ਕਹਿ ਕੇ ਉਸ ਤੋਂ ਦੂਰ ਭੱਜਦੀ ਹੈ:

ਊਚੇ ਮੰਦਰ ਸਾਲ ਰਸੋਈ ਏਕ ਘਰੀ ਫੁਨਿ ਰਹਨੁ ਨ ਹੋਈ।
- - - - - - - - - - - - - - - - - - - - - -
ਭਾਈ ਬੰਧ ਕੁਟੰਬ ਸਹੇਰਾ ਓਇ ਭੀ ਲਾਗੇ ਕਾਢੁ ਸਵੇਰਾ।
ਘਰ ਕੀ ਨਾਰ ਉਰਹਿ ਤਨ ਲਾਗੀ ਉਹ ਤਉ ਭੂਤੁ ਭੂਤੁ ਕਰ ਭਾਗੀ।[80]

ਇਹੋ ਕਾਰਨ ਹੈ ਕਿ ਗੁਰੂ ਰਵਿਦਾਸ ਨੇ ਇਸ ਮਾਇਆਵੀ ਅਤੇ ਮਿਥਿਆ ਜਗਤ ਦੀ ਵਾਸਤਵਿਕਤਾ ਨੂੰ ਸਮਝ ਕੇ, ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਆਪਣੇ ਆਪ ਨੂੰ ਪ੍ਰੀਤਮ-ਪਿਆਰੇ ਦੀ ਕਿਰਪਾ ਦਾ ਪਾਤਰ ਬਣਾ ਲਿਆ ਹੈ:

ਜਗ ਆਪਾ ਸਮੁਝਹਿ ਨਹਿੰ, ਮਿਥਯਾ ਮੈਹੋ ਨਿਦਿਧਿਯਾਸ,
ਜਹ ਕਿਰਪਾ ਆਪਾ ਮਿਟਯੋ , ਭਜੈ ਤਾਹਿ ਰਵਿਦਾਸ।[81]

(ੲ) ਭੈ-ਸਾਗਰ ਰੂਪੀ ਜਗਤ

ਗੁਰੂ ਰਵਿਦਾਸ ਨੇ ਇਸ ਸੰਸਾਰ ਨੂੰ ਅਪਾਰ ਭੈ-ਸਾਗਰ ਅਤੇ ਅਤਿਰ ਅਥਵਾ ਨਾ ਤਰੇ ਜਾਣ ਵਾਲਾ ਸੰਸਾਰ-ਸਮੁੰਦਰ ਕਿਹਾ ਹੈ। ਇਸ ਭੈ-ਸਾਗਰ ਰੂਪੀ ਬਿਖਮ ਸੰਸਾਰ ਦੀਆਂ ਭੈ-ਲਹਿਰਾਂ ਅਰਥਾਤ ਜੀਵ-ਆਤਮਾਵਾਂ, ਸੰਸਾਰ ਸਾਗਰ ਦੀਆਂ ਡੂੰਘਾਈਆਂ ਵਿਚ ਡੁਬਦੀਆਂ ਜਾਂਦੀਆਂ ਵਿਆਕੁਲ ਹਨ। ਇਸ ਭੈ-ਸਾਗਰ ਰੂਪੀ ਜਗਤ ਵਿਚੋਂ ਤਰ ਕੇ ਪਾਰ ਲੰਘਣਾ ਅਤਿ ਬਿਖਮ ਅਤੇ ਕਠਿਨ ਕਾਰਜ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਵਿਸ਼ੇ-ਵਿਕਾਰਾਂ ਦੀਆਂ ਉੱਚੀਆਂ ਉਠਦੀਆਂ ਲਹਿਰਾਂ ਅਤੇ ਅਨੰਤ ਭਰਮਾਂ, ਸ਼ੰਕਿਆਂ ਦੇ ਮਹਾਂ ਜਾਲ ਜੀਵ ਨੂੰ ਆਪਣੀਆਂ ਜੰਜ਼ੀਰਾਂ ਵਿਚ ਦਬੋਚ ਲੈਂਦੇ ਹਨ। ਦੁਨਿਆਵੀ ਮੋਹ, ਪਿਆਰ ਅਤੇ ਤ੍ਰਿਸ਼ਨਾਵਾਂ ਵਿਚ ਫਸਿਆ ਜੀਵ ਇਸ ਦੁਨੀਆਂ ਰੂਪੀ ਭਵ-ਸਾਗਰ ਨੂੰ ਪਾਰ ਕਰਨ ਦੇ ਅਸਮਰਥ ਹੋ ਕੇ ਰਹਿ ਜਾਂਦਾ ਹੈ ਅਤੇ ਆਵਾਗਵਨ ਦੇ ਭਾਰੀ ਸੰਕਟ ਵਿਚ ਪਿਆ ਰਹਿੰਦਾ ਹੈ ਆਪ ਕਹਿੰਦੇ ਹਨ:

ਬਿਖਮ ਸੰਸਾਰ ਭੈ ਲਹਿਰ ਵਯਾਕੁਲ ਹਵੈ, ਮੋਹ ਗੁਨ ਬਿਖੈ ਸਨਬੰਧ ਭੂਤਾ।[82]

ਅਤਿਰ ਸੰਸਾਰ ਅਪਾਰ ਭੈ ਸਾਗਰ, ਤਾਂ ਮੈਂ ਜਾਮਣ ਮਰਣ ਸੰਦੇਹ ਭਾਰੀ।
ਕਾਮ ਭ੍ਰਮ ਕ੍ਰੋਧ ਭ੍ਰਮ ਲੋਭ ਭ੍ਰਮ ਮੋਹ ਭ੍ਰਮ, ਅਨੰਤ ਭ੍ਰਮ ਛੇਦਿ ਮੋ ਕਰਸਿ ਪਾਰੀ।[83]

ਗੁਰੂ ਰਵਿਦਾਸ ਨੇ ਮਨ-ਰੂਪੀ ਮਛਲੀ ਨੂੰ ਸੰਸਾਰ-ਸਮੁੰਦਰ ਦੀ ਅਦਭੁਤ ਸਥਿਤੀ ਅਤੇ ਗਹਿਰਾਈ ਵਾਚਣ ਅਰਥਾਤ ਇਸ ਦੇ ਵਾਧੇ-ਘਾਟੇ, ਚੰਗਿਆਈਆਂ -ਬੁਰਿਆਈਆਂ, ਨੇਕੀ-ਬਦੀ ਆਦਿ ਦਾ ਡੂੰਘਾ ਵਿਵੇਚਨ ਕਰਨ ਦੀ ਪ੍ਰੇਰਨਾ ਦਿੱਤੀ ਹੈ। ਚੰਗੇ-ਮੰਦੇ ਕਰਮਾਂ ਦੀ ਪਰਖ ਅਤੇ ਨਿਰਣਾ ਕਰਕੇ ਗੁਰੂ ਜੀ ਨੇ ਉਹ ਕਰਮ ਤਿਆਗਣ ਲਈ ਜੀਵ ਨੂੰ ਪ੍ਰੇਰਿਤ ਕੀਤਾ ਹੈ ਜਿਨ੍ਹਾਂ ਦੇ ਪ੍ਰਭਾਵ ਅਧੀਨ ਉਸ ਨੂੰ ਵਾਰ-ਵਾਰ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ:

ਰੇ ਮਨ ਮਾਛਲਾ ਸੰਸਾਰ ਸਮੁੰਦੇ, ਤੂ ਚਿਤ੍ਰ ਬਿਚਿਤ੍ਰ ਬਿਚਾਰਿ ਰੇ।
ਜਿਹ ਗਾਲੇ ਗਲਿਯਾਹੀ ਮਰੀਏ, ਸੋ ਸੰਗ ਦੂਰ ਨਿਵਾਰਿ ਰੇ।ਟੇਕ।[84]

ਇਸ ਸੰਸਾਰ ਰੂਪੀ ਭੈ-ਸਾਗਰ ਨੂੰ ਤਰਨ ਲਈ ਗੁਰੂ ਰਵਿਦਾਸ ਵਾਣੀ ਵਿਚ ਹੱਲ ਵੀ ਸੁਝਾਇਆ ਗਿਆ ਹੈ। ਗੁਰੂ ਜੀ ਅਨੁਸਾਰ ਇਸ ਅਤਿ ਦੁਤਰ ਭਵ-ਸਾਗਰ ਤੋਂ ਪਾਰ ਹੋਣ ਲਈ ਸਤਿਗੁਰੂ ਅਤੇ ਪ੍ਰਭੂ-ਨਾਮ ਹੀ ਇਕੋ ਇਕ ਪਤਵਾਰ ਹੈ। ਸੱਚਾ ਗੁਰੂ ਜੀਵ ਨੂੰ ਇਸ ਸੰਸਾਰ-ਸਮੁੰਦਰ ਵਿਚੋਂ ਪਾਰ ਲਗਾ ਸਕਦਾ ਹੈ ਅਤੇ ਜੀਵ ਨੂੰ ਮਾਇਆ ਦੇ ਜਾਲ ਤੋਂ ਮੁਕਤ ਕਰਵਾ ਸਕਦਾ ਹੈ। ਗੁਰੂ ਜੀ ਅਥਾਹ ਭਰੋਸੇ ਨਾਲ ਕਹਿੰਦੇ ਹਨਕਿ ਸਤਿਗੁਰੂ ਹੀ ਨਾਮ ਰੂਪੀ ਕਿਸ਼ਤੀ ਦੁਆਰਾ ਜੀਵ ਨੂੰ ਭਵ-ਸਾਗਰ ਤੋਂ ਪਾਰ ਲਗਾ ਸਕਦਾ ਹੈ:

> ਭੈ ਸਾਗਰ ਕਾ ਤਰਨ ਕੂੰ, ਏਕੋ ਨਾਮ ਅਧਾਰ ।
> ਰਵਿਦਾਸ ਕਬਉਂ ਨਹਿੰ ਛਾਂਡਿਯੇ, ਰਾਮ ਨਾਮ ਪਤਵਾਰ।[85]
>
> ਭੈ ਸਾਗਰ ਦੁਤਰ ਅਤਿ, ਕਿਧੂ ਮੂਰਖਿ ਯਹੁ ਜਾਨ ।
> ਰਵਿਦਾਸ ਗੁਰੂ ਪਤਵਾਰ ਹੈ, ਨਾਮ ਨਾਵ ਕਰਿ ਜਾਨ।[86]

## (ਸ) ਕੱਜਲ ਦੀ ਕੋਠੜੀ ਰੂਪ ਜਗਤ

ਗੁਰੂ ਰਵਿਦਾਸ ਵਾਣੀ ਵਿਚ ਇਸ ਜਗਤ ਨੂੰ ਕੱਜਲ ਦੀ ਕੋਠੜੀ ਕਹਿ ਕੇ ਇਸ ਦੇ ਵਿਵਹਾਰਕ ਸਰੂਪ ਨੂੰ ਨਿਸ਼ਚਿਤ ਕੀਤਾ ਗਿਆ ਹੈ। ਮਾਇਆ ਅਤੇ ਇਸ ਦੇ ਪੰਜ ਦੂਤ ਜੀਵ ਨੂੰ ਮੰਦੇ ਕਰਮਾਂ ਵਿਚ ਫਸਾ ਕੇ ਉਸ ਦੀ ਮਿੱਟੀ ਪਲੀਤ ਕਰ ਰਹੇ ਹਨ, ਇਨ੍ਹਾਂ ਦੀ ਕਾਲਖ ਨਾਲ ਜੀਵ ਆਪਣਾ ਆਪਾ ਲਬੇੜ ਲੈਂਦਾ ਹੈ। ਪ੍ਰਭੂ-ਭਗਤਾਂ ਨੂੰ ਸੰਸਾਰ ਦੀ ਇਸ ਵਾਸਤਵਿਕਤਾ ਦੀ ਪੂਰਨ ਅਨੁਭੂਤੀ ਹੈ, ਜਿਸ ਦੇ ਫਲ-ਰੂਪ ਉਹ ਇਸ ਕਾਲਖ ਰੂਪੀ ਜਗਤ ਦੀਆਂ ਮੈਲਾਂ ਵਿਚ ਨਹੀਂ ਲਿਬੜਦੇ। ਉਹ ਕੱਜਲ ਦੀ ਇਸ ਕੋਠੜੀ ਵਿਚ ਵੀ ਨਿਰਲੇਪ ਰਹਿ ਕੇ ਨਾਮ-ਸਿਮਰਨ ਦੁਆਰਾ ਆਪਣੇ ਆਪੇ ਨੂੰ ਪਵਿੱਤਰ, ਸਵੱਛ ਤੇ ਨਿਰਮਲ ਰੱਖਦੇ ਹਨ। ਗੁਰੂ ਜੀ ਲਿਖਦੇ ਹਨ:

> ਯਹੁ ਸੰਸਾਰ ਕਜਲਿ ਕੀ ਕੋਠਰੀ, ਅਰੁ ਵਿਖ-ਹਉਂ ਰਾ ਕੂਵਾ।
> ਕਹਿ ਰਵਿਦਾਸ ਹੋਮੈ ਜਗ ਖਾਯਾ, ਨਲਿਨੀ ਭ੍ਰ ਸੂਵਾ।[87]

ਗੁਰੂ ਜੀ ਅਨੁਸਾਰ ਇਸ ਕਾਲਖ ਭਰੇ ਸੰਸਾਰ ਵਿਚ ਵਿਸ਼ੇ-ਵਿਕਾਰਾਂ ਦਾ ਜ਼ਹਿਰ ਦੇ ਖੂਹ ਭਰੇ ਪਏ ਹਨ ਅਤੇ ਸਾਰਾ ਜਗਤ ਹਉਮੈਂ-ਭਾਵਨਾ ਵਿਚ ਗ੍ਰਸਿਆ ਹੋਇਆ ਕਾਲ ਦਾ

ਖਾਜਾ ਬਣ ਰਿਹਾ ਹੈ। ਜਿਸ ਤਰ੍ਹਾਂ ਤੋਤਾ ਬੇਰਾਂ ਨੂੰ ਟੁਕ-ਟੁਕ ਕੇ ਧਰਤੀ ਤੇ ਸੁੱਟ ਕੇ ਅਕਾਰਥ ਹੀ ਗੁਆ ਦਿੰਦਾ ਹੈ, ਇਸੇ ਤਰ੍ਹਾਂ ਹਉਮੈ ਅਤੇ ਵਿਸ਼ੇ-ਵਿਕਾਰਾਂ ਦੀ ਜ਼ਹਿਰ ਮਨੁੱਖੀ ਜੀਵਨ ਨੂੰ ਵਿਅਰਥ ਨਸ਼ਟ ਕਰ ਰਹੀ ਹੈ।

(ਹ) ਨਾਸ਼ਵਾਨ ਅਥਵਾ ਫਾਨੀ ਦੁਨੀਆਂ

ਜਗਤ ਦੇ ਸਰੂਪ ਬਾਰੇ ਵਿਵੇਚਨ ਕਰਦਿਆਂ ਅਸੀਂ ਇਸ ਤੱਥ ਨੂੰ ਸਪੱਸ਼ਟ ਕਰ ਚੁਕੇ ਹਾਂ ਕਿ ਗੁਰੂ ਰਵਿਦਾਸ ਵਾਣੀ ਵਿਚ ਜਗਤ ਨੂੰ ਪਰਮਾਰਥਕ ਸੱਚ ਨਹੀਂ ਮੰਨਿਆ ਗਿਆ। ਵਿਵਹਾਰਕ ਸੱਤਾ ਵਾਲਾ ਇਹ ਜਗਤ ਵਿਨਾਸ਼-ਸ਼ੀਲ ਹੈ, ਝੂਠਾ, ਪਰਿਵਰਤਨਸ਼ੀਲ, ਨਾਸ਼ਵਾਨ ਅਰਥਾਤ ਫਾਨੀ ਤੇ ਮਰਨਸ਼ੀਲ ਹੈ। ਗੁਰੂ ਜੀ ਅਨੁਸਾਰ ਆਤਮਾ-ਪਰਮਾਤਮਾ ਤਾਂ ਦੋਨੋਂ ਅਮਰ ਹਨ, ਪਰ ਇਸ ਜਗਤ ਦੀ ਆਪਣੀ ਕੋਈ ਸੱਤਾ ਨਹੀਂ ਹੈ, ਇਹ ਕੂੜ ਦਾ ਸਥਾਨ ਹੈ, ਮਿਥਿਆ, ਝੂਠਾ ਅਤੇ ਅਸਥਿਰ ਹੈ:

ਜੋ ਦਿਨ ਆਵਹਿ ਸੋ ਦਿਨ ਜਾਹੀ, ਕਰਨਾ ਕੂਚੁ ਰਹਨੁ ਥਿਰੁ ਨਾਹੀ।
ਸੰਗੁ ਚਲਤ ਹੈ ਹਮ ਭੀ ਚਲਨਾ, ਦੂਰਿ ਗਵਨੁ ਸਿਰ ਊਪਰਿ ਮਰਨਾ।[88]

ਇਸ ਨਾਸ਼ਵਾਨ ਸੰਸਾਰ ਵਿਚੋਂ ਪ੍ਰਤੀ ਦਿਨ ਜੀਵ ਕਾਲ ਦਾ ਖਾਜਾ ਬਣ ਰਹੇ ਹਨ, ਸੰਗੀ-ਸਾਥੀ ਸਦੀਵੀ ਤੌਰ ਤੇ ਸਾਥ ਛੱਡ ਕੇ ਤੁਰਦੇ ਜਾ ਰਹੇ ਹਨ ਅਤੇ ਹਰ ਪ੍ਰਾਣੀ ਦੇ ਸਿਰ ਉੱਪਰ ਮੌਤ ਮੰਡਲਾਅ ਰਹੀ ਹੈ। ਪਰੰਤੂ ਜੀਵ ਮੋਹ, ਮਾਇਆ ਦੇ ਅੰਤਰਗਤ ਗਫ਼ਲਤ ਦੀ ਨੀਂਦ ਸੁੱਤਾ ਪਿਆ ਹੈ, ਜਾਗਦਾ ਨਹੀਂ, ਸਗੋਂ ਇਸ ਫਾਨੀ ਦੁਨੀਆਂ ਨੂੰ ਹੀ ਸਦੀਵੀ ਤੇ ਸੱਚ ਸਮਝ ਕੇ ਇਸ ਨਾਲ ਪਿਆਰ ਪਾਈ ਬੈਠਾ ਹੈ। ਗੁਰੂ ਜੀ ਪ੍ਰਾਣੀ ਨੂੰ ਸੁਚੇਤ ਕਰਦੇ ਹਨ:

ਕਿਆ ਤੂੰ ਸੋਇਆ ਜਾਗੁ ਇਆਨਾ, ਤੈ ਜੀਵਨੁ ਜਗਿ ਸਚੁ ਕਰ ਜਾਨਾ।[89] ਰਹਾਉ।

ਜਨਮ ਸਿਰਾਨੋ ਪੰਥੁ ਨ ਸਵਾਰਾ, ਸਾਂਝ ਪਰੀ ਦਹ ਦਸ ਅੰਧਿਆਰਾ।
ਕਹਿ ਰਵਿਦਾਸ ਨਿਦਾਨਿ ਦਿਵਾਨੇ, ਚੇਤਸਿ ਨਾਹੀ ਦੁਨੀਆ ਫਨ ਖਾਨੇ।[90]

ਜ਼ਿੰਦਗੀ ਦੀ ਸ਼ਾਮ ਪੈ ਰਹੀ ਹੈ, ਹਰ ਪਾਸੇ ਹਨ੍ਹੇਰਾ ਪਸਰ ਰਿਹਾ ਹੈ ਅਰਥਾਤ ਮੌਤ ਨੇੜੇ ਆ ਰਹੀ ਹੈ, ਪਰ ਹੇ ਜੀਵ ! ਤੂੰ ਆਪਣਾ ਰਾਸਤਾ ਹਾਲੇ ਤਕ ਵੀ ਸੰਵਾਰਿਆ

ਨਹੀਂ, ਪ੍ਰਕਾਸ਼ਵਾਨ ਨਹੀਂ ਕੀਤਾ ਅਰਥਾਤ ਪ੍ਰਭੂ-ਭਗਤੀ ਦਾ ਮਾਰਗ ਨਹੀਂ ਪਕੜਿਆ। ਹੇ ਕਮਲੇ ਬੰਦੇ ! ਤੂੰ ਹਾਲੇ ਵੀ ਇਸ ਤੱਥ ਨੂੰ ਵਿਚਾਰਦਾ ਤੇ ਸਵੀਕਾਰਦਾ ਨਹੀਂ ਕਿ ਦੁਨੀਆ ਫਨਾਹ ਦਾ ਮੁਕਾਮ ਹੈ, ਨਾਸ਼ਵਾਨ ਹੈ ।

(ਕ) ਮ੍ਰਿਗ-ਤ੍ਰਿਸ਼ਨਾ ਰੂਪੀ ਜਗਤ

ਗੁਰੂ ਰਵਿਦਾਸ ਵਾਣੀ ਵਿਚ ਇਸ ਜਗਤ ਨੂੰ ਪ੍ਰਭੂ ਦਾ ਅਭਾਸੀ ਪ੍ਰਤੀਬਿੰਬ ਮੰਨ ਕੇ ਇਸ ਨੂੰ ਮ੍ਰਿਗ-ਤ੍ਰਿਸ਼ਨਾ ਸਮਾਨ ਦਰਸਾਇਆ ਗਿਆ ਹੈ। ਦਰਅਸਲ ਇਹ ਜਗਤ ਵਾਸਤਵਿਕ ਸੱਤਾ ਨਹੀਂ ਹੈ। ਜਿਸ ਤਰ੍ਹਾਂ ਰੇਗਿਸਤਾਨ ਦੀ ਰੇਤ ਦੂਰੋਂ ਆਉਂਦੇ ਪਿਆਸੇ ਮ੍ਰਿਗ ਜਾਂ ਪਾਂਧੀ ਨੂੰ ਪਾਣੀ ਦਾ ਭੁਲੇਖਾ ਪਾਉਂਦੀ ਹੈ ਅਤੇ ਉਹ ਪਿਆਸ ਬੁਝਾਉਣ ਲਈ ਰੇਤ ਉੱਪਰ ਅੱਗੇ ਤੋਂ ਅੱਗੇ ਵਧਦਾ ਹੈ, ਜਲ-ਪ੍ਰਾਪਤੀ ਲਈ ਇੱਧਰ-ਉੱਧਰ ਭਟਕਦਾ ਹੈ, ਇਹੋ ਜਿਹੀ ਸਥਿਤੀ ਹੀ ਇਸ ਦੁਨੀਆਂ ਵਿਚ ਜੀਵ ਦੀ ਹੈ:

ਬਾਹਰ ਖੋਜਤ ਜਨਮ ਸਿਰਾਨੋ, ਮ੍ਰਿਗ ਤ੍ਰਿਸ਼ਨਾ ਰਹਿਓ ਉਰਝਾਈ।[91]

ਮਨੁੱਖ ਇਸ ਜਗਤ ਨੂੰ ਸੱਚ ਸਮਝ ਕੇ ਮਨ ਵਿਚ ਉੱਠਦੀਆਂ ਖ਼ਾਹਿਸ਼ਾਂ ਅਤੇ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਜਗਤ ਨੂੰ ਸਾਧਨ ਵਜੋਂ ਇਸਤੇਮਾਲ ਕਰਨਾ ਚਾਹੁੰਦਾ ਹੈ। ਪਰੰਤੂ ਇਹ ਪੂਰੀਆਂ ਨਹੀਂ ਹੁੰਦੀਆਂ, ਉਹ ਭਟਕਦਾ ਤੇ ਤੜਪਦਾ ਫਿਰਦਾ ਹੈ, ਜੀਵ ਦੀ ਇਸ ਅਵਸਥਾ ਨੂੰ ਗੁਰੂ ਜੀ ਨੇ ਮ੍ਰਿਗ-ਤ੍ਰਿਸ਼ਨਾ ਦੇ ਦ੍ਰਿਸ਼ਟਾਂਤ ਦੁਆਰਾ ਸਮਝਾਉਣ ਦਾ ਯਤਨ ਕੀਤਾ ਹੈ। ਇਹ ਮ੍ਰਿਗ-ਤ੍ਰਿਸ਼ਨਾ ਰੂਪੀ ਜਗਤ ਜੀਵ ਦੀਆਂ ਖ਼ਾਹਿਸ਼ਾਂ ਦੀ ਪੂਰਤੀ ਨਹੀਂ ਕਰ ਸਕਦਾ, ਫਲ-ਰੂਪ ਇਛਾਵਾਂ ਹੋਰ ਵਧਦੀਆਂ ਹਨ ਅਤੇ ਇਨ੍ਹਾਂ ਵਿਚ ਉਲਝਿਆ ਮਨੁੱਖ ਨਿੱਤ-ਨਿੱਤ ਭਟਕਦਾ, ਤੜਪਦਾ ਤੇ ਖੱਜਲ-ਖੁਆਰ ਹੁੰਦਾ ਹੈ।

(ਖ) ਦੁੱਖਾਂ ਦੀ ਖੇਤੀ ਰੂਪ ਜਗਤ

ਭਾਰਤੀ ਦਰਸ਼ਨ ਵਿਚ ਇਸ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਿਆ ਗਿਆ ਹੈ। ਪਰਮਾਤਮਾ ਤੋਂ ਵਿਛੜ ਕੇ ਇਸ ਮਾਇਆਵੀ ਸੰਸਾਰ ਵਿਚ ਉਲਝ ਕੇ ਜੀਵ-ਆਤਮਾ ਦੁਖ ਸਹਿ ਰਹੀ ਹੈ। ਗੁਰੂ ਰਵਿਦਾਸ ਨੇ ਇਸ ਜਗਤ ਨੂੰ ਦੁੱਖ ਦੀ ਖੇਤਰੀ ਕਿਹਾ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਮਾਇਆ ਦੇ ਪੰਜਾਂ ਦੂਤਾਂ ਨੇ ਇਸ ਜਗਤ ਵਿਚ ਜੀਵ ਦੀ ਬੁਰੀ ਹਾਲਤ ਕੀਤੀ ਹੋਈ ਹੈ, ਇਹ ਜੀਵ ਨੂੰ ਆਪਣੀਆਂ ਜੰਜ਼ੀਰਾਂ ਵਿਚ ਬੰਨ੍ਹ ਕੇ

ਬੁਰੀ ਤਰ੍ਹਾਂ ਮਾਰ ਰਹੇ ਹਨ:

> ਇਹ ਜਗ ਦੁਖ ਕੀ ਖੇਤਰੀ, ਇਹੁ ਜਾਨਤ ਸਬ ਕੋਇ।
> ਗਯਾਨੀ ਕਾਟਹਿ ਹਰਿ ਨਾਮ ਸੋਂ; ਮੂਰਖਿ ਕਾਟਹਿੰ ਰੋਇ।[92]
>
> ਇਨ ਦੂਤਨ ਖਲੁ ਬਧੁ ਕਰਿ ਮਾਰਿਓ, ਬਡੋ ਨਿਲਜੁ ਅਜਹੁ ਨਹੀਂ ਹਾਰਿਓ।[93]

ਗੁਰੂ ਜੀ ਅਨੁਸਾਰ ਇਸ ਦੇਹਿ-ਰੂਪੀ ਕੱਚੇ ਕਿਲ੍ਹੇ ਨੂੰ ਵਿਸ਼ੇ-ਵਿਕਾਰ ਰੂਪੀ ਡਾਕੂ ਲੁੱਟ ਰਹੇ ਹਨ, ਪਰ ਅਭਾਗਾ ਜੀਵ ਸੁੱਤਾ ਹੋਇਆ ਹੈ, ਜਾਗਦਾ ਨਹੀਂ, ਦੁੱਖਾਂ, ਕਲੇਸ਼ਾਂ ਦਾ ਸਾਹਮਣਾ ਕਰਦਾ ਹੋਇਆ ਵੀ ਰਾਮ-ਨਾਮ ਦਾ ਸਿਮਰਨ ਕਰਦਾ ਨਹੀਂ, ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕਰ ਸਕਦਾ ਹੈ? ਆਪ ਕਹਿੰਦੇ ਹਨ:

> ਦੁਖਿਯਾਰੀ ਦੁਖਿਯਾਰਾ ਜਗ ਮਹਿੰ, ਮਨ ਜਪ ਲੈ ਰਾਮ ਪਿਯਾਰਾ ਰੇ।
> ਗੜ ਕਾਚਾ ਤਸਕਰ ਤਿਹ ਲਾਗਾ, ਤੂੰ ਕਾਹੇ ਨ ਜਾਗ ਅਭਾਗਾ ।[94]

ਇਸ ਦੁਖ ਰੂਪ ਜਗਤ ਵਿਚ ਭਰਮਾਂ ਦੇ ਵੱਸ ਪਿਆ ਜੀਵ, ਇਨ੍ਹਾਂ ਵਿਸ਼ੇ-ਵਿਕਾਰਾਂ ਦੇ ਹੱਥੀਂ ਲੁਟਿਆ ਜਾ ਰਿਹਾ ਜੀਵ ਦੁੱਖ ਦੇ ਕਾਰਨਾਂ ਨੂੰ ਸਮਝਣ, ਵਾਚਣ ਅਤੇ ਉਸ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਨਹੀਂ ਕਰਦਾ। ਗੁਰੂ ਰਵਿਦਾਸ ਵਾਣੀ ਵਿਚ ਇਸ ਗੰਭੀਰ ਸਮੱਸਿਆ ਨੂੰ ਗਹਿਰਾਈ ਨਾਲ ਵਾਚਕੇ ਇਸ ਦਾ ਹੱਲ ਪ੍ਰਸਤੁਤ ਕੀਤਾ ਗਿਆ ਹੈ। ਆਪ ਲਿਖਦੇ ਹਨ:

> ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ ਏਕ ਦੋਖ ਬਿਨਾਸ।
> ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ ?[95]

ਆਪ ਸਮਝਾਉਂਦੇ ਹਨ ਕਿ ਹਿਰਨ, ਮੱਛੀ, ਭੌਰਾ, ਭੰਬਟ ਅਤੇ ਹਾਥੀ ਕੇਵਲ ਇਕ-ਇਕ ਔਗੁਣ ਦੇ ਧਾਰਨੀ ਹੋਣ ਕਰਕੇ ਤਬਾਹ ਹੋ ਜਾਂਦੇ ਹਨ, ਮਾਰੇ ਜਾਂਦੇ ਹਨ, ਪਰੰਤੂ ਜਿਸ ਜੀਵ ਵਿਚ ਪੰਜ ਔਗੁਣ ਮੌਜੂਦ ਹੋਣ ਅਥਵਾ ਜੋ ਪ੍ਰਾਣੀ ਪੰਜ ਅਸਾਧ ਰੋਗਾਂ ਤੋਂ ਪੀੜਤ ਹੋਵੇ, ਉਸ ਦੇ ਬਚੇ ਰਹਿਣ ਦੀ ਕਿੰਨੀ ਕੁ ਆਸ ਹੋ ਸਕਦੀ ਹੈ। ਇਨ੍ਹਾਂ ਅਸਾਧ ਰੋਗਾਂ ਤੋਂ ਬਚਾਅ ਲਈ ਫਿਰ ਆਪ ਹੀ ਉਪਾਅ ਵੀ ਦੱਸਦੇ ਹਨ:

> ਸਹ ਕੀ ਸਾਰ ਸੁਹਾਗਨਿ ਜਾਨੈ, ਤਜ ਅਭਿਮਾਨ ਸੁਖ ਰਲੀਆ ਮਾਨੈ।
> ਤਨੁ ਮਨੁ ਦੇਇ ਨ ਅੰਤਰੁ ਰਾਖੈ ਅਵਰਾ ਦੇਖ ਨ ਸੁਨੈ ਅਭਾਖੈ।[96]

ਇਸ ਦੁੱਖ ਰੂਪੀ ਜਗਤ ਵਿਚੋਂ ਸੁੱਖ-ਆਨੰਦ ਪ੍ਰਾਪਤ ਕਰਨ ਲਈ ਜੀਵ ਨੂੰ ਉਸ ਸਦ-

ਸੁਹਾਗਣ ਵਾਂਗ ਆਪਣਾ ਜੀਵਨ ਬਣਾ ਲੈਣਾ ਚਾਹੀਦਾ ਹੈ ਜੋ ਪਤੀ ਦੀ ਕਦਰ ਜਾਣਦੀ ਹੈ, ਹਉਮੈਂ-ਹੰਕਾਰ ਛੱਡ ਕੇ ਆਪਣਾ ਆਪਾ ਪਤੀ ਨੂੰ ਸਮਰਪਿਤ ਕਰ ਦਿੰਦੀ, ਉਸ ਦੇ ਪ੍ਰੇਮ ਵਿਚ ਲੀਨ ਰਹਿੰਦੀ ਹੈ, ਹਮੇਸ਼ਾ ਉਸ ਨੂੰ ਹੀ ਧਿਆਉਂਦੀ ਅਤੇ ਉਸ ਨਾਲ ਇਕ-ਰੂਪ ਹੋ ਜਾਂਦੀ ਹੈ। ਉਹ ਨਾ ਹੋਰਨਾਂ ਨੂੰ ਮੰਦ-ਭਾਵਨਾ ਨਾਲ ਦੇਖਦੀ ਹੈ, ਨਾ ਮਾੜੀ ਮੱਤ ਗ੍ਰਹਿਣ ਕਰਦੀ ਹੈ ਅਤੇ ਨਾ ਹੀ ਭੈੜੀ ਭਾਵਨਾ ਨਾਲ ਬੋਲਦੀ ਹੈ। ਆਪਣੇ ਵਿਚ ਅਜਿਹੇ ਗੁਣ ਤੇ ਵਡਿਆਈ ਧਾਰਨ ਕਰਕੇ ਹੀ ਜੀਵਾਤਮਾ ਰੂਪੀ ਇਸਤਰੀ ਪਤੀ ਰੂਪੀ ਪਰਮਾਤਮਾ ਦਾ ਪਿਆਰ ਪ੍ਰਾਪਤ ਕਰ ਲੈਂਦੀ ਹੈ, ਸਦੀਵੀ ਤੌਰ ਤੇ ਸੁੱਖੀ ਹੋ ਜਾਂਦੀ ਹੈ ਅਤੇ ਆਪਣੇ ਦੁੱਖਾਂ ਦਾ ਖਾਤਮਾ ਕਰ ਲੈਂਦੀ ਹੈ। ਇਸ ਪ੍ਰਕਾਰ ਗੁਰਮੁਖ ਜੀਵ ਨਾਮ-ਸਿਮਰਨ ਦੁਆਰਾ ਇਸ ਦੁੱਖ ਰੂਪੀ ਜਗਤ ਦੀ ਖੇਤਰੀ ਨੂੰ ਕੱਟ ਦਿੰਦਾ ਹੈ ਜਦਕਿ ਮੂਰਖ ਅਥਵਾ ਮਨਮੁਖ ਜੀਵ ਰੋ-ਕਲਪ ਕੇ ਇਸ ਜਗਤ ਵਿਚ ਆਪਣਾ ਜੀਵਨ ਜੀਊਂਦਾ ਹੈ।

(ਗ) ਵਿਸ਼ਿਆਂ ਵਨ-ਰੂਪ ਜਗਤ

ਗੁਰੂ ਰਵਿਦਾਸ ਨੇ ਇਸ ਜਗਤ ਨੂੰ ਵਿਸ਼ਿਆਂ ਵਨ ਅਤੇ ਵਿਸ਼ ਨਾਲ ਭਰਿਆ ਖੂਹ ਕਿਹਾ ਹੈ। ਇਹ ਸੰਸਾਰ ਵਿਸ਼ੇ-ਵਿਕਾਰਾਂ ਰੂਪੀ ਜ਼ਹਿਰ ਨਾਲ ਓਤ-ਪ੍ਰੋਤ ਹੈ ਅਤੇ ਜਦੋਂ ਹਰ ਪਾਸੇ ਇਨ੍ਹਾਂ ਵਿਕਾਰਾਂ ਦੇ ਸੰਘਣੇ ਜੰਗਲ ਹੋਣ ਤਾਂ ਜੀਵ ਦੀ ਕੀ ਸਮਰੱਥਾ ਹੈ ਕਿ ਉਹ ਇਸ ਮਾਇਆਵੀ ਜਾਲ ਤੋਂ ਬਚ ਸਕੇ। ਜਿਵੇਂ ਕੱਜਲ ਦੀ ਕੋਠੜੀ ਵਿਚ ਗਿਆ ਵਿਅਕਤੀ ਕਾਲਖ ਤੋਂ ਬਚ ਨਹੀਂ ਸਕਦਾ, ਇਸ ਤਰ੍ਹਾਂ ਹੀ ਇਨ੍ਹਾਂ ਵਿਸ਼ੇ-ਵਿਕਾਰਾਂ ਨਾਲ ਭਰੇ ਖੂਹ-ਰੂਪੀ ਜਗਤ ਤੋਂ ਬਚਾਅ ਕਰਨਾ ਅਤਿ ਕਠਿਨ ਕਾਰਜ ਹੈ:

ਯਹੁ ਸੰਸਾਰ ਕਜਲਿ ਕੀ ਕੋਠਰੀ, ਅਰ ਵਿਖ-ਹਉਂ ਰਾ ਕੂਵਾਂ ।
ਕਹਿ ਰਵਿਦਾਸ ਹੌਮੈ ਜਗ ਖਾਯਾ, ਨਲਿਨੀ ਭ੍ਰੂ ਮੂਵਾਂ।[97]

ਯਹੁ ਸੰਸਾਰ ਸਘਨ ਬਨ ਵਿਖੁ ਕੌ, ਤਾਂ ਮੈਂ ਬਹੁ ਦੁਖ ਬਯਾਲਾਈ।
ਰੂਪ ਰਵਲ ਕੇ ਉਨਮੁਖਿ ਮਾਨੁਖਾ, ਪਤੰਗ ਪੜੇ ਜਿਮਿ ਆਈ।
ਕਾਮ ਕਲੇਸ਼ ਪ੍ਰਬਿਮਿ ਜਗਿ ਪਾਸਿ, ਕੋਊ ਨ ਗਯੋ ਸਚੁ ਪਾਈ।
ਤਾਂ ਮੈਂ ਚੈਨ ਕਿਮਿ ਤੂ ਹੁਲਸੈਂ, ਸੁਣਿ ਮੂਰਖਿ ਸਤਿ ਭਾਈ।[98]

ਇਨ੍ਹਾਂ ਦੇ ਜਾਲ ਵਿਚ ਫਸ ਕੇ ਮਨੁੱਖ ਨੂੰ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੁਰੂ ਰਵਿਦਾਸ ਕਹਿੰਦੇ ਹਨ ਕਿ ਹੇ ਭਾਈ ! ਵਿਸ਼ਿਆਂ ਦੇ ਸੰਘਣੇ ਜੰਗਲ ਵਿਚੋਂ ਸੁੱਖ, ਚੈਨ

ਅਤੇ ਸ਼ਾਂਤੀ ਦੀ ਆਸ ਰਖਣਾ ਨਿਰਾਰਥਕ ਹੈ। ਇਨ੍ਹਾਂ ਵਿਸ਼ੇ-ਵਿਕਾਰਾਂ ਵਿਚ ਫਸਿਆ ਤ੍ਰਿਵਿਧ ਤਾਪ ਵਿਚ ਤਪਦਾ, ਤੜਪਦਾ ਅਤੇ ਮਾਇਆ ਦੇ ਭਰਮ-ਵੱਸ ਪਿਆ ਭਟਕਦਾ ਤੇ ਬੇਚੈਨ ਹੋਇਆ ਜੀਵ ਪਰਮ-ਆਨੰਦ ਦੀ ਅਵਸਥਾ, ਅਰਥਾਤ ਪ੍ਰਭੂ-ਦੁਆਰੇ ਨੂੰ ਵੀ ਭੁੱਲ ਜਾਂਦਾ ਹੈ:

ਜਹਾਂ ਜਹਾਂ ਗਯੋ ਤਹਾਂ ਜਨਮ ਕਾਛੈ, ਤ੍ਰਿਬਿਧ ਤਾਪ ਤ੍ਰਿਭਵਨਪਤਿ ਪਾਛੈ।
ਭਯੋ ਅਤਿ ਛੀਨ ਖੇਦ ਮਾਯਾ ਬਸ, ਜਸ ਤਿਸ ਤਾਪ ਗਰਿ ਹੈਂ ਤੇ ਤਸ।
ਦੂਾਰੇ ਨੰਦ ਸਾਂ ਬਿਕੁਟ ਵਿਖ ਕਾਰਨ, ਭੂਲਿ ਪਰਯੋ ਮਨ ਯਾ ਵਿਸ਼ਿਯਾ ਬਨ।
ਕਹੈ 'ਰਵਿਦਾਸ' ਸੁਮਿਰੋਂ ਬਡ ਰਾਜਾ, ਕਾਢਿ ਦਿਯੋਂ ਜਨ ਸਾਹਿਬ ਲਾਜਾ।[99]

ਇਸ ਦੁਖ ਅਤੇ ਕਰੁਨਾਮਈ ਅਵਸਥਾ ਵਿਚੋਂ ਨਿਕਲਣ ਦਾ ਢੰਗ ਵੀ ਗੁਰੂ ਜੀ ਨੇ ਦਰਸਾਇਆ ਹੈ। ਪ੍ਰਭੂ-ਸਿਮਰਨ ਅਤੇ ਪ੍ਰਭੂ-ਕ੍ਰਿਪਾ ਨਾਲ ਇਨ੍ਹਾਂ ਵਿਸ਼ੇ-ਵਿਕਾਰਾਂ ਦੇ ਵਨ-ਰੂਪੀ ਜਗਤ ਵਿਚੋਂ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ। ਇਸ ਅਸਥਿਰ ਸੰਸਾਰ ਅਤੇ ਸਦਾ ਸੰਤਾਪ ਭੋਗਣ ਵਾਲੇ ਜਗਤ ਵਿਚੋਂ, ਪ੍ਰਭੂ-ਚਰਣਾਂ ਵਿਚ ਚਿੱਤ ਲਾ ਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:-

ਸਦਾ ਸੰਤਾਪ, ਨਹਿ ਨਰ ਨਿਹਚਲ, ਕਿਮਿ ਛੂਟਹਿ ਇਹ ਕਾਂਈ।
ਕਹੈ ਰਵਿਦਾਸ ਭਜੋ ਹਰਿ ਚਰਣਾ, ਤਜ ਜਗ ਫੰਦ ਅਮੀ ਰਸ ਪਾਈ।[100]

(ਘ) ਬਾਜੀਗਰ ਦੀ ਬਾਜੀ ਰੂਪੀ ਜਗਤ

ਇਹ ਜਗਤ ਉਸ ਪੁਰਸ਼ ਦੀ ਲੀਲ੍ਹਾ -ਭੂਮੀ ਹੈ, ਤੇ ਇਹ ਲੀਲ੍ਹਾ ਉਸ ਸਤਿਨਾਮ ਰੂਪੀ ਜੀਵ ਰਾਹੀਂ ਖੇਡਾਂ ਖੇਡਣ ਲਈ ਤੇ ਮੰਜ਼ਿਲ ਪ੍ਰਾਪਤ ਕਰਨ ਲਈ ਹੈ।[101] ਪਰੰਤੂ ਜੀਵ ਨੇ ਬਾਜੀ ਰੂਪੀ ਇਸ ਜਗਤ ਨਾਲ ਹੀ ਮਨ ਲਾ ਲਿਆ ਹੈ। ਗੁਰੂ ਰਵਿਦਾਸ ਇਸ ਜਗਤ ਨੂੰ ਬਾਜੀਗਰ-ਰੂਪੀ ਪ੍ਰਭੂ ਦੀ ਬਾਜੀ ਅਰਥਾਤ ਖੇਡ ਸਵੀਕਾਰਦੇ ਹੋਏ ਜੀਵ ਨੂੰ ਚੇਤੰਨ ਕਰਦੇ ਹਨ ਕਿ ਹੇ ਜੀਵ ! ਤੂੰ ਪ੍ਰਭੂ ਦੀ ਇਸ ਲੀਲ੍ਹਾ ਨੂੰ ਹੀ ਸੱਚ ਸਮਝ ਕੇ ਇਸ ਦੇ ਚੋਜ-ਚਿਰੇ ਰਾਗ, ਰੰਗ, ਤਮਾਸ਼ਿਆਂ ਵਿਚ ਹੀ ਮਸਤ ਹੋ ਗਿਆ ਹੈਂ। ਇਸ ਜਗਤ ਦੀ ਦ੍ਰਿਸ਼ਟਮਾਨ ਅਸਲੀਅਤ ਤਾਂ ਝੂਠੀ ਹੈ, ਜਦ ਕਿ ਖੇਡਾਂ ਖੇਡਣ ਵਾਲਾ, ਲੀਲ੍ਹਾ ਰਚਾਉਣ ਵਾਲਾ, ਬਾਜੀ ਪਾਉਣ ਵਾਲਾ ਬਾਜੀਗਰ ਹੀ ਇਕੋ ਇਕ ਪਰਮਾਰਥਕ ਸੱਚ ਹੈ:

ਬਾਜੀਗਰ ਸੂੰ ਰਾਚਿ ਰਹੀਏ, ਬਾਜੀ ਕੂੰ ਮਰਮ ਇਨਿ ਜਾਨਾ।
ਬਾਜੀ ਝੂਠ ਸਾਚ ਬਾਜੀਗਰ, ਜਾਨਾ ਮਨ ਪਤਿਆਨਾ।[102]

ਗੁਰੂ ਜੀ ਦਾ ਕਥਨ ਹੈ ਕਿ ਇਸ ਛਿਣ-ਭੰਗਰ ਬਾਜੀ ਰੂਪੀ ਜਗਤ ਦੀਆਂ ਖੇਡਾਂ ਵਿਚੋਂ ਆਰਜ਼ੀ ਆਨੰਦ ਪ੍ਰਾਪਤ ਕਰਨ ਦੀ ਬਜਾਇ ਮਨੁੱਖ ਨੂੰ ਉਸ ਬਾਜੀਗਰ ਰੂਪੀ ਪਰਮ-ਆਨੰਦ ਅਤੇ ਪਰਮਸਤਿ ਨਾਲ ਹੀ ਪ੍ਰੀਤ ਪਾਉਣੀ ਚਾਹੀਦੀ ਹੈ। ਫਿਰ ਕਹਿੰਦੇ ਹਨ ਕਿ ਹੇ ਭਾਈ ! ਇਹ ਜਗਤ ਤਾਂ ਇਕ ਖੇਡ ਹੈ, ਪਰੰਤੂ ਮੇਰੀ ਪ੍ਰੀਤ ਤਾਂ ਇਸ ਖੇਡ ਦੇ ਸੰਚਾਲਕ ਪ੍ਰਭੂ ਨਾਲ ਲੱਗ ਗਈ ਹੈ ਜੋ ਸਦੀਵੀ ਆਨੰਦ ਅਤੇ ਸੁੱਖਾਂ ਦਾ ਸੋਮਾ ਹੈ:

ਕਹਿ ਰਵਿਦਾਸ ਬਾਜੀ ਜਗੁ ਭਾਈ, ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ।[103]

ਸਤ ਰਜ ਤਮ ਮਾਯਾ ਧਨੀ, ਚੇਤਨ ਕੋ ਪ੍ਰਤਿਭਾਸ ।
ਕਰਤਾ ਹਰਤਾ ਜਗਤ ਕੋ, ਭਜੈ ਤਾਹਿ ਰਵਿਦਾਸ।[104]

ਇਸ ਪ੍ਰਕਾਰ ਗੁਰੂ ਰਵਿਦਾਸ ਨੇ ਜਗਤ ਦੇ ਸਰੂਪ ਨੂੰ ਵਿਭਿੰਨ ਉਪਮਾਵਾਂ ਅਤੇ ਦ੍ਰਿਸ਼ਟਾਂਤਾਂ ਦੁਆਰਾ ਰੂਪਮਾਨ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਇਹ ਸੰਸਾਰ ਸੀਮਤ ਸੱਚ ਹੈ, ਸੱਚ ਇਸ ਕਰਕੇ ਕਿ ਜਗਤ ਦੇ ਕਣ ਕਣ ਵਿਚ ਪਰਮਾਤਮਾ ਦਾ ਨੂਰ ਵਿਆਪਕ ਹੈ, ਪਰੰਤੂ ਇਹ ਅਮਰ ਨਹੀਂ, ਪਰਿਵਰਤਨਸ਼ੀਲ, ਵਿਨਾਸ਼-ਸ਼ੀਲ ਅਤੇ ਮਰਨ-ਸ਼ੀਲ ਹੈ। ਇਸ ਜਗਤ ਦੀ ਕੋਈ ਵਸਤੂ ਸਦੀਵੀ ਨਹੀਂ, ਇਹ ਥੋਥਾ, ਝੂਠਾ ਅਤੇ ਮਾਇਆਵੀ ਜਗਤ ਹੈ, ਕੇਵਲ ਪਰਮਾਤਮਾ ਤੇ ਉਸ ਦਾ ਨਾਮ ਸਦੀਵੀ ਤੇ ਸੱਚਾ ਹੈ: ਫ਼ੁਰਮਾਨ ਹੈ:

ਥੋਥੀ ਕਾਯਾ, ਥੋਥੀ ਮਾਯਾ, ਥੋਥਾ ਹਰਿ ਬਿਨ ਜਨਮ ਗੰਵਾਯਾ।
ਥੋਥਾ ਪੰਡਿਤ, ਥੋਥੀ ਬਾਨੀ, ਥੋਥੀ ਹਰਿ ਬਿਨ ਸਬੈ ਕਹਾਨੀ ।
ਥੋਥਾ ਮੰਦਿਰ ਭੋਗ ਬਿਲਾਸਾ, ਥੋਥੀ ਆਨ ਦੇਵ ਕੀ ਆਸਾ।
ਸਾਚਾ ਸੁਮਿਰਨ ਨਾਵ ਬਿਸਾਸਾ, ਮਨ ਬਚ ਕਰਮ ਕਹੈ ਰਵਿਦਾਸਾ।[105]

ਗੁਰੂ ਰਵਿਦਾਸ ਜੀ ਨੇ ਇਸ ਨਾਸ਼ਵਾਨ ਜਗਤ ਵਿਚ ਕੇਵਲ ਪਰਮਾਤਮਾ ਨੂੰ ਹੀ ਸਤਿ ਸਵੀਕਾਰਿਆ ਹੈ। ਪ੍ਰਭੂ ਤੋਂ ਬਿਨਾਂ ਜੀਵ, ਜਗਤ, ਮਾਇਆ, ਗਿਆਨੀ, ਦੇਵੀ-ਦੇਵਤਿਆਂ ਦੀ ਪੂਜਾ-ਅਰਚਾ ਆਦਿ ਸਭ ਕੁਝ ਹੀ ਥੋਥਾ, ਝੂਠਾ ਅਤੇ ਬਿਨਸਨਹਾਰ ਹੈ।

ਆਪ ਨੇ ਇਸ ਮਾਇਆਵੀ ਸੰਸਾਰ ਨੂੰ ਮਿਥਿਆ, ਨਾਸ਼ਵਾਨ, ਫਾਨੀ ਅਤੇ ਕਸੁੰਭੜੇ ਦੇ ਫੁੱਲਾਂ ਦੇ ਰੰਗ ਵਾਂਗ ਥੋੜ੍ਹ-ਚਿਰਾ ਅਤੇ ਛਿਣ-ਭੰਗਰ ਕਿਹਾ ਹੈ। ਇਹ ਜਗਤ ਕੱਜਲ ਦੀ ਕੋਠੜੀ ਸਮਾਨ ਅਤੇ ਮ੍ਰਿਗ-ਤ੍ਰਿਸ਼ਨਾ ਦਾ ਰੂਪ ਹੈ। ਸੰਸਾਰਿਕ ਮੋਹ, ਮਾਇਆ, ਹਉਮੈਂ ,

ਹੰਕਾਰ, ਕਾਮ, ਕ੍ਰੋਧ ਅਤੇ ਲੋਭ ਵਰਗੀਆਂ ਲਜ਼ਤਾਂ ਇਸ ਵਿਸ਼ਿਆਂ-ਵਨ-ਰੂਪੀ ਜਗਤ ਵਿਚ ਜੀਵ ਦੀ ਮਿੱਟੀ ਪਲੀਤ ਕਰ ਰਹੀਆਂ ਹਨ। ਇਹ ਸੰਸਾਰ ਦੁੱਖ-ਰੂਪ ਹੈ, ਇਥੋਂ ਦੇ ਰੰਗ - ਤਮਾਸ਼ੇ, ਸੁੱਖ, ਐਸ਼, ਆਰਾਮ, ਆਨੰਦ ਥੋੜ੍ਹ-ਚਿਰੇ ਅਤੇ ਆਰਜ਼ੀ ਹਨ। ਇਹੀ ਕਾਰਨ ਹੈ ਕਿ ਗੁਰੂ ਜੀ ਨੇ ਇਸ ਜਗਤ ਨੂੰ ਬਾਜੀਗਰ ਦੀ ਬਾਜੀ ਅਰਥਾਤ ਪਰਮਾਤਮਾ ਦੁਆਰਾ ਰਚੀ ਗਈ ਲੀਲ੍ਹਾ ਅਤੇ ਖੇਡ ਸਮਾਨ ਦਰਸਾਇਆ ਹੈ। ਇਸ ਦੁਖਮਈ, ਕਰੁਨਾਮਈ ਅਤੇ ਭੈ-ਸਾਗਰ ਰੂਪੀ ਸੰਸਾਰ ਨੂੰ ਤੈਰਨ ਲਈ, ਇਸ ਤੋਂ ਪਾਰ ਜਾਣ ਅਰਥਾਤ ਮਾਇਆ ਦੇ ਫੰਦੇ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਗੁਰੂ ਰਵਿਦਾਸ ਵਾਣੀ ਵਿਚ ਵਾਰ-ਵਾਰ ਪ੍ਰਭੂ-ਭਗਤੀ ਕਰਨ ਅਤੇ ਨਾਮ-ਸਿਮਰਨ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਗਈ ਹੈ।

### 4.2.4. ਯੁੱਗ-ਚਿਤ੍ਰਣ

ਭਾਰਤੀ ਦਾਰਸ਼ਨਿਕ ਵਿਚਾਰਧਾਰਾ ਅਨੁਸਾਰ ਗੁਰੂ ਰਵਿਦਾਸ ਵਾਣੀ ਵਿਚ ਜਗਤ ਦੇ ਵਿਕਾਸ-ਕ੍ਰਮ ਨੂੰ ਚਾਰ ਯੁਗਾਂ ਵਿਚ ਵੰਡਿਆ ਗਿਆ ਹੈ: ਸਤਿਯੁਗ, ਤ੍ਰੇਤਾਯੁਗ, ਦਵਾਪਰ ਅਤੇ ਕਲਿਯੁਗ। ਆਪ ਦਾ ਫ਼ੁਰਮਾਨ ਹੈ:

> ਸਤਿਯੁਗ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ।
> ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ।[106]

ਗੁਰੂ ਜੀ ਅਨੁਸਾਰ ਸਤਿਯੁਗ ਵਿਚ ਸਤਿ ਦੀ ਪ੍ਰਧਾਨਤਾ ਰਹੀ ਹੈ, ਤ੍ਰੇਤਾਯੁਗ ਵਿਚ 'ਯੱਗ' ਕਰਨ ਦੀ ਪਰੰਪਰਾ ਕਾਇਮ ਹੋਈ ਹੈ ਅਤੇ ਯੱਗ ਕਰਨ ਤੇ ਵਧੇਰੇ ਬਲ ਦਿਤਾ ਜਾਣ ਲਗ ਪਿਆ । ਦੁਆਪਰ ਯੁੱਗ ਵਿਚ ਪੂਜਾ ਅਰਚਨਾ ਆਦਿ ਦੇ ਕਰਮ ਦ੍ਰਿੜ੍ਹ ਹੋ ਗਏ। ਪਰੰਤੂ ਕਲਿਯੁਗ ਵਿਚ ਜੀਵ ਦੀ ਮੁਕਤੀ ਦਾ ਆਧਾਰ ਕੇਵਲ ਪ੍ਰਭੂ ਦੇ ਨਾਮ ਦਾ ਸਿਮਰਨ ਹੈ। ਕਲਿਯੁਗ ਵਿਚ ਇਸ ਜਗਤ ਰੂਪੀ ਭਵ-ਸਾਗਰ ਨੂੰ ਤੈਰਨ ਲਈ ਸਤਿਗੁਰੂ ਅਤੇ ਪ੍ਰਭੂ-ਨਾਮ ਹੀ ਇਕੋ-ਇਕ ਪਤਵਾਰ ਹੈ। ਸੱਚਾ ਗੁਰੂ ਨਾਮ ਦੀ ਸ਼ਕਤੀ ਨਾਲ ਜੀਵ ਨੂੰ ਇਸ ਸੰਸਾਰ-ਸਮੁੰਦਰ ਵਿਚੋਂ ਪਾਰ ਲਗਾ ਸਕਦਾ ਹੈ ਅਤੇ ਜੀਵ ਨੂੰ ਮਾਇਆ ਦੇ ਫੰਦੇ ਤੋਂ ਮੁਕਤ ਕਰਵਾ ਸਕਦਾ ਹੈ:

> ਭੈ ਸਾਗਰ ਕਾ ਤਰਨ ਕੂੰ, ਏਕੋ ਨਾਮ ਆਧਾਰ ।
> ਰਵਿਦਾਸ ਕਬਉਂ ਨਹਿੰ ਛਾਡਿਯੇ, ਰਾਮ ਨਾਮ ਪਤਵਾਰ।[107]

ਗੁਰੂ ਜੀ ਦਾ ਕਥਨ ਹੈ ਕਿ ਕਲਿਯੁਗ ਵਿਚ ਕੋਈ ਵਿਰਲਾ ਸੰਤ-ਜਨ ਹੀ ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਮਾਇਆਵੀ ਜਗਤ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ।

4.2.5. ਨਿਸ਼ਕਰਸ਼

ਉਪਰੋਕਤ ਵਿਵੇਚਨ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਵਾਣੀ ਵਿਚ ਜਗਤ ਦੀ ਉਤਪਤੀ ਅਤੇ ਸਰੂਪ ਸੰਬੰਧੀ ਵੇਦਾਂਤ ਦਰਸ਼ਨ ਦਾ ਅਨੁਸਰਨ ਕੀਤਾ ਗਿਆ ਹੈ। ਗੁਰੂ ਰਵਿਦਾਸ ਜੀ ਨੇ ਬ੍ਰਹਮ ਨੂੰ ਹੀ ਇਸ ਜਗਤ ਦਾ ਕਾਰਨ ਮੰਨਿਆ ਹੈ। ਪਰਮਾਤਮਾ ਨੇ ਗਿਆਨ ਅਤੇ ਕਿਰਿਆ -ਸ਼ਕਤੀ ਦੁਆਰਾ ਆਪਣੇ ਹੀ ਨੂਰ ਨਾਲ ਇਸ ਜਗਤ ਦੀ ਸਿਰਜਣਾ ਕੀਤੀ ਅਤੇ ਇਸ ਨੂੰ ਆਪਣੀ ਜੋਤਿ ਦੁਆਰਾ ਪ੍ਰਕਾਸ਼ਵਾਨ ਕੀਤਾ ਹੈ। ਗੁਰੂ ਜੀ ਦੀ ਵਾਣੀ ਵਿਚ ਤ੍ਰੈਗੁਣਾਤਮਕ ਮਾਇਆ ਨੂੰ ਪ੍ਰਬਲ ਸ਼ਕਤੀ ਮੰਨ ਕੇ ਇਸ ਦੇ ਪੰਜ ਤੱਤਾਂ ਦੇ ਸੁਮੇਲ ਨਾਲ ਪ੍ਰਭੂ ਦੁਆਰਾ ਇਸ ਸ੍ਰਿਸ਼ਟੀ ਨੂੰ ਅਸਤਿੱਤਵ ਵਿਚ ਲਿਆਂਦਾ ਸਵੀਕਾਰਿਆ ਗਿਆ ਹੈ। ਗੁਰੂ ਜੀ ਅਨੁਸਾਰ ਜਗਤ ਸਤਿ ਅਤੇ ਅਸਤਿ ਦੋਨੋਂ ਹੈ। ਇਹ ਜਗਤ ਸਤਿ-ਸਰੂਪ ਪ੍ਰਭੂ ਦੀ ਰਚਨਾ ਹੈ ਕਿਉਂ ਕਿ ਇਸ ਵਿਚ ਉਸ ਦਾ ਨੂਰ ਸਮਾਇਆ ਹੋਇਆ ਹੈ। ਉਹ ਏਕ ਤੋਂ ਅਨੇਕ ਹੋ ਕੇ ਇਸ ਵਿਚ ਪਸਰਿਆ ਹੋਇਆ ਹੈ। ਕਾਰਨ-ਕਾਰਜ ਅਭਿੰਨ ਹੋਣ ਕਰਕੇ ਇਹ ਜਗਤ ਸਤਿ-ਸਰੂਪ ਹੈ। ਪਰ ਇਹ ਪਰਮਾਰਥਕ ਸਤਿ ਨਹੀਂ, ਪਰਮਾਰਥਕ ਸਤਿ ਤਾਂ ਕੇਵਲ ਪਰਮਾਤਮਾ ਹੈ। ਮਾਇਆ ਅਤੇ ਅਵਿਦਿਆ - ਵੱਸ ਜੀਵ ਇਸ ਵਿਵਹਾਰਕ ਜਗਤ ਨੂੰ ਸਤਿ ਸਮਝ ਬੈਠਦਾ ਹੈ ਅਤੇ ਇਸ ਜਗਤ ਨਾਲ ਮੋਹ ਪਾ ਕੇ, ਵਿਸ਼ੇ-ਵਿਕਾਰਾਂ ਦੇ ਪ੍ਰਭਾਵ ਅਧੀਨ ਦੁੱਖ-ਸੁੱਖ ਦਾ ਸਾਹਮਣਾ ਕਰਦਾ ਜੰਮਣ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਪਰ ਜਦੋਂ ਇਸ ਜਗਤ ਦੀ ਸਿਰਜਣਾ ਕਰਨ ਵਾਲੇ ਪਰਮਾਰਥਕ ਸਤਿ ਦੀ ਉਸ ਨੂੰ ਸੋਝੀ ਹੁੰਦੀ ਹੈ ਤਾਂ ਪ੍ਰਭੂ- ਨਾਮ ਦੇ ਸਿਮਰਨ ਨਾਲ ਜੁੜ ਕੇ ਉਹ ਉਸ ਪਰਮਸਤਿ ਵਿਚ ਜਾ ਸਮਾਉਂਦਾ ਹੈ ।

## ਟਿੱਪਣੀਆਂ ਤੇ ਹਵਾਲੇ

### ਜੀਵ ਦਾ ਸੰਕਲਪ

1. ਰਿਗਵੇਦ, 1/164/20.
2. ਛਾਂਦੋਗਯ ਉਪਨਿਸ਼ਦ, 6/11/1.
3. ਏਤਰੇਅ ਉਪਨਿਸ਼ਦ, 1/3/13.
4. ਬ੍ਰਿਹਦਾਰਣਯਕ ਉਪਨਿਸ਼ਦ, 4/3/8.
5. ਕਠਉਪਨਿਸ਼ਦ, ਸ਼ੰਕਰ ਭਾਸ਼, ਪੰਨਾ- 130—33.
6. ਛਾਂਦੋਗਯ ਉਪਨਿਸ਼ਦ, 6/3/2.
7. ਸ੍ਰੀਮਦ ਭਗਵਦ ਗੀਤਾ, 15/7.

8 ਤੋਂ 11. -ਉਹੀ-, 10/20,2/25,13/31, 2/22.

12 ਤੋਂ 14. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 82,94,110.

15 ਤੇ 16. ਡਾ. ਪਵਨ ਕੁਮਾਰ ਜੈਨ, ਗੁਰੂ ਰਵਿਦਾਸ ਜੀਵਨ ਤੇ ਰਚਨਾ(ਸੰਪਾ. ਡਾ. ਸਿੰਗਲ) ਪੰਨਾ- 30,30.

17 ਤੋਂ 19. ਡਾ. ਅੰਬੇਡਕਰ, ਦੀ ਬੁੱਧਾ ਐਂਡ ਹਿਜ਼ ਧੰਮ,ਖੰਡ 11ਵਾਂ,ਛੇਵਾਂ ਕਾਂਡ, ਪੰਨਾ-512, ਤੀਸਰਾ ਕਾਂਡ,ਪੰਨਾ-262, ਤੀਸਰਾ ਕਾਂਡ, ਪੰਨਾ-259.

20. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 184.

21. ਤਦਾਦ੍ਰਸ਼ਟੁ: ਸਵਰੂਪੇ ਵਸਥਾਨਮ ।- ਪਾਤੰਜਲੀ ਯੋਗ ਦਰਸ਼ਨ ਸੂਤ੍ਰ, 1/3.

23 ਤੋਂ 26. ਬ੍ਰਹਮਸੂਤਰ, ਸ਼ੰਕਰ ਭਾਸ਼, 2/3/50,2/3/43,1/3/19,3/2/26.

27. ਸ੍ਰੀ ਭਾਸ਼ਯ, 2/1.

28. ਟੀ.ਐਮ.ਪੀ. ਮਹਾਦੇਵਨ, ਟੈਨ ਸੇਂਟਸ ਆਫ ਇੰਡੀਆ, ਪੰਨਾ- 161.

29 ਤੋਂ 31. ਡਾ. ਪੀਤਾਂਬਰ ਦੱਤ ਬੜਥਵਾਲ(ਸੰਪਾ.) ਗੋਰਖਬਾਨੀ, ਪੰਨਾ-73,191,225.

32. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤ੍ਵ,ਕ੍ਰਿਤਿਤ੍ਵ ਔਰ ਚਿੰਤਨ, ਪੰਨਾ- 339.

33. ਮੀਰ ਵੱਲਿਉਦੀਨ, ਕਨਟੈਂਪਲੇਟਿਵ ਡਿਸਿਪਲਿਨ ਇਨ ਸੂਫੀਇਜ਼ਮ, ਪੰਨਾ- 141.

34. -ਉਹੀ-,ਪੰਨਾ- 1 41.

35. (ੳ) ਸਭ ਮੈਂਹਿ ਜੋਤ ਸਰੂਪ ਇਕ, ਕਾਹੇ ਕਹੂੰ ਅਨੇਕ ।

—ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 82(ਸਾਖੀ 99)

(ਅ) ਹੈ ਸਭ ਆਤਮ ਬ੍ਰਹਮ ਪਰਕਾਸ ਸਾਰੋ।

-ਉਹੀ-,ਪੰਨਾ- 32(ਪਦ 48)

36. (ੳ) ਪਹੁਪ ਮੱਧੇ ਜਸੈ ਵਾਸ ਬਸਤ ਹੈ, ਤਸੈ ਸਭ ਘਟ ਰਮਹਿ ਰਘੁਰਾਈ।

-ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 37(ਪਦ 66)

(ਅ) ਸਬ ਘਟਿ ਅੰਤਰਿ ਰਮਸਿ ਨਿਰੰਤਰ ।

-ਉਹੀ-, ਪੰਨਾ- 53 (ਪਦ 119)

37. ਸਰਬੇ ਏਕ ਅਨੇਕੈ ਸੁਆਮੀ, ਸਭ ਘਟ ਭੋਗਵੈ ਸੋਈ।

-ਗੁਰੂ ਗ੍ਰੰਥ ਸਾਹਿਬ, ਪੰਨਾ- 658.

38. ਬ੍ਰਹਮ ਸੂਤਰ, ਸ਼ੰਕਰ ਭਾਸ਼, 2/3/17.

39 ਤੇ 40. ਗੁਰੂ ਗ੍ਰੰਥ ਸਾਹਿਬ, ਪੰਨਾ- 658, 1293.

41. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48)

42. ਗੁਰੂ ਗ੍ਰੰਥ ਸਾਹਿਬ, ਪੰਨਾ- 93.

43. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 33(ਪਦ 53)

44. ਗੁਰੂ ਗ੍ਰੰਥ ਸਾਹਿਬ, ਪੰਨਾ- 486.

45. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 65(ਪਦ 156)

46 ਤੋਂ 48. ਗੁਰੂ ਗ੍ਰੰਥ ਸਾਹਿਬ, ਪੰਨਾ- 486, 657, 793.

49. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 50(ਪਦ 107)

50 ਤੋਂ 57. ਗੁਰੂ ਗ੍ਰੰਥ ਸਾਹਿਬ, ਪੰਨਾ- 710, 710, 658, 486, 486, 710, 974, 710.

58 ਤੇ 59. ਸ੍ਰੀ ਮਦ ਭਗਵਦ ਗੀਤਾ, 9/8, 18/61.

60. ਬ੍ਰਹਮ ਸੂਤਰ, ਸ਼ੰਕਰ ਭਾਸ਼, 1/1/2.

61 ਤੋਂ 64. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-56(ਪਦ 126), 18(ਪਦ 4), 21(ਪਦ 14), ਪੰਨਾ-72(ਪਦ 182)

65. ਗੁਰੂ ਗ੍ਰੰਥ ਸਾਹਿਬ, ਪੰਨਾ- 792.

66. ਪ੍ਰਸ਼ਨ ਉਪਨਿਸ਼ਦ, 6/4.

67. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48)

68. -ਉਹੀ-, ਪੰਨਾ- 26(ਪਦ 27)

69. ਗੁਰੂ ਗ੍ਰੰਥ ਸਾਹਿਬ, ਪੰਨਾ- 710.

70 ਤੋਂ 73 ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-19(ਪਦ 7), 21(ਪਦ 11), 69(ਪਦ 169), ਪੰਨਾ 72 (ਪਦ 182)

74. ਡਾ. ਧਰਮਪਾਲ ਸਿੰਗਲ(ਸੰਪਾ.) ਗੁਰੂ ਰਵਿਦਾਸ ਵਾਣੀ ਵਿਚਾਰ, ਪੰਨਾ- 162.

75. ਗੁਰੂ ਗ੍ਰੰਥ ਸਾਹਿਬ, ਪੰਨਾ- 659.
76. ਕਠਉਪਨਿਸ਼ਦ, 1/3/3.
77. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-69(ਪਦ 169)
78. ਗੁਰੂ ਗ੍ਰੰਥ ਸਾਹਿਬ, ਪੰਨਾ- 1196.
79. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 34(ਪਦ 56)
80 ਤੋਂ 82. ਗੁਰੂ ਗ੍ਰੰਥ ਸਾਹਿਬ, ਪੰਨਾ- 487, 794, 659.
83. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-19(ਪਦ 3)
84 ਤੋਂ 90. ਗੁਰੂ ਗ੍ਰੰਥ ਸਾਹਿਬ, ਪੰਨਾ- 346, 973-74, 1196, 487, 487, 487, 486.
91 ਤੇ 92. ਬਾਣੀ ਸ੍ਰੀ ਗੁਰੂ ਰਵਿਦਾਸ, ਪੰਨਾ-24(ਪਦ 21), 27(ਪਦ 31)
93 ਤੋਂ 100. ਗੁਰੂ ਗ੍ਰੰਥ ਸਾਹਿਬ, ਪੰਨਾ- 858, 658, 658, 659, 346, 346, 659, 1196.
101. ਰਿਗਵੇਦ, 1/164/20.
102. ਸ਼ਵੇਤਾਸ਼ਵਤਰ ਉਪਨਿਸ਼ਦ, 4/6.
103 ਤੇ 104. ਗੁਰੂ ਗ੍ਰੰਥ ਸਾਹਿਬ, ਪੰਨਾ- 659, 659.
105 ਤੋਂ 109. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-34(ਪਦ 56), 52(ਪਦ 115), ਪੰਨਾ-71(ਪਦ 175), 73(ਸ਼ਬਦ 183), 74(ਸ਼ਬਦ 183)
110 ਤੇ 111. ਗੁਰੂ ਗ੍ਰੰਥ ਸਾਹਿਬ, ਪੰਨਾ- 486, 486.
112. ਸ੍ਰੀਮਦ ਭਗਵਦ ਗੀਤਾ, 2/22.
113. -ਉਹੀ-, 2/20.
114 ਤੋਂ 116. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 22(ਪਦ 15), 56(ਪਦ 125), 23(17).
117. ਗੁਰੂ ਗ੍ਰੰਥ ਸਾਹਿਬ, ਪੰਨਾ- 792.
118. ਤੈਤਿਰਯ ਉਪਨਿਸ਼ਦ, 3/4/1.
119 ਤੋਂ 121. ਗੁਰੂ ਗ੍ਰੰਥ ਸਾਹਿਬ, ਪੰਨਾ- 346, 346, 346, 710.
122. ਤੈਤਿਰਯ ਉਪਨਿਸ਼ਦ, 2/8.
123. ਬ੍ਰਿਹਦਾਰਣਯਕ ਉਪਨਿਸ਼ਦ, 4/3/9.
124 ਤੋਂ 125. ਸ੍ਰੀਮਦ ਭਗਵਦ ਗੀਤਾ, 15/12, 10/10.
126. ਡਾ. ਬੜਥਵਾਲ(ਸੰਪਾ.) ਗੋਰਖਬਾਣੀ, ਪੰਨਾ- 1.

127 ਤੇ 128. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-28(ਪਦ 34),32(ਪਦ 48)

129. ਗੁਰੂ ਗ੍ਰੰਥ ਸਾਹਿਬ, ਪੰਨਾ- 694.

130. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 26(ਪਦ 27)

131. ਕਠਉਪਨਿਸ਼ਦ, 1/3/3.

132. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 69(ਪਦ 169)

133. ਬ੍ਰਿਹਦਾਰਣਯਕ ਉਪਨਿਸ਼ਦ, 2/5/19,

134. -ਉਹੀ- 14/10.

135. ਛਾਂਦੋਗਯ ਉਪਨਿਸ਼ਦ, 6/11/1.

136 ਤੋਂ 141. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 22(ਪਦ 16),37(ਪਦ 64),
ਪੰਨਾ-18(ਪਦ 4), 32(48),53(119),64(151).

142. ਗੁਰੂ ਗ੍ਰੰਥ ਸਾਹਿਬ, ਪੰਨਾ- 657.

143. ਕੈਵਲਯ ਉਪਨਿਸ਼ਦ, 1/16.

144. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 18(ਪਦ 4)

144ੳ. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 34(ਪਦ 56)

145. ਸ਼ਵੇਤਾਸ਼ਵਤਰ ਉਪਨਿਸ਼ਦ, 3/18.

146 ਤੋਂ 147. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-72(ਪਦ 182), 32(ਪਦ 48).

148. ਡਾ. ਸੇਵਾ ਸਿੰਘ ਮੌਖਣੀ, ਨਾਨਕ ਪ੍ਰਕਾਸ਼ ਪਤ੍ਰਿਕਾ(ਖੋਜ ਨਿਬੰਧ),ਪੰਨਾ- 174.

149. ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ- 85.

150. ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ- 236-37.

151 ਤੋਂ 154. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-83(ਸਾਖੀ 123),83(ਸਾਖੀ 122),
ਪੰਨਾ- 83(ਸਾਖੀ 120),83(ਸਾਖੀ 124)

155. ਗੁਰੂ ਗ੍ਰੰਥ ਸਾਹਿਬ, ਪੰਨਾ- 346.

156. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-41(ਪਦ 78)

157. ਸ਼ਵੇਤਾਸ਼ਵਤਰ ਉਪਨਿਸ਼ਦ, 1/8.

158. -ਉਹੀ-, 5/12.

159 ਤੋਂ 161. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-18(ਪਦ 3), 19(ਪਦ 6),19(ਪਦ7)

162 ਤੇ 163. ਗੁਰੂ ਗ੍ਰੰਥ ਸਾਹਿਬ, ਪੰਨਾ- 658, 973.

164 ਤੇ 165. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 21(ਪਦ 11), 46(ਪਦ 95).

166. ਬ੍ਰਿਹਦਾਰਣਯਕ ਉਪਨਿਸ਼ਦ, 4/4/3.

167. ਮੇਰਾ ਕਰਮ ਕੁਟਿਲਤਾ ਜਨਮ ਕੁਭਾਂਤੀ'। – ਗੁਰੂ ਗ੍ਰੰਥ ਸਾਹਿਬ, ਪੰਨਾ- 345.

168 ਤੋਂ 175. ਗੁਰੂ ਗ੍ਰੰਥ ਸਾਹਿਬ, ਪੰਨਾ- 486, 710, 487, 875, 1196, 487, 525, 486.

176. ਪੀਰ ਦੇਖ ਅਸਾਧ ਜਾ ਮਹਿ ਤਾਕੀ ਕੇਤਕ ਆਸ ।

—ਗੁਰੂ ਗ੍ਰੰਥ ਸਾਹਿਬ, ਪੰਨਾ- 486.

177 ਤੋਂ 180. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 55(ਪਦ 125), 55(ਪਦ 125), ਪੰਨਾ- 56(ਪਦ 125), 56(ਪਦ 125)

## ਜਗਤ ਦਾ ਸੰਕਲਪ

1. ਡਾ. ਧਰਮਪਾਲ ਮੈਨੀ, ਭਗਤੀ ਕਾਵਿ ਅੰਕ, ਭਾਸ਼ਾ ਵਿਭਾਗ ਪੰਜਾਬ, ਪੰਨਾ- 4.
2. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 46.
3. ਜਗਦੀਸ਼ ਚੰਦਰ ਜੈਨ, ਭਾਰਤੀਤਤ੍ਵ ਚਿੰਤਨ, ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ-ਦਿਸੰਬਰ, 1982, ਪੰਨਾ- 82 ਤੋਂ ਉਧ੍ਰਿਤ ।
4. ਪ੍ਰਸ਼ਨ ਉਪਨਿਸ਼ਦ, 5/4.
5. ਤੈਤਿਰਯ ਉਪਨਿਸ਼ਦ, 2/6/1.
6. ਮੁੰਡਕ ਉਪਨਿਸ਼ਦ, 2/1/1.
7. ਛਾਂਦੋਗਯ ਉਪਨਿਸ਼ਦ, 3/14/1.
8. ਬ੍ਰਿਹਦਾਰਣਯਕ ਉਪਨਿਸ਼ਦ, 14/1.

9. ਤੋਂ 13. ਸ੍ਰੀਮਦ ਭਗਵਦ ਗੀਤਾ, 9/8, 7/6-7, 7/6, 7/7, 9/8.

14 ਤੋਂ 16. ਸਾਂਖ ਕਾਰਿਕਾ, ਗੌੜਪਾਦ ਭਾਸ਼, 64.

17. ਬਾਲ ਗੰਗਾਧਰ ਤਿਲਕ, ਗੀਤਾ ਰਹਸਯ, ਪੰਨਾ- 164.

18. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 224.
19. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 203.
20. ਡਾ. ਸਤੀਸ਼ ਚੰਦਰ ਚਟੋਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 20.
21. ਇੰਦਰ ਰਾਜ ਸਿੰਘ, ਸੰਤ ਰਵਿਦਾਸ, ਪੰਨਾ- 26.
22. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 87.
23 ਤੋਂ 27. ਬ੍ਰਹਮ ਸੂਤਰ, ਸ਼ੰਕਰ ਭਾਸ਼, 1/1/2, 1/1/2, 1/4/23, 1/1/2, 3/2/28.
28. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 418.
29. ਡਾ. ਮਨਮੋਹਨ ਸਿੰਘ, ਖੋਜ ਪਤ੍ਰਿਕਾ, ਪੰਨਾ- 43.
30. ਡਾ. ਪੀਤਾਂਬਰ ਦੱਤ ਬੜਥਵਾਲ(ਸੰਪਾ.) ਗੋਰਖ ਬਾਨੀ, ਪੰਨਾ- 159.
31. ਛਾਂਦੋਗਯ ਉਪਨਿਸ਼ਦ, 2/23/3.
32. ਮਾਂਡੂਕਯ ਉਪਨਿਸ਼ਦ, ਮੰਤ੍ਰ 1.
33. ਸੰਤ ਜਗਬੀਰ ਸਿੰਘ, ਰਵਿਦਾਸ ਮਹਾਤਮ, ਪੰਨਾ- 5.
34 ਤੋਂ 37. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-81(ਪਦ 93), 53(ਪਦ 119), 32(ਪਦ 48), 72(ਪਦ 182).
38. ਤੈਤਿਰਯ ਉਪਨਿਸ਼ਦ, 6/1.
39. ਛਾਂਦੋਗਯ ਉਪਨਿਸ਼ਦ, 3/14/1.
40 ਤੋਂ 42. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 31(ਪਦ 46),56(126),78(ਸਾਖੀ 54)
43. ਸਾਂਖ ਕਾਰਿਕਾ, 64.
44. ਸ੍ਰੀਮਦ ਭਗਵਦ ਗੀਤਾ, 15/12.
45. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 81(ਪਦ 94)
46. ਨਾਮ ਤੇਰੇ ਕੀ ਜੋਤਿ ਲਗਾਈ,ਭਇਓ ਉਜਿਆਰੋ ਭਵਨ ਸਗਲਾਰੇ।
—ਗੁਰੂ ਗ੍ਰੰਥ ਸਾਹਿਬ, ਪੰਨਾ- 694.
47. ਤੋਂ 51. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 32(ਪਦ 48), 28(ਪਦ 34), ਪੰਨਾ- 95(ਪਦ 5), 95(14),95(13).

52. ਰਿਗਵੇਦ, 3/37/3.

53. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-96(ਪਦ 16)

54. ਤੈਤਿਰਯ ਉਪਨਿਸ਼ਦ, 2/1.

55. ਤੇ 56. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 72(ਪਦ 182), 21(ਪਦ 14).

57. ਡਾ. ਮਨਮੋਹਨ ਸਿੰਘ, ਖੋਜ ਪਤ੍ਰਿਕਾ, ਪੰਨਾ- 42.

58. ਸ੍ਰੀਮਦ ਭਗਵਦ ਗੀਤਾ, ਪੰਨਾ- 41.

59 ਤੋਂ 61. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 21(ਪਦ 14), 35(ਪਦ 57),
ਪੰਨਾ- 59(ਪਦ 136).

62. ਸ਼ਵੇਤਾਸ਼ਵਤਰ ਉਪਨਿਸ਼ਦ, 4/9.

63. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 59(ਪਦ 136)

64. ਡਾ. ਬੜਥਵਾਲ(ਸੰਪਾ.) ਗੋਰਖਬਾਣੀ, ਪੰਨਾ- 73.

65. ਤੇ 66. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 56(ਪਦ 126),32(ਪਦ 48)

67. ਗੁਰੂ ਗ੍ਰੰਥ ਸਾਹਿਬ, ਪੰਨਾ- 1293.

68 ਤੇ 69. ਸ੍ਰੀਮਦ ਭਗਵਦ ਗੀਤਾ, 9/8, 7/6-7.

70. ਗੁਰੂ ਗ੍ਰੰਥ ਸਾਹਿਬ, ਪੰਨਾ- 1293.

71 ਤੋਂ 73. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 53(ਪਦ 119),72( ਪਦ 182) ,
ਪੰਨਾ- 28(ਪਦ 34).

74 ਤੋਂ 77. ਗੁਰੂ ਗ੍ਰੰਥ ਸਾਹਿਬ, ਪੰਨਾ- 657, 793,346,792.

78. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 19(ਪਦ 7)

79 ਤੇ 80. ਗੁਰੂ ਗ੍ਰੰਥ ਸਾਹਿਬ, ਪੰਨਾ- 659, 794.

81 ਤੋਂ 87. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 26(ਪਦ 27), 33(ਪਦ 52),
ਪੰਨਾ- 48 (ਪਦ 101),71(ਪਦ 177), 75(ਸਾਖੀ 11), 76(ਸਾਖੀ 20),
64(ਪਦ 150.

88. ਗੁਰੂ ਗ੍ਰੰਥ ਸਾਹਿਬ, ਪੰਨਾ- 792.

89 ਤੇ 90. -ਉਹੀ-, ਪੰਨਾ- 793, 794.

91 ਤੇ 92. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 37(ਪਦ 66), 78(ਸਾਖੀ 42).

93. ਗੁਰੂ ਗ੍ਰੰਥ ਸਾਹਿਬ, ਪੰਨਾ- 710.

94. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 51(ਪਦ 110)

95.ਤੇ 96. ਗੁਰੂ ਗ੍ਰੰਥ ਸਾਹਿਬ, ਪੰਨਾ- 486, 793.

97 ਤੋਂ 100. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 64(ਪਦ 150), 30(ਪਦ 41) , ਪੰਨਾ- 54(ਪਦ 121), 30(ਪਦ 41).

101. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 91.

102. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 22(ਪਦ 16).

103. ਗੁਰੂ ਗ੍ਰੰਥ ਸਾਹਿਬ, ਪੰਨਾ- 487.

104 ਤੇ 105. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 26(ਪਦ 27),50(ਪਦ 107).

106. ਗੁਰੂ ਗ੍ਰੰਥ ਸਾਹਿਬ, ਪੰਨਾ- 346.

107. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 75(ਸਾਖੀ 11) .

# ਅਧਿਆਇ ਪੰਜਵਾਂ

## ਗੁਰੂ ਰਵਿਦਾਸ ਵਾਣੀ ਵਿੱਚ ਮਾਇਆ , ਮੁਕਤੀ ਦਾ ਸੰਕਲਪ

5.1. ਮਾਇਆ ਦਾ ਸੰਕਲਪ

ਭਾਰਤੀ ਦਰਸ਼ਨ ਵਿਚ ਸ਼ਾਸਤਰੀ ਵਿਧੀ ਅਨੁਸਾਰ ਬੇਸ਼ੱਕ ਮਾਇਆ ਸਿਧਾਂਤ ਦਾ ਵਿਵੇਚਨ ਆਚਾਰੀਆ ਸ਼ੰਕਰ ਨੇ ਕੀਤਾ, ਪਰੰਤੂ ਵੈਦਿਕ ਕਾਲ ਤੋਂ ਹੀ ਮਾਇਆ ਧਾਰਨਾ ਭਾਰਤੀ ਦਰਸ਼ਨ-ਸਾਹਿਤ ਦਾ ਇਕ ਮਹੱਤਵ ਪੂਰਨ ਅੰਗ ਰਹੀ ਹੈ। ਰਿਗਵੇਦ ਵਿਚ ਮਾਇਆ ਦਾ ਬੀਜ ਰੂਪ ਵਰਣਨ ਮਿਲਦਾ ਹੈ, "ਇੰਦਰੋ ਮਾਇਆ ਭਿਆ ਪੁਰਸ਼ਈਯ ਤੇ"[1] ਅਰਥਾਤ ਇੰਦਰ ਆਪਣੀ ਮਾਇਆ ਸ਼ਕਤੀ ਨਾਲ ਅਨੇਕ ਪ੍ਰਕਾਰ ਦੇ ਰੂਪ ਧਾਰਨ ਕਰ ਲੈਂਦਾ ਹੈ। ਵੇਦਾਂ ਵਿਚ ਰੂਪ ਪਰਿਵਰਤਨ ਦੀ ਕਿਰਿਆ ਨੂੰ ਮਾਇਆ ਕਿਹਾ ਗਿਆ ਹੈ। ਇਸ ਪ੍ਰਕਾਰ ਵੇਦਾਂ ਵਿਚ ਮਾਇਆ ਇਕ ਦੈਵੀ ਸ਼ਕਤੀ, ਅਦਭੁੱਤ ਸ਼ਕਤੀ, ਨਿਰਮਾਣ ਸ਼ਕਤੀ ਅਤੇ ਅਨਿਰਵਚਨੀਯ ਸ਼ਕਤੀ ਆਦਿ ਦੇ ਅਰਥਾਂ ਵਿਚ ਰੂਪਮਾਨ ਹੋਈ ਹੈ ।

ਵੈਦਿਕ ਯੁੱਗ ਤੋਂ ਆਧੁਨਿਕ ਕਾਲ ਤਕ ਸਮੇਂ-ਸਮੇਂ ਮਾਇਆ ਦੇ ਅਰਥ ਬਦਲਦੇ ਰਹੇ ਹਨ। ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ ਅਨੁਸਾਰ, "ਮਾਇਆ ਧਾਰਨਾ ਨੂੰ ਇਕ ਸਿਧਾਂਤਕ ਵਿਚਾਰਧਾਰਾ ਦੇ ਰੂਪ ਵਿਚ ਆਰੰਭ ਕਰਨ ਦਾ ਸਿਹਰਾ, ਸ਼ੰਕਰਾ-ਚਾਰੀਆ ਦੇ ਸਿਰ ਹੈ। ਉਸ ਦੇ ਸਮੇਂ ਤੋਂ ਹੀ ਇਸ ਸਿਧਾਂਤ ਬਾਰੇ ਵਾਦ-ਵਿਵਾਦ ਹੁੰਦਾ ਰਿਹਾ ਹੈ। ਅਜੋਕੇ ਸਮੇਂ ਵਿਚ ਵੀ ਇਸ ਸਿਧਾਂਤ ਨੇ ਉਘੇ ਭਾਰਤੀ ਚਿੰਤਕਾਂ ਨੂੰ ਆਕਰਸ਼ਿਤ ਕੀਤਾ ਹੈ।"[2] ਡਾ. ਰਾਧਾ ਕ੍ਰਿਸ਼ਨਨ ਅਨੁਸਾਰ, "ਮਾਇਆ ਸ਼ਬਦ ਮਾਂ ਧਾਤੂ ਤੋਂ ਆਇਆ ਹੈ ਜਿਸ ਦਾ ਭਾਵ ਹੈ ਸਿਰਜਨ ਸ਼ਕਤੀ।"[3]

ਵੇਦਾਂ ਤੋਂ ਬਾਅਦ ਉਪਨਿਸ਼ਦਾਂ ਵਿਚ ਮਾਇਆ ਦਾ ਵਿਸਤ੍ਰਿਤ ਉਲੇਖ ਆਇਆ ਹੈ। ਸਵੇਤਾਸ਼ਵਤਰ ਉਪਨਿਸ਼ਦ[4] ਵਿਚ ਵਰਣਿਤ ਹੈ ਕਿ ਮਾਇਆ ਅਧੀਨ ਲਿਖਿਆ ਹੈ ਕਿ ਸਾਰੇ ਜਗਤ ਨੂੰ ਮਾਇਆ ਦਾ ਸੁਆਮੀ ਪਰਮਾਤਮਾ ਪੰਜ ਭੂਤਾਂ ਤੋਂ ਸਿਰਜਦਾ ਹੈ ਅਤੇ ਜੀਵਾਤਮਾ ਉਸ ਪ੍ਰਪੰਚ ਵਿਚ ਮਾਇਆ ਦੁਆਰਾ ਪੂਰੀ ਤਰ੍ਹਾਂ ਬੰਧਨ-ਯੁਕਤ ਹੈ।[5] ਕਠਉਪਨਿਸ਼ਦ ਅਨੁਸਾਰ, "ਆਤਮ-ਸਰੂਪ ਪਰਮ ਪੁਰਸ਼ ਸਾਰੇ ਪ੍ਰਾਣੀਆਂ ਵਿਚ ਰਹਿੰਦੇ ਹੋਇਆਂ ਵੀ ਮਾਇਆ ਦੇ ਪਰਦੇ ਵਿਚ ਛੁਪਿਆ ਹੋਣ ਕਾਰਨ ਪ੍ਰਤੱਖ ਰੂਪ ਵਿਚ ਸਾਰਿਆਂ ਨੂੰ ਦਿਖਾਈ ਨਹੀਂ ਦਿੰਦਾ।"[6]

ਗੀਤਾ ਵਿਚ ਮਾਇਆ ਨੂੰ ਪ੍ਰਕ੍ਰਿਤੀ, ਅਵਿਦਿਆ ਅਤੇ ਭਰਮ ਰੂਪ ਵਿਚ ਦਰਸਾਇਆ ਗਿਆ ਹੈ। ਸ੍ਰੀ ਕ੍ਰਿਸ਼ਨ ਦਾ ਫੁਰਮਾਨ ਹੈ ਕਿ ਇਹ ਤ੍ਰੈਗੁਣਾਤਮਕ ਪ੍ਰਕ੍ਰਿਤੀ ਮੇਰੀ ਯੋਗ ਮਾਇਆ ਬੜੀ ਵਿਕਟ ਹੈ, ਪਰ ਜੋ ਪੁਰਸ਼ ਨਿਰੰਤਰ ਮੈਨੂੰ ਹੀ ਭਜਦੇ ਹਨ, ਉਹ

ਇਸ ਮਾਇਆ ਨੂੰ ਤਰ ਜਾਂਦੇ ਹਨ ਅਰਥਾਤ ਸੰਸਾਰ ਤੋਂ ਪਾਰ ਹੋ ਜਾਂਦੇ ਹਨ।[7] ਮੈਂ ਆਪਣੀ ਯੋਗ ਮਾਇਆ ਦੁਆਰਾ ਢੱਕਿਆ ਹੋਇਆ ਹਾਂ, ਇਸ ਲਈ ਤੁੱਛ ਬੁੱਧੀ ਵਾਲੇ ਲੋਕ ਮੈਨੂੰ ਨਹੀਂ ਪਛਾਣਦੇ।[8] ਡਾ. ਮਨਮੋਹਨ ਸਿੰਘ ਦਾ ਮੱਤ ਹੈ ਕਿ ਗੀਤਾ ਵਿਚ ਬ੍ਰਹਮ ਦਾ ਵਿਅਕਤ ਸਰੂਪ ਮਾਇਕ ਹੈ, ਪਰ ਇਸ ਤੋਂ ਪਰੇ ਦਾ ਅਵਿਅਕਤ ਸਰੂਪ ਅਰਥਾਤ ਇੰਦਰੀਆਂ ਦੁਆਰਾ ਅਗੋਚਰ ਸਰੂਪ ਹੀ ਬ੍ਰਹਮ ਦਾ ਯਥਾਰਥ ਸਰੂਪ ਹੈ।[9] ਗੀਤਾ ਅਨੁਸਾਰ ਤਿੰਨ ਗੁਣਾ ਤਮੋ, ਸਤੋ, ਰਜੋ, ਰਾਗ, ਦਵੈਸ਼ ਆਦਿ ਵਿਕਾਰਾਂ ਅਤੇ ਸੰਪੂਰਨ ਵਿਸ਼ੇ-ਵਿਕਾਰਾਂ ਤੇ ਇਹ ਸਾਰਾ ਸੰਸਾਰ ਮੋਹਿਤ ਹੋਇਆ ਇਨ੍ਹਾਂ ਤੋਂ ਪਰੇ ਨਿਰਗੁਣ ਤੱਤ ਨੂੰ ਨਹੀਂ ਪਛਾਣਦਾ। ਪਰੰਤੂ ਜੋ ਪਰਮਾਤਮਾ ਨੂੰ ਯਾਦ ਕਰਦੇ ਹਨ ਉਹ ਮਾਇਆ ਤੋਂ ਦੂਰ ਰਹਿ ਕੇ ਇਸ ਸੰਸਾਰ ਤੋਂ ਪਾਰ ਹੋ ਜਾਂਦੇ ਹਨ।[10] ਇਸ ਪ੍ਰਕਾਰ ਗੀਤਾ ਵਿਚ ਮਾਇਆ ਭਰਮ, ਅਵਿਦਿਆ ਅਤੇ ਮੋਹਿਨੀ ਰੂਪ ਹੈ ਜੋ ਜੀਵ ਨੂੰ ਵਿਸ਼ੇ-ਵਿਕਾਰਾਂ ਵਿਚ ਫਸਾ ਕੇ ਉਸ ਦੇ ਗਿਆਨ ਨੂੰ ਨਸ਼ਟ ਕਰ ਦਿੰਦੀ ਹੈ।

ਜੈਨ ਦਰਸ਼ਨ ਵਿਚ ਕ੍ਰੋਧ, ਮੋਹ, ਲੋਭ ਅਤੇ ਹੰਕਾਰ ਆਦਿ ਮਾਇਆ ਦੀ ਪੈਦਾਵਾਰ ਦਰਸਾਏ ਗਏ ਹਨ। ਡਾ. ਪਵਨ ਕੁਮਾਰ ਜੈਨ ਅਨੁਸਾਰ, "ਇਨ੍ਹਾਂ ਵਿਚ ਉਲਝਣ ਨਾਲ ਜੀਵ ਨੀਚ ਗਤੀ ਪ੍ਰਾਪਤ ਕਰਦਾ ਹੈ। ਮਾਇਆ ਕਾਰਨ ਜੀਵ ਸੈਂਕੜੇ ਜਨਮਾਂ ਵਿਚ ਬਹੁਤ ਵਾਰੀ ਬੰਧਨਾਂ ਦਾ ਸ਼ਿਕਾਰ ਹੁੰਦਾ ਹੈ।[11] ਮਾਇਆ ਲੋਕ ਅਤੇ ਪਰਲੋਕ ਦੋਹਾਂ ਨੂੰ ਵਿਗਾੜਣ ਵਾਲੀ ਹੈ। ਇਸ ਲਈ ਇਸ ਦਾ ਤਿਆਗ ਕਰ ਦੇਣਾ ਚਾਹੀਦਾ ਹੈ।[12]

ਸ਼ੰਕਰ ਦੇ ਅਦ੍ਵੈਤ-ਵੇਦਾਂਤ ਵਿਚ ਮਾਇਆ ਨੂੰ ਪਰਮਾਤਮਾ ਦੀ ਸ਼ਕਤੀ ਦਾ ਰੂਪ ਮੰਨਿਆ ਗਿਆ ਹੈ। ਮਾਇਆ-ਸ਼ਕਤੀ ਕਾਰਨ ਹੀ ਬ੍ਰਹਮ ਜਗਤ ਦਾ ਕਾਰਨ ਬਣਦਾ ਹੈ। ਸ਼ੰਕਰ ਨੇ ਮਾਇਆ ਨੂੰ ਭਰਮ-ਰੂਪ ਮੰਨਿਆ ਹੈ।[13] ਇਹ ਸੰਪੂਰਨ ਜਗਤ ਦਾ ਮੂਲ ਕਾਰਨ ਹੈ, ਇਹ ਨਾ ਸਤਿ ਹੈ, ਨਾ ਅਸਤਿ, ਅਨਿਰਵਚਨੀਯ ਹੈ, ਮਿਥਿਆ ਹੈ। "ਅ-ਵਸਤੂ ਵਿਚ ਵਸਤੂ ਦਾ ਆਰੋਪ ਹੋਣਾ ਮਿਥਿਆ ਗਿਆਨ ਹੈ। ਸਰੀਰ ਨੂੰ ਆਤਮਾ ਸਮਝ ਲੈਣਾ, ਇੰਦਰੀਆਂ ਨੂੰ ਆਤਮਾ ਮੰਨ ਲੈਣਾ, ਰੱਸੀ ਨੂੰ ਅੰਧਕਾਰ ਵਿਚ ਸੱਪ ਸਮਝਣਾ ਆਦਿ ਮਿਥਿਆ ਗਿਆਨ ਅਥਵਾ ਭਰਮ ਹੈ।"[14] ਅਗਨੀ ਅਤੇ ਉਸ ਦੀ ਤਪਸ਼ ਵਾਂਗ ਬ੍ਰਹਮ ਅਤੇ ਮਾਇਆ ਅਭਿੰਨ ਹਨ। ਮਾਇਆ ਸ਼ਕਤੀ ਦੋ ਪ੍ਰਕਾਰ ਦੀ ਹੈ:

(ੳ) ਆਵਰਨ ਸ਼ਕਤੀ (ਅ) ਵਿਖੇਪ ਸ਼ਕਤੀ

ਕਰਨ ਵਾਲੀ ਮਾਇਆ-ਸ਼ਕਤੀ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਉਤਪੰਨ ਕੀਤਾ। ਇਸ ਪ੍ਰਕਾਰ ਨਾਥ ਮੱਤ ਵਿਚ ਮਾਇਆ ਚੇਤਨ ਬ੍ਰਹਮ ਦੀ ਅੰਸ਼ ਹੋਣ ਕਰਕੇ ਆਪ ਵੀ ਚੇਤਨ ਅਤੇ ਬ੍ਰਹਮ ਅਧੀਨ ਸ਼ਕਤੀ ਹੈ।

ਸੂਫ਼ੀ ਦਰਸ਼ਨ ਅਨੁਸਾਰ ਸ਼ੈਤਾਨ ਮਾਇਆ ਦਾ ਰੂਪ ਹੈ ਜੋ ਮਨੁੱਖ ਵਿਚ ਨਫ਼ਸ ਦੀਆਂ ਕਮਜ਼ੋਰੀਆਂ ਪੈਦਾ ਕਰਕੇ ਉਸ ਨੂੰ ਅੱਲ੍ਹਾ ਤੋਂ ਦੂਰ ਕਰਦਾ ਹੈ। 'ਸੂਫ਼ੀਆਂ' ਦੇ ਵਿਚਾਰ ਅਨੁਸਾਰ ਨਫ਼ਸ ਕਾਮਨਾਵਾਂ ਅਤੇ ਮਨੋਵੇਗਾਂ ਦੀ ਕੇਂਦਰ ਵਿਕਾਸੀ ਰੂਹ ਹੈ।*[16] ਨਿਕਲਸਨ ਅਨੁਸਾਰ ਨਫ਼ਸ ਦਾ ਭਾਵ ਭੁੱਖਾ, ਕਾਮੁਕ ਅਤੇ ਪੂਰਨ ਰੂਪ ਵਿਚ ਦੁਸ਼ਟ ਆਪਾ ਹੈ, ਜਿਸ ਦਾ ਸੰਯੋਗ ਰੱਬ ਨਾਲ ਨਹੀਂ ਹੋ ਸਕਦਾ।[17] ਸੂਫ਼ੀਆਂ ਅਨੁਸਾਰ ਸ਼ੈਤਾਨੀ ਗੁਣ ਮਨੁੱਖੀ ਮਨ ਵਿਚ ਸੰਸਾਰ ਦੇ ਮੋਹ, ਦੁੱਖ, ਚਿੰਤਾਵਾਂ, ਵਿਸ਼ੇ-ਭੋਗ ਅਤੇ ਹਉਮੈ ਦੀ ਭਾਵਨਾ ਪੈਦਾ ਕਰਦੇ ਹਨ ।

ਉਪਰੋਕਤ ਵਿਵੇਚਨ ਦੇ ਫਲ-ਰੂਪ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਮਾਇਆ ਦੀ ਕੋਈ ਇਕ ਪਰਿਭਾਸ਼ਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਕਿਤੇ ਇਹ ਬ੍ਰਹਮ-ਰੂਪ ਸ਼ਕਤੀ ਹੈ ਜੋ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ, ਕਿਤੇ ਬ੍ਰਹਮ-ਅਧੀਨ ਸ਼ਕਤੀ ਹੈ ਜੋ ਸ੍ਰਿਸ਼ਟੀ-ਨਿਰਮਾਣ ਵਿਚ ਪਰਮਾਤਮਾ ਦੀ ਸਹਾਇਤਾ ਕਰਦੀ ਹੈ ਅਤੇ ਕਿਤੇ ਇਹ ਤ੍ਰੈਗੁਣਾਤਮਕ ਪ੍ਰਕ੍ਰਿਤੀ, ਅਵਿਦਿਆ, ਭਰਮ ਅਤੇ ਸ਼ੈਤਾਨ ਰੂਪ ਹੈ। ਪੱਛਮੀ ਵਿਦਵਾਨ ਮੋਨੀਅਰ ਵਿਲੀਅਮ ਨੇ ਮਾਇਆ ਨੂੰ ਕਪਟੀ, ਝੂਠੀ, ਛਲੀਆ, ਪ੍ਰਪੰਚ, ਧੋਖੇਬਾਜ਼, ਜਾਦੂ-ਸ਼ਕਤੀ, ਵਿਚਿੱਤਰ ਸੁਭਾਅ ਵਾਲੀ ਅਤੇ ਭਰਮ-ਰੂਪ ਮੰਨਿਆ ਹੈ।[18] ਨਾਲੰਦਾ ਹਿੰਦੀ ਸ਼ਬਦ ਕੋਸ਼ ਵਿਚ ਮਾਇਆ ਲਈ ਕਪਟ, ਭਰਮ, ਮੋਹ, ਲਕਸ਼ਮੀ, ਪ੍ਰਕ੍ਰਿਤੀ, ਜਾਦੂ ਸ਼ਕਤੀ, ਮਮਤਾ, ਅਗਿਆਨਤਾ, ਕਲਪਿਤ ਆਦਿ ਸ਼ਬਦ ਵਰਤੇ ਗਏ ਹਨ।[19] ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤ ਚਿੰਤਨ ਦੇ ਆਧਾਰ ਤੇ ਮਾਇਆ ਨੂੰ ਈਸ਼ਵਰ ਸ਼ਕਤੀ ਅਤੇ ਜਗਤ ਦਾ ਕਾਰਨ ਮੰਨਿਆ ਹੈ।[20]

## 51.2. ਗੁਰੂ ਰਵਿਦਾਸ ਵਾਣੀ ਵਿਚ ਮਾਇਆ-ਵਰਣਨ

ਗੁਰੂ ਰਵਿਦਾਸ ਵਾਣੀ ਵਿਚ ਮਾਇਆ ਨੂੰ ਬ੍ਰਹਮ ਅਧੀਨ ਸ਼ਕਤੀ ਮੰਨਿਆ ਗਿਆ ਹੈ। ਇਹ ਤ੍ਰੈਗੁਣਾਤਮਕ ਰਜ, ਤਮ, ਸਤ, ਯੁਕਤ ਹੈ, ਬ੍ਰਹਮ ਨੇ ਜਲ, ਵਾਯੂ, ਅਗਨੀ, ਪ੍ਰਿਥਵੀ ਅਤੇ ਆਕਾਸ਼ ਆਦਿ ਪੰਜ ਤੱਤਾਂ ਦੁਆਰਾ ਇਸ ਦੀ ਸਿਰਜਣਾ ਕੀਤੀ

ਆਵਰਨ ਸ਼ਕਤੀ ਦਾ ਅਰਥ ਹੈ ਪਰਦਾ, ਜਦੋਂ ਮਾਇਆ ਬ੍ਰਹਮ ਦੇ ਯਥਾਰਥ ਰੂਪ ਉਪਰ ਪਰਦਾ ਪਾ ਲੈਂਦੀ ਹੈ ਤਾਂ ਉਹ ਆਵਰਣ ਸ਼ਕਤੀ ਹੈ, ਉਸ ਸਮੇਂ ਇਹ ਸੰਸਾਰ ਦੇ ਰੂਪ ਵਿਚ ਦਿਖਾਈ ਦਿੰਦੀ ਹੈ। ਜਗਤ ਪ੍ਰਪੰਚ ਨੂੰ ਪੈਦਾ ਕਰਕੇ ਜੀਵ ਨੂੰ ਉਸ ਵਿਚ ਭਰਮਾਉਣ ਵਾਲੀ ਸ਼ਕਤੀ ਵਿਖੇਪ ਮਾਇਆ ਹੈ ।

ਸ਼ੰਕਰ ਨੇ ਜਗਤ ਦੀਆਂ ਦ੍ਰਿਸ਼ਟਮਾਨ ਸੱਚਾਈਆਂ ਨੂੰ ਮਾਇਆ ਦੀ ਉਪਜ ਮੰਨ ਕੇ ਇਹ ਮੱਤ ਪ੍ਰਸਤੁਤ ਕੀਤਾ ਹੈ ਕਿ ਇਹ ਦਿਸਦਾ ਪਾਸਾਰ ਕੇਵਲ ਇਕ ਧੋਖਾ, ਛਲ, ਕਪਟ ਅਤੇ ਮਾਇਆ ਹੈ।

ਵਿਸ਼ਿਸ਼ਟ ਅਦ੍ਵੈਤਵਾਦ ਵਿਚ ਮਾਇਆ ਨੂੰ ਸ਼ੰਕਰ ਆਚਾਰੀਆ ਵਾਂਗ ਇਕ ਸੁਤੰਤਰ ਹਸਤੀ ਨਹੀਂ ਸਵੀਕਾਰਿਆ ਗਿਆ। ਰਾਮਾਨੁਜ ਅਨੁਸਾਰ ਮਾਇਆ ਬ੍ਰਹਮ-ਸ਼ਕਤੀ ਨਹੀਂ, ਬਲਕਿ ਬ੍ਰਹਮ ਅਧੀਨ ਸ਼ਕਤੀ ਹੈ, ਜੀਵ ਅਤੇ ਜਗਤ ਵੀ ਬ੍ਰਹਮ ਦੇ ਅਧੀਨ ਹਨ। ਇਹ ਜਗਤ ਅਸਲੋਂ ਹੀ ਕੂੜ ਜਾਂ ਭਰਮ ਨਹੀਂ, ਇਹ ਸੀਮਤ ਸੱਚ ਹੈ ਕਿਉਂ ਕਿ ਇਸ ਨੂੰ ਪਰਮਸਤਿ ਨੇ ਪੈਦਾ ਕੀਤਾ ਹੈ। ਪਰਮਸਤਿ ਤੋਂ ਅਸਤਿ ਉਪਜਣਾ ਸੰਭਵ ਨਹੀਂ ਹੈ। ਇਹ ਜਗਤ ਉਸ ਵੇਲੇ ਜ਼ਰੂਰ ਮਿਥਿਆ ਜਾਂ ਮਾਇਆ ਹੈ ਜਦੋਂ ਮਨੁੱਖ ਅਵਿਦਿਆ-ਵੱਸ ਇਸ ਜਗਤ ਦੀਆਂ ਸੱਚਾਈਆਂ ਵਿਚ ਜਕੜਿਆ ਹੋਇਆ ਇਨ੍ਹਾਂ ਨੂੰ ਹੀ ਅੰਤਮ ਨਕਸ਼ ਸਮਝ ਕੇ ਹਉਮੈ ਅਥਵਾ ਮੈਂ, ਮੇਰੀ ਦੀ ਭਾਵਨਾ ਵਿਚ ਫਸ ਜਾਂਦਾ ਹੈ। ਡਾ. ਚਟੋਪਾਧਿਆਇ ਦਾ ਮੱਤ ਹੈ ਕਿ ਵਿਸ਼ਿਸ਼ਟ ਅਦ੍ਵੈਤਵਾਦੀ ਚਿੰਤਨ ਅਨੁਸਾਰ ਮਾਇਆ ਈਸ਼ਵਰ ਦੀ ਸ੍ਰਿਸ਼ਟੀ-ਰਚਨਾ ਦੀ ਵਿਚਿੱਤਰ ਸ਼ਕਤੀ ਹੈ।[15]

ਦ੍ਵੈਤ-ਅਦ੍ਵੈਤ, ਦ੍ਵੈਤਵਾਦ ਅਤੇ ਸ਼ੁਧ-ਅਦ੍ਵੈਤ ਦਰਸ਼ਨ ਵਿਚ ਵੀ ਮਾਇਆ ਸਿਧਾਂਤ ਨੂੰ ਮੰਨ ਕੇ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਸਵੀਕਾਰਿਆ ਗਿਆ ਹੈ। ਦਵੈਤਵਾਦ ਦਰਸ਼ਨ ਦੇ ਆਚਾਰੀਆ ਮੱਧਵ ਅਨੁਸਾਰ ਮਾਇਆ ਈਸ਼ਵਰ ਦੀ ਸ਼ਕਤੀ ਹੈ ਜੋ ਇਕ ਪਾਸੇ ਤਾਂ ਬ੍ਰਹਮ ਨੂੰ ਸ੍ਰਿਸ਼ਟੀ ਸਿਰਜਣਾ ਵਿਚ ਸਹਾਇਤਾ ਦਿੰਦੀ ਹੈ ਅਤੇ ਦੂਜੇ ਪਾਸੇ ਜੀਵਾਂ ਉਪਰ ਅਗਿਆਨ ਅਤੇ ਅਵਿਦਿਆ ਦਾ ਪਰਦਾ ਪਾ ਦਿੰਦੀ ਹੈ।

ਨਾਥ ਸੰਪ੍ਰਦਾਇ ਵਿਚ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਮੰਨ ਕੇ ਇਸ ਦੁਆਰਾ ਸ੍ਰਿਸ਼ਟੀ ਦੀ ਰਚਨਾ ਹੋਈ ਮੰਨੀ ਗਈ ਹੈ। 'ਨਾਥ ਸੰਪ੍ਰਦਾਇ ਦੀ ਸ਼ਕਤੀ, ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਵਾਂਗ ਹੀ ਤ੍ਰੈਗੁਣਾਤਮਕ ਹੈ। ਗੋਰਖ ਅਨੁਸਾਰ ਉਤਪੱਤੀ

ਕੀਤੀ ਹੈ। ਇਹ ਮਹਾਂ ਪ੍ਰਬਲ, ਵਿਕਟ-ਸ਼ਕਤੀ ਅਤੇ ਅਵਿਦਿਆ, ਅਗਿਆਨ ਦੀ ਜਨਨੀ ਹੈ। ਸਮਸਤ ਜੀਵ, ਦੇਵੀ-ਦੇਵਤੇ, ਰਿਸ਼ੀ-ਮੁਨੀ ਇਸ ਨੇ ਭਰਮਾਂ ਦੇ ਵੱਸ ਕੀਤੇ ਹੋਏ ਹਨ ਅਤੇ ਇਹ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਤੇ ਸੰਘਾਰ ਕਰਦੀ ਹੈ। ਗੁਰੂ ਜੀ ਲਿਖਦੇ ਹਨ:

ਪੰਚ ਤਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[21]

ਬਰਜਿ ਹੋ ਬਰਜਿ ਬੀਠੁਲੇ, ਮਾਯਾ ਜਗ ਖਾਯਾ।
ਮਹਾਂਪ੍ਰਬਲ ਸਭ ਹੀ ਬਸਿ ਕੀਏ, ਸੁਰ ਨਰ ਮੁਨਿ ਭਰਮਾਯਾ।[22]

ਇਸ ਦੇ ਪ੍ਰਭਾਵ ਅਧੀਨ ਜੀਵ ਆਪਣੇ ਮੂਲ ਤੱਤ ਨੂੰ ਵਿਸਰ ਜਾਂਦਾ ਹੈ। ਗੁਰੂ ਜੀ ਅਨੁਸਾਰ ਜੀਵ ਦਾ ਮਨ ਤਾਂ ਮਾਇਆ ਦੇ ਹੱਥ ਵਿਕਿਆ ਹੋਇਆ, ਉਸ ਦਾ ਜ਼ਰ-ਖ਼ਰੀਦ ਗੁਲਾਮ ਹੈ:

ਨਾਥ ! ਕਛੂਅ ਨ ਜਾਨਉ, ਮਨੁ ਮਾਇਆ ਕੈ ਹਾਥਿ ਬਿਕਾਨਉ।[23]

ਇਸ ਕਪਟੀ ਮਾਇਆ ਨੇ ਮਨੁੱਖ ਅਤੇ ਪਰਮਾਤਮਾ ਦਰਮਿਆਨ ਅਜਿਹਾ ਭਰਮ-ਜਾਲ ਤਣਿਆ ਹੋਇਆ ਹੈ ਕਿ ਜੀਵ ਬ੍ਰਹਮ ਦੀ ਅੰਸ਼ ਹੁੰਦਿਆਂ-ਸੁੰਦਿਆਂ ਵੀ ਉਸ ਤੋਂ ਵਾਂਝਾ ਹੋ ਕੇ ਦੁੱਖ ਸਹਿ ਰਿਹਾ ਹੈ। ਮਨੁੱਖ ਦੀ ਅਜਿਹੀ ਕਰੁਣਾਮਈ ਸਥਿਤੀ ਅਤੇ ਦੁਰਦਸ਼ਾ ਦਾ ਸੁੰਦਰ ਚਿੱਤਰ ਵਾਣੀ ਵਿਚ ਉਪਲਭਧ ਹੈ:

ਮਾਧਵੇ! ਕਿਆ ਕਹੀਐ ਭ੍ਰਮੁ ਐਸਾ! ਜੈਸਾ ਮਾਨੀਐ ਹੋਇ ਨ ਤੈਸਾ।ਰਹਾਉ।
ਨਰਪਤਿ ਏਕੁ ਸਿੰਘਾਸਨ ਸੋਇਆ ਸੁਪਨੇ ਭਇਆ ਭਿਖਾਰੀ।
ਅਛਤ ਰਾਜ ਬਿਛੁਰਤ ਦੁਖ ਪਾਇਆ ਸੋ ਗਤਿ ਭਈ ਹਮਾਰੀ।[24]

ਮਾਇਆ ਦੇ ਭਰਮ ਅਤੇ ਅਵਿਦਿਆ-ਵੱਸ ਜੀਵ ਜੋ ਕੁਝ ਦੇਖਦਾ ਹੈ, ਵਾਸਤਵ ਵਿਚ ਉਹ ਅਜਿਹਾ ਨਹੀਂ ਹੈ। ਜੀਵ ਤਾਂ ਬ੍ਰਹਮ ਦੀ ਅੰਸ਼ ਹੈ, ਬ੍ਰਹਮ-ਰੂਪ ਹੈ, ਪਰ ਮਾਇਆ ਦੇ ਪ੍ਰਭਾਵ ਅਧੀਨ ਉਸ ਦੀ ਸਥਿਤੀ ਉਸ ਰਾਜੇ ਵਰਗੀ ਹੈ ਜੋ ਸਭ ਕੁਝ ਹੁੰਦਿਆਂ ਹੋਇਆਂ ਵੀ ਸੁਪਨੇ ਵਿਚ ਆਪਣੇ ਆਪ ਨੂੰ ਭਿਖਾਰੀ ਦੇ ਰੂਪ ਵਿਚ ਦੇਖ ਕੇ ਦੁਖੀ ਤੇ ਪੀੜਤ ਹੁੰਦਾ ਹੈ। ਪ੍ਰਕਾਸ਼ ਦੇ ਨਾ ਹੋਣ ਕਾਰਨ ਜਿਵੇਂ ਰੱਸੀ ਹੀ ਸਪ-ਰੂਪ ਦ੍ਰਿਸ਼ਟੀਗੋਚਰ ਹੁੰਦੀ ਹੈ, "ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ"[25] ਦੀ ਪਰੱਚਲਿਤ ਕਥਾ ਅਨੁਸਾਰ ਗੁਰੂ ਜੀ ਕਹਿੰਦੇ ਹਨ:

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ, ਕਛੁ ਆਰਾ-ਪਾਰੁ ਨ ਸੂਝ।[26]

ਵਿਸ਼ੇ-ਵਿਕਾਰਾਂ ਦੀ ਜ਼ਹਿਰ ਨੇ ਮਨ ਨੂੰ ਅਜਿਹਾ ਕਾਬੂ ਕੀਤਾ ਹੈ ਕਿ ਲੋਕ-ਪਰਲੋਕ ਦੀ, ਆਤਮਾ-ਪਰਮਾਤਮਾ ਦੀ ਕੋਈ ਸੋਝੀ ਹੀ ਨਹੀਂ ਰਹੀ, ਮੱਤ ਮਲੀਨ ਹੋ ਗਈ ਹੈ, "ਕਾਮ, ਕ੍ਰੋਧ, ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ"[27] ਅਤੇ ਮਾਇਆ ਦੇ ਇਨ੍ਹਾਂ ਪੰਜ ਵਿਕਾਰਾਂ ਨੇ ਜੀਵ ਅਤੇ ਪਰਮਾਤਮਾ ਵਿਚਕਾਰ ਅੰਤਰ ਪਾ ਦਿੱਤਾ ਹੈ, ਦੂਰੀ ਵਧਾ ਦਿੱਤੀ ਹੈ। ਆਪ ਦਾ ਫੁਰਮਾਨ ਹੈ:

ਇਨ ਪੰਚਨ ਮੇਰੋ ਮਨ ਜੁ ਬਿਗਾਰਿਓ, ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।[28]

5.1.3 ਗੁਰੂ ਰਵਿਦਾਸ ਵਾਣੀ ਵਿਚ ਮਾਇਆ ਦਾ ਸਰੂਪ

ਅਨਿਰਵਚਨੀਯ ਮਾਇਆ

ਗੁਰੂ ਰਵਿਦਾਸ ਵਾਣੀ ਵਿਚ ਮਾਇਆ ਸੱਤ ਅਤੇ ਅਸੱਤ ਦੋਨੋਂ ਹੈ। ਸੱਤ ਇਸ ਕਰਕੇ ਹੈ ਕਿ ਇਸਨੂੰ ਪਰਮਾਤਮਾ ਨੇ ਪੈਦਾ ਕੀਤਾ ਹੈ, ਇਹ ਮਹਾਂ ਪ੍ਰਬਲ ਸ਼ਕਤੀ ਹੈ, ਤ੍ਰੈਗੁਣਾ-ਤਮਕ ਅਤੇ ਵਿਲੱਖਣ ਪ੍ਰਤਿਭਾ ਦੀ ਮਾਲਕ ਹੈ। ਪਰੰਤੂ ਇਹ ਭਰਮ-ਰੂਪ ਹੈ, ਝੂਠੀ, ਮਿਥਿਆ ਅਤੇ ਕਪਟੀ ਹੋਣ ਕਾਰਨ ਅਸੱਤ ਹੈ। ਵਾਸਤਵ ਵਿਚ ਇਹ ਅਕੱਥਨੀਯ ਹੈ, ਅਨਿਰਵਚਨੀਯ ਹੈ, ਇਸ ਦਾ ਠੀਕ ਤਰੀਕੇ ਨਾਲ ਉਲੇਖ ਨਹੀਂ ਕੀਤਾ ਜਾ ਸਕਦਾ। ਇਹ ਰੱਸੀ ਵਿਚ ਸੱਪ ਦੇ ਅਨੁਭਵ ਵਾਂਗ ਨਾ ਸੱਤ ਅਤੇ ਨਾ ਹੀ ਅਸੱਤ ਹੈ। ਮਾਇਆ ਦੇ ਕਾਰਨ ਜੀਵ ਭਰਮ-ਭੁਲੇਖੇ ਦਾ ਸ਼ਿਕਾਰ ਹੈ, ਇਸ ਭਰਮ ਅਧੀਨ ਮਨੁੱਖ ਜੋ ਕੁਝ ਮੰਨ ਲੈਂਦਾ ਹੈ, ਦਰਅਸਲ ਉਹ ਉਸ ਤਰ੍ਹਾਂ ਦਾ ਨਹੀਂ ਹੁੰਦਾ। ਆਪ ਕਹਿੰਦੇ ਹਨ:

ਮਾਧਵੇ! ਕਿਆ ਕਹੀਐ ਭ੍ਰਮੁ ਐਸਾ, ਜੈਸਾ ਮਾਨੀਐ ਹੋਇ ਨ ਤੈਸਾ। ਰਹਾਉ।[29]

ਇਸ ਤਰ੍ਹਾਂ ਮਾਇਆ ਬ੍ਰਹਮ-ਅਧੀਨ ਮਹਾਂ ਪ੍ਰਬਲ ਸ਼ਕਤੀ ਹੈ, ਸ੍ਰਿਸ਼ਟੀ-ਉਤਪਾਦਕ ਕਿਰਿਆ-ਸ਼ਕਤੀ ਅਤੇ ਜੀਵ-ਜਗਤ ਦਾ ਸੰਘਾਰ ਕਰਨ ਵਾਲੀ ਸ਼ਕਤੀ ਵੀ ਹੈ, ਪਰੰਤੂ ਦੂਸਰੇ ਪਾਸੇ ਇਹ ਥੋਥੀ, ਝੂਠੀ, ਭਰਮ-ਯੁਕਤ ਅਤੇ ਵਿਨਾਸ਼-ਸ਼ੀਲ ਵੀ ਹੈ। ਜਗਤ ਦੇ ਪਾਸਾਰੇ ਦੁਆਰਾ ਤਾਂ ਇਹ ਦ੍ਰਿਸ਼ਟਮਾਨ ਹੈ, ਪਰੰਤੂ ਇਸ ਦਾ ਇਹ ਅਸਤਿੱਤਵ ਅਸਥਾਈ ਹੈ। ਪ੍ਰਭੂ-ਨਾਮ ਦੇ ਸਿਮਰਨ ਵਿਚ ਲੀਨ ਹੋਣ ਨਾਲ ਇਸ ਦਾ ਵਿਨਾਸ਼ ਹੁੰਦਾ ਹੈ, ਪ੍ਰਭੂ-ਨਾਮ ਦੇ ਰੰਗ ਵਿਚ ਰੱਤੇ ਸਾਧਕ ਦਾ ਇਹ ਸੰਗ ਤਿਆਗ ਦਿੰਦੀ ਹੈ। ਇਸ ਪ੍ਰਕਾਰ ਸਾਕਾਰਾਤਮਕ

ਸਰੂਪ ਹੋਣ ਨਾਲ ਇਕ ਨਾਕਾਰਾਤਮਕ ਵੀ ਹੈ, ਇਹ ਕਿਰਿਆ ਸ਼ਕਤੀ ਵੀ ਹੈ ਅਤੇ ਨਾਸ਼ਵਾਨ ਵੀ ਹੈ। ਇਸੇ ਲਈ ਇਹ ਅਨਿਰਵਚਨੀਯ ਹੈ। ਗੁਰੂ ਜੀ ਲਿਖਦੇ ਹਨ:

ਪੰਚ ਤਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[30]

ਝੂਠੀ ਮਾਯਾ ਜਗ ਡਹਕਾਯਾ, ਤੌ ਤੀਨ ਤਾਪ ਦਹੈ ਰੇ।
ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਸੰਗ ਰਹੈ ਰੇ।[31]

ਮੋਹ ਪਟਲ ਸਭ ਜਗਤੁ ਬਿਆਪਿਓ, ਭਗਤ ਨਹੀਂ ਸੰਤਾਪਾ।[32]

ਇਸ ਕਪਟੀ ਅਤੇ ਜਾਦੂ-ਸ਼ਕਤੀ ਨੇ ਤਾਂ ਸਰਵਸ਼ਕਤੀਮਾਨ ਸੈਭੰ ਅਥਵਾ ਆਪਣੀ ਇੱਛਾ ਅਨੁਸਾਰ ਰੂਪ ਧਾਰਨ ਕਰਨ ਵਾਲੇ ਪ੍ਰਭੂ ਦਾ ਚਿੱਤ ਵੀ ਚੁਰਾਇਆ ਹੋਇਆ ਹੈ:

ਸ੍ਵਯੰਭੂ ਕੋ ਚਿਤ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।[33]

ਇਸ ਮਾਇਆ ਦੇ ਛਲ-ਕਪਟ, ਭਰਮ-ਰੂਪ ਅਤੇ ਤ੍ਰੈਗੁਣਾਤਮਕ, ਮਹਾਂ ਪ੍ਰਬਲ ਸ਼ਕਤੀ ਹੋਣ ਦੇ ਕਾਰਨ ਹੀ ਇਹ ਅਨਿਰਵਚਨੀਯ ਹੈ।

## ਤ੍ਰੈਗੁਣਾਤਮਕ ਸ਼ਕਤੀ-ਰੂਪ ਮਾਇਆ

ਭਾਰਤੀ ਦਰਸ਼ਨ ਵਿਚ ਮਾਇਆ ਨੂੰ ਤ੍ਰੈਗੁਣਾਤਮਕ ਕਿਹਾ ਗਿਆ ਹੈ। ਸ਼ਵੇਤਾਸ਼ਵਰ ਉਪਨਿਸ਼ਦ ਦਾ ਕਥਨ ਹੈ ਕਿ ਅਗਿਆਨੀ ਜੀਵ ਤ੍ਰੈਗੁਣਾਤਮਕ ਪ੍ਰਕ੍ਰਿਤੀ ਦੇ ਭੋਗਾਂ ਵਿਚ ਰਮ ਜਾਂਦਾ ਹੈ।[34] ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਸਾਰਾ ਜਗਤ ਸਤੋ, ਰਜੋ, ਤਮੋ, ਤ੍ਰੈਗੁਣਾਤਮਕ ਭਾਵਾਂ ਵਲ ਆਕਰਸ਼ਿਤ ਹੋ ਰਿਹਾ ਹੈ, ਇਸ ਲਈ ਇਨ੍ਹਾਂ ਤਿੰਨ ਗੁਣਾਂ ਤੋਂ ਪਰੇ ਮੈਨੂੰ, ਅਵਿਨਾਸ਼ੀ ਬ੍ਰਹਮ ਨੂੰ ਨਹੀਂ ਜਾਣਦਾ, ਕਿਉਂ ਕਿ ਇਹ ਅਲੌਕਿਕ ਅਰਥਾਤ ਅਤਿ ਅਦਭੁੱਤ ਤ੍ਰੈਗੁਣਾਤਮਕ ਮਾਇਆ ਬੜੀ ਵਿਕਟ ਹੈ।[35]

ਗੁਰੂ ਰਵਿਦਾਸ ਵਾਣੀ ਵਿਚ ਮਾਇਆ ਨੂੰ ਰਜੋ, ਸਤੋ, ਤਮੋ ਗੁਣਾਂ ਨਾਲ-ਯੁਕਤ ਦਸ ਕੇ ਇਸ ਤ੍ਰੈਗੁਣਾਤਮਕ ਸ਼ਕਤੀ ਦੁਆਰਾ ਸ੍ਰਿਸ਼ਟੀ ਸਿਰਜਣਾ ਨੂੰ ਸਵੀਕਾਰਿਆ ਗਿਆ ਹੈ। ਗੁਰੂ ਜੀ ਅਨੁਸਾਰ ਪੰਜਾਂ ਤੱਤਾਂ ਦੁਆਰਾ ਰਚੀ ਇਸ ਤ੍ਰਿਗੁਣੀ ਮਾਇਆ ਨੇ ਸਮਸਤ ਜਗਤ ਦਾ ਨਿਰਮਾਣ ਕੀਤਾ ਹੈ:

ਸਤ ਰਜ ਤਮ ਮਾਯਾ ਧਨੀ, ਚੇਤਨ ਕੋ ਪ੍ਰਤਿਭਾਸ।
ਕਰਤਾ ਹਰਤਾ ਜਗਤ ਕੋ ਭਜੈ ਤਾਹਿ ਰਵਿਦਾਸ।[36]

ਪੰਚ ਤਤ ਯਹੁ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[37]

## ਪ੍ਰਬਲ ਸ਼ਕਤੀ

ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਮਾਇਆ ਮਹਾ-ਪ੍ਰਬਲ ਸ਼ਕਤੀ ਹੈ, ਸਮਸਤ ਜੀਵ-ਜੰਤੂ, ਰਿਸ਼ੀ-ਮੁਨੀ, ਦੇਵੀ-ਦੇਵਤੇ ਇਸ ਦੇ ਪ੍ਰਭਾਵ ਅਧੀਨ ਹਨ। ਇਸ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਇਸ ਨੇ ਆਪਣੀ ਸ਼ਕਤੀ ਤੇ ਤੇਜ ਨਾਲ ਸਾਰੇ ਖੰਡਾਂ-ਬ੍ਰਹਿਮੰਡਾਂ ਉਪਰ ਜਿੱਤ ਪ੍ਰਾਪਤ ਕੀਤੀ ਹੋਈ ਹੈ, ਖ਼ੁਦ ਪਰਮਾਤਮਾ ਵੀ ਇਸਦੇ ਪ੍ਰਭਾਵ ਅਧੀਨ ਹੈ:

ਬਰਜਿ ਹੋ ਬਰਜਿ ਬੀਠਲੇ, ਮਾਯਾ ਜਗ ਖਾਯਾ।
ਮਹਾਂ ਪ੍ਰਬਲ ਸਬ ਹੀ ਬਸਿ ਕੀਯੇ, ਸੁਰਨਰ ਮੁਨਿ ਭਰਮਾਯਾ।[38]

ਖੰਡ ਬ੍ਰਹਮਾਂਡ ਲੋਕ ਸਬ ਜੀਤੈ, ਇਹ ਬਿਧਿ ਤੇਜ ਜਨਾਵੇ।
ਸ੍ਵਯੰਭੂ ਕੋ ਚਿਤ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।[39]

ਗੁਰੂ ਰਵਿਦਾਸ ਅਨੁਸਾਰ ਬਾਕੀ ਜੀਵ-ਜੰਤੂਆਂ ਦੇ ਮੁਕਾਬਲੇ ਤੇ ਮਨੁੱਖ ਦੀ ਦਸ਼ਾ ਤਾਂ ਹੋਰ ਵੀ ਕਰੁਣਾਮਈ ਹੈ। ਜਿਥੇ ਹੋਰ ਜੀਵ, ਜਿਵੇਂ ਹਿਰਨ, ਮੱਛੀ, ਭੌਰਾ, ਭੰਬਟ ਤੇ ਹਾਥੀ ਇਕ-ਇਕ ਔਗੁਣ ਦੇ ਧਾਰਨੀ ਹਨ, ਉਥੇ ਮਨੁੱਖ ਵਿਚ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਵਰਗੇ ਪੰਜ ਅਸਾਧ ਔਗੁਣ ਮੌਜੂਦ ਹੋਣ ਕਾਰਨ ਉਸ ਦੇ ਬਚਾਅ ਦੀ ਕਿਨੀ ਕੁ ਆਸ ਰੱਖੀ ਜਾ ਸਕਦੀ ਹੈ? ਪ੍ਰਬਲ ਸ਼ਕਤੀ ਮਾਇਆ ਦੇ ਇਹ ਪੰਜ ਦੂਤ ਨੀਚ ਤੇ ਮੂਰਖ ਪ੍ਰਾਣੀ ਨੂੰ ਬੁਰੀ ਤਰ੍ਹਾਂ ਬੰਨ੍ਹ ਕੇ ਮਾਰ ਰਹੇ ਹਨ, ਪਰੰਤੂ ਇਹ ਜੀਵ ਨਿਰਲੱਜ ਹੈ, ਅਜੇ ਵੀ ਉਨ੍ਹਾਂ ਦੀ ਸੰਗਤ ਤੋਂ ਬਾਜ ਨਹੀਂ ਆਉਂਦਾ :-

ਮ੍ਰਿਗ , ਮੀਨ, ਭ੍ਰਿੰਗ, ਪਤੰਗ, ਕੁੰਚਰ ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ।[40]

ਇਨ ਦੂਤਨ ਖਲੁ ਬਧੁ ਕਰਿ ਮਾਰਿਓ ।
ਬਡੋ ਨਿਲਜੁ ਅਜਹੂ ਨਹੀਂ ਹਾਰਿਓ।[41]

## ਆਵਰਨ ਸ਼ਕਤੀ-ਰੂਪ ਮਾਇਆ

ਆਵਰਨ ਅਤੇ ਵਿਖੇਪ –ਮਾਇਆ ਦੀਆਂ ਦੋ ਸ਼ਕਤੀਆਂ ਮੰਨੀਆਂ ਗਈਆਂ ਹਨ। ਮਾਇਆ ਦੀ ਆਵਰਨ ਸ਼ਕਤੀ ਦੇ ਕਾਰਨ ਬ੍ਰਹਮ ਦੇ ਵਾਸਤਵਿਕ ਸਰੂਪ ਦਾ ਗਿਆਨ ਨਹੀਂ ਹੁੰਦਾ। ਮਾਇਆ ਦੀ ਇਹ ਸ਼ਕਤੀ ਯਥਾਰਥਕ ਸਰੂਪ ਤੇ ਪਰਦਾ ਪਾ ਲੈਂਦੀ ਹੈ ਅਤੇ ਵਾਸਤਵਿਕ ਤੱਤ ਦੇ ਸਥਾਨ ਤੇ ਉਸ ਵਸਤੂ ਦੇ ਸੰਦਰਭ ਵਿਚ ਉਸ ਤੋਂ ਭਿੰਨ, ਅਨੇਕ ਪ੍ਰਕਾਰ ਦੀਆਂ ਵਸਤੂਆਂ ਦੀ ਅਦਭੁਤ ਕਲਪਨਾ ਕੀਤੀ ਜਾਂਦੀ ਹੈ, ਜਿਸ ਤਰ੍ਹਾਂ ਹਨੇਰੇ ਵਿਚ ਰੱਸੀ ਨੂੰ ਸੱਪ ਸਮਝ ਲਿਆ ਜਾਂਦਾ ਹੈ। ਵਾਸਤਵਿਕ ਵਸਤੂ ਦੇ ਸਥਾਨ ਤੇ ਸੱਪ ਦੀ ਕਲਪਨਾ ਆਵਰਨ ਸ਼ਕਤੀ ਦੇ ਕਾਰਨ ਹੁੰਦੀ ਹੈ। ਗੁਰੂ ਰਵਿਦਾਸ ਅਨੁਸਾਰ ਮਾਇਆ ਦੀ ਇਸ ਆਵਰਨ ਸ਼ਕਤੀ ਦੇ ਕਾਰਨ ਜੀਵ ਅਤੇ ਬ੍ਰਹਮ ਦੀ ਵਾਸਤਵਿਕਤਾ ਮਨੁੱਖੀ-ਦ੍ਰਿਸ਼ਟੀ ਤੋਂ ਉਹਲੇ ਰਹਿੰਦੀ ਹੈ ਅਤੇ ਉਹ ਭਰਮ-ਵੱਸ ਅਸਲੀਅਤ ਨੂੰ ਜਾਣਨ ਤੋਂ ਅਸਮਰਥ ਰਹਿੰਦਾ ਹੈ। ਆਪ ਦਾ ਕਥਨ ਹੈ:

> ਮਾਧਵੇ! ਕਿਆ ਕਹੀਐ ਭ੍ਰਮ ਐਸਾ। ਜੈਸਾ ਮਾਨੀਐ ਹੋਇ ਨ ਤੈਸਾ।ਰਹਾਉ।[42]

ਮਾਇਆ ਦੀ ਆਵਰਨ ਸ਼ਕਤੀ ਦੇ ਕਾਰਨ ਸਭ ਕੁਝ ਕੋਲ ਹੁੰਦਿਆਂ-ਸੁੰਦਿਆਂ ਵੀ ਮਨੁੱਖ ਦੁਖੀ ਤੇ ਪੀੜਤ ਹੈ। ਸਰਵ-ਵਿਆਪੀ ਪ੍ਰਭੂ ਤਾਂ ਹਰ ਜੀਵ ਦੇ ਹਿਰਦੇ ਵਿਚ ਵਸ ਰਿਹਾ ਹੈ, ਪਰ ਹਉਮੈਂ ਤੇ ਭੁਲੇਖੇ ਦਾ ਸ਼ਿਕਾਰ ਜੀਵ ਉਸ ਤੋਂ ਵਿਛੜ ਕੇ, ਉਸ ਨੂੰ ਆਪਣੇ ਆਪੇ ਤੇ ਜਗਤ ਨੂੰ ਵੱਖ ਸਮਝ ਕੇ ਦੁਖੀ ਤੇ ਬੇਚੈਨ ਹੋ ਰਿਹਾ ਹੈ। ਜੀਵ ਦੀ ਇਸ ਦਸ਼ਾ ਨੂੰ ਸੁੰਦਰ ਦ੍ਰਿਸ਼ਟਾਂਤ ਰਾਹੀਂ ਆਪ ਸਮਝਾਉਂਦੇ ਹਨ:

> ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।
> ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।[43]

ਗੁਰੂ ਜੀ ਅਨੁਸਾਰ ਮਨੁੱਖ ਅਨੇਕ ਭਰਮਾਂ, ਸ਼ੰਕਿਆਂ ਦਾ ਸ਼ਿਕਾਰ ਹੋ ਕੇ ਇਸ ਅਪਾਰ ਭਵ-ਸਾਗਰ ਰੂਪੀ ਜਗਤ ਵਿਚ ਜੀਵਨ-ਮੌਤ ਦੇ ਚੱਕਰ ਵਿਚ ਪਿਆ ਹੋਇਆ ਹੈ। ਵਿਸ਼ੇ-ਵਿਕਾਰਾਂ ਨੂੰ ਸੁੱਖ-ਆਨੰਦ ਦੀ ਪ੍ਰਾਪਤੀ ਦੇ ਭਰਮਾਂ ਵਜੋਂ ਭੋਗਦੇ ਹੋਇਆਂ ਉਸ ਦਾ ਸਮੁੱਚਾ ਜੀਵਨ ਹੀ ਭਰਮ-ਰੂਪ ਹੋ ਗਿਆ ਹੈ:

> ਅੰਤਰ ਸੰਸਾਰ ਅਪਾਰ ਭੈ ਸਾਗਰ, ਤਾਂ ਮੈਂ ਜਾਮਣ ਮਰਣ ਸੰਦੇਹ ਭਾਰੀ।
> ਕਾਮ ਭ੍ਰਮ ਕ੍ਰੋਧ ਭ੍ਰਮ ਲੋਭ ਭ੍ਰਮ ਮੋਹ ਭ੍ਰਮ, ਅਨੰਤ ਭ੍ਰਮ ਛੇਦਿ ਮੋ ਕਰਸਿ ਪੈਰੀ।[44]

ਵਿਖੇਪ ਸ਼ਕਤੀ-ਰੂਪ ਮਾਇਆ

ਵਿਖੇਪ ਸ਼ਕਤੀ ਦੇ ਆਧਾਰ ਤੇ ਮਾਇਆ ਜਗਤ ਦੇ ਸਮਸਤ ਪਦਾਰਥਾਂ ਦੀ ਰਚਨਾ ਕਰਦੀ ਹੈ। ਇਹ ਜਗਤ-ਪ੍ਰਪੰਚ ਨੂੰ ਪੈਦਾ ਕਰ ਕੇ ਜੀਵ ਨੂੰ ਉਸ ਵਿਚ ਭਰਮਾਉਣ ਵਾਲੀ ਸ਼ਕਤੀ ਹੈ। ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ ਇਸ ਮਾਇਆ ਸ਼ਕਤੀ ਕਾਰਨ ਹੀ ਪ੍ਰਭੂ ਏਕ ਤੋਂ ਅਨੇਕ ਰੂਪ ਵਿਚ ਪ੍ਰਤੀਤ ਹੁੰਦਾ ਹੈ।[45] ਸ਼ਵੇਤਾਸ਼ਵਤਰ ਉਪਨਿਸ਼ਦ ਦਾ ਕਥਨ ਹੈ ਕਿ ਸਮਸਤ ਜਗਤ ਦੀ ਮਾਇਆ ਦਾ ਸੁਆਮੀ ਪ੍ਰਭੂ ਪੰਚ ਭੂਤਾਂ ਤੋਂ ਇਸ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ।[46]

ਗੁਰੂ ਰਵਿਦਾਸ ਵਾਣੀ ਵਿਚ ਇਸ ਤੱਥ ਨੂੰ ਸਵੀਕਾਰਿਆ ਗਿਆ ਹੈ। ਆਪ ਦਾ ਕਥਨ ਹੈ ਕਿ ਪਰਮੇਸ਼ਰ ਨੇ ਤ੍ਰੈਗੁਣਾਤਮਕ ਅਤੇ ਪੰਜਾਂ ਤੱਤਾਂ ਵਾਲੀ ਮਾਇਆ ਦੇ ਇਨ੍ਹਾਂ ਗੁਣਾਂ ਦੁਆਰਾ ਸਮੁੱਚੇ ਬ੍ਰਹਮੰਡ ਦੀ ਰਚਨਾ ਕੀਤੀ ਹੈ। ਇਹ ਦ੍ਰਿਸ਼ਟਮਾਨ ਸੰਸਾਰ ਮਾਇਆ ਦੀ ਵਿਖੇਪ ਸ਼ਕਤੀ ਦੁਆਰਾ ਹੀ ਸਿਰਜਿਆ ਗਿਆ ਹੈ:

ਪੰਚ ਤਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।[47]

ਤ੍ਰਿਵਿਧ-ਤਾਪ ਉਤਪਾਦਕ ਸ਼ਕਤੀ

ਮਾਇਆ ਤ੍ਰੈਗੁਣਾਤਮਕ ਹੋਣ ਕਾਰਨ ਜੀਵ ਅਤੇ ਜਗਤ ਵਿਚ ਤਿੰਨ ਪ੍ਰਕਾਰ ਦੇ ਤਾਪ ਪੈਦਾ ਕਰਦੀ ਹੈ: ਦੈਹਿਕ, ਦੈਵਿਕ ਅਤੇ ਭੌਤਿਕ। ਇਸ ਨਾਲ ਹੀ ਜੀਵਨ ਵਿਚ ਮਾਨਸਿਕ ਵਿਕਾਰ ਉਤਪੰਨ ਹੁੰਦੇ ਹਨ ਜੋ ਮਨੁੱਖ ਲਈ ਸੁੱਖ-ਦੁੱਖ ਦਾ ਕਾਰਨ ਬਣਦੇ ਹਨ। ਬਾਲ ਗੰਗਾਧਰ ਤਿਲਕ ਦਾ ਕਥਨ ਹੈ ਕਿ ਵੇਦਾਂਤ ਵਿਚ ਵੀ ਤਿੰਨ ਪ੍ਰਕਾਰ ਦੇ ਦੁੱਖ-ਸੁੱਖ ਮੰਨੇ ਗਏ ਹਨ: ਅਧਿਦੈਵਿਕ, ਅਧਿਭੌਤਿਕ ਅਤੇ ਅਧਿਆਤਮਕ। ਦੇਵਤਿਆਂ ਦੀ ਕਿਰਪਾ ਨਾਲ ਮਿਲਣ ਵਾਲੇ ਸੁੱਖ-ਦੁੱਖ ਅਧਿਦੈਵਿਕ ਹਨ। ਬਾਹਰੀ ਸ੍ਰਿਸ਼ਟੀ-ਪ੍ਰਿਥਵੀ ਆਦਿ ਪੰਜ ਮਹਾਂਭੂਤਕ ਪਦਾਰਥਾਂ ਦਾ ਮਨੁੱਖ ਦੀਆਂ ਇੰਦਰੀਆਂ ਨਾਲ ਸੰਜੋਗ ਹੋਣ ਨਾਲ ਮਿਲਣ ਵਾਲੇ ਸੁੱਖ-ਦੁੱਖ ਅਧਿਭੌਤਿਕ ਹਨ। ਇਸ ਤਰ੍ਹਾਂ ਦੇ ਸੰਜੋਗ ਤੋਂ ਬਿਨਾ ਹੋਣ ਵਾਲੇ ਸੁੱਖਾਂ-ਦੁੱਖਾਂ ਨੂੰ ਅਧਿਆਤਮਕ ਕਹਿੰਦੇ ਹਨ।[48]

ਗੁਰੂ ਰਵਿਦਾਸ ਅਨੁਸਾਰ ਮਾਇਆ ਦੁਆਰਾ ਉਤਪੰਨ ਇਹ ਤ੍ਰਿਵਿਧ ਤਾਪ ਜੀਵ ਨੂੰ ਤਾਂ ਤਪਾਉਂਦੇ ਹੀ ਹਨ, ਖ਼ੁਦ ਸ੍ਰਿਸ਼ਟੀ ਦਾ ਕਰਤਾ ਵੀ ਇਨ੍ਹਾਂ ਦੇ ਜਾਲ ਵਿਚ ਫਸਿਆ ਹੋਇਆ ਹੈ:

ਝੂਠੀ ਮਾਯਾ ਜਗ ਡਹਕਾਯਾ, ਤੇ ਤੀਨ ਤਾਪ ਦਹੈ ਰੇ।[49]

ਇੰਦ੍ਰੀਯਾਦਿਕ ਦੁਖ ਦਾਰੁਨ, ਅਸੰਖਯਾਦਿਕ ਪਾਪ।
ਤੋਹਿ ਭਜਤ ਰਘੁਨਾਥ ਅੰਤਰਿ, ਤ੍ਰਾਹਿ ਤ੍ਰਾਸ ਨ ਤਾਪ।[50]

ਦੈਹਿਕ ਦੈਵਿਕ ਭੌਤਿਕ ਤਾਪਾ, ਅਤਿ ਅਗਯਾਨ ਰਹੇਉ ਜਗ ਬਾਪਾ।[51]

## ਵਿਕਟ ਮਾਇਆ

ਗੁਰੂ ਰਵਿਦਾਸ ਵਾਣੀ ਵਿਚ 'ਵਿਕਟ ਮਾਇਆ' ਕਹਿਕੇ ਮਾਇਆ ਦੇ ਵਿਕਰਾਲ ਰੂਪ ਨੂੰ ਦਰਸਾਇਆ ਗਿਆ ਹੈ। ਮਾਇਆ ਦੇ ਕਾਰਨ ਹੀ ਸਾਰਾ ਜਗਤ ਵਿਵਿਧ ਵਿਕਾਰਾਂ, ਵਾਸਨਾਵਾਂ, ਤ੍ਰਿਸ਼ਨਾਂ, ਦੁਬਿਧਾ, ਦੁਰਮਤ ਆਦਿ ਵਰਗੀਆਂ ਕੁਰੀਤੀਆਂ ਵਿਚ ਫਸਿਆ ਹੋਇਆ ਹੈ। ਮਾਇਆ ਦਾ ਮੂਲ ਆਧਾਰ ਸਤ, ਰਜ ਤੇ ਤਮ ਤਿੰਨ ਗੁਣ ਹਨ ਅਤੇ ਸਮੁੱਚਾ ਜਗਤ ਇਨ੍ਹਾਂ ਤਿੰਨ ਗੁਣਾਂ ਦੀ ਜਕੜ ਵਿਚ ਹੈ। ਮਾਇਆ ਦੇ ਭਰਮ-ਵੱਸ ਇੰਦਰੀਆਂ ਦੇ ਭਾਸ ਰਹੇ ਸੁਖ ਵਿਸ਼-ਰੂਪ ਬਣ ਕੇ ਜੀਵ ਨੂੰ ਡੱਸ ਰਹੇ ਹਨ। ਇਸ ਤ੍ਰੈਗੁਣੀ ਮਾਇਆ ਨੇ ਸਾਰਿਆਂ ਨੂੰ ਵੱਸ ਕੀਤਾ ਹੋਇਆ ਹੈ, ਸਾਰੇ ਜੀਵ, ਰਿਸ਼ੀ, ਮੁਨੀ, ਸੰਨਿਆਸੀ ਇਸ ਦੇ ਪ੍ਰਭਾਵ ਅਧੀਨ ਪਾਪਾਂ ਵਿਚ ਗ੍ਰਸੇ ਹੋਏ ਹਨ। ਇਥੋਂ ਤਕ ਕਿ ਖ਼ੁਦ ਸ੍ਰਿਸ਼ਟੀ ਕਰਤਾ ਵੀ ਇਸ ਦੀ ਮਾਰ ਹੇਠ ਹੈ। ਇਹ ਹਰ ਇਕ ਨੂੰ ਤਿੰਨ ਤਾਪਾਂ ਨਾਲ ਤਪਾ ਕੇ ਵਿਆਕੁਲ ਕਰ ਰਹੀ ਹੈ ਅਤੇ ਸਾਰਾ ਜਗਤ ਤ੍ਰਾਹਿ-ਤ੍ਰਾਹਿ ਕਰ ਰਿਹਾ ਹੈ। ਮਾਇਆ ਦੇ ਦੂਤ ਵਿਸ਼ੇ-ਵਿਕਾਰ ਬੁਰੀ ਤਰ੍ਹਾਂ ਜੀਵ ਨੂੰ ਮਾਰ ਰਹੇ ਹਨ। ਆਪ ਜੀ ਦਾ ਫੁਰਮਾਨ ਹੈ:

ਕੇਸਵੇ, ਵਿਕਟ ਮਾਯਾ ਤੋਰ, ਤਾਂ ਤੈਂ ਵਿਕਲ ਗਤਿ ਮੋਰ।
ਸੁਵਿਖ ਡੰਸਨ ਕਰਾਲ ਅਹਿ-ਮੁਖ, ਗ੍ਰਸਿਤ ਸੁਠ੍ਹਿ ਸੁ ਸੇਖ।
ਨਿਰਖਿ ਮਾਖੀ ਭਯਤ ਵਯਾਕੁਲ, ਲੋਕ ਕਾਲ ਨ ਦੇਖ।
ਇੰਦ੍ਰੀਯਾਦਿਕ ਦੁਖ ਦਾਰੁਨ, ਅਸੰਖਯਾਦਿਕ ਪਾਪ।
ਤੋਹਿ ਭਜਤ ਰਘੁਨਾਥਿ ਅੰਤਰਿ, ਤ੍ਰਾਹਿ ਤ੍ਰਾਸ ਨ ਤਾਪ।[52]

## ਮਾਇਆ– ਪ੍ਰਭੂ ਦੀ ਲੀਲਾ ਸ਼ਕਤੀ

ਗੁਰੂ ਰਵਿਦਾਸ ਅਨੁਸਾਰ ਮਾਇਆ ਪਰਮੇਸ਼ਰ ਦੁਆਰਾ ਸਿਰਜੀ ਗਈ ਲੀਲ੍ਹਾ ਹੈ, ਇਸ ਦੇ ਕਾਰਨ ਹੀ ਬ੍ਰਹਮ ਜਗਤ ਦਾ ਕਾਰਨ ਬਣਦਾ ਹੈ। ਇਹ ਪ੍ਰਭੂ-ਅਧੀਨ ਉਹ ਸ਼ਕਤੀ

ਹੈ ਜੋ ਉਸ ਨੂੰ ਸ੍ਰਿਸ਼ਟੀ ਸਿਰਜਣ ਵਿਚ ਸਹਾਇਤਾ ਦਿੰਦੀ ਹੈ। ਇਸ ਸ੍ਰਿਸ਼ਟੀ-ਉਤਪਾਦਕ-ਸ਼ਕਤੀ ਹੈ, ਪ੍ਰਭੂ ਇਸ ਲੀਲ੍ਹਾ-ਸ਼ਕਤੀ ਦੁਆਰਾ ਜਗਤ ਦਾ ਨਿਰਮਾਣ ਅਤੇ ਨਿਯੰਤਰਨ ਕਰਦਾ ਹੈ। ਇਹ ਪ੍ਰਭੂ ਦੀ ਸ੍ਰਿਸ਼ਟੀ ਰਚਨਾ ਦੀ ਵਿਚਿੱਤਰ ਸ਼ਕਤੀ ਹੈ। ਇਸ ਨੇ ਭਰਮ-ਵੱਸ ਜੀਵ ਨੂੰ ਭਟਕਣ ਵਿਚ ਪਾਇਆ ਹੋਇਆ ਹੈ। ਇਹ ਅਦਭੁੱਤ ਖੇਡਾਂ ਖੇਡ ਰਹੀ ਅਤੇ ਬੇਸ਼ੁਮਾਰ ਕੌਤਿਕ ਰਚਾ ਰਹੀ ਹੈ, ਜੀਵ ਮੋਹ-ਮਮਤਾ ਵਿਚ ਰਮ ਕੇ ਰਾਤ-ਦਿਨ ਇਸ ਦੀ ਲੀਲ੍ਹਾ ਅਤੇ ਛਲ-ਕਪਟ ਵਿਚ ਉਲਝਿਆ ਹੋਇਆ ਹੈ:

ਮਨ ਮੇਰੋ ਥਿਰ ਨ ਰਹਾਈ, ਕੋਟਿ ਕੌਤਿਗ ਕਰਿ ਦਿਖਰਾਵੈ,
ਇਤ ਉਤ ਜਗ ਮਹਿ ਧਾਈ ।
ਮਾਯਾ ਮਮਿਤਾ ਮੋਹ ਲਪਟਾਨੇ, ਦਿਨ ਦਿਨ ਉਰਝਤ ਜਾਈ।[53]

ਡਯੰਬ ਕੋਹ ਮੋਹ ਮਾਯਾ ਬਸ, ਕਪਟ ਕੂੜ ਹੂੰ ਬੰਧਾਯੋ।
ਕਾਮ ਲੁਬਧੁ ਕੈ ਬਸਿ ਪਰਯੋ, ਕੁਲਕਾਨਿ ਛਾਂਡਿ ਬਿਕਾਯੋ।[54]

ਸ੍ਰਿਸ਼ਟੀ ਦਾ ਕਰਤਾ ਪ੍ਰਭੂ ਵੀ ਇਸ ਦੀ ਲੀਲ੍ਹਾ ਅਤੇ ਛਲਾਵੇ ਤੋਂ ਬਚ ਨਹੀਂ ਸਕਿਆ, ਇਸ ਮਾਇਆ ਨੇ ਉਸ ਦਾ ਵੀ ਚਿੱਤ ਚੁਰਾ ਲਿਆ ਹੈ ਅਤੇ ਉਹ ਵੀ ਇਸ ਵਲ ਆਕਰਸ਼ਿਤ ਹੋਇਆ ਇਸ ਦੇ ਪਿੱਛੇ ਲੱਗਾ ਹੋਇਆ ਹੈ:

ਸ੍ਵਯੰਭੂ ਕੇ ਚਿਤ ਚੋਰ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।[55]

## ਹਉਮੈਂ- ਰੂਪ ਮਾਇਆ

ਗੁਰੂ ਰਵਿਦਾਸ ਵਾਣੀ ਵਿਚ ਹਉਮੈਂ ਨੂੰ ਵੀ ਮਾਇਆ ਦਾ ਹੀ ਇਕ ਰੂਪ ਮੰਨਿਆ ਗਿਆ ਹੈ। ਹੰਕਾਰ-ਭਾਵਨਾ ਅਧੀਨ ਮਨੁੱਖ ਆਪਣੇ ਆਪ ਨੂੰ ਵੱਡੀ ਜਾਤ ਵਾਲੇ, ਕਵੀ, ਕੁਲੀਨ, ਪੰਡਿਤ, ਜੋਗੀ, ਸੰਨਿਆਸੀ, ਗਿਆਨੀ, ਗੁਣੀ, ਸੂਰਮਾ, ਦਾਨੀ ਆਦਿ ਸਮਝਣ ਲੱਗ ਪੈਂਦਾ ਹੈ ਜਿਸ ਦੇ ਫਲ-ਰੂਪ ਜੀਵ ਤੇ ਪਰਮਾਤਮਾ ਦੀ ਦੂਰੀ ਵਧਦੀ ਹੈ:

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।
ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ।[56]

ਗੁਰੂ ਰਵਿਦਾਸ ਜੀ ਅਨੁਸਾਰ ਅਗਿਆਨੀ ਪੁਰਸ਼ ਮਾਇਆ ਦੇ ਬੰਧਨ ਵਿਚ ਬੱਝ ਕੇ ਹੰਕਾਰ ਅਤੇ ਅਗਿਆਨ ਗ੍ਰਸਤ ਹੋ ਜਾਂਦੇ ਹਨ। ਇਸ ਅਨੰਤ ਸ਼ਕਤੀਸ਼ਾਲੀ ਮਾਇਆ ਦੇ ਕਾਰਨ

ਮਿੱਟੀ ਦੇ ਇਸ ਪੁਤਲੇ ਜੀਵ ਦੀ ਅਵਸਥਾ ਬੜੀ ਹਾਸੋ-ਹੀਣੀ ਹੋ ਗਈ ਹੈ। ਇਹ ਕਮਲਿਆਂ ਵਾਂਗ ਇੱਧਰ-ਉੱਧਰ ਦੌੜਦਾ ਫਿਰਦਾ ਅਜੀਬ ਨਾਚ ਨੱਚਦਾ ਹੈ, ਕਿਸੇ ਵਸਤੂ ਦੀ ਪ੍ਰਪਤੀ-ਅਵਸਥਾ ਵਿਚ ਗਰਵ ਕਰਦਾ ਅਤੇ ਕੁਝ ਗੁਆਚ ਜਾਣ ਤੇ ਰੋਣ ਲੱਗ ਪੈਂਦਾ ਹੈ। ਮਾਇਆ ਦੇ ਪ੍ਰਭਾਵ ਅਧੀਨ ਇਸ ਦੀ ਸੂਝ ਮਾਰੀ ਗਈ ਹੈ, ਇਹ ਕਹਿੰਦਾ ਕੁਝ ਹੈ ਤੇ ਕਰਦਾ ਕੁਝ ਹੋਰ ਹੈ:

> ਮਾਟੀ ਕੋ ਪੁਤਰਾ ਕੈਸੇ ਨਚਤੁ ਹੈ, ਦੇਖੈ ਦੇਖੈ ਸੁਨੈ ਬੋਲੈ, ਦਉਰਿਓ ਫਿਰਤੁ ਹੈ।
> ਰਹਾਉ।।
> ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ, ਮਾਇਆ ਗਈ ਤਬ ਰੋਵਨੁ ਲਗਤੁ ਹੈ।[57]
>
> ਕਹੀਅਤ ਆਨ ਅਚਰੀਅਤ ਆਨ, ਕਛੁ ਸਮਝ ਨ ਪਰੈ ਅਪਰ ਮਾਇਆ।[58]

ਗੁਰੂ ਰਵਿਦਾਸ ਅਨੁਸਾਰ ਸਾਰਾ ਜਗਤ ਹਉਮੈ- ਵੱਸ ਹੋ ਕੇ ਤਬਾਹ ਹੋ ਰਿਹਾ ਹੈ। ਜਿਸ ਤਰ੍ਹਾਂ ਤੋਤਾ ਬੇਰਾਂ ਨੂੰ ਟੁੱਕ-ਟੁੱਕ ਕੇ ਧਰਤੀ ਤੇ ਸੁਟ ਕੇ ਗੁਆ ਦਿੰਦਾ ਹੈ, ਇਸੇ ਤਰ੍ਹਾਂ ਹਉਮੈ-ਗ੍ਰਸਤ ਜੀਵ ਆਪਣਾ ਜੀਵਨ ਵਿਅਰਥ ਨਸ਼ਟ ਕਰ ਰਿਹਾ ਹੈ:

> ਕਹਿ ਰਵਿਦਾਸ ਹੌਮੈ ਜਗ ਖਾਯਾ, ਨਲਿਨੀ ਭ੍ਰੂ ਸੂਵਾ।[59]

ਗੁਰੂ ਜੀ ਦਾ ਕਥਨ ਹੈ ਕਿ ਜਿੰਨਾ ਚਿਰ ਜੀਵ ਹਉਮੈ-ਗ੍ਰਸਤ ਹੈ ਉਨ੍ਹਾਂ ਚਿਰ ਤਕ ਪ੍ਰਭੂ-ਪ੍ਰੀਤਮ ਦਾ ਦੀਦਾਰ ਨਹੀਂ ਹੋ ਸਕਦਾ ਕਿਉਂ ਕਿ ਹਉਮੈ-ਰੂਪ ਮਾਇਆ ਅਤੇ ਪਰਮਾਤਮਾ ਹਿਰਦੇ ਵਿਚ ਇਕੱਠੇ ਨਹੀਂ ਰਹਿ ਸਕਦੇ। ਇਸ ਹਉਮੈਂ, ਹੰਕਾਰ ਅਤੇ ਗਰਵ ਰੂਪੀ ਮਾਇਆ ਦਾ ਤਿਆਗ ਕਰਕੇ, ਮੈਂ, ਮੇਰੀ ਦੀ ਭਾਵਨਾ ਦਿਲੋਂ ਕੱਢ ਕੇ ਅਤੇ ਆਪਣੇ ਆਪ ਨੂੰ ਪ੍ਰਭੂ-ਚਰਨਾਂ ਵਿਚ ਸਮਰਪਿਤ ਕਰਕੇ ਹੀ ਪਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ:

> ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂਹੀ ਮੈਂ ਨਾਹੀ।[60]
>
> ਮੈਂ, ਮੈਂ, ਜੈਂ ਲੈਂ ਗਰਬ ਬੋਰਾਨੀ, ਤੈਂ ਲੈਂ ਪਿਯਰਾ ਮਨੁ ਨਹਿੰ ਆਨੀ।
> ਆਪਾ ਮੇਟਿ, ਮੈਂ ਮੇਰੀ ਖੋਈ, ਗਰਬ ਤਯਾਗੀ ਅਰਪਿਹਿ ਨਿਜ ਦੇਹੀ।[61]

ਜੀਵ ਆਪਣੇ ਸਰੀਰ, ਪਹਿਰਾਵੇ, ਘਰ-ਪਰਿਵਾਰ, ਪੁੱਤਰ-ਧੀਆਂ ਅਤੇ ਪਤਨੀ ਦੇ ਹੰਕਾਰ ਵਿਚ ਗ੍ਰਸਤ ਇਹ ਭੁੱਲ ਜਾਂਦਾ ਹੈ ਕਿ ਉਸ ਦਾ ਜੀਵਨ ਤਾਂ ਭਾਦੋਂ ਦੀ ਧੁੰਬ ਵਾਂਗ ਛਿਣ-ਭੰਗਰ ਅਤੇ ਨਾਸ਼ਮਾਨ ਹੈ। ਮੋਹ, ਮਾਇਆ ਤੇ ਹੰਕਾਰ ਦੇ ਪ੍ਰਭਾਵ ਅਧੀਨ ਉਸ ਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਉਸ ਦੇ ਸਿਰ ਉਪਰ ਮੌਤ ਸਵਾਰ ਹੈ,, ਕਾਂ ਰੂਪੀ ਕਾਲ

ਹਰ ਵਕਤ ਕੁਰਲਾ ਰਿਹਾ, ਉਸ ਨੂੰ ਆਵਾਜ਼ਾਂ ਮਾਰ ਰਿਹਾ ਹੈ। ਗੁਰੂ ਜੀ ਜੀਵ ਨੂੰ ਚੇਤੰਨ ਕਰਦੇ ਹਨ । ਪੁੱਤਰਾਂ-ਧੀਆਂ ਦੇ ਹੰਕਾਰ ਵਿਚ ਗ੍ਰਸਤ ਜੋ-ਜੋ ਮੰਦੇ ਕਰਮ ਉਹ ਕਰਦਾ ਹੈ, ਉਸ ਸਭ ਦਾ ਹਿਸਾਬ-ਕਿਤਾਬ ਉਸ ਨੂੰ ਦੇਣਾ ਪੈਣਾ ਹੈ:

ਗਜਬਵਤੀ ਕਾ ਨਾਹੀ ਠਾਉ, ਤੇਰੀ ਗਰਦਨਿ ਊਪਰਿ ਲਵੈ ਕਾਉ।
ਤੂ ਕਾਂਇ ਗਰਬਹਿ ਬਾਵਲੀ । ਜੈਸੇ ਭਾਦਉ ਖੁੰਬ ਰਾਜ
ਤੂ ਤਿਸ ਤੇ ਖਰੀ ਉਤਾਵਲੀ ।। ਰਹਾਉ।[62]

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰ, ਠਾਕੁਰੁ ਲੇਖਾ ਮਗਨ ਹਾਰ।[63]

ਇਸ ਪ੍ਰਕਾਰ ਹੰਕਾਰ ਰੂਪੀ ਮਾਇਆ ਵਿਚ ਗ੍ਰਸਤ ਜੀਵ ਪ੍ਰਭੂ-ਵਿਹੂਣਾ ਰਹਿ ਕੇ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ।

## ਮਿਥਿਆ ਰੂਪ ਮਾਇਆ

ਅਦ੍ਵੈਤਵਾਦੀ ਦਰਸ਼ਨ ਦਾ ਮੂਲ ਮੰਤਰ ਹੈ, "ਬ੍ਰਹਮ ਸਤਯਮ ਜਗਤ ਮਿਥਿਆ" ਅਰਥਾਤ ਬ੍ਰਹਮ ਸੱਤ ਹੈ ਅਤੇ ਜਗਤ ਮਿਥਿਆ ਹੈ, ਭਰਮ ਹੈ। ਸ਼ੰਕਰ ਅਨੁਸਾਰ ਇਹ ਦਿਸਦਾ ਪਾਸਾਰਾ ਕੇਵਲ ਇਕ ਧੋਖਾ, ਛਲ, ਭਰਮ ਅਥਵਾ ਮਾਇਆ ਹੈ। ਗੁਰੂ ਰਵਿਦਾਸ ਜੀ ਵੀ ਕੇਵਲ ਬ੍ਰਹਮ ਨੂੰ ਸੱਤ ਸਵੀਕਾਰਦੇ ਹੋਏ ਇਸ ਜਗਤ ਨੂੰ ਸੀਮਤ ਸੱਚ ਮੰਨਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਾਇਆ ਬ੍ਰਹਮ-ਅਧੀਨ ਤ੍ਰੈਗੁਣਾਤਮਕ ਸ਼ਕਤੀ ਤਾਂ ਹੈ, ਪਰ ਇਹ ਮਿਥਿਆ, ਝੂਠੀ, ਥੋਥੀ ਅਤੇ ਕਪਟੀ ਹੈ ਜੋ ਜੀਵ ਨੂੰ ਬ੍ਰਹਮ ਤੋਂ ਨਿਖੇੜਦੀ ਹੈ:

ਥੋਥੀ ਕਾਯਾ, ਥੋਥੀ ਮਾਯਾ, ਥੋਥਾ ਹਰਿ ਬਿਨ ਜਨਮ ਗੰਵਾਯਾ।[64]

ਝੂਠੀ ਮਾਯਾ ਜਗ ਡਹਕਾਯਾ ।[65]

ਯਹੁ ਮਾਇਆ ਸਬ ਥੋਥਰੀ ਰੇ, ਭਗਤਿ ਕੋ ਪ੍ਰਤਿਪਾਰਿ।
ਕਹੈ ਰਵਿਦਾਸ ਸਤਿ ਵਚਨ ਗੁਰ ਕੈ, ਸੋ ਨ ਜੀਅ ਤੈਂ ਟਾਰਿ।[66]

ਇਸ ਝੂਠੀ, ਥੋਥੀ ਅਤੇ ਮਿਥਿਆ ਮਾਇਆ ਦੇ ਭਰਮ-ਜਾਲ ਵਿਚੋਂ ਨਿਕਲਣ ਲਈ ਗੁਰੂ ਜੀ ਨੇ ਰਾਮ-ਨਾਮ ਦਾ ਸਿਮਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ:

ਰੇ ਮਨ ਰਾਮ ਨਾਮ ਸੰਭਾਰਿ, ਮਾਯਾ ਕੈ ਭ੍ਰਮਿ ਭੂਲਸੇ, ਜਾਹਿਗੋ ਕਰ ਝਾਰਿ।[67]

## ਅਵਿਦਿਆ ਰੂਪ ਮਾਇਆ

ਗੁਰੂ ਰਵਿਦਾਸ ਅਨੁਸਾਰ ਮਾਇਆ ਵਿਵੇਕ-ਨਾਸ਼ਕ ਹੈ, ਇਸ ਦੇ ਪ੍ਰਭਾਵ ਅਧੀਨ ਮਨੁੱਖ ਬੁੱਧੀ-ਵਿਹੀਨ ਹੋ ਜਾਂਦਾ ਹੈ। ਜਾਣਦੇ-ਬੁਝਦੇ ਹੋਇਆਂ ਵੀ ਉਸ ਦੀ ਸੂਝ ਮਾਰੀ ਜਾਂਦੀ ਹੈ, ਅਵਿਦਿਆ ਕਾਰਨ ਉਸ ਦੇ ਗਿਆਨ ਦਾ ਦੀਪਕ ਮਲੀਨ ਹੋ ਜਾਂਦਾ ਹੈ, ਵਾਣੀ ਵਿਚ ਅਜਿਹੇ ਮਨੁੱਖ ਲਈ ਗੁਰੂ ਜੀ ਨੇ 'ਬਾਵਰਾ' ਸ਼ਬਦ ਦਾ ਵਿਸ਼ੇਸ਼ਣ ਵਰਤਿਆ ਹੈ:

ਜਾਨਿ ਅਜਾਨ ਭਏ ਹਮ ਬਾਵਰ, ਸੋਚ ਅਸੋਚ ਦਿਵਸ ਜਾਹੀ।[68]

ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ ।[69]

ਵਾਣੀ ਵਿਚ ਅਗਿਆਨੀ ਅਤੇ ਵਿਵੇਕ-ਹੀਣ ਪੁਰਸ਼ ਦੀ ਅਵਸਥਾ ਨੂੰ ਸੁੰਦਰ ਦ੍ਰਿਸ਼ਟਾਂਤ ਦੁਆਰਾ ਸਮਝਾਉਂਦੇ ਹੋਏ ਆਪ ਲਿਖਦੇ ਹਨ ਕਿ ਜਿਸ ਤਰ੍ਹਾਂ ਡੱਡੂਆਂ ਨਾਲ ਭਰੇ ਹੋਏ ਖੂਹ ਵਿਚ ਰਹਿੰਦੇ ਡੱਡੂਆਂ ਨੂੰ ਬਾਹਰ ਦੇ ਦੇਸ਼-ਪਰਦੇਸ਼ ਦੀ ਕੋਈ ਖ਼ਬਰ ਨਹੀਂ ਹੁੰਦੀ, ਇਸ ਤਰ੍ਹਾਂ ਹੀ ਵਿਸ਼ੇ-ਵਿਕਾਰਾਂ ਨਾਲ ਮੋਹੇ ਹੋਏ ਮਨ ਨੂੰ ਲੋਕ-ਪਰਲੋਕ ਅਰਥਾਤ ਆਤਮਾ-ਪਰਮਾਤਮਾ ਦੀ ਕੋਈ ਸੋਝੀ ਨਹੀਂ ਰਹਿੰਦੀ:

ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ।
ਐਸੇ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾ-ਪਾਰੁ ਨ ਸੂਝ।[70]

ਫਿਰ ਕਹਿੰਦੇ ਹਨ ਕਿ ਮਾਇਆ ਦੇ ਪ੍ਰਭਾਵ ਅਧੀਨ ਜੀਵ ਦੀ ਮਤ ਐਸੀ ਮਲੀਨ ਹੋ ਜਾਂਦੀ ਹੈ ਕਿ ਉਹ ਪਰਮ ਤੱਤ ਦੇ ਸਰੂਪ ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ। ਅਪਰ ਤੇ ਅਨੰਤ ਮਾਇਆ ਦੇ ਮੋਹੇ ਹੋਏ ਹੋਣ ਕਾਰਨ ਜੀਵ ਨੂੰ ਕੁਝ ਸਮਝ ਨਹੀਂ ਆਉਂਦਾ:-

ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨ ਜਾਇ।[71]

ਅਵਿਦਿਆ-ਵੱਸ ਜੀਵ ਦਾ ਮਨ ਮਾਇਆ ਦੇ ਹੱਥ ਵਿਕ ਜਾਂਦਾ ਹੈ, ਉਸ ਦਾ ਜ਼ਰ-ਖ਼ਰੀਦ ਗੁਲਾਮ ਬਣ ਜਾਂਦਾ ਹੈ, ਉਸ ਨੂੰ ਆਪਣੇ ਆਪ ਦੀ ਕੋਈ ਸੋਝੀ ਨਹੀਂ ਰਹਿੰਦੀ। ਉਹ ਬਾਵਰਿਆਂ ਅਥਵਾ ਕਮਲਿਆਂ ਵਾਂਗ ਭੁੱਲਿਆ ਤੇ ਕੁਰਾਹੇ ਪਿਆ ਫਿਰਦਾ ਹੈ:

ਨਾਥ! ਕਛੂਅ ਨ ਜਾਨਉ, ਮਨ ਮਾਇਆ ਕੈ ਹਾਥਿ ਬਿਕਾਨਉ। ਰਹਾਉ।[72]

ਕਹੁ ਰਵਿਦਾਸ ਸਭੈ ਨਹੀ ਸਮਝਸਿ,ਭੂਲਿ ਪਰੇ ਜੈਸੇ ਬਉਰੇ।[73]

## ਅਪਰੰਪਾਰ ਮਾਇਆ

ਵਾਣੀ ਵਿਚ ਇਸ ਨੂੰ 'ਅਪਰ ਮਾਇਆ' ਅਰਥਾਤ ਅਪੰਰਪਾਰ ਮਾਇਆ ਕਿਹਾ ਗਿਆ ਹੈ ਜਿਸ ਦਾ ਗਿਆਨ ਮਨੁੱਖੀ ਸੋਚ-ਅਸੋਚ ਤੋਂ ਪਰੇ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਮੈਂ ਆਪਣੀ ਯੋਗ ਮਾਇਆ ਦੁਆਰਾ ਢਕਿਆ ਹੋਇਆ ਹਾਂ, ਇਸ ਲਈ ਤੁੱਛ ਬੁੱਧੀ ਵਾਲੇ ਲੋਕ ਮੈਨੂੰ ਨਹੀਂ ਪਛਾਣਦੇ।[74] ਗੁਰੂ ਰਵਿਦਾਸ ਅਨੁਸਾਰ ਮਾਇਆ ਦੇ ਕਾਰਨ ਜੀਵ ਦੁਬਿਧਾ ਵਿਚ ਪੈ ਜਾਂਦਾ ਹੈ, ਉਸ ਦੀ ਕਥਨੀ ਤੇ ਕਰਨੀ ਵਿਚ ਬੜਾ ਅੰਤਰ ਹੋ ਜਾਂਦਾ ਹੈ, ਉਹ ਕਹਿੰਦਾ ਕੁਝ ਤੇ ਕਰਦਾ ਕੁਝ ਹੋਰ ਹੈ:

ਕਹੀਅਤ ਆਨ ਅਚਰੀਅਤ ਆਨ,ਕਛੂ ਸਮਝ ਨ ਪਰੈ ਅਪਰ ਮਾਇਆ।[75]

ਇਸ ਦੁਬਿਧਾ ਦਾ ਕਾਰਨ ਇੰਦਰੀਆਂ ਦੀ ਸਬਲਤਾ ਅਤੇ ਬੁੱਧੀ ਦੀ ਨਿਰਬਲਤਾ ਹੈ। ਪਰੰਤੂ ਗਿਆਨ ਇੰਦਰੀਆਂ ਦੀ ਇਹ ਨਿਰਬਲਤਾ 'ਅਪਰ ਮਾਇਆ' ਦੇ ਕਾਰਨ ਹੁੰਦੀ ਹੈ, ਫਲ-ਰੂਪ ਜੀਵ ਪਰਮਾਰਥ ਨੂੰ ਸਮਝਣ ਤੋਂ ਪੂਰੀ ਤਰ੍ਹਾਂ ਅਸਮਰਥ ਹੋ ਜਾਂਦਾ ਹੈ:

ਜਾਨਿ ਅਜਾਨ ਭਏ ਹਮ ਬਾਵਰ,ਸੋਚ ਅਸੋਚ ਦਿਵਸ ਜਾਹੀ।  
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ,ਪਰਮਾਰਥ ਪਰਵੇਸ ਨਾਹੀ।[76]

## ਮੋਹਿਨੀ- ਰੂਪ ਮਾਇਆ

ਗੀਤਾ ਅਨੁਸਾਰ ਸਾਰਾ ਜਗਤ ਤਿੰਨ ਗੁਣਾਂ ਸਤੋ, ਰਜੋ,ਤਮੋ ਅਤੇ ਵਿਸ਼ੇ-ਵਿਕਾਰਾਂ ਤੇ ਮੋਹਿਤ ਹੋਇਆ ਇਨ੍ਹਾਂ ਤੋਂ ਪਰੇ ਨਿਰਗੁਣ ਤੱਤ ਨੂੰ ਨਹੀਂ ਪਛਾਣਦਾ।[77] ਮਾਇਆ ਮੋਹਿਨੀ ਹੈ ਅਤੇ ਸਤ, ਰਜ,ਤਮ ਦੇ ਰੂਪ ਵਿਚ ਆਪਣਾ ਤ੍ਰੈਗੁਣੀ ਜਾਲ ਫੈਲਾਉਂਦੀ ਹੈ, ਗੁਰੂ ਰਵਿਦਾਸ ਅਨੁਸਾਰ ਇਸ ਦੇ ਮੋਹ ਵਿਚ ਫਸਿਆ ਹੋਇਆ ਮਨੁੱਖ ਸੰਸਾਰ ਦੇ ਪ੍ਰਪੰਚਾਂ ਕਾਰਨ ਵਿਆਕੁਲ ਹੋ ਰਿਹਾ, ਤ੍ਰਾਹ-ਤ੍ਰਾਹ ਕਰ ਰਿਹਾ ਹੈ:

ਮਾਯਾ ਮੋਹਿਲਾ ਕਾਨ੍ਹ, ਮੈਂ ਜਨ ਸੇਵਗ ਤੇਰਾ।ਟੇਕ।  
ਸੰਸਾਰ ਪਪੰਚ ਹੈ ਵਯਾਕੁਲ ਰਾਮਾਨੰਦਾ  
ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ ।[78]

ਐਸੇ ਮੋਹਿਤ ਮਨ ਗਤਿ ਬਿਮੁਖ ਧਨ,ਜਨਮ ਜਨਮ ਡਹਕਾਯਾ ਹੋ ਹਰਿ।[79]

ਇਹ ਮਾਇਆ ਮੋਹਿਨੀ ਸ਼ਕਤੀ ਹੈ, ਇਸ ਵਿਚ ਸੂਖਮ ਅਤੇ ਤੇਜ ਆਕਰਸ਼ਣ ਹੈ ਅਤੇ ਇਸ ਨੇ ਸਾਰੇ ਜੀਵ, ਦੇਵੀ-ਦੇਵਤੇ, ਰਿਸ਼ੀ-ਮੁਨੀ ਭਰਮਾਏ ਹੋਏ ਹਨ। ਇਹ ਨਾਨਾ ਪ੍ਰਕਾਰ ਦੇ ਸੁੰਦਰ ਰੂਪ ਵਟਾ ਕੇ ਸਾਰੇ ਜਗਤ ਨੂੰ ਮੋਹ ਲੈਂਦੀ ਅਤੇ ਹਰ ਬਾਲਕ, ਬਿਰਧ, ਜਵਾਨ ਅਤੇ ਨਾਰੀ ਵਿਚ ਵਸਦੀ ਹੈ:

ਬਾਰਜਿ ਹੋ ਬਰਜਿ ਬੀਠੁਲੇ, ਮਾਯਾ ਜਗੁ ਖਾਯਾ ।
ਮਹਾਪ੍ਰਬਲ ਸਬ ਹੀ ਬਸਿ ਕੀਯੇ, ਸੁਰਨਰ ਮੁਨਿ ਭਰਮਾਯਾ।
ਬਾਲਕ ਬਿਰਧ ਤਰਬਨ ਅਤਿ ਸੁੰਦਰਿ, ਨਾਨਾ ਭੇਖ ਬਣਾਯਾ।[80]

ਇਸ ਮੋਹਿਨੀ ਮਾਯਾ ਨੇ ਸਾਰੇ ਖੰਡ-ਬ੍ਰਹਿਮੰਡ ਵੱਸ ਕੀਤੇ ਹੋਏ ਹਨ, ਇਥੋਂ ਤਕ ਕਿ ਆਪਣੇ ਤੇਜ ਨਾਲ ਇਸ ਜਗਤ ਦੇ ਕਰਤਾ ਦਾ ਵੀ ਚਿਤ ਚੁਰਾ ਲਿਆ ਹੈ:

ਖੰ ਬ੍ਰਹਮਾਂਡ ਲੋਕ ਸਬ ਜੀਤੈ,ਇਹ ਬਿਧਿ ਤੇਜ ਜਨਾਵੈ ।
ਸੂਯੰਭੂ ਕੋ ਚਿਤ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ ।[81]

## ਪ੍ਰਪੰਚ ਰੂਪ ਮਾਇਆ

ਸ਼ਵੇਤਾਸ਼ਵਤਰ ਉਪਨਿਸ਼ਦ ਦਾ ਕਥਨ ਹੈ ਕਿ ਸਾਰੇ ਜਗਤ ਨੂੰ ਮਾਇਆ ਦਾ ਸੁਆਮੀ ਪੰਜ ਭੂਤਾਂ ਤੋਂ ਸਿਰਜਦਾ ਅਤੇ ਜੀਵਾਤਮਾ ਉਸ ਪ੍ਰਪੰਚ ਵਿਚ ਮਾਇਆ ਦੁਆਰਾ ਪੂਰੀ ਤਰ੍ਹਾਂ ਬੰਧਨ-ਯੁਕਤ ਹੈ।[82] ਗੁਰੂ ਰਵਿਦਾਸ ਵਾਣੀ ਵਿਚ ਵੀ ਮਾਇਆ ਦੁਆਰਾ ਰਚੇ ਗਏ ਇਸ ਸੰਸਾਰ ਨੂੰ ਪ੍ਰਪੰਚ, ਸਵਾਂਗ, ਸਾਂਗ, ਬਾਜੀ ਆਦਿ ਸ਼ਬਦਾਂ ਰਾਹੀਂ ਵਰਣਿਤ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਇਹ ਜਗਤ ਮਾਇਆ ਦਾ ਪ੍ਰਪੰਚ ਹੈ, ਵਿਸ਼ੇ-ਵਿਕਾਰਾਂ ਦੀ ਲਪੇਟ ਵਿਚ ਆ ਕੇ ਜੀਵ ਇਸ ਪ੍ਰਪੰਚ ਕਾਰਨ ਵਿਆਕੁਲ ਹੋ ਰਿਹਾ ਹੈ:

ਮਾਯਾ ਮੋਹਿਲਾ ਕਾਨ੍ਹਾ, ਮੈਂ ਜਨ ਸੇਵਗ ਤੇਰਾ। ਟੇਕ।
ਸੰਸਾਰ ਪ੍ਰਪੰਚ ਹੋ ਵਯਾਕਲ ਰਾਮਾਨੰਦਾ ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ।[83]

ਕੋਟਿ ਕੌਤਿਗ ਕਰਿ ਦਿਖਰਾਵੈ,ਇਤ ਉਤ ਜਗ ਮਹਿੰ ਧਾਈ।ਟੇਕ।
ਮਾਯਾ ਮਮਤਾ ਮੋਹ ਲਪਟਾਨੇ, ਦਿਨ ਦਿਨ ਉਰਝਤ ਜਾਈ।[84]

ਸਾਰਾ ਜਗਤ ਝੂਠ ਤੇ ਛਲ, ਕਪਟ ਦਾ ਪ੍ਰਪੰਚ ਹੈ, ਇਸ ਜਗਤ ਰੂਪੀ ਰੰਗ-ਮੰਚ ਤੇ ਜੀਵ ਤਾਂ ਸਵਾਂਗ ਕਰਦਾ ਹੈ। ਸੰਸਾਰ ਦੇ ਲੋਕ ਇਸ ਨੂੰ ਹੀ ਭਰਮ-ਵੱਸ ਸੱਚ ਸਮਝ

ਬੈਠੇ ਹਨ ਜਦਕਿ ਇਹ ਸਾਂਗ ਸੱਚ ਨਹੀਂ, ਝੂਠ ਹੈ, ਸੱਚਾ ਤਾਂ ਕੇਵਲ ਪਰਮਾਤਮਾ ਹੈ:

ਸਵਾਂਗ ਦੇਖਿ ਸਬ ਹੀ ਜਗ ਡਹਕਯੋ, ਫਿਰਿ ਆਪਨ ਪੌਰ ਵਧਾਈ।
ਸਾਂਗ ਯਹੁ ਸਾਂਚ ਨ ਜਾਨੈਂ, ਲੋਗਨ ਇਹੈ ਭਰਮਾਈ।[85]

ਬਾਜੀ ਝੂਠ ਸਾਂਚ ਬਾਜੀਗਰ, ਜਾਨਾਂ ਮਨ ਪਤਿਆਨਾ।[86]

ਇਹ ਜਗਤ ਮਾਇਆ ਰਚਿਤ ਆਡੰਬਰ ਹੈ ਜਿਸ ਵਿਚ ਜੀਵ ਤ੍ਰਿਸ਼ਨਾ, ਮੋਹ, ਕਾਮ, ਕੂੜ, ਕਪਟ ਆਦਿ ਵਿਸ਼ੇ-ਵਿਕਾਰਾਂ ਦੇ ਬੰਧਨਾਂ ਵਿਚ ਪੈ ਕੇ ਆਪਣੀ ਵਾਸਤਵਿਕਤਾ ਨੂੰ ਭੁੱਲ ਕੇ ਮਾਇਆ ਦੇ ਹੱਥੀਂ ਵਿਕਿਆ ਹੋਇਆ ਹੈ:

ਡਯੰਬ ਕੋਹ ਮੋਹ ਮਾਯਾ ਬਸੁ, ਕਪਟ ਕੂੜ ਹੌਂ ਬੰਧਾਯੋ।
ਕਾਮ ਲੁਬਧੁ ਕੇ ਬਸਿ ਪਰਯੋ, ਕੁਲਕਾਨਿ ਛਾਂਡਿ ਬਿਕਾਯੋ।[87]

ਕਰਮ-ਰੂਪ ਮਾਇਆ

ਬ੍ਰਿਹਦਾਰਣਯਕ ਉਪਨਿਸ਼ਦ ਦਾ ਕਥਨ ਹੈ ਕਿ ਜੀਵ ਪੁੰਨ-ਕਰਮਾਂ ਦੁਆਰਾ ਪੁੰਨ ਆਤਮਾ ਅਤੇ ਪਾਪ-ਕਰਮਾਂ ਦੁਆਰਾ ਪਾਪੀ ਬਣਦਾ ਹੈ।[88] ਸ਼ਵੇਤਾਸ਼ਵਤਰ ਉਪਨਿਸ਼ਦ ਅਨੁਸਾਰ ਮਾਇਆ ਅਧੀਨ ਜੀਵ ਭੋਗ, ਭਾਵ ਦੇ ਕਾਰਨ ਬੰਧਨ ਵਿਚ ਪੈਂਦਾ ਹੈ। ਅਵਿਦਿਆ ਮਾਇਆ ਅਥਵਾ ਅਗਿਆਨ ਦੇ ਕਾਰਨਬੰਧਨ ਵਿਚ ਪੈ ਕੇ ਜੀਵ ਕਰਮਾਂ ਅਨੁਸਾਰ ਗਤੀ ਪ੍ਰਾਪਤ ਕਰਦਾ ਹੈ।[89] ਗੁਰੂ ਰਵਿਦਾਸ ਵਾਣੀ ਵਿਚ ਵੀ ਇਸ ਕਥਨ ਦੀ ਪੁਸ਼ਟੀ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਭਰਮ-ਕਰਮ ਮਾਇਆ ਦਾ ਰੂਪ ਹਨ, ਇਨ੍ਹਾਂ ਦੇ ਵੱਸ ਪੈ ਕੇ ਜੀਵ ਦੁਨਿਆਵੀ ਬੰਧਨਾਂ ਵਿਚ ਬੱਝਾ ਹੋਇਆ ਅਨੇਕ ਜੂਨੀਆਂ ਵਿਚ ਭਟਕ ਰਿਹਾ ਹੈ:

ਭਰਮ ਕਰਮ ਜਾਅ ਬੰਧਯੋ, ਛੂਟੇ ਤੁਮ ਬਿਨ ਕੈਸੇ ਹੋ ਹਰਿ।[90]

ਅਨਿਕ ਬਾਰੁ ਜੰਮੇ ਅਰੁ ਮਰਿਯੋ।[91]

ਦੁਨਿਆਵੀ ਭੋਗਾਂ, ਵਿਸ਼ੇ-ਵਿਕਾਰਾਂ ਅਤੇ ਕਰਮਾਂ ਦੇ ਪ੍ਰਭਾਵ ਅਧੀਨ ਉਸ ਦੀ ਸੂਝ ਮਾਰੀ ਗਈ ਹੈ, 'ਕਰਮ ਕੁਟਿਲਤਾ ਜਨਮ ਕੁਭਾਂਤੀ' ਅਨੁਸਾਰ ਉਹ ਕਰਮ-ਫਲ ਦਾ ਭੋਗੀ ਹੈ। ਗੁਰੂ ਜੀ ਦਾ ਕਥਨ ਹੈ ਕਿ ਕਰਮਾਂ ਦੇ ਬੰਧਨ ਵਿਚ ਪੈ ਕੇ ਸਮਸਤ ਜੀਵ-ਜੰਤੂ ਕਾਲ ਦਾ ਭੋਜਨ ਬਣ ਰਹੇ ਹਨ, ਕਾਲ ਦੀ ਅਕੱਟ ਫਾਹੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ ਇਸ ਤੋਂ ਬਚਾਅ ਦਾ ਕੋਈ ਹੀਲਾ ਨਜ਼ਰ ਨਹੀਂ ਆਉਂਦਾ:

ਕ੍ਰਮ ਬਸਿ ਬਾਂਝ ਪਰਯੋ ਕਛੁ ਨ ਸੂਝੈ।[93]

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ
ਕਲ ਫਾਸ ਅਬਧ ਲਾਗੇ, ਕਛੁ ਨ ਚਲੈ ਉਪਾਇ।[94]

ਕਰਮਾਂ ਦੇ ਬੰਧਨ ਵਿਚ ਫਸ ਕੇ ਜੀਵ ਪ੍ਰਭੂ ਨੂੰ ਯਾਦ ਨਹੀਂ ਕਰਦਾ, ਇਸ ਲਈ ਉਸਨੂੰ ਵਿਸ਼ੇ- ਵਿਕਾਰਾਂ ਕਾਰਨ ਦੁੱਖਾਂ ਤੇ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ:

ਚਪਲ ਚੇਤਯੋ ਨਹੀਂ ਬਹੋਤ ਦੁਖ ਦੇਖਿਓ,ਕਾਮ ਬਸਿ ਸੋਹਿਓ ਕ੍ਰਮ ਫੰਦਾ।[95]

ਗੁਰੂ ਰਵਿਦਾਸ ਜੀ ਅਨੁਸਾਰ ਪਿਛਲੇ ਯੁੱਗਾਂ ਵਿਚ ਪ੍ਰਚੱਲਿਤ ਜਾਂ ਪ੍ਰਧਾਨ ਰਹੇ ਕਰਮ-ਕਾਂਡ ਜਿਵੇਂ ਸਤਿਯੁਗ ਵਿਚ ਸੱਚ, ਤ੍ਰੇਤੇ ਵਿਚ ਯੱਗ ਤੇ ਦੁਆਪਰ ਵਿਚ ਪੂਜਾ-ਅਰਚਨਾ ਆਦਿ ਕਰਮ ਵੀ ਮਾਇਆ ਦਾ ਰੂਪ ਹਨ, ਨਾ ਇਹ ਜੀਵ ਨੂੰ ਮਾਇਆ ਦੀ ਫਾਹੀ ਤੋਂ ਬਚਾ ਸਕਦੇ ਹਨ ਅਤੇ ਨਾ ਹੀ ਪ੍ਰਭੂ-ਚਰਨਾਂ ਨਾਲ ਜੋੜ ਸਕਦੇ ਹਨ। ਕਲਿਯੁਗ ਵਿਚ ਤਾਂ ਪ੍ਰਭੂ ਦਾ ਨਾਮ ਹੀ ਮੁਕਤੀ ਦਾ ਆਧਾਰ ਹੈ:-

ਸਤਿਜੁਗਿ ਸਤੁ, ਤੇਤਾ ਜਗੀ ਦੁਆਪਰਿ ਪੂਜਾ ਚਾਰ।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।[96]

ਵੇਦਾਂ ਵਿਚ ਬ੍ਰਾਹਮਣਾਂ ਲਈ ਕੁਝ ਕਰਮ ਕਰਨੇ ਆਵੱਸ਼ਕ ਦੱਸੇ ਗਏ ਹਨ, ਇਨ੍ਹਾਂ ਨੂੰ ਖਟ ਕਰਮ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਵੇਦ ਪੜ੍ਹਨੇ ਅਤੇ ਪੜ੍ਹਾਉਣੇ, ਯੱਗ ਕਰਨੇ ਅਤੇ ਕਰਾਉਣੇ, ਦਾਨ ਦੇਣਾ ਅਤੇ ਲੈਣਾ ਜ਼ਰੂਰੀ ਮੰਨੇ ਗਏ ਹਨ। ਪਰੰਤੂ ਗੁਰੂ ਰਵਿਦਾਸ ਅਨੁਸਾਰ ਵੇਦਾਂ ਅਤੇ ਪੁਰਾਣਾਂ ਵਿਚ ਵਰਣਿਤ ਵਿਧੀਆਂ ਮਾਇਆ-ਰੂਪ ਹੀ ਹਨ, ਇਹ ਪ੍ਰਭੂ-ਨਾਮ ਦੇ ਸਿਮਰਨ ਦਾ ਮੁਕਾਬਲਾ ਨਹੀਂ ਕਰ ਸਕਦੀਆਂ:

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ।
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ।[97]

ਗੁਰੂ ਜੀ ਦਾ ਮੱਤ ਹੈ ਕਿ ਵੇਦਾਂ, ਪੁਰਾਣਾਂ ਵਿਚ ਵਰਣਿਤ ਕਰਮ-ਅਕਰਮ ਉਪਰ ਵਿਚਾਰ ਕਰਨ, ਸੁਣਨ ਨਾਲ ਤਾਂ ਮਨੁੱਖੀ ਹਿਰਦੇ ਵਿਚ ਸ਼ੰਕੇ-ਸੰਸੇ ਹੋਰ ਵਧਦੇ ਹਨ, ਕਿਉਂ ਕਿ ਇਹ ਕਰਮ ਵੀ ਮਾਇਆ ਦਾ ਹੀ ਰੂਪ ਹਨ। ਫਿਰ ਇਸ ਕਰਮ-ਧਰਮ ਨਾਲ ਵਧੇ ਹੰਕਾਰ ਨੂੰ ਕੌਣ ਦੂਰ ਕਰੇਗਾ? ਆਪ ਲਿਖਦੇ ਹਨ:-

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨ।[98]

ਕਰਮ-ਕਾਂਡ, ਪੂਜਾ-ਪਾਠ, ਹਠ-ਯੋਗ ਆਦਿ ਅਨੇਕ ਯਤਨਾਂ ਨੂੰ ਆਪ ਨੇ ਭਰਮਾਂ ਦੀ ਫਾਹੀ ਮੰਨਿਆ ਹੈ। ਆਪ ਦਾ ਕਥਨ ਹੈ ਕਿ ਬਾਹਰਮੁਖੀ ਕਰਮ-ਕਾਂਡ, ਤੀਰਥ-ਇਸ਼ਨਾਨ, ਸੁਚੱਤਾ ਤੇ ਪਵਿੱਤਰਤਾ ਦਾ ਉਨ੍ਹਾਂ ਚਿਰ ਤਕ ਕੋਈ ਫਾਇਦਾ ਨਹੀਂ ਜਿੰਨਾ ਚਿਰ ਮਨੁੱਖ ਦਾ ਹਿਰਦਾ ਕਈ ਕਿਸਮ ਦੇ ਵਿਕਾਰਾਂ ਨਾਲ ਭਰਿਆ ਪਿਆ ਹੈ। ਆਪ ਸੁੰਦਰ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਬਾਹਰਮੁਖੀ ਸ਼ੁੱਧਤਾ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ ਜੋ ਨ੍ਹਾ ਧੋ ਕੇ ਮੁੜ ਆਪਣੇ ਉਤੇ ਖੇਹ ਪਾ ਲੈਂਦਾ ਹੈ:

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ।[99]

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।[100]

ਇਸ ਕਰਮ-ਰੂਪ ਮਾਇਆ ਤੋਂ ਬਚਾਅ ਦਾ ਸਾਧਨ ਵੀ ਗੁਰੂ ਜੀ ਨੇ ਆਪਣੀ ਵਾਣੀ ਵਿਚ ਦਰਸਾਇਆ ਹੈ। ਆਪ ਦਾ ਕਥਨ ਹੈ ਕਿ ਮੁਕਤੀ ਪ੍ਰਾਪਤੀ ਲਈ ਵਿਭਿੰਨ ਧਰਮਾਂ ਦੁਆਰਾ ਨਿਰਣਾਂ ਕਰਕੇ ਕਰਮ-ਧਰਮ ਦੀਆਂ ਕਈ ਵਿਧੀਆਂ ਬਿਆਨੀਆਂ ਗਈਆਂ ਹਨ ਅਤੇ ਸਾਰਾ ਸੰਸਾਰ ਉਨ੍ਹਾਂ ਕਰਮਾਂ-ਧਰਮਾਂ ਨੂੰ ਕਰਦਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰੰਤੂ ਕਰਮ ਦੀਆਂ ਇਹ ਵਿਧੀਆਂ ਵੀ ਮਾਇਆ ਦਾ ਰੂਪ ਹਨ। ਆਪ ਦਾ ਫੁਰਮਾਨ ਹੈ:

ਭ੍ਰਮ ਨਾਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ ।
ਭ੍ਰਮ ਸੇਵਾ ਭ੍ਰਮ ਪੂਜਾ, ਅਰੁ ਭ੍ਰਮ ਸੂੰ ਪਹਿਚਾਨਿ ।
ਭ੍ਰਮ ਖਟ ਕਰਮ ਸਕਲ ਸਹਿੰਤਾ, ਭ੍ਰਮ ਗ੍ਰੇਹ ਵਨ ਜਾਨਿ।
ਭ੍ਰਮ ਕਰਿ ਕਰਿ ਕਰਮ ਕੀਏ, ਭ੍ਰਮ ਕੀ ਯਹੁ ਬਾਨਿ।
ਭ੍ਰਮ ਇੰਦ੍ਰੀ ਨਿਗ੍ਰਹ ਕੀਯਾ, ਭ੍ਰਮ ਗੁਹਾ ਮੈਂ ਬਾਸ।[101]

ਉਹ ਕਿਹੜੀ ਵਿਧੀ ਹੈ ਜਿਸ ਦੁਆਰਾ ਇਸ ਕਰਮ-ਰੂਪ ਮਾਇਆ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕੇ, ਆਪ ਹੀ ਪ੍ਰਸ਼ਨ ਕਰਦੇ ਹੋਏ ਕਹਿੰਦੇ ਹਨ:

ਕਵਨ ਕਰਮ ਤੇ ਛੂਟੀਐ, ਜਿਹ ਸਾਧੇ ਸਭ ਸਿਧਿ ਹੋਇ।[102]

ਅਰਥਾਤ ਉਹ ਕਿਹੜੇ ਕਰਮ ਹਨ, ਜਿਨ੍ਹਾਂ ਨੂੰ ਸਾਧ ਕੇ ਜੀਵ ਮੁਕਤੀ-ਪਦ ਦਾ ਅਧਿਕਾਰੀ ਹੋ ਸਕਦਾ ਹੈ? ਆਪ ਇਸ ਦਾ ਹੱਲ ਸੁਝਾਉਂਦੇ ਹਨ:

ਭਗਤਿ ਜੁਗਤਿ ਮਤਿ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ।
ਸੋਈ ਬਸਿ ਰਸਿ ਮਨ ਮਿਲੇ, ਗੁਨ ਨਿਰਗੁਨ ਏਕ ਬਿਚਾਰ।[103]

ਅਰਥਾਤ ਜਿਹੜਾ ਜੀਵ ਆਪਣੀ ਬੁੱਧੀ ਵਿਚ ਪ੍ਰਭੂ-ਭਗਤੀ ਦੀ ਜੁਗਤ ਨੂੰ ਦ੍ਰਿੜ ਕਰ ਲੈਂਦਾ ਹੈ, ਉਹ ਮਾਇਆ ਦਾ ਭਰਮ-ਬੰਧਨ ਕੱਟ ਲੈਂਦਾ ਹੈ, ਵਿਸ਼ੇ-ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ। ਉਹ ਤ੍ਰੈਗੁਣੀ ਮਾਇਆ ਤੋਂ ਮੁਕਤ ਪ੍ਰਭੂ ਨਾਲ ਇਕਮਨ, ਇਕ-ਰਸ, ਇਕ-ਰੂਪ ਹੋ ਕੇ ਅੰਤਰ-ਆਤਮਾ ਵਿਚ ਪ੍ਰਭੂ ਦੇ ਦਰਸ਼ਨ ਪਾ ਲੈਂਦਾ ਹੈ।

ਗੁਰੂ ਰਵਿਦਾਸ ਜੀ ਜੀਵ ਨੂੰ ਚੇਤੰਨ ਕਰਦੇ ਹੋਏ ਇਸ ਤੱਥ ਪ੍ਰਤੀ ਸੁਚੇਤ ਕਰਦੇ ਹਨ ਕਿ ਪਰਮਾਤਮਾ ਨੇ ਤਾਂ ਚੰਗੇ-ਮੰਦੇ ਕਰਮਾਂ ਦਾ ਪੂਰਾ-ਪੂਰਾ ਹਿਸਾਬ ਲੈਣਾ ਹੈ। ਹੇ ਜੀਵ! ਤੂੰ ਜੋਬਨ ਦੇ ਨਸ਼ੇ ਵਿਚ ਆਪਣੇ-ਪਰਾਏ, ਚੰਗੇ-ਮੰਦੇ ਦੀ ਪਛਾਣ ਨਹੀਂ ਕਰਦਾ, ਪਰ ਜਿਸ ਵਕਤ ਪ੍ਰਭੂ ਲੇਖਾ ਮੰਗੇਗਾ, ਤੇਰੇ ਤੇ ਭੀੜ ਆ ਬਣੇਗੀ, ਤੇਰੇ ਪੱਲੇ ਕੁਝ ਨਹੀਂ ਹੋਵੇਗਾ, ਤੂੰ ਪਛਤਾਏਂਗਾ ਪਰ ਤੈਨੂੰ ਲੇਖਾ ਤਾਂ ਦੇਣਾ ਹੀ ਪੈਣਾ ਹੈ। ਇਸ ਲਈ ਹੇ ਜੀਵ ! ਤੂੰ ਪ੍ਰਭੂ ਦੇ ਨਾਮ-ਸਿਮਰਨ ਵਿਚ ਲੀਨ ਹੋ ਜਾ, ਔਗੁਣਾਂ ਤੋਂ ਤੋਬਾ ਕਰ ਲੈ:

ਨਾਂਵ ਨ ਲੀਯਾ ਔਗੁਣ ਕੀਯਾ, ਇਸ ਜੋਬਨ ਕੇ ਤਾਣ ਬੇ।
ਅਪਨੀ ਪਰਾਈ ਗਿਨਿ ਨ ਕਾਮੀ, ਮੰਦੇ ਕਰਮ ਕਮਾਣ ਬੇ।
ਸਾਹਿਬ ਲੇਖਾ ਲੇਸੀ, ਤੂੰ ਭਰਿ ਦੇਸੀ, ਭੀਰ ਪਰੇ ਤੁਝ ਤਾਂਹ ਬੇ।
ਜਨ 'ਰਵਿਦਾਸ' ਕਹੈ ਬਣਿਜਾਰਿਆ, ਤੂੰ ਨਿਰਖਤ ਚਾਲਯਾ ਛਾਂਹਿ ਬੇ।[104]

ਗੁਰੂ ਜੀ ਦਾ ਮਤ ਹੈ ਕਿ ਪ੍ਰਭੂ-ਭਗਤੀ ਤੋਂ ਵਿਹੀਨ ਮਨੁੱਖ ਭਾਵੇਂ ਵੇਦ-ਸ਼ਾਸਤਰਾਂ ਵਿਚ ਦਰਸਾਏ ਖਟੁ ਕਰਮ ਵੀ ਕਰੇ, ਪ੍ਰੰਤੂ ਜੇ ਉਸ ਦੇ ਹਿਰਦੇ ਵਿਚ ਪ੍ਰਭੂ-ਭਗਤੀ ਲਈ ਕੋਈ ਥਾਂ ਨਹੀਂ, ਉਹ ਪ੍ਰਭੂ-ਚਰਨਾਂ ਨਾਲ ਜੁੜਦਾ ਨਹੀਂ ਹੈ ਤਾਂ ਉਹ ਚੰਡਾਲ ਦੇ ਸਮਾਨ ਹੈ:

ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ।
ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨਿ ।[105]

## ਕਾਲ-ਰੂਪ ਮਾਇਆ

ਗੁਰੂ ਰਵਿਦਾਸ ਵਾਣੀ ਵਿਚ ਕਾਲ ਨੂੰ ਵੀ ਮਾਇਆ ਦਾ ਰੂਪ ਸਵੀਕਾਰਿਆ ਗਿਆ ਹੈ। ਗੁਰੂ ਜੀ ਅਨੁਸਾਰ ਸਮਸਤ ਜੀਵ-ਜੰਤੂ ਕਰਮਾਂ ਦੇ ਬੰਧਨ ਵਿਚ ਪਏ ਹੋਏ ਕਾਲ ਦਾ ਖਾਜਾ ਬਣ ਰਹੇ ਵਾਰ-ਵਾਰ ਜੰਮਣ-ਮਰਨ ਦੇ ਸੰਕਟ ਵਿਚ ਫਸੇ ਹੋਏ ਹਨ। ਕਾਲ-ਰੂਪੀ ਮਾਇਆ ਦੇ ਪ੍ਰਭਾਵ ਅਧੀਨ ਮੂਰਖ ਮੱਤ ਵਾਲਾ ਜੀਵ ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਦੁਨਿਆਵੀ ਵਿਸ਼ੇ-ਵਿਕਾਰਾਂ ਅਤੇ ਤ੍ਰਿਸ਼ਨਾਵਾਂ ਦੀ ਜ਼ਹਿਰ ਪੀ ਰਿਹਾ ਹੈ। ਕਾਲ ਭਰਮਾਂ ਦੇ ਫੰਦੇ ਵਿਚ ਫਸਾ ਕੇ ਜੀਵ ਦਾ ਘਾਤ ਕਰ ਰਿਹਾ ਹੈ:

> ਕਾਲ ਕਰਾਲ ਭ੍ਰਮਤ ਫੰਦਕ ਜਯੂੰ ਕਰਤ ਅਚਾਨੋ ਘਾਤ ਰੇ।
> ਚੇਤੈ ਨਹਿ ਅਲਖ ਮਤਿ ਮੂਰਖਿ, ਛਾਂਡਿ ਅੰਮ੍ਰਿਤ ਵਿਖੁ ਖਾਤ ਰੇ।[106]

ਗੁਰੂ ਜੀ ਅਨੁਸਾਰ ਇਹ ਦੇਸ਼ ਜੀਵਾਤਮਾ ਦਾ ਦੇਸ਼ ਨਹੀਂ ਹੈ, ਇਹ ਪਰਾਇਆ ਦੇਸ਼ ਹੈ, ਕਾਲ ਦਾ ਦੇਸ਼ ਹੈ, ਜੀਵ ਤਾਂ ਆਪਣੇ ਕਰਮਾਂ ਦੇ ਕਾਰਨ ਇਸ ਦੇਸ਼ ਵਿਚ ਕਾਲ-ਰੂਪੀ ਮਾਇਆ ਅਥਵਾ ਜਮਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ:

> ਯਹੁ ਤੌ ਬਿਦੇਸ਼ ਕਲਿਕਾਲ, ਹਮ ਆਨ ਪਰਯੋ ਜਮ ਜਾਲ।[107]

ਇਹ ਮਾਇਆ ਜੀਵ ਨੂੰ 'ਬਹੁ ਬਿਧਿ ਕਰਮ ਲਿਯੈਂ ਭਟਕਾਵੈ'।[108]

ਅਰਥਾਤ ਭਿੰਨ-ਭਿੰਨ ਪ੍ਰਕਾਰ ਦੇ ਕਰਮਾਂ ਵਿਚ ਫਸਾ ਕੇ ਭਟਕਾ ਰਹੀ ਹੈ। ਸਮਸਤ ਜੀਵ-ਜੰਤੂ ਕਰਮਾਂ ਦੇ ਵੱਸ ਪਏ ਹੋਏ, ਜਿੱਧਰ ਵੀ ਜਾਂਦੇ ਹਨ, ਕਾਲ ਦੀ ਅਕੱਟ ਫਾਹੀ ਉੱਧਰ ਹੀ ਉਨ੍ਹਾਂ ਨੂੰ ਚੰਬੜੀ ਰਹਿੰਦੀ ਹੈ। ਕਾਲ ਦੀ ਇਸ ਫਾਹੀ ਨੂੰ ਕੱਟਣ ਦਾ ਕੋਈ ਵੀ ਹੀਲਾ ਕੰਮ ਨਹੀਂ ਆਉਂਦਾ:

> ਜੀਅ ਜੰਤ ਜਹਾਂ ਜਹਾਂ ਲਗੁ, ਕਰਮ ਕੇ ਬਸਿ ਜਾਇ।
> ਕਾਲ ਫਾਸ ਅਬਧ ਲਾਗੇ, ਕਛੁ ਨ ਚਲੈ ਉਪਾਇ।[108]

## ਮਾਇਆ ਸਾਕਾਰਾਤਮਕ ਸ਼ਕਤੀ

ਵੇਦਾਂਤ ਦਰਸ਼ਨ ਵਿਚ ਮਾਇਆ ਨੂੰ ਅਨੇਕ ਅਰਥੀ ਮੰਨ ਕੇ ਪ੍ਰਮੁੱਖ ਤੌਰ ਤੇ ਇਸ ਦੇ ਦੋ ਰੂਪ ਚਿੱਤਰੇ ਗਏ ਹਨ: ਵਿਦਿਆ ਮਾਇਆ ਅਤੇ ਅਵਿਦਿਆ ਮਾਇਆ। ਵਿਦਿਆ ਮਾਇਆ ਸਾਕਾਰਾਤਮਕ ਸ਼ਕਤੀ ਹੈ ਜਿਸ ਨੂੰ ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਬ੍ਰਹਮ ਅਧੀਨ ਪ੍ਰਕ੍ਰਿਤੀ ਮੰਨਿਆ ਗਿਆ ਹੈ ਜੋ ਸ੍ਰਿਸ਼ਟੀ-ਉਤਪਾਦਕ ਕਿਰਿਆ-ਸ਼ਕਤੀ ਦਾ ਰੂਪ ਹੈ। ਇਹ ਬ੍ਰਹਮ ਦੀ ਦੈਵੀ ਸ਼ਕਤੀ ਹੈ ਜਿਸਦੇ ਅੰਤਰਗਤ ਸਮਸਤ ਸ੍ਰਿਸ਼ਟੀ ਦੀ ਰਚਨਾ ਕੀਤੀ ਗਈ ਹੈ। ਇਹ ਹੀ ਨਿਰਮਾਣ

ਸ਼ਕਤੀ ਹੈ, ਡਾ. ਰਾਧਾ ਕ੍ਰਿਸ਼ਨਨ ਨੇ ਮਾਇਆ ਦੀ ਇਸ ਵਿਸ਼ੇਸ਼ਤਾ ਦੇ ਆਧਾਰ ਤੇ ਇਹ ਨਿਰਣਾ ਕੀਤਾ ਹੈ ਕਿ ਮਾਇਆ ਸ਼ਬਦ ਮਾਂ ਧਾਤੂ ਤੋਂ ਆਇਆ ਹੈ ਜਿਸ ਦਾ ਭਾਵ ਹੈ ਸਿਰਜਨ ਸ਼ਕਤੀ।[109]

ਨਾਥ ਸੰਪ੍ਰਦਾਇ ਦੇ ਗੋਰਖ ਨਾਥ ਅਨੁਸਾਰ ਉਤਪੱਤੀ ਕਰਨ ਵਾਲੀ ਮਾਇਆ ਸ਼ਕਤੀ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਉਤਪੰਨ ਕੀਤਾ । ਗੁਰੂ ਰਵਿਦਾਸ ਵਾਣੀ ਵਿਚ ਮਾਇਆ ਦੀ ਇਸ ਪ੍ਰਕ੍ਰਿਤੀ ਦਾ ਉਲੇਖ ਮਿਲਦਾ ਹੈ। ਜੀਵ ਜਦੋਂ ਮਾਇਆ ਰੂਪੀ ਵਿਸ਼ੇ-ਵਿਕਾਰਾਂ ਵਿਚ ਬੁਰੀ ਤਰ੍ਹਾਂ ਫਸ ਕੇ ਇਨ੍ਹਾਂ ਤੋਂ ਥੱਕ ਜਾਂਦਾ ਹੈ ਅਤੇ ਜਦੋਂ ਜਗਤ ਦੇ ਮਾਇਆਵੀ ਪਦਾਰਥਾਂ ਲਈ ਉਸ ਦੀ ਦੌੜ ਖ਼ਤਮ ਹੋ ਜਾਂਦੀ ਹੈ ਤਾਂ ਜੀਵ ਦੇ ਇਹ ਪੰਜ ਦੁਸ਼ਮਣ (ਕਾਮ,ਕ੍ਰੋਧ ਮੋਹ, ਲੋਭ,ਹੰਕਾਰ) ਹੀ ਉਸ ਦੇ ਮਿੱਤਰ ਬਣ ਜਾਂਦੇ ਹਨ, ਇਹ ਜੀਵ ਦੀ ਰਾਹ-ਵਿਖਾਲੀ, ਰਹਿਨੁਮਾਈ ਕਰਦੇ ਹਨ ਅਤੇ ਨਿਧੀ-ਰੂਪ ਬ੍ਰਹਮ ਨਾਲ ਮਿਲਾ ਦਿੰਦੇ ਹਨ। ਇਸ ਮਾਇਆਵੀ ਜਗਤ ਤੋਂ ਉਲਟ ਕੇ ਜੀਵਾਤਮਾ ਉਸ ਪਰਮ-ਪਿਤਾ ਪਰਮਾਤਮਾ ਵਿਚ ਸਮਾ ਜਾਂਦੀ ਹੈ:

ਪਾਂਚੁ ਥਕਿਤ ਭਯੇ ਜਹਾਂ ਤਹਾਂ, ਜਹਾਂ ਤਹਾਂ ਥਿਤਿ ਪਾਈ।
ਜਾ ਕਾਰਨਿ ਮੈਂ ਡੋਰਯੋ ਫਿਰਤੌ, ਸੋ ਅਬ ਘਟ ਮੈਂ ਆਈ।
ਪਾਂਚੂ ਮੇਰੀ ਸਖੀ ਸਹੇਲੀ, ਤਿਨ ਨਿਧਿ ਦਈ ਦਿਖਾਈ।
ਅਬ ਮਨ ਫੂਲਿ ਭਯੋ ਜਗ ਮਹਿਯਾਂ, ਉਲਟਿ ਆਪ ਮੈਂ ਸਮਾਈ।[111]

ਮਾਇਆ ਨਾਕਾਰਾਤਮਕ ਸ਼ਕਤੀ

ਅਵਿਦਿਆ ਮਾਇਆ ਨਾਕਾਰਾਤਮਕ ਸ਼ਕਤੀ ਹੈ। ਇਸ ਦਾ ਸੰਬੰਧ ਜੀਵ ਨਾਲ ਹੈ, ਇਹ ਜੀਵ ਉਪਰ ਭਾਰੂ ਹੋ ਕੇ ਉਸ ਨੂੰ ਆਪਣੇ ਅਧੀਨ ਰੱਖਦੀ ਹੈ। ਛਲ,ਕਪਟ,ਅਦਭੁੱਤ ਚਤੁਰਾਈ, ਆਚਾਰ ਦੀ ਕੁਟਿਲਤਾ ਆਦਿ ਇਸ ਦੇ ਰੂਪ ਹਨ। ਇਸ ਦੇ ਕਾਰਨ ਜੀਵ ਸੰਸਾਰਿਕ ਧੰਦਿਆਂ, ਵਿਸ਼ੇ-ਵਿਕਾਰਾਂ, ਭੋਗਾਂ, ਤ੍ਰਿਸ਼ਨਾ-ਜਾਲ, ਦੁਨਿਆਵੀ ਸੁੱਖਾਂ ਆਦਿ ਵਿਚ ਗ਼ਲਤਾਨ ਰਹਿੰਦਾ ਹੈ। ਇਹ ਅਨੇਕਾਂ ਪ੍ਰਪੰਚ ਤੇ ਆਡੰਬਰ ਰਚ ਕੇ ਮਨੁੱਖ ਨੂੰ ਮੋਹ, ਮਮਤਾ ਵਿਚ ਹੀ ਉਲਝਾਈ ਰਖਦੀ ਹੈ:

ਕੋਟਿ ਕੌਤਿਗ ਕਰ ਦਿਖਰਾਵੈ, ਇਤ ਉਤ ਜਗ ਮਾਂਹੈ ਧਾਈ।
ਮਾਯਾ ਮਮਤਾ ਮੋਹ ਲਪਟਾਨੇ, ਦਿਨ ਦਿਨ ਉਰਝਤ ਜਾਈ।[112]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਇਹ ਨਾਕਾਰਾਤਮਕ ਸ਼ਕਤੀ ਹੈ। ਇਹ ਅਵਿਦਿਆ

ਅਤੇ ਅਗਿਆਨ ਦੀ ਜਨਨੀ ਹੈ। ਇਹ ਵਿਵੇਕ-ਨਾਸ਼ਕ ਹੈ, ਇਸ ਨੇ ਜੀਵ ਦਾ ਵਿਵੇਕ ਦੀਪ ਮਲੀਨ ਕੀਤਾ ਹੋਇਆ ਹੈ, ਜਿਸ ਦੇ ਫਲ-ਰੂਪ ਉਹ ਪ੍ਰਭੂ ਤੋਂ ਵਿਛੜਿਆ ਹੋਇਆ ਹੈ:

ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ ।[113]

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ।[114]

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਮਾਇਆ ਦੇ ਵਿਭਿੰਨ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਬ੍ਰਹਮ ਅਧੀਨ ਤ੍ਰੈਗੁਣਾਤਮਕ ਸਿਰਜਣ-ਸ਼ਕਤੀ ਹੈ, ਇਹ ਸ੍ਰਿਸ਼ਟੀ ਦੀ ਉਤਪੱਤੀ ਵਿਚ ਪ੍ਰਭੂ ਦੀ ਸਹਾਇਕ ਸ਼ਕਤੀ ਵੀ ਹੈ ਅਤੇ ਸੰਘਾਰ ਕਰਤਾ ਅਥਵਾ ਕਾਲ-ਰੂਪ ਵੀ ਹੈ। ਇਹ ਵਿਸ਼ੇ-ਵਿਕਾਰਾਂ ਦੇ ਆਕਰਸ਼ਣ ਵਿਚ ਜੀਵ ਨੂੰ ਫਸਾ ਕੇ ਮਾਇਆਵੀ ਜਗਤ ਵਿਚ ਉਲਝਾਈ ਰਖਦੀ ਹੈ। ਸਮਸਤ ਸੰਸਾਰ ਇਸ ਦੇ ਪ੍ਰਭਾਵ ਅਧੀਨ, ਇਸਦੇ ਵਿਭਿੰਨ ਰੂਪਾਂ ਤੇ ਮੋਹਿਤ ਹੋਇਆ ਪ੍ਰਭੂ ਨੂੰ ਭੁਲਾ ਕੇ ਇਸ ਵਿਕਰਾਲ ਮਾਇਆ ਹਥੋਂ ਖੱਜਲ ਖੁਆਰ ਹੋ ਰਿਹਾ ਹੈ।

### 5.1.4. ਮਾਇਆ ਦਾ ਪ੍ਰਭਾਵ ਖੇਤਰ

ਮਾਇਆ ਦਾ ਪ੍ਰਭਾਵ ਖੇਤਰ ਅਤਿ ਵਿਸ਼ਾਲ, ਖੰਡਾਂ-ਬ੍ਰਹਿਮੰਡਾਂ ਤਕ ਪਸਰਿਆ ਹੋਇਆ ਹੈ। ਸਮਸਤ ਜੀਵ-ਜੰਤੂ, ਰਿਸ਼ੀ-ਮੁਨੀ, ਦੇਵੀ-ਦੇਵਤੇ ਮਾਇਆ ਦੇ ਫੰਦੇ ਵਿਚ ਹਨ, ਇਥੋਂ ਤਕ ਕਿ ਸ੍ਰਿਸ਼ਟੀ ਦਾ ਕਰਤਾ ਵੀ ਇਸ ਤੇ ਲੁਭਾਇਮਾਨ ਹੋਇਆ ਪਿਆ ਹੈ। ਗੁਰੂ ਜੀ ਲਿਖਦੇ ਹਨ:

ਬਰਜਿ ਹੋ ਬਰਜਿ ਬੀਠੁਲੈ, ਮਾਯਾ ਜਗ ਖਾਯਾ ।
ਮਹਾਂ ਪ੍ਰਬਲ ਸਬ ਹੀ ਬਸਿ ਕੀਯੇ, ਸੁਰਨਰ ਮੁਨਿ ਭਰਮਾਯਾ।
- - - - - - - - - - - - - - - - - - - - - - - -
ਖੰ ਬ੍ਰਹਮਾਂਡ ਲੋਕ ਸਬ ਜੀਤੇ, ਇਹ ਬਿਧਿ ਤੇਜ ਜਨਾਵੇ।
ਸ੍ਵਯੰਭੂ ਕੋ ਚਿਤਿ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।[115]

ਇਸ ਸ਼ਕਤੀਸ਼ਾਲੀ ਮਾਇਆ ਨੇ ਸਾਰੇ ਸੰਸਾਰ ਨੂੰ ਆਪਣੇ ਪ੍ਰਪੰਚ ਦੁਆਰਾ ਵਿਆਕੁਲ ਕੀਤਾ ਹੋਇਆ ਹੈ ਅਤੇ ਸਮਸਤ ਪ੍ਰਾਣੀ ਤ੍ਰਾਹ-ਤ੍ਰਾਹ ਕਰ ਉਠੇ ਹਨ:

ਸੰਸਾਰ ਪ੍ਰਪੰਚ ਹੈ ਵਯਾਕਲ ਰਾਮਾਨੰਦਾ, ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ।[116]

ਵਿਸ਼ੈ-ਭੋਗ-ਵਾਸ਼ਨਾਵਾਂ, ਤ੍ਰਿਸ਼ਨਾ-ਕੁਰੀਤੀਆਂ, ਦੁਬਿਧਾ, ਮਲੀਨ ਤੇ ਦੁਰਮਤ ਜੋ ਅਨੇਕ ਵਿਕਾਰਾਂ ਨੂੰ ਜਨਮ ਦਿੰਦੀਆਂ ਹਨ ਮਾਇਆ ਦੇ ਪ੍ਰਭਾਵ ਖੇਤਰ ਵਿਚ ਆਉਂਦੀਆਂ ਹਨ। ਮਾਇਆ ਦੇ ਭਰਮ-ਵੱਸ ਇੰਦਰੀਆਂ ਦੇ ਭਾਸ ਰਹੇ ਸੁੱਖ ਵਿਸ਼ਰੂਪ ਬਣ ਕੇ ਜੀਵ ਨੂੰ ਡੱਸਦੇ ਹਨ ਅਤੇ ਵਿਕਰਾਲ ਮਾਇਆ ਨੇ ਹਰ ਜੀਵ ਨੂੰ ਵਿਆਕੁਲ ਕੀਤਾ ਹੋਇਆ ਹੈ:-

ਕੇਸਵੇ, ਬਿਕਟ ਮਾਯਾ ਤੋਰ, ਤਾਂ ਤੇ ਬਿਕਲ ਗਤਿ ਮੋਰ।
ਸੁਬਿਖ ਡੰਸਨ ਕਰਾਲ ਅਹਿ-ਮੁਖ ਗ੍ਰਸਿਤ ਸੁਠਿਲ੍ਹ ਸੁ ਮੇਖ।[117]

ਗੁਰੂ ਜੀ ਅਨੁਸਾਰ ਮਾਇਆ ਦਾ ਸਿੱਧਾ ਪ੍ਰਭਾਵ ਮਨੁੱਖੀ ਮਨ ਤੇ ਪੈਂਦਾ ਹੈ ਅਤੇ 'ਮਨ ਮਾਇਆ ਕੈ ਹਾਥਿ ਬਿਕਾਨਉ'[118] ਵਾਲੀ ਅਵਸਥਾ ਹੋ ਜਾਂਦੀ ਹੈ। ਮਾਇਆਵੀ ਜਗਤ ਦੇ ਪਦਾਰਥਾਂ ਵਿਚ ਇਹ ਮਨ ਏਨਾ ਰਮ ਜਾਂਦਾ ਹੈ ਕਿ ਇਸ ਨੂੰ ਆਪਣੇ ਆਪੇ ਦੀ ਸੋਝੀ ਨਹੀਂ ਰਹਿੰਦੀ। ਵਾਣੀ ਵਿਚ ਮਨ ਦੀ ਇਸ ਪ੍ਰਕ੍ਰਿਤੀ ਦੇ ਸੰਦਰਭ ਵਿਚ ਜੀਵ ਵਿਚ ਚੇਤੰਨਤਾ ਪੈਦਾ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਗੁਰੂ ਜੀ ਦਾ ਕਥਨ ਹੈ ਕਿ ਮੋਹ, ਮਾਇਆ ਵਿਚ ਲਿਪਟਿਆ ਮਨ ਇਸ ਦੇ ਪ੍ਰਭਾਵ ਅਧੀਨ ਵਿਸ਼ੈ-ਵਿਕਾਰਾਂ ਅਤੇ ਕੁਟਿਲਤਾ ਦਾ ਸ਼ਿਕਾਰ ਹੋ ਰਿਹਾ ਹੈ। ਆਪ ਜੀਵ ਨੂੰ ਸੁਚੇਤ ਕਰਦੇ ਹਨ ਕਿ ਮਾਇਆ ਦੇ ਪ੍ਰਭਾਵ ਕਾਰਨ ਤੇਰਾ ਜੀਵਨ ਵਿਅਰਥ ਜਾ ਰਿਹਾ ਹੈ, ਪ੍ਰਭੂ-ਨਾਮ ਦੇ ਸਿਮਰਨ ਤੋਂ ਬਿਨਾਂ ਤੂੰ ਮਾਇਆ ਤੋਂ ਮੁਕਤ ਨਹੀਂ ਹੋ ਸਕਦਾ:

ਮਨ ਮੇਰਾ ਮਾਯਾ ਮੋਹ ਲਪਟਾਨੋ।
ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਾਇ ਨਹੀਂ ਸਮਝਾਨੋ।
ਮਾਯਾ ਮੋਹਿ ਹਿਲਿ ਮਿਲਿ ਰਹਿਯੋ, ਫੋਕਟ ਸਾਟੇ ਜਨਮ ਗੰਵਾਨੋ।
ਕਹਿ ਰਵਿਦਾਸ ਕਛੁ ਚੇਤ ਬਾਵਰੇ, ਰਾਮ ਨਾਮ ਬਿਨ ਨਹਿ ਉਵਰਾਨੋ।[119]

### 5.1.5. ਮਾਇਆ ਦਾ ਪਰਿਵਾਰ

ਗੁਰੂ ਰਵਿਦਾਸ ਜੀ ਅਨੁਸਾਰ ਮਾਇਆ ਦਾ ਵਿਸ਼ਾਲ ਪਰਿਵਾਰ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਇਸ ਮਾਇਆ ਦੇ ਪੰਜ ਦੂਤ ਹਨ ਅਤੇ ਇਨ੍ਹਾਂ ਪੰਜਾਂ ਨੇ ਹੀ ਜੀਵ ਦਾ ਮਿੱਟੀ

ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨਾ ਰਹੈ ਰੇ।[124]

ਗੁਰੂ ਜੀ ਦਾ ਕਥਨ ਹੈ ਕਿ ਪ੍ਰਭੂ-ਭਗਤੀ ਵਿਚ ਲੀਨ ਹੋਣ ਨਾਲ ਜੀਵ ਜਮਾਂ ਦੀਆਂ ਫਾਹੀ ਕੱਟਕੇ ਜਨਮ-ਮਰਨ ਦੇ ਡਰ ਤੋਂ ਬੇ-ਖ਼ੌਫ਼ ਤੇ ਮੁਕਤ ਹੋ ਸਕਦਾ ਹੈ। ਇਸ ਲਈ ਜੀਵ ਨੂੰ ਪ੍ਰਭੂ ਦੇ ਗਿਆਨ ਦਾ ਪ੍ਰਕਾਸ਼ ਆਪਣੇ ਹਿਰਦੇ ਵਿਚ ਧਾਰਨ ਕਰਨਾ ਚਾਹੀਦਾ ਹੈ:

ਕਹੈ ਰਵਿਦਾਸ ਰਾਮ ਜਪਿ ਰਸਨਾ, ਕਾਟੈ ਜਮ ਕੀ ਪਾਸੀ ਰੇ।[125]

ਤੁਮਰੇ ਭਜਨ ਕਟਹਿ ਜਮ ਫਾਸਾ, ਭਗਤਿ ਹੇਤ ਗਾਵੈ ਰਵਿਦਾਸਾ।[126]

ਕਹਿ ਰਵਿਦਾਸ ਪ੍ਰਗਾਸ ਰਿਦੈ ਧਰਿ, ਜਨਮ ਮਰਨ ਭੈ ਭਾਗੀ।[127]

ਗੁਰੂ ਦਾ ਗਿਆਨ ਅਤੇ ਪ੍ਰਭੂ ਦਾ ਪ੍ਰੇਮ-ਭਗਤੀ ਬੁੱਧੀ-ਵਿਹੀਨ ਮਨੁੱਖ ਨੂੰ ਬੁੱਧੀ-ਸੰਪਨ ਬਣਾ ਕੇ ਉਸ ਨੂੰ ਮੰਦੇ ਕਰਮਾਂ ਤੋਂ ਛੁਟਕਾਰਾ ਦੁਆ ਦਿੰਦੇ ਹਨ। ਗੁਰੂ ਦੀ ਸ਼ਰਣ ਵਿਚ ਜਾ ਕੇ ਜੀਵ ਮਾਇਆ ਦੇ ਭਰਮਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਮਾਇਆਵੀ ਜਾਲ ਵਿਚ ਫਸਿਆ ਪਲ-ਪਲ ਭਟਕ ਰਿਹਾ ਮਨੁੱਖੀ-ਮਨ ਸਥਿਰਤਾ ਅਥਵਾ ਅਡੋਲਤਾ ਦੀ ਸਥਿਤੀ ਵਿਚ ਆ ਜਾਂਦਾ ਹੈ:

ਗੁਰ ਕੌ ਗਯਾਨ ਪ੍ਰੇਮ ਕੀ ਸਾਟੀ, ਕੁਬੁਧ ਕੁਕਰਮ ਛੁਡਾਇ।<br>
ਕਹਿ ਰਵਿਦਾਸ ਮਨ ਥਿਰੁ ਹਵੈਸੀ, ਚਲਿ ਸਬ ਛਾਡੋ ਗੁਰੂ ਸਰਣਾਇ।[128]

ਗੁਰੂ ਰਵਿਦਾਸ ਜੀ ਨੇ ਬੜੇ ਵਿਸ਼ਵਾਸ ਅਤੇ ਸਵੈ-ਭਰੋਸੇ ਨਾਲ ਇਸ ਤੱਥ ਨੂੰ ਪ੍ਰਵਾਨਗੀ ਦਿੱਤੀ ਹੈ ਕਿ ਸਾਰਾ ਜਗਤ ਮੋਹ, ਮਾਇਆ ਵਿਚ ਗ੍ਰਸਿਆ ਹੋਇਆ ਹੈ, ਪਰੰਤੂ ਪ੍ਰਭੂ-ਭਗਤ ਮਾਇਆ ਦੇ ਇਸ ਸੰਤਾਪ ਤੋਂ ਸਦਾ ਮੁਕਤ ਹਨ:

ਮੋਹ ਪਟਲ ਸਭ ਜਗਤੁ ਬਿਆਪਿਓ, ਭਗਤ ਨਹੀਂ ਸੰਤਾਪਾ।[129]

ਸੰਪਤਿ ਬਿਪਤਿ ਪਟਲ ਮਾਇਆ ਧਨੁ, ਤਾ ਮਹਿ ਮਗਨ ਹੋਤ ਨ ਤੇਰੋ ਜਨੁ।[130]

ਇਸ ਪ੍ਰਕਾਰ ਇਸ ਜਗਤ ਅਤੇ ਮਾਇਆ ਦੀ ਵਾਸਤਵਿਕਤਾ ਨੂੰ ਸਮਝ ਕੇ, ਗੁਰੂ ਦੀ ਸ਼ਰਣ ਵਿਚ ਜਾ ਕੇ, ਪ੍ਰੇਮ-ਭਗਤੀ ਅਤੇ ਰਾਮ-ਨਾਮ ਦੇ ਸਿਮਰਨ ਦੁਆਰਾ ਹੀ ਮਾਇਆ-ਜਾਲ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰਭੂ-ਭਗਤੀ ਵਿਚ ਲੀਨ ਮਨੁੱਖ ਮਾਇਆ ਦੇ ਮੋਹ ਅਤੇ ਭਰਮਾਂ ਦੀਆਂ ਤੰਦਾਂ ਨੂੰ ਰਾਮ-ਨਾਮ ਦੀ ਸ਼ਕਤੀ ਦੁਆਰਾ ਕੱਟ ਦਿੰਦਾ ਹੈ। ਮਾਇਆ

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ, ਤਾਕੀ ਕੇਤਕ ਆਸ।[120]

ਗੁਰੂ ਰਵਿਦਾਸ ਦਰਸ਼ਨ ਦਾ ਮੂਲ ਮੰਤਵ ਹੀ ਇਨ੍ਹਾਂ ਪੰਜ ਅਸਾਧ ਰੋਗਾਂ ਤੋਂ ਮੁਕਤ ਹੋ ਕੇ ਪ੍ਰਭੂ ਨਾਲ ਇਕਮਿਕ, ਇਕ-ਰਸ ਅਤੇ ਇਕ-ਰੂਪ ਹੋਣਾ ਹੈ, ਸੋ ਆਪ ਦੀ ਬਾਣੀ ਵਿਚ ਇਸ ਵਿਕਰਾਲ ਮਾਇਆ ਤੋਂ ਮੁਕਤ ਹੋਣ ਦੇ ਸਾਧਨ ਦਰਸਾਏ ਗਏ ਹਨ। ਗੁਰੂ ਜੀ ਨੇ ਮਾਇਆ ਤੋਂ ਉਦਾਸ ਤੇ ਉਪਰਾਮ ਹੋਣ ਦਾ ਉਪਦੇਸ਼ ਦਿੱਤਾ ਹੈ। ਵਿਸ਼ੇ-ਵਿਕਾਰਾਂ ਤੋਂ ਉਦਾਸ ਹੋਣ ਅਤੇ ਇਨ੍ਹਾਂ ਪ੍ਰਤੀ ਮਨ ਵਿਚ ਵੈਰਾਗ ਪੈਦਾ ਹੋਣ ਨਾਲ ਮਾਇਆ ਦਾ ਪ੍ਰਭਾਵ ਘਟ ਜਾਂਦਾ ਹੈ। ਆਪ ਦਾ ਕਥਨ ਹੈ ਕਿ ਮਾਇਆ ਤੋਂ ਉਪਰਾਮ ਹੋ ਕੇ, ਭਰਮ ਤੇ ਭਟਕਣਾ ਨੂੰ ਤਿਆਗ ਕੇ, ਵਿਸ਼ੇ-ਵਿਕਾਰਾਂ ਦੇ ਮੋਹ-ਜਾਲ ਵਿਚੋਂ ਨਿਕਲ ਕੇ ਅਤੇ ਗੁਰੂ ਦੇ ਗਿਆਨ-ਰੂਪੀ ਤਪ ਦੀ ਕਮਾਈ ਕਰਕੇ ਜੀਵ ਮਾਇਆ ਤੋਂ ਮੁਕਤ ਹੋ ਸਕਦਾ ਹੈ। ਆਪ ਲਿਖਦੇ ਹਨ:

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ, ਤਪਨ ਤਪੁ ਗੁਰ ਗਿਆਨ।[121]

ਗੁਰੂ ਜੀ ਜੀਵ ਨੂੰ ਸਮਝਾਉਂਦੇ ਹਨ ਕਿ ਹੇ ਜੀਵ ! ਜਗਤ ਤਾਂ ਅਸਥਿਰ ਤੇ ਨਾਸ਼ਵਾਨ ਹੈ, ਪਰ ਤੂੰ ਮਾਇਆ ਦੇ ਜਾਲ ਵਿਚ ਫਸ ਕੇ ਇਸ ਨੂੰ ਸੱਚ ਸਮਝੀ ਬੈਠਾ, ਮੈਂ; ਮੇਰੀ ਦੀ ਭਾਵਨਾ ਅਧੀਨ ਹਉਮੈਂ-ਗ੍ਰਸਤ ਹੈਂ। ਇਸ ਮਾਇਆ ਜਾਲ ਤੋਂ ਮੁਕਤ ਹੋਣ ਲਈ, ਭਰਮ ਅਤੇ ਹੰਕਾਰ ਦੀ ਭਾਵਨਾ ਨੂੰ ਛੱਡਕੇ ਜਗਤ ਦੀ ਵਾਸਤਵਿਕਤਾ ਨੂੰ ਸਮਝ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰ:

ਕਿਆ ਤੂ ਸੋਇਆ ਜਾਗ ਇਆਨਾ, ਤੈ ਜੀਵਨ ਜਗਿ ਸਚੁ ਕਰਿ ਜਾਨਾ।
ਰਹਾਉ।
ਕਰਿ ਬੰਦਗੀ ਛਾਡਿ ਮੈ ਮੇਰਾ। ਹਿਰਦੈ ਨਾਮੁ ਸਮਾਰਿ ਸਵੇਰਾ।
ਕਹਿ ਰਵਿਦਾਸ ਨਿਦਾਨਿ ਦਿਵਾਨੇ, ਚੇਤਸਿ ਨਾਹੀ ਦੁਨੀਆ ਫਨ ਖਾਨੇ।[122]

ਗੁਰੂ ਜੀ ਅਨੁਸਾਰ ਰਾਮ-ਨਾਮ ਦਾ ਜਾਪ ਹੀ ਜੀਵ ਨੂੰ ਮਾਇਆ ਦੇ ਫੰਦੇ ਤੋਂ ਮੁਕਤ ਕਰਵਾ ਸਕਦਾ ਹੈ। ਮਾਇਆ ਦੇ ਕਾਰਨ ਵਿਸ਼ੇ-ਵਿਕਾਰਾਂ ਦੇ ਹੱਥੀਂ ਸਾਰਾ ਸੰਸਾਰ ਲੁੱਟਿਆ ਜਾ ਰਿਹਾ ਹੈ, ਪਰੰਤੂ ਰਾਮ-ਨਾਮ ਦਾ ਸਿਮਰਨ ਕਰਨ ਵਾਲਾ ਜੀਵ ਇਨ੍ਹਾਂ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ:

ਕਹਿ ਰਵਿਦਾਸ ਸਭੈ ਜਗ ਲੂਟਿਆ, ਹਮ ਤੇ ਏਕ ਰਾਮ ਕਹਿ ਛੂਟਿਆ।[123]

ਪਲੀਤ ਕੀਤੇ ਹੋਏ ਹੈ। ਇਨ੍ਹਾਂ ਤੋਂ ਇਲਾਵਾ ਤ੍ਰਿਸ਼ਨਾ, ਦਵੇਸ਼, ਦੁਬਿਧਾ, ਕਾਲ, ਅਵਿਦਿਆ, ਅਗਿਆਨ, ਭਰਮ, ਧਨ,ਦੌਲਤ, ਸੰਪਤੀ, ਸੁੰਦਰ ਨਾਰੀ, ਪੁੱਤਰ ਆਦਿ ਮਾਇਆ ਦੇ ਵਿਸ਼ਾਲ ਪਰਿਵਾਰ ਦੇ ਅੰਗ ਹਨ। ਧਨ-ਦੌਲਤ, ਇੱਜ਼ਤ, ਮਾਣ-ਵਡਿਆਈ ਦੀ ਪ੍ਰਾਪਤੀ ਲਈ ਇੰਦਰੀਆਂ ਦੇ ਭੋਗਾਂ ਵਿਚ ਗ੍ਰਸਿਆ ਜੀਵ ਪਾਗਲਾਂ ਵਾਂਗ ਭਟਕਦਾ ਤੇ ਤੜਪਦਾ ਫਿਰਦਾ ਹੈ।

ਮਿੱਟੀ ਦੇ ਪੁਤਲੇ ਇਸ ਜੀਵ ਨੂੰ ਆਪਣੀ ਉੱਚੀ ਜਾਤ, ਵਿਦਵਾਨ, ਪੰਡਿਤ, ਗਿਆਨੀ, ਗੁਣੀ, ਜੋਗੀ, ਸੰਨਿਆਸੀ, ਸੂਰਮਾ ਅਤੇ ਦਾਨੀ ਹੋਣ ਦਾ ਹੰਕਾਰ ਹੈ। ਇਸ ਹਉਮੈ-ਹੰਕਾਰ ਦੇ ਭਰਮ-ਵੱਸ ਪਿਆ ਜੀਵ ਇਸ ਅਪਾਰ ਤੇ ਅਤਿਰ ਭੌ-ਸਾਗਰ ਰੂਪੀ ਜੀਵਨ ਵਿਚ ਉਠ ਰਹੀਆਂ ਤ੍ਰਿਸ਼ਨਾਂ ਦੀਆਂ ਲਹਿਰਾਂ ਵਿਚ ਗੋਤੇ ਖਾ ਰਿਹਾ, ਜੰਮਣ-ਮਰਨ ਦੇ ਭਾਰੀ ਸੰਕਟ ਵਿਚ ਪਿਆ ਦੁੱਖ ਸਹਿ ਰਿਹਾ ਹੈ। ਮਾਇਆ ਦੇ ਇਸ ਵਿਸ਼ਾਲ ਪਰਿਵਾਰ ਨੇ ਉਸ ਦੀ ਸੂਝ-ਸਮਝ ਨੂੰ ਮਲੀਨ ਕਰਕੇ ਉਸ ਨੂੰ ਪੰਜ ਅਸਾਧ ਰੋਗਾਂ ਵਿਚ ਗ੍ਰਸਤ ਕੀਤਾ ਹੋਇਆ ਹੈ। ਕਰਮਾਂ ਦੇ ਵੱਸ ਪਏ ਹੋਏ ਜੀਵ ਨੇ ਕਾਲ ਦੀ ਅਕੱਟ ਫਾਹੀ ਦਾ ਸ਼ਿਕਾਰ ਬਣਨਾ ਹੀ ਬਣਨਾ ਹੈ।

ਮਾਇਆ ਦੇ ਕਾਰਨ ਵਿਵੇਕ-ਹੀਣ ਮਨੁੱਖ ਪ੍ਰਭੂ ਦੇ ਨਾਮ-ਰੂਪੀ ਅੰਮ੍ਰਿਤ ਨੂੰ ਛੱਡ ਕੇ ਵਿਸ਼ੇ-ਵਿਕਾਰਾਂ ਅਤੇ ਤ੍ਰਿਸ਼ਨਾਂ ਦੀ ਜ਼ਹਿਰ ਪੀ ਰਿਹਾ ਹੈ। ਗੁਰੂ ਜੀ ਦਾ ਕਥਨ ਹੈ ਕਿ ਮਨੁੱਖ ਤਾਂ ਐਵੇਂ ਆਪਣੇ ਨਾਸ਼ਵਾਨ ਤੇ ਭਸਮ ਦੀ ਢੇਰੀ ਸਰੀਰ ਅਤੇ ਉੱਚੇ ਮਹਿਲਾਂ ਤੇ ਸੁੰਦਰ ਨਾਰੀ ਤੇ ਮਾਣ ਕਰ ਰਿਹਾ ਹੈ, ਦਰਅਸਲ ਇਹ ਸਾਰੇ ਮਾਇਆ ਦਾ ਰੂਪ ਹਨ। ਇਹ ਮਨੁੱਖ ਨੂੰ ਤਬਾਹੀ ਵੱਲ ਲਿਜਾ ਰਹੇ ਹਨ। ਰਾਮ ਨਾਮ ਦੇ ਸਿਮਰਨ ਤੋਂ ਬਗੈਰ ਜੀਵ ਇਸ ਸੰਸਾਰ ਦੀ ਬਾਜ਼ੀ ਹਾਰ ਜਾਂਦਾ ਹੈ, ਕਾਲ ਦਾ ਸ਼ਿਕਾਰ ਬਣਦਾ ਵਾਰ-ਵਾਰ ਜੰਮਣ-ਮਰਨ ਦੇ ਗੇੜ ਵਿਚ ਪਿਆ ਦੁੱਖ-ਸੁੱਖ ਅਤੇ ਸੰਤਾਪ ਭੋਗਦਾ ਹੈ।

5.1.6 <u>ਮਾਇਆ ਤੋਂ ਮੁਕਤੀ</u>

ਗੁਰੂ ਜੀ ਅਨੁਸਾਰ ਮਾਇਆ ਬੜੀ ਵਿਕਟ, ਵਿਕਰਾਲ ਅਤੇ ਮਹਾਂ-ਪ੍ਰਬਲ ਸ਼ਕਤੀ ਹੈ, ਮਨੁੱਖ ਵਿਚਾਰਾ ਤਾਂ ਕੀ, ਰਿਸ਼ੀ-ਮੁਨੀ, ਦੇਵੀ-ਦੇਵਤੇ ਅਤੇ ਖ਼ੁਦ ਸ੍ਰਿਸ਼ਟੀ ਦਾ ਕਰਤਾ ਵੀ ਇਸ ਦੇ ਪ੍ਰਪੰਚ ਤੇ ਮੋਹਿਤ ਹੋਇਆ ਪਿਆ ਹੈ। ਜਿਥੇ ਹੋਰ ਜੀਵ-ਜੰਤੂ ਆਪਣੇ ਬੁੱਧੀ-ਵਿਹੀਨ ਹੋਣ ਕਾਰਨ ਇਕ-ਇਕ ਦੋਸ਼ ਜਾਂ ਵਿਕਾਰ ਦੇ ਕਾਰਨ ਤਬਾਹ ਹੋ ਰਹੇ ਹਨ, ਉਥੇ ਮਨੁੱਖ ਤਾਂ ਪੰਜ ਦੋਸ਼ਾਂ ਜਾਂ ਵਿਕਾਰਾਂ ਨਾਲ ਘਿਰਿਆ ਹੋਇਆ ਹੈ, ਉਸ ਦੀ ਮੁਕਤੀ ਦੀ ਕਿੰਨੀ ਕੁ ਆਸ ਹੋ ਸਕਦੀ ਹੈ? ਗੁਰੂ ਜੀ ਦਾ ਕਥਨ ਹੈ:-

ਦੇ ਪ੍ਰਭਾਵ ਤੋਂ ਰਹਿਤ ਹੋਏ ਜੀਵ ਦੀ ਅਵਸਥਾ ਇਹ ਹੋ ਜਾਂਦੀ ਹੈ ਕਿ ਉਹ ਪ੍ਰਭੂ ਨੂੰ ਆਪਣੇ ਪ੍ਰੇਮ-ਬੰਧਨ ਵਿਚ ਕੈਦ ਕਰਕੇ, ਉਸ ਸਰਵ-ਸ਼ਕਤੀਮਾਨ ਪ੍ਰਭੂ ਨੂੰ ਵੀ ਪ੍ਰੇਮ-ਵੱਸ ਕਹਿ ਉਠਦਾ ਹੈ:

ਜਉ ਤੁਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧੇ ।
ਅਪਨੇ ਛੂਟਨ ਕੋ ਜਤਨ ਕਰਹੁ,ਹਮ ਛੂਟੇ ਤੁਮ ਆਰਾਧੇ ।[131]

## 5.1.7. ਨਿਸ਼ਕਰਸ਼

ਮਾਇਆ ਦੇ ਸੰਦਰਭ ਵਿਚ ਉਪਰੋਕਤ ਵਿਚਾਰ-ਚਰਚਾ ਦੇ ਫਲ-ਰੂਪ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਮਾਇਆ ਨੂੰ ਤ੍ਰੈਗੁਣਾਤਮਕ, ਵਿਕਟ ਅਤੇ ਮਹਾਂ-ਪ੍ਰਬਲ ਸ਼ਕਤੀ ਮੰਨਿਆ ਹੈ। ਇਹ ਅਨਿਰਵਚਨੀਯ, ਸਾਕਾਰਾਤਮਕ ਸ਼ਕਤੀ ਹੈ ਜੋ ਸਮਸਤ ਸੰਸਾਰ ਦੀ ਸਿਰਜਣਾ ਕਰਨ ਵਿਚ ਬ੍ਰਹਮ ਦੀ ਸਹਾਇਤਾ ਕਰਦੀ ਹੈ। ਇਹ ਅਨੰਤ ਭਰਮਾਂ, ਅਵਿਦਿਆ ਅਤੇ ਅਗਿਆਨਤਾ ਦੀ ਜਨਨੀ ਅਤੇ ਵਿਵੇਕ-ਨਾਸ਼ਕ ਹੈ। ਇਹ ਦੈਵੀ ਸ਼ਕਤੀ ਹੈ, ਛਲ ਅਤੇ ਕਪਟ ਯੁਕਤ, ਅਦਭੁਤ ਚਤੁਰਾਈ, ਕੁਟਿਲਤਾ, ਪ੍ਰਪੰਚ ਰਚੈਤਾ, ਦਗੇਬਾਜ਼, ਝੂਠੀ, ਬੋਥੀ ਅਤੇ ਫੰਦ ਪਸਾਰਨ ਵਾਲੀ ਹੈ। ਇਹ ਚੰਗੇ-ਮੰਦੇ ਕਰਮਾਂ ਦੁਆਰਾ ਅਸਤਿੱਤਵ ਵਿਚ ਆਉਂਦੀ ਹੈ। ਇਹ ਅਪਰੰਪਾਰ, ਪ੍ਰਪੰਚ ਰੂਪ ਅਤੇ ਮੋਹਿਨੀ ਹੈ। ਇਸ ਦਾ ਵਿਸ਼ਾਲ ਪਰਿਵਾਰ ਹੈ। ਇਸ ਦੇ ਛਲਾਵੇ ਤੋਂ ਤਾਂ ਖ਼ੁਦ ਸ੍ਰਿਸ਼ਟੀ ਦਾ ਕਰਤਾ ਵੀ ਨਹੀਂ ਬਚ ਸਕਿਆ। ਇਹ ਕਾਲ-ਰੂਪ ਅਤੇ ਨਾਕਾਰਾਤਮਕ ਸ਼ਕਤੀ ਹੈ, ਇਸ ਨੇ ਆਪਣੇ ਪੰਜ ਦੂਤਾਂ ਰਾਹੀਂ ਜੀਵ ਨੂੰ ਅਕੱਟ ਫਾਹੀ ਵਿਚ ਫਸਾ ਰਖਿਆ ਹੈ ਅਤੇ ਇਸ ਦੇ ਪ੍ਰਭਾਵ ਅਧੀਨ ਅਵਿਦਿਆ- ਵੱਸ ਜੀਵ ਆਪਣੇ ਮੂਲ ਸੋਮੇ ਬ੍ਰਹਮ ਤੋਂ ਵਿਛੜ ਕੇ ਇਸ ਜਗਤ ਵਿਚ ਦੁੱਖ ਸਹਿ ਰਿਹਾ ਹੈ। ਪਰੰਤੂ ਸੰਤ-ਜਨ ਇਸ ਦੇ ਪ੍ਰਭਾਵ ਤੋਂ ਮੁਕਤ ਹਨ ਅਤੇ ਪ੍ਰਭੂ-ਭਗਤੀ ਦੁਆਰਾ ਉਹ ਬ੍ਰਹਮ-ਰੂਪ ਹੋ ਜਾਂਦੇ ਹਨ ।

## 5.2. ਮੁਕਤੀ ਦਾ ਸੰਕਲਪ

ਮਾਨਵ ਜੀਵਨ ਵਿਚ ਮੁਕਤੀ ਨੂੰ ਜੀਵਨ ਦਾ ਸਰਵ-ਉੱਤਮ ਉਦੇਸ਼ ਮੰਨਿਆ ਗਿਆ ਹੈ। ਭਾਰਤੀ ਦਰਸ਼ਨ ਵਿਚ ਧਰਮ, ਅਰਥ, ਕਾਮ, ਮੋਕਸ਼ ਇਹ ਚਾਰੋਂ ਹੀ ਮਨੁੱਖੀ ਜੀਵਨ ਦੇ ਮੂਲ ਮੰਤਵ ਦਰਸਾਏ ਗਏ ਹਨ ਅਤੇ ਇਨ੍ਹਾਂ ਚਾਰਾਂ ਵਿਚੋਂ ਵੀ ਮੁਕਤੀ ਸਰਵ-ਉੱਚ ਮਾਨਵੀ ਉਦੇਸ਼ ਹੈ। ਮੁਕਤੀ, ਮੋਕਸ਼, ਪਰਮਪਦ, ਅਮਰਪਦ, ਪਰਮਗਤਿ, ਪਰਮਸੁੱਖ, ਪਰਮ ਆਨੰਦ,

ਨਿਰਵਾਣ ਆਦਿ ਪਰਿਆਵਾਚੀ ਸ਼ਬਦ ਹਨ। ਬੁਧ ਧਰਮ ਵਿੱਚ 'ਨਿਰਵਾਣ ਹੀ ਪਰਮ ਸੁੱਖ'[1] ਮੰਨਿਆ ਗਿਆ ਹੈ। ਧਮਪਦ ਵਿਚ ਨਿਰਵਾਣ ਦੇ ਅਰਥ 'ਅਦੁੱਤੀ ਆਨੰਦ' ਅਤੇ 'ਪਰਮ ਸ਼ਾਂਤੀ' ਲਿਖੇ ਗਏ ਹਨ।[2] ਗੀਤਾ ਵਿਚ ਮੁਕਤੀ ਨੂੰ ਅਕਸ਼ਯ ਸੁੱਖ[3], ਪਰਮ ਸ਼ਾਂਤੀ[4] ਅਤੇ ਪਰਮ ਧਾਮ[5] ਵਜੋਂ ਸਵੀਕਿਤ ਕੀਤਾ ਗਿਆ ਹੈ। ਮੁਕਤੀ ਪਰਮ ਆਨੰਦ ਦੀ ਉਹ ਅਵਸਥਾ ਹੈ ਜਿਥੇ ਪਹੁੰਚ ਕੇ ਜੀਵਨ ਦੇ ਸਾਰੇ ਦੁੱਖ, ਕਲੇਸ਼, ਖਤਮ ਹੋ ਜਾਂਦੇ ਹਨ ਅਤੇ ਆਵਾਗਵਨ ਦੇ ਚੱਕਰ ਤੋਂ ਹਮੇਸ਼ਾ ਲਈ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ।

ਵੈਦਿਕ ਦਰਸ਼ਨ ਵਿਚ ਲੋਕ-ਪਰਲੋਕ ਦੇ ਸੁੱਖ, ਆਨੰਦ ਅਤੇ ਖੁਸ਼ੀ ਭਰੇ ਜੀਵਨ ਲਈ ਦੁਆਵਾਂ ਕੀਤੀਆਂ ਗਈਆਂ ਹਨ ਅਤੇ ਇਸ ਲੌਕਿਕ ਤੇ ਅਲੌਕਿਕ ਸੁਖ ਨੂੰ ਹੀ ਪਰਮ-ਆਨੰਦ ਮੰਨਿਆ ਗਿਆ ਹੈ। ਰਿਗਵੇਦ ਵਿਚ ਇਕ ਪ੍ਰਾਰਥਨਾ ਹੈ, "ਸਾਡੀਆਂ ਰਾਤਾਂ ਮਿੱਠੀਆਂ ਹੋਣ ਅਤੇ ਸਵੇਰਾਂ ਪਿਆਰੀਆਂ ਹੋਣ। ਸਾਡੀ ਧਰਤੀ ਦਾ ਵਾਯੂਮੰਡਲ ਸੁਖਾਵਾਂ ਹੋਵੇ। ਸਾਡੇ ਮਿੱਤਰ ਪਰਲੋਕ ਵਿਚ ਸੁੱਖੀ ਰਹਿਣ।"[6] ਵੈਦਿਕ ਦਰਸ਼ਨ ਵਿਚ ਦੁਨਿਆਵੀ ਅਤੇ ਪਾਰਲੌਕਿਕ ਸੁੱਖਾਂ ਦੀ ਪ੍ਰਾਪਤੀ ਲਈ ਗਿਆਨ, ਕਰਮ ਅਤੇ ਭਗਤੀ ਭਾਵਨਾ ਦਾ ਅਨੁਕਰਨ ਕੀਤਾ ਗਿਆ ਹੈ। ਵੇਦਾਂ ਵਿਚ ਰਿਸ਼ੀਆਂ ਵਲੋਂ ਯੱਗ ਆਦਿ ਛੇ ਪ੍ਰਕਾਰ ਦੇ ਕਰਮ-ਕਾਂਡ ਕਰਕੇ ਸੁੱਖਾਂ ਦੀ ਪ੍ਰਾਪਤੀ ਅਤੇ ਦੁੱਖਾਂ ਤੇ ਕਲੇਸ਼ਾਂ ਤੋਂ ਮੁਕਤ ਹੋਣ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ।

ਵੇਦਾਂਤ ਦਰਸ਼ਨ ਅਰਥਾਤ ਉਪਨਿਸ਼ਦਾਂ ਵਿਚ ਮੋਕਸ਼ ਦਾ ਵਿਸ਼ਤ੍ਰਿਤ ਵਿਵੇਚਨ ਪ੍ਰਸਤੁਤ ਕੀਤਾ ਗਿਆ ਹੈ। ਉਪਨਿਸ਼ਦਾਂ ਵਿਚ ਯੱਗ, ਦਾਨ, ਤੀਰਥ-ਇਸ਼ਨਾਨ ਆਦਿ ਦੇ ਕਰਮ-ਕਾਂਡ ਨੂੰ ਮਾਨਤਾ ਨਹੀਂ ਦਿੱਤੀ ਗਈ, ਬਲਕਿ ਦਿਵਯ-ਪੁਰਸ਼ ਨਾਲ ਇਕ-ਰੂਪ ਹੋਣ[7] ਅਤੇ ਮਾਇਆਵੀ ਜਗਤ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਪਰਮ ਤੱਤ ਵਿਚ ਲੀਨ ਹੋਣ ਦੀ ਅਵਸਥਾ ਹੀ ਮੁਕਤੀ ਹੈ। ਮੁੰਡਕ ਉਪਨਿਸ਼ਦ ਅਨੁਸਾਰ, 'ਹਿਰਦੇ ਦੀਆਂ ਸਿਆਹ-ਗੰਢੀਆਂ(ਕਾਮ,ਕ੍ਰੋਧ,ਮੋਹ, ਲੋਭ,ਹੰਕਾਰ, ਤ੍ਰਿਸ਼ਨਾ ਆਦਿ) ਦਾ ਸਦੀਵੀ ਤਿਆਗ ਹੀ ਮਾਨਵ-ਮੁਕਤੀ ਅਤੇ ਅਮਰ ਪਦਵੀ ਦਾ ਸਾਧਨ ਹੈ।"[8] ਕਠਉਪਨਿਸ਼ਦ ਵਿਚ ਮੁਕਤੀ ਪ੍ਰਾਪਤੀ ਲਈ ਮਨੁੱਖ ਨੂੰ ਗਿਆਨਵਾਨ ਹੋਣਾ ਆਵੱਸ਼ਕ ਹੈ, " ਜਿਹੜਾ ਰਥਵਾਨ ਵਿਗਿਆਨਵਾਨ (ਵਿਵੇਕ ਬੁੱਧੀ ਦਾ ਮਾਲਕ) ਹੈ, ਅਤੇ ਵਿਵੇਕੀ ਮਨ ਦਾ ਸੁਆਮੀ ਹੁੰਦਾ ਹੋਇਆ ਪਵਿੱਤਰ ਜੀਵਨ ਜਿਊਂਦਾ ਹੈ, ਉਹ ਮੋਕਸ਼ ਨੂੰ ਪ੍ਰਾਪਤ ਕਰਦਾ ਅਤੇ ਜਨਮ-ਮਰਨ ਤੋਂ ਮੁਕਤ ਹੋ ਜਾਂਦਾ ਹੈ।"[9]

ਪੁਰਾਣਾਂ ਵਿਚ ਮੁਕਤੀ ਲਈ ਗਿਆਨ ਤੇ ਕਰਮ ਨੂੰ ਮਹੱਤਵ ਨਾ ਦੇ ਕੇ ਭਗਤੀ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਪ੍ਰਭੂ ਦੇ ਨਾਮ ਦਾ ਪ੍ਰੇਮ-ਭਰਿਆ ਕੀਰਤਨ ਅਤੇ ਸਿਮਰਨ

ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਦੁਆ ਕੇ ਜੀਵ ਨੂੰ ਪ੍ਰਭੂ ਵਿਚ ਲੀਨ ਕਰ ਦਿੰਦਾ ਹੈ। ਭਗਵਤ ਪੁਰਾਣ ਅਨੁਸਾਰ, " ਸ੍ਰੀ ਕ੍ਰਿਸ਼ਨ ਆਪ ਗੋਪੀਆਂ ਨੂੰ ਕਹਿੰਦੇ ਹਨ ਕਿ ਇਹ ਬੜੇ ਭਾਗਾਂ ਵਾਲੀ ਗੱਲ ਹੈ ਕਿ ਤੁਹਾਨੂੰ ਮੇਰਾ ਉਹ ਪ੍ਰੇਮ ਪ੍ਰਾਪਤ ਹੋ ਗਿਆ ਹੈ ਜਿਹੜਾ ਮੇਰੀ ਹੀ ਪ੍ਰਾਪਤੀ ਕਰਵਾਉਣ ਵਾਲਾ ਹੈ, ਕਿਉਂ ਕਿ ਮੇਰੇ ਪ੍ਰਤੀ ਕੀਤੀ ਹੋਈ ਪ੍ਰੇਮਾ-ਭਗਤੀ ਅਮਰ-ਪਦ ਅਰਥਾਤ ਪਰਮ ਧਾਮ ਨੂੰ ਪ੍ਰਾਪਤ ਕਰਵਾਉਣ ਵਾਲੀ ਹੈ।"[10]

ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਗੋਪੀਆਂ ਨੇ ਪਾਰਬ੍ਰਹਮ ਸਰੂਪ ਸ੍ਰੀ ਭਗਵਾਨ ਦਾ ਬਿਨਾਂ ਸਵਾਸ ਲਏ ਸਿਮਰਨ ਕਰਨ ਨਾਲ ਮੋਕਸ਼ ਪਦ ਪ੍ਰਾਪਤ ਕੀਤਾ।[11] ਗ੍ਰਹਿਸਤ ਜੀਵਨ ਦੇ ਸਾਰੇ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਕੀਰਤਨ ਭਗਤੀ ਇਕ ਸਰਲ ਸਾਧਨ ਹੈ।[12] ਅਤੇ ਜੋ ਪ੍ਰਭੂ ਦਾ ਸਿਮਰਨ ਕਰਦਾ ਹੈ, ਉਸ ਦਾ ਮਨ ਪ੍ਰਭੂ ਵਿਚ ਲੀਨ ਹੁੰਦਾ ਹੈ।[13] ਵਿਸ਼ਨੂੰ ਮਹਾਂ ਪੁਰਾਣ ਅਨੁਸਾਰ ਈਸ਼ਵਰ ਦੇ ਨਿਰੰਤਰ ਸਿਮਰਨ ਦੁਆਰਾ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਮਨੁੱਖ ਨਰਕ ਤੋਂ ਮੁਕਤ ਹੋ ਜਾਂਦਾ ਹੈ।[14] ਇਸ ਪ੍ਰਕਾਰ ਪੁਰਾਣਾਂ ਵਿਚ ਮੁਕਤੀ ਪ੍ਰਾਪਤੀ ਲਈ ਪ੍ਰੇਮਾ-ਭਗਤੀ ,ਕੀਰਤਨ ਅਤੇ ਪ੍ਰਭੂ-ਨਾਮ ਦੇ ਨਿਰੰਤਰ ਸਿਮਰਨ ਦੀ ਵਿਸ਼ੇਸ਼ਤਾ ਪ੍ਰਤਿਪਾਦਤ ਕੀਤੀ ਗਈ ਹੈ।

ਗੀਤਾ ਵਿਚ ਨਿਸ਼ਕਾਮ ਕਰਮ, ਭਗਤੀ, ਉਪਾਸ਼ਨਾ ਅਤੇ ਗਿਆਨ ਮੁਕਤੀ ਪ੍ਰਾਪਤ ਕਰਨ ਦੇ ਚਾਰ ਸਾਧਨ ਦੱਸੇ ਗਏ ਹਨ। ਇਨ੍ਹਾਂ ਚਾਰ ਸਾਧਨਾ ਰਾਹੀਂ ਮਨੁੱਖ ਪ੍ਰਭੂ ਦੀ ਸ਼ਰਨ ਅਥਵਾ ਪਰਮਪਦ ਪ੍ਰਾਪਤ ਕਰ ਸਕਦਾ ਹੈ। ਗੀਤਾ ਵਿਚ ਨਿਸ਼ਕਾਮ ਕਰਮ ਅਤੇ ਭਗਤੀ ਨੂੰ ਸਭ ਤੋਂ ਵੱਧ ਮਹੱਤਤਾ ਦਿੱਤੀ ਗਈ ਹੈ। ਸ੍ਰੀ ਕ੍ਰਿਸ਼ਨ ਦਾ ਫਰਮਾਨ ਹੈ ਕਿ ਜਿਹੜਾ ਅਨਿਨ ਪ੍ਰੇਮੀ ਭਗਤ ਮੈਨੂੰ (ਪ੍ਰਭੂ ਨੂੰ) ਨਿਰੰਤਰ ਚਿੰਤਨ ਕਰਦੇ ਹੋਏ ਨਿਸ਼ਕਾਮ ਭਾਵ ਨਾਲ ਭਜਦਾ ਹੈ, ਅਜਿਹੇ ਪੁਰਸ਼ਾਂ ਦੀ ਮੁਕਤੀ ਮੈਂ ਆਪ ਕਰਦਾ ਹਾਂ।[15] ਪਰਮਾਤਮਾ ਦੀ ਸ਼ਰਧਾ ਪੂਰਵਕ ਭਗਤੀ ਕਰਨ ਵਾਲਾ ਜੀਵ ਹੀ ਮਾਇਆ ਦੇ ਫੰਦੇ ਨੂੰ ਤੋੜਕੇ ਅਮਰ-ਪਦ ਦਾ ਅਧਿਕਾਰੀ ਹੋ ਸਕਦਾ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਪਰਮਾਤਮਾ ਵਿਚ ਅਨਿਨ ਪ੍ਰੇਮ ਰੱਖਣ ਵਾਲਾ, ਅਚਲ ਮਨ ਵਾਲਾ, ਮੇਰਾ ਹੀ ਸ੍ਰਵਣ-ਕੀਰਤਨ ਕਰਨ ਵਾਲਾ, ਸਭ ਕੁਝ ਮੈਨੂੰ ਹੀ ਅਰਪਿਤ ਕਰਕੇ, ਅਸੀਮ ਸ਼ਰਧਾ ਨਾਲ ਭਗਤੀ ਤੇ ਪੂਜਾ ਕਰਨ ਵਾਲਾ ਮੇਰੇ ਵਿਚ ਏਕੀਭਾਵ ਹੋ ਕੇ ਮੈਨੂੰ ਹੀ ਪ੍ਰਾਪਤ ਕਰ ਲਵੇਗਾ।[16] ਆਪਣੇ ਆਪਣੇ ਸੁਭਾਵਿਕ ਕਰਮਾਂ ਦੁਆਰਾ

ਮੇਰੀ ਪੂਜਾ ਕਰਕੇ ਮਨੁੱਖ ਪਰਮਸਿਧੀ ਨੂੰ ਪ੍ਰਾਪਤ ਹੁੰਦੇ ਹਨ।[17] ਮੈਨੂੰ ਪ੍ਰਾਪਤ ਕਰਕੇ ਫਿਰ ਪੁਨਰ-ਜਨਮ ਨਹੀਂ ਹੁੰਦਾ।[18] ਜੋ ਵਿਅਕਤੀ ਆਪਣੀਆਂ ਇੰਦਰੀਆਂ, ਮਨ ਅਤੇ ਬੁੱਧੀ ਉਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ, ਪ੍ਰਭੂ ਦੇ ਸਰੂਪ ਦਾ ਨਿਰੰਤਰ ਮਨਨ ਕਰਦਾ ਹੈ, ਉਹ ਇੱਛਾ, ਭੈ ਅਤੇ ਕ੍ਰੋਧ ਨੂੰ ਤਿਆਗ ਕੇ ਸਦੀਵੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[19]

ਬੁੱਧ ਮੱਤ ਵਿਚ ਜੀਵਨ ਦੀ ਅਨੰਤ ਸ਼ਾਂਤੀ ਅਵਸਥਾ ਨਿਰਵਾਣ ਹੈ। ਦੁੱਖ, ਕਲੇਸ਼ ਨੂੰ ਨਸ਼ਟ ਕਰਨ ਦੇ ਸਾਧਨ ਹੀ ਨਿਰਵਾਣ ਪ੍ਰਾਪਤੀ ਹੈ, ਅਰਥਾਤ ਗੌਤਮ ਬੁੱਧ ਅਨੁਸਾਰ ਅਸ਼ਟਾਂਗ ਮਾਰਗ ਦਾ ਹੀ ਦੂਸਰਾ ਨਾਮ ਮੁਕਤੀ ਹੈ।[20] ਬੋਧ ਦਰਸ਼ਨ ਚਾਰ ਆਰੀਆ ਸਤਯ ਉਪਰ ਆਧਾਰਿਤ ਹੈ: ਸੰਸਾਰ ਵਿਚ ਦੁੱਖ ਹਨ, ਦੁੱਖ ਦੇ ਕਾਰਨ ਹਨ, ਦੁੱਖਾਂ ਤੋਂ ਸਦੀਵੀ ਮੁਕਤੀ ਪ੍ਰਾਪਤ ਹੋ ਸਕਦੀ ਹੈ ਅਤੇ ਦੁੱਖਾਂ ਦੇ ਨਾਸ਼ ਵਾਸਤੇ ਵਾਸਤਵਿਕ ਮਾਰਗ ਹੈ । ਇਨ੍ਹਾਂ ਦੁੱਖਾਂ ਨੂੰ ਨਸ਼ਟ ਕਰਨ ਦੇ ਜੋ ਸਾਧਨ ਹਨ, ਉਹੀ ਨਿਰਵਾਣ ਪਦ ਹੈ ਅਤੇ ਇਹ ਨਿਰਵਾਣ ਹੀ ਪਰਮ ਸੁੱਖ ਹੈ। ਮੁਕਤੀ ਪ੍ਰਾਪਤ ਕਰਨ ਲਈ ਨਿਰਵਾਣ ਮਾਰਗ ਤੇ ਚਲਣਾ ਜ਼ਰੂਰੀ ਹੈ।

ਜੈਨ ਦਰਸ਼ਨ ਅਨੁਸਾਰ ਮੋਹ, ਮਾਇਆ ਦੇ ਪ੍ਰਭਾਵ ਅਧੀਨ ਜੀਵ ਬੰਧਨ ਵਿਚ ਪੈਂਦਾ ਹੈ। ਜੀਵ ਅਜੀਵ ਨਾਲ ਤੱਤਾਂ ਰਾਹੀਂ ਬੰਨ੍ਹਿਆ ਹੋਇਆ ਹੈ ਅਤੇ ਇਹੀ ਤੱਤ ਉਸ ਨੂੰ ਬੰਧਨ ਵਿਚ ਪਾਉਂਦੇ ਹਨ। ਜੈਨ ਦਰਸ਼ਨ ਅਨੁਸਾਰ ਕਰਮਾਂ ਦੇ ਸੰਸਕਾਰਾਂ ਤੋਂ ਨਿਰਲੇਪ ਹੋਣ ਦਾ ਨਾਂ ਸੰਵਰ ਹੈ ਅਤੇ ਪੂਰਬਲੇ ਸੰਸਕਾਰਾਂ ਤੋਂ ਛੁਟਕਾਰਾ ਪਾਉਣ ਦਾ ਨਾਂ ਨਿਰਜਰ ਹੈ। 'ਨਿਧਿਆਸਨ ਦੁਆਰਾ ਮਨੁੱਖ ਪਹਿਲੇ ਕਰਮ-ਪੁਦਗਲਾਂ ਦਾ ਨਾਸ਼ ਕਰ ਲੈਂਦਾ ਹੈ, ਇਸ ਦਰਸ਼ਨ ਅਨੁਸਾਰ ਨਿਰਮਲ ਅੰਤਹਕਰਨ ਵਾਲਾ ਜੀਵ ਆਪਣੇ ਸਰੀਰ ਵਿਚ ਸਥਿਤ ਆਤਮਾ ਦਾ ਦਰਸ਼ਨ ਕਰ ਸਕਦਾ ਹੈ। ਇਹ ਹੀ ਆਤਮ-ਸਾਖਿਆਤਕਾਰ ਜਾਂ ਪਰਮਪਦ ਹੈ। ਇਸ ਅਵਸਥਾ ਨੂੰ ਭਾਵ-ਮੋਕਸ਼ ਜਾਂ ਮੁਕਤੀ ਵੀ ਕਹਿੰਦੇ ਹਨ।[21] ਮੁਕਤੀ ਪ੍ਰਾਪਤੀ ਲਈ ਠੀਕ ਗਿਆਨ, ਠੀਕ ਨਿਸ਼ਚਾ ਅਤੇ ਠੀਕ ਚਰਿੱਤਰ ਅਤੇ ਤਿੰਨ ਰਤਨ ਧਾਰਨ ਕਰਨੇ ਪੈਂਦੇ ਹਨ। ਡਾ. ਪਵਨ ਕੁਮਾਰ ਜੈਨ ਅਨੁਸਾਰ, "ਆਂਤਰਿਕ ਗੁਣਾਂ ਤੇ ਆਧਾਰਿਤ ਬੰਧਨਾਂ ਤੋਂ ਮੁਕਤੀ ਹੀ ਮੁਕਤੀ ਹੈ। ਮੁਕਤ ਜੀਵ ਜਨਮ ਮਰਨ, ਨਰਕ ਆਦਿ ਅਵਸਥਾਵਾਂ ਨੂੰ ਤਿਆਗ ਦਿੰਦਾ ਹੈ ਜਿਥੇ ਨਾ ਤਾਂ ਕੋਈ ਦੁੱਖ ਹੈ ਨਾ ਸੁੱਖ ਹੈ, ਨਾ ਮਰਨ ਹੈ ਤੇ ਨਾ ਜਨਮ ਹੈ, ਉਹੋ ਨਿਰਵਾਣ ਹੈ।"[22]

ਸਾਂਖ ਦਰਸ਼ਨ ਵਿਚ ਮੁਕਤੀ ਨੂੰ 'ਕੈਵਲਯ ਕਿਹਾ ਗਿਆ ਹੈ, ਕੈਵਲਯ ਮਾਨਵ ਜੀਵਨ ਦਾ ਪਰਮ ਲਕਸ਼ ਹੈ। ਪ੍ਰਕ੍ਰਿਤੀ ਦੇ ਸੰਜੋਗ ਵਿਚ ਆ ਕੇ ਪੁਰਸ਼ ਆਪਣੀ ਵਾਸਤਵਿਕਤਾ ਨੂੰ ਭੁੱਲ ਜਾਂਦਾ ਹੈ, ਪੁਰਸ਼-ਪ੍ਰਕ੍ਰਿਤੀ ਦਾ ਇਹ ਆਪਸੀ ਸੰਜੋਗ ਹੀ ਬੰਧਨ ਹੈ। ਇਸ ਬੰਧਨ ਦਾ

ਕਾਰਨ ਅਵਿਦਿਆ ਅਤੇ ਅਗਿਆਨ ਹੈ ਅਤੇ ਇਹ ਉਸ ਵੇਲੇ ਤਕ ਬਣਿਆ ਰਹਿੰਦਾ ਹੈ ਜਦੋਂ ਤੱਕ ਪੁਰਸ਼ ਨੂੰ ਆਪਣੇ ਆਪੇ ਦੀ ਸੋਝੀ ਨਹੀਂ ਹੁੰਦੀ। "ਪ੍ਰਕ੍ਰਿਤੀ-ਪੁਰਸ਼ ਦੇ ਪਰਸਪਰ ਵਿਯੋਗ ਅਰਥਾਤ ਵਿਭਿੰਨ ਹੋਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।"[23] ਸਾਂਖ ਕਾਰਿਕਾ ਵਿਚ ਉਲੇਖ ਹੈ ਕਿ ਜਦੋਂ ਪੁਰਸ਼ ਦ੍ਰਿਸ਼ਟਾ ਹੋ ਕੇ ਪ੍ਰਕ੍ਰਿਤੀ ਨੂੰ ਦੇਖਦਾ ਅਤੇ ਸਾਖਿਆਤਕਾਰ ਕਰਦਾ ਹੈ ਤਾਂ ਉਸ ਨੂੰ ਸੋਝੀ ਹੁੰਦੀ ਹੈ ਕਿ ਪ੍ਰਕ੍ਰਿਤੀ ਨਾਲ ਉਸ ਦੇ ਸੰਬੰਧ ਤਾਂ ਨਿਰਾਰਥਕ ਹੀ ਹਨ।[24] ਸਿੱਟੇ ਵਜੋਂ ਪ੍ਰਕ੍ਰਿਤੀ ਨਾਲੋਂ ਉਸ ਦਾ ਨਾਤਾ ਆਪਣੇ ਆਪ ਟੁੱਟ ਜਾਂਦਾ ਹੈ ਅਤੇ ਪੁਰਸ਼ ਆਪਣੇ ਵਾਸਤਵਿਕ ਚੇਤੰਨ ਸਰੂਪ ਨੂੰ ਜਾਣ ਲੈਂਦਾ ਹੈ। ਸੰਚਿਤ ਅਥਵਾ ਜਨਮ ਦੇ ਪੂਰਵ ਕਰਮਾਂ, ਪ੍ਰਾਰਬਧ ਕਰਮਾਂ, ਸੰਸਕਾਰਾਂ ਦਾ ਨਾਸ਼ ਅਤੇ ਸਰੀਰ ਦਾ ਪਤਨ ਹੋਣ ਤੇ ਕੈਵਲਯ ਦੀ ਪ੍ਰਾਪਤੀ ਹੋ ਜਾਂਦੀ ਹੈ।

ਯੋਗ ਦਰਸ਼ਨ ਅਨੁਸਾਰ ਮਨੁੱਖੀ ਮਨ ਵਿਕਾਰਾਂ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਵਿਕਾਰੀ ਮਨ ਤੇ ਸੱਤ-ਸਰੂਪ ਆਤਮਾ ਦਾ ਪ੍ਰਕਾਸ਼ ਤਾਂ ਪੈਂਦਾ ਹੈ, ਪਰ ਅਵਿਦਿਆ, ਭਰਮ ਅਤੇ ਤ੍ਰਿਸ਼ਨਾਂ ਦੇ ਕਾਰਨ ਆਤਮਾ ਵੀ ਵਿਕਾਰਾਂ ਦੇ ਜਾਲ ਵਿਚ ਘਿਰ ਜਾਂਦੀ ਹੈ, ਜਿਸ ਦੇ ਫਲ-ਰੂਪ ਵਿਕਾਰੀ ਚਿੱਤ-ਬਿਰਤੀਆਂ ਅਧੀਨ ਇਹ ਸੁੱਖ, ਦੁੱਖ ਅਤੇ ਕਲੇਸ਼ ਦਾ ਸਾਹਮਣਾ ਕਰਦੀ ਹੈ। ਯੋਗ ਦਰਸ਼ਨ ਵਿਚ 'ਯੋਗਸ਼ਚਿਤ ਵ੍ਰਿਤੀ ਨਿਰੋਧ' ਉਪਰ ਬਲ ਦਿਤਾ ਗਿਆ ਹੈ, ਅਰਥਾਤ ਚਿੱਤ, ਅੰਤਹਕਰਨ (ਮਨ, ਬੁੱਧੀ ਅਤੇ ਹੰਕਾਰ) ਦੀਆਂ ਬਿਰਤੀਆਂ ਨੂੰ ਰੋਕਣਾ ਹੀ ਯੋਗ ਦਾ ਪ੍ਰਬਲ ਤੇ ਪ੍ਰਮੁੱਖ ਉਦੇਸ਼ ਹੈ। ਡਾ. ਬਲਦੇਵ ਉਪਾਧਿਆਇ ਅਨੁਸਾਰ, "ਵਿਵੇਕ ਦੀ ਸਿੱਧੀ ਲਈ ਪਾਤੰਜਲੀ ਦਰਸ਼ਨ ਵਿਚ ਯੋਗ ਦੇ ਅੱਠ ਅੰਗਾਂ ਦਾ ਵਰਣਨ ਕੀਤਾ ਗਿਆ ਹੈ।"[25]

ਯੋਗ ਦਰਸ਼ਨ ਵਿਚ ਇਨ੍ਹਾਂ ਅੱਠ ਅੰਗਾਂ ਨੂੰ ਅਸ਼ਟਾਂਗ ਮਾਰਗ ਕਿਹਾ ਗਿਆ ਹੈ। ਗਿਆਨ ਦੀ ਪ੍ਰਾਪਤੀ ਲਈ ਸੰਜਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਯਾਹਾਰ(ਪ੍ਰਤਿਕੂਲ ਬਿਰਤੀ) ਧਾਰਨਾ, ਧਿਆਨ ਅਤੇ ਸਮਾਧੀ ਦੇ ਇਸ ਅਸ਼ਟਾਂਗ ਮਾਰਗ ਵਿਚੋਂ ਲੰਘਣਾ ਜ਼ਰੂਰੀ ਹੈ। ਯੋਗ ਦਰਸ਼ਨ ਅਨੁਸਾਰ, "ਵਿਵੇਕ ਗਿਆਨ ਪ੍ਰਾਪਤ ਹੋਣ ਤੇ ਬੁੱਧੀ, ਸੱਤ ਅਤੇ ਪੁਰਸ਼ ਦੀ ਸ਼ੁੱਧੀ ਪ੍ਰਮੁੱਖ ਹੀ ਕੈਵਲਯ ਅਰਥਾਤ ਮੁਕਤੀ ਹੈ।"[26] ਇਸ ਪ੍ਰਕਾਰ ਜਦੋਂ ਪੁਰਸ਼ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਤਾਂ ਉਹ ਪਰਮ-ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ, ਇਹੀ ਜੀਵਨ-ਮੁਕਤੀ ਦੀ ਅਵਸਥਾ ਹੈ।

ਨਿਆਂ ਦਰਸ਼ਨ ਵਿਚ ਮੁਕਤੀ ਨੂੰ ਆਤਮਾ ਦੀ ਅੰਤਮ ਅਵਸਥਾ ਦੇ ਰੂਪ ਵਿਚ ਵਰਣਿਤ ਕੀਤਾ ਗਿਆ ਹੈ। ਦੁੱਖ ਤੋਂ ਵਿਮੋਕਸ਼ ਨੂੰ ਅਪਵਰਗ ਕਿਹਾ ਗਿਆ ਹੈ। ਪੀੜਾ ਅਤੇ ਕਲੇਸ਼ ਦੁੱਖ ਦਾ ਰੂਪ ਹਨ, ਇਸ ਦੁੱਖ-ਸੁੱਖ ਦੀ ਅਵਸਥਾ ਤੋਂ ਉਪਰ ਉੱਠ ਜਾਣਾ ਹੀ ਮੁਕਤੀ

ਹੈ। ਯੋਗ, ਧਿਆਨ, ਕਰਮ, ਅਭਿਆਸ ਅਤੇ ਤਪ ਨਿਆਂ ਦਰਸ਼ਨ ਵਿਚ ਮੁਕਤੀ ਦੇ ਸਾਧਨ ਮੰਨੇ ਗਏ ਹਨ। ਡਾ. ਉਮੇਸ਼ ਮਿਸ਼ਰ ਦਾ ਕਥਨ ਹੈ ਕਿ ਅਸ਼ਟਾਂਗ ਯੋਗ ਦੇ ਅਭਿਆਸ ਦੁਆਰਾ ਨਿਸ਼ਕਾਮ ਕਰਮ ਕਰਨ ਨਾਲ ਜੀਵਾਤਮਾ ਇੱਕੀ ਤਰ੍ਹਾਂ ਦੇ ਦੁੱਖ ਅਤੇ ਦੁੱਖਾਂ ਦੇ ਕਾਰਨਾਂ ਤੋਂ ਨਿਵਿਰਤ ਹੋ ਕੇ ਮੋਕਸ਼ ਪ੍ਰਾਪਤ ਕਰ ਸਕਦੀ ਹੈ।[27] ਨਿਆਂ ਦਰਸ਼ਨ ਅਨੁਸਾਰ ਮੁਕਤ ਅਵਸਥਾ ਵਿਚ ਨਾ ਦੁੱਖ ਰਹਿੰਦਾ ਹੈ ਨਾ ਸੁੱਖ। ਉਸ ਸਮੇਂ ਆਤਮਾ ਆਪਣੇ ਵਿਸ਼ੁੱਧ ਰੂਪ ਵਿਚ ਹੀ ਸਥਿਰ ਹੋ ਜਾਂਦੀ ਹੈ।[28] ਗੌਤਮ ਨੇ ਪ੍ਰਾਣਾਯਾਮ ਨੂੰ ਵੀ ਮੁਕਤੀ ਦਾ ਸਾਧਨ ਦਰਸਾਇਆ ਹੈ।[29] ਵੈਸ਼ੇਸ਼ਿਕ ਦਰਸ਼ਨ ਵਿਚ ਅਭਿਵਿਅਕਤ ਮੁਕਤੀ ਸੰਬੰਧੀ ਵਿਚਾਰ ਵੀ ਨਿਆਂ ਦਰਸ਼ਨ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ।

ਮੀਮਾਂਸਾ ਦਰਸ਼ਨ ਦਾ ਮੱਤ ਹੈ ਕਿ ਸਰੀਰ, ਮਨ ਅਤੇ ਇੰਦਰੀਆਂ ਜੀਵ ਨੂੰ ਭੋਗ ਭਾਵ ਦੇ ਬੰਧਨਾਂ ਵਿਚ ਪਾ ਕੇ ਦੁੱਖਾਂ ਤੇ ਸੁਖਾਂ ਦੇ ਜਾਲ ਵਿਚ ਫਸਾਉਂਦੇ ਹਨ। ਆਤਮ ਗਿਆਨ ਦੁਆਰਾ ਆਤਮਾਂ ਨੂੰ ਸਰੀਰ, ਮਨ ਅਤੇ ਇੰਦਰੀਆਂ ਤੋਂ ਵੱਖ ਕਰਕੇ ਦੁੱਖਾਂ ਦੇ ਬੰਧਨ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਵੈਦਿਕ ਵਿਧੀਆਂ ਅਨੁਸਾਰ ਦਰਸਾਏ ਗਏ ਯੱਗ, ਦਾਨ ਆਦਿ ਕਰਮਾਂ ਨੂੰ ਨਿਸ਼ਕਾਮ ਭਾਵਨਾ ਅਧੀਨ ਕਰਨ ਨਾਲ ਆਤਮਾ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਆਤਮ ਗਿਆਨ ਦੁਆਰਾ ਦੁੱਖਾਂ, ਕਲੇਸ਼ਾਂ ਦਾ ਨਾਸ਼ ਹੋਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਸ਼ੰਕਰ ਦੇ ਅਦ੍ਵੈਤਵਾਦੀ ਚਿੰਤਨ ਅਨੁਸਾਰ ਜਿਵੇਂ ਸੂਰਜ ਅਤੇ ਉਸ ਦੇ ਪ੍ਰਕਾਸ਼ ਵਿਚ ਤੇਜ ਮੱਤਾ ਦੇ ਗੁਣਾਂ ਦੀ ਸਾਂਝ ਕਾਰਨ ਵਿਸ਼ੇਸ਼ ਭੇਦ ਨਹੀਂ ਹੈ, ਇੰਵ ਹੀ ਈਸ਼ਵਰ ਅਤੇ ਜੀਵ ਵਿਚ ਅਭੇਦ ਅਤੇ ਭੇਦ ਹੈ। ਅਵਿਦਿਆ ਕਾਰਨ ਜੀਵ ਅਤੇ ਬ੍ਰਹਮ ਵਿਚ ਦ੍ਵੈਤ ਭਾਵ ਪੈਦਾ ਹੋ ਜਾਂਦਾ ਹੈ ਪਰ ਮੂਲ ਰੂਪ ਵਿਚ ਇਹ ਦੋਨੋਂ ਇਕ ਹਨ। ਪਰੰਤੂ 'ਅਵਿਦਿਆ ਕਾਰਨ ਇਹ ਭਿੰਨਤਾ ਬਣੀ ਹੋਈ ਹੈ। ਇਸ ਦੇ ਨਾਸ਼ ਨਾਲ ਜੀਵ ਅਵਿਨਾਸ਼ੀ ਪਰਮਾਤਮਾ ਦੇ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ।"[30] ਅਗਿਆਨ ਅਵਸਥਾ ਤਕ ਹੀ ਇਹ ਭੇਦ ਸਥਿਤ ਹੈ, ਗਿਆਨ ਦੁਆਰਾ ਇਹ ਦ੍ਵੈਤਵਾਦ ਦਾ ਭਰਮ ਟੁੱਟ ਜਾਂਦਾ ਹੈ ਅਤੇ ਜੀਵ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਸ਼ੰਕਰ ਅਨੁਸਾਰ ਕਰਮ ਅਤੇ ਗਿਆਨ ਮੁਕਤੀ ਪ੍ਰਾਪਤੀ ਦੇ ਸਾਧਨ ਹਨ। ਵੇਦਾਂ ਵਿਚ ਦਰਸਾਏ ਕਰਮਾਂ ਅਨੁਸਾਰ ਅੰਤਰ-ਆਤਮਾ ਦੀ ਸ਼ੁੱਧੀ ਹੁੰਦੀ ਹੈ ਅਤੇ ਇਹ ਆਤਮ ਗਿਆਨ ਜੀਵ ਦੀ ਮੁਕਤੀ ਦਾ ਸਾਧਨ ਬਣਦਾ ਹੈ।

ਵਿਸ਼ਿਸ਼ਟ ਅਦ੍ਵੈਤਵਾਦ ਅਨੁਸਾਰ ਨਿਸ਼ਕਾਮ ਅਤੇ ਸ੍ਰੇਸ਼ਟ ਕਰਮਾਂ ਦੁਆਰਾ ਗਿਆਨ ਰੂਪੀ ਭਗਤੀ ਨਾਲ ਜੀਵ ਦੀ ਮੁਕਤੀ ਸੰਭਵ ਹੈ। ਨਿਸ਼ਕਾਮ ਕਰਮ ਕਰਨ ਨਾਲ ਆਤਮਾ ਸ਼ੁੱਧ-ਰੂਪ ਹੁੰਦੀ ਹੈ ਅਤੇ ਉਸ ਨੂੰ ਆਤਮਾ-ਗਿਆਨ ਦੀ ਸੋਝੀ ਪ੍ਰਾਪਤ ਹੁੰਦੀ ਹੈ। ਰਾਮਾਨੁਜ ਆਚਾਰੀਆ ਨੇ ਪਰਮਪਦ ਅਵਸਥਾ ਪ੍ਰਾਪਤ ਕਰਨ ਲਈ ਭਗਤੀ-ਮਾਰਗ ਨੂੰ ਸਰਵ-ਸ੍ਰੇਸ਼ਟ ਮਾਰਗ ਸਵੀਕਾਰਿਆ ਹੈ। ਇਸ ਮੱਤ ਵਿਚ ਪ੍ਰਪੱਤੀ ਦੇ ਸਿਧਾਂਤ ਨੂੰ ਵਿਸ਼ੇਸ਼ ਮਹੱਤਵ ਦਿਤਾ ਗਿਆ ਹੈ। ਇਹ ਸਿਧਾਂਤ ਸ਼ਰਣਾਗਤੀ ਦਾ ਮਾਰਗ ਹੈ ,ਪ੍ਰਭੂ ਦੀ ਦਇਆ, ਮਿਹਰ ਤੇ ਭਰੋਸਾ ਰੱਖਕੇ ਆਪਣੇ ਆਪ ਨੂੰ ਪ੍ਰਭੂ ਦੀ ਸ਼ਰਨ ਵਿਚ ਅਰਪਿਤ ਕਰ ਦੇਣਾ ਹੀ ਪ੍ਰਪੱਤੀ ਹੈ। ਸ਼ਰਣਾਗਤੀ ਅਤੇ ਪ੍ਰਭੂ ਦਾ ਨਿਰੰਤਰ ਸਿਮਰਨ ਜੀਵ ਨੂੰ ਬੰਧਨ-ਮੁਕਤ ਕਰਵਾ ਸਕਦਾ ਹੈ। ਮੁਕਤ ਜੀਵ ਬ੍ਰਹਮ ਦੇ ਸਰੂਪ ਅਤੇ ਗੁਣਾਂ ਨੂੰ ਪ੍ਰਾਪਤ ਕਰਕੇ ਉਸ ਸਮਾਨ ਹੋ ਜਾਂਦੇ ਹਨ ।

ਦ੍ਵੈਤਵਾਦ ਦੇ ਮੱਧਵਾਚਾਰੀਆ ਅਨੁਸਾਰ ਮੁਕਤੀ ਇਕ ਆਤਮਕ ਆਨੰਦ ਹੈ ਜੋ ਭਗਤੀ, ਧਿਆਨ ਅਤੇ ਗੁਣ-ਉਪਾਸ਼ਨਾ ਦੇ ਸਾਧਨ ਦੁਆਰਾ ਪ੍ਰਾਪਤ ਹੁੰਦੀ ਹੈ। ਪ੍ਰਭੂ ਦਾ ਨਿਰੰਤਰ ਕੀਰਤਨ, ਜਾਪ ਅਤੇ ਉਸ ਦੀ ਪੂਜਾ, ਅਰਚਨਾ ਆਦਿ ਸਾਧਨ ਵੀ ਮੋਕਸ਼ ਪ੍ਰਾਪਤੀ ਵਿਚ ਸਹਾਈ ਸਿੱਧ ਹੁੰਦੇ ਹਨ ।

ਸ਼ੁੱਧ ਅਦ੍ਵੈਤਵਾਦ ਦੇ ਆਚਾਰੀਆ ਵੱਲਭ ਅਨੁਸਾਰ ਮੁਕਤੀ ਦੋ ਤਰ੍ਹਾਂ ਪ੍ਰਾਪਤ ਹੁੰਦੀ ਹੈ: ਇਕ ਤਾਂ ਉਸ ਸਮੇਂ ਜਦੋਂ ਜੀਵ ਆਪਣੇ ਸਾਰੇ ਕਰਮ ਭੋਗ ਕੇ ਸੁਰਖਰੂ ਹੋ ਜਾਂਦਾ ਹੈ ਅਤੇ ਦੂਜੇ, ਜਦੋਂ ਪ੍ਰਭੂ ਆਪਣੀ ਕ੍ਰਿਪਾ, ਮਿਹਰ ਤੇ ਬਖਸ਼ਿਸ਼ ਦੁਆਰਾ ਜੀਵ ਦੇ ਕਰਮਾਂ ਦਾ ਨਾਸ਼ ਕਰ ਦਿੰਦਾ ਹੈ। ਇਹ ਮੱਤ ਅਵਤਾਰਵਾਦ ਵਿਚ ਵਿਸ਼ਵਾਸ ਰੱਖਦਾ ਹੈ । ਬੇਸ਼ੱਕ ਪ੍ਰਭੂ ਨੂੰ ਸਰੀਰ ਧਾਰਨ ਦੀ ਲੋੜ ਨਹੀਂ ਹੁੰਦੀ, ਪਰੰਤੂ ਫਿਰ ਵੀ ਆਪਣੇ ਭਗਤਾਂ ਨੂੰ ਪ੍ਰਸੰਨ ਕਰਨ ਅਤੇ ਜੀਵ-ਮੁਕਤੀ ਲਈ ਉਹ ਵਿਭਿੰਨ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਵੱਲਭ ਨੇ ਗੀਤਾ ਦੇ ਇਸ ਕਥਨ ਨੂੰ ਹੀ ਮੁਕਤੀ ਦਾ ਰੂਪ ਮੰਨਿਆ ਹੈ ਕਿ ਭਿੰਨਤਾ ਨੂੰ ਤਿਆਗ ਕੇ ਦੁੱਖ, ਕਲੇਸ਼ ਅਤੇ ਜੜ੍ਹਤਾ ਨੂੰ ਛੱਡ ਕੇ ਆਨੰਦਮਈ ਸਰੂਪ ਵਿਚ ਸਥਿਤ ਹੋਣਾ ਹੀ ਮੁਕਤੀ ਹੈ ।

ਨਾਥ ਸੰਪ੍ਰਦਾਇ ਅਨੁਸਾਰ ਅਚੱਤ(ਸ੍ਰਿਸ਼ਟੀ) ਦੇ ਸੰਪਰਕ ਨਾਲ ਚਿੱਤ (ਜੀਵਾਤਮਾ) ਵਿਚ ਚੰਚਲਤਾ ਆਉਂਦੀ ਹੈ ਜਿਸ ਦੇ ਸਿੱਟੇ ਵਜੋਂ ਇਹ ਸੁੱਖ, ਦੁੱਖ ਅਤੇ ਕਲੇਸ਼ ਦੀ ਭਾਗੀ ਬਣਦੀ ਹੈ। ਇਸ ਚਿੱਤ ਨੂੰ ਸਥਿਰ ਕਰਨਾ ਹੀ ਨਾਥ ਮੱਤ ਦਾ ਮੂਲ ਮੰਤਵ ਹੈ।

ਨਾਥਾਂ ਨੇ ਇਸ ਜਗਤ ਵਿਚ ਵਿਅਕਤੀ ਦੇ ਚਿੱਤ ਦੀਆਂ ਬਿਰਤੀਆਂ ਨੂੰ ਰੋਕਣ ਵਿਚ ਮੁਕਤੀ ਮੰਨੀ ਹੈ। ਬੁੱਧ ਧਰਮ ਦੇ ਪ੍ਰਭਾਵ ਅਧੀਨ ਇਨ੍ਹਾਂ ਨੇ ਜੀਵਨ ਵਿਚ ਸੰਜਮ ਤੇ ਚਿੱਤ-ਬਿਰਤੀ ਨਿਰੋਧ ਉਪਰ ਬਲ ਦਿੱਤਾ ਹੈ। ਨਰਿੰਦਰ ਧੀਰ ਦਾ ਮੱਤ ਹੈ ਕਿ ਬੱਜਰਯਾਨੀ ਸ਼ਾਖਾ ਦੇ ਮੱਤ ਨੂੰ ਮੰਨਣ ਵਾਲਿਆਂ ਦੀ ਪ੍ਰਣਾਲੀ ਯੋਗਿਕ ਕ੍ਰਿਆਵਾਂ ਨਾਲ ਸੰਜਮ, ਜਪ, ਤਪ ਆਦਿ ਦੁਆਰਾ ਬ੍ਰਹਮ ਦਾ ਪ੍ਰਤੱਖ ਸਾਖਿਆਤ ਕਰਨਾ ਸੀ ਅਤੇ ਸਹਿਜਯਾਨ ਸ਼ਾਖਾ ਅੰਦਰ, ਬੱਜਰਯਾਨ ਤੋਂ ਭਿੰਨ ਅਤੇ ਉਲਟੀਆਂ ਗੱਲਾਂ ਦੀ ਚਾਲ ਅਤੇ ਰੀਤ ਮਿਲਦੀ ਹੈ।"[31]

ਸੂਫ਼ੀ ਦਰਸ਼ਨ ਵਿਚ ਜੀਵਾਤਮਾ ਦੇ ਦੋ ਭੇਦ ਮੰਨੇ ਗਏ ਹਨ: ਨਫ਼ਸ ਅਤੇ ਰੂਹ। "ਨਫ਼ਸ ਕੁਵਿਰਤੀਆਂ ਦਾ ਸਥਾਨ ਹੈ ਅਤੇ ਰੂਹ ਸਦ-ਬਿਰਤੀਆਂ ਦਾ।"[32] ਸੂਫ਼ੀਆਂ ਨੇ ਨਫ਼ਸ ਦੀ ਸ਼ੁਧਤਾ ਨੂੰ ਰੂਹਾਨੀ ਸਫ਼ਰ ਦੀ ਪਹਿਲੀ ਮੰਜ਼ਿਲ ਸਵੀਕਾਰਿਆ ਹੈ। ਆਪਣੇ ਆਪ ਨੂੰ ਪ੍ਰਸ਼ੰਸਾ-ਯੋਗ ਅਤੇ ਦੈਵੀ ਗੁਣਾਂ ਨਾਲ ਸ਼ਿੰਗਾਰਨਾ, ਨਿੰਦਨੀਯ ਅਤੇ ਪਾਸ਼ਵਿਕ ਬਿਰਤੀਆਂ ਜਿਹੇ ਦੁਸ਼ਟ ਗੁਣਾਂ ਤੋਂ ਪਾਕ ਕਰਨਾ ਹੀ ਨਫ਼ਸ ਦੀ ਸ਼ੁੱਧਤਾ ਹੈ। ਇਮਾਮ ਗ਼ੱਜ਼ਾਲੀ ਦੇ ਅਨੁਸਾਰ, " ਰੱਬ ਦੀ ਪ੍ਰਾਪਤੀ ਲਈ ਪੁੱਟਿਆ ਪਹਿਲਾ ਕਦਮ ਸਰੀਰ ਦੀਆਂ ਇੱਛਾਵਾਂ ਨੂੰ ਸਰ ਕਰਨਾ ਅਤੇ ਇਸ ਦੇ ਦੁਸ਼ਟ ਪ੍ਰਭਾਵਾਂ ਤੇ ਸ਼ੈਤਾਨੀ ਗੁਣਾਂ ਤੋਂ ਮੁਕਤ ਹੋਣਾ ਹੈ ਤਾਂ ਕਿ ਦਿਲ ਰੱਬ ਤੋਂ ਬਿਨਾਂ ਬਾਕੀ ਸਭ ਪ੍ਰਭਾਵਾਂ ਤੋਂ ਰਹਿਤ ਹੋ ਜਾਵੇ।"[33] ਸੂਫ਼ੀ ਦੇ ਜੀਵਨ ਦਾ ਲਕਸ਼ ਅਤੇ ਉਦੇਸ਼ ਕੇਵਲ ਅੱਲਾ ਦੀ ਪ੍ਰਾਪਤੀ ਹੈ। ਉਹ ਕੇਵਲ ਰੱਬ ਨੂੰ ਪਿਆਰ ਕਰਦਾ ਹੈ। ਉਸ ਦੀ ਸੋਚ, ਧਿਆਨ ਅਤੇ ਦੁਆ ਸਭ ਰੱਬ ਪ੍ਰਤੀ ਹੀ ਹੁੰਦੇ ਹਨ।[34]

ਇਸ ਪ੍ਰਕਾਰ ਵਿਭਿੰਨ ਚਿੰਤਕਾਂ ਨੇ ਮਾਨਵ-ਜੀਵਨ ਦੇ ਸਰਵ-ਉੱਤਮ ਲਕਸ਼ ਦੀ ਪ੍ਰਾਪਤੀ ਲਈ ਨਿਸ਼ਕਾਮ ਕਰਮ, ਆਤਮ ਗਿਆਨ, ਪ੍ਰਭੂ-ਭਗਤੀ ਅਤੇ ਸਦਾਚਾਰਕ ਜੀਵਨ ਉਪਰ ਬਲ ਦਿਤਾ ਹੈ। ਮਾਇਆਵੀ ਜਗਤ ਦੀਆਂ ਵਿਕਾਰੀ ਰੁਚੀਆਂ ਨੂੰ ਤਿਆਗ ਕੇ, ਹਉਮੈਂ-ਹੰਕਾਰ ਦੀ ਭਾਵਨਾ ਨੂੰ ਤੱਜ ਕੇ, ਅਗਿਆਨਤਾ ਤੋਂ ਛੁਟਕਾਰਾ ਪ੍ਰਾਪਤ ਕਰਕੇ, ਪ੍ਰਭੂ-ਚਰਨਾਂ ਵਿਚ ਆਪਣਾ ਆਪਾ ਸਮਰਪਿਤ ਕਰਕੇ ਅਤੇ ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਹੀ ਜੀਵ ਇਸ ਅਤਿ ਸੰਤਾਪ ਭਰੇ ਆਵਾਗਵਨ ਤੋਂ ਮੁਕਤ ਹੋ ਸਕਦਾ ਹੈ।

### 5.2.1. ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦਾ ਵਰਣਨ

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦੇ ਸੰਦਰਭ ਵਿਚ ਵਿਸਤ੍ਰਿਤ ਵਿਵੇਚਨ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਰਵਿਦਾਸ ਦਰਸ਼ਨ ਅਨੁਸਾਰ ਇਹ ਸਾਰਾ ਜਗਤ ਪਰਮ-ਪਿਤਾ ਪਰਮੇਸ਼ਰ ਤੋਂ ਪੈਦਾ ਹੋਇਆ ਹੈ ਅਤੇ ਜੀਵਾਤਮਾ ਉਸ ਦੀ ਹੀ ਅੰਸ਼ ਹੈ। ਇਕ ਪਰਮਾਤਮਾ

ਹੀ ਅਨੇਕ ਹੋ ਕੇ ਸਭ ਜੀਵਾਂ ਅੰਦਰ ਆਤਮਾ ਦੇ ਰੂਪ ਵਿਚ ਬਿਰਾਜਮਾਨ ਹੈ। ਪਰੰਤੂ ਅਵਿਦਿਆ ਮਾਇਆ ਅਤੇ ਅਗਿਆਨ ਦੇ ਕਾਰਨ ਭੇਗ-ਭਾਵ ਦੇ ਬੰਧਨਾਂ ਵਿਚ ਪੈ ਕੇ ਜੀਵ ਕਰਮਾਂ ਅਨੁਸਾਰ ਗਤੀ ਪ੍ਰਾਪਤ ਕਰਦਾ ਹੈ। ਮਾਇਆ ਦੇ ਪੰਜ ਹਥਿਆਰ ਇਸ ਨੂੰ ਪਰਮਾਤਮਾ ਤੋਂ ਵੱਖ ਕਰਦੇ ਹਨ ਜਿਸ ਦੇ ਫਲ-ਰੂਪ ਜੀਵ ਦੁਨਿਆਵੀ ਦੁੱਖ, ਕਲੇਸ਼ ਸਹਿ ਰਿਹਾ ਵਾਰ-ਵਾਰ ਮਰਨ-ਜੰਮਣ ਦੇ ਸੰਤਾਪ ਦਾ ਸਾਹਮਣਾ ਕਰ ਰਿਹਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਨੂੰ ਮਾਨਵ-ਜੀਵਨ ਦਾ ਪਰਮ-ਲਕਸ਼ ਮੰਨਕੇ ਮੁਕਤੀ ਸ਼ਬਦ ਦਾ ਪ੍ਰਯੋਗ ਵਿਆਪਕ ਅਰਥਾਂ ਵਿਚ ਕੀਤਾ ਹੈ। ਮੁਕਤੀ ਲਈ ਆਪ ਨੇ ਤਜੀਲੇ ਸਰਬ ਜੰਜਾਲ, ਆਵਾਗਵਨੁ ਬਿਲਾਇ, ਛੁਟਕਤ ਬਜਰ ਕਪਾਟ, ਪਰਮਾ ਨੰਦ, ਜਨਮ ਮਰਨ ਭੈ ਭਾਗੀ, ਕਟਹਿ ਜਮ ਫਾਸਾ, ਜਮ ਸਿਉ ਨਹੀਂ ਕਾਮਾ, ਜੀਵਤ ਮੁਕਤ ਸਦਾ ਨਿਰਬਾਨ, ਪਰਮ ਗਤਿ, ਪ੍ਰਭੂ ਦਰਸ਼ਨ, ਭੈ ਸਾਗਰ ਤਰਨਾ, ਬਹੁਰਿ ਨਾ ਆਉ, ਪਰਮ ਨਿਧੀ ਪਾਈ, ਜੀਵਨ ਮੁਕਤੀ ਨਿਧੀ ਕਾਸੀ, ਆਤਮ ਪ੍ਰਗਾਸ, ਸਾਚਿ ਹੂੰ ਪਹਿਚਾਣੈ, ਆਪਹਿ ਆਪ ਸਮਾਣਾ, ਜਨਮ ਮਰਨ ਬਿਲਮਾਇ ਆਦਿ ਸ਼ਬਦਾਂ ਤੇ ਵਾਕਾਂਸ਼ਾਂ ਦਾ ਪ੍ਰਯੋਗ ਕੀਤਾ ਹੈ। ਨਿਰਵਾਨ ਪਦ ਲਈ ਆਪ ਨੇ ਸਮਭਾਵੀ ਸ਼ਬਦ 'ਬੇਗਮਪੁਰਾ' ਦੀ ਵਰਤੋਂ ਵੀ ਕੀਤੀ ਹੈ।

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦਾ ਅਰਥ ਮਾਇਆਵੀ ਸੰਸਾਰ ਦੇ ਸੁੱਖਾਂ, ਦੁੱਖਾਂ, ਕਲੇਸ਼ਾਂ, ਮੋਹ-ਮਮਤਾ ਅਥਵਾ ਗ੍ਰਹਿਸਤ ਜੀਵਨ ਦੇ ਸਾਰੇ ਬੰਧਨਾਂ ਵਿਚੋਂ ਨਿਕਲ ਕੇ ਪਰਮ ਪਿਤਾ ਪਰਮਾਤਮਾ ਵਿਚ ਹਮੇਸ਼ਾ ਲਈ ਇਕਮਿਕ ਤੇ ਇਕ-ਰਸ ਹੋਣ ਦਾ ਨਾਮ ਹੈ। ਉਹ ਕੇਵਲ ਮੁਕਤੀ ਨਹੀਂ ਚਾਹੁੰਦੇ, ਉਹ ਤਾਂ ਪ੍ਰਭੂ-ਰੂਪ ਹੋ ਜਾਣਾ ਚਾਹੁੰਦੇ ਹਨ, ਉਸ ਵਿਚ ਸਦੀਵੀ ਤੌਰ ਤੇ ਸਮਾ ਜਾਣਾ ਹੀ ਉਨ੍ਹਾਂ ਲਈ 'ਆਤਮ ਪ੍ਰਗਾਸ' ਹੈ। ਵਾਸਤਵ ਵਿਚ ਤਾਂ ਆਤਮਾ ਬ੍ਰਹਮ ਦੀ ਹੀ ਅੰਸ਼ ਹੈ, ਪਰੰਤੂ ਅਵਿਦਿਆ ਤੇ ਅਗਿਆਨਤਾ ਦੇ ਹਨੇਰੇ ਕਾਰਨ ਦੇਹਿ-ਬੰਧਨਾਂ ਵਿਚ ਪੈ ਕੇ ਇਹ ਉਸ ਤੋਂ ਵੱਖ ਹੋਇਆ ਬੈਠਾ ਹੈ। ਜੀਵ -ਬ੍ਰਹਮ ਦੀ ਅਭਿੰਨਤਾ ਸੰਬੰਧੀ ਗੁਰੂ ਜੀ ਲਿਖਦੇ ਹਨ:

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।[35]

ਗੁਰੂ ਰਵਿਦਾਸ ਜੀ ਐਸੀ ਪਰਮਗਤੀ ਚਾਹੁੰਦੇ ਹਨ ਜਿਸ ਨੂੰ ਪਾ ਕੇ ਦੁਬਾਰਾ

ਇਸ ਮਾਇਆਵੀ ਸੰਸਾਰ ਦੇ ਬੰਧਨਾਂ ਵਿਚ ਆਉਣਾ ਨਾ ਪਵੇ, ਅਜਿਹੀ ਸਦੀਵੀ ਤੇ ਆਨੰਦ-ਭਰਪੂਰ ਮੌਤ, ਜਿਸ ਉਪਰੰਤ ਦੁਬਾਰਾ ਮਰਨ ਦੀ ਪ੍ਰਕ੍ਰਿਆ ਹੀ ਖਤਮ ਹੋ ਜਾਵੇ ਅਤੇ ਅਜਿਹੇ ਬੇਗਮਪੁਰਾ ਸ਼ਹਿਰ ਵਿਚ ਨਿਵਾਸ, ਜਿਥੋਂ ਦੁਬਾਰਾ ਆਪਣਾ ਨਿਵਾਸ-ਸਥਾਨ ਖਾਲੀ ਕਰਕੇ ਇਸ ਨਾਸ਼ਵਾਨ ਸੰਸਾਰ ਵਿਚ ਵਾਪਸ ਨਾ ਆਉਣਾ ਪਵੇ ।ਆਪ ਦਾ ਕਥਨ ਹੈ ਕਿ ਸਤਿਗੁਰੂ ਦੀ ਕ੍ਰਿਪਾ ਅਤੇ ਪ੍ਰਭੂ-ਭਗਤੀ ਦੁਆਰਾ ਹੀ ਅਜਿਹੇ ਪਰਮ-ਪਦ ਦੀ ਪ੍ਰਾਪਤੀ ਹੋ ਸਕਦੀ ਹੈ:

ਸੋਇ ਗੁਰ ਕਰੋ ਜੁ ਬਹੁਰਿ ਨ ਕਰਨਾ, ਐਸੋ ਮਰੌਂ ਜੁ ਬਹੁਰਿ ਨ ਮਰਨਾ।

- - - - - - - - - - - - - - - - - - - - - - - - - -

ਕਹਿ 'ਰਵਿਦਾਸ' ਨਿਰੰਜਨ ਧਯਾਊਂ, ਜਿਸ ਘਰਿ ਜਾਊਂ ਹੋਂ ਬਹੁਰਿ ਨ ਆਊਂ।[36]

ਗੁਰੂ ਜੀ ਦਾ ਮੱਤ ਹੈ ਕਿ ਜੀਵ-ਬ੍ਰਹਮ ਦੀ ਭਿੰਨਤਾ ਦਾ ਕਾਰਨ ਮਾਇਆਵੀ ਜਗਤ ਹੈ। ਮਾਇਆ ਕਾਰਨ ਹੀ ਇਨ੍ਹਾਂ ਦੀ ਵਾਸਤਵਿਕਤਾ ਮਨੁੱਖੀ ਦ੍ਰਿਸ਼ਟੀ ਤੋਂ ਉਹਲੇ ਰਹਿੰਦੀ ਹੈ। ਮਾਇਆ ਅਗਿਆਨ ਦੀ ਜਨਨੀ ਅਤੇ ਵਿਵੇਕ-ਨਾਸ਼ਕ ਹੈ, ਅਵਿਦਿਆ ਅਤੇ ਹਉਮੈ ਕਾਰਨ ਆਤਮ ਅਤੇ ਪਰਮਾਤਮਾ ਦਰਮਿਆਨ ਅਜਿਹਾ ਭਰਮ-ਜਾਲ ਤਣਿਆ ਹੋਇਆ ਹੈ ਕਿ ਸਭ ਕੁਝ ਹੁੰਦਿਆਂ ਵੀ ਮਨੁੱਖ ਉਸ ਤੋਂ ਵਾਂਝਾ ਹੋ ਕੇ ਦੁੱਖ ਸਹਿ ਰਿਹਾ ਹੈ। ਮਾਇਆ ਦੇ ਭਰਮ-ਵੱਸ ਜੋ ਕੁਝ ਉਹ ਦੇਖਦਾ ਹੈ, ਵਾਸਤਵ ਵਿਚ ਉਹ ਅਜਿਹਾ ਨਹੀਂ ਹੈ। ਆਪ ਕਹਿੰਦੇ ਹਨ:

ਮਾਧਵੇ ! ਕਿਆ ਕਹੀਐ ਭ੍ਰਮ ਐਸਾ। ਜੈਸਾ ਮਾਨੀਐ ਹੋਇ ਨ ਤੈਸਾ।[37] ਰਹਾਉ।

ਅਨੇਕ ਭਰਮਾਂ, ਸ਼ੰਕਿਆਂ ਦਾ ਸ਼ਿਕਾਰ ਹੋ ਕੇ ਜੀਵ ਇਸ ਅਤਿਰ ਤੇ ਅਪਾਰ ਭੈ-ਸਾਗਰ ਰੂਪੀ ਸੰਸਾਰ ਵਿਚ ਜੀਵਨ-ਮੌਤ ਦੇ ਚੱਕਰ ਵਿਚ ਪਿਆ ਖੱਜਲ-ਖੁਆਰ ਹੋ ਰਿਹਾ ਹੈ। ਉਹ ਵਿਸ਼ੇ- ਵਿਕਾਰਾਂ ਨੂੰ ਸੁੱਖ-ਆਨੰਦ ਦੀ ਪ੍ਰਾਪਤੀ ਦੇ ਭਰਮਾਂ ਵਜੋਂ ਭੋਗਦਾ ਹੋਇਆ ਅਥਾਹ ਪੀੜਾ ਦਾ ਸਾਹਮਣਾ ਕਰ ਰਿਹਾ ਹੈ। ਗੁਰੂ ਜੀ ਅਨੁਸਾਰ ਮਨੁੱਖ ਦਾ ਸਮੁੱਚਾ ਜੀਵਨ ਹੀ ਭਰਮ-ਵੱਸ ਹੈ:

ਅਤਿਰ ਸੰਸਾਰ ਅਪਾਰ ਭੈ ਸਾਗਰ, ਤਾਂ ਮੈ ਜਾਮਣ ਮਰਣ ਸੰਦੇਹ ਭਾਰੀ।
ਕਾਮ ਭ੍ਰਮ ਕ੍ਰੋਧ ਭ੍ਰਮ ਲੋਭ ਭ੍ਰਮ ਮੋਹ ਭ੍ਰਮ , ਅਨੰਤ ਭ੍ਰਮ ਛੇਦਿ ਮੋ ਕਰਹਿ ਪਾਰੀ।[38]

ਮਾਇਆ ਅਤਿ ਵਿਕਟ, ਵਿਕਰਾਲ, ਰਜੋ, ਸਤੋ, ਤਮੋ ਗੁਣਾਂ ਨਾਲ ਯੁਕਤ ਮਹਾਂ - ਪ੍ਰਬਲ ਤੇ ਘਾਤਕ ਸ਼ਕਤੀ ਹੈ, ਇਸ ਦੇ ਪ੍ਰਭਾਵ ਅਧੀਨ ਸਾਰਾ ਜਗਤ ਵਿਸ਼ੇ-ਵਿਕਾਰਾਂ ਹੱਥੀਂ

ਲੁਟਿਆ ਜਾ ਰਿਹਾ ਹੈ। ਇਹ ਮਾਇਆ ਝੂਠੀ, ਥੋਥੀ ਅਤੇ ਜਗਤ ਵਿਚ ਤਿੰਨ ਪ੍ਰਕਾਰ ਦੇ ਤਾਪ ਪੈਦਾ ਕਰਨ ਵਾਲੀ ਹੈ। 'ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ"[39] ਅਤੇ ਇਹੀ ਪੰਜ ਵਿਕਾਰ 'ਪਲ ਪਲ ਹਰਿ ਜੀ ਤੇ ਅੰਤਰੁ ਪਾਰਿਓ'[40] ਅਰਥਾਤ ਜੀਵ ਤੇ ਬ੍ਰਹਮ ਵਿਚ ਅੰਤਰ ਪੈਦਾ ਕਰਦੇ ਹਨ। ਇਨ੍ਹਾਂ ਵਿਕਾਰਾਂ ਦਾ ਤਿਆਗ ਕਰਕੇ, ਇਨ੍ਹਾਂ ਵਲੋਂ ਉਦਾਸ ਤੇ ਉਪਰਾਮ ਹੋ ਕੇ, ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਜਨਮ-ਮਰਨ ਦੀ ਫਾਹੀ ਕੱਟੀ ਅਤੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:

ਝੂਠੀ ਮਾਯਾ ਜਗ ਡਹਕਾਯਾ, ਤੌ ਤੀਨ ਤੀਪ ਦਹੈ ਰੇ।
ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈ ਰੇ।[41]

ਰਵਿਦਾਸ ਦਾਸ ਉਦਾਸ ਤਜ ਭ੍ਰਮ, ਤਪਨ ਤਪੁ ਗੁਰ ਗਿਆਨ।[42]

ਤੁਮਰੇ ਭਜਨ ਕਟਹਿ ਜਮ ਫਾਂਸਾ, ਭਗਤਿ ਹੇਤ ਗਾਵੈ ਰਵਿਦਾਸਾ।[43]

ਇੰਦਰੀਆਂ ਦੇ ਭੋਗਾਂ ਕਾਰਨ ਜੀਵ ਦੁੱਖ ਸਹਿ ਰਿਹਾ ਅਸੰਖ ਪਾਪਾਂ ਦਾ ਭਾਗੀ ਬਣ ਰਿਹਾ ਹੈ। ਮਾਇਆ ਦੇ ਮੋਹ ਵਿਚ ਲਿਪਟਿਆ ਮਨ ਕਾਮ, ਕੁਟਿਲਤਾ ਵਰਗੀਆਂ ਭੈੜੀਆਂ ਕੁਚਾਲਾਂ ਵਿਚ ਫਸਿਆ ਹੋਇਆ ਅਕਾਰਥ ਹੀ ਆਪਣਾ ਜੀਵਨ ਨਸ਼ਟ ਕਰ ਰਿਹਾ ਹੈ। ਗੁਰੂ ਜੀ ਦਾ ਕਥਨ ਹੈ ਕਿ ਪ੍ਰਭੂ-ਨਾਮ ਦਾ ਸਿਮਰਨ ਹੀ ਇਨ੍ਹਾਂ ਭੈੜੀਆਂ ਵਾਦੀਆਂ, ਇੰਦਰੀਆਂ ਦੁਆਰਾ ਪੈਦਾ ਕੀਤੇ ਗਏ ਦੁੱਖਾਂ, ਕਲੇਸ਼ਾਂ ਅਤੇ ਤਿੰਨ ਪ੍ਰਕਾਰ ਦੇ ਤਾਪ ਪੈਦਾ ਕਰਨ ਵਾਲੀ ਮਾਇਆ ਤੋਂ ਮੁਕਤੀ ਦੁਆ ਸਕਦਾ ਹੈ:

ਇੰਦ੍ਰਿਯਾਦਿਕ ਦੁਖ ਦਾਰੁਨ, ਅਸੰਖਯਾਦਿਕ ਪਾਪ ,
ਤੋਰਿ ਭਜਨ ਰਘੁਨਾਥ ਅੰਤਰਿ ਤ੍ਰਹਿ ਤ੍ਰਾਸ ਨ ਤਾਪ।[44]

ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਾਇ ਨਹੀਂ ਸਮਝਾਨੋ ।
ਮਾਯਾ ਮੋਹਿ ਹਿਲਿ ਮਿਲਿ ਰਹਿਯੋ, ਫੋਕਟ ਸਾਟੇ ਜਨਮ ਗੰਵਾਨੋ।
ਕਹਿ ਰਵਿਦਾਸ ਕਛੁ ਚੇਤ ਬਾਵਰੇ, ਰਾਮ ਨਾਮ ਬਿਨ ਨਹਿ ਉਬਰਾਨੋ।[45]

ਸ਼ਵੇਤਾਸ਼ਵਤਰ ਉਪਨਿਸ਼ਦ ਦਾ ਕਥਨ ਹੈ ਕਿ ਜੀਵਾਤਮਾ ਆਪਣੇ ਗੁਣਾਂ (ਪਾਪ-ਪੁੰਨ) ਕਾਰਨ ਸਥੂਲ-ਸੂਖਮ ਬਹੁਤ ਸਾਰੀਆਂ ਦੇਹਾਂ ਧਾਰਨ ਕਰਦਾ ਹੈ।[46] ਗੁਰੂ ਰਵਿਦਾਸ ਵਾਣੀ

ਵਿਚ ਇਸ ਕਥਨ ਦੀ ਪੁਸ਼ਟੀ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਜੀਵ ਭਰਮਾਂ-ਕਰਮਾਂ ਦੇ ਬੰਧਨ ਵਿਚ ਬੰਨ੍ਹਿਆ ਹੋਇਆ ਬਾਹਰਮੁਖੀ ਕਰਮ-ਕਾਂਡ ਅਤੇ ਜਪ-ਤਪ ਦੀਆਂ ਅਨੇਕ ਵਿਧੀਆਂ ਦੁਆਰਾ ਪੁੰਨ-ਪਾਪ ਰੂਪੀ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਜਨਮ-ਜਨਮਾਂਤਰਾਂ ਤੋਂ ਦੁੱਖ ਭੋਗ ਰਿਹਾ ਹੈ। ਮਾਇਆ ਵਿਚ ਗ੍ਰਸੇ ਜੀਵ ਦੀ ਅਵਸਥਾ ਖੂਹ ਦੇ ਡੱਡੂ ਵਰਗੀ ਹੈ ਜੋ ਵਿਸ਼ੇ-ਵਿਕਾਰਾਂ ਵਿਚ ਫਸ ਕੇ ਆਤਮਾ-ਪਰਮਾਤਮਾ ਦੀ ਸੋਝੀ ਵੀ ਖੋਹ ਬੈਠਾ ਹੈ:

ਭਰਮ ਕਰਮ ਜੀਅ ਬੰਧਐ, ਛੂਟੇ ਤੁਮ ਬਿਨ ਕੈਸੇ ਹੋ ਹਰਿ ।
ਜਪ ਤਪ ਵਿਧਿ ਨਿਸ਼ੇਧ ਕਰੁਨਾਮੈ, ਪਾਪ ਪੁੰਨਿ ਯਹੁ ਮਾਯਾ।
ਐਸੇ ਮੋਹਿਤ ਮਨ ਗਤਿ ਬਿਮੁਖ ਧਨ, ਜਨਮ ਜਨਮ ਡਹਕਯਾ ਹੋ ਹਰਿ।[47]

ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਦੇਸੁ ਨ ਬੂਝ ।
ਐਸਾ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾਪਾਰ ਨ ਸੂਝ।[48]

ਗੁਰੂ ਰਵਿਦਾਸ ਅਨੁਸਾਰ ਪ੍ਰਭੂ-ਭਜਨ ਤੋਂ ਬਿਨਾਂ ਜੀਵ ਵਿਭਿੰਨ ਜੂਨੀਆਂ ਵਿਚ ਭਟਕਦਾ ਫਿਰਦਾ, ਜਮਾਂ ਦੀ ਭਿਆਨਕ ਮਾਰ ਦਾ ਸ਼ਿਕਾਰ ਹੋ ਰਿਹਾ ਹੈ। ਰਾਮ ਨਾਮ ਨੂੰ ਹਿਰਦੇ ਵਿਚ ਵਸਾ ਕੇ ਅਰਥਾਤ ਪ੍ਰਭੂ-ਨਾਮ ਦਾ ਸਿਮਰਨ ਕਰ ਕੇ ਜੀਵ, ਸਭ ਸੁੱਖਾਂ ਦੀ ਨਿਧੀ ਪਰਮ-ਪਿਤਾ ਪਰਮਾਤਮਾ ਵਿਚ ਲੀਨ ਹੋ ਕੇ ਇਸ ਸਥਿਤੀ ਵਿਚੋਂ ਉਭਰ ਸਕਦਾ ਹੈ:

ਨਿਯੋ ਵਿਵਿਧ ਜੋਨਿ ਬਾਸ, ਜਮ ਕੀ ਅਗਮ ਤ੍ਰਾਸ
ਤੁਮਰੇ ਭਜਨ ਬਿਨ ਭ੍ਰਮਤ ਫਿਰਯੋ ।[49]

ਰਾਮ ਨਾਮ ਹਿਰਦੈ ਬਸੈ, ਸਬ ਸੁਖ ਨਿਧਿ ਸਾਰ।[50]

ਪ੍ਰਭੂ-ਭਗਤੀ ਵਿਚ ਲੀਨ ਹੋਣ ਤੋਂ ਬਿਨਾਂ ਮਨੁੱਖ ਜਿੱਧਰ ਵੀ ਜਾਂਦਾ ਹੈ, ਜੋ ਵੀ ਕੰਮ ਕਰਦਾ ਹੈ, ਸਭ ਵਿਅਰਥ ਹਨ, ਵਿਸ਼ੇ-ਵਿਕਾਰਾਂ ਤੇ ਦੁਖਾਂ ਦਾ ਕਾਰਨ ਹਨ , ਮੋਹ-ਮਮਤਾ ਵਿਚ ਫਸਾਉਣ ਵਾਲੇ ਹਨ, ਹਉਮੈਂ, ਹੰਕਾਰ ਨੂੰ ਪੈਦਾ ਕਰਨ ਵਾਲੇ ਹਨ, ਤ੍ਰਿਵਿਧ ਤਾਪ ਅਤੇ ਬੰਧਨਾਂ ਦੇ ਜਾਲ ਵਿਚ ਉਲਝਾਉਣ ਵਾਲੇ ਹਨ। ਜਿੰਨਾ ਚਿਰ ਜੀਵ ਆਪਣੇ ਜੀਵਨ ਦੀ ਤੋਰ ਨੂੰ ਬਦਲਦਾ ਨਹੀਂ, ਵਿਸ਼ੇ-ਵਿਕਾਰਾਂ ਤੋਂ ਉਲਟ ਚਾਲ ਨਹੀਂ ਅਪਣਾਉਂਦਾ, ਉਹ ਕਦੇ ਵੀ ਪਰਮਸਤਿ ਨੂੰ ਪ੍ਰਾਪਤ ਨਹੀਂ ਕਰ ਸਕਦਾ, ਦੁਨਿਆਵੀ ਬੰਧਨਾਂ ਤੋਂ ਆਜ਼ਾਦ ਨਹੀਂ ਹੋ

ਸਕਦਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਨਾਮ ਤੋਂ ਬਿਨਾ ਇਸ ਭੈ-ਸਾਗਰ ਰੂਪੀ ਸੰਸਾਰ ਨੂੰ ਤਰਿਆ ਨਹੀਂ ਜਾ ਸਕਦਾ, ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ ਅਤੇ ਮੁਕਤੀ ਪ੍ਰਾਪਤ ਕਰਨ ਦਾ ਤਾਂ ਕਦੇ ਸੁਆਲ ਹੀ ਪੈਦਾ ਨਹੀਂ ਹੁੰਦਾ। ਨਾਮ-ਸਿਮਰਨ ਵਿਚ ਦ੍ਰਿੜਤਾ ਹੀ ਜੀਵ ਦਾ ਪਾਰ-ਉਤਾਰਾ ਕਰ ਸਕਦੀ ਹੈ। ਗੁਰੂ ਜੀ ਲਿਖਦੇ ਹਨ:

> ਜਹਾਂ ਜਹਾਂ ਜਾਇ ਤਹਾਂ ਤਹਾਂ ਬੰਧਨ, ਤ੍ਰਿਵਿਧ ਤਾਪ ਨ ਜਾਈ।
> ਕਹੈ ਰਵਿਦਾਸ ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ ।[51]
>
> ਤ੍ਰਿਬਿਧ ਸੰਸਾਰ ਕਵਨ ਬਿਧਿ ਤਿਰਬੋ, ਜੇ ਦ੍ਰਿੜ ਨਾਵ ਨ ਗਹੈਂ ਰੇ।
> ਨਾਵ ਛਾਂਡਿ ਜੇ ਡਾਂਡੇ ਬੈਸੇ, ਤੌ ਦੂਣਾ ਦੁਖ ਸਹੈਂ ਰੇ।[52]

ਮਾਇਆ ਦੇ ਪ੍ਰਭਾਵ ਅਧੀਨ ਜੀਵ ਵਿਸ਼ੇ-ਵਿਕਾਰਾਂ ਦੀ ਪਕੜ ਵਿਚ ਹੈ, ਇਨ੍ਹਾਂ ਵਿਚੋਂ ਸੁੱਖ ਪ੍ਰਾਪਤ ਕਰਨ ਦੇ ਭਰਮਾਂ ਤੇ ਸ਼ੰਕਿਆਂ ਕਾਰਨ ਭੋਗ-ਭਾਵ ਦੇ ਅਧੀਨ ਉਹ ਦਿਨ-ਰਾਤ ਇਨ੍ਹਾਂ ਵਿਚ ਉਲਝਿਆ ਹੋਇਆ ਹੈ। ਇਨ੍ਹਾਂ ਨੇ ਜੀਵ ਦੀ ਦੁਰਗਤ ਬਣਾਈ ਹੋਈ ਹੈ, "ਇਨ ਦੂਤਨ ਖਲੁ ਬਧੁ ਕਰਿ ਮਾਰਿਓ"[53] ਪ੍ਰੰਤੂ ਜੀਵ ਦੇ ਸ਼ੰਕਿਆਂ ਦੀ ਗੰਢ ਖੁਲ੍ਹਦੀ ਨਹੀਂ, ਉਹ ਇਨ੍ਹਾਂ ਨੂੰ ਛੱਡਦਾ ਨਹੀਂ, ਇਨ੍ਹਾਂ ਵਿਚੋਂ ਰਸ ਤੇ ਆਨੰਦ ਪ੍ਰਾਪਤ ਕਰਨ ਦਾ ਭਰਮ ਪਾਲਦਾ ਹੋਇਆ, ਦੁੱਖਾਂ ਦਾ ਸਾਹਮਣਾ ਕਰ ਰਿਹਾ ਮਾਇਆਵੀ ਸੰਸਾਰ ਦੇ ਮੋਹ ਵਿਚ ਡੁੱਬਦਾ ਜਾ ਰਿਹਾ ਹੈ। ਕਠਉਪਨਿਸ਼ਦ ਦਾ ਕਥਨ ਹੈ ਕਿ ਜਦੋਂ ਅਹੰਤਾ, ਮਮਤਾ ਰੂਪ ਸਭ ਅਗਿਆਨ ਅਤੇ ਸੰਸੇ ਦੀਆਂ ਗੰਢਾਂ ਨਸ਼ਟ ਹੋ ਜਾਂਦੀਆਂ ਹਨ ਅਤੇ ਅਭੇਦ ਭਾਵ ਨਾਲ ਸਾਧਕ ਪਰਿਪੂਰਨ ਹੋ ਜਾਂਦਾ ਹੈ ਤਾਂ ਉਹ ਅਮਰਤਵ ਅਰਥਾਤ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[54] ਗੁਰੂ ਜੀ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਭਰਮਾਂ ਦੀਆਂ ਗੰਢਾਂ ਦੇ ਤਿਆਗ ਤੋਂ ਬਿਨਾਂ ਜੀਵ ਮੁਕਤ-ਪਦ ਦਾ ਅਧਿਕਾਰੀ ਨਹੀਂ ਬਣ ਸਕਦਾ। ਇਨ੍ਹਾਂ ਭਰਮਾਂ ਦੇ ਕਾਰਨ ਹੀ ਤਾਂ ਉਹ ਲੁੱਟਿਆ ਜਾ ਰਿਹਾ ਹੈ:

> ਦੇਵ ਸੰਸੈ ਗਾਂਠਿ ਨ ਛੂਟੈ। ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ।[55]

ਮੁੰਡਕ ਉਪਨਿਸ਼ਦ ਅਨੁਸਾਰ, "ਹਿਰਦੇ ਦੀਆਂ ਸਿਆਹ ਗੰਢੀਆਂ (ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਤ੍ਰਿਸ਼ਨਾਵਾਂ) ਦਾ ਸਦੀਵੀ ਤਿਆਗ ਹੀ ਮਾਨਵ-ਮੁਕਤੀ ਅਤੇ ਅਮਰ ਪਦਵੀ ਦਾ ਸਾਧਨ ਹੈ।"[56] ਗੁਰੂ ਜੀ ਦਾ ਮੱਤ ਹੈ ਕਿ ਵਿਸ਼ੇ-ਵਿਕਾਰਾਂ ਦੀ ਸੰਗਤ ਵਿਚ ਇਸ ਦੁਤਰ ਭਵ-ਸਾਗਰ ਨੂੰ ਤਰਿਆ ਨਹੀਂ ਜਾ ਸਕਦਾ ਅਤੇ ਦੁੱਖਾਂ ਤੋਂ ਨਿਜਾਤ ਨਹੀਂ

ਪਾਈ ਜਾ ਸਕਦੀ। ਇਹ ਤਾਂ ਕਾਲ ਦਾ ਰੂਪ ਹਨ, ਇਨ੍ਹਾਂ ਦੇ ਕਾਰਨ ਮੂਰਖ ਮੱਤ ਵਾਲਾ ਜੀਵ ਪ੍ਰਭੂ-ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਦੁਨਿਆਵੀ ਵਿਸ਼ੇ-ਵਿਕਾਰਾਂ ਦੀ ਜ਼ਹਿਰ ਪੀ ਰਿਹਾ ਹੈ। ਇਹ ਭਰਮਾਂ ਦੇ ਫੰਦੇ ਹਨ, ਇਨ੍ਹਾਂ ਵਿਚ ਜੀਵ ਨੂੰ ਫਸਾ ਕੇ ਕਾਲ-ਰੂਪੀ ਮਾਇਆ ਉਸ ਦਾ ਘਾਤ ਕਰ ਰਹੀ ਹੈ, ਇਨ੍ਹਾਂ ਦੇ ਤਿਆਗ ਤੋਂ ਬਿਨਾਂ ਜੀਵ ਅਮਰ-ਪਦ ਦਾ ਅਧਿਕਾਰੀ ਨਹੀਂ ਬਣ ਸਕਦਾ :

ਮਮਤਾ ਅੰਹ ਵਿਸ਼ੈ ਮਦਮਾਤੇ,ਇਹ ਦੁਖ ਕਬਹੂੰ ਨਾ ਦੂਤਰ ਤਿਰਯੋ ।
ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹ੍ਵੈ ਚੁਣਿ ਖਾਵੈ।[57]

ਕਾਲ ਕਰਾਲ ਭ੍ਰਮਤ ਫੰਦਕ ਜਯੋਂ, ਕਰਤ ਅਚਾਨੋ ਘਾਤ ਰੇ।
ਚੇਤੈ ਨਹਿੰ ਅਲਖ ਮਤਿ ਮੂਰਖ,ਤਜਿ ਅਮ੍ਰਿਤ ਵਿਖੁ ਖਾਤ ਰੇ।[58]

ਇਨ੍ਹਾਂ ਭਰਮਾਂ ਦੇ ਜਾਲ ਵਿਚੋਂ ਨਿਕਲਣ ਲਈ ਗੁਰੂ ਜੀ ਨੇ ਜੀਵ ਨੂੰ ਪ੍ਰਭੂ-ਭਗਤੀ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਨਾਮ-ਸਿਮਰਨ ਹੀ ਇਕੋ -ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਜੀਵ ਇਨ੍ਹਾਂ ਵਿਸ਼ੇ-ਵਿਕਾਰਾਂ ਦੀ ਲੁੱਟ ਤੇ ਮਾਰ ਤੋਂ ਬਚ ਸਕਦਾ ਹੈ ਅਤੇ ਜੀਵਨ ਦੇ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ:

ਕਹਿ ਰਵਿਦਾਸ ਸਭੈ ਜਗੁ ਲੂਟਿਆ, ਹਮ ਤਉ ਏਕ ਰਾਮ ਕਹਿ ਛੂਟਿਆ।[59]

ਤੁਮਰੇ ਭਜਨ ਕਟਹਿ ਜਮ ਫਾਸਾ,ਭਗਤਿ ਹੇਤ ਗਾਵੈ ਰਵਿਦਾਸਾ।[60]

ਗੁਰੂ ਜੀ ਦਾ ਕਥਨ ਹੈ ਕਿ ਮਨ ਦੀ ਟੇਢੀ ਚਾਲ ਹੈ, ਇਹ ਗੰਦਗੀ ਰੂਪੀ ਵਿਸ਼ੇ-ਵਿਕਾਰਾਂ ਪਿਛੇ ਤਾਂ ਲਾਰਾਂ ਸੁਟਦਾ ਫਿਰਦਾ ਹੈ ਜਿਹੜੇ ਖੇਹ ਸਮਾਨ ਹਨ, ਪਰੰਤੂ ਇਕ ਛਿਣ ਲਈ ਵੀ ਰਾਮ-ਨਾਮ ਦਾ ਸਿਮਰਨ ਨਹੀਂ ਕਰਦਾ। ਆਪ ਨੇ ਵਿਸ਼ੇ-ਵਿਕਾਰਾਂ ਵਿਚ ਫਸੇ ਹੋਏ ਮਨੁੱਖ ਦੀ ਤੁਲਨਾ ਉਸ ਪੰਛੀ ਨਾਲ ਕੀਤੀ ਹੈ ਜਿਹੜਾ ਸ਼ੀਸ਼ੇ ਵਿਚ ਆਪਣੀ ਹੀ ਸੂਰਤ ਦੇਖ ਕੇ ਸ਼ੀਸ਼ੇ ਤੇ ਵਾਰ-ਵਾਰ ਚੁੰਝ ਮਾਰ ਕੇ ਆਪਣੇ ਆਪ ਨੂੰ ਜ਼ਖਮੀ ਕਰ ਲੈਂਦਾ ਹੈ। ਇਸ ਪ੍ਰਕਾਰ ਹੀ ਵਿਕਾਰਾਂ ਦੇ ਭੋਗ-ਭਾਵ ਦੇ ਮੋਹ ਜਾਲ ਵਿਚ ਫਸਿਆ ਜੀਵ ਆਪਣੇ ਆਪ ਦਾ ਘਾਤ ਅਥਵਾ ਤਬਾਹੀ ਕਰ ਰਿਹਾ ਹੈ। ਆਪ ਲਿਖਦੇ ਹਨ:-

ਜਾਕੂੰ ਲਾਰ ਵਿਸਟਾ ਕੋ ਬੇਚੈ,ਅੰਤ ਛਾਰ ਹਵੈ ਜਾਤ ।
ਰਾਮ ਨਾਮ ਇਕ ਛਿਨੁ ਨ ਸੁਮਿਰਯੋ,ਵਿਖਿਅਨ ਸੂੰ ਬਹੁ ਘਾਤ।
ਜਯੋਂ ਖਗ ਪੇਖਿ ਦਰਪਨ ਮਹੈਂ ਤਨ ਕੂੰ,ਬੇਰਿ ਬੇਰਿ ਚੁੰਝਿਆਤ।[61]

ਗੁਰੂ ਸਾਹਿਬ ਜੀਵ ਨੂੰ ਚੇਤੰਨ ਕਰਦੇ ਹਨ ਕਿ ਹੇ ਜੀਵ ! ਤੂੰ ਪੰਜ ਵਿਨਾਸ਼-ਸ਼ੀਲ ਤੱਤਾਂ ਦਾ ਪੁਤਲਾ ਹੈਂ, ਬਿਨਸਨਹਾਰ ਹੈਂ, ਇਕ ਛਿਣ ਵਿਚ ਭਸਮ ਹੋ ਜਾਏਂਗਾ। ਬਥੇਰਾ ਜੋਗੀ ਜਪ-ਤਪ ਕਰ ਹਾਰੇ ਹਨ, ਪਰੰਤੂ ਹੰਸ-ਰੂਪ ਆਤਮਾ ਨੇ ਤਾਂ ਉੱਡ ਹੀ ਜਾਣਾ ਹੈ । ਹੇ ਮੂਰਖ ਜੀਵ ! ਤੇਰਾ ਜਨਮ ਤਾਂ ਅਕਾਰਥ ਹੀ ਜਾ ਰਿਹਾ ਹੈ, ਹਾਲੇ ਵੀ ਸਮਾਂ ਹੈ, ਜੀਵਨ ਦੀ ਨਾਸ਼ਮਾਨਤਾ ਨੂੰ ਅਨੁਭਵ ਕਰਕੇ ਹੁਣ ਹੀ ਪ੍ਰਭੂ-ਨਾਮ ਦਾ ਸਿਮਰਨ ਕਰ ਲੈ, ਉਮਰ ਤਾਂ ਬੀਤ ਜਾਣੀ ਹੈ, ਅੰਤ ਕਾਲ ਪਛਤਾਉਣ ਦਾ ਕੀ ਫਾਇਦਾ ਹੋਵੇਗਾ:

ਅਜਹੂੰ ਚੇਤਿ ਗਹੁ ਸਿਖ ਮੂਰਖਿ, ਜਨਮ ਅਕਾਰਥ ਜਾਤ ।
ਜਲ-ਥਲ, ਬਾਉ-ਅਗਨ ਕੋ ਪੁਤਰਾ, ਛਿਨ ਮਾਹੈਂ ਹੋਹਿ ਭਸਮਾਤ।
ਕੋਟਿ ਜਤਨ ਕਰਿ ਜੋਗਿ ਤਪ ਹਾਰੈ, ਨਿਹਚਯ ਹੰਸ ਉੜਿ ਜਾਤ ।
ਕਹਿ ਰਵਿਦਾਸ ਰਾਮ ਭਜ ਬਾਵਰੇ, ਬਯ ਬੀਤੇ ਪਛਤਾਤ।[62]

ਗੁਰੂ ਜੀ ਵਾਣੀ ਵਿਚ ਜੀਵ ਨੂੰ ਸੁਚੇਤ ਕਰਦੇ ਹਨ ਕਿ ਇਹ ਦੇਸ਼ ਜੀਵਾਤਮਾ ਦਾ ਦੇਸ਼ ਨਹੀਂ ਹੈ, ਇਹ ਪਰਾਇਆ ਦੇਸ਼ ਹੈ, ਕਾਲ ਦਾ ਦੇਸ਼ ਹੈ, ਦੁੱਖਾਂ, ਕਸ਼ਟਾਂ ਅਤੇ ਸੰਕਟਾਂ ਦਾ ਦੇਸ਼ ਹੈ, ਆਪਣੇ ਕਰਮਾਂ ਕਾਰਨ ਜੀਵ ਇਸ ਕਾਲ-ਰੂਪ ਮਾਇਆ ਅਰਥਾਤ ਜਮਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ:

ਯਹੁ ਭੋ ਬਿਦੇਸ਼ ਕਲਿਕਾਲ, ਹਮ ਆਨ ਪਰਯੋ ਜਮ ਜਾਲ।[63]

ਗੁਰੂ ਰਵਿਦਾਸ ਅਨੁਸਾਰ ਆਤਮਾ ਤਾਂ 'ਬੇਗਮਪੁਰਾ ਸਹਰ ਕੋ ਨਾਉ'[64] ਦੇਸ਼ ਦੀ ਵਾਸੀ ਹੈ। ਉਹ ਫ਼ਿਕਰਾਂ ਤੋਂ ਰਹਿਤ ਨਗਰ ਹੈ, ਉਥੇ ਦੁੱਖ ਤੇ ਚਿੰਤਾ ਦੀ ਕੋਈ ਥਾਂ ਹੀ ਨਹੀਂ, ਉਥੇ ਨਾ ਕੋਈ ਮਹਿਸੂਲ ਦਾ ਡਰ, ਨਾ ਟੈਕਸ ਭਰਨ ਦੀ ਘਬਰਾਹਟ, ਨਾ ਕਿਸੇ ਕਿਸਮ ਦੇ ਘਾਟੇ ਦੀ ਚਿੰਤਾ ਹੈ, ਉਥੇ ਸੁੱਖ ਹੀ ਸੁੱਖ ਹੈ, ਉਥੋਂ ਦੀ ਪਾਤਸ਼ਾਹੀ ਸਦੀਵੀ, ਸਥਿਰ ਤੇ ਅਟੱਲ ਹੈ, ਉਥੇ ਸਮਾਨਤਾ, ਬਰਾਬਰੀ ਤੇ ਖੁਸ਼ਹਾਲੀ ਹੈ।" ਉਹ ਹਮੇਸ਼ਾ ਆਬਾਦ ਰਹਿਣ ਵਾਲਾ ਸ਼ਹਿਰ ਹੈ ਅਤੇ ਉਥੇ ਰੱਜੇ-ਪੁੱਜੇ, ਧਨੀ ਅਥਵਾ ਸੰਤੁਸ਼ਟ ਲੋਕ ਹੀ ਵਸਦੇ ਹਨ। ਇਸ ਸ਼ਬਦ ਦੁਆਰਾ ਗੁਰੂ ਜੀ ਨੇ ਪਰਮ-ਪਦ, ਨਿਰਵਾਣ-ਪਦ ਅਥਵਾ ਪਰਮਸਤਿ ਦੇ ਦੇਸ਼ ਦਾ ਨਕਸ਼ਾ ਉਲੀਕਿਆ ਹੈ। ਪਰੰਤੂ ਹਰ ਜਣਾ-ਖਣਾ ਇਸ 'ਬੇਗਮਪੁਰਾ' ਸ਼ਹਿਰ ਅਰਥਾਤ ਪਰਮਸਤਿ ਦੇ ਦੇਸ਼ ਦਾ ਵਾਸੀ ਨਹੀਂ ਬਣ ਸਕਦਾ ।

ਗੁਰੂ ਜੀ ਦਾ ਕਥਨ ਹੈ ਕਿ ਜਿੰਨਾ ਚਿਰ ਤਕ ਜੀਵ ਮਾਇਆ ਦੇ ਆਡੰਬਰ ਤੋਂ ਨਿਕਲਦਾ ਨਹੀਂ, ਕੂੜ-ਕਪਟ ਦੇ ਬੰਧਨਾਂ ਤੇ ਪੰਜਾਂ ਵਿਕਾਰਾਂ ਦੇ ਜਾਲ ਵਿਚੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰਵਾਉਂਦਾ, ਮੈਂ, ਮੇਰੀ ਅਥਵਾ ਹਉਮੈਂ-ਭਾਵਨਾ ਨੂੰ ਨਹੀਂ ਛੱਡਦਾ, ਪ੍ਰੀਤਮ-ਪਿਆਰੇ ਨੂੰ ਆਪਣੇ ਮਨ ਵਿਚ ਨਹੀਂ ਵਸਾਉਂਦਾ, ਆਪਣੇ ਆਪ ਨੂੰ, ਆਪਣੀ ਦੇਹੀ ਨੂੰ ਪ੍ਰਭੂ-ਚਰਨਾਂ ਵਿਚ ਅਰਪਣ ਨਹੀਂ ਕਰਦਾ, ਇਹ ਪ੍ਰਭੂ ਨਾਲ ਮਿਲਾਪ ਹਾਸਿਲ ਨਹੀਂ ਕਰ ਸਕਦਾ। ਉਸ ਨਾਲ ਇਕ-ਮਿਕ ,ਇਕ-ਸੁਰ ਤੇ ਇਕ-ਰੂਪ ਨਹੀਂ ਹੋ ਸਕਦਾ ਅਤੇ ਮੁਕਤੀ ਪਦ ਪ੍ਰਾਪਤ ਨਹੀਂ ਕਰ ਸਕਦਾ। ਜੀਵ ਦੀ ਅਵਸਥਾ ਤਾਂ ਇਹ ਹੈ ਕਿ ਇਸ ਨੇ ਆਪਣਾ ਆਪਾ ਮਾਇਆ ਦੇ ਸਪੁਰਦ ਕੀਤਾ ਹੋਇਆ ਹੈ, ਵਿਸ਼ੇ-ਵਿਕਾਰਾਂ ਕੋਲ ਵਿਕਿਆ ਹੋਇਆ ਹੈ ਅਤੇ ਗਰਵ-ਅਧੀਨ ਬਉਰਾ ਬਣਿਆ ਹੋਇਆ ਹੈ। ਆਪ ਲਿਖਦੇ ਹਨ:

ਡਸੰਬ ਲੋਹ ਸੋਹ ਮਾਯਾ ਬਸ, ਕਪਟ ਕੂੜ ਹੂੰ ਬੰਧਾਯੋ ।
ਕਾਮ ਲੁਬਧੁ ਕੇ ਬਸਿ ਪਰਯੋ,ਕੁਲਕਾਨਿ ਛਾਡਿ ਬਿਕਾਯੋ।[65]

ਮੈਂ,ਮੈਂ,ਜੋ ਲੈ ਗਰਬ ਬੌਰਾਨੀ,ਤੌਂ ਲੈ ਪਿਯਰਾ ਮਨੁ ਨਹਿੰ ਆਨੀ।
ਆਪਾ ਮੇਟਿ, ਮੈਂ ਮੇਰੀ ਖੋਹੀ,ਗਰਬ ਤਯਾਗੀ ਅਰਪਿਹਿ ਨਿਜ ਦੇਹੀ।[66]

ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂਹੀ ਮੈਂ ਨਾਹੀ।[67]

ਗੁਰੂ ਜੀ ਅਨੁਸਾਰ ਮੈਂ, ਮੇਰੀ ਦੀ ਭਾਵਨਾ ਨੂੰ ਮਾਰ ਕੇ, ਆਪਾ ਮੇਟ ਕੇ, ਪ੍ਰਭੂ-ਚਰਨਾਂ ਵਿਚ ਤਨ ਤੇ ਮਨ ਅਰਪਿਤ ਕਰਕੇ, ਆਪਣੀ ਬਿਰਤੀ ਨੂੰ ਉਲਟਾ ਕੇ, ਆਤਮਾ-ਪਰਮਾਤਮਾ ਵਿਚਕਾਰ ਅਵਿਦਿਆ ਮਾਇਆ ਦੁਆਰਾ ਉਸਾਰੇ ਹੋਏ ਬਜਰ ਕਪਾਟ ਅਰਥਾਤ ਸਖ਼ਤ ਪੱਥਰ ਵਰਗੇ ਭਾਰੀ ਦਰਵਾਜ਼ਿਆਂ ਅਰਥਾਤ ਅਗਿਆਨਤਾ ਦੇ ਪਰਦਿਆਂ ਨੂੰ ਖੋਲ੍ਹਿਆ ਅਥਵਾ ਹਟਾਇਆ ਜਾ ਸਕਦਾ ਹੈ:

ਕਹਿ ਰਵਿਦਾਸ ਮੇਟਿ ਆਪਾ ਪਰ ਵਾ ਠੌਰਹਿ ਪਾਵੈਗਾ।[68]

ਤਨ ਮਨ ਅਰਪਉ ਪੂਜ ਚਰਾਵਉ,ਗੁਰ ਪਰਸਾਦਿ ਨਿਰੰਜਨ ਪਾਵਉ।[69]

ਉਨਮਨ ਮਨ ਮਨ ਹੀ ਮਿਲੈ, ਛੁਟਕਤ ਬਜਰ ਕਪਾਟ ।[70]

ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਮੁਕਤੀ-ਪ੍ਰਾਪਤੀ ਦਾ ਹੋਰ ਕੋਈ ਸਾਧਨ ਹੀ ਨਹੀਂ ਹੈ, ਤਰੀਕਾ ਹੀ ਨਹੀਂ ਹੈ। ਪਿਛਲੇ ਯੁੱਗਾਂ ਵਿਚ ਪ੍ਰਚੱਲਿਤ ਰਹੇ ਕਰਮ-ਕਾਂਡ ਇਸ

ਯੁੱਗ ਵਿਚ ਮਨੁੱਖ ਨੂੰ ਮਾਇਆ ਦੇ ਫੰਦੇ ਤੋਂ ਨਹੀਂ ਬਚਾ ਸਕਦੇ, ਇਸ ਯੁੱਗ ਵਿਚ ਤਾਂ ਪ੍ਰਭੂ-ਨਾਮ ਹੀ ਇਕੋ-ਇਕ ਮੁਕਤੀ-ਦਾਤਾ ਹੈ। ਗੁਰੂ ਜੀ ਦਾ ਕਥਨ ਹੈ ਕਿ ਚੰਗੇ ਭਾਗਾਂ ਨਾਲ ਜਿਨ੍ਹਾਂ ਜੀਵਾਂ ਦੀ ਸੁਰਤ ਪ੍ਰਭੂ ਦੇ ਨਾਮ ਵਿਚ ਜੁੜ ਗਈ ਹੈ ਅਰਥਾਤ ਜਿਨ੍ਹਾਂ ਦੀ ਪ੍ਰਭੂ ਨਾਲ ਪ੍ਰੀਤ ਲਗ ਗਈ ਹੈ, ਉਨ੍ਹਾਂ ਦੇ ਮਨ ਮਾਇਆ ਵਲੋਂ ਉਪਰਾਮ ਹੋ ਕੇ ਆਤਮਿਕ ਅਡੋਲਤਾ ਵਿਚ ਟਿਕ ਜਾਂਦੇ ਹਨ, ਸਥਿਰਤਾ ਪ੍ਰਾਪਤ ਕਰ ਲੈਂਦੇ ਹਨ। ਅਜਿਹੇ ਜੀਵਾਂ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਪਸਰ ਜਾਂਦਾ ਹੈ ਅਤੇ ਜਨਮ-ਮਰਨ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ ।

ਗੁਰੂ ਜੀ ਅਨੁਸਾਰ ਇਹ ਅਵਸਥਾ ਤਨ, ਮਨ ਤੇ ਆਤਮਾ ਦੀ ਸਥਿਰ ਅਵਸਥਾ ਹੈ। ਇਸ ਆਤਮਿਕ ਅਡੋਲਤਾ ਦੀ ਸਥਿਤੀ ਵਿਚ ਦੂਈ-ਦ੍ਵੈਤ ਦੀ ਭਾਵਨਾ ਦੂਰ ਹੋ ਜਾਂਦੀ ਹੈ, ਜੀਵ ਨੂੰ ਹਰ ਪਾਸੇ ਪਰਮਾਤਮਾ ਹੀ ਨਜ਼ਰ ਆਉਂਦਾ ਹੈ ਅਤੇ ਉਹ ਜਾਨਣਯੋਗ ਬ੍ਰਹਮ ਨੂੰ ਹੀ ਜਾਣਦਾ ਅਤੇ ਪਹਿਚਾਣਦਾ ਹੈ:

> ਤਨ ਥਿਰ ਹੋਇ ਤੌ ਕਾਂਇ ਨ ਸੂਝੈ, ਜਾਨੈ ਜਾਨਨਹਾਰਾ।[71]
> ਆਤਮਾ ਥਿਰ ਭਈ ਤਬ ਸਬ ਹੀ ਨਿਧਿ ਪਾਈ ।[72]

ਇਹ ਆਤਮਿਕ ਅਡੋਲਤਾ ਦੀ ਉੱਚਤਮ ਅਵਸਥਾ ਹੈ। ਇਸ ਅਵਸਥਾ ਦੇ ਸੰਦਰਭ ਵਿਚ ਗੀਤਾ ਦਾ ਫ਼ਰਮਾਨ ਹੈ ਕਿ ਜੋ ਪੁਰਸ਼ ਸੁੱਖ-ਦੁੱਖ, ਮਾਨ-ਅਪਮਾਨ, ਮਿੱਟੀ-ਪੱਥਰ ਅਤੇ ਸੋਨੇ ਨੂੰ ਸਮਾਨ ਸਮਝਦਾ ਹੈ, ਉਸੇ ਪ੍ਰਸ਼ਾਂਤ ਪੁਰਸ਼ ਦੇ ਮਨ ਵਿਚ ਪਰਮਾਤਮਾ ਸਮਾਇਆ ਹੋਇਆ ਹੈ।[73] ਗੁਰੂ ਰਵਿਦਾਸ ਵਾਣੀ ਵਿਚ ਗੀਤਾ ਦੇ ਇਸ ਕਥਨ ਨੂੰ ਹੂ-ਬ-ਹੂ ਅੰਕਿਤ ਕੀਤਾ ਗਿਆ ਹੈ। ਇਸ ਸਮ-ਅਵਸਥਾ ਵਿਚ ਮਾਇਆ ਜੀਵ ਨੂੰ ਮੋਹ ਨਹੀਂ ਸਕਦੀ, ਕਿਉਂ ਕਿ ਉਸ ਨੂੰ ਲੋਹੇ ਤੇ ਸੋਨੇ ਵਿਚ ਕੋਈ ਅੰਤਰ ਨਜ਼ਰ ਹੀ ਨਹੀਂ ਆਉਂਦਾ। ਉਸ ਲਈ ਸੋਨਾ ਵੀ ਲੋਹੇ ਦੇ ਸਮਾਨ ਹੈ, ਸੋਨੇ ਦੀ ਚਮਕ ਉਸ ਨੂੰ ਆਕਰਸ਼ਤ ਨਹੀਂ ਕਰ ਸਕਦੀ। ਇਸ ਪ੍ਰਕਾਰ ਹੀ ਉਸ ਲਈ ਦੁੱਖ ਤੇ ਸੁੱਖ ਸਮਾਨ ਰੂਪ ਹੋ ਨਿਬੜਦੇ ਹਨ, ਦੁੱਖ ਵੀ ਉਸ ਲਈ ਸੁੱਖ ਰੂਪ ਹੋ ਜਾਂਦਾ ਹੈ:

> ਲੋਹਾ ਸਮਕਰ ਕੰਚਨ ਸਮਕਰ, ਭੇਦ ਅਭੇਦ ਸਮਾਵੈਗਾ ।
> ਜੋ ਸੁਖ ਹੋਵੈ ਪਾਰਸ ਕੈ ਪਰਸੈ, ਸੋ ਸੁਖ ਕਾ ਕਹਿ ਗਾਵੈਗਾ।[74]

ਇਸ ਅੰਤ੍ਰੀਵ ਆਨੰਦ ਦੇ ਉੱਚਤਮ ਪਦ ਤੇ ਪਹੁੰਚਣ ਲਈ ਜੀਵ ਨੂੰ ਆਪਣਾ

ਆਪਾ ਮਿਟਾਉਣਾ ਪੈਂਦਾ ਹੈ, ਗੁਰੂ ਕ੍ਰਿਪਾ ਦੁਆਰਾ ਹਿਰਦੇ ਵਿਚ ਨਾਮ ਦੀ ਜੋਤਿ ਜਗਾ ਕੇ ਹੀ ਵਿਸ਼ ਅਤੇ ਅੰਮ੍ਰਿਤ ਦੀ ਭਿੰਨਤਾ ਖ਼ਤਮ ਹੋ ਸਕਦੀ ਹੈ। ਇਸ ਅਵਸਥਾ ਵਿਚ ਮਨੁੱਖੀ ਮੱਤ ਭੈ-ਰਹਿਤ ਹੋ ਕੇ ਪਰਮ-ਪਦ ਪ੍ਰਾਪਤ ਕਰ ਲੈਂਦੀ ਹੈ:

ਗੁਰ ਪ੍ਰਸਾਦ ਭਈ ਅਨਭੈ ਮਤਿ, ਵਿਖ ਅੰਮ੍ਰਿਤ ਸਮ ਧਯਾਵੈਗਾ।
ਕਹੈ ਰਵਿਦਾਸ ਮੇਟਿ ਆਪਾ ਪਰ, ਵਾ ਠੌਰਹਿ ਪਾਵੈਗਾ।[75]

ਗੁਰੂ ਰਵਿਦਾਸ ਦੁਆਰਾ ਅੰਕਿਤ ਇਸ ਸਮ-ਅਵਸਥਾ ਵਿਚ ਵਿਸ਼ੇ-ਵਿਕਾਰਾਂ ਦੀ ਜ਼ਹਿਰ ਜੀਵ ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀ। ਆਤਮਿਕ ਅਡੋਲਤਾ ਦੀ ਇਸ ਅਵਸਥਾ ਵਿਚ ਮਾਇਆ ਦੇ ਪੰਜ ਦੂਤ ਸਖਾ-ਰੂਪ ਧਾਰਨ ਕਰ ਲੈਂਦੇ ਹਨ। ਸਾਕਾਰਾਤਮਕ ਰੂਪ ਧਾਰ ਕੇ ਮਾਇਆ ਜੀਵ ਦੀ ਸਹਾਇਕ ਬਣ ਜਾਂਦੀ ਹੈ ਅਤੇ ਉਸ ਨੂੰ ਨਿਧੀ-ਰੂਪ ਬ੍ਰਹਮ ਦੇ ਦਰਸ਼ਨ ਕਰਵਾ ਦਿੰਦੀ ਹੈ:

ਜਾ ਕਾਰਨ ਮੈਂ ਦੌਰਯੋ ਫਿਰਤੌ, ਸੋ ਅਬ ਘਟ ਮੈਂ ਆਈ ।
ਪਾਂਚੂ ਮੇਰੀ ਸਖੀ ਸਹੇਲੀ, ਤਿਨਿ ਨਿਧਿ ਦਈ ਦਿਖਾਈ ।
ਅਬ ਮਨ ਫੂਲਿ ਭਯੋ ਜਗ ਮਹਿਯਾਂ,ਉਲਟਿ ਆਪ ਮਹੈਂ ਸਮਾਈ।[76]

ਕ੍ਰਿਆਸ਼ੀਲਤਾ ਮਨੁੱਖੀ ਜੀਵਨ ਦਾ ਗੁਣ ਲੱਛਣ ਹੈ। ਗੀਤਾ ਵਿਚ ਇਸ ਸ੍ਰਿਸ਼ਟੀ ਨੂੰ ਕਰਮ-ਭੂਮੀ ਕਿਹਾ ਗਿਆ ਹੈ। ਇਸ ਕਰਮ-ਭੂਮੀ ਵਿਚ ਹਰ ਜੀਵ ਤਨ ਜਾਂ ਮਨ ਦੁਆਰਾ ਕਿਸੇ ਨਾ ਕਿਸੇ ਕਰਮ ਵਿਚ ਰੁੱਝਿਆ ਰਹਿੰਦਾ ਹੈ। ਕਈ ਚਿੰਤਕਾਂ ਦਾ ਮੱਤ ਹੈ ਕਿ ਸ਼ੁਭ ਕਰਮਾਂ ਦੁਆਰਾ ਪਰਮਾਤਮਾ ਨੂੰ ਪ੍ਰਸੰਨ ਕਰਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ, ਪਰੰਤੂ ਗੁਰੂ ਰਵਿਦਾਸ ਵਾਣੀ ਅਨੁਸਾਰ ਸ਼ੁਭ-ਅਸ਼ੁਭ, ਪੁੰਨ-ਪਾਪ ਦੋਨੋਂ ਪ੍ਰਕਾਰ ਦੇ ਕਰਮ ਜੀਵ ਲਈ ਬੰਧਨ-ਕਾਰੀ ਹਨ। ਇਸ ਮਾਇਆਵੀ ਸੰਸਾਰ ਵਿਚ ਮਨੁੱਖ ਸਾਰੇ ਕਰਮ ਭਰਮ-ਵੱਸ ਕਰਦਾ ਹੈ। ਗੁਰੂ ਜੀ ਅਨੁਸਾਰ ਜੇ ਉਹ ਸਤਿਸਰੂਪ ਪਰਮਾਤਮਾ ਨਾਲ ਜੁੜਦਾ ਨਹੀਂ, ਉਸ ਦੀ ਸੱਚੀ-ਸੁੱਚੀ ਭਗਤੀ ਵਿਚ ਲੀਨ ਨਹੀਂ ਹੁੰਦਾ, ਤਾਂ ਉਸ ਦੀਆਂ ਸਾਰੀਆਂ ਸ਼ੁੱਭ ਤੇ ਅਸ਼ੁਭ ਕ੍ਰਿਆਵਾਂ ਕੇਵਲ ਕਰਮ-ਕਾਂਡੀ ਹਨ। ਆਪ ਦਾ ਫ਼ੁਰਮਾਨ ਹੈ:

ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ ।
ਭ੍ਰਮ ਸੇਵਾ ਭ੍ਰਮ ਪੂਜਾ ਅਰ ਭ੍ਰਮ ਸੂੰ ਪਹਿਚਾਨਿ ।
ਭ੍ਰਮ ਖਟ ਕਰਮ ਸਕਲ ਸਹਿੰਤਾ, ਭ੍ਰਮ ਗੇਹ ਵਨ ਜਾਨਿ ।
ਭ੍ਰਮ ਕਰਿ ਕਰਿ ਕਰਮ ਕੀਏ, ਭ੍ਰਮ ਕੀ ਯਹੁ ਬਾਨਿ।[77]

ਗੁਰੂ ਜੀ ਦਾ ਮੱਤ ਹੈ ਕਿ ਪ੍ਰਭੂ-ਨਾਮ ਦੇ ਸਿਮਰਨ ਨੂੰ ਤੱਜ ਕੇ ਕੀਤੇ ਅਜਿਹੇ ਕਰਮ ਤਾਂ ਜੀਵ ਨੂੰ ਰਜੋ, ਸਤੋ, ਤਮੋ ਗੁਣਾਂ ਵਿਚ ਉਲਝਾ ਕੇ ਕਰਮ-ਬੰਧਨ ਵਿਚ ਫਸਾਉਂਦੇ ਹਨ। ਇਹ ਕਰਮ-ਬੰਧਨ ਉਸ ਨੂੰ ਬੁੱਧੀ-ਵਿਹੀਨ ਕਰ ਦਿੰਦੇ ਹਨ, ਜਿਸ ਦੇ ਫਲ-ਰੂਪ ਉਸ ਨੂੰ ਵਾਰ-ਵਾਰ ਜੰਮਣਾ-ਮਰਨਾ ਪੈਂਦਾ ਹੈ, ਗੁਰੂ ਜੀ ਅਨੁਸਾਰ ਜੇ ਕੋਈ ਉੱਚੀ ਕੁਲ ਭਾਵ ਬ੍ਰਾਹਮਣ ਪਰਿਵਾਰ ਦਾ ਜੰਮ-ਪਲ ਹੋ ਕੇ ਸ਼ਾਸਤਰਾਂ ਵਿਚ ਦਰਸਾਏ ਛੇ ਕਰਮ ਵੀ ਕਰੇ, ਪਰ ਉਸ ਦੇ ਹਿਰਦੇ ਵਿਚ ਪ੍ਰਭੂ-ਭਗਤੀ ਨਹੀਂ ਤਾਂ ਉਹ ਚੰਡਾਲ-ਸਮਾਨ ਹੈ:

ਅਤਿ ਅਹੰਕਾਰ ਉਹ ਮਹੈ ਸਤ ਰਜ, ਤਾ ਮੈ ਰਹਯੋ ਉਰਝਾਈ।
ਕਮ ਬਸਿ ਬਾਂਝ ਪਰਯੋ ਕਛੂ ਨ ਸੂਝੈ, ਸ੍ਵਾਮੀ ਨਾਂਵ ਭੁਲਾਈ।[78]

ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ ।
ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲ ਸਮਾਨਿ ।[79]

ਇਹ ਮਾਇਆ ਜੀਵ ਨੂੰ 'ਬਹੁ ਬਿਧਿ ਕਰਮ ਲਿਯੇ ਭਟਕਾਵੈ'[80] ਅਰਥਾਤ ਵਿਭਿੰਨ ਪ੍ਰਕਾਰ ਦੇ ਕਰਮਾਂ ਵਿਚ ਫਸਾ ਕੇ ਭਟਕਾ ਰਹੀ ਹੈ। ਸਮਸਤ ਜੀਵ-ਜੰਤੂ ਕਰਮਾਂ ਦੇ ਵੱਸ ਪਏ ਹੋਏ, ਜਿੱਧਰ ਵੀ ਜਾਂਦੇ ਹਨ, ਮੌਤ ਦੀ ਅਕੱਟ ਫਾਹੀ ਉਨ੍ਹਾਂ ਦਾ ਪਿੱਛਾ ਕਰਦੀ ਹੈ। ਕਾਲ ਦੀ ਇਸ ਫਾਹੀ ਨੂੰ ਕੱਟਣ ਦਾ ਕੋਈ ਹੀਲਾ ਕੰਮ ਹੀ ਨਹੀਂ ਆਉਂਦਾ । ਆਪ ਲਿਖਦੇ ਹਨ:

ਜੀਅ ਜੰਤ ਜਹਾ ਜਹਾ ਲਗੁ, ਕਰਮ ਕੇ ਬਸਿ ਜਾਇ ।
ਕਾਲ ਫਾਸ ਅਬਧ ਲਾਗੇ, ਕਛੂ ਨ ਚਲੈ ਉਪਾਇ ।[81]

ਗੀਤਾ ਵਿਚ ਨਿਸ਼ਕਾਮ ਕਰਮ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਅਧਿਆਤਮ ਚਿੱਤ ਨਾਲ ਸਭ ਕਰਮਾਂ ਨੂੰ ਮੇਰੇ ਵਿਚ ਅਰਪਣ ਕਰਨ ਵਾਲਾ ਆਸ਼ਾ, ਸੰਤਾਪ ਆਦਿ ਤੋਂ ਰਹਿਤ ਹੋ ਕੇ ਮੇਰੇ (ਬ੍ਰਹਮ) ਵਿਚ ਵਿਸ਼ਵਾਸ ਰੱਖਣ ਵਾਲਾ ਸਭ ਕਰਮਾਂ ਤੋਂ ਛੁੱਟ ਜਾਂਦਾ ਹੈ।[82] ਆਪਣੇ ਸੁਭਾਵਿਕ ਕਰਮਾਂ ਦੁਆਰਾ ਮੇਰੀ (ਬ੍ਰਹਮ ਦੀ) ਪੂਜਾ ਕਰਕੇ ਮਨੁੱਖ ਪਰਮਸਿੱਧੀ ਨੂੰ ਪ੍ਰਾਪਤ ਹੁੰਦੇ ਹਨ।[83]

ਗੁਰੂ ਰਵਿਦਾਸ ਵਾਣੀ ਵਿਚ ਜੀਵ ਨੂੰ ਕਰਮ-ਬੰਧਨ ਤੋਂ ਸਦਾ ਲਈ ਮੁਕਤ ਹੋਣ ਵਾਸਤੇ 'ਨਿਹਕਾਮੁ' ਹੋਣ ਦਾ ਉਪਦੇਸ਼ ਦਿੱਤਾ ਗਿਆ ਹੈ। ਨਿਹਕਾਮ ਤੋਂ ਭਾਵ ਹੈ ਕਿ ਜੀਵ ਨੂੰ 'ਨਿਸ਼ਕਾਮ' ਹੋ ਕੇ ਅਥਵਾ ਫਲ ਦੀ ਇੱਛਾ ਤਿਆਗ ਕੇ ਸ਼ੁਭ-ਕਰਮ ਕਰਨ

ਵਿਚ ਰੁਚਿਤ ਹੋਣਾ ਚਾਹੀਦਾ ਹੈ। ਗੁਰੂ ਜੀ ਅਨੁਸਾਰ ਸ਼ਬਦ-ਰੂਪ ਬ੍ਰਹਮ ਦਾ ਸਿਮਰਨ ਕਰਨ ਵਾਲਾ ਹੀ ਨਿਸ਼ਕਾਮ ਜੋਗੀ ਹੈ:

ਬਰਨ ਸਹਿਤ ਜੋ ਜਾਪੈ ਨਾਮੁ, ਸੋ ਜੋਗੀ ਕੇਵਲ ਨਿਹਕਾਮੁ।[84]

ਗੁਰੂ ਜੀ ਨੇ ਇਸ ਜਗਤ ਨੂੰ ਕਰਮ-ਭੂਮ ਸਵੀਕਾਰਿਆ ਹੈ। ਜਿਸ ਤਰ੍ਹਾਂ ਕਿਸਾਨ ਖੇਤ ਵਿਚ ਜੋ ਬੀਜਦਾ ਹੈ, ਫਸਲ ਪੱਕਣ ਤੇ ਉਹੀ ਕੱਟਦਾ ਹੈ, ਉਸੇ ਤਰ੍ਹਾਂ, ਜੀਵ ਜਿਸ ਤਰ੍ਹਾਂ ਦੇ ਮੰਦੇ-ਚੰਗੇ ਕਰਮ ਕਰਦਾ ਹੈ, ਉਨ੍ਹਾਂ ਦਾ ਫਲ ਭੁਗਤਣ ਲਈ ਮੌਤ ਤੋਂ ਬਾਅਦ ਫਿਰ ਜਨਮ ਲੈਂਦਾ ਹੈ। ਜਨਮ-ਜਨਮਾਂਤਰਾਂ ਤੋਂ ਇਹ ਸਿਲਸਿਲਾ ਇਸ ਤਰ੍ਹਾਂ ਹੀ ਕਾਇਮ ਹੈ। ਗੁਰੂ ਜੀ ਦਾ ਕਥਨ ਹੈ ਕਿ ਇਸ ਪ੍ਰਕ੍ਰਿਆ ਵਿਚ ਕੋਈ ਫੇਰ-ਬਦਲ, ਕੋਈ ਪਰਿਵਰਤਨ ਨਹੀਂ ਹੋ ਸਕਦਾ ।ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਦੇਣਾ ਹੀ ਪੈਣਾ ਹੈ, ਇਸ ਲਈ ਜੀਵ ਨੂੰ ਕੁਕਰਮ ਛੱਡ ਕੇ, ਜੰਮਣ-ਮਰਨ ਦੇ ਭਾਰੀ ਸੰਕਟ ਤੋਂ ਬਚਣ ਲਈ ਹਰਿ-ਚਰਨਾਂ ਵਿਚ ਚਿੱਤ ਲਾਉਣਾ ਚਾਹੀਦਾ ਹੈ। ਉਹ ਲੇਖਾ ਮੰਗਣਹਾਰ ਪ੍ਰਭੂ ਹੈ, ਉਸ ਅੱਗੇ ਕੂੜੇ ਵਣਜ ਦੀ ਦੁਕਾਨ ਨਹੀਂ ਚਲ ਸਕਦੀ:

ਜੋ ਕਛੁ ਬੋਵਾ ਲੁਨਿਯੇ ਸੋਈ, ਤਾ ਮੈਂ ਫੇਰ ਫਾਰ ਨਹਿੰ ਹੋਈ।
ਛਾਡਿਅ ਕੂਰ ਭਜੈ ਹਰਿ ਚਰਨਾ, ਤਾਕਾ ਮਿਟੈ ਜਨਮ ਅਰੁ ਮਰਨਾ।[85]
ਕਹੁ ਰਵਿਦਾਸ ਭਇਓ ਜਬ ਲੇਖੋ।ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।[86]
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ, ਝੂਠੇ ਬਨਜਿ ਉਠਿ ਹੀ ਗਈ ਹਾਟਿਓ।[87]

ਗੁਰੂ ਰਵਿਦਾਸ ਜੀਵ ਨੂੰ ਕੁਕਰਮਾਂ ਪ੍ਰਤੀ ਚੇਤੰਨ ਕਰਦੇ ਹੋਏ ਲਿਖਦੇ ਹਨ ਕਿ ਹੇ ਜੀਵ ! ਮਰਨ ਉਪਰੰਤ ਤੂੰ ਜਗਤ ਵਿਚ ਕੀਤੇ ਚੰਗੇ-ਮੰਦੇ ਕਰਮਾਂ ਪ੍ਰਤੀ ਜਵਾਬਦੇਹ ਹੈਂ। ਪ੍ਰਭੂ ਨੂੰ ਭੁਲਾ ਕੇ ਤੂੰ ਇਸ ਜਗਤ ਵਿਚ ਆਪਣੇ ਪੁੱਤਰ ਤੇ ਪਤਨੀ ਦਾ ਮਾਣ-ਹੰਕਾਰ ਕਰਦਾ ਹੈਂ, ਉਹ ਲੇਖਾ ਮੰਗਣਹਾਰ ਪ੍ਰਭੂ ਹੈ, ਉਸ ਨੇ ਤੇਰੇ ਕੋਲੋਂ ਸਾਰੇ ਕਰਮਾਂ ਦਾ ਹਿਸਾਬ ਲੈਣਾ ਹੈ। ਮੌਤ ਤੋਂ ਬਾਅਦ ਜਦੋਂ ਤੇਰੀ ਆਤਮਾ ਨੂੰ ਕੀਤੇ ਮੰਦੇ ਕਰਮਾਂ ਕਾਰਨ ਦੁੱਖਾਂ ਦਾ ਸਾਹਮਣਾ ਕਰਨਾ ਪਵੇਗਾ, ਤਾਂ ਆਪਣੇ ਬਚਾਅ ਲਈ ਉਸ ਵੇਲੇ ਤੂੰ ਕਿਸ ਨੂੰ 'ਪਿਆਰਾ ਪਿਆਰਾ' ਕਹਿ ਕੇ ਆਵਾਜ਼ਾਂ ਮਾਰੇਂਗਾ:

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ, ਠਾਕੁਰੁ ਲੇਖਾ ਮਗਨਹਾਰੁ।
ਫੇੜੇ ਕਾ ਦੁਖੁ ਸਹੈ ਜੀਉ, ਪਾਛੇ ਕਿਸਹਿ ਪੁਕਾਰਹਿ ਪੀਉ ਪੀਉ।[88]

ਜੀਵਾਤਮਾ ਨੂੰ ਇਸ ਦਰਦਨਾਕ ਤੇ ਕਰੁਣਾਮਈ ਸਥਿਤੀ ਤੋਂ ਸੁਰਖਿਅਤ ਕਰਨ ਅਤੇ ਕਰੋੜਾਂ ਪਾਪਾਂ ਨੂੰ ਮਿਟਾਉਣ ਅਥਵਾ ਖ਼ਤਮ ਕਰਨ ਲਈ ਗੁਰੂ ਜੀ ਨੇ ਸੰਤ-ਜਨਾਂ ਦੀ ਓਟ ਲੈਣ ਦਾ ਉਪਦੇਸ਼ ਦਿੱਤਾ ਹੈ। ਆਪ ਬੜੇ ਭਰੋਸੇ ਅਤੇ ਸਵੈ-ਵਿਸ਼ਵਾਸ ਨਾਲ ਕਹਿੰਦੇ ਹਨ ਕਿ ਜੋ ਮਨੁੱਖ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸ ਦਾ ਜਾਤ, ਜੂਨ ਅਤੇ ਜਨਮ-ਮਰਨ ਨਾਲ ਕੋਈ ਵਾਸਤਾ ਨਹੀਂ ਰਹਿੰਦਾ , ਅਰਥਾਤ ਇਨ੍ਹਾਂ ਤੋਂ ਰਹਿਤ ਹੋਣ ਦਾ ਨਾਂ ਹੀ ਮੁਕਤੀ ਹੈ:

ਸਾਧੂ ਕੀ ਜਉ ਲੇਹਿ ਓਟ, ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ।
ਕਹਿ ਰਵਿਦਾਸ ਜੋ ਜਪੈ ਨਾਮੁ, ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ।[89]

ਗੁਰੂ ਜੀ ਅਨੁਸਾਰ ਆਵਾਗਵਨ ਦੇ ਸੰਤਾਪ ਤੋਂ ਮੁਕਤ ਹੋਣ ਅਤੇ ਇਸ ਭੈ-ਸਾਗਰ ਨੂੰ ਤਰਨ ਲਈ ਜੀਵ ਨੂੰ ਆਪਣੇ ਅੰਦਰ ਵਸਦੇ ਅਵਿਅਕਤ ਪ੍ਰਭੂ ਦਾ ਜਾਪ ਕਰਨਾ ਚਾਹੀਦਾ ਹੈ। ਇਹੀ ਇਕੋ-ਇਕ ਉਪਾਅ ਹੈ ਜਿਸ ਦੁਆਰਾ ਮਨੁੱਖ ਚਿੰਤਾਮਣੀ ਲਾਲ ਰੂਪੀ ਬ੍ਰਹਮ ਨੂੰ ਪ੍ਰਾਪਤ ਕਰ ਕੇ ਜਨਮ-ਜਨਮਾਂਤਰਾਂ ਦੇ ਗੂੜ੍ਹੇ ਕਾਲੇ ਹਨੇਰਿਆਂ ਵਿਚ ਫਸੀ ਹੋਈ ਆਪਣੀ ਅੰਤਰ-ਆਤਮਾ ਨੂੰ ਪ੍ਰਕਾਸ਼ਵਾਨ ਕਰ ਸਕਦਾ ਹੈ। ਦੁਰਲੱਭ ਮਨੁੱਖੀ ਜੀਵਨ ਦਾ ਲਾਹਾ ਹੀ ਇਹ ਹੈ ਕਿ ਜੀਵ ਰਾਤ-ਦਿਨ ਆਪਣੀ ਰਸਨਾ ਦੁਆਰਾ ਪ੍ਰਭੂ-ਸਿਮਰਨ ਕਰ ਕੇ ਦੁੱਖਾਂ ਤੋਂ ਨਿਜਾਤ ਪਾ ਕੇ ਅਮਰ-ਪਦ ਪ੍ਰਾਪਤ ਕਰ ਲਵੇ:

ਅਭਿਅੰਤਰ ਭਜੋ ਨਿਤ ਅਵਿਗਤ, ਇਹਿ ਉਪਾਇ ਅੰਤਰਿ ਭੈ ਤਰਨਾ।
ਚਿੰਤਾਮਣਿ ਲਾਲ ਹਾਥੈ ਜੋ ਚਢਿਯੋ, ਹੁਵੈ ਉਜਾਸ ਤਿਮਿਰ ਨਹੀਂ ਰਹਨਾ।[90]

ਭਜੋ 'ਰਵਿਦਾਸ' ਰਾਮ ਨਿਤ ਰਸਨਾ, ਦੁਲਭ ਜਨਮ ਬਿਰਥ ਨਹੀਂ ਗਵਨਾ।
ਕਹੈ 'ਰਵਿਦਾਸ' ਰੰਰਕਾਰ ਜਪਤਹਿੰ, ਭੈਸਾਗਰ ਤਰਿ ਜਾਊਂ।[91]

ਪਰਮ-ਪਦ ਦੀ ਪ੍ਰਾਪਤੀ ਲਈ ਸਾਧਕ ਨੂੰ ਮਾਇਆਵੀ ਸੰਸਾਰ ਨਾਲੋਂ ਪ੍ਰੀਤ ਤੋੜ ਕੇ ਪ੍ਰਭੂ ਨਾਲ ਜੋੜਨੀ ਪੈਂਦੀ ਹੈ, ਉਹ ਜਿਧਰ ਵੀ ਜਾਂਦਾ ਹੈ ਪ੍ਰਭੂ-ਸੇਵਾ ਅਥਵਾ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਉਸ ਦਾ ਧਰਮ ਹੁੰਦਾ ਹੈ, ਜਮਾਂ ਦੀ ਫਾਹੀ ਕੱਟਣ ਅਤੇ ਮੁਕਤੀ ਪ੍ਰਾਪਤ ਕਰਨ ਦਾ ਇਹੀ ਇਕੋ-ਇਕ ਸਾਧਨ ਹੈ। ਗੁਰੂ ਰਵਿਦਾਸ ਲਿਖਦੇ ਹਨ:

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ, ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।
ਜਹ ਜਹ ਜਾਉ ਤਹਾ ਤੇਰੀ ਸੇਵਾ, ਤੁਮ ਸੋ ਠਾਕੁਰੁ ਅਉਰੁ ਨ ਦੇਵਾ।

ਤੁਮਰੇ ਭਜਨ ਕਟਹਿ ਜਮ ਫਾਸਾ, ਭਗਤਿ ਹੇਤ ਗਾਵੈ ਰਵਿਦਾਸਾ।[92]

ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵਰਣਿਤ ਹੈ ਕਿ ਜਦੋਂ ਸਾਧਕ ਦੀਪਕ ਦੇ ਸਮਾਨ ਪ੍ਰਕਾਸ਼-ਸਰੂਪ ਆਤਮ ਭਾਵ ਨਾਲ ਬ੍ਰਹਮ ਤੱਤ ਦਾ ਸਾਖਿਆਤਕਾਰ ਕਰਦਾ ਹੈ, ਉਸ ਸਮੇਂ ਉਹ ਸਭ ਤੱਤਾਂ ਨਾਲ ਵਿਸ਼ੁੱਧ ਦੇਵ ਨੂੰ ਜਾਣ ਕੇ ਸੰਪੂਰਨ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਇਹ ਹੀ ਮੁਕਤੀ ਹੈ।[93] ਗੁਰੂ ਰਵਿਦਾਸ ਵਾਣੀ ਵਿਚ ਇਸ ਤੱਥ ਦੀ ਪੁਸ਼ਟੀ ਹੋਈ ਹੈ। ਆਪ ਨੇ ਵੀ 'ਆਤਮ ਪ੍ਰਕਾਸ' ਨੂੰ ਹਿਰਦੇ ਵਿਚ ਧਾਰਨ ਨਾਲ ਮੁਕਤੀ-ਪ੍ਰਾਪਤੀ ਦੀ ਅਵਸਥਾ ਨੂੰ ਸਵੀਕਾਰਿਆ ਹੈ:

ਕਹਿ ਰਵਿਦਾਸ ਪ੍ਰਗਾਸ ਰਿਦੈ ਧਰਿ, ਜਨਮ ਮਰਨ ਭੈ ਭਾਗੀ।[94]

ਜਾਸੌਂ ਆਤਮ ਪ੍ਰਗਾਸ ਹੈ, ਭਜੀ ਤਾਹਿ ਰਵਿਦਾਸ।[95]

ਅਜਿਹੀ ਅਵਸਥਾ ਵਿਚ ਜਾ ਕੇ ਸਾਧਕ ਵਿਚ ਸਵੈ-ਸ਼ਕਤੀ, ਸਵੈ-ਵਿਸ਼ਵਾਸ ਤੇ ਸਵੈ-ਭਰੋਸਾ ਪੈਦਾ ਹੋ ਜਾਂਦੇ ਹਨ, ਕਿਉਂ ਕਿ ਉਸ ਨੇ 'ਰਾਮ ਨਾਮ ਧਨ ਲਾਦਿਆ ਬਿਖ ਲਾਦੀ ਸੰਸਾਰ,'[96] ਜਿਸ ਦੇ ਫਲ-ਰੂਪ ਉਸ ਨੇ ਮੁਕਤ ਹੋਣਾ ਹੀ ਹੋਣਾ ਹੈ, ਕੋਈ ਵੀ ਤਾਕਤ ਉਸ ਨੂੰ ਇਸ ਸੰਸਾਰ ਵਿਚ ਬੰਨ੍ਹ ਕੇ ਨਹੀਂ ਰੱਖ ਸਕਦੀ। ਗੁਰੂ ਰਵਿਦਾਸ ਵਰਗਾ ਨਿਰਲੋਭੀ, ਨਿਰਮੋਹੀ ਤੇ ਮਾਇਆ ਦਾ ਤਿਆਗੀ ਫੱਕੜ ਸੰਤ ਤਾਂ ਪ੍ਰੇਮ-ਭਾਵ ਨਾਲ ਪ੍ਰਭੂ ਨੂੰ ਵੀ ਵੰਗਾਰਨ ਦਾ ਹੌਸਲਾ ਕਰ ਸਕਦਾ ਹੈ ਕਿ " ਮੈਂ ਮਾਇਆਵੀ ਸੰਸਾਰ ਦੇ ਸਰਬ ਜੰਜਾਲ ਤਿਆਗ ਦਿਤੇ ਹਨ, ਉਰਵਾਰ - ਪਾਰ ਲਾਉਣ ਵਾਲਾ ਪਰਮ-ਪਿਤਾ ਪਰਮਾਤਮਾ ਜੋ ਚਾਹੇ ਮੇਰੇ ਲੇਖਾਂ ਵਿਚ ਲਿਖ ਦੇਵੇ, ਮੈਨੂੰ ਹੁਣ ਜਮਾਂ ਦਾ ਡਰ ਹੀ ਨਹੀਂ ਹੈ।" ਆਪ ਦਾ ਫੁਰਮਾਨ ਹੈ:

ਉਰਵਾਰ ਪਾਰ ਕੇ ਦਾਨੀਆ, ਲਿਖਿ ਲੇਹੁ ਆਲ ਪਤਾਲੁ।
ਮੋਹਿ ਜਮਡੰਡੁ ਨਾ ਲਾਗਈ, ਤਜੀਲੇ ਸਰਬ ਜੰਜਾਲ ।[97]

ਗੁਰੂ ਰਵਿਦਾਸ ਅਨੁਸਾਰ ਧਨ, ਜੋਬਨ ਦੀ ਝੂਠੀ ਆਸ ਨੂੰ ਛੱਡ ਕੇ, ਮਿਥਿਆ ਅਥਵਾ ਭਰਮ-ਯੁਕਤ ਸੰਸਾਰ ਨੂੰ ਤਿਆਗ ਕੇ ਹਿਰਦੇ ਵਿਚ ਸਤਿ-ਸਰੂਪ ਪਰਮਾਤਮਾ ਦੀ ਜੋਤਿ ਪ੍ਰਗਟ ਕਰਨ ਅਤੇ ਨਿਰੰਤਰ ਉਸ ਦਾ ਜਾਪ ਕਰਨ ਨਾਲ ਅਮਰ ਪਦਵੀ ਪਾਈ ਜਾ ਸਕਦੀ ਹੈ। ਹਰੀ ਦੇ ਨਾਮ ਦਾ ਜਾਪ ਕਰਨ ਨਾਲ ਜਨਮ-ਜਨਮ ਦੀ ਕਰਮ-ਪੱਤਰੀ ਉੱਤੇ ਕਾਟਾ ਵੱਜ ਸਕਦਾ ਹੈ, ਅਰਥਾਤ ਕਰਮਾਂ ਦਾ ਲੇਖਾ ਫਾੜ ਕੇ ਸਮਸਤ ਔਗੁਣ ਬਖਸ਼ੇ ਜਾ ਸਕਦੇ ਹਨ:

ਧਨ ਜੋਬਨ ਕੀ ਝੂਠੀ ਆਸ, ਸਤਿ ਸਤਿ ਭਾਖੈ ਜਨ ਰਵਿਦਾਸ।[98]

ਅਮਰ ਭਯੇ ਹਮ ਕਾਹੇ ਕੂੰ ਮਰਿ ਹੈਂ।ਟੇਕ।

ਮਿਥਿਆ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨ ਧਰਿ ਹੈਂ।[99]

ਹਰਿ ਕੇ ਨਾਮ ਕਬੀਰ ਉਜਾਗਰ,ਜਨਮ ਜਨਮ ਕੇ ਕਾਟੇ ਕਾਗਰ।[100]

ਗੁਰੂ ਰਵਿਦਾਸ ਵਾਣੀ ਵਿਚ ਸਹਿਜ ਅਵਸਥਾ ਤੇ ਪਰਮਾਨੰਦ ਦੀ ਅਵਸਥਾ ਵੀ ਮੁਕਤੀ ਦਾ ਹੀ ਇਕ ਰੂਪ ਹੈ। ਇਹ ਅਵਸਥਾ ਸਥਿਰਤਾ ਦੀ ਪ੍ਰਤੀਕ ਹੈ। ਇਸ ਅਵਸਥਾ ਵਿਚ ਪਹੁੰਚ ਕੇ ਜੀਵ ਲਈ ਨਾ ਗਿਆਨ ਦੀ ਆਵੱਸ਼ਕਤਾ ਰਹਿੰਦੀ ਹੈ ਅਤੇ ਨਾ ਹੀ ਕਰਮ ਦੀ। ਨਾ ਕਿਸੇ ਜਾਪ ਦੀ ਲੋੜ ਹੈ ਨਾ ਪ੍ਰਭੂ ਦਾ ਧਿਆਨ ਧਰਨ ਦੀ। ਇਹ ਰੂਹਾਨੀਅਤ ਦੀ ਆਖ਼ਰੀ ਮੰਜ਼ਿਲ ਹੈ, ਇਸ ਪਦ ਤੇ ਪਹੁੰਚ ਕੇ ਸਾਧਕ ਵਿਚ ਆਤਮਿਕ ਅਡੋਲਤਾ ਆ ਜਾਂਦੀ ਹੈ। ਆਪ ਲਿਖਦੇ ਹਨ:

ਪਹਲੇ ਗਯਾਨ ਕਾ ਕਿਯਾ ਚਾਂਦਨਾ, ਪੀਛੇ ਦੀਯਾ ਬੁਝਾਈ।
ਸੁੰਨਿ ਸਹਜ ਮੈਂ ਦੋਊ ਤਯਾਗੀ, ਰਾਮ ਕਹੌਂ ਨ ਖੁਦਾਈ ।
ਦੂਰਿ ਬਸੈ ਖਟ ਕ੍ਰਮ ਸਕਲ, ਅਰੁ ਦੂਰਿਉ ਕੀਨੈ ਸੇਉ।
ਗਯਾਨ ਧਯਾਨ ਦੋਉ ਦੂਰਿਉ ਕੀਨੈ, ਦੂਰਿਉ ਛਾਡਿ ਤੇਉ।[101]

ਕਹੈ ਰਵਿਦਾਸ ਸਹਜ ਸੁੰਨਿ ਸਤ, ਜੀਵਨ ਮੁਕਤਿ ਨਿਧਿ ਕਾਸੀ।[102]

ਇਸ ਪਰਮ-ਆਨੰਦ ਦੀ ਅਵਸਥਾ ਨੂੰ ਬਿਆਨਿਆ ਨਹੀਂ ਜਾ ਸਕਦਾ, ਇਹ ਅਨਿਰਵਚਨੀਯ ਤੇ ਅਕਥਨੀਯ ਹੈ। ਗੁਰੂ ਜੀ ਅਨੁਸਾਰ ਪਰਮ-ਆਨੰਦ ਦੀ ਅਵਸਥਾ ਦਾ ਬਿਆਨ ਗੂੰਗੇ ਵਿਅਕਤੀ ਦੇ ਸ਼ੱਕਰ ਖਾਣ ਦੀ ਅਨੁਭੂਤੀ ਦੇ ਸਮਾਨ ਹੈ, ਅਰਥਾਤ ਉਹ ਸ਼ੱਕਰ ਦੇ ਸੁਆਦ ਨੂੰ ਅਨੁਭਵ ਤਾਂ ਕਰ ਸਕਦਾ ਹੈ ਪਰ ਬਿਆਨ ਨਹੀਂ ਕਰ ਸਕਦਾ:

ਜਾ ਪਰਿ ਕ੍ਰਿਪਾ ਸੋਇ ਭਲ ਜਾਨੈ,ਗੂੰਗੋ ਸਾਕਰ ਕਹਾ ਬਖਾਨੈਂ।[103]

ਗੁਰੂ ਰਵਿਦਾਸ ਵਾਣੀ ਵਿਚ ਨਰਕਾਂ ਦੀ ਅੱਗ ਤੋਂ ਬਚਣਾ ਵੀ ਮੁਕਤੀ ਦਾ ਹੀ ਰੂਪ ਹੈ। ਜੀਵ ਮੰਦੇ ਕਰਮਾਂ ਕਾਰਨ ਨਰਕਾਂ ਦੀ ਅੱਗ ਵਿਚ ਸੜਦਾ ਹੈ, ਪਰੰਤੂ ਪ੍ਰਭੂ-ਨਾਮ ਵਿਚ ਰੰਗ ਕੇ ਉਹ ਨਰਕਾਂ ਦੇ ਦੁੱਖਾਂ, ਕਸ਼ਟਾਂ, ਕਲੇਸ਼ਾਂ ਤੋਂ ਬਚ ਸਕਦਾ ਹੈ:

ਜਨ ਰਵਿਦਾਸ ਨਾਮ ਰੰਗਿ ਰਾਤਾ, ਇਉ ਗੁਰਪਰਸਾਦਿ ਨਰਕ ਨਹੀ ਜਾਤਾ।[104]

ਗੁਰੂ ਰਵਿਦਾਸ ਅਨੁਸਾਰ ਅੰਮ੍ਰਿਤ ਰਸ ਦੀ ਪ੍ਰਾਪਤੀ ਵੀ ਮੁਕਤੀ ਦਾ ਹੀ ਸਰੂਪ ਹੈ। ਸੰਸਾਰਿਕ ਦੁੱਖਾਂ ਦੇ ਸਦੀਵੀ ਸੰਤਾਪ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਜੀਵਾਤਮਾ ਕਿਵੇਂ 'ਨਿਹਚਲ' ਅਥਵਾ ਸਥਿਰ ਅਵਸਥਾ ਦੀ ਭਾਗੀ ਬਣ ਸਕਦੀ ਹੈ ਅਤੇ ਇਸ ਦੁੱਖ-ਰੂਪ ਕਾਇਆ ਤੋਂ ਕਿਸ ਵਿਧੀ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ? ਗੁਰੂ ਜੀ ਦੀ ਬਾਣੀ ਵਿਚ ਇਸ ਦਾ ਹੱਲ ਸੁਝਾਇਆ ਗਿਆ ਹੈ। ਆਪ ਦਾ ਕਥਨ ਹੈ ਕਿ ਪ੍ਰਭੂ-ਭਗਤੀ ਦੁਆਰਾ ਪ੍ਰਭੂ-ਚਰਨਾਂ ਵਿਚ ਲੀਨ ਹੋ ਕੇ ਹੀ ਦੁੱਖ-ਰੂਪ ਜਗਤ ਦਾ ਫੰਦਾ ਕੱਟਿਆ ਜਾ ਸਕਦਾ ਹੈ ਅਤੇ ਅੰਮ੍ਰਿਤ-ਰਸ ਅਰਥਾਤ ਪਰਮ-ਆਨੰਦ ਪਦ ਦੀ ਪ੍ਰਾਪਤੀ ਹੋ ਸਕਦੀ ਹੈ:

ਸਦਾ ਸੰਤਾਪ, ਨਹਿ ਨਰ ਨਿਹਚਲ, ਕਿਮਿ ਛੂਟਹਿ ਇਹ ਕਾਇ।
ਕਹੈ ਰਵਿਦਾਸ ਭਜੋ ਹਰਿ ਚਰਣਾ, ਤਜ ਜਗ ਫੰਦ ਅਮੀ ਰਸ ਪਾਈ।[105]

ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ 'ਨਿਰਵਾਨੁ' ਪਦ ਮੁਕਤ ਅਵਸਥਾ ਦਾ ਪ੍ਰਤੀਕ ਹੈ। ਮਨੁੱਖੀ ਸਰੀਰ ਅੰਦਰ ਬਿਰਾਜਮਾਨ ਆਤਮਾ ਤਾਂ ਹੀਰੇ-ਲਾਲਾਂ ਨਾਲ ਯੁਕਤ ਹੈ, ਪਰ ਇਸ ਦੀ ਸੋਝੀ ਗੁਰਮੁਖਾਂ ਨੂੰ ਹੀ ਹੁੰਦੀ ਹੈ। ਜਿਹੜਾ ਕੋਈ ਖੁਸ਼ਕਿਸਮਤ, ਭਾਗਾਂ ਵਾਲਾ ਮਰਜੀਵੜਾ ਮਾਇਆਵੀ ਸੰਸਾਰ ਨੂੰ ਤਿਆਗ ਦਿੰਦਾ ਹੈ, ਉਹ ਇਨ੍ਹਾਂ ਬੇਸ਼-ਕੀਮਤ ਹੀਰੇ-ਲਾਲਾਂ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਇਨ੍ਹਾਂ ਦੀ ਪ੍ਰਾਪਤੀ ਹੀ ਨਿਰਵਾਣ-ਪਦ ਹੈ:

ਦਿਲ ਦਰਿਯਾਬ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ।
ਮਰਜੀਵਾ ਕੀ ਸੈਨ ਵਿਚਾਰੈ, ਭਉ ਹੀਰਾ ਹਾਥ ਪਰੈ ।
ਕਹਿ ਰਵਿਦਾਸ ਸਮਝਿ ਰੇ ਸੰਤੋ, ਇਹੁ ਪਦ ਹੈ ਨਿਰਵਾਨੁ।[106]

### 5.2.2. ਮੁਕਤ ਅਵਸਥਾਵਾਂ

ਭਾਰਤੀ ਦਰਸ਼ਨ ਵਿਚ ਵਿਭਿੰਨ ਆਚਾਰੀਆਂ ਨੇ ਵਿਭਿੰਨ ਪ੍ਰਕਾਰ ਦੀਆਂ ਮੁਕਤੀਆਂ ਦਾ ਵਰਣਨ ਕੀਤਾ ਹੈ। ਸ਼ਿਵ ਪੁਰਾਣ ਵਿਚ ਸਾਲੋਕਯ, ਸਾਰੂਪਯ, ਸਾਨਿਧਯ ਅਤੇ ਸਾਯੁਜਯ ਆਦਿ ਚਾਰ ਪ੍ਰਕਾਰ ਦੀਆਂ ਮੁਕਤੀਆਂ ਬਾਰੇ ਜ਼ਿਕਰ ਕੀਤਾ ਗਿਆ ਹੈ। ਸ੍ਰੀਮਦ ਭਗਵਦ ਗੀਤਾ ਵਿਚ ਸਾਰੂਪਯ, ਸਾਲੋਕਯ, ਸਾਯੁਜਯ, ਸਾਰਸਟੀ ਅਤੇ ਸਾਮੀਪਯ ਪੰਜ ਪ੍ਰਕਾਰ ਦੀ ਮੁਕਤੀ ਦਾ ਵਰਣਨ ਹੈ। ਪਰੰਤੂ ਦ੍ਵੈਤਵਾਦ ਦਰਸ਼ਨ ਅਨੁਸਾਰ ਸਾਰੂਪਯ, ਸਾਲੋਕਯ, ਸਾਯੁਜਯ ਅਤੇ ਸਾਮੀਪਯ ਚਾਰ ਪ੍ਰਕਾਰ ਦੀਆਂ ਮੁਕਤੀਆਂ ਹਨ।

(ੳ) <u>ਸਾਲੋਕਯ ਮੁਕਤੀ</u>: ਸਾਧਕ ਨੂੰ ਪ੍ਰਭੂ ਦੇ ਨਿਜਧਾਮ ਵਿਚ ਨਿਵਾਸ ਪ੍ਰਾਪਤ ਹੋਣ ਨੂੰ ਸਾਲੋਕਯ ਮੁਕਤੀ ਕਿਹਾ ਜਾਂਦਾ ਹੈ।

(ਅ) <u>ਸਾਰਸਟੀ ਮੁਕਤੀ</u>: ਜਦੋਂ ਜੀਵ ਪ੍ਰਭੂ-ਸਮਾਨ ਐਸ਼ਵਰਜ, ਭੋਗ ਆਦਿ ਗੁਣਾਂ ਨਾਲ ਸੰਪਨ ਹੋ ਜਾਂਦਾ ਹੈ ਤਾਂ ਇਸ ਨੂੰ ਸਾਰਸਟੀ ਮੁਕਤੀ ਕਹਿੰਦੇ ਹਨ ।

(ੲ) <u>ਸਾਮੀਪਯ ਮੁਕਤੀ</u>: ਇਹ ਮੁਕਤੀ ਦੀ ਉਹ ਅਵਸਥਾ ਹੈ ਜਦੋਂ ਜੀਵ ਨੂੰ ਪ੍ਰਭੂ ਦੀ ਨਿਕਟਤਾ ਪ੍ਰਾਪਤ ਹੋ ਜਾਂਦੀ ਹੈ ਅਥਵਾ ਉਹ ਪ੍ਰਭੂ ਦੇ ਸਮੀਪ ਰਹਿ ਸਕਦਾ ਹੈ।

(ਸ) <u>ਸਾਯੁਜਯ ਮੁਕਤੀ</u>: ਪ੍ਰਭੂ ਨਾਲ ਇਕ-ਮਿਕ, ਇਕ-ਰਸ ਤੇ ਇਕ ਰੂਪ ਹੋਣ ਦੀ ਅਵਸਥਾ ਸਾਯੁਜਯ ਮੁਕਤੀ ਹੈ।

ਉਪਰੋਕਤ ਮੁਕਤੀਆਂ ਤੋਂ ਇਲਾਵਾ ਭਾਰਤੀ ਦਰਸ਼ਨ ਵਿਚ ਹੋਰ ਤਿੰਨ ਪ੍ਰਕਾਰ ਦੀਆਂ ਮੁਕਤੀਆਂ ਮੰਨੀਆਂ ਜਾਂਦੀਆਂ ਹਨ:

(ੳ) <u>ਜੀਵਨ ਮੁਕਤੀ</u>: ਜੀਵਨ ਮੁਕਤ ਜੀਵ ਮਾਇਆਵੀ ਸੰਸਾਰ ਦੇ ਵਿਸ਼ੇ-ਵਿਕਾਰਾਂ ਅਤੇ ਭਰਮਾਂ-ਸ਼ੰਕਿਆਂ ਤੋਂ ਰਹਿਤ ਨਿਰਵੈਰ, ਨਿਸ਼ਕਾਮ ਅਤੇ ਸਮ-ਦਰਸ਼ੀ ਹੁੰਦਾ ਹੈ। ਅਜਿਹਾ ਸਾਧਕ-ਜੀਵ ਸਰੀਰ ਗ੍ਰਹਿਣ ਕਰਦਿਆਂ ਹੀ ਆਤਮ ਗਿਆਨ ਅਤੇ ਪ੍ਰਭੂ-ਭਗਤੀ ਦੁਆਰਾ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਜੀਵਨ-ਮੁਕਤ ਜੀਵ ਜਗਤ-ਪ੍ਰਪੰਚ ਤੋਂ ਨਿਰਲੇਪ ਰਹਿੰਦਾ ਹੈ ਅਤੇ ਅਜਿਹਾ ਜੀਵ ਪ੍ਰਭੂ-ਰੂਪ ਹੀ ਹੁੰਦਾ ਹੈ। ਸ਼ੰਕਰ ਦਾ ਮੱਤ ਹੈ ਕਿ ਅਜਿਹਾ ਜੀਵ ਜੀਵਤ-ਅਵਸਥਾ ਵਿਚ ਹੀ ਮੋਕਸ਼ ਦੀ ਪ੍ਰਾਪਤੀ ਕਰ ਲੈਂਦਾ ਹੈ।[107]

(ਅ) <u>ਵਿਦੇਹ ਮੁਕਤੀ</u>: ਸਥੂਲ ਅਤੇ ਸੂਖਮ ਸਰੀਰ ਦਾ ਅੰਤ ਹੋਣ ਤੇ ਜਿਹੜੀ ਮੁਕਤੀ ਪ੍ਰਾਪਤ ਹੁੰਦੀ ਹੈ, ਉਸ ਨੂੰ ਵਿਦੇਹ ਮੁਕਤੀ ਕਿਹਾ ਜਾਂਦਾ ਹੈ। 'ਸੰਤ ਕਬੀਰ ਅਨੁਸਾਰ ਸਰੀਰ ਦਾ ਪੂਰਨ ਅੰਤ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਵਿਦੇਹ ਮੁਕਤੀ ਦੀ ਅਵਸਥਾ ਪ੍ਰਾਰੰਭ ਹੋ ਜਾਂਦੀ ਹੈ। ਇਸ ਅਵਸਥਾ ਦੇ ਆਰੰਭ ਹੁੰਦਿਆਂ ਹੀ ਸਾਧਕ ਦੀਆਂ ਸਰੀਰਕ ਕ੍ਰਿਆਵਾਂ ਵਿਚ ਨਿਸ਼ਕ੍ਰਿਆ ਆ ਜਾਂਦੀ ਹੈ, ਉਹ ਹੱਸਣਾ-ਬੋਲਣਾ, ਚੱਲਣਾ-ਫਿਰਨਾ ਆਦਿ ਸਰੀਰਕ ਕ੍ਰਿਆਵਾਂ ਦੇ ਪ੍ਰਤੀ ਉਦਾਸੀਨ ਹੋ ਜਾਂਦਾ ਹੈ। ਆਪਣੀ ਅੰਤਰ-ਆਤਮਾ ਵਿਚ ਹੀ ਧਿਆਨ-ਮਗਨ ਰਹਿੰਦਾ ਹੈ। - - - ਇਹ ਪਰਮ-ਹੰਸ ਸਾਧਕ ਆਪਣੇ ਹੀ ਸਰੂਪ ਵਿਚ ਪ੍ਰਤਿਸ਼ਠਿਤ ਹੋ ਕੇ ਆਨੰਦ ਵਿਚ ਲੀਨ ਰਹਿੰਦਾ ਹੈ। ਉਸ ਦੇ ਕਰਮ-ਫਲ ਨਸ਼ਟ ਹੋ

ਜਾਂਦੇ ਹਨ; ਸਥੂਲ ਸਰੀਰ ਦਾ ਪਤਨ ਹੋ ਜਾਂਦਾ ਹੈ , ਉਹ ਅਮਰ ਹੋ ਜਾਂਦਾ ਹੈ ਅਤੇ ਆਵਾਗਵਨ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[108]

(ੲ) ਨਿਤਯ ਮੁਕਤੀ: ਜਿਹੜੇ ਜੀਵ ਕਰਮਾਂ ਦੇ ਵੱਸ ਵਿਚ ਹੋ ਕੇ ਜਨਮ-ਮਰਨ ਨੂੰ ਪ੍ਰਾਪਤ ਨਹੀਂ ਹੁੰਦੇ ਅਤੇ ਅਵਤਾਰਾਂ ਦੇ ਸਮਾਨ ਆਪਣੀ ਅਤੇ ਪਰਮਾਤਮਾ ਦੀ ਇੱਛਾ ਅਨੁਸਾਰ ਵੱਖ-ਵੱਖ ਲੋਕਾਂ ਵਿਚ ਵਿਚਰਨ ਕਰਦੇ ਹਨ, ਉਹ ਨਿਤਯ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ ।

5.2.3. ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦਾ ਸਰੂਪ

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦੀਆਂ ਕਿਸਮਾਂ ਦੇ ਸੰਦਰਭ ਵਿਚ ਉਪਰੋਕਤ ਦਾਰਸ਼ਨਿਕ ਵਿਵੇਚਨ ਪ੍ਰਸਤੁਤ ਨਹੀਂ ਕੀਤਾ ਗਿਆ ਅਤੇ ਨਾ ਹੀ ਗੁਰੂ ਜੀ ਨੇ ਮੁਕਤੀਆਂ ਦੀ ਕੋਈ ਪ੍ਰਕਾਰ-ਵੰਡ ਹੀ ਕੀਤੀ ਹੈ। ਦ੍ਵੈਤਵਾਦੀ ਦਰਸ਼ਨ ਵਿਚ ਤਕਨੀਕੀ ਅਰਥਾਂ ਅਨੁਸਾਰ ਜਿਨ੍ਹਾਂ ਚਾਰ ਮੁਕਤੀਆਂ ਸਾਲੋਕਯ, ਸਾਮੀਪਯ, ਸਾਰੂਪਯ ਅਤੇ ਸਾਯੁਜਯ ਦਾ ਜ਼ਿਕਰ ਕੀਤਾ ਗਿਆ ਹੈ, ਵਾਣੀ ਵਿਚੋਂ ਇਨ੍ਹਾਂ ਨਾਲ ਸੰਬੰਧਿਤ ਪਦ ਅਵਸ਼ੰ ਉਪਲਭਧ ਹੁੰਦੇ ਹਨ। ਇਨ੍ਹਾਂ ਮੁਕਤੀਆਂ ਦੇ ਆਧਾਰ ਤੇ ਗੁਰੂ ਰਵਿਦਾਸ ਵਾਣੀ ਵਿਚੋਂ ਮਿਲਦੇ ਚਿੱਤਰ ਹੇਠਾਂ ਪ੍ਰਸਤੁਤ ਕੀਤੇ ਗਏ ਹਨ:

(ੳ) ਸਾਲੋਕਯ ਮੁਕਤੀ: ਸਾਲੋਕਯ ਮੁਕਤੀ ਅਧੀਨ ਜੀਵ ਪ੍ਰਭੂ ਦੇ ਦੇਸ਼ ਵਿਚ ਜਾ ਕੇ ਆਪਣੀ ਇੱਛਾ ਅਨੁਸਾਰ ਵਿਚਰਦਾ ਹੈ। ਸੰਤ-ਮੱਤ ਦਰਸ਼ਨ ਵਿਚ ਇਸ ਧਾਮ ਨੂੰ ਬੈਕੁੰਠ ਨਗਰ, ਬੈਕੁੰਠ ਧਾਮ, ਸੱਚਖੰਡ ਆਦਿ ਪਦਾਂ ਰਾਹੀਂ ਵਰਣਿਤ ਕੀਤਾ ਗਿਆ ਹੈ। ਇਹ ਸੰਤ-ਸਤਿਗੁਰੂਆਂ, ਪਰਮ ਰੂਪ ਤੇ ਮੁਕਤ ਆਤਮਾਵਾਂ ਦਾ ਨਿਵਾਸ-ਸਥਾਨ ਹੈ। ਇਹ ਅੰਤਮ ਰੂਹਾਨੀ ਮੰਡਲ ਹੈ ਅਤੇ ਇਸ ਨੂੰ "ਆਮ ਸੰਤਾਂ ਨੇ ਸਚਖੰਡ, ਸਤਿਲੋਕ, ਸਤਿ-ਪੁਰ, ਸਤਿਪਦ, ਅਮਰਪਦ, ਪਰਮਪਦ ਆਦਿ ਅਨੇਕ ਨਾਵਾਂ ਨਾਲ ਪੁਕਾਰਿਆ ਹੈ। ਇਸੇ ਨੂੰ ਸੰਤਾਂ ਨੇ ਨਿਰੰਕਾਰ ਪਦ, ਨਿਰਬਾਨ ਪਦ, ਨਿਹਚਲ ਧਾਮ, ਧੁਰਧਾਮ, ਨਿਜ ਧਾਮ, ਅਨੰਤ ਲੋਕ, ਅਨਾਮੀ ਦੇਸ਼ ਵੀ ਕਿਹਾ ਹੈ। ਇਸੇ ਨੂੰ ਨਿਰੋਲ ਨਾਮ ਦਾ ਦੇਸ਼ ਸਤਿਨਾਮ ਪਦ, ਸਹਿਜ ਪਦ ਅਤੇ ਚਉਥਾ ਪਦ ਵੀ ਕਿਹਾ ਹੈ।"[109] ਸੰਤ ਨਾਮ ਦੇਵ ਨੇ ਇਸ ਨੂੰ ਅਨਹਦ ਸ਼ਬਦ ਦਾ ਅਖੰਡ ਮੰਡਲ ਕਿਹਾ ਹੈ:

ਅਖੰਡ ਮੰਡਲ ਨਿਰੰਕਾਰ ਮਹਿ, ਅਨਹਦ ਬੇਨੁ ਬਜਾਵਉਗੋ।[110]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰਮਪਦ ਨੂੰ "ਬੈਕੁੰਠ ਨਗਰ ਜਹਾਂ ਸੰਤ ਵਾਸਾ" ਕਹਿ ਕੇ ਬਿਆਨਿਆ ਹੈ। ਇਹ ਇਕ ਅਜਿਹਾ ਦੇਸ਼ ਹੈ ਜੋ ਸਮੁੱਚੇ ਬ੍ਰਹਿਮੰਡ ਦੇ ਪਾਸਾਰੇ ਵਿਚ ਸਮਾਇਆ ਹੋਇਆ ਹੈ, ਜਿਸ ਦੀ ਹੱਦ ਤ੍ਰੈਲੋਕੀ ਵਿਚ ਹੈ। ਵਾਣੀ ਵਿਚ ਗੁਰੂ ਰਵਿਦਾਸ ਨੇ ਅਜਿਹੇ ਹੀ ਸਥਾਨ ਨੂੰ "ਬੈਕੁੰਠ ਅਤੇ ਬੇਗਮਪੁਰਾ" ਕਿਹਾ ਹੈ। ਇਸ ਦੇਸ਼ ਦੀ ਪ੍ਰਾਪਤੀ ਹੀ ਸਾਲੋਕਯ ਮੁਕਤੀ ਹੈ, ਜਿਥੇ ਜੀਵਾਤਮਾ ਕਿਸੇ ਬੰਧਨ ਵਿਚ ਬੱਝੀ ਨਹੀਂ, ਜਿਥੇ ਕੋਈ ਦੁੱਖ ਤੇ ਚਿੰਤਾ ਨਹੀਂ, ਜਿਥੇ ਨਾ ਮਹਿਸੂਲ ਲਏ ਜਾਣ ਵਾਲਾ ਕੋਈ ਮਾਲ ਹੈ, ਨਾ ਕਿਸੇ ਟੈਕਸ ਲੱਗਣ ਦੀ ਘਬਰਾਹਟ ਹੈ, ਨਾ ਕਿਸੇ ਗਲਤੀ ਹੋਣ ਦਾ ਡਰ ਅਤੇ ਨਾ ਹੀ ਕਿਸੇ ਕਿਸਮ ਦੇ ਘਾਟੇ ਦੀ ਚਿੰਤਾ ਹੈ। ਇਸ ਬੇਗਮਪੁਰਾ ਸ਼ਹਿਰ ਵਿਚ ਜੀਵਾਤਮਾ ਆਪਣੀ ਇੱਛਾ ਅਨੁਸਾਰ ਜਿੱਧਰ ਮਰਜ਼ੀ ਆ ਜਾ ਸਕਦੀ ਹੈ, ਇਥੇ ਦੁਨੀਆਂ ਦੇ ਦੇਸ਼ਾਂ ਵਰਗੀਆਂ ਹੱਦ-ਬੰਦੀਆਂ ਤੇ ਰੋਕਾਂ-ਰੁਕਾਵਟਾਂ ਨਹੀਂ ਹਨ, ਇਥੇ ਹਮੇਸ਼ਾ ਰਹਿਮਤਾਂ ਦੀ ਬਾਰਸ਼ ਹੀ ਹੁੰਦੀ ਹੈ, ਇਸ ਸ਼ਹਿਰ ਦਾ ਹਰ ਵਾਸੀ ਗੁਰੂ ਜੀ ਦਾ ਮੀਤ ਹੈ, ਸੱਜਣ ਹੈ, ਪਿਆਰਾ ਹੈ:

ਬੇਗਮਪੁਰਾ ਸਹਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹਿ ਠਾਉ।
ਨਾਂ ਤਸਵੀਸ ਖਿਰਾਜੁ ਨ ਮਾਲੁ, ਖਉਫੁ ਨ ਖਤਾ ਨ ਤਰਸੁ ਜਵਾਲੁ।
ਅਬ ਮੋਹਿ ਖੂਬ ਵਤਨਗਹ ਪਾਈ, ਊਹਾਂ ਖੈਰਿ ਸਦਾ ਮੇਰੇ ਭਾਈ। ਰਹਾਉ।
- - - - - - - - - - - - - - - - - - - - - - - - - -
ਤਿਉ ਤਿਉ ਸੈਲ ਕਰਹਿ ਜਿਉਂ ਭਾਵੈ, ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸ ਚਮਾਰਾ, ਜੋ ਹਮ-ਸਹਰੀ ਸੁ ਮੀਤ ਹਮਾਰਾ।[111]

ਗੁਰੂ ਰਵਿਦਾਸ ਜੀ ਦਾ ਮੱਤ ਹੈ ਕਿ ਜਿਨ੍ਹਾਂ ਜੀਵ-ਆਤਮਾਵਾਂ ਨੇ ਹਰੀ ਦੇ ਚਰਨਾਂ ਨਾਲ ਪ੍ਰੀਤ ਪਾਈ ਹੋਈ ਹੈ, ਉਨ੍ਹਾਂ ਨੂੰ ਜਿਉਂਦੇ-ਜੀਅ ਵੀ ਇੱਜ਼ਤ, ਮਾਣ ਤੇ ਵਡਿਆਈ ਮਿਲਦੀ ਹੈ ਅਤੇ ਮੌਤ ਤੋਂ ਬਾਅਦ ਉਹ ਬੈਕੁੰਠ ਦੀਆਂ ਅਧਿਕਾਰੀ ਬਣਦੀਆਂ ਹਨ:

ਮੂਵਾਂ ਮੁਕਤਿ ਬੈਕੁੰਠਹ ਬਾਸਾ, ਜੀਵਤ ਇਹਾਂ ਜਸ ਪਾਯਾ ਰੇ।[112]

(ਅ) <u>ਸਾਮੀਪਯ ਮੁਕਤੀ:</u> ਪ੍ਰਭੂ ਦੇ ਨਿਕਟਤਮ ਅਥਵਾ ਸਮੀਪ ਰਹਿਣ ਦੀ ਅਵਸਥਾ ਨੂੰ ਸਾਮੀਪਯ ਮੁਕਤੀ ਕਿਹਾ ਜਾਂਦਾ ਹੈ। ਇਸ ਦੇ ਅੰਤਰਗਤ ਜਿਗਿਆਸੂ ਜੀਵ ਪ੍ਰਭੂ ਦੀ ਨੇੜਤਾ

ਪ੍ਰਾਪਤ ਕਰਕੇ ਉਸ ਦੇ ਪ੍ਰੇਮ-ਪਿਆਰ ਦਾ ਆਨੰਦ ਮਾਣਦਾ ਹੈ। ਗੁਰੂ ਰਵਿਦਾਸ ਵਾਣੀ ਵਿਚ ਸਾਮੀਪਯ ਮੁਕਤੀ ਨਾਲ ਸੰਬੰਧਿਤ ਬਹੁਤ ਸਾਰੇ ਪਦ ਉਪਲਭਧ ਹਨ। ਜਨਮਾਂ ਤੋਂ ਵਿਛੜੀ ਆਤਮਾ ਪ੍ਰਭੂ ਦੀ ਨਿਕਟਤਾ ਪਾ ਕੇ ਕਿਸੇ ਹਾਲਤ ਵਿਚ ਵੀ ਉਸ ਤੋਂ ਵਿਛੜਣਾ ਨਹੀਂ ਚਾਹੁੰਦੀ, ਕਿਉਂ ਕਿ ਯੁੱਗਾਂ ਉਪਰੰਤ ਤਾਂ ਉਸ ਨਾਲ ਮੇਲ ਹੋਇਆ ਹੈ। ਪ੍ਰਭੂ ਦੇ ਚਰਨ-ਕਮਲਾਂ ਨਾਲ ਪ੍ਰੀਤ ਪਾ ਕੇ ਹੁਣ ਉਹ ਨਿਸ਼ਚਾ ਕਰੀ ਬੈਠੇ ਹਨ ਕਿ ਸਰੀਰ ਬੇਸ਼ੱਕ ਨਸ਼ਟ ਹੋ ਜਾਵੇ, ਪਰ ਦੂਰੀ ਨਹੀਂ ਸਹਿਣ ਹੁੰਦੀ:

> ਚਰਣ ਨ ਛਾਡਉ ਸਰੀਰ ਕਲੁ ਜਾਈ।[113]
>
> ਬਹੁਤ ਜਨਮ ਬਿਛੁਰੇ ਥੇ ਮਾਧਉ ! ਇਹ ਜਨਮੁ ਤੁਮਾਰੇ ਲੇਖੇ।[114]

ਮਸਾਂ ਤਾਂ ਉਹ ਪ੍ਰੇਮ ਦੀ ਚਰਮ-ਸੀਮਾਂ ਤੇ ਪਹੁੰਚੇ ਹਨ, ਪ੍ਰਭੂ ਨਾਲ ਪ੍ਰੀਤ ਦੀ ਡੋਰ ਨਾਲ ਬੱਝੇ ਹਨ ਅਤੇ ਮਸਾਂ ਹੀ ਉਸ ਦਾ ਸਾਥ ਪ੍ਰਾਪਤ ਹੋਇਐ ਅਤੇ ਹੁਣ ਉਹ ਇਹ ਕਿਵੇਂ ਸਹਿਣ ਕਰ ਸਕਦੇ ਹਨ ਕਿ ਦੁਬਾਰਾ ਉਸ ਦੇ ਪ੍ਰੇਮ-ਭਰੇ ਮਿਲਾਪ ਤੋਂ ਵਾਂਝੇ ਹੋ ਜਾਣ। ਉਂਜ ਵੀ ਦੁਨੀਆਂ ਵਿਚ ਉਸ ਵਰਗਾ ਕੋਈ ਹੋਰ ਨਜ਼ਰ ਵੀ ਤਾਂ ਨਹੀਂ ਆਉਂਦਾ, ਉਸ ਨਾਲੋਂ ਪ੍ਰੀਤ ਤੋੜ ਕੇ ਜਿਸ ਨਾਲ ਜੋੜੀ ਜਾ ਸਕੇ:

> ਮਾਧਵੇ ! ਤੁਮ ਨ ਤੋਰਹ ਤਉ ਹਮ ਨਹੀਂ ਤੋਰਹਿ।
> ਤੁਮ ਸਿਉ ਤੋਰਿ ਕਵਨ ਸਿਉ ਜੋਰਹਿ। ਰਹਾਉ।[115]
>
> ਜਹ ਜਹ ਜਾਉ ਤਹਾ ਤੇਰੀ ਸੇਵਾ, ਤੁਮ ਸੋ ਠਾਕੁਰੁ ਅਉਰੁ ਨ ਦੇਵਾ।[116]

ਗੁਰੂ ਜੀ ਤਾਂ ਹਰ ਹਾਲਤ, ਹਰ ਅਵਸਥਾ ਤੇ ਹਰ ਸਥਿਤੀ ਵਿਚ ਉਸ ਪ੍ਰਭੂ ਦਾ ਸੰਗ ਮਾਨਣਾ ਚਾਹੁੰਦੇ ਹਨ। ਭਾਵੇਂ ਉਹ ਪਰਤਾ ਕੇ ਦੇਖ ਲਵੇ, ਜੇ ਉਹ ਸੁੰਦਰ ਤੇ ਸ੍ਰੇਸ਼ਟ ਪਹਾੜ ਬਣ ਜਾਵੇਗਾ ਤਾਂ ਇੱਧਰ ਇਹ ਕਿਹੜੇ ਘੱਟ ਹਨ, ਉਸ ਦੇ ਮੋਰ ਬਣ ਜਾਣਗੇ, ਜੇ ਉਹ ਚੰਦਰਮਾ ਦਾ ਰੂਪ ਵਟਾ ਲਏਗਾ ਤਾਂ ਇਹ ਵੀ ਚਕੋਰ ਦਾ ਰੂਪ ਧਾਰਨ ਕਰ ਲੈਣਗੇ, ਉਹ ਜਿਸ ਤਰ੍ਹਾਂ ਵੀ ਪਰਤਾਉਣਾ ਚਾਹੁੰਦਾ ਹੈ, ਪਰਤਾ ਲਵੇ, ਜੇ ਉਹ ਦੀਵਾ ਤਾਂ ਇਹ ਵੱਟੀ ਅਤੇ ਜੇ ਉਹ ਤੀਰਥ ਬਣ ਜਾਏਗਾ ਤਾਂ ਇਹ ਵੀ ਯਾਤਰੀ ਦਾ ਰੂਪ ਧਾਰਨ ਕਰ ਲੈਣਗੇ:

> ਜਉ ਤੁਮ ਗਿਰਿਵਰ ਤਉ ਹਮ ਮੋਰਾ, ਜਉ ਤੁਮ ਚੰਦ ਹਮ ਭਏ ਹੈਂ ਚਕੋਰਾ।
> - - - - - - - - - - - - - - - - - - - - - - - - - -

ਜਉ ਤੁਮ ਦੀਵਰਾ ਤਉ ਹਮ ਬਾਤੀ। ਜਉ ਤੁਮ ਤੀਰਥ ਤਉ ਹਮ ਜਾਤੀ।[117]

ਗੁਰੂ ਜੀ ਨੇ ਤਾਂ ਉਸ ਨਾਲ ਸੱਚੀ ਪ੍ਰੀਤ ਪਾਈ ਹੈ, ਉਸ ਦੇ 'ਪ੍ਰੇਮ ਕੀ ਜੇਵਰੀ'[118] ਨਾਲ ਬੱਝੇ ਹੋਏ ਹਨ, ਇਸ ਤੋਂ ਛੁਟਕਾਰਾ ਪਾਉਣ ਦਾ ਉਨ੍ਹਾਂ ਨੂੰ ਕੀ ਲਾਭ ਹੈ। ਸਾਮੀਪਯ ਮੁਕਤੀ ਦਾ ਉੱਚਤਮ ਸੰਕੇਤ ਉਸ ਵੇਲੇ ਉਨ੍ਹਾਂ ਦੀ ਵਾਣੀ ਵਿਚੋਂ, ਦ੍ਰਿਸ਼ਟੀਗੋਚਰ ਹੁੰਦਾ ਹੈ, ਜਦੋਂ ਉਹ ਅਸੀਮ ਪ੍ਰੇਮ-ਪਿਆਰ ਦੀ ਭਾਵਨਾ ਅਧੀਨ ਆਪਣੇ ਪ੍ਰੀਤਮ-ਪਿਆਰੇ ਨੂੰ ਕਹਿੰਦੇ ਹਨ:

ਜਉ ਤੁਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧੇ।
ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ ।[119]

(ੲ) <u>ਸਾਰੂਪਯ ਮੁਕਤੀ:</u> ਇਸ ਮੁਕਤੀ ਦੇ ਅੰਤਰਗਤ ਸਾਧਕ ਪਰਮੇਸਰ ਨਾਲ ਇਕਮਿਕਤਾ, ਸਮਰੂਪਤਾ ਅਤੇ ਪਰਮਰੂਪਤਾ ਪ੍ਰਾਪਤ ਕਰ ਲੈਂਦਾ ਹੈ, ਉਹ ਅਰਥਾਤ ਉਸ ਦਾ ਹੀ ਰੂਪ ਬਣ ਜਾਂਦਾ ਹੈ, ਕਿਸੇ ਪ੍ਰਕਾਰ ਦੀ ਭਿੰਨਤਾ ਦ੍ਰਿਸ਼ਟੀਗੋਚਰ ਹੀ ਨਹੀਂ ਹੁੰਦੀ। ਇਸ ਅਵਸਥਾ ਨੂੰ ਅਨਿੰਨ ਤੱਤਵਾਦ ਵੀ ਕਿਹਾ ਜਾਂਦਾ ਹੈ। ਰਿਗਵੇਦ ਵਿਚ ਆਉਂਦਾ ਹੈ, "ਹੇ ਅਗਨੇ ਪਰਮਾਤਮਾ ! ਮੈਂ ਤੂੰ ਹੋ ਜਾਵਾਂ ਤੇ ਤੂੰ ਮੈਂ ਬਣ ਜਾਵੇਂ ਤਾਂ ਬਹੁਤ ਚੰਗਾ ਹੈ।"[120] ਮੁੰਡਕ ਉਪਨਿਸ਼ਦ ਦਾ ਕਥਨ ਹੈ ਕਿ ਜੋ ਉਸ ਬ੍ਰਹਮ ਨੂੰ ਜਾਣ ਲੈਂਦਾ ਹੈ, ਉਹ ਆਪ ਬ੍ਰਹਮ ਰੂਪ ਹੋ ਜਾਂਦਾ ਹੈ।[121]

ਗੁਰੂ ਰਵਿਦਾਸ ਨੇ ਵੀ ਇਸ ਅਨਿੰਨ-ਤੱਤਵਾਦ ਦੀ ਦਾਰਸ਼ਨਿਕਤਾ ਨੂੰ ਅਪਣਾਇਆ ਹੈ। ਵਾਣੀ ਵਿਚ ਪ੍ਰਭੂ ਨਾਲ ਬੜੀ ਨੇੜਤਾ ਦੇ ਅਨੁਭਵ ਦੀ ਅਭਿਵਿਅੰਜਨਾ ਮਿਲਦੀ ਹੈ। ਆਪ ਨੇ ਆਪਣੀ ਪਰਮ ਰੂਪਤਾ ਵਾਲੀ ਅਵਸਥਾ ਦਾ ਵਰਣਨ ਕੀਤਾ ਹੈ, ਇਹ ਹੀ ਸਾਰੂਪਯ ਮੁਕਤੀ ਹੈ:

ਐਸੇ ਤੈਂ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰਵਾਰਿਯੋ।
ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਸੈਗਹਿੰ ਹੋਈ।
ਜਾ ਸਯੌਂ ਗਾਇਹਿ ਗਾਇ ਕਹਤ ਹੈਂ, ਪਰਮ ਰੂਪ ਹਮ ਸੋਈ।[122]

ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਸੰਤ-ਜਨ ਪਰਮਾਤਮਾ ਦਾ ਹੀ ਰੂਪ ਹਨ, ਸੰਤ ਤੇ ਅਨੰਤ ਅਥਵਾ ਬੇਅੰਤ ਪ੍ਰਭੂ ਵਿਚ ਕੋਈ ਅੰਤਰ ਨਹੀਂ ਹੈ, ਇਹ ਪ੍ਰਭੂ ਦੇ ਸਮਰੂਪ ਹਨ, ਪਰਮ-ਤੱਤ ਨਾਲ ਇਕ-ਰੂਪ ਹੋਏ ਹੋਏ ਹਨ:

ਰਵਿਦਾਸ ਭਣੈ ਜੋ ਜਾਣ ਸੋ ਜਾਣੁ, ਸੰਤ ਅਨੰਤਹਿ ਅੰਤਰੁ ਨਾਹੀ।[123]

(ਸ) ਸਾਯੁਜਯ ਮੁਕਤੀ: ਭਾਰਤੀ ਦਰਸ਼ਨ ਵਿਚ ਜੀਵ ਤੇ ਬ੍ਰਹਮ ਦਾ ਸੰਬੰਧ ਅੰਸ਼-ਅੰਸ਼ੀ ਵਾਲਾ ਹੈ ,ਪਰੰਤੂ ਅਵਿਦਿਆ ਮਾਇਆ ਕਾਰਨ ਇਨ੍ਹਾਂ ਵਿਚ ਭਿੰਨਤਾ ਬਣੀ ਹੋਈ ਹੈ। ਵਾਸਤਵ ਵਿਚ ਤਾਂ ਉਹੀ ਸਮਸਤ ਪ੍ਰਾਣੀਆਂ ਵਿਚ ਰਮ ਰਿਹਾ ਹੈ, ਉਸ ਦਾ ਨੂਰ ਹੀ ਸਭ ਜੀਵਾਂ ਵਿਚ ਵਿਦਮਾਨ ਹੈ ਅਤੇ ਉਸ ਦੇ ਪ੍ਰਕਾਸ਼ ਦੁਆਰਾ ਸਾਰੀ ਸ੍ਰਿਸ਼ਟੀ ਪ੍ਰਕਾਸ਼ਵਾਨ ਹੋ ਰਹੀ ਹੈ। ਪਰ ਦ੍ਵੈਤਵਾਦੀ ਭਾਵਨਾ ਅਧੀਨ ਜੀਵ ਆਪਣੇ ਆਪ ਨੂੰ ਬ੍ਰਹਮ ਤੋਂ ਵੱਖ ਸਮਝ ਰਿਹਾ ਹੈ। ਪਰੰਤੂ ਆਤਮ ਚਿੰਤਨ ਅਤੇ ਆਤਮ ਪ੍ਰਕਾਸ਼ ਦੁਆਰਾ ਜਦੋਂ ਉਸ ਨੂੰ ਵਾਸਤਵਿਕਤਾ ਦੀ ਅਨੁਭੂਤੀ ਹੁੰਦੀ ਹੈ ਕਿ ਉਹ ਤਾਂ ਪਰਮ-ਜੋਤਿ ਦੀ ਹੀ ਕਿਰਨ ਹੈ, ਉਸ ਦਾ ਹੀ ਨੂਰ ਹੈ, ਤਾਂ ਪ੍ਰਭੂ-ਭਗਤੀ ਦੁਆਰਾ ਜੀਵਾਤਮਾ ਪਰਮਤੱਤ ਵਿਚ ਲੀਨ ਹੋ ਜਾਂਦੀ ਹੈ। ਇਹ ਅਵਸਥਾ ਹੀ ਸਾਯੁਜਯ ਮੁਕਤੀ ਹੈ।

ਗੁਰੂ ਰਵਿਦਾਸ ਵਾਣੀ ਵਿਚ ਪਰਮਾਤਮਾ ਅਤੇ ਜੀਵਾਤਮਾ ਦੇ ਸੰਬੰਧਾਂ ਨੂੰ ਕਾਰਨ ਤੇ ਕਾਰਜ ਵਾਲਾ ਸੰਬੰਧ ਮੰਨਿਆ ਗਿਆ ਹੈ। ਬ੍ਰਹਮ ਅਤੇ ਜੀਵਾਤਮਾ ਦਾ ਸੰਬੰਧ ਸੋਨੇ ਅਤੇ ਉਸ ਤੋਂ ਬਣੇ ਕੜੇ, ਜਲ ਅਤੇ ਉਸ ਵਿਚੋਂ ਉਠੀ ਤਰੰਗ ਦੇ ਸਮਾਨ ਹੈ ਜੋ ਪੂਰਨ ਅਭੇਦਤਾ ਦੀ ਲਖਾਇਕ ਹੈ। ਵਾਸਤਵ ਵਿਚ ਤਾਂ ਦੋਨੋਂ ਇਕ ਹੀ ਹਨ। ਆਪ ਦਾ ਫ਼ੁਰਮਾਨ ਹੈ:-

> ਤੋਹੀ ਮੋਹੀ [ਐਸੀ] ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ।[124]
>
> ਜਲ ਕੇ ਤਰੰਗ ਜਲ ਮਾਹਿ ਸਮਾਇ, ਕਹਿ ਕਾ ਕੋ ਨਾਵ ਧਰਿਯੇ ।
> ਐਸੇ ਤੇ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰਵਰਿਯੇ।[125]

ਗੁਰੂ ਜੀ ਦਾ ਕਥਨ ਹੈ ਕਿ ਜਦੋਂ ਜੀਵ ਮਾਇਆਵੀ ਸੰਸਾਰ ਦੀ ਆਸ ਤਿਆਗ ਕੇ, ਇਸ ਪ੍ਰਤੀ ਉਪਰਾਮਤਾ ਵਾਲਾ ਦ੍ਰਿਸ਼ਟੀਕੋਣ ਅਪਨਾ ਲੈਂਦਾ ਹੈ ਤਾਂ ਉਹ ਸੰਤ-ਸਰੂਪ ਹੋ ਕੇ ਸਮਸਤ ਸੁੱਖ ਪ੍ਰਾਪਤ ਕਰ ਲੈਂਦਾ ਹੈ। ਬ੍ਰਹਮ ਨਾਲੋਂ ਉਸ ਦੀ ਭਿੰਨਤਾ ਖਤਮ ਹੋ ਜਾਂਦੀ ਹੈ ਅਤੇ ਉਹ ਪਰਮ-ਤੱਤ ਦਾ ਰੂਪ ਹੀ ਹੋ ਜਾਂਦਾ ਹੈ, ਇਹ ਸਾਯੁਜਯ ਮੁਕਤੀ ਹੈ:

> ਭਾਂਡੈ ਆਸ ਨਿਰਾਸ ਪਰਮੁ ਪਦੁ, ਤਬ ਸੁਖ ਸਤਿ ਕਰ ਹੋਈ।
> ਕਹੈਂ 'ਰਵਿਦਾਸ' ਜਾਸੂੰ ਅਉਰ ਕਹਤ ਹੈ, ਪਰਮ ਤੱਤ ਹੈ ਸੋਈ।[126]

ਗੁਰੂ ਰਵਿਦਾਸ ਵਾਣੀ ਵਿਚ ਪ੍ਰਸਤੁਤ ਮੁਕਤੀ ਦੇ ਸਰੂਪ ਸ਼ਾਸਤਰੀ ਪੱਧਤੀ ਅਨੁਸਾਰ ਵਰਣਿਤ ਨਹੀਂ ਹਨ ਅਤੇ ਨਾ ਹੀ ਗੁਰੂ ਜੀ ਨੇ ਮੁਕਤੀਆਂ ਦੀ ਕੋਈ ਪ੍ਰਕਾਰ-ਵੰਡ ਕੀਤੀ ਹੈ ।

ਮੁਖ ਰੂਪ ਵਿਚ ਉਨ੍ਹਾਂ ਦੁਆਰਾ ਅੰਕਿਤ ਮੁਕਤ ਅਵਸਥਾ ਜੀਵਨ ਮੁਕਤੀ ਦੀ ਅਵਸਥਾ ਹੈ ਜਿਸ ਵਿਚ ਸਹਿਜ ਅਵਸਥਾ ਵਿਚ ਵਿਚਰਦਾ ਹੋਇਆ ਪਰਮ-ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਉਨ੍ਹਾਂ ਦੁਆਰਾ ਵਰਣਿਤ ਮੁਕਤੀ ਵਾਸਤਵ ਵਿਚ ਸੰਪੂਰਨ ਜੀਵਨ-ਮੁਕਤੀ ਹੈ, ਜਿਸ ਦੁਆਰਾ ਲੋਕ ਅਤੇ ਪਰਲੋਕ ਦੋਨੋਂ ਹੀ ਸੰਵਾਰਨੇ ਹਨ। ਗੁਰੂ ਜੀ ਨੇ ਵਾਣੀ ਵਿਚ ਉਰਵਾਰ ਅਤੇ ਪਾਰ, ਦੋ ਪ੍ਰਕਾਰ ਦੀਆਂ ਮੁਕਤੀਆਂ ਦਾ ਜ਼ਿਕਰ ਕੀਤਾ ਹੈ। ਡਾ. ਕ੍ਰਿਸ਼ਨਾ ਕਲਸੀਆ ਅਨੁਸਾਰ, " ਉਨ੍ਹਾਂ ਨੇ ਉਰਵਾਰ ਮੁਕਤੀ ਭਾਵ ਇਸ ਸੰਸਾਰ ਵਿਚ ਪ੍ਰਾਪਤ ਮੁਕਤੀ ਦਾ ਵਰਣਨ ਕੀਤਾ ਹੈ। ਇਹ ਮੁਕਤੀ ਸੰਸਾਰ ਭੌ-ਸਾਗਰ ਨੂੰ ਤੈਰ ਕੇ ਪ੍ਰਾਪਤ ਹੁੰਦੀ ਹੈ। ਸਹਿਜ ਅਵਸਥਾ ਵਿਚ ਵਿਚਰਦੇ, ਆਤਮ ਪ੍ਰਕਾਸ਼ ਦੁਆਰਾ ਪਰਮ ਜੋਤਿ ਨੂੰ ਸਭ ਵਿਚ ਪਹਿਚਾਣ ਕੇ ਪ੍ਰਾਪਤ ਹੁੰਦੀ ਹੈ। ਇਹ ਮੁਕਤੀ ਸਮੁੱਚੇ ਵਿਸ਼ਵ ਨੂੰ ਬੇਗ਼ਮਪੁਰਾ ਬਣਾ ਕੇ ਪ੍ਰਾਪਤ ਹੁੰਦੀ ਹੈ।"[127]

ਗੁਰੂ ਰਵਿਦਾਸ ਦੁਆਰਾ ਵਰਣਿਤ ਦੂਜੀ ਪਾਰ ਮੁਕਤੀ ਹੈ ਜੋ ਪ੍ਰਭੂ-ਭਗਤੀ ਦੁਆਰਾ ਉਸ ਵਿਚ ਲੀਨ ਹੋ ਕੇ, ਉਸ ਨਾਲ ਸਦੀਵੀ ਇਕਮਿਕਤਾ ਪ੍ਰਾਪਤ ਕਰਕੇ ਅਤੇ ਉਸ ਦਾ ਹੀ ਰੂਪ ਬਣ ਕੇ ਪ੍ਰਾਪਤ ਹੁੰਦੀ ਹੈ। ਇਸ ਮੁਕਤੀ ਦੁਆਰਾ ਜੀਵ ਆਵਾਗਵਨ ਤੋਂ ਹਮੇਸ਼ਾ ਲਈ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ, ਅਧਿਆਤਮਿਕ ਮੰਡਲ ਦਾ ਵਾਸੀ ਬਣ ਜਾਂਦਾ ਹੈ। ਗੁਰੂ ਰਵਿਦਾਸ ਅਨੁਸਾਰ ਉਰਵਾਰ-ਪਾਰ ਮੁਕਤੀਆਂ ਕਿਸੇ-ਕਿਸੇ ਜੀਵ ਨੂੰ ਹੀ ਪ੍ਰਾਪਤ ਹੁੰਦੀਆਂ ਹਨ, ਇਨ੍ਹਾਂ ਤੋਂ ਬਿਨਾਂ ਤਾਂ ਜੀਵ ਗੰਵਾਰ ਬਣਿਆ ਭਰਮਾਂ ਵਿਚ ਹੀ ਪਰਚਿਆ ਰਹਿੰਦਾ ਹੈ:

> ਪਾਰ ਗਯਾ ਚਾਹੈ ਸਬ ਕੋਈ, ਦੁਹੂੰ ਉਰਵਾਰ ਪਾਰ ਨਹੀਂ ਹੋਈ।ਟੇਕ।
> ਪਾਰ ਕਹੈ ਉਰਵਾਰ ਸੂੰ ਪਾਰਾ, ਬਿਨ ਪਦ ਪਰਚੈ ਭ੍ਰਮ ਗੰਵਾਰਾ।
> ਪਾਰ ਪਰਮਪਦ ਮਾਂਝਿ ਮੁਰਾਰੀ, ਤਾਂ ਮੈਂ ਆਪ ਰਮੈਂ ਬਨਵਾਰੀ।[128]

ਗੁਰੂ ਰਵਿਦਾਸ ਵਾਣੀ ਵਿਚ ਜੀਵਨ ਮੁਕਤੀ ਤੇ ਬਲ ਦਿੱਤਾ ਗਿਆ ਹੈ। ਜਿਉਂਦੇ-ਜੀਅ ਅਥਵਾ ਜੀਵਤ ਅਵਸਥਾ ਵਿਚ ਹੀ ਨਿਰਵਾਣ ਪਦ ਦੀ ਪ੍ਰਾਪਤੀ ਜੀਵਨ ਮੁਕਤੀ ਹੈ। ਜੀਵਨ-ਮੁਕਤ ਆਤਮਾ ਦੁਨਿਆਵੀ ਵਿਸ਼ੇ-ਵਿਕਾਰਾਂ, ਮੋਹ-ਮਾਇਆ ਤੋਂ ਰਹਿਤ ਅਤੇ ਮਾਇਆਵੀ ਪ੍ਰਪੰਚ ਤੋਂ ਨਿਰਲੇਪ ਰਹਿੰਦੀ ਹੈ, ਜਗਤ ਦੀਆਂ ਵਸਤਾਂ-ਪਦਾਰਥਾਂ ਪ੍ਰਤਿ ਉਸ ਦੀ ਕੋਈ ਰੁਚੀ ਨਹੀਂ ਹੁੰਦੀ ਅਤੇ ਨਾ ਹੀ ਇਨ੍ਹਾਂ ਨੂੰ ਪ੍ਰਾਪਤ ਕਰਨ ਦੀ ਕੋਈ ਇੱਛਾ ਹੁੰਦੀ ਹੈ। ਜੀਵਨ-ਮੁਕਤ ਆਤਮਾ ਇਸ ਦੁਨੀਆਂ ਵਿਚ ਗੁਰੂ-ਚਰਨਾਂ ਨਾਲ ਪ੍ਰੀਤ ਪਾ ਕੇ, ਜਲ ਵਿਚ ਉਪਜੇ

ਕੰਵਲ-ਫੁਲ ਵਾਂਗ ਨਿਰਲੇਪ ਰਹਿੰਦੀ ਹੈ:

ਜਗ ਮਹੈ ਰਹਹੁ ਕੰਵਲ ਜਲ ਜਾਇਸੇ, ਗੁਰ ਚਰਨਾ ਚਿਤ ਰਹਿਏ।[129]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਜੀਵਨ-ਮੁਕਤ ਆਤਮਾ ਨਿਰਵਾਣ ਪਦ ਦਾ ਅਧਿਕਾਰੀ ਹੁੰਦੀ ਹੈ, ਬ੍ਰਹਮ ਜੀਵਨ-ਮੁਕਤੀ ਦਾ ਖ਼ਜ਼ਾਨਾ ਹੈ ਅਤੇ ਮੁਕਤ ਆਤਮਾ ਨਿਧੀ-ਸਰੂਪ ਬ੍ਰਹਮ ਦਾ ਰੂਪ ਹੋ ਜਾਂਦੀ ਹੈ। ਆਪ ਲਿਖਦੇ ਹਨ:

ਘ੍ਰਿਤ ਕਾਰਨ ਦਧਿ ਮਥੈ ਸਇਆਨ, ਜੀਵਤ ਮੁਕਤ ਸਦਾ ਨਿਰਬਾਨ।[130]

ਸਦਾ ਅਤੀਤ ਗਯਾਨ ਘਟਾ ਬਰਜਿਤ ,ਨਿਰਬੀਕਾਰ ਅਬਿਨਾਸੀ।
ਕਹੈ ਰਵਿਦਾਸ ਸਹਜ ਸੁੰਨਿ ਸਤਿ, ਜੀਵਨ ਮੁਕਤਿ ਨਿਧੀ ਕਾਸੀ।[131]

ਇਸ ਪ੍ਰਕਾਰ ਗੁਰੂ ਰਵਿਦਾਸ ਜੀ ਨੇ ਪ੍ਰਮੁੱਖ ਰੂਪ ਵਿਚ ਉਰਵਾਰ-ਪਾਰ ਅਰਥਾਤ ਲੌਕਿਕ ਤੇ ਪਾਰਲੌਕਿਕ ਮੁਕਤੀ ਨੂੰ ਜੀਵਨ-ਮੁਕਤੀ ਦਾ ਨਾਮ ਦਿੱਤਾ ਹੈ। ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਰਹਿ ਕੇ ਪ੍ਰਭੂ-ਭਗਤੀ ਦੁਆਰਾ ਸਮ-ਦ੍ਰਿਸ਼ਟੀ ਦੀ ਭਾਵਨਾ ਉਜਵਲ ਕਰਦੇ ਹੋਏ ਇਸ ਵਿਸ਼ਵ ਨੂੰ ਬੇਗਮਪੁਰਾ ਦੇ ਰੂਪ ਵਿਚ ਪਰਿਵਰਤਿਤ ਕਰਨਾ ਅਤੇ ਨਾਮ-ਸਿਮਰਨ ਦੁਆਰਾ ਪਰਮ-ਜੋਤਿ ਨਾਲ ਇਕਮਿਕ ਤੇ ਸਮ-ਰੂਪ ਹੋਣਾ ਹੀ ਗੁਰੂ ਜੀ ਦੀ ਦ੍ਰਿਸ਼ਟੀ ਵਿਚ ਜੀਵਨ-ਮੁਕਤੀ ਹੈ।

ਸਮੁੱਚੇ ਤੌਰ ਤੇ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਵਾਣੀ ਵਿਚ ਮਾਇਆਵੀ ਸੰਸਾਰ ਦੇ ਅਨੇਕ ਬੰਧਨਾਂ ਨੂੰ ਤਿਆਗ ਕੇ ਪ੍ਰਭੂ ਵਿਚ ਲੀਨ ਹੋਣ ਦੀ ਪ੍ਰਕ੍ਰਿਆ ਨੂੰ ਮੁਕਤੀ ਕਿਹਾ ਗਿਆ ਹੈ। ਅਵਿਦਿਆ ਅਤੇ ਅਗਿਆਨ ਦੇ ਹਨੇਰੇ ਨੂੰ ਚੀਰ ਕੇ 'ਆਤਮ ਪ੍ਰਗਾਸ' ਹੋਣਾ ਮੁਕਤੀ ਦਾ ਪ੍ਰਤੀਕ ਹੈ। ਆਵਾਗਵਨ ਅਤੇ ਜਮਾਂ ਦੀ ਫਾਹੀ ਨੂੰ ਕੱਟਕੇ ਨਰਕਾਂ ਦੀ ਅੱਗ ਤੋਂ ਬਚਣਾ ਵੀ ਮੁਕਤੀ ਅਵਸਥਾ ਦਾ ਰੂਪ ਹੈ। ਜੀਵਨ ਦੀ ਚਾਲ ਨੂੰ ਬਦਲਕੇ, ਮਨ ਦੀ ਅਵਸਥਾ ਨੂੰ ਉਲਟਾ ਕੇ ਵਿਸ਼ੇ-ਵਿਕਾਰਾਂ ਉੱਪਰ ਜਿੱਤ ਪ੍ਰਾਪਤ ਕਰਨੀ ਉਨਮਨ ਦੀ ਅਵਸਥਾ ਵੀ ਮੁਕਤੀ ਦੀ ਸੂਚਕ ਹੈ। ਇਸ ਅਵਸਥਾ ਵਿਚ ਜੀਵ ਨੂੰ ਭਰਮਾਉਣ, ਤੜਪਾਉਣ ਅਤੇ ਕਾਲ ਦੀ ਅਕੱਟ ਫਾਹੀ ਵਿਚ ਫਸਾਉਣ ਵਾਲੇ ਮਾਇਆ ਦੇ ਪੰਜ ਵਿਕਾਰ ਉਸ ਦੇ ਸੰਗੀ-ਸਾਥੀ ਬਣ ਕੇ ਪ੍ਰਭੂ-ਮਿਲਾਪ ਵਿਚ ਸਹਾਇਕ ਸਿੱਧ ਹੁੰਦੇ, ਜੀਵ ਨੂੰ ਬੇਗਮਪੁਰੇ ਦਾ ਵਾਸੀ ਬਣਾਉਂਦੇ ਹਨ। ਬੇਗਮਪੁਰਾ ਸ਼ਹਿਰ ਦਾ ਵਾਸੀ ਬਣਨਾ ਵੀ ਮੁਕਤ ਅਵਸਥਾ ਦਾ ਸਰੂਪ ਹੈ। ਵਾਸਤਵ ਵਿਚ ਮੁਕਤੀ-ਪਦ ਅਦੁੱਤੀ ਅਨੰਦ, ਪਰਮ-ਅਨੰਦ ਅਤੇ ਪਰਮ-ਸੁੱਖ ਦੀ ਅਵਸਥਾ ਹੈ ਜਿਸ ਵਿਚ ਜੀਵਾਤਮਾ ਸਥਿਰਤਾ, ਅਡੋਲਤਾ ਅਤੇ ਸਦੀਵੀ ਸ਼ਾਂਤੀ ਪ੍ਰਾਪਤ

ਕਰ ਲੈਂਦਾ ਹੈ, ਪ੍ਰਭੂ-ਰੂਪ ਹੋ ਕੇ ਜਨਮ-ਮਰਨ ਤੋਂ ਰਹਿਤ ਹੋ ਜਾਂਦਾ ਹੈ ।

5.2.4. ਮੁਕਤੀ ਪ੍ਰਾਪਤੀ ਦੇ ਸਾਧਨ

ਗੁਰੂ ਰਵਿਦਾਸ ਜੀ ਦਾ ਮੁਕਤੀ ਸੰਕਲਪ ਉਪਨਿਸ਼ਦਾਂ, ਸਾਂਖ ਸ਼ਾਸਤਰ, ਗੀਤਾ, ਭਾਗਵਤ ਪੁਰਾਣ ਅਤੇ ਸ਼ੰਕਰ ਦੇ ਅਦ੍ਵੈਤਵਾਦ ਨਾਲ ਮੇਲ ਰੱਖਦਾ ਹੈ। ਇਨ੍ਹਾਂ ਅਨੁਸਾਰ ਆਪੇ ਦੀ ਸੋਝੀ ਅਰਥਾਤ ਗਿਆਨਵਾਨ ਹੋਣਾ ਮੁਕਤੀ ਦਾ ਪ੍ਰਮੁੱਖ ਆਧਾਰ ਹੈ। ਉਂਝ ਤਾਂ ਇਨ੍ਹਾਂ ਮੱਤਾਂ ਦਾ ਵਿਵੇਚਨ ਕਰਨ ਤੇ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਗਿਆਨ, ਕਰਮ ਅਤੇ ਭਗਤੀ, ਮੁਕਤ-ਅਵਸਥਾ ਦੀ ਪ੍ਰਾਪਤੀ ਲਈ ਤਿੰਨ ਪ੍ਰਮੁੱਖ ਆਧਾਰ ਹਨ, ਪਰੰਤੂ ਸਾਡੀ ਧਾਰਨਾ ਹੈ ਕਿ ਇਹ ਤਿੰਨੇ ਇਕ ਦੂਸਰੇ ਦੇ ਪੂਰਕ ਹਨ। ਸ੍ਰੇਸ਼ਟ ਕਰਮ ਅਤੇ ਭਗਤੀ ਦਾ ਮੁੱਖ ਆਧਾਰ ਵੀ ਗਿਆਨ ਹੀ ਹੈ। ਜਦੋਂ ਜੀਵ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਉਹ ਵੀ ਉਸ ਪਰਮ-ਤੱਤ ਦਾ ਹੀ ਇਕ ਅੰਸ਼ ਹੈ ਤਾਂ ਕਰਮ-ਅਭਿਆਸ ਦੁਆਰਾ ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਉਹ ਬ੍ਰਹਮ-ਰੂਪ ਹੋ ਜਾਂਦਾ ਹੈ। ਉਸ ਦੀ ਆਤਮਾ ਸੱਤ, ਚਿੱਤ ਅਤੇ ਆਨੰਦ-ਮਈ ਹੋ ਜਾਂਦੀ ਹੈ ਅਤੇ ਉਹ ਮੌਤ-ਉਪਰੰਤ ਆਵਾਗਵਨ ਤੋਂ ਮੁਕਤ ਹੋ ਜਾਂਦੀ ਹੈ।

ਉਪਨਿਸ਼ਦਾਂ ਵਿਚ ਗਿਆਨ ਅਤੇ ਚੰਗੇਰੇ ਜੀਵਨ, ਸਾਂਖ ਅਤੇ ਯੋਗ ਸ਼ਾਸਤਰ ਵਿਚ ਗਿਆਨ ਮਾਰਗ ਨੂੰ ਮੁਕਤੀ ਦੇ ਸਾਧਨ ਦਰਸਾਇਆ ਗਿਆ ਹੈ। ਉਪਨਿਸ਼ਦਾਂ ਵਿਚ ਵਰਣਿਤ, "ਗਿਆਨ ਜਾਂ ਵਿਦਿਆ ਦਾ ਅਰਥ ਸਾਧਾਰਨ ਅਨੁਭਵੀ ਗਿਆਨ ਨਹੀਂ ਅਤੇ ਨਾ ਹੀ ਇਹ ਗਿਆਨ ਕਿਸੇ ਕਿਸਮ ਦੇ ਵਿਗਿਆਨ ਜਾਂ ਤਰਕ ਨਾਲ ਸੰਬੰਧਿਤ ਹੈ, ਸਗੋਂ ਉਪਨਿਸ਼ਦਾਂ ਦਾ ਗਿਆਨ ਤਾਂ ਸਤਿ-ਗਿਆਨ ਹੈ। ਇਨ੍ਹਾਂ ਅਨੁਸਾਰ ਇਕ-ਇਕ ਅੰਤਿਮ ਸਤਿ ਦਾ ਗਿਆਨ ਹੀ ਅਸਲੀ ਗਿਆਨ ਹੈ।"[132]

ਪੁਰਾਣਾਂ ਵਿਚ ਮੁਕਤੀ ਲਈ ਗਿਆਨ ਤੇ ਕਰਮ ਨੂੰ ਮਹੱਤਵ ਨਾ ਦੇ ਕੇ ਭਗਤੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਬੁੱਧ ਧਰਮ ਵਿਚ ਗਿਆਨ ਦੀ ਥਾਂ ਕਰਮ ਨੂੰ ਵਧੇਰੇ ਮਾਨਤਾ ਪ੍ਰਾਪਤ ਹੈ, ਕਿਉਂ ਕਿ ਮਨੁੱਖ ਦਾ ਚੰਗਾ ਜਾਂ ਬੁਰਾ, ਸੁਖੀ ਜਾਂ ਦੁਖੀ ਹੋਣਾ ਉਸ ਦੇ ਕਰਮ ਅਤੇ ਚਰਿੱਤਰ ਉੱਤੇ ਨਿਰਭਰ ਕਰਦਾ ਹੈ। ਇਸ ਲਈ ਬੁੱਧ ਮੱਤ ਅਨੁਸਾਰ ਗਿਆਨ ਨਾਲੋਂ ਮਨੁੱਖ ਦਾ ਵਧੇਰੇ ਧਿਆਨ ਕਰਮ ਵਲ ਹੋਣਾ ਚਾਹੀਦਾ ਹੈ। ਗੀਤਾ ਵਿਚ ਨਿਸ਼ਕਾਮ ਕਰਮ, ਭਗਤੀ, ਉਪਾਸਨਾ ਅਤੇ ਗਿਆਨ ਮੁਕਤੀ ਪ੍ਰਾਪਤੀ ਦੇ ਚਾਰ ਸਾਧਨ ਦੱਸੇ ਗਏ ਹਨ। ਅਦ੍ਵੈਤਵਾਦ ਵਿਚ ਵੀ ਗਿਆਨ ਮਾਰਗ ਨੂੰ ਵਿਸ਼ੇਸ਼ ਤੌਰ ਤੇ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ।

ਇਸ ਪ੍ਰਕਾਰ ਭਾਰਤੀ ਦਰਸ਼ਨ ਵਿਚ ਮੁਕਤੀ ਪ੍ਰਾਪਤ ਕਰਨ ਦੇ ਪ੍ਰਮੁੱਖ ਤਿੰਨ ਸਾਧਨ ਗਿਆਨ, ਕਰਮ ਅਤੇ ਭਗਤੀ ਦਰਸਾਏ ਗਏ ਹਨ ।

ਗੁਰੂ ਰਵਿਦਾਸ ਵਾਣੀ ਵਿਚ ਇਨ੍ਹਾਂ ਤਿੰਨਾਂ ਸਾਧਨਾਂ ਦਾ ਸਮਨਵੈ ਪ੍ਰਸਤੁਤ ਕੀਤਾ ਗਿਆ ਹੈ। ਇਹ ਤਿੰਨੋਂ ਇਕ ਦੂਸਰੇ ਦੇ ਪੂਰਕ ਹਨ, ਕੇਵਲ ਕਿਸੇ ਇਕ ਨੂੰ ਵਿਸ਼ੇਸ਼ ਮਹੱਤਵ ਦੇਣ ਤੇ ਬੁੱਧੀ ਹਉਮੈ- ਗ੍ਰਸਤ ਹੋ ਸਕਦੀ ਹੈ। ਆਪ ਦਾ ਫੁਰਮਾਨ ਹੈ:

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ;
ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ।[133]

ਆਪਣੇ ਆਪ ਨੂੰ ਵੱਡਾ ਗਿਆਨਵਾਨ, ਕਵੀ, ਵਿਦਵਾਨ, ਪੰਡਿਤ ਤੇ ਗੁਣੀ ਗਿਆਨੀ ਸਮਝਣ, ਵੱਡੇ ਕਰਮ ਕਰਨ ਵਾਲਾ ਦਾਨੀ ਤੇ ਦਾਤਾ ਕਹਾਉਣ ਅਤੇ ਜੋਗੀਆਂ ਤੇ ਸੰਨਿਆਸੀਆਂ ਵਰਗੇ ਵੱਡੇ ਪ੍ਰਭੂ-ਭਗਤ ਦਰਸਾਉਣ ਵਾਲੇ ਜੀਵ ਹਉਮੈਂ,ਹੰਕਾਰ ਦੀ ਭਾਵਨਾ ਦੇ ਭਰਮ-ਵੱਸ ਪਰਮਾਤਮਾ ਤੋਂ ਵਿਛੜ ਕੇ ਵਿਸ਼ੇ-ਵਿਕਾਰਾਂ ਦੁਆਰਾ ਲੁੱਟੇ-ਪੁੱਟੇ ਜਾਂਦੇ ਹਨ। 'ਜਬ ਹਮ ਹੋਤੇ ਤਬ ਤੂੰ ਨਾਹੀਂ'[134] ਅਰਥਾਤ ਜਿੰਨਾ ਚਿਰ ਤਕ ਬੁੱਧੀ ਹਉਮੈਂ-ਗ੍ਰਸਤ ਹੈ, ਜੀਵ ਤੇ ਬ੍ਰਹਮ ਦੀ ਦੂਰੀ ਵਧਦੀ ਹੈ, ਜੀਵ ਮੁਕਤੀ ਤੋਂ ਵਾਂਝਾ ਰਹਿ ਜਾਂਦਾ ਹੈ। ਹਉਮੈਂ ਨੂੰ ਤਿਆਗ ਕੇ ਮੁਕਤੀ ਪ੍ਰਾਪਤੀ ਦੇ ਤਿੰਨਾਂ ਹੀ ਸਾਧਨਾਂ ਦਾ ਉਚਿਤ ਪ੍ਰਯੋਗ ਕਰਕੇ ਜੀਵ ਪਰਮ-ਪਦ ਦਾ ਅਧਿਕਾਰੀ ਬਣ ਸਕਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਵਾਣੀ ਵਿਚ ਇਨ੍ਹਾਂ ਤਿੰਨਾਂ ਨੂੰ ਮੋਕਸ਼ ਪ੍ਰਾਪਤੀ ਦੇ ਸਾਧਨ ਸਵੀਕਾਰਿਆ ਗਿਆ ਹੈ:

## ਗਿਆਨ ਮਾਰਗ

ਗੁਰੂ ਰਵਿਦਾਸ ਵਾਣੀ ਵਿਚ ਗਿਆਨ ਨੂੰ ਮੁਕਤੀ ਦਾ ਮਹੱਤਵ ਪੂਰਨ ਸਾਧਨ ਦਰਸਾਇਆ ਗਿਆ ਹੈ। 'ਰੱਬ ਸੰਬੰਧੀ ਗਿਆਨ ਉਹ ਗਿਆਨ ਹੈ ਜਿਸ ਅਨੁਸਾਰ ਕੇਵਲ ਬ੍ਰਹਮ ਨੂੰ ਹੀ ਸਤਿ ਮੰਨਿਆ ਜਾਂਦਾ ਹੈ, ਬਾਕੀ ਸਭ ਚੀਜ਼ਾਂ ਨੂੰ ਮਿਥਿਆ ਸਮਝਿਆ ਜਾਂਦਾ ਹੈ।"[135] ਗੁਰੂ ਰਵਿਦਾਸ ਅਨੁਸਾਰ ਜੀਵ ਦਾ ਸੰਕਟ ਹੀ ਇਥੋਂ ਪੈਦਾ ਹੁੰਦਾ ਹੈ ਕਿ ਉਹ ਇਸ ਜੀਵਨ ਨੂੰ ਹੀ ਸੱਤ ਸਮਝੀ ਬੈਠਾ ਹੈ, ਜਦਕਿ ਵਾਸਤਵਿਕਤਾ ਇਹ ਹੈ ਕਿ ਜੋ ਉਹ ਸਮਝਦਾ ਹੈ, ਅਸਲ ਵਿਚ ਉਹ ਉਸ ਤਰ੍ਹਾਂ ਨਹੀਂ ਹੈ। ਆਪ ਲਿਖਦੇ ਹਨ:

ਮਾਧਵੇ ਕਿਆ ਕਹੀਐ ਭ੍ਰਮੁ ਐਸਾ, ਜੈਸਾ ਮਾਨੀਐ ਹੋਇ ਨ ਤੈਸਾ।[136]

ਸ੍ਰੀ ਕ੍ਰਿਸ਼ਨ ਗੀਤਾ ਵਿਚ ਕਹਿੰਦੇ ਹਨ ਕਿ ਇਸ ਮਾਇਆ ਨਾਲ ਜਿਨ੍ਹਾਂ ਦਾ ਗਿਆਨ ਨਸ਼ਟ ਹੋ ਜਾਂਦਾ ਹੈ, ਉਹ ਮੁੜ ਮੈਨੂੰ ਪ੍ਰਾਪਤ ਨਹੀਂ ਕਰ ਸਕਦੇ।[137] ਜੀਵਾਤਮਾ ਪਰਮਸਤਿ ਦੀ ਅੰਸ਼ ਹੈ, ਪਰ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ'[138] ਅਤੇ ਮਲੀਨ ਮੱਤ ਹੋਣ, ਇੰਦਰੀਆਂ ਦੀ ਸਬਲਤਾ ਤੇ ਬੁੱਧੀ ਦੀ ਨਿਰਬਲਤਾ ਕਾਰਨ ਜੀਵ ਪਰਮ-ਤੱਤ ਦੇ ਸਰੂਪ ਨੂੰ ਸਮਝਣ ਤੋਂ ਅਸਮਰਥ ਹੋ ਜਾਂਦਾ ਹੈ:

ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨ ਜਾਇ।[139]

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ, ਪਰਮਾਰਥ ਪਰਵੇਸ ਨਾਹੀ।[140]

ਵਿਵੇਕ-ਵਿਹੀਨ ਪੁਰਸ਼ ਦੀ ਅਵਸਥਾ ਨੂੰ ਸੁੰਦਰ ਦ੍ਰਿਸ਼ਟਾਂਤ ਦੁਆਰਾ ਪ੍ਰਸਤੁਤ ਕਰਦਿਆਂ ਆਪ ਦੱਸਦੇ ਹਨ ਕਿ ਜਿਸ ਤਰ੍ਹਾਂ ਡੱਡੂਆਂ ਨਾਲ ਭਰੇ ਹੋਏ ਖੂਹ ਵਿਚ ਰਹਿੰਦੇ ਡੱਡੂਆਂ ਨੂੰ ਬਾਹਰ ਦੇ ਦੇਸ-ਪਰਦੇਸ ਦੀ ਕੋਈ ਖ਼ਬਰ ਨਹੀਂ ਹੁੰਦੀ, ਇਸ ਤਰ੍ਹਾਂ ਹੀ ਵਿਸ਼ੇ-ਵਿਕਾਰਾਂ ਨਾਲ ਮੋਹੇ ਹੋਏ ਮਨ ਨੂੰ ਲੋਕ-ਪਰਲੋਕ ਅਥਵਾ ਆਤਮਾ-ਪਰਮਾਤਮਾ ਦੀ ਕੋਈ ਸੋਝੀ ਨਹੀਂ ਰਹਿੰਦੀ :

ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ।
ਐਸੇ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾ ਪਾਰੁ ਨ ਸੂਝ।[141]

ਮਾਇਆ ਦੇ ਕਾਰਨ ਪਰਮਾਤਮਾ ਵਲੋਂ ਬੇਮੁੱਖ ਹੋਏ ਜੀਵ ਨੂੰ ਚੇਤੰਨ ਕਰਦੇ ਹੋਏ ਆਪ ਸਮਝਾਉਂਦੇ ਹਨ ਕਿ ਹੇ ਜੀਵ ! ਤੂੰ ਇਸ ਜਗਤ ਨੂੰ ਹੀ ਸੱਚ ਸਮਝੀ ਬੈਠਾ ਹੈਂ, ਜਦਕਿ ਇਹ ਤਾਂ ਮਾਇਆ ਦਾ ਪ੍ਰਪੰਚ ਹੈ, ਸਵਾਂਗ ਹੈ, ਭਰਮ ਹੈ, ਸੱਚ ਨਹੀਂ ਹੈ:

ਕਿਆ ਤੂ ਸੋਇਆ ਜਾਗੁ ਇਆਨਾ, ਤੈ ਜੀਵਨੁ ਜਗਿ ਸਚੁ ਕਰਿ ਜਾਨਾ।ਰਹਾਉ।[142]

ਸੰਸਾਰ ਪ੍ਰਪੰਚ ਹੇ ਵਯਾਕੁਲ ਰਾਮਾਨੰਦਾ, ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ।[143]

ਸਾਂਗ ਯਹੁ ਸਾਚ ਨ ਜਾਨੋ, ਲੋਗਨਿ ਇਹੈ ਭਰਮਾਈ।[144]

ਇਸ ਦੁਬਿਧਾ, ਸ਼ੰਕਿਆਂ ਅਤੇ ਭਰਮਾਂ ਦੀ ਸਥਿਤੀ ਵਿਚੋਂ ਆਤਮਿਕ ਗਿਆਨ ਦੀ ਸੂਝ ਬੂਝ ਹੀ ਕੱਢ ਸਕਦੀ ਅਤੇ ਪ੍ਰਭੂ-ਕ੍ਰਿਪਾ ਦੁਆਰਾ ਮੁਕਤੀ ਦਾ ਦੁਆਰ ਖੋਲ੍ਹ ਸਕਦੀ ਹੈ। ਜਿਸ ਤਰ੍ਹਾਂ ਕਥਾ ਪ੍ਰਚਲਿਤ ਹੈ ਕਿ ਹਨੇਰੇ ਵਿਚ ਰੱਸੀ ਵੀ ਸੱਪ ਦਾ ਭੁਲੇਖਾ ਪਾਉਂਦੀ ਹੈ, ਪਰ ਪ੍ਰਕਾਸ਼ ਦੇ ਹੋਣ ਨਾਲ ਉਸ ਦੀ ਵਾਸਤਵਿਕਤਾ ਪ੍ਰਗਟ ਹੋ ਜਾਂਦੀ ਹੈ, ਇਸ ਤਰ੍ਹਾਂ ਹੀ ਗਿਆਨ

ਰੂਪੀ ਪ੍ਰਕਾਸ਼ ਨਾਲ ਜੀਵ ਤੇ ਬ੍ਰਹਮ ਦੇ ਆਪਸੀ ਅਭਿੰਨ ਸੰਬੰਧਾਂ ਦੇ ਭੇਦ ਤੋਂ ਹਨੇਰੇ ਦਾ ਪਰਦਾ ਚੁਕਿਆ ਜਾਂਦਾ ਹੈ:

> ਉਪਜਿਓ ਗਿਆਨ, ਹੂਆ ਪਰਗਾਸ, ਕਰਿ ਕਿਰਪਾ ਲੀਨੇ ਕੀਟ ਦਾਸ।[145]
>
> ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ, ਅਬ ਕਛੁ ਮਰਮੁ ਜਨਾਇਆ।[146]

ਨਿਰਸੰਦੇਹ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਜੀਵ ਕਈ ਪ੍ਰਕਾਰ ਦੇ ਕਰਮ-ਕਾਂਡ ਕਰਦਾ ਹੈ, ਪਰੰਤੂ ਗਿਆਨ ਦੀ ਪ੍ਰਾਪਤੀ ਨਾਲ ਕਿਸੇ ਕਰਮ-ਕਾਂਡ ਦੀ ਆਵੱਸ਼ਕਤਾ ਨਹੀਂ ਰਹਿੰਦੀ। ਜਿਸ ਤਰ੍ਹਾਂ ਸਿਆਣੀ ਇਸਤਰੀ ਘਿਉ ਹਾਸਿਲ ਕਰਨ ਲਈ ਦਹੀਂ ਨੂੰ ਰਿੜਕਦੀ ਹੈ, ਇਸ ਤਰ੍ਹਾਂ ਹੀ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਕਰਮ-ਕਾਂਡ ਸਾਧਨ ਵਜੋਂ ਕੀਤੇ ਜਾਂਦੇ ਹਨ ਅਤੇ ਗਿਆਨ-ਪ੍ਰਾਪਤੀ ਦੁਆਰਾ ਜੀਵ ਜਿਉਂਦੇ-ਜੀਅ ਨਿਰਵਾਣ ਪਦ ਪ੍ਰਾਪਤ ਕਰ ਲੈਂਦਾ ਹੈ। ਗੁਰੂ ਰਵਿਦਾਸ ਤਾਂ ਬੜੇ ਭਰੋਸੇ ਨਾਲ ਜੀਵ ਨੂੰ ਇਸ ਤੱਥ ਦੀ ਅਨੁਭੂਤੀ ਕਰਵਾਉਂਦੇ ਹਨ ਕਿ ਹਿਰਦੇ ਵਿਚ ਗਿਆਨ ਰੂਪੀ ਪ੍ਰਕਾਸ਼ ਪ੍ਰਗਟ ਹੋਣ ਨਾਲ ਜੀਵ ਜਨਮ-ਮਰਨ ਦੇ ਭੈਅ ਅਥਵਾ ਡਰ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ: -

> ਗਿਆਨੈ ਕਾਰਨ ਕਰਮ ਅਭਿਆਸੁ, ਗਿਆਨ ਭਇਆ ਤਹ ਕਰਮਹੁ ਨਾਸੁ।
> ਘ੍ਰਿਤ ਕਾਰਨ ਦਧਿ ਮਥੈ ਸਇਆਨ, ਜੀਵਤ ਮੁਕਤ ਸਦਾ ਨਿਰਬਾਨ।[147]
>
> ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ।[148]

ਪਰੰਤੂ ਇਥੇ ਇਸ ਤੱਥ ਵਲ ਵੀ ਧਿਆਨ ਦੇਣ ਦੀ ਲੋੜ ਹੈ ਕਿ ਗੁਰੂ ਰਵਿਦਾਸ ਵਾਣੀ ਵਿਚ ਸਿਰਫ ਅੱਖਰੀ ਗਿਆਨ ਅਥਵਾ ਸ਼ਾਸਤਰਾਂ ਦੇ ਸਿੱਖੇ-ਸਿਖਾਏ, ਪੜ੍ਹੇ-ਪੜ੍ਹਾਏ ਅਤੇ ਸੁਣੇ-ਸੁਣਾਏ ਗਿਆਨ ਨੂੰ ਮੁਕਤੀ ਦਾ ਸਾਧਨ ਨਹੀਂ ਸਵੀਕਾਰਿਆ ਗਿਆ। ਇਸ ਤਰ੍ਹਾਂ ਦਾ ਖੁਸ਼ਕ ਤੇ ਵਿਦਵਤਾ ਵਾਲਾ ਗਿਆਨ ਤਾਂ ਜੀਵ ਲਈ ਹਉਮੈਂ ਦਾ ਕਾਰਨ ਹੋ ਨਿਬੜਦਾ ਹੈ। ਜਿਵੇਂ ਲੋਹਾ ਉਸ ਵੇਲੇ ਤਕ ਖਾਲਸ ਸੋਨਾ ਨਹੀਂ ਬਣਦਾ ਜਦੋਂ ਤਕ ਇਹ ਪਾਰਸ ਦੀ ਛੋਹ ਪ੍ਰਾਪਤ ਨਹੀਂ ਕਰ ਲੈਂਦਾ, ਇਸੇ ਤਰ੍ਹਾਂ ਪਰਮ ਸੱਤਾ ਨਾਲ ਅਭੇਦਤਾ ਤਾਂ ਉਸ ਦੇ ਸਾਖਿਆਤਕਾਰ ਨਾਲ ਹੀ ਹੋ ਸਕਦੀ ਹੈ:

> ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨ ਦਰਸੈ।
> ਲੋਹਾ ਕੰਚਨੁ ਹਿਰਨ ਹੋਇ ਕੈਸੇ, ਜਉ ਪਾਰਸਹਿ ਨ ਪਰਸੈ ।[149]

ਜੋ ਕਛੁ ਬੋਵਾ ਲੁਨਿਯੋ ਸੋਈ, ਤਾ ਮੈਂ ਫੇਰ ਫਾਰ ਨਹਿੰ ਹੋਇ।[150]

ਪਿਛਲੇ ਜਨਮਾਂ ਦੇ ਕੀਤੇ ਹੋਏ ਕਈ ਪ੍ਰਕਾਰ ਦੇ ਸ਼ੁੱਭ ਤੇ ਅਸ਼ੁਭ ਕਰਮ ਹੀ ਹਨ, ਜਿਨ੍ਹਾਂ ਨੇ ਜੀਵ ਨੂੰ ਭਟਕਣ ਵਿਚ ਪਾਇਆ ਹੋਇਆ ਹੈ ਅਤੇ ਜੀਵ ਇਨ੍ਹਾਂ ਦੇ ਕਾਰਨ ਵਾਰ-ਵਾਰ ਜੰਮਣ-ਮਰਨ ਦੇ ਚੱਕਰ ਵਿਚ ਪੈ ਕੇ ਖੱਜਲ-ਖੁਆਰ ਹੋ ਰਿਹਾ ਕਾਲ ਦੀ ਫਾਹੀ ਦਾ ਸ਼ਿਕਾਰ ਹੋ ਰਿਹਾ ਹੈ:

ਬਹੁ ਬਿਧਿ ਕਰਮ ਲਿਯੇ ਭਟਕਾਵੈ ।[151]

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ।[152]

ਅਜਿਹੀ ਸਥਿਤੀ ਵਿਚ ਜਦੋਂ ਕਰਮ-ਵੱਸ ਪਏ ਜੀਵ ਨੂੰ ਕਾਲ ਦੀ ਅਕੱਟ ਫਾਹੀ ਕੱਟਣ ਦਾ ਕੋਈ ਉਪਾਅ ਨਜ਼ਰ ਨਹੀਂ ਆਉਂਦਾ, ਬੇਵੱਸ ਜੀਵ ਕੀ ਕਰੇ? ਕਿੱਧਰ ਜਾਵੇ ? ਕਿਵੇਂ ਕਰਮਾਂ ਦੇ ਜਾਲ ਵਿਚੋਂ ਨਿਕਲੇ ? ਕਿਸ ਕੋਲ ਫਰਿਆਦ ਕਰੇ ? ਇਹ ਇਕ ਅਹਿਮ ਪ੍ਰਸ਼ਨ ਹੈ ਜੋ ਜੀਵ ਨੂੰ ਬੇਚੈਨ ਕਰਦਾ ਹੈ, ਬਚਾਅ ਦਾ ਕੋਈ ਸਾਧਨ ਦ੍ਰਿਸ਼ਟੀਗੋਚਰ ਹੀ ਨਹੀਂ, ਉਹ ਤਰਸ ਦਾ ਪਾਤਰ ਬਣਿਆ ਪਰਮ-ਪਿਤਾ ਪ੍ਰਭੂ ਅੱਗੇ ਫਰਿਆਦੀ ਬਣਿਆ ਖੜ੍ਹਾ ਹੈ:

ਭਰਮ ਕਰਮ ਜੀਅ ਬੰਧਯੋ, ਛੂਟੇ ਤੁਮ ਬਿਨ ਕੈਸੇ ਹੋ ਹਰਿ।[153]

ਮਾਧੋ ! ਮੁਹਿ ਇਕੁ ਸਹਾਰੋ ਤੇਰਾ।ਟੇਕ।
ਤੁਮ ਜਉ ਤਜੋ ਕਵਨ ਮੋਹਿ ਰਾਖੇ, ਸਹਿਹੋ ਕੌਨੁ ਨਿਹੋਰਾ।[154]

ਨਿਮਾਣਾ, ਨਿਤਾਣਾ ਤੇ ਬੇਵੱਸ ਜਿਗਿਆਸੂ ਜੀਵ ਆਪਣੇ ਜੀਵਨ, ਆਪਣੇ ਚੌਗਿਰਦੇ ਵਿਚ ਪ੍ਰਚੱਲਿਤ ਵਿਭਿੰਨ ਧਰਮਾਂ ਦੁਆਰਾ ਮੁਕਤੀ ਪ੍ਰਾਪਤੀ ਲਈ ਨਿਰੂਪਣ ਅਰਥਾਤ ਨਿਰਣਾ ਕਰਕੇ ਦੱਸੇ ਜਾਂਦੇ ਕਰਮਾਂ-ਧਰਮਾਂ ਨੂੰ ਦੇਖਦਾ ਹੈ ਤਾਂ ਸ਼ੰਕਾ-ਗ੍ਰਸਤ ਹੋ ਜਾਂਦਾ ਹੈ:

ਬਹੁਤ ਬਿਧਿ ਧਰਮ ਨਿਰੂਪੀਐ,ਕਰਤਾ ਦੀਸੈ ਸਭ ਲੋਇ ।
ਕਵਨ ਕਰਮ ਤੇ ਛੂਟੀਐ, ਜਿਹ ਸਾਧੇ ਸਭ ਸਿਧਿ ਹੋਇ।[155]

ਗੁਰੂ ਰਵਿਦਾਸ ਚਿੰਤਨ ਸਵੈ-ਅਨੁਭੂਤੀ ਦਾ ਚਿੰਤਨ ਹੈ, ਸ਼ਾਸਤਰਾਂ ਦੁਆਰਾ ਦਰਸਾਏ ਬਹੁਤੇ ਕਰਮ-ਕਾਂਡਾਂ ਪ੍ਰਤੀ ਆਪ ਰੁਚਿਤ ਨਹੀਂ ਹਨ, ਉਨ੍ਹਾਂ ਦੇ ਸਾਹਮਣੇ ਤਾਂ ਮਨੁੱਖੀ ਜੀਵਨ ਦਾ ਇਕੋ ਇਕ ਅੰਤਮ ਨਕਸ਼ ਮੁਕਤੀ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਜੀਵ ਨੂੰ

ਗੁਰੂ ਰਵਿਦਾਸ ਜੀ ਅਨੁਸਾਰ ਅਨੁਭਵੀ ਗਿਆਨ ਦੇ ਪ੍ਰਕਾਸ਼ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਇਹ ਬ੍ਰਹਮ ਗਿਆਨ ਹੀ ਜੀਵ ਦਾ ਅੰਤਮ ਲਕਸ਼ ਹੈ। ਇਸ ਗਿਆਨ ਦੁਆਰਾ ਮਨੁੱਖੀ ਆਤਮਾ ਦਾ ਕਲਿਆਣ ਹੋਣਾ ਹੈ ਅਤੇ ਇਹ ਨਿਰਵਾਣ ਪਦ ਦੀ ਪ੍ਰਾਪਤੀ ਦਾ ਸਾਧਨ ਹੈ।

### 5.2.5. ਕਰਮ

ਕਰਮ-ਸਿਧਾਂਤ ਦੇ ਸੰਦਰਭ ਵਿਚ ਅਸੀਂ ਇਸ ਅਧਿਆਇ ਵਿਚ ਪਹਿਲਾਂ ਵੀ ਚਰਚਾ ਕੀਤੀ ਹੈ। ਭਾਰਤੀ ਦਰਸ਼ਨ ਵਿਚ ਤਿੰਨ ਪ੍ਰਕਾਰ ਦੇ ਕਰਮਾਂ ਦਾ ਵਰਣਨ ਕੀਤਾ ਗਿਆ ਹੈ:

(ੳ) ਸੰਚਿਤ ਕਰਮ, (ਅ) ਪ੍ਰਾਰਬਧ ਕਰਮ, (ੲ) ਕ੍ਰਿਆਮਾਨ ਕਰਮ

ਸੰਚਿਤ, ਉਹ ਕਰਮ ਹੁੰਦੇ ਹਨ ਜਿਹੜੇ ਜੀਵ ਦੇ ਖਾਤੇ ਵਿਚ ਜਮ੍ਹਾਂ ਰਹਿੰਦੇ ਹਨ ਅਤੇ ਜੋ ਅਜੇ ਫਲੀਭੂਤ ਨਹੀਂ ਹੋਏ ਹੁੰਦੇ। ਇਹ ਅਨੇਕ ਜਨਮਾਂ ਤਕ ਗੁਪਤ ਟਿਕੇ ਰਹਿੰਦੇ ਹਨ ।

ਪ੍ਰਾਰਬਧ ਕਰਮਾਂ ਦੇ ਫਲ-ਰੂਪ ਜੀਵ ਨੂੰ ਜੀਵਨ ਪ੍ਰਾਪਤ ਹੁੰਦਾ ਹੈ, ਇਨ੍ਹਾਂ ਨੂੰ ਉਹ ਆਪਣੇ ਜੀਵਨ ਕਾਲ ਵਿਚ ਭੋਗਦਾ ਹੈ, ਜੀਵਨ ਵਿਚਲੇ ਦੁੱਖ, ਸੁੱਖ, ਗਮੀ-ਖੁਸੀ, ਉਨਤੀ-ਅਵਨਤੀ, ਉਸਤਤ- ਨਿੰਦਾ ਦਾ ਇਹ ਆਧਾਰ ਬਣਦੇ ਹਨ।

ਕ੍ਰਿਆਮਾਨ, ਉਹ ਕਰਮ ਹਨ ਜਿਹੜੇ ਆਪਣੇ ਜੀਵਨ ਕਾਲ ਵਿਚ ਮਨੁੱਖ ਵਲੋਂ ਕੀਤੇ ਜਾਂਦੇ ਹਨ। ਕ੍ਰਿਆਮਾਨ ਅਤੇ ਸੰਚਿਤ ਕਰਮ ਮਿਲ ਕੇ ਜੀਵ ਦੇ ਅਗਲੇ ਜਨਮ ਦੀ ਪ੍ਰਾਰਬਧ ਬਣਾਉਂਦੇ ਹਨ। ਕਰਮਾਂ ਦਾ ਇਹ ਸਿਲਸਿਲਾ ਇਸ ਪ੍ਰਕਾਰ ਹੀ ਨਿਰੰਤਰ ਚਲਦਾ ਰਹਿੰਦਾ ਹੈ, ਇਹ ਕਦੇ ਖ਼ਤਮ ਨਹੀਂ ਹੁੰਦਾ। ਇਸ ਕਾਰਨ ਹੀ ਭਾਰਤੀ ਚਿੰਤਕਾਂ ਨੇ ਇਸ ਜਗਤ ਨੂੰ ਕਰਮ-ਭੂਮੀ ਕਿਹਾ ਹੈ। ਗੁਰੂ ਰਵਿਦਾਸ ਜੀ ਵੀ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਬੇਸ਼ੱਕ ਉਹ ਕਰਮਾਂ ਦੀ ਪ੍ਰਕਾਰ-ਵੰਡ ਵਿਚ ਨਹੀਂ ਪਏ, ਪਰ ਉਨ੍ਹਾਂ ਦਾ ਕਥਨ ਹੈ ਕਿ ਮਨੁੱਖ ਆਪਣੇ ਇਸ ਜੀਵਨ ਵਿਚ ਜੋ ਬੀਜਦਾ ਹੈ, ਅਗਲੇ ਜਨਮ ਵਿਚ ਉਹੀ ਕੱਟਦਾ ਹੈ। ਅਰਥਾਤ ਜਿਸ ਤਰ੍ਹਾਂ ਦੇ ਕਰਮ ਜੀਵ ਕਰਦਾ ਹੈ, ਉਸੇ ਤਰ੍ਹਾਂ ਦਾ ਫਲ ਭੁਗਤਣ ਲਈ ਉਹ ਸੰਸਾਰ ਵਿਚ ਆ ਜਾਂਦਾ ਹੈ:

ਵਿਵੇਕ-ਸ਼ੀਲ ਹੋ ਕੇ ਸ਼ੁੱਭ-ਅਸ਼ੁਭ ਦੇ ਅੰਤਰ ਨੂੰ ਸਮਝ ਕੇ ਸ਼ੁਭ ਨੂੰ ਅਪਨਾਉਣਾ ਅਤੇ ਅਸ਼ੁੱਭ ਨੂੰ ਤਿਆਗਣਾ ਚਾਹੀਦਾ ਹੈ। ਬੜਾ ਸਰਲ ਤੇ ਸਪਸ਼ਟ ਜਿਹਾ ਢੰਗ ਹੈ, ਮੰਦੇ ਕਰਮਾਂ ਨੂੰ ਤਿਆਗ ਕੇ ਅਤੇ ਪ੍ਰਭੂ-ਚਰਣਾਂ ਵਿਚ ਚਿੱਤ ਲਾ ਕੇ ਆਵਾਗਵਨ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:

ਛਾਂਡਿਅ ਕੂਰ ਭਜ ਹਰਿ ਚਰਨਾ, ਤਾਕਾ ਮਿਟੈ ਜਨਮ ਅਰੁ ਮਰਨਾ।[156]

ਪਰੰਤੂ ਕੁਕਰਮਾਂ ਦਾ ਤਿਆਗ ਕਰਨ ਲਈ ਗੁਰੂ-ਕਿਰਪਾ ਅਤੇ ਗੁਰੂ-ਗਿਆਨ ਦੀ ਆਵੱਸ਼ਕਤਾ ਹੈ, ਗੁਰੂ ਸਤਿ ਕਰਮਾਂ ਦਾ ਸਹੀ ਰਾਸਤਾ ਦਿਖਾਉਣ ਵਾਲਾ ਸੰਤ-ਜਨ ਹੁੰਦਾ ਹੈ ਜਿਸ ਦੁਆਰਾ ਦਰਸਾਏ ਮਾਰਗ ਤੇ ਚਲ ਕੇ ਜੀਵ ਦੀ ਮਾਇਆ ਤ੍ਰਿਖਾ ਸ਼ਾਂਤ ਹੁੰਦੀ ਹੈ ਅਤੇ ਮਨ ਸੰਤਾਪ-ਮੁਕਤ ਹੁੰਦਾ ਹੈ। ਇਸ ਲਈ ਕੁ-ਬੁੱਧ, ਕੁਕਰਮ ਤਿਆਗਣ ਅਤੇ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਦੀ ਰਹਿਨੁਮਾਈ ਬਹੁਤ ਜ਼ਰੂਰੀ ਹੈ:

ਕਹਿ ਰਵਿਦਾਸ ਗੁਰੂ ਰਾਹ ਦਿਖਾਵਇ, ਤ੍ਰਿਖਾ ਬੁਝਿ ਮਿਟਿ ਮਨ ਸੰਤਾਪ।[157]

ਗੁਰੂ ਕੋ ਗਯਾਨ ਪ੍ਰੇਮ ਕੀ ਸਾਟੀ, ਕੁਬੁਧ ਕੁਕਰਮ ਛੁਡਾਈ।[158]

ਇਸ ਪ੍ਰਕਾਰ ਗੁਰੂ ਦੀ ਮਿਹਰ ਤੇ ਬਖਸ਼ਿਸ਼ ਦੇ ਪਾਤਰ ਬਣ ਕੇ ਜੀਵਾਤਮਾ ਸਤਿਕਰਮਾਂ ਦੁਆਰਾ, ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਮੁਕਤੀ ਪ੍ਰਾਪਤ ਕਰ ਸਕਦੀ ਹੈ। ਪਰੰਤੂ ਗੁਰੂ ਜੀ ਦੀ ਦ੍ਰਿਸ਼ਟੀ ਵਿਚ ਸ਼ੁੱਭ ਕਰਮਾਂ ਦੀ ਮਹੱਤਤਾ ਉਸ ਵੇਲੇ ਤੱਕ ਹੀ ਹੈ ਜਦੋਂ ਤਕ ਜੀਵਾਤਮਾ ਬੋਧ ਪ੍ਰਾਪਤ ਨਹੀਂ ਕਰਦੀ, ਵਿਵੇਕਸ਼ੀਲ ਨਹੀਂ ਹੁੰਦੀ ਅਰਥਾਤ ਕਰਮਾਂ ਦੁਆਰਾ ਆਤਮਿਕ ਗਿਆਨ ਹਾਸਿਲ ਨਹੀਂ ਕਰਦੀ। ਜਦੋਂ ਇਸ ਨੂੰ ਗਿਆਨ ਪ੍ਰਾਪਤ ਹੋ ਗਿਆ, ਇਹ ਨਿਰਵਾਣ ਪਦ ਦੀ ਅਧਿਕਾਰੀ ਬਣ ਗਈ, ਤਾਂ ਇਸ ਦੇ ਸਾਰੇ ਕਰਮ ਵੀ ਆਪਣੇ ਆਪ ਨਸ਼ਟ ਹੋ ਜਾਂਦੇ ਹਨ ਅਤੇ ਇਹ ਜਿਉਂਦੇ- ਜੀਅ ਮੁਕਤੀ ਪ੍ਰਾਪਤ ਕਰ ਲੈਂਦੀ ਹੈ:

ਗਿਆਨੈ ਕਾਰਨ ਕਰਮ ਅਭਿਆਸ, ਗਿਆਨ ਭਇਆ ਤਹ ਕਰਮਹ ਨਾਸੁ।

ਘ੍ਰਿਤ ਕਾਰਨ ਦਧਿ ਮਥੈ ਸਇਆਨ, ਜੀਵਤ ਮੁਕਤ ਸਦਾ ਨਿਰਬਾਨ।[159]

### 5.2.6 ਭਗਤੀ

ਗਿਆਨ ਅਤੇ ਕਰਮ ਤੋਂ ਬਾਅਦ ਗੁਰੂ ਰਵਿਦਾਸ ਵਾਣੀ ਵਿਚ ਪ੍ਰਭੂ ਦੀ ਪ੍ਰੇਮਾ-

ਭਗਤੀ ਉਪਰ ਸਭ ਤੋਂ ਵਧ ਬਲ ਦਿੱਤਾ ਗਿਆ ਹੈ। ਅਸੀਂ ਉੱਪਰ ਸਪੱਸ਼ਟ ਕੀਤਾ ਹੈ ਕਿ ਗੁਰੂ ਰਵਿਦਾਸ ਜੀ ਅਨੁਸਾਰ ਸ਼ੁਭ ਕਰਮ, ਆਤਮਿਕ-ਗਿਆਨ ਦੀ ਪ੍ਰਾਪਤੀ ਦਾ ਆਧਾਰ ਹਨ, ਵਿਵੇਕ-ਸ਼ੀਲ ਹੋਣ ਉਪਰੰਤ ਪ੍ਰਭੂ-ਚਰਨਾਂ ਵਿਚ ਲੀਨ ਮਨੁੱਖ ਹੀ ਇਸ ਜਗਤ ਦੇ ਫੰਦੇ ਨੂੰ ਤੋੜ ਕੇ ਅਮਰ-ਪਦ ਦਾ ਅਧਿਕਾਰੀ ਹੋ ਸਕਦਾ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਜਿਹੜਾ ਅਨਿੰਨ ਪ੍ਰੇਮੀ ਭਗਤ ਮੈਨੂੰ ਨਿਰੰਤਰ ਚਿੰਤਨ ਕਰਦੇ ਹੋਏ ਨਿਸ਼ਕਾਮ ਭਾਵ ਨਾਲ ਭਜਦਾ ਹੈ, ਅਜਿਹੇ ਪੁਰਸ਼ਾਂ ਦੀ ਮੁਕਤੀ ਮੈਂ ਆਪ ਕਰਦਾ ਹਾਂ। ਗੁਰੂ ਰਵਿਦਾਸ ਚਿੰਤਨ ਵਿਚ ਵੀ ਪ੍ਰਭੂ-ਭਗਤੀ ਨੂੰ ਮੁਕਤੀ-ਪ੍ਰਾਪਤੀ ਦਾ ਸਰਵ-ਸ੍ਰੇਸ਼ਟ ਸਾਧਨ ਮੰਨਿਆ ਗਿਆ ਹੈ:

ਸਦਾ ਸੰਤਾਪ, ਨਹਿ ਨਰ ਨਿਹਚਲ, ਕਿਮਿ ਛੁਟਹਿ ਇਹ ਕਾਈ।
ਕਹੈ ਰੰਵਦਾਸ ਭਜੋ ਹਰਿ ਚਰਣਾ, ਤਜ ਜਗ ਫੰਦ ਅਮੀ ਰਸ ਪਾਈ।[161]

ਪ੍ਰਭੂ-ਭਗਤੀ ਭਰਮਾਂ ਅਤੇ ਵਿਸ਼ੈ-ਵਿਕਾਰਾਂ ਦੇ ਬੰਧਨ ਕੱਟਦੀ ਹੈ, ਨਾਮ-ਰੰਗ ਵਿਚ ਰੱਤਾ ਜੀਵ ਗੁਰੂ -ਕ੍ਰਿਪਾ ਨਾਲ ਨਰਕਾਂ ਦੀ ਅੱਗ ਤੋਂ ਬਚ ਜਾਂਦਾ ਹੈ ਅਤੇ ਹਰੀ-ਸਿਮਰਨ ਤੇ ਨਾਮ ਦੀ ਅਰਾਧਨਾ ਕਰਨ ਨਾਲ ਮਰਨ-ਜੰਮਣ ਦੇ ਗੇੜ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ:

ਭਗਤਿ ਜੁਗਤਿ ਮਤਿ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ।[162]

ਜਨ ਰਵਿਦਾਸ ਨਾਮ ਰੰਗਿ ਰਾਤਾ, ਇਉ ਗੁਰ ਪਰਸਾਦਿ ਨਰਕ ਨਹੀਂ ਜਾਤਾ।[163]

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ।[164]

ਗੀਤਾ ਦਾ ਕਥਨ ਹੈ ਕਿ ਜੋ ਵਿਅਕਤੀ ਪ੍ਰਭੂ-ਭਗਤੀ ਕਰਦਾ ਹੈ, ਚਾਹੇ ਉਹ ਇਸਤ੍ਰੀ, ਵੈਸ਼, ਸ਼ੂਦਰ ਅਤੇ ਪਾਪਯੋਨੀ ਜਾਂ ਚੰਡਾਲ ਆਦਿ ਕੋਈ ਵੀ ਹੋਵੇ, ਪ੍ਰਭੂ ਦੀ ਸ਼ਰਨ ਵਿਚ ਆ ਕੇ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।[165] ਗੁਰੂ ਰਵਿਦਾਸ ਵਾਣੀ ਵਿਚ ਗੀਤਾ ਦੇ ਇਸ ਕਥਨ ਦੀ ਇੰਨ-ਬਿੰਨ ਪੁਸ਼ਟੀ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਪ੍ਰਭੂ-ਭਗਤੀ ਕਰਨ ਨਾਲ ਨਾ ਕੇਵਲ ਚੰਡਾਲ, ਮਲੇਛ, ਡੋਮ ਅਤੇ ਸ਼ੂਦਰ ਆਦਿ ਪਵਿੱਤਰ ਹੀ ਹੋ ਜਾਂਦੇ ਹਨ, ਸਗੋਂ ਆਪਣੀਆਂ ਦੋਨੋਂ ਕੁਲਾਂ (ਭਾਵ ਨਾਨਕੇ ਤੇ ਦਾਦਕੇ) ਵੀ ਤਾਰ ਲੈਂਦੇ ਹਨ:

ਬ੍ਰਹਮਨ, ਬੈਸ, ਸੂਦ ਅਰ ਖਤਰੀ, ਡੋਮ, ਚੰਡਾਲ, ਮਲੇਛ ਮਨ ਸੋਇ।
ਹੋਇ ਪੁਨੀਤ ਭਗਵੰਤ ਭਜਨ ਤੇ, ਆਪੁ ਤਾਰਿ ਤਾਰੇ ਕੁਲ ਦੋਇ।[166]

ਵਾਣੀ ਵਿਚ ਵਾਰ-ਵਾਰ ਇਸ ਗੱਲ ਤੇ ਬਲ ਦਿੱਤਾ ਗਿਆ ਹੈ ਕਿ ਜਮਾਂ ਦੀ ਫਾਹੀ ਕੱਟਣ ਅਰਥਾਤ ਆਵਾਗਵਨ ਤੋਂ ਛੁਟਕਾਰਾ ਪਾਉਣ ਲਈ ਪ੍ਰਭੂ ਦੇ ਨਾਮ ਦਾ ਜਾਪ ਹੀ ਪ੍ਰਮੁੱਖ ਸਾਧਨ ਹੈ, ਇਸ ਤੋਂ ਬਿਨਾਂ ਮੁਕਤੀ ਪ੍ਰਾਪਤ ਕਰਨ ਦਾ ਦੂਜਾ ਹੋਰ ਕੋਈ ਸਾਧਨ ਹੀ ਨਹੀਂ ਹੈ:

ਕਹੈ ਰਵਿਦਾਸ ਰਾਮ ਜਪ ਰਸਨਾ, ਕਾਟੈ ਜਮ ਕੀ ਪਾਸੀ ਰੇ।[167]
ਕਹਿ ਰਵਿਦਾਸ ਸੁਨਹੁ ਰੇ ਸੰਤੋ, ਰਾਮ ਭਜਨ ਬਿਨੁ ਕਿਨ ਗਤਿ ਪਾਈ।[168]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਪ੍ਰਭੂ ਦੀ ਪ੍ਰੇਮਾ-ਭਗਤੀ ਤੋਂ ਬਿਨਾਂ ਦੇਵਤਿਆਂ ਦੇ ਰਾਜੇ ਇੰਦਰ ਦੇ ਮਹਿਲ ਤੇ ਸਿੰਘਾਸਨ ਵੀ ਕਿਸੇ ਗਿਣਤੀ ਅਰਥਾਤ ਲੇਖੇ ਵਿਚ ਨਹੀਂ, ਅਥਵਾ ਕੋਈ ਮਹੱਤਤਾ ਨਹੀਂ ਰਖਦੇ। ਪ੍ਰਭੂ-ਭਗਤ ਦੀ ਪਦਵੀ ਨੂੰ ਆਪ ਨੇ ਵਿਸ਼ਨੂੰ ਅਤੇ ਸ਼ਿਵ ਜੀ ਤੋਂ ਵੀ ਉੱਚਾ ਦਰਜਾ ਦਿੱਤਾ ਹੈ:

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ, ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ।[169]
ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ, ਤਾਸ ਸਮ ਤੁਲਿ ਨਾਹੀ ਆਨ ਕੋਊ।[170]

ਗੁਰੂ ਜੀ ਤਾਂ ਸਵੈ ਵਿਸ਼ਵਾਸ ਨਾਲ ਕਹਿੰਦੇ ਹਨ ਕਿ ਰਾਮ-ਨਾਮ ਦਾ ਜਾਪ ਕਰਨ ਵਾਲੇ ਸਾਧਕ ਦਾ ਜਮਾਂ ਨਾਲ ਕੋਈ ਸੰਬੰਧ ਹੀ ਨਹੀਂ ਰਹਿੰਦਾ, ਉਹ ਵਿਸ਼ੇ-ਵਿਕਾਰਾਂ ਹੱਥੀਂ ਲੁਟਿਆ ਨਹੀਂ ਜਾਂਦਾ, ਉਸ ਨੂੰ ਦੁਬਾਰਾ ਦੇਹਿ-ਬੰਧਨਾਂ ਵਿਚ ਆਉਣਾ ਨਹੀਂ ਪੈਂਦਾ, ਉਸਦੀ ਅਵਸਥਾ 'ਜੀਵਤ ਮੁਕਤ ਸਦਾ ਨਿਰਬਾਨ'[171] ਵਾਲੀ ਹੋ ਜਾਂਦੀ ਹੈ, ਅਰਥਾਤ ਉਹ ਜਿਊਂਦੇ ਜੀਅ ਮੁਕਤੀ ਪ੍ਰਾਪਤ ਕਰ ਲੈਂਦਾ ਹੈ:-

ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ।[172]
ਕਹਿ ਰਵਿਦਾਸ ਸਭੈ ਜਗੁ ਲੂਟਿਆ, ਹਮ ਤਉ ਏਕ ਰਾਮ ਕਹਿ ਛੂਟਿਆ।[173]
ਕਹੈ ਰਵਿਦਾਸ ਨਿਰੰਜਨ ਧਿਆਊਂ, ਜਿਸੁ ਘਰਿ ਜਾਊ ਹੌ ਬਹੁਰਿ ਨ ਆਊਂ।[174]

ਗੁਰੂ ਰਵਿਦਾਸ ਨੇ ਤਾਂ ਪ੍ਰੇਮਾ-ਭਗਤੀ ਅਧੀਨ ਪ੍ਰਭੂ ਨੂੰ ਵੀ ਆਪਣੇ ਪ੍ਰੇਮ-ਬੰਧਨ ਵਿਚ ਬੰਨ੍ਹ ਲਿਆ ਹੈ। 'ਜੈਸੇ ਕੋ ਤੈਸਾ' ਦੀ ਭਾਵਨਾ ਦੇ ਅੰਤਰਗਤ ਜੇ ਪ੍ਰਭੂ ਨੇ ਗੁਰੂ ਜੀ ਨੂੰ

ਦੁਨਿਆਵੀ ਮੋਹ, ਮਾਇਆ ਦੇ ਜੰਜਾਲ ਵਿਚ ਫਸਾਇਆ ਸੀ, ਤਾਂ ਆਪ ਨੇ ਪ੍ਰੀਤ ਦੀ ਡੋਰੀ ਵਿਚ ਪ੍ਰਭੂ ਨੂੰ ਅਜਿਹਾ ਜਕੜ ਲਿਆ ਹੈ ਕਿ ਹੁਣ ਉਹ ਭਾਵੇਂ ਕਿੰਨੇ ਵੀ ਯਤਨ ਕਰ ਲਵੇ, ਭਗਤੀ ਦੇ ਪ੍ਰੇਮ-ਜਲ ਵਿਚੋਂ ਨਿਕਲ ਨਹੀਂ ਸਕਦਾ ਅਤੇ ਗੁਰੂ ਜੀ ਨੇ ਤਾਂ ਉਸ ਦੀ ਅਰਾਧਨਾ ਕਰਕੇ ਮੁਕਤ ਹੋ ਹੀ ਜਾਣਾ ਹੈ:

ਜਉ ਹਮ ਬਾਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧੇ ।
ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ ।[175]

ਇਸ ਪ੍ਰਕਾਰ ਗੁਰੂ ਜੀ ਨੇ ਪ੍ਰਭੂ-ਭਗਤੀ, ਪ੍ਰਭੂ-ਚਰਨਾਂ ਦੀ ਪ੍ਰੀਤ ਨੂੰ ਮੁਕਤੀ ਪ੍ਰਾਪਤ ਕਰਨ ਦਾ ਪ੍ਰਮੁੱਖ ਸਾਧਨ ਸਵੀਕਾਰਿਆ ਹੈ।

5.2.7. ਗੁਰੂ ਗਿਆਨ ਤੇ ਗੁਰੂ ਕ੍ਰਿਪਾ -ਮੁਕਤੀ ਦੇ ਸਾਧਨ

ਗੁਰੂ ਰਵਿਦਾਸ ਵਾਣੀ ਵਿਚ ਗੁਰੂ-ਪਰੰਪਰਾ ਤੇ ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਪ੍ਰਭੂ-ਮਿਲਾਪ ਦੀ ਅਤਿਅੰਤ ਮਹੱਤਵਪੂਰਨ ਕੜੀ ਹੈ। ਉਹ ਮਾਰਗ ਦਰਸ਼ਕ ਹੈ ਜੋ ਜੀਵ ਅੰਦਰ ਗਿਆਨ ਦੀ ਚਿੰਗਾੜੀ ਬਾਲ ਕੇ, ਮੰਦੇ ਕਰਮਾਂ ਦਾ ਤਿਆਗ ਕਰਵਾ ਕੇ ਆਵਾਗਵਨ ਤੋਂ ਛੁਟਕਾਰਾ ਦੁਆ ਦਿੰਦਾ ਹੈ। ਗੁਰੂ ਜੀ ਕਹਿੰਦੇ ਹਨ:

ਗੁਰੂ ਗਯਾਨ ਦੀਪਕ ਦਿਯਾ, ਬਾਤੀ ਦਈ ਜਲਾਇ ।
ਰਵਿਦਾਸ ਹਰਿ ਭਗਤਿ ਕਾਰਨੇ, ਜਨਮ ਮਰਨ ਬਿਲਮਾਇ।[176]

ਗੁਰੂ ਕੈ ਗਯਾਨ ਪ੍ਰੇਮ ਕੀ ਸਾਟੀ, ਕੁਬੁਧ ਕੁਕਰਮ ਛੁਡਾਈ ।
ਕਹਿ ਰਵਿਦਾਸ ਮਨ ਥਿਰ ਹੋਵਸੀ, ਚਲੇ ਸਭ ਛਾਂੜ ਗੁਰ ਸਰਣਾਈ।[177]

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਗੁਰੂ ਉੱਚਤਮ ਪਾਰਸ ਹੈ ਜਿਸ ਦੇ ਮਿਲਾਪ ਨਾਲ ਜੀਵਾਤਮਾ ਤੇ ਪਰਮਾਤਮਾ ਵਿਚਕਾਰ ਉਸਰੇ ਮੋਹ-ਮਾਇਆ, ਵਿਸ਼ੇ-ਵਿਕਾਰਾਂ ਦੇ ਭਾਰੀ ਪੱਥਰਾਂ ਵਰਗੇ ਮਜ਼ਬੂਤ ਬਜਰ ਕਪਾਟ ਖੁਲ੍ਹ ਜਾਂਦੇ ਹਨ, ਮਨ ਇਸ ਦੁਨਿਆਵੀ ਚਾਲ ਤੋਂ ਉਲਟੀ ਚਾਲ ਚਲ ਪੈਂਦਾ ਹੈ, ਅਰਥਾਤ ਪ੍ਰਭੂ-ਸਿਮਰਨ ਵਿਚ ਲੀਨ ਹੋ ਜਾਂਦਾ ਹੈ, ਆਪਣੇ ਆਪੇ ਨੂੰ ਪਛਾਣ ਲੈਂਦਾ ਹੈ ਅਤੇ ਆਤਮਾ ਮਨ ਦੇ ਪੰਜੇ ਤੋਂ ਆਜ਼ਾਦ ਹੋ ਕੇ ਮੁਕਤ-ਪਦ ਦੀ ਅਧਿਕਾਰੀ ਬਣ ਜਾਂਦੀ ਹੈ:

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ।
ਉਨਮਨ ਮਨ ਮਨ ਹੀ ਮਿਲੈ ਛੁਟਕਤ ਬਜਰ ਕਪਾਟ।[178]

ਇਸੇ ਲਈ ਗੁਰੂ ਰਵਿਦਾਸ ਜੀ ਨੇ ਪ੍ਰਭੂ-ਭਗਤੀ ਵਿਚ ਤਨ, ਮਨ ਅਰਪਿਤ ਕਰਕੇ ਗੁਰੂ ਦੀ ਕਿਰਪਾ, ਮਿਹਰ ਤੇ ਬਖਸ਼ਿਸ਼ ਦੁਆਰਾ 'ਨਿਰੰਜਨ' ਰੂਪ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰਨ ਦੀ ਗੱਲ ਦ੍ਰਿੜਾਈ ਹੈ:

ਤਨ ਮਨ ਅਰਪਉ ਪੂਜ ਚਰਾਵਉ, ਗੁਰ ਪਰਸਾਦਿ ਨਿਰੰਜਨ ਪਾਵਉ।[179]

ਗੁਰੂ ਜੀ ਅਨੁਸਾਰ ਇਸ ਦੁਨੀਆ ਰੂਪੀ ਦੁਤਰ ਭੈ-ਸਾਗਰ ਤੋਂ ਪਾਰ ਹੋਣ ਲਈ ਗੁਰੂ ਰੂਪੀ ਪਤਵਾਰ ਦੀ ਓਟ ਲੈ ਕੇ, ਨਾਮ-ਰੂਪੀ ਕਿਸ਼ਤੀ ਦੁਆਰਾ ਹੀ ਜੀਵ ਦੁਨਿਆਵੀ ਸੰਤਾਪ ਤੋਂ ਮੁਕਤ ਹੋ ਸਕਦਾ ਹੈ:

ਭੈ ਸਾਗਰ ਦੁਤਰ ਅਤਿ, ਕਿਧੂ ਮੂਰਖਿ ਯਹੁ ਜਾਨ ।<br>
ਰਵਿਦਾਸ ਗੁਰੂ ਪਤਵਾਰ ਹੈ, ਨਾਮ ਨਾਵ ਕਰ ਜਾਨ ।[180]

ਸੰਤ ਜਨਾਂ ਦੀ ਸੰਗਤ ਨਾਲ ਵਿਸ਼ੇ-ਵਿਕਾਰਾਂ ਅਤੇ ਤ੍ਰਿਸ਼ਨਾਵਾਂ ਦੀ ਅਗਨੀ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ ਜੋ ਪ੍ਰਭੂ-ਮਿਲਾਪ ਦੇ ਰਸਤੇ ਵਿਚ ਪ੍ਰਮੁੱਖ ਰੁਕਾਵਟਾਂ ਹਨ। ਗੁਰੂ-ਚਰਨਾਂ ਨਾਲ ਪ੍ਰੀਤ ਪਾਉਂਦਿਆਂ ਹੀ ਭਟਕਣਾਂ ਸਮਾਪਤ ਹੋ ਕੇ ਜੀਵ ਦੀ ਕਾਇਆ ਸੀਤਲ ਹੋ ਜਾਂਦੀ ਹੈ। ਇਹ ਅਵਸਥਾ ਹੀ ਉਸ ਨੂੰ ਪਰਮਪਦ ਵਿਚ ਲੀਨ ਕਰਨ ਲਈ ਸਹਾਈ ਸਿੱਧ ਹੁੰਦੀ ਹੈ:

ਕਾਮ ਕ੍ਰੋਧ ਹੰਕਾਰ ਨਿਵਾਰਉ, ਤ੍ਰਿਸਨਾ ਤਯਾਗਹੁ ਸੰਤ ਜਨਾ ।<br>
ਕਹਿ ਰਵਿਦਾਸ ਭਈ ਸੀਤਲ ਕਾਯਾ, ਜਬੋਂ ਹੋਂ ਲਾਗੇ ਗੁਰ ਚਰਨਾ।[181]

ਮੁਕਤੀ ਪ੍ਰਾਪਤੀ ਲਈ ਗੁਰੂ-ਕ੍ਰਿਪਾ ਦੇ ਨਾਲ ਗੁਰੂ ਜੀ ਨੇ ਸਾਧ-ਸੰਗਤਿ ਦੀ ਮਹੱਤਤਾ ਨੂੰ ਵੀ ਦ੍ਰਿੜ ਕਰਵਾਇਆ ਹੈ। ਸਾਧ-ਸੰਗਤਿ ਵਿਚ ਜਾ ਕੇ ਹੀ ਜੀਵ ਅੰਦਰ ਆਤਮਾ-ਪਰਮਾਤਮਾ ਬਾਰੇ ਸੋਝੀ ਪੈਦਾ ਹੁੰਦੀ ਹੈ ਅਤੇ ਪ੍ਰਭੂ-ਭਗਤੀ ਦੀ ਚੇਟਕ ਲਗਦੀ ਹੈ। ਸੰਤਾਂ ਦੀ ਸੰਗਤ ਦੁਆਰਾ ਆਵਾਗਵਨ ਦੇ ਕਸ਼ਟਾਂ ਦਾ ਨਿਵਾਰਨ ਹੁੰਦਾ, ਕਰੋੜਾਂ ਪਾਪਾਂ ਦਾ ਨਾਸ਼ ਹੁੰਦਾ ਹੈ ਅਤੇ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ:

ਕਹੈ ਰਵਿਦਾਸ ਸਾਧ ਸੰਗਤਿ, ਰਾਮ ਭਜੈ ਤੇ ਵਿਪਤਿ ਟਰੀ।[182]

ਸਾਧੂ ਕੀ ਜਉ ਲੇਹਿ ਓਟ, ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ।[183]

ਸਾਧ ਸੰਗਤਿ ਪਾਈ ਪਰਮਗਤੇ। ਰਹਾਉ।[184]

ਗੁਰੂ ਰਵਿਦਾਸ ਵਾਣੀ ਵਿਚ ਜੀਵ ਨੂੰ ਵਿਸ਼ੇ-ਵਿਕਾਰਾਂ ਦੇ ਮੋਹ-ਜਾਲ ਵਿਚੋਂ ਨਿਕਲ ਕੇ, ਭਰਮ-ਭਟਕਣਾ ਛੱਡ ਕੇ ਗੁਰੂ ਦੇ ਗਿਆਨ-ਰੂਪੀ ਤਪ ਦੀ ਕਮਾਈ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ:

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ, ਤਪਨ ਤਪੁ ਗੁਰ ਗਿਆਨ।[185]

5.2.8. ਨਿਸ਼ਕਰਸ਼

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਗਿਆਨ, ਕਰਮ, ਭਗਤੀ, ਗੁਰੂ, ਕ੍ਰਿਪਾ, ਸਾਧ-ਸੰਗਤਿ ਆਦਿ ਮੁਕਤੀ-ਪ੍ਰਾਪਤੀ ਦੇ ਪ੍ਰਮੁੱਖ ਸਾਧਨ ਦਰਸਾਏ ਗਏ ਹਨ। ਵਾਣੀ ਵਿਚ ਸਭ ਤੋਂ ਵਧੇਰੇ ਬਲ ਪ੍ਰਭੂ ਦੀ ਪ੍ਰੇਮਾ-ਭਗਤੀ ਤੇ ਦਿੱਤਾ ਗਿਆ ਹੈ। ਪ੍ਰਭੂ-ਭਗਤੀ ਅਤੇ ਰਾਮ-ਨਾਮ ਦੇ ਰੰਗ ਵਿਚ ਰੱਤਾ ਜੀਵ ਮੋਹ-ਮਾਇਆ, ਵਿਸ਼ੇ-ਵਿਕਾਰਾਂ, ਕਰਮਾਂ-ਭਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰ ਕੇ ਪ੍ਰਭੂ ਨਾਲ ਮਿਲਾਪ ਹਾਸਿਲ ਕਰ ਲੈਂਦਾ ਹੈ। ਗੁਰੂ ਜੀ ਅਨੁਸਾਰ ਪ੍ਰਭੂ-ਕਿਰਪਾ ਅਤੇ ਰਾਮ-ਨਾਮ ਦਾ ਸਿਮਰਨ ਕਰੋੜਾਂ ਜਨਮਾਂ ਦੇ ਪਾਪ-ਕਰਮਾਂ ਨੂੰ ਨਸ਼ਟ ਕਰਕੇ ਜੀਵ ਦਾ ਨਿਰਵਾਣ ਪਦ ਦਾ ਅਧਿਕਾਰੀ ਬਣਾ ਦਿੰਦਾ ਹੈ। ਪਰੰਤੂ ਮੁਕਤੀ-ਪ੍ਰਾਪਤੀ ਦੇ ਇਹ ਸਭ ਸਾਧਨ ਗੁਰੂ ਦੀ ਮਿਹਰ ਤੇ ਬਖਸ਼ਿਸ਼ ਦੁਆਰਾ ਹੀ ਸਿਰੇ ਚੜ੍ਹਦੇ ਹਨ। ਗੁਰੂ ਮਾਰਗ-ਦਰਸ਼ਕ ਹੈ ਜੋ ਮਾਇਆਵੀ ਜਾਲ ਵਿਚ ਬੁਰੀ ਤਰ੍ਹਾਂ ਫਸੇ ਹੋਏ ਜੀਵ ਦੀ ਰਹਿਨੁਮਾਈ ਕਰਕੇ ਉਸ ਨੂੰ ਪ੍ਰਭੂ-ਮਲਾਪ ਦੇ ਯੋਗ ਬਣਾਉਂਦਾ ਹੈ। ਵਾਸਤਵ ਵਿਚ ਗੁਰੂ ਪ੍ਰਭੂ-ਮਿਲਾਪ ਦੀ ਮਹੱਤਵ ਪੂਰਣ ਕੜੀ ਹੈ। ਇਨ੍ਹਾਂ ਉਕਤ ਸਾਧਨਾਂ ਦੁਆਰਾ ਜਨਮ-ਜਨਮਾਂਤਰਾਂ ਤੋਂ ਵਿਛੜੀ ਜੀਵਾਤਮਾ ਪ੍ਰਭੂ-ਰੂਪ ਹੋ ਕੇ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੀ ਹੈ।

## ਟਿੱਪਣੀਆਂ ਤੇ ਹਵਾਲੇ

### ਮਾਇਆ ਦਾ ਸੰਕਲਪ

1. ਰਿਗਵੇਦ, 6/47/18.
2. ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ-ਦਿਸੰਬਰ 1982, ਦੇ ਪੰਨਾ 114 ਤੋਂ ਉਧ੍ਰਿਤ ।
3. ਭਗਵਦ ਗੀਤਾ, ਪੰਨਾ 41.
4. ਸ਼ਵੇਤਾਸ਼ਵਤਰ ਉਪਨਿਸ਼ਦ, 1/8.
5. -ਉਹੀ-, 4/9.
6. ਕਠਉਪਨਿਸ਼ਦ, 1/3/12.
7 ਤੇ 8. ਸ੍ਰੀਮਦ ਭਗਵਦ ਗੀਤਾ, 7/15, 7/25.
9. ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ-ਦਿਸੰਬਰ 1982, ਪੰਨਾ 45.
10. ਸ੍ਰੀਮਦ ਭਗਵਦ ਗੀਤਾ, 7/13-14.
11. ਡਾ. ਧਰਮਪਾਲ ਸਿੰਗਲ(ਸੰਪਾ.) ਗੁਰੂ ਰਵਿਦਾਸ: ਜੀਵਨ ਤੇ ਰਚਨਾ, ਪੰਨਾ 31.
12. -ਉਹੀ-, ਪੰਨਾ 31.
13. ਬ੍ਰਹਮ ਸੂਤਰ, ਸ਼ੰਕਰ ਭਾਸ਼, 1/1/1.
14. ਡਾ. ਰਾਮਜੀਲਾਲ ਸਹਾਇਕ, ਕਬੀਰ ਦਰਸ਼ਨ, ਪੰਨਾ 189.
15. ਡਾ. ਸੰਤੋਸ਼ ਚੰਦਰ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ 270.
15ੳ. ਡਾ. ਮਨਮੋਹਨ ਸਿੰਘ, ਖੋਜ ਪਤ੍ਰਿਕਾ, 1985, ਪੰਨਾ 43.
16. ਡਾ. ਸੁਰਜੀਤ ਸਿੰਘ, ਖੋਜ ਪਤ੍ਰਿਕਾ, ਮਾਰਚ 1989, ਪੰਨਾ 108.
17. ਆਰ.ਏ. ਨਿਕਲਸਨ, ਸਟੱਡੀਜ਼ ਇਨ ਇਸਲਾਮਿਕ ਮਿਸਟੀਸਿਜ਼ਮ, ਪੰਨਾ 119.
18. ਸੰਸਕ੍ਰਿਤ-ਅੰਗਰੇਜ਼ੀ ਡਿਕਸ਼ਨਰੀ, ਪੰਨਾ 811(ਪੰਜਾਬੀ ਦੁਨੀਆ, ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਫਰਵਰੀ-ਮਾਰਚ 1988 ਦੇ ਪੰਨਾ 77 ਤੋਂ ਉਧ੍ਰਿਤ )
19. ਪੰਜਾਬੀ ਦੁਨੀਆ, ਗੁਰੂ ਗ੍ਰੰਥ ਸਾਹਿਬ, ਵਿਸ਼ੇਸ਼ ਅੰਕ, 1988, ਦੇ ਪੰਨਾ 67 ਤੋਂ ਉਧ੍ਰਿਤ ।
20. ਮਹਾਨ ਕੋਸ਼, ਪੰਨਾ 718.

21.ਤੇ 22. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 21(ਪਦ 14), 59(ਪਦ 136).

23 ਤੋਂ 29. ਗੁਰੂ ਗ੍ਰੰਥ ਸਾਹਿਬ, ਪੰਨਾ- 710,657,658,346,974,710,657.

30 ਤੇ 31. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-21(ਪਦ 14), 60(ਪਦ 137).

32. ਗੁਰੂ ਗ੍ਰੰਥ ਸਾਹਿਬ, ਪੰਨਾ- 658.

33. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 59(ਪਦ 136)

34. ਸ਼ਵੇਤਾਸ਼ਵਤਰ ਉਪਨਿਸ਼ਦ, 4/10.

35. ਸ੍ਰੀਮਦ ਭਗਵਦ ਗੀਤਾ, 7/13-14.

36 ਤੋਂ 39. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 26(ਪਦ 27),21(ਪਦ 14),
ਪੰਨਾ- 59(ਪਦ 136), 59(ਪਦ 136).

40 ਤੋਂ 43. ਗੁਰੂ ਗ੍ਰੰਥ ਸਾਹਿਬ, ਪੰਨਾ- 486, 710,657,658.

44. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-48(ਪਦ 101)

45. ਬ੍ਰਿਹਦਾਰਣਯਕ ਉਪਨਿਸ਼ਦ, 2/5/16.

46. ਸ਼ਵੇਤਾਸ਼ਵਤਰ ਉਪਨਿਸ਼ਦ, 4/6.

47. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 21(ਪਦ 14)

48. ਗੀਤਾ ਰਹਸਯ, ਪੰਨਾ-96.

49 ਤੋਂ 55. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-60(ਪਦ 137), 35(ਪਦ 57),
ਪੰਨਾ- 95(ਪਦ 9), 35(ਪਦ 57), 63(ਪਦ 149),24(ਪਦ 22),
ਪੰਨਾ- 59(ਪਦ 136).

56 ਤੋਂ 58. ਗੁਰੂ ਗ੍ਰੰਥ ਸਾਹਿਬ, ਪੰਨਾ- 974,487,658.

59. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 64(ਪਦ 150)

60. ਗੁਰੂ ਗ੍ਰੰਥ ਸਾਹਿਬ, ਪੰਨਾ- 657.

61. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 61(ਪਦ 141).

62 ਤੇ 63. ਗੁਰੂ ਗ੍ਰੰਥ ਸਾਹਿਬ, ਪੰਨਾ- 1196, 1296.

64 ਤੋਂ 67. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 50(ਪਦ 107),60(ਪਦ 137),
ਪੰਨਾ-71(ਪਦ 176),71(ਪਦ 176)

68. ਗੁਰੂ ਗ੍ਰੰਥ ਸਾਹਿਬ, ਪੰਨਾ- 658.

69 ਤੋਂ 73. ਗੁਰੂ ਗ੍ਰੰਥ ਸਾਹਿਬ, ਪੰਨਾ- 486,346,346,710,974.

74. ਸ੍ਰੀਮਦ ਭਗਵਦ ਗੀਤਾ, 7/25.

75 ਤੇ 76. ਗੁਰੂ ਗ੍ਰੰਥ ਸਾਹਿਬ, ਪੰਨਾ- 658, 658.

77. ਸ੍ਰੀਮਦ ਭਗਵਦ ਗੀਤਾ, 7/13.

78. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 66(ਪਦ 158.)

79 ਤੋਂ 81. -ਉਹੀ-, ਪੰਨਾ- 19(ਪਦ 16), 59(ਪਦ 136), 59(136).

82. ਸ਼ਵੇਸ਼ਤਾਸ਼ਵਤਰ ਉਪਨਿਸ਼ਦ, 4/9.

83 ਤੋਂ 87. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-66(ਪਦ 158), 63(ਪਦ 49),
ਪੰਨਾ-18(ਪਦ 3), 22(ਪਦ 16) 24(ਪਦ 22)

88. ਬ੍ਰਿਹਦਾਰਣਯਕ ਉਪਨਿਸ਼ਦ, 4/4/3.

89. ਸ਼ਵੇਤਾਸ਼ਵਤਰ ਉਪਨਿਸ਼ਦ, 1/8.

90 ਤੋਂ 91. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-19(ਪਦ 6), 19(ਪਦ 7).

92. ਗੁਰੂ ਗ੍ਰੰਥ ਸਾਹਿਬ, ਪੰਨਾ- 345.

93. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 18(ਪਦ 3)

94. ਗੁਰੂ ਗ੍ਰੰਥ ਸਾਹਿਬ, ਪੰਨਾ- 486.

95. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 48(ਪਦ 101)

96. ਤੋਂ 100. ਗੁਰੂ ਗ੍ਰੰਥ ਸਾਹਿਬ, ਪੰਨਾ- 346, 658, 346, 346, 346.

101. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-62-63(ਪਦ 146)

102 ਤੇ 103. ਗੁਰੂ ਗ੍ਰੰਥ ਸਾਹਿਬ, ਪੰਨਾ- 346, 346.

104. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 55-56(ਪਦ 125)

105. ਗੁਰੂ ਗ੍ਰੰਥ ਸਾਹਿਬ, ਪੰਨਾ- 1124.

106 ਤੋਂ 108. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 43(ਪਦ 83), 53(ਪਦ 120),
ਪੰਨਾ- 53(ਪਦ 120)

108ੳ. ਗੁਰੂ ਗ੍ਰੰਥ ਸਾਹਿਬ, ਪੰਨਾ- 486.

109. ਭਗਵਦ ਗੀਤਾ, ਪੰਨਾ- 41.

110. ਡਾ. ਮਨਮੋਹਨ ਸਿੰਘ, ਖੋਜ ਪਤ੍ਰਿਕਾ, 1985, ਪੰਨਾ-43.

111 ਤੇ 112. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 17(ਪਦ 2), 63(ਪਦ 49)

113 ਤੇ 114. ਗੁਰੂ ਗ੍ਰੰਥ ਸਾਹਿਬ, ਪੰਨਾ- 486, 346.

115 ਤੇ 117. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-59(ਪਦ 136), 66(ਪਦ 158),
ਪੰਨਾ- 35(ਪਦ 57)

118. ਗੁਰੂ ਗ੍ਰੰਥ ਸਾਹਿਬ, ਪੰਨਾ- 710.

119. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 64(ਪਦ 153)

120 ਤੋਂ 123. ਗੁਰੂ ਗ੍ਰੰਥ ਸਾਹਿਬ, ਪੰਨਾ- 486, 486, 792-93, 794.

124 ਤੇ 125. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 60(ਪਦ 137), 47(ਪਦ 96).

126 ਤੇ 127. ਗੁਰੂ ਗ੍ਰੰਥ ਸਾਹਿਬ, ਪੰਨਾ- 659, 658.

128. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 63(ਪਦ 149).

129. ਤੋਂ 131. ਗੁਰੂ ਗ੍ਰੰਥ ਸਾਹਿਬ, ਪੰਨਾ- 658, 487, 658.


## ਮੁਕਤੀ ਦਾ ਸੰਕਲਪ


1. ਮਾਝਿਮਾ ਨਿਕਾਇ, 2/3/5.

2. ਧਮਪਦ, ਸਲੋਕ 23.

3 ਤੋਂ 5. ਸ੍ਰੀਮਦ ਭਗਵਦ ਗੀਤਾ, 5/21, 5/24-26, 18/62, 18/62.

6. ਰਿਗਵੇਦ, 2/29-7, ਖੋਜ ਪਤ੍ਰਿਕਾ, ਸਿਤੰਬਰ 1985 ਦੇ ਪੰਨਾ 116 ਤੋਂ ਉਧ੍ਰਿਤ ।

7 ਤੋਂ 8. ਮੁੰਡਕ ਉਪਨਿਸ਼ਦ, 3/2/8, 3/2/6.

9. ਕਠਉਪਨਿਸ਼ਦ, 1/3/8.

10. ਸ੍ਰੀਮਦ ਭਾਗਵਤ ਪੁਰਾਣ, 10/82/45.

11. ਵਿਸ਼ਨੂੰ ਮਹਾਪੁਰਾਣ, 5/13/14-15.

12 ਤੇ 13. ਸ੍ਰੀਮਦ ਭਾਗਵਤ ਪੁਰਾਣ, 4/30/19, 11/14/127.

14. ਵਿਸ਼ਨੂੰ ਮਹਾ ਪੁਰਾਣ, 2/6/43.

15 ਤੋਂ 19. ਸ੍ਰੀਮਦ ਭਗਵਦ ਗੀਤਾ, 9/22, 9/34, 18/46, 8/16, 5/28.

20. ਡਾ. ਅੰਬੇਡਕਰ, ਦੀ ਬੁੱਧ ਐਂਡ ਹਿਜ਼ ਧੱਮ, ਖੰਡ 11ਵਾਂ, ਕਾਂਡ ਦੋਥਾ, ਪੰਨਾ- 395.

21. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 119.

22. ਡਾ. ਧਰਮਪਾਲ ਸਿੰਗਲ(ਸੰਪਾ.) ਗੁਰੂ ਰਵਿਦਾਸ ਜੀਵਨ ਤੇ ਰਚਨਾ, ਪੰਨਾ- 34.

23. ਸਾਂਖ ਸੂਤਰ, 3/65.

24. ਸਾਂਖ ਕਾਰਿਕਾ, 65.

25. ਭਾਰਤੀਯ ਦਰਸ਼ਨ, ਪੰਨਾ- 301.

26. ਪਾਤੰਜਲੀ ਯੋਗ ਦਰਸ਼ਨ, 3/55.

27. ਭਾਰਤੀਯ ਦਰਸ਼ਨ, ਪੰਨਾ- 187-88.

28. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 209.

29. ਗੌਤਮ, ਨਿਆਇ ਸੂਤਰ, 4/2/46.

30. ਬ੍ਰਹਮ ਸੂਤਰ, ਸ਼ੰਕਰ ਭਾਸ਼, 3/2/26.

31. ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ, ਪੰਨਾ- 63-64.

32. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤ੍ਵ, ਕ੍ਰਿਤਿਤ੍ਵ ਔਰ ਚਿੰਤਨ, ਪੰਨਾ- 339.

33. ਮੀਰ ਵਲਿਉੱਦੀਨ, ਕੋਨਟੈਂਪਲੇਟਿਵ ਡਿਸਿਪਲਿਨ ਇਨ ਸੂਫੀਇਜ਼ਮ, ਪੰਨਾ- 16.

34. " ਦੀ ਕੁਰਾਨਿਕ ਸੂਫੀਇਜ਼ਮ, ਪੰਨਾ- 8.

35. ਗੁਰੂ ਗ੍ਰੰਥ ਸਾਹਿਬ, ਪੰਨਾ- 658.

36. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-23 (ਪਦ 18)

37. ਗੁਰੂ ਗ੍ਰੰਥ ਸਾਹਿਬ, ਪੰਨਾ- 657.

38. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-48 (ਪਦ 101)

39 ਤੇ 40. ਗੁਰੂ ਗ੍ਰੰਥ ਸਾਹਿਬ, ਪੰਨਾ- 974 , 710.

41. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-30(ਪਦ 137)

42 ਤੇ 43. ਗੁਰੂ ਗ੍ਰੰਥ ਸਾਹਿਬ, ਪੰਨਾ-486, 659.

44 ਤੇ 45. ਬਾਣੀ ਗੁਰੂ ਰਵਿਦਾਸ ਜੀ, ਪੰਨਾ 35(ਪਦ 57), 64(ਪਦ 153)

46. ਸ਼ਵੇਤਾਸ਼ਵਤਰ ਉਪਨਿਸ਼ਦ, 5/12.

47. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 19(ਪਦ 6)

48. ਗੁਰੂ ਗ੍ਰੰਥ ਸਾਹਿਬ, ਪੰਨਾ- 346.

49 ਤੋਂ 52. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 21(ਪਦ 11), ਪੰਨਾ- 21(ਪਦ 12), ਪੰਨਾ-62(ਪਦ 144), 60(ਪਦ 137)

53. ਗੁਰੂ ਗ੍ਰੰਥ ਸਾਹਿਬ, ਪੰਨਾ- 710.

54. ਕਠਉਪਨਿਸ਼ਦ, 2/3/15.

55. ਗੁਰੂ ਗ੍ਰੰਥ ਸਾਹਿਬ, ਪੰਨਾ- 974.

56. ਮੁੰਡਕ ਉਪਨਿਸ਼ਦ, 3/2/6.

57. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-62(ਪਦ 143),

58.ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 43(ਪਦ 83)

59 ਤੇ 60. ਗੁਰੂ ਗ੍ਰੰਥ ਸਾਹਿਬ, ਪੰਨਾ- 794, 659.

61 ਤੋਂ 63. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 34(ਪਦ 56), 34(ਪਦ 56), 53(120).

64. ਗੁਰੂ ਗ੍ਰੰਥ ਸਾਹਿਬ, ਪੰਨਾ- 345.

65 ਤੇ 66. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 24(ਪਦ 22), 61(ਪਦ141)

67. ਗੁਰੂ ਗ੍ਰੰਥ ਸਾਹਿਬ, ਪੰਨਾ- 657.

68. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-41(ਪਦ 78).

69 ਤੇ 70. ਗੁਰੂ ਗ੍ਰੰਥ ਸਾਹਿਬ, ਪੰਨਾ- 525, 346.

71. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-22(ਪਦ 16 )

72. -ਉਹੀ-, ਪੰਨਾ-23(ਪਦ 17).

73. ਸ੍ਰੀਮਦ ਭਗਵਦ ਗੀਤਾ, 6/7-8.

74 ਤੋਂ 78. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-41(ਪਦ 78), 41(ਪਦ 78), 17(ਪਦ2), ਪੰਨਾ-62(ਪਦ 146), 18(ਪਦ 3).

79. ਗੁਰੂ ਗ੍ਰੰਥ ਸਾਹਿਬ, ਪੰਨਾ- 1124.

80. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 68(ਪਦ 167)

81. ਗੁਰੂ ਗ੍ਰੰਥ ਸਾਹਿਬ, ਪੰਨਾ- 486.

82 ਤੇ 83. ਸ੍ਰੀਮਦ ਭਗਵਦ ਗੀਤਾ, 3/30-31, 18/46.

84. ਗੁਰੂ ਗ੍ਰੰਥ ਸਾਹਿਬ, ਪੰਨਾ- 1167.

85. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-34(ਪਦ 54).

86 ਤੋਂ 88. ਗੁਰੂ ਗ੍ਰੰਥ ਸਾਹਿਬ, ਪੰਨਾ-1293, 1293, 1196.

89. ਗੁਰੂ ਗ੍ਰੰਥ ਸਾਹਿਬ ਪੰਨਾ- 1196.

90 ਤੇ 91. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 70(ਪਦ 174), 64(ਪਦ 152)

92. ਗੁਰੂ ਗ੍ਰੰਥ ਸਾਹਿਬ, ਪੰਨਾ- 659.

93. ਸ਼ਵੇਤਾਸ਼ਵਤਰ ਉਪਨਿਸ਼ਦ, 2/15.

94. ਗੁਰੂ ਗ੍ਰੰਥ ਸਾਹਿਬ, ਪੰਨਾ- 658.

95. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 26(ਪਦ 27)

96 ਤੇ 97. ਗੁਰੂ ਗ੍ਰੰਥ ਸਾਹਿਬ, ਪੰਨਾ- 346, 346.

98 ਤੇ 99. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-50(ਪਦ 108), 19(ਪਦ 7).

100. ਗੁਰੂ ਗ੍ਰੰਥ ਸਾਹਿਬ, ਪੰਨਾ- 487.

101 ਤੋਂ 103. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-17( ਪਦ 2),65(ਪਦ 156),2 3(18).

104. ਗੁਰੂ ਗ੍ਰੰਥ ਸਾਹਿਬ, ਪੰਨਾ- 487.

105 ਤੇ 106. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-30(ਪਦ 41),36(ਪਦ 63).

107. ਸ਼ੰਕਰ ਭਾਸ਼, 1/1/4.

108. ਡਾ. ਰਾਮਜੀ ਲਾਲ, ਕਬੀਰ ਦਰਸ਼ਨ, ਪੰਨਾ- 246-47.

109. ਡਾ. ਤਿਲਕ ਰਾਜ ਸ਼ੰਗਾਰੀ ਤੇ ਹੋਰ, ਨਾਮ ਸਿਧਾਂਤ, ਪੰਨਾ-332.

110 ਤੇ 111. ਗੁਰੂ ਗ੍ਰੰਥ ਸਾਹਿਬ, ਪੰਨਾ- 972, 345.

112. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 47(ਪਦ 96)

113 ਤੋਂ 119. ਗੁਰੂ ਗ੍ਰੰਥ ਸਾਹਿਬ, ਪੰਨਾ- 345, 694,658,659,658,487,658.

120. ਰਿਗਵੇਦ, 8/44/23.

121. ਮੁੰਡਕ ਉਪਨਿਸ਼ਦ, 3/1/3.

122. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 18(ਪਦ 4).

123 ਤੇ 124. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 486, 93.

125. ਤੇ 126. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-18(ਪਦ 4),37(ਪਦ 64)

127. ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ,ਪੰਨਾ- 341.

128 ਤੇ 129. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 57(ਪਦ 128),46(ਪਦ 95)

130. ਗੁਰੂ ਗ੍ਰੰਥ ਸਾਹਿਬ, ਪੰਨਾ- 1167.

131. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-65(ਪਦ 156).

132. ਤਰਲੋਚਨ ਕੌਰ, ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ 1986.

133 ਤੇ 134. ਗੁਰੂ ਗ੍ਰੰਥ ਸਾਹਿਬ, ਪੰਨਾ- 974 ਤੇ 657.

135. ਪੰਜਾਬੀ ਕੋਸ਼, ਜਿਲਦ ਦੂਜੀ, ਭਾਸ਼ਾ ਵਿਭਾਗ, ਪੰਜਾਬ, ਪੰਨਾ- 22.

136. ਗੁਰੂ ਗ੍ਰੰਥ ਸਾਹਿਬ, ਪੰਨਾ- 657.

137. ਸ੍ਰੀਮਦ ਭਗਵਦ ਗੀਤਾ, 7/15.

138 ਤੋਂ 142. ਗੁਰੂ ਗ੍ਰੰਥ ਸਾਹਿਬ, ਪੰਨਾ- 486, 346,658,346,792.

143. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 66(ਪਦ 158)

144. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 18(ਪਦ 3).

145 ਤੋਂ 149. ਗੁਰੂ ਗ੍ਰੰਥ ਸਾਹਿਬ, ਪੰਨਾ- 875,658,659,658,973.

150. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 34(ਪਦ 54)

151. -ਉਹੀ-, ਪੰਨਾ- 68(ਪਦ 167).

152. ਗੁਰੂ ਗ੍ਰੰਥ ਸਾਹਿਬ, ਪੰਨਾ- 486.

153 ਤੇ 154. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 19(ਪਦ 6), 66(ਪਦ 160).

155. ਗੁਰੂ ਗ੍ਰੰਥ ਸਾਹਿਬ, ਪੰਨਾ- 346.

156 ਤੋਂ 158. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-34(ਪਦ 54),26(27),63(150).

159. ਗੁਰੂ ਗ੍ਰੰਥ ਸਾਹਿਬ, ਪੰਨਾ- 1167.

160. ਸ੍ਰੀਮਦ ਭਗਵਦ ਗੀਤਾ, 9/22.

161. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 30(ਪਦ 41).

162 ਤੋਂ 164. ਗੁਰੂ ਗ੍ਰੰਥ ਸਾਹਿਬ, ਪੰਨਾ- 346.,487, 659.

165. ਸ੍ਰੀਮਦ ਭਗਵਦ ਗੀਤਾ, 9/35.

166. ਗੁਰੂ ਗ੍ਰੰਥ ਸਾਹਿਬ, ਪੰਨਾ- 858.

167 ਤੇ 168. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 47(ਪਦ 96),37(ਪਦ 66).

169 ਤੋਂ 173. ਗੁਰੂ ਗ੍ਰੰਥ ਸਾਹਿਬ, ਪੰਨਾ- 658,1293,1167,659,794.

174. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-23(ਪਦ 18)

175. ਗੁਰੂ ਗ੍ਰੰਥ ਸਾਹਿਬ, ਪੰਨਾ- 658.

176 ਤੋਂ 177. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ-76( ਸਾਖੀ 15),63(ਪਦ 149)

178 ਤੇ 179. ਗੁਰੂ ਗ੍ਰੰਥ ਸਾਹਿਬ, ਪੰਨਾ- 346,525.

180 ਤੇ 181. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ- 76(ਸਾਖੀ 29), 53(ਪਦ 118)

182. -ਉਹੀ-, ਪੰਨਾ- 45(ਪਦ 91)

183. ਤੋਂ 185. ਗੁਰੂ ਗ੍ਰੰਥ ਸਾਹਿਬ, ਪੰਨਾ- 1196,1293,486.

# ਸਿੱਟੇ ਤੇ ਨਿਚੋੜ

# ਸਿੱਟੇ ਤੇ ਨਿਚੋੜ

ਆਦਿ ਕਾਲ ਤੋਂ ਹੀ ਭਾਰਤੀ ਦਰਸ਼ਨ ਦਾ ਮੂਲ ਮੰਤਵ ਬ੍ਰਹਮ, ਜੀਵ,ਜਗਤ ਅਤੇ ਮਾਇਆ ਦਾ ਸਰੂਪ ਜਾਨਣ ਵਲ ਰੁਚਿਤ ਰਿਹਾ ਹੈ। ਪੂਰਵ ਮਧਯੁਗੀਨ ਆਚਾਰੀਆ– ਸ਼ੰਕਰ, ਰਾਮਾਨੁਜ, ਮਾਧਵ, ਨਿੰਬਾਰਕ, ਵੱਲਭ ਆਦਿ ਨੇ ਆਪੋ ਆਪਣੇ ਢੰਗ ਨਾਲ ਦਰਸ਼ਨ ਦਾ ਪ੍ਰਤਿਪਾਦਨ ਕੀਤਾ ਅਤੇ ਖੰਡਨ-ਮੰਡਨ ਸ਼ੈਲੀ ਇਸ ਪ੍ਰਤਿਪਾਦਨ ਦੀ ਪ੍ਰਮੁੱਖ ਵਿਸ਼ੇਸ਼ਤਾ ਰਹੀ ਹੈ। ਇਨ੍ਹਾਂ ਚਿੰਤਕਾਂ ਨੇ ਪਹਿਲੇ ਮੱਤ-ਆਚਾਰੀਆਂ ਦਾ ਖੰਡਨ ਅਤੇ ਆਪਣੇ ਮੱਤ ਦਾ ਮੰਡਨ ਕੀਤਾ।

ਗੁਰੂ ਰਵਿਦਾਸ ਦਰਸ਼ਨ ਵਿਚ ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਆਦਿ ਸੰਬੰਧੀ ਉਪਰੋਕਤ ਆਚਾਰੀਆਂ ਵਰਗਾ ਤਾਤਵਿਕ ਵਿਵੇਚਨ ਨਹੀਂ ਹੈ। ਵਾਸਤਵ ਵਿਚ ਗੁਰੂ ਰਵਿਦਾਸ ਮੂਲ ਰੂਪ ਵਿਚ ਇਕ ਭਗਤ- ਕਵੀ ਸਨ, ਉਹ ਦਾਰਸ਼ਨਿਕ-ਵੇਤਾ ਨਹੀਂ ਸਨ। ਉਨ੍ਹਾਂ ਦਾ ਕਾਵਿ ਪ੍ਰੇਮ-ਭਗਤੀ, ਪ੍ਰਭੂ-ਕੀਰਤ ਅਤੇ ਨਾਮ-ਮਹਿਮਾ ਭਰਪੂਰ ਕਾਵਿ ਹੈ। ਉਨ੍ਹਾਂ ਦੀ ਵਾਣੀ ਕਿਸੇ ਵਿਸ਼ੇਸ਼ ਦਾਰਸ਼ਨਿਕ ਅਤੇ ਸ਼ਾਸਤਰੀ ਪ੍ਰਬੰਧ ਅਧੀਨ ਨਹੀਂ ਰਚੀ ਗਈ। ਉਨ੍ਹਾਂ ਨੇ ਵੇਦਾਂ, ਉਪਨਿਸ਼ਦਾਂ ਦੀ ਵਿਧੀਵਤ ਸਿਖਿਆ ਪ੍ਰਾਪਤ ਨਹੀਂ ਕੀਤੀ, ਪਰੰਤੂ ਜਿਸ ਤਰ੍ਹਾਂ ਹਰ ਉੱਤਮ ਕਾਵਿ ਕਿਸੇ ਦਰਸ਼ਨ ਦਾ ਧਾਰਨੀ ਜ਼ਰੂਰ ਹੁੰਦਾ ਹੈ, ਇਸੇ ਤਰ੍ਹਾਂ ਗੁਰੂ ਰਵਿਦਾਸ ਦੇ ਪ੍ਰੇਮ ਅਤੇ ਸ਼ਰਧਾ-ਮਈ ਕਾਵਿ ਵਿਚੋਂ ਪਰਮ-ਤੱਤ ਦੀ ਸੱਤਾ, ਸਮਰੱਥਾ ਅਤੇ ਜੀਵ ਨਾਲ ਉਸ ਦੇ ਸੰਬੰਧਾਂ ਆਦਿ ਦੇ ਸੰਦਰਭ ਵਿਚ ਅਭਿਵਿਅਕਤ ਵਿਚਾਰਾਂ ਵਿਚੋਂ ਦਾਰਸ਼ਨਿਕ ਸਿਧਾਂਤ ਦੇ ਵਿਭਿੰਨ ਰੂਪਾਂ ਦਾ ਝਾਉਲਾ ਜ਼ਰੂਰ ਪੈਂਦਾ ਹੈ। ਗੁਰੂ ਰਵਿਦਾਸ ਵਾਣੀ ਦਾ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਦਰਸ਼ਨ ਦੇ ਨਿਸ਼ਚਿਤ ਪ੍ਰਮੁੱਖ ਤੱਤਾਂ ਬ੍ਰਹਮ, ਜੀਵ, ਜਗਤ, ਮਾਇਆ, ਮੋਕਸ਼, ਨਾਮ, ਗੁਰੂ, ਨੈਤਿਕਤਾ ਆਦਿ ਬਾਰੇ ਵਿਸਤ੍ਰਿਤ ਵਿਵੇਚਨ ਪ੍ਰਸਤੁਤ ਕੀਤਾ ਗਿਆ ਹੈ।

ਗੁਰੂ ਰਵਿਦਾਸ ਵਾਣੀ ਵਿਚ ਉਪਨਿਸ਼ਦਾਂ ਅਤੇ ਗੀਤਾ ਦੇ ਅਨੁਕੂਲ ਬ੍ਰਹਮ ਨੂੰ ਸ੍ਰਿਸ਼ਟੀ ਦਾ ਮੂਲ ਕਾਰਨ ਮੰਨ ਕੇ ਬ੍ਰਹਮ ਅਤੇ ਆਤਮਾ ਦੀ ਏਕਤਾ ਸਥਾਪਿਤ ਕੀਤੀ ਗਈ ਹੈ। ਬ੍ਰਹਮ ਸਮੁੱਚੇ ਬ੍ਰਹਿਮੰਡ ਦਾ ਸੰਚਾਲਕ ਹੈ ਅਤੇ ਉਸ ਦੀ ਪ੍ਰੇਰਨਾ ਅਧੀਨ ਹੀ ਸ੍ਰਿਸ਼ਟੀ ਸਿਰਜਣਾ ਅਤੇ ਪਰਲੋ ਪ੍ਰਕ੍ਰਿਆ ਹੁੰਦੀ ਹੈ। ਵੇਦਾਂਤ ਦਰਸ਼ਨ ਅਨੁਕੂਲ, ਗੁਰੂ ਰਵਿਦਾਸ ਨੇ ਬ੍ਰਹਮ ਦੇ ਦੋ ਰੂਪਾਂ –ਸਾਕਾਰ ਅਤੇ ਨਿਰਾਕਾਰ ਅਰਥਾਤ ਸਗੁਣ ਅਤੇ ਨਿਰਗੁਣ ਨੂੰ ਸਵੀਕਾਰ ਕੀਤਾ ਹੈ। ਵਿਵਹਾਰਿਕ ਦ੍ਰਿਸ਼ਟੀ ਤੋਂ ਉਨ੍ਹਾਂ ਦਾ ਬ੍ਰਹਮ ਸਗੁਣ ਸਰੂਪ ਹੈ ਅਤੇ ਪਰਮਾਰਥਿਕ ਦ੍ਰਿਸ਼ਟੀ ਤੋਂ ਨਿਰਗੁਣ । ਉਨ੍ਹਾਂ ਦੀ ਵਾਣੀ ਵਿਚ ਬ੍ਰਹਮ ਦੇ ਅਵਿਅਕਤ ਜਾਂ ਨਿਰਗੁਣ ਸਰੂਪ ਦਾ ਪ੍ਰਤਿਪਾਦਨ ਹੋਇਆ ਹੈ ।

ਗੁਰੂ ਰਵਿਦਾਸ ਦਾ ਨਿਰਗੁਣ ਬ੍ਰਹਮ ਸ੍ਵੈ-ਪ੍ਰਕਾਸ਼ਿਤ, ਸ੍ਵੈ-ਸਿੱਧ, ਸਰਵ-ਵਿਆਪੀ ਅਤੇ ਚੇਤਨ ਸਰੂਪ ਹੈ। ਉਨ੍ਹਾਂ ਨੇ ਅਵਿਅਕਤ, ਅਨਿਰਵਚਨੀਯ, ਅਰੂਪ, ਅਨਾਮ, ਅਵਿਨਾਸ਼ੀ ਨਿਰੰਜਨ, ਨਿਰਾਕਾਰ, ਨਿਰਵਿਕਾਰ, 'ਭਇਓ ਉਜਿਆਰੋ ਭਵਨ ਸਗਲਾਰੇ' ਅਥਵਾ ਚਾਰੋਂ ਦਿਸ਼ਾਵਾਂ ਵਿਚ ਪ੍ਰਕਾਸ਼ਵਾਨ ਬ੍ਰਹਮ ਨੂੰ ਕਈ ਢੰਗਾਂ, ਵਿਭਿੰਨ ਵਿਧੀਆਂ ਅਤੇ ਸਰੂਪਾਂ ਦੁਆਰਾ ਪ੍ਰਸਤੁਤ ਕੀਤਾ ਹੈ। ਆਪ ਨੇ ਅਵਿਅਕਤ ਸਰੂਪ ਬ੍ਰਹਮ ਨੂੰ ਦੋ ਪ੍ਰਕਾਰ ਨਾਲ ਰੂਪਮਾਨ ਕੀਤਾ ਹੈ: (ੳ) ਅਵਿਅਕਤ ਨਿਰਗੁਣ ਸਰੂਪ ਬ੍ਰਹਮ ਅਤੇ (ਅ) ਅਵਿਅਕਤ ਸਗੁਣ ਸਰੂਪ ਬ੍ਰਹਮ ।

ਅਵਿਅਕਤ ਨਿਰਗੁਣ ਤੋਂ ਭਾਵ ਗੁਣਾਤੀਤ ਹੈ ਜੋ ਗੁਣਾਂ ਦੀ ਸੀਮਾਂ ਵਿਚ ਨਾ ਬੰਨ੍ਹਿਆ ਜਾ ਸਕੇ, ਅਰਥਾਤ ਬ੍ਰਹਮ ਇਕ ਅਜਿਹੀ ਪਰਮਾਰਥਿਕ ਸੱਤਾ ਹੈ ਜੋ ਸੱਤ, ਰਜ, ਤਮ ਤਿੰਨਾਂ ਗੁਣਾਂ ਤੋਂ ਉੱਪਰ ਹੈ। ਗੁਰੂ ਰਵਿਦਾਸ ਵਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਕਈ ਰੂਪਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਜੀ ਨੇ ਅਵਿਅਕਤ ਨਿਰਗੁਣ ਬ੍ਰਹਮ ਨੂੰ ਅਨਿਰਵਚਨੀਯ ਤੱਤ ਰੂਪ, ਸ਼ਬਦ ਰੂਪ, ਓਂਕਾਰ ਰੂਪ, ਨਿਰੰਜਨ ਰੂਪ ਅਤੇ ਸ਼ੂਨਯ ਰੂਪ ਬ੍ਰਹਮ ਦੁਆਰਾ ਰੂਪਮਾਨ ਕੀਤਾ ਹੈ। ਆਪ ਜੀ ਦੀ ਦ੍ਰਿਸ਼ਟੀ ਵਿਚ ਬ੍ਰਹਮ ਵਾਣੀ ਦਾ ਵਿਸ਼ਾ ਨਹੀਂ, ਉਹ ਵਰਣਨ ਦੀ ਸੀਮਾਂ ਤੋਂ ਬਾਹਰ, ਅਸੀਮ, 'ਅਕੱਥ ਕਥਾ', 'ਜੈਸਾ ਤੂ ਤੈਸਾ ਤੁਹੀ' ਅਥਵਾ ਉਪਮਾ ਰਹਿਤ, ਅਦੁੱਤੀ ਅਤੇ ਵਿਲੱਖਣ ਹੈ। ਉਸ ਨਾਲ ਇਕਸੁਰਤਾ ਅਤੇ ਇਕ੍ਹਮਿਕਤਾ ਪ੍ਰਾਪਤ ਕਰ ਕੇ ਹੀ ਉਸ ਨੂੰ ਜਾਣਿਆ ਤੇ ਅਨੁਭਵ ਕੀਤਾ ਜਾ ਸਕਦਾ ਹੈ। ਅਨਿਰਵਚਨੀਯ ਤੱਤ ਰੂਪ ਬ੍ਰਹਮ ਨੂੰ ਗੁਰੂ ਰਵਿਦਾਸ ਨੇ ਨਿਰਗੁਣਵਾਦੀ ਵਿਸ਼ੇਸ਼ਣਾਂ, ਨਾਕਾਰਾਤਮਕ, ਵਿਭਾਵਾਤਮਕ, ਵਿਰੋਧਾਤਮਕ ਅਤੇ ਰੂਪਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ ਵਰਣਿਤ ਕੀਤਾ ਹੈ।

ਉਪਨਿਸ਼ਦਾਂ ਦੇ ਬ੍ਰਹਮ ਅਨੁਕੂਲ ਗੁਰੂ ਰਵਿਦਾਸ ਦਾ ਬ੍ਰਹਮ ਅਜਰ, ਅਮਰ, ਅਨੰਤ, ਅਡੋਲ, ਅਭੇਖ, ਅਭੇਦ, ਅਜਨਮਾ, ਅਨੂਪਮ, ਅਗਮ, ਅਗੋਚਰ, ਅਛਰ, ਅਤਰਕ, ਨਿਹਚਲ, ਨਿਰਭੈ, ਨਿਰਾਕਾਰ, ਨਿਰਵਿਕਾਰ ਅਤੇ ਰੇਖਾ ਰਹਿਤ ਹੈ। ਉਹ ਨਾ ਰੂਪ ਹੈ, ਨਾ ਚੰਦ ਹੈ ਨਾ ਸੂਰਜ ਹੈ, ਨਾ ਰਾਤ ਹੈ ਨਾ ਦਿਨ ਹੈ, ਨਾ ਧਰਤੀ ਹੈ ਨਾ ਅਕਾਸ਼ ਹੈ, ਨਾ ਕਰਮ ਹੈ ਨਾ ਅਕਰਮ ਹੈ, ਨਾ ਸੀਤ ਹੈ ਨਾ ਧੁੱਪ ਹੈ, ਨਾ ਜੋਗ ਹੈ ਨਾ ਭੋਗ ਹੈ, ਨਾ ਹਵਾ, ਮਿੱਟੀ, ਪਾਣੀ ਹੈ, ਨਾ ਸ਼ੁਭ ਨਾ ਅਸ਼ੁਭ ਹੈ, ਨਾ ਕਾਮੀ ਅਤੇ ਕੁਟਿਲ ਹੈ। ਉਹ ਤਾਂ ਅਨੁਭੂਤੀ ਦਾ ਵਿਸ਼ਾ ਹੈ, ਉਹ ਇੰਦਰੀ-ਅਤੀਤ, ਸੂਖਮ-ਦਰਸ਼ੀ, ਉੱਤਮ ਪੁਰਖ ਅਤੇ ਸਰਵ

ਗਿਆਤਾ ਹੈ। ਉਹ ਅੱਖਾਂ ਤੋਂ ਬਿਨਾਂ ਦੇਖਦਾ ਅਤੇ ਕੰਨਾਂ ਤੋਂ ਬਿਨਾਂ ਸੁਣਦਾ ਹੈ, ਉਹ 'ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਯਾਤਾ' ਹੈ ਅਤੇ 'ਏਕ ਹੀ ਏਕ ਅਨੇਕ ਹੋਇ ਬਿਸਥਰਿਓ' ਹੈ। ਗੁਰੂ ਜੀ ਨੇ ਉਸ ਨੂੰ ਬਾਜ਼ੀਗਰ ਅਤੇ ਇਸ ਜਗਤ ਨੂੰ ਉਸ ਦੀ ਬਾਜ਼ੀ ਕਹਿ ਕੇ ਦਰਸਾਇਆ ਹੈ। ਡਾ. ਧਰਮਪਾਲ ਸਿੰਗਲ ਦਾ ਮੱਤ ਹੈ ਕਿ ਬ੍ਰਹਮ ਨੂੰ ਬਾਜ਼ੀਗਰ ਦੀ ਸੰਗਿਆ ਦੇਣਾ ਗੁਰੂ ਰਵਿਦਾਸ ਜੀ ਦੀ ਨਵੀਂ ਉਦਭਾਵਨਾ ਹੈ।

ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਬ੍ਰਹਮ ਸ਼ਬਦ-ਸਰੂਪ ਹੈ, ਸ਼ਬਦ ਨਾਲ ਜੁੜਿਆਂ ਉਸ ਨਾਲ ਲਿਵ ਲੱਗਦੀ ਅਤੇ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਵਾਣੀ ਵਿਚ ਗੁਰੂ ਜੀ ਨੇ ਬ੍ਰਹਮ ਲਈ ਉਂਕਾਰ, ਰੰਰਕਾਰ, ਸਤਿਨਾਮ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਉਹ ਉਂਕਾਰ ਰੂਪ ਬ੍ਰਹਮ ਤ੍ਰੈਲੋਕੀ ਦਾ ਸਿਰਜਕ ਤੇ ਮਾਲਕ ਹੈ। ਉਹ ਅੰਜਨ-ਰੂਪ, ਮਾਇਆ ਤੋਂ ਮੁਕਤ, ਨਿਰਵਿਕਾਰ, ਬਿਮਲ ਅਤੇ ਨਿਰੰਜਨ ਬ੍ਰਹਮ ਹੈ। ਉਹ ਸੁੰਨਿ ਮੰਡਲ ਦਾ ਵਾਸ਼ੀ ਸ਼ੂਨਯ ਬ੍ਰਹਮ ਹੈ, ਇਸ ਸੁੰਨਿ ਮੰਡਲ ਵਿਚ ਨਿਰੰਤਰ ਅੰਮ੍ਰਿਤ ਬਰਸਦਾ ਹੈ ਜਿਸ ਨੂੰ ਪੀ ਕੇ ਜਿਗਿਆਸੂ ਮਰਨ-ਜੰਮਣ ਤੋਂ ਰਹਿਤ ਹੋ ਜਾਂਦਾ ਹੈ। ਇਹ ਸ਼ੂਨਯ ਬ੍ਰਹਮ ਮੁਕਤੀ ਪ੍ਰਦਾਨ ਕਰਨ ਵਾਲਾ ਪਰਮਸਤਿ ਹੈ ।

ਗੁਰੂ ਰਵਿਦਾਸ ਵਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਦੇ ਵਿਸ਼ੇਸ਼ ਗੁਣਾਂ ਨੂੰ ਵੀ ਰੂਪਮਾਨ ਕੀਤਾ ਗਿਆ ਹੈ। ਜਦੋਂ ਅਵਿਅਕਤ ਨਿਰਗੁਣ ਬ੍ਰਹਮ ਵਿਸ਼ੇਸ਼ ਗੁਣਾਂ ਸਦਕਾ ਸਗੁਣ ਪ੍ਰਤੀਤ ਹੋਣ ਲੱਗੇ ਤਾਂ ਉਸ ਨੂੰ ਅਵਿਅਕਤ ਸਗੁਣ ਬ੍ਰਹਮ ਕਿਹਾ ਜਾ ਸਕਦਾ ਹੈ। ਉਪਨਿਸ਼ਦਾਂ ਵਾਂਗ ਗੁਰੂ ਰਵਿਦਾਸ ਦਾ ਬ੍ਰਹਮ ਵੀ ਸਗੁਣ ਨਿਰਗੁਣ ਦੋਨੋਂ ਹੈ। ਗੁਰੂ ਜੀ ਨੇ ਅਵਿਅਕਤ ਸਗੁਣ ਸਰੂਪ ਬ੍ਰਹਮ ਨੂੰ ਇੱਕੋ ਬ੍ਰਹਮ, ਸਤਿ ਸਰੂਪ ਜੋਤਿ ਸਰੂਪ ਅਤੇ ਸੈਭੰ ਰੂਪ ਬ੍ਰਹਮ ਆਦਿ ਚਾਰ ਸਰੂਪਾਂ ਦੁਆਰਾ ਅਭਿਵਿਅਕਤ ਕੀਤਾ ਹੈ।

ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਇੱਕੋ ਬ੍ਰਹਮ ਹੀ ਘਟ ਘਟ ਕੀ ਹਰ ਜੀਵ ਵਿਚ ਸਮਾਇਆ ਹੋਇਆ ਹੈ, ਉਹ ਸਰਵ-ਵਿਆਪੀ ਹੈ ਅਤੇ ਪ੍ਰਕ੍ਰਿਤੀ ਦੇ ਵਿਭਿੰਨ ਰੂਪਾਂ ਵਿਚ ਦ੍ਰਿਸ਼ਟਮਾਨ ਹੋ ਰਿਹਾ ਹੈ। ਉਸ ਇਕ ਇਕਾਈ ਵਿਚੋਂ ਹੀ ਇਸ ਸਾਰੀ ਦ੍ਰਿਸ਼ਟਮਾਨ ਅਨੇਕਤਾ ਨੇ ਜਨਮ ਲਿਆ। ਵਾਣੀ ਵਿਚ ਅਨੇਕ ਥਾਵਾਂ ਤੇ ਇਸ ਏਕੇ ਦੀ ਵਿਸ਼ੇਸ਼ਤਾ ਨੂੰ ਦਰਸਾਇਆ ਗਿਆ ਹੈ। ਉਹ ਸਤਿ ਸਰੂਪ ਬ੍ਰਹਮ ਸਦਾ ਰਹਿਣ ਵਾਲਾ, ਆਦਿ, ਅਨੰਤ ਅਤੇ ਪਰਮਪਦ ਦਾ ਸੁਆਮੀ ਹੈ। ਉਸ ਤੋਂ ਬਿਨਾਂ ਹਰ ਚੀਜ਼ ਮਿਥਿਆ, ਥੋਥੀ ਕੂੜ ਅਤੇ ਥੋੜ੍ਹ-ਚਿਰੀ ਹੈ। ਉਹ ਬ੍ਰਹਮ ਜੋਤਿ-ਸਰੂਪ ਅਤੇ ਚਾਰੋਂ ਦਿਸ਼ਾਵਾਂ ਵਿਚ ਪ੍ਰਕਾਸ਼ਿਤ ਹੋ ਰਿਹਾ ਪ੍ਰਕਾਸ਼-ਸਰੂਪ

ਪਰਮਪਦ ਹੈ। ਉਹ ਸੈਭੰ, ਸ੍ਵੈ-ਪ੍ਰਕਾਸ਼ਿਤ ਅਤੇ ਸ੍ਵੈ-ਨਿਰਮਿਤ ਅਥਵਾ ਆਪਣੇ ਆਪ ਨੂੰ ਹੋਂਦ ਵਿਚ ਲਿਆਉਣ ਵਾਲੀ ਸੱਤਾ ਆਪ ਹੀ ਹੈ, ਉਹ ਪਰ-ਨਿਰਮਿਤ ਨਹੀਂ ਹੈ ।

ਨਿਰਸੰਦੇਹ ਗੁਰੂ ਰਵਿਦਾਸ ਜੀ ਨਿਰਗੁਣ ਬ੍ਰਹਮ ਦੇ ਉਪਾਸ਼ਕ ਹਨ, ਪਰੰਤੂ ਉਨ੍ਹਾਂ ਨੇ ਅਨੇਕ ਸੰਭਾਵਿਤ ਢੰਗਾਂ ਨਾਲ ਪ੍ਰਭੂ ਦੇ ਸਰੂਪ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਬ੍ਰਹਮ ਸਗੁਣ ਸਰੂਪ ਵੀ ਹੈ ਕਿਉਂ ਕਿ ਉਹ ਸਾਰੇ ਗੁਣਾਂ ਦਾ ਭੰਡਾਰ ਹੈ, ਉਹ ਸਰਵਉੱਚ, ਪੁਰਸ਼ੋਤਮ, ਸੱਤ, ਚਿੱਤ, ਆਨੰਦ ਅਥਵਾ ਸਚਿਦਾਨੰਦ ਹੈ। ਉਹ ਦ੍ਰਿਸ਼ਟਮਾਨ, ਅਨੁਭਵ ਹੁੰਦਾ ਵਿਸ਼ਾਲ ਸਰੂਪ ਹੈ। ਉਹ ਸਭ ਥਾਂ ਰਮਿਆ ਹੋਇਆ, ਸਰਵ - ਵਿਆਪਕ, ਕਰਤਾ ਅਤੇ ਹਰਤਾ ਹੈ। ਪਰੰਤੂ ਗੁਰੂ ਰਵਿਦਾਸ ਜੀ ਦਾ ਬ੍ਰਹਮ ਸਗੁਣੀ ਭਗਤਾਂ ਦੇ ਅਵਤਾਰੀ ਸਰੂਪ ਵਰਗਾ ਨਹੀਂ ਹੈ, ਸਗੋਂ ਇਹ ਸਗੁਣ ਤਾਂ ਨਿਰਗੁਣ ਤੋਂ ਹੀ ਉਤਪੰਨ ਹੋਇਆ ਹੈ। ਗੁਰੂ ਜੀ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਸਰੂਪ ਦੀ ਪਰੰਪਰਿਕ ਵਿਭਿੰਨਤਾ ਨੂੰ ਨਹੀਂ ਮੰਨਦੇ ।

ਗੁਰੂ ਰਵਿਦਾਸ ਚਿੰਤਨ ਵਿਚ ਭਾਵਾਤਮਕ ਭਗਤੀ ਨੂੰ ਪ੍ਰਮੁੱਖਤਾ ਪ੍ਰਾਪਤ ਹੈ, ਇਸ ਦੇ ਅੰਤਰਗਤ ਹੀ ਉਨ੍ਹਾਂ ਨੇ ਪ੍ਰਭੂ ਦੇ ਸੁੰਦਰ, ਮਧੁਰ ਤੇ ਪ੍ਰਿਯ ਸਰੂਪ ਨੂੰ ਕਲਪਿਆ ਅਤੇ ਪ੍ਰੇਮ-ਭਰੇ ਜਜ਼ਬਿਆਂ ਨਾਲ ਉਸ ਨੂੰ ਯਾਦ ਕੀਤਾ ਹੈ। ਉਨ੍ਹਾਂ ਨੇ ਪਰੋਖ ਸੱਤਾ ਨੂੰ ਪ੍ਰੇਮਮਈ, ਰਸਮਈ ਤੇ ਮਧੁਰਮਈ ਬਣਾ ਕੇ ਪ੍ਰਤੱਖ ਕੀਤਾ ਹੈ। ਵਿਅਕਤ ਸਗੁਣ ਸਰੂਪ ਬ੍ਰਹਮ ਨੂੰ ਆਪ ਨੇ ਭਾਵਨਾ-ਮੂਲਕ ਦਿਵਯ ਸਰੂਪ ਬ੍ਰਹਮ, ਕਰਤਾ ਪੁਰਖ ਰੂਪ, ਪ੍ਰਤੀਕ ਰੂਪ, ਸੁਲਤਾਨ, ਪ੍ਰੀਤਮ, ਵਿਰਾਟ ਅਤੇ ਲੇਖਾ ਮੰਗਣਹਾਰ ਬ੍ਰਹਮ ਦੇ ਰੂਪ ਵਿਚ ਚਿੱਤਰਿਆ ਹੈ।

ਦੈਵੀ-ਪ੍ਰੇਮ ਦੀ ਮਧੁਰ ਭਾਵਨਾ ਅਧੀਨ ਉਨ੍ਹਾਂ ਨੇ ਪ੍ਰਭੂ ਦੇ ਪ੍ਰੇਮ-ਮਈ ਭਾਵਨਾਤਮਕ ਸਰੂਪ ਨੂੰ ਚਿੱਤਰਿਆ ਹੈ। ਇਸ ਪ੍ਰੀਤ-ਭਾਵਨਾ ਦੁਆਰਾ ਆਪ ਨੇ ਅਵਿਅਕਤ ਤੇ ਨਿਰਾਕਾਰ ਸੱਤਾ ਨੂੰ ਆਕਾਰ ਦਿੱਤਾ ਅਤੇ ਮੇਲ-ਭਾਵਨਾ ਅਧੀਨ ਪ੍ਰਭੂ ਉਨ੍ਹਾਂ ਦੇ ਨਿਕਟਤਮ ਆ ਗਿਆ । ਉਨ੍ਹਾਂ ਦੀ ਵਾਣੀ ਵਿਚ ਕਈ ਥਾਈਂ ਬ੍ਰਹਮ ਨੂੰ ਭਗਤ ਰਖਿਅਕ ਰੂਪ, ਸੁਆਮੀ ਰੂਪ, ਮਾਤਾ-ਪਿਤਾ ਦੇ ਰੂਪ ਅਤੇ ਮਿੱਤ੍ਰੀ ਰੂਪ ਵਿਚ ਮੂਰਤੀਮਾਨ ਕੀਤਾ ਗਿਆ ਹੈ। ਸੁਆਮੀ ਅਤੇ ਮਾਤਾ-ਪਿਤਾ ਰੂਪ ਪ੍ਰਭੂ ਅੱਗੇ ਤਾਂ ਉਨ੍ਹਾਂ ਨੇ ਆਪਣਾ ਆਪਾ ਸਮਰਪਿਤ ਕਰ ਦਿੱਤਾ ਹੈ, "ਤਨ ਮਨੁ ਅਰਪਉ ਪੂਜ ਚਰਾਵਉ।" ਇਸ ਅਵਸਥਾ ਵਿਚ ਬ੍ਰਹਮ ਹੁਣ ਉਨ੍ਹਾਂ ਨੂੰ ਸਖਾ-ਰੂਪ ਵਿਚ ਦਿਖਾਈ ਦਿੰਦਾ ਹੈ, ਕਿਉਂ ਕਿ ਉਹ ਪ੍ਰੀਤਮ-ਪਿਆਰਾ ਉਨ੍ਹਾਂ ਦੇ ਪ੍ਰੇਮ-ਬੰਧਨ ਵਿਚ ਬੱਝ ਗਿਆ ਹੈ ।

ਵਾਣੀ ਵਿਚ ਕਈ ਥਾਈਂ ਸਖਾ-ਰੂਪ ਬ੍ਰਹਮ ਦੇ ਸੁੰਦਰ ਤੇ ਉੱਤਮ ਨਮੂਨੇ ਝਲਕਾਰੇ ਮਾਰਦੇ ਹਨ। ਸਖਾ - ਭਾਵ ਅਧੀਨ ਉਹ ਪ੍ਰਭੂ ਨੂੰ ਪਿਆਰ ਨਾਲ ਵੰਗਾਰਨ ਦੀ ਸਮਰਥਾ ਵੀ ਰਖਦੇ ਹਨ। ਆਪ ਦਾ ਕਥਨ ਹੈ ਕਿ ਜੇ ਉਸ (ਬ੍ਰਹਮ) ਨੇ 'ਰਵਿਦਾਸ' ਨੂੰ ਦੁਨਿਆਵੀ ਮੋਹ-ਮਾਇਆ ਦੀ ਫਾਹੀ ਵਿਚ ਫਸਾਇਆ ਹੈ ਤਾਂ ਉਨ੍ਹਾਂ ਨੇ ਵੀ ਉਸ ਨੂੰ ਪ੍ਰੇਮ ਦੇ ਬੰਧਨ ਵਿਚ ਬੰਨ੍ਹ ਲਿਆ ਹੈ, 'ਹਮ ਪ੍ਰੇਮ ਬੰਧਨ ਤੁਮ ਬਾਧੇ।' 'ਰਵਿਦਾਸ' ਨੇ ਤਾਂ ਉਸ ਦੀ ਅਰਾਧਨਾ ਕਰਕੇ ਮਾਇਆ ਦੀ ਫਾਹੀ ਵਿਚੋਂ ਛੁੱਟ ਹੀ ਜਾਣਾ ਹੈ ਪਰ ਉਸ ਦੇ ਪਿਆਰ ਦੀ ਜਕੜ ਵਿਚੋਂ ਹੁਣ 'ਅਪਨੇ ਛੂਟਨ ਕੋ ਜਤਨੁ ਕਰਹੁ' ਅਥਵਾ ਉਹ ਪ੍ਰਭੂ ਆਪਣੇ ਛੁੱਟਣ ਦਾ ਉਪਰਾਲਾ ਕਰੇ।

ਗੁਰੂ ਜੀ ਦਾ ਬ੍ਰਹਮ ਭਗਤ-ਰਖਿਅਕ, ਉਪਕਾਰੀ ਅਤੇ 'ਨੀਚਹੁ ਊਚ' ਕਰਨ ਵਾਲਾ ਹੈ। ਉਹ ਗਰੀਬਾਂ ਨੂੰ ਨਿਵਾਜਣ ਵਾਲਾ, ਨਿਮਾਣਿਆਂ ਤੇ ਨਿਤਾਣਿਆਂ ਦੇ ਸੀਸ ਉੱਪਰ ਸ਼ਾਹੀ ਛਤਰ ਝੁਲਾਉਣ ਵਾਲਾ, ਪਤਿਤ ਪਾਵਨ, ਬਖਸ਼ਿੰਦ ਤੇ ਕ੍ਰਿਪਾਨਿਧਾਨ ਪ੍ਰਭੂ ਹੈ। ਆਪ ਨੇ ਦੰਪਤੀ-ਭਾਵ ਦੇ ਸਾਧਨ ਦੁਆਰਾ ਬ੍ਰਹਮ ਦੇ ਰਸਮਈ ਸਰੂਪ ਨੂੰ ਅਭਿਵਿਅਕਤ ਕਰਨ ਦਾ ਯਤਨ ਵੀ ਕੀਤਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਨੂੰ ਇਕ ਅਜਿਹੀ ਸੂਖਮ ਸ਼ਕਤੀ ਮੰਨਿਆ ਗਿਆ ਹੈ ਜੋ ਸਭ ਦੀ ਕਰਤਾ, ਸਭ ਦਾ ਆਧਾਰ, ਸਭ ਦੇ ਅੰਦਰ-ਬਾਹਰ ਵਿਆਪਕ ਅਤੇ ਸਭ ਦਾ ਆਧਾਰ ਹੈ। ਉਹ ਇਸ ਜਗਤ ਦਾ ਸਿਰਜਕ, ਪਾਲਣਹਾਰ ਅਤੇ ਸੰਘਾਰਕ ਹੈ। ਵਾਣੀ ਵਿਚ ਬ੍ਰਹਮ ਨੂੰ ਭ੍ਰਾਤ ਬੂੰਦ, ਪਾਰਸ, ਚੰਦਨ, ਪੁਸ਼ਪ ਦੀ ਸੁਗੰਧ, ਮਖਤੂਲ ਸਪੇਦ ਸਪੀਅਲ(ਉੱਤਮ ਚਿੱਟਾ ਤੇ ਪੀਲਾ ਰੇਸ਼ਮ) ਆਦਿ ਚਿੰਨ੍ਹਾਂ ਦੁਆਰਾ ਵੀ ਅੰਕਿਤ ਕੀਤਾ ਗਿਆ ਹੈ। 'ਬਟ ਕੇ ਬੀਜ ਜੈਸਾ ਆਕਾਰ, ਪਸਰਯੋ ਤੀਨਿ ਲੋਕ ਪਸਾਰ' ਕਹਿ ਕੇ ਗੁਰੂ ਰਵਿਦਾਸ ਜੀ ਨੇ ਪ੍ਰਭੂ ਨੂੰ ਤਿੰਨਾਂ ਲੋਕਾਂ ਵਿਚ ਪਸਰਿਆ ਹੋਇਆ ਦਰਸਾ ਕੇ ਪ੍ਰਭੂ ਦੇ ਵਿਰਾਟ ਸਰੂਪ ਦਾ ਵਰਣਨ ਵੀ ਕੀਤਾ ਹੈ। ਪਰੰਤੂ ਇਸ ਵਿਸ਼ਾਲ ਬ੍ਰਹਮ, ਜਿਸ ਦੇ 'ਚਰਨ ਪਤਾਲ ਸੀਸ ਅਸਮਾਨ' ਨੂੰ ਵਾਣੀ ਦੁਆਰਾ ਸਾਕਾਰ ਨਹੀਂ ਕੀਤਾ ਜਾ ਸਕਦਾ, "ਸੋ ਠਾਕੁਰ ਕੈਸੇ ਸੰਪਟਿ ਸਮਾਨਾ' ਅਥਵਾ ਸਾਰੀ ਸ੍ਰਿਸ਼ਟੀ ਵਿਚ ਸਮਾਏ ਹੋਏ ਬ੍ਰਹਮ ਨੂੰ ਕਿਵੇਂ ਇਕ ਥਾਂ ਸੀਮਤ ਕੀਤਾ ਜਾ ਸਕਦਾ ਹੈ ।

ਗੁਰੂ ਰਵਿਦਾਸ ਨੇ ਲੋਕ ਵਿਵਹਾਰ ਦੀ ਦ੍ਰਿਸ਼ਟੀ ਤੋਂ ਬ੍ਰਹਮ ਲਈ ਸੁਲਤਾਨ ਜਾਂ ਰਾਜਾ ਲਫ਼ਜ਼ਾਂ ਦਾ ਪ੍ਰਯੋਗ ਵੀ ਕੀਤਾ ਹੈ। ਪਰੰਤੂ ਉਨ੍ਹਾਂ ਦਾ ਇਹ ਰਾਜਾ ਰੂਪ ਬ੍ਰਹਮ ਸਰਵ

ਸਮਰੱਥ ਰਾਜਾ ਅਥਵਾ ਪਾਰਬ੍ਰਹਮ, ਪਰਮੇਸ਼ਰ ਪੂਰਨ ਬ੍ਰਹਮ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ, ਸੁਆਮੀ ਤੇ ਗੁਸਈਆ ਹੈ। ਗੁਰੂ ਜੀ ਦਾ ਇਹ ਬ੍ਰਹਮ ਲੇਖਾ ਮੰਗਣਹਾਰ ਹੈ ਜੋ ਜੀਵ ਵਲੋਂ ਕੀਤੇ ਕਰਮਾਂ ਦਾ ਲੇਖਾ ਮੰਗਣ ਵਾਲਾ ਹੈ। ਆਪ ਨੇ ਮਾਨਵ-ਜੀਵਨ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਲੇਖਾ ਮੰਗਣਹਾਰ ਬ੍ਰਹਮ ਦੇ ਸਰੂਪ ਨੂੰ ਸਪੱਸ਼ਟ ਕੀਤਾ ਹੈ। ਗੁਰੂ ਜੀ ਨੇ ਬ੍ਰਹਮ ਨੂੰ ਪਾਰਸਮਣੀ, ਸੁਧਾਮਣੀ ਅਤੇ ਚਿੰਤਾਮਣੀ ਰੂਪ ਵਿਚ ਦਰਸਾ ਕੇ ਕ੍ਰਮਵਾਰ ਉਸ ਨੂੰ ਧੰਨ-ਦੋਲਤ, ਖੁਸ਼ਹਾਲੀ, ਸੁੱਖ-ਆਰਾਮ, ਰਿੱਧੀਆਂ-ਸਿੱਧੀਆਂ ਅਤੇ ਅੰਮ੍ਰਿਤ-ਰਸ ਦੇ ਦਾਤੇ, ਭੈ ਹਰਨ ਵਾਲੇ ਪਰਮਾਨੰਦ ਅਤੇ ਦਿਵਯ ਅਥਵਾ ਪ੍ਰਕਾਸ਼ਵਾਨ ਸੁੱਖ-ਸਾਗਰ ਦੇ ਰੂਪ ਵਿਚ ਚਿੱਤਰਿਆ ਹੈ।

ਗੁਰੂ ਰਵਿਦਾਸ ਦਾ ਬ੍ਰਹਮ ਕਲਿਆਣਕਾਰੀ, ਕ੍ਰਿਪਾਨਿਧੀ, ਦਿਆਲੂ ਅਤੇ ਬਖਸ਼ਿਸ਼ਾਂ ਦਾ ਭੰਡਾਰ ਹੈ। ਉਹ 'ਨੀਚਹੁ ਊਚ' ਕਰਨ ਵਾਲਾ ਗਰੀਬ ਨਿਵਾਜ ਅਤੇ 'ਜਾਕੀ ਛੋਤ ਜਗਤ ਕਉ ਲਾਗੈ' ਉਸ ਉੱਪਰ ਵੀ ਰੀਝਣ ਵਾਲਾ ਬਖਸ਼ਣਹਾਰ ਤੇ ਕਰੁਣਾ ਦਾ ਭੰਡਾਰ ਹੈ। ਗੁਰੂ ਜੀ ਦੀ ਰਚਨਾ 'ਗਯਾਨ ਗੋਸ਼ਠੀ(ਰਮੈਣੀ) 'ਅਨੁਸਾਰ ਉਹ ਬ੍ਰਹਮ ਗਿਆਨ-ਸਰੂਪ ਹੈ ਅਤੇ ਉਸ ਨੇ ਗਿਆਨ-ਸ਼ਕਤੀ ਦੁਆਰਾ ਸਮਸਤ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ।

ਗੁਰੂ ਰਵਿਦਾਸ ਉਸ ਪਰਮਸਤਿ ਨੂੰ ਕੋਈ ਨਾਮ ਤਾਂ ਨਹੀਂ ਦੇਣਾ ਚਾਹੁੰਦੇ ਕਿਉਂ ਕਿ ਉਹ ਅਨਿਰਵਚਨੀਯ, ਅਕੱਥ, ਅਦੁੱਤੀ, ਉਪਮਾ-ਰਹਿਤ ਅਤੇ ਵਰਣਨ ਤੋਂ ਪਰੇ ਹੈ। ਪਰੰਤੂ ਉਸ ਅਰੂਪ, ਅਨਾਮ, ਅਵਿਗਤ ਤੇ ਨਿਰੰਜਨ ਪ੍ਰਭੂ ਨੂੰ ਅਭਿਵਿਅਕਤ ਕਰਨ ਲਈ ਆਪ ਨੇ ਸਗੁਣ ਨਾਮਧਾਰੀ ਬ੍ਰਹਮ-ਵਾਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸਮਕਾਲੀਨ ਪ੍ਰਚੱਲਿਤ ਧਰਮਾਂ ਦੁਆਰਾ ਵਰਤੇ ਜਾਂਦੇ ਨਾਵਾਂ ਦਾ ਪ੍ਰਯੋਗ ਬ੍ਰਹਮ ਲਈ ਕੀਤਾ ਹੈ। ਆਪ ਨੇ ਬ੍ਰਹਮ ਲਈ ਰਾਮ, ਕ੍ਰਿਸ਼ਨ, ਹਰਿ, ਰਾਘਵ, ਦੀਨਬੰਧੂ, ਰਘੁਨਾਥ, ਪਾਰਸਮਣੀ, ਨਰਹਿਰ, ਜਗਜੀਵਨ, ਹਜ਼ੂਰ, ਖ਼ੁਦਾ, ਸ਼ਿਵ, ਸ਼ੰਕਰ, ਉਂਕਾਰ, ਰੰਰਕਾਰ, ਅਲਖ, ਨਿਰੰਜਨ, ਕਰਤਾ, ਸਤਿ, ਸੁਲਤਾਨ, ਸਤਿਨਾਮ, ਅੰਮ੍ਰਿਤ, ਉਨਮਨ, ਅਨਹਦ ਆਦਿ ਨਾਵਾਂ ਦੀ ਵਰਤੋਂ ਕੀਤੀ ਹੈ। ਪਰੰਤੂ ਵਾਣੀ ਵਿਚ ਅੰਕਿਤ ਬ੍ਰਹਮ ਦੇ ਇਹ ਸਭ ਨਾਮ ਸੰਸਾਰੀ ਨਾਮ ਹਨ। ਡਾ. ਮਨਮੋਹਨ ਸਹਿਗਲ ਅਤੇ ਡਾ. ਧਰਮਪਾਲ ਮੈਨੀ ਵੀ ਇਸ ਮੱਤ ਦੇ ਧਾਰਣੀ ਹਨ ਕਿ ਪ੍ਰਭੂ ਦਾ ਨਾਮ ਜਪਣ ਲਈ ਕੋਈ ਵੀ ਸੰਗਿਆ (ਨਾਮ) ਉਨ੍ਹਾਂ ਨੂੰ ਸਵੀਕਾਰ ਸੀ ਅਤੇ ਗੁਰੂ ਜੀ ਨੇ ਸੇਖ ਲਈ ਇਨ੍ਹਾਂ ਨਾਵਾਂ ਨੂੰ ਬ੍ਰਹਮ ਦਾ ਨਾਮ ਮੰਨ ਲਿਆ ਹੈ।

ਵਾਸਤਵ ਵਿਚ ਵੈਸ਼ਣਵ ਮੱਤ ਅਨੁਸਾਰ ਗੁਰੂ ਰਵਿਦਾਸ ਨੇ ਬ੍ਰਹਮ ਦੇ ਸਗੁਣ ਤੇ ਨਿਰਗੁਣ ਦੋਨਾਂ ਸਰੂਪਾਂ ਨੂੰ ਸਵੀਕਾਰਿਆ ਹੈ। ਉਨ੍ਹਾਂ ਨੇ ਵਾਣੀ ਵਿਚ ਬ੍ਰਹਮ ਦੇ ਵਿਅਕਤ

ਅਤੇ ਅਵਿਕਅਤ ਸਰੂਪ ਨੂੰ ਚਿੱਤਰਿਆ ਹੈ। ਉਹ ਨਿਰਗੁਣ ਅਤੇ ਸਗੁਣ ਦੇ ਅੰਤਰ ਨੂੰ ਨਹੀਂ ਸਵੀਕਾਰਦੇ, ਉਹ ਤਾਂ ਬ੍ਰਹਮ ਦੀ ਪਰਮਾਰਥਿਕ ਅਤੇ ਵਿਵਹਰਿਕ ਸੱਤਾ ਨੂੰ ਮੰਨਦੇ ਹਨ। ਉਨ੍ਹਾਂ ਦਾ ਬ੍ਰਹਮ ਅਨਿਰਵਚਨੀਯ, ਇੰਦਰੀ-ਅਤੀਤ, ਅਜਰ, ਅਮਰ, ਅਨੰਤ, ਅਜਨਮ, ਅਨੂਪਮ, ਅਛਰ, ਅਤਰਕ, ਨਿਰੰਜਨ, ਨਿਰਵਿਕਾਰ, ਬਿਮਲ, ਸੱਤ, ਚਿੱਤ, ਆਨੰਦ ਅਤੇ ਗਿਆਨ ਸਰੂਪ ਹੈ। ਭਗਤੀ ਭਾਵਨਾ ਅਧੀਨ ਉਨ੍ਹਾਂ ਨੇ ਪ੍ਰਭੂ ਵਿਚ ਸਵਿਸ਼ੇਸ਼ ਗੁਣਾਂ ਦਾ ਆਰੋਪ ਕਰਕੇ ਬ੍ਰਹਮ ਦੀ ਵਿਵਹਾਰਿਕ ਸੱਤਾ ਨੂੰ ਸਵੀਕਾਰ ਕੇ ਉਸ ਦੇ ਦਿਵਯ ਅਤੇ ਵਿਰਾਟ ਸਰੂਪ ਦੀ ਕਲਪਨਾ ਵੀ ਕੀਤੀ ਹੈ। ਉਹ ਸਰਵ-ਵਿਆਪੀ, ਸਰਵ-ਸ਼ਕਤੀਮਾਨ, ਸਰਵ-ਚਿੰਤਾਮਣੀ ਅਤੇ ਸਰਵ-ਸਿੱਧੀਆਂ ਦਾ ਮਾਲਕ ਅਤੇ ਸਮਸਤ ਸ੍ਰਿਸ਼ਟੀ ਦਾ ਕਰਤਾ, ਹਰਤਾ ਅਤੇ ਪ੍ਰਤਿਪਾਲਕ ਹੈ। ਗੁਰੂ ਜੀ ਦਾ ਕਥਨ ਹੈ ਕਿ ਦਰਅਸਲ ਬ੍ਰਹਮ ਅਨੁਭੂਤੀ ਦਾ ਵਿਸ਼ਾ ਹੈ, ਇਸ ਲਈ ਉਸ ਨੂੰ ਲਫਜ਼ਾਂ ਵਿਚ ਅੰਕਿਤ ਨਹੀਂ ਕੀਤਾ ਜਾ ਸਕਦਾ, ਉਹ ਤਾਂ ਆਪਣੇ ਵਰਗਾ ਆਪ ਹੀ ਅਦੁੱਤੀ ਤੇ ਵਿਲੱਖਣ ਹੈ।

ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਤੇ ਜੀਵ ਦੇ ਅਦ੍ਵੈਤ ਸੰਬੰਧ ਨੂੰ ਸਵੀਕਾਰਿਆ ਗਿਆ ਹੈ। ਜੀਵ ਦਾ ਅਸਲ ਆਪਾ ਉਸ ਦੀ ਆਤਮਾ ਹੈ, ਆਤਮਾ ਪਰਮਾਤਮਾ ਦੀ ਅੰਸ਼ ਅਤੇ ਉਸ ਪਰਮਜੋਤਿ ਦਾ ਪ੍ਰਕਾਸ਼ ਹੈ। ਬ੍ਰਹਮ ਅਤੇ ਜੀਵਾਤਮਾ ਵਿਚਲਾ ਭੇਦ ਸੋਨੇ ਅਤੇ ਸੋਨੇ ਤੋਂ ਬਣੇ ਕੰਗਣ, ਸੂਤ ਅਤੇ ਸੂਤ ਤੋਂ ਬਣੇ ਕਪੜੇ, ਜਲ ਅਤੇ ਜਲ-ਤਰੰਗ, ਪੱਥਰ ਅਤੇ ਪੱਥਰ ਤੋਂ ਬਣੀ ਮੂਰਤੀ ਵਰਗਾ ਹੈ। ਜਿਸ ਤਰ੍ਹਾਂ ਭਰਮ-ਮੂਲਕ ਸੋਨੇ ਦੇ ਗਹਿਣੇ ਭਿੰਨ-ਭਿੰਨ ਜਾਪਦੇ ਹਨ, ਪਰੰਤੂ ਇਨ੍ਹਾਂ ਦਾ ਮੂਲ ਤੱਤ ਤਾਂ ਸੋਨਾ ਹੀ ਹੈ, ਪਾਣੀ ਦੀਆਂ ਤਰੰਗਾਂ ਅਤੇ ਪਾਣੀ ਦੀ ਮੂਲ ਪ੍ਰਕ੍ਰਿਤੀ ਇਕੋ ਜਿਹੀ ਹੀ ਹੈ, ਪਰੰਤੂ ਭੌਤਿਕ ਕਾਰਨਾਂ ਕਰਕੇ ਇਹ ਵੱਖੋ-ਵੱਖਰੀਆਂ ਪ੍ਰਤੀਤ ਹੁੰਦੀਆਂ ਹਨ, ਇਸ ਤਰ੍ਹਾਂ ਹੀ ਤਾਤਵਿਕ ਦ੍ਰਿਸ਼ਟੀ ਤੋਂ ਪਰਮਾਤਮਾ ਅਤੇ ਆਤਮਾ ਵਿਚ ਕੋਈ ਅੰਤਰ ਨਹੀਂ ਹੈ। ਪੁਸ਼ਪ ਵਿਚ ਸਮਾਈ ਵਾਸਨਾ ਦੇ ਸਮਾਨ ਬ੍ਰਹਮ ਹਰ ਜੀਵ ਵਿਚ ਰਮਿਆ ਹੋਇਆ ਹੈ, ਪਰਮਸਤਿ ਹੀ ਸਭ ਜੀਵਾਂ ਵਿਚ ਅਨੇਕ ਰੂਪ ਹੋ ਕੇ ਵਸ ਰਿਹਾ ਹੈ।

ਗੁਰੂ ਰਵਿਦਾਸ ਚਿੰਤਨ ਵਿਚ ਸ਼ੰਕਰ ਦੇ ਇਸ ਮੱਤ ਦੀ ਪੁਸ਼ਟੀ ਹੋਈ ਹੈ ਕਿ ਆਤਮਾ ਗਿਆਨ ਰੂਪ, ਅਮਰ, ਅਨੰਤ, ਨਿਤਯ, ਨਿਰਾਕਾਰ, ਚੇਤਨ ਸਰੂਪ ਅਤੇ ਦੁੱਖ-ਸੁੱਖ ਤੋਂ ਪਰੇ ਹੈ। ਪਰੰਤੂ ਅਗਿਆਨਤਾ ਅਤੇ ਅਵਿਦਿਆ ਦੇ ਭਰਮ-ਵੱਸ ਜੀਵ ਆਪਣੇ ਆਪ ਨੂੰ ਬ੍ਰਹਮ ਤੋਂ ਭਿੰਨ ਸਮਝਦਾ ਹੈ। ਜੀਵਾਤਮਾ ਦੀ ਵਿਵਹਾਰਿਕ ਸ੍ਰੇਸ਼ਟਤਾ ਪ੍ਰਗਟ ਕਰਨ ਲਈ ਗੁਰੂ ਜੀ ਨੇ ਮਨੁੱਖੀ ਜਾਮੇ ਨੂੰ 'ਅਵਤਾਰ' ਕਿਹਾ ਹੈ। ਬੁੱਧੀ ਯੁਕਤ ਹੋਣ ਕਰਕੇ ਇਹ ਦੁਰਲਭ, ਸਰਵ-

ਉੱਚ ਤੇ ਅਨਮੋਲ ਹੈ, ਪਰੰਤੂ ਸ਼ੰਕਿਆਂ ਵਿਚ ਫਸ ਕੇ ਇਹ 'ਮਨ ਮਾਇਆ ਕੇ ਹਾਥ ਬਿਕਾਨਉ' ਅਰਥਾਤ ਅਗਿਆਨਤਾ ਦੇ ਪ੍ਰਭਾਵ ਅਧੀਨ ਇਹ ਮਾਇਆ ਦੇ ਪੰਜ ਦੂਤਾਂ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਵਲੋਂ ਲੁੱਟਿਆ ਜਾ ਰਿਹਾ, ਤਬਾਹ ਤੇ ਨਾਸ਼ ਹੋ ਰਿਹਾ ਹੈ। ਮਾਇਆ ਦੇ ਇਹ ਪੰਜ ਦੂਤ ਜੀਵ ਨੂੰ ਤੜਪਾ-ਤੜਪਾ ਕੇ ਮਾਰ ਰਹੇ, ਉਸ ਨੂੰ ਹਰ ਪਲ, ਹਰ ਛਿਣ ਪਰਮਾਤਮਾ ਤੋਂ ਦੂਰ ਲੈ ਜਾ ਰਹੇ ਹਨ ।

ਗੁਰੂ ਰਵਿਦਾਸ ਵਾਣੀ ਵਿਚ ਜੀਵ ਨੂੰ ਬ੍ਰਹਮ ਰੂਪ ਮੰਨ ਕੇ ਜੀਵ ਦੀ ਉਤਪੱਤੀ ਬ੍ਰਹਮ ਤੋਂ ਹੋਈ ਮੰਨੀ ਗਈ ਹੈ। ਅਦ੍ਵੈਤਵਾਦੀ ਦਰਸ਼ਨ ਅਨੁਕੂਲ ਗੁਰੂ ਜੀ ਦਾ ਮੱਤ ਹੈ ਕਿ ਅੰਸ਼ ਰੂਪ ਜੀਵ, ਅੰਸ਼ੀ ਰੂਪ ਬ੍ਰਹਮ ਵਿਚੋਂ ਹੀ ਪੈਦਾ ਹੁੰਦਾ ਅਤੇ ਉਸ ਵਿਚ ਹੀ ਲੀਨ ਹੋ ਜਾਂਦਾ ਹੈ। ਬ੍ਰਹਮ ਇਸ ਦੀ ਉਤਪੱਤੀ ਦਾ ਕਾਰਨ ਵੀ ਹੈ, ਪਾਲਣ ਕਰਤਾ ਅਤੇ ਸੰਘਾਰ ਕਰਤਾ ਵੀ ਹੈ।

ਮਨੁੱਖੀ ਸਰੀਰ ਦੀ ਸਰੰਚਨਾ ਪੌਣ, ਪਾਣੀ, ਅਗਨੀ, ਧਰਤੀ ਅਤੇ ਆਕਾਸ਼ ਆਦਿ ਪੰਜ ਤੱਤਾਂ ਦੇ ਸੁਮਿਸ਼ਰਣ ਤੋਂ ਹੋਈ ਹੈ। ਗੁਰੂ ਰਵਿਦਾਸ ਜੀ ਨੇ ਬੜੀ ਸੰਜਮ ਤੇ ਕਾਵਿਮਈ ਵਿਧੀ ਦੁਆਰਾ ਮਨੁੱਖੀ ਸਰੀਰ ਨੂੰ ਆਤਮਾ ਦੇ ਨਿਵਾਸ-ਸਥਾਨ ਦੇ ਰੂਪ ਵਿਚ ਚਿੱਤਰਿਆ ਹੈ। ਇਸ ਸਰੀਰ ਦੀਆਂ ਦੀਵਾਰਾਂ ਦਾ ਨਿਰਮਾਣ ਜਲ-ਰੂਪੀ ਤੱਤ ਤੋਂ ਹੋਇਆ ਹੈ, ਸੁਆਸਾਂ ਰੂਪੀ ਥੰਮੀ ਨੇ ਇਸ ਨੂੰ ਸਹਾਰਾ ਦਿੱਤਾ ਹੈ ਅਤੇ ਦੇਹਿ ਦੀ ਕੰਧ ਦੇ ਨਿਰਮਾਣ ਵਿਚ ਵਰਤਿਆ ਗਿਆ ਗਾਰਾ ਮਾਤਾ ਦੇ ਰਕਤ ਅਤੇ ਪਿਤਾ ਦੇ ਵੀਰਯ(ਬੂੰਦ) ਤੋਂ ਤਿਆਰ ਹੋਇਆ ਹੈ। ਇਸ ਤੋਂ ਇਲਾਵਾ ਹੱਡੀਆਂ, ਮਾਸ ਅਤੇ ਨਾੜੀਆਂ ਤੋਂ ਇਹ ਮਨੁੱਖੀ ਪਿੰਜਰ ਬਣਿਆ ਹੈ ਅਤੇ ਇਸ ਦੇਹਿ-ਰੂਪ 'ਭਵਨ' ਵਿਚ ਪੰਛੀ-ਰੂਪ ਆਤਮਾ ਨਿਵਾਸ ਕਰਦੀ ਹੈ। ਗੁਰੂ ਜੀ ਅਨੁਸਾਰ ਮਨੁੱਖੀ-ਦੇਹਿ ਵਿਚ ਆਤਮ-ਤੱਤ ਹੋਣ ਕਾਰਨ ਇਹ ਪ੍ਰਭੂ ਦੀ ਸਰਵਉੱਤਮ ਰਚਨਾ ਤਾਂ ਹੈ, ਪਰੰਤੂ ਇਹ ਸਰੀਰ ਨਾਸ਼ਵਾਨ ਹੈ ਅਤੇ ਭਾਦੋਂ ਦੇ ਮਹੀਨੇ ਉੱਗੀ ਖੁੰਬ ਦੇ ਸਮਾਨ ਥੋੜ-ਚਿਰਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਜੀਵ ਦੋ ਪ੍ਰਕਾਰ ਦੇ ਦਰਸਾਏ ਗਏ ਹਨ: ਬੱਧ ਜੀਵ ਤੇ ਮੁਕਤ ਜੀਵ। ਗੁਰੂ ਜੀ ਅਨੁਸਾਰ ਬੱਧ ਜੀਵ ਸੰਸਾਰ ਦੇ ਬੰਧਨਾਂ ਵਿਚ ਜਕੜੇ ਹੋਏ ਹਨ ਅਤੇ ਮੁਕਤ ਜੀਵ ਪ੍ਰਭੂ ਦੀ ਮਿਹਰ ਸਦਕਾ ਬੰਧਨ ਅਤੇ ਕਲੇਸ਼ ਤੋਂ ਨਿਵਿਰਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਮਾਇਆ ਦੇ ਪ੍ਰਭਾਵ ਅਧੀਨ ਵਿਸ਼ੇ-ਵਿਕਾਰਾਂ ਵਿਚ ਫਸ ਕੇ ਬੱਧ ਜੀਵਾਂ ਦੀ ਬੁੱਧੀ ਮਲੀਨ ਹੋ ਜਾਂਦੀ ਹੈ ਅਤੇ ਉਹ ਖੂਹ ਦੇ ਡੱਡੂ ਵਾਂਗ ਭਰਮਾਂ ਅਤੇ ਸ਼ੰਕਿਆਂ ਦੀਆਂ ਦੀਵਾਰਾਂ ਦੇ ਬੰਧਨਾਂ ਵਿਚ ਬੱਝੇ ਹੋਏ ਅਵਿਦਿਆ-ਵੱਸ ਦੁਖੀ ਜੀਵਨ ਜਿਉਂਦੇ ਹਨ। ਇਨ੍ਹਾਂ ਜੀਵਾਂ ਨੂੰ ਲੋਕ-ਪਰਲੋਕ ਜਾਂ ਆਤਮਾ-ਪਰਮਾਤਮਾ ਦੀ ਕੋਈ ਸੋਝੀ ਨਹੀਂ ਹੁੰਦੀ। ਅਜਿਹੇ ਅਗਿਆਨੀ

ਜੀਵ ਅਸ਼ੁਭ ਕਰਮਾਂ ਕਾਰਨ ਮਰਨ-ਜੰਮਣ ਦੇ ਚੱਕਰ ਵਿਚ ਪਏ ਰਹਿੰਦੇ ਹਨ ।

ਗੁਰੂ ਰਵਿਦਾਸ ਅਨੁਸਾਰ ਮੁਕਤ ਜੀਵ ਮਨ, ਬਚਨ ਅਤੇ ਕਰਮ ਦੁਆਰਾ ਪ੍ਰਭੂ-ਪ੍ਰੀਤ ਵਿਚ ਲੀਨ ਰਹਿੰਦੇ ਹੋਏ ਸਦਾਚਾਰਕ ਜੀਵਨ ਬਿਤਾਉਂਦੇ ਹਨ। ਉਹ ਸ਼ੁਭ ਕਰਮਾਂ, ਨਿਰਮਲ ਰਹਿਣੀ-ਬਹਿਣੀ, ਸਤਿਸੰਗ ਅਤੇ ਨਾਮ-ਸਿਮਰਨ ਦੁਆਰਾ ਪ੍ਰਭੂ-ਕਿਰਪਾ ਦੇ ਪਾਤਰ ਬਣਦੇ ਹਨ । ਅਜਿਹੇ ਜੀਵ 'ਗੁਰ ਪਰਸਾਦਿ' ਦੁਆਰਾ ਨਰਕਾਂ ਦੀ ਅੱਗ ਤੋਂ ਬਚ ਜਾਂਦੇ ਹਨ, ਇਨ੍ਹਾਂ ਦੇ ਜਨਮ-ਜਨਮਾਂਤਰਾਂ ਦੇ ਲੇਖੇ ਕੱਟੇ ਜਾਂਦੇ ਹਨ ਅਤੇ ਇਹ ਸਦੀਵੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਵਾਣੀ ਵਿਚ ਇਨ੍ਹਾਂ ਜੀਵਾਂ ਨੂੰ 'ਸੰਤ ਅਨੰਤਹਿ ਅੰਤਰ ਨਾਹੀ' ਕਹਿ ਕੇ ਵਡਿਆਇਆ ਗਿਆ ਹੈ, ਅਜਿਹੇ ਪ੍ਰਭੂ-ਪਿਆਰਿਆਂ ਦੀ ਬਰਾਬਰੀ ਤਾਂ 'ਪੰਡਿਤ ਸੂਰ ਛਤ੍ਰਪਤਿ ਰਾਜਾ' ਵੀ ਨਹੀਂ ਕਰ ਸਕਦਾ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਬੱਧ ਜੀਵ ਤਾਂ ਦੁਨਿਆਵੀ ਮੋਹ-ਮਾਇਆ, ਧੰਨ-ਦੌਲਤ, ਸੰਸਾਰਕ ਪਦਾਰਥਾਂ ਅਤੇ ਵਿਸ਼ੇ-ਵਿਕਾਰਾਂ ਦੀ ਜਕੜ ਵਿਚ ਬੱਝੇ ਹੁੰਦੇ ਹਨ, ਪਰੰਤੂ ਮੁਕਤ ਜੀਵ ਪ੍ਰਭੂ ਨੂੰ ਹੀ ਆਪਣੇ ਪ੍ਰੇਮ-ਬੰਧਨ ਵਿਚ ਅਜਿਹਾ ਬੰਨ੍ਹ ਲੈਂਦੇ ਹਨ ਕਿ ਉਹ ਆਪਣੇ ਭਗਤਾਂ ਦੇ ਪ੍ਰੇਮ ਬੰਧਨ ਵਿਚੋਂ ਮੁਕਤ ਨਹੀਂ ਹੋ ਸਕਦਾ ।

ਪ੍ਰਭੂ-ਨਾਮ ਵਿਚ ਰੰਗਿਆ ਹੋਇਆ ਮੁਕਤ ਜੀਵ ਪ੍ਰਭੂ ਨਾਲ ਸੱਚੀ ਪ੍ਰੀਤ ਪਾ ਕੇ ਹੋਰ ਸਭ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ। ਉਹ ਹਰ ਸਥਿਤੀ ਤੇ ਹਰ ਰੂਪ ਵਿਚ ਪਰਮਾਤਮਾ ਨੂੰ ਨਿਹਾਰਦਾ ਹੈ, ਉਠਦੇ-ਬੈਠਦੇ, ਚਲਦੇ-ਫਿਰਦੇ, ਸੌਂਦੇ-ਜਾਗਦੇ ਪ੍ਰਭੂ-ਭਗਤੀ, ਪ੍ਰਭੂ-ਸੇਵਾ ਨੂੰ ਹੀ ਆਪਣੇ ਜੀਵਨ ਦਾ ਪ੍ਰਮੁੱਖ ਤੇ ਅੰਤਮ ਨਕਸ਼ ਬਣਾ ਲੈਂਦਾ ਹੈ। ਉਸ ਦੀ ਅਵਸਥਾ 'ਜਹ ਜਹ ਜਾਉ ਤਹਾ ਤੇਰੀ ਸੇਵਾ' ਵਾਲੀ ਹੋ ਜਾਂਦੀ ਹੈ ਅਤੇ ਪਰਮਾਤਮਾ ਦੀ ਭਗਤੀ ਤੋਂ ਬਿਨਾ ਉਸ ਨੂੰ ਹੋਰ ਕੁਝ ਸੁੱਝਦਾ ਹੀ ਨਹੀਂ ਹੈ। ਦੁਨੀਆਂ ਵਿਚ ਕਿਧਰੇ ਵੀ, ਕੋਈ ਵੀ ਉਸ ਨੂੰ ਆਪਣੇ 'ਠਾਕੁਰ' ਵਰਗਾ ਦਿਖਾਈ ਨਹੀਂ ਦਿੰਦਾ, 'ਤੁਮ ਸੇ ਠਾਕੁਰੁ ਅਉਰੁ ਨ ਦੇਵਾ' ਵਾਲੀ ਸਥਿਤੀ ਮੁਕਤ ਜੀਵ ਦੀ ਉੱਚਤਮ ਅਵਸਥਾ ਦੀ ਲਖਾਇਕ ਹੈ। ਉਸ ਨੂੰ ਜ਼ੱਰੇ-ਜ਼ੱਰੇ, ਪੱਤੇ-ਪੱਤੇ ਅਤੇ ਹਰ ਜੀਵ ਵਿਚ ਪਰਮਾਤਮਾ ਦਾ ਨੂਰ ਨਜ਼ਰ ਆਉਂਦਾ ਹੈ। ਅਜਿਹੇ ਮੁਕਤ ਜੀਵ ਸੁਚੇਤ ਸਦਗੁਣਾਂ ਦੇ ਧਾਰਨੀ, ਗਿਆਨੀ ਪੁਰਖ ਤੇ ਨਾਮ ਦੇ ਵਣਜਾਰੇ ਹੁੰਦੇ ਹਨ, ਉਹ ਸਹਿਜ ਦਾ ਵਪਾਰ ਕਰਦੇ ਹੋਏ ਪਰਮਸਤਿ ਵਿਚ ਲੀਨ ਹੋ ਜਾਂਦੇ ਹਨ।

ਗੁਰੂ ਰਵਿਦਾਸ ਜੀ ਨੇ ਆਤਮਾ ਦੇ ਸਰੂਪ ਦਾ ਵਰਣਨ ਵਿਭਿੰਨ ਜੁਗਤਾਂ ਵਿਧੀਆਂ ਅਤੇ ਢੰਗਾਂ ਦੁਆਰਾ ਕੀਤਾ ਹੈ। ਆਤਮਾ ਦੇ ਸਰੂਪ ਨੂੰ ਵਿਅਕਤ ਕਰਨ ਲਈ ਵਾਣੀ ਵਿਚ ਪੰਛੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਆਤਮਾ ਕਿਤੇ ਹੰਸ-ਰੂਪ ਹੈ, ਕਿਤੇ ਜੋਤਿ-

ਸਰੂਪ ਹੈ, ਕਿਤੇ ਮਨ-ਰੂਪ, ਕਿਤੇ ਪਰਮਸਤਿ ਸਰੂਪ ਅਤੇ ਕਿਤੇ ਰੱਥ-ਰੱਥੀ ਦੇ ਰੂਪਕ ਦੁਆਰਾ ਇਸ ਨੂੰ ਦ੍ਰਿਸ਼ਟਮਾਨ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਇਸ ਜਗਤ ਵਿਚ ਆਤਮਾ ਦੀ ਸਥਿਤੀ ਪੰਛੀਆਂ ਦੇ ਰੁੱਖਾਂ ਉਤੇ ਰੈਣ-ਬਸੇਰੇ ਵਾਂਗ ਥੋੜ੍ਹ-ਚਿਰੀ ਹੈ। ਆਪਨੇ ਵਾਣੀ ਵਿਚ ਇਸ ਅਟੱਲ ਸੱਚਾਈ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਇਸ ਹੰਸ-ਰੂਪ ਆਤਮਾ ਨੇ ਨਿਸ਼ਚਿਤ ਸਮੇਂ ਤੇ ਸਰੀਰ ਨੂੰ ਤਿਆਗ ਕੇ ਉਡਾਰੀ ਮਾਰ ਜਾਣੀ ਹੈ, ਇਸ ਲਈ ਮਨੁੱਖ ਨੂੰ ਸਰੀਰਿਕ ਮੋਹ ਦਾ ਤਿਆਗ ਕਰਨਾ ਚਾਹੀਦਾ ਹੈ।

ਆਪ ਜੀ ਦਾ ਕਥਨ ਹੈ ਕਿ ਹੰਸ-ਰੂਪ ਇਹ ਆਤਮਾ ਚੇਤਨ-ਸਰੂਪ ਹੈ, ਪਰੰਤੂ ਮਨੁੱਖ ਨੂੰ ਇਸ ਦੀ ਅਨੁਭੂਤੀ ਨਹੀਂ ਹੈ। ਇਹ ਮਨੁੱਖੀ ਕਾਇਆ ਨਾਲ ਰਲਗਡ ਹੋ ਕੇ ਆਪਣੇ ਪਰਮ-ਤੱਤ ਨੂੰ ਭੁੱਲੀ ਬੈਠੀ ਹੈ। ਵਾਸਤਵ ਵਿਚ ਆਤਮਾ ਤਾਂ ਸ਼ੁੱਧ, ਚੇਤਨ ਸਰੂਪ ਹੈ ਪਰੰਤੂ ਅਵਿਦਿਆ ਕਾਰਨ, ਕਰਮਾਂ ਦੇ ਵੱਸ ਪੈ ਕੇ ਇਹ ਵਿਵੇਕ ਰੂਪੀ ਦੀਪਕ ਮਲੀਨ ਹੋ ਗਿਆ ਹੈ, ਅਤਿ ਗੰਦਾ ਤੇ ਮੈਲਾ ਹੋ ਗਿਆ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਆਤਮਾ ਤਾਂ ਅਮਰ ਤੇ ਅਵਿਨਾਸ਼ੀ ਹੈ ਜਦਕਿ ਮਨੁੱਖੀ ਸਰੀਰ ਨਾਸ਼ਵਾਨ ਹੈ ਅਤੇ ਇਹ ਮ੍ਰਿਤੂ ਨੂੰ ਪ੍ਰਾਪਤ ਹੁੰਦਾ ਹੈ। ਜੋਤਿ-ਸਰੂਪ ਪ੍ਰਭੂ ਸਾਰੀਆਂ ਆਤਮਾਵਾਂ ਵਿਚ ਸਮਾਇਆ ਹੋਇਆ ਹੈ, ਸਭ ਜੀਵ-ਆਤਮਾਵਾਂ ਉਸ ਤੋਂ ਪ੍ਰਕਾਸ਼ ਗ੍ਰਹਿਣ ਕਰ ਰਹੀਆਂ ਹਨ ਅਤੇ ਸਮੁੱਚਾ ਵਿਸ਼ਵ ਹੀ ਪ੍ਰਭੂ ਦੀ ਨਾਮ-ਰੂਪੀ ਜੋਤਿ ਨਾਲ ਜਿਉਤਿਤ ਹੋ ਰਿਹਾ ਹੈ।

ਵੇਦਾਂਤ ਦਰਸ਼ਨ ਅਨੁਕੂਲ ਗੁਰੂ ਰਵਿਦਾਸ ਜੀ ਨੇ ਆਤਮਾ ਨੂੰ ਪਰਮ-ਰੂਪ ਅਤੇ ਸਤਿ-ਸਰੂਪ ਸਵੀਕਾਰਿਆ ਹੈ, ਵਾਣੀ ਵਿਚ 'ਪਰਮ ਰੂਪ ਹਮ ਸੋਈ' ਕਹਿ ਕੇ ਆਪ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਗੁਰੂ ਜੀ ਅਨੁਸਾਰ ਸਭ ਜੀਵਾਂ ਅੰਦਰ ਪਰਮਾਤਮਾ ਵਸਦਾ ਹੈ ਅਤੇ ਉਹ ਜੀਵਾਂ ਦੇ ਸਾਰੇ ਕਰਮਾਂ ਨੂੰ ਵਾਚਦਾ ਹੈ। ਆਪ ਜੀ ਦਾ ਮੱਤ ਹੈ ਕਿ ਇਹ ਪਰਮ-ਰੂਪ, ਸਤਿ-ਸਰੂਪ ਅਤੇ ਸੁਰਤਿ-ਰੂਪ ਆਤਮਾ ਦੁਨਿਆਵੀ ਵਿਕਾਰਾਂ ਦੀਆਂ ਮੈਲਾਂ ਅਤੇ ਮੋਹ, ਮਾਇਆ ਦੇ ਪਰਦੇ ਉਤਾਰ ਕੇ ਗੁਰੂ ਦੀ ਮਿਹਰ ਤੇ ਬਖਸ਼ਿਸ਼ ਦੀ ਪਾਤਰ ਬਣ ਕੇ, ਸ਼ਬਦ-ਸਰੂਪ ਬ੍ਰਹਮ ਨਾਲ ਅਭੇਦ ਹੋ ਕੇ ਪਰਮ-ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਸਕਦੀ ਹੈ।

ਗੁਰੂ ਰਵਿਦਾਸ ਵਾਣੀ ਵਿਚ ਜੀਵਾਤਮਾ ਦੀ ਸਥਿਤੀ ਦੇ ਸੰਦਰਭ ਵਿਚ ਵਿਸਤ੍ਰਿਤ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਗਿਆ ਹੈ। ਆਪ ਜੀ ਦਾ ਕਥਨ ਹੈ ਕਿ ਜੀਵ ਕਰਮਾਂ-ਭਰਮਾਂ ਦੇ ਵੱਸ ਪੈ ਕੇ ਦੁਨਿਆਵੀ ਬੰਧਨਾਂ ਵਿਚ ਬੱਝਿਆ ਹੋਇਆ ਅਨੇਕ ਜੂਨੀਆਂ ਵਿਚ ਭਟਕ ਰਿਹਾ ਹੈ।

ਮਾਇਆ ਦੇ ਪੰਜ ਦੂਤਾਂ ਨੇ ਇਸ ਨੂੰ ਬ੍ਰਹਮ ਤੋਂ ਵੱਖ ਕੀਤਾ ਹੋਇਆ ਹੈ। ਦੁਨਿਆਵੀ ਭੋਗਾਂ, ਵਿਸ਼ੇ-ਵਿਕਾਰਾਂ ਅਤੇ ਅਗਿਆਨਤਾ ਦੇ ਕਾਰਨ ਉਸ ਦੀ ਸੂਝ, ਸਮਝ ਨਿਰਬਲ ਹੋ ਗਈ ਹੈ, ਜਿਸ ਦੇ ਫਲ-ਰੂਪ ਇਹ ਅਕਾਰਥ ਹੀ ਲੁੱਟਿਆ ਜਾ ਰਿਹਾ, ਜਮਾਂ ਦੀ ਮਾਰ ਸਹਿ ਰਿਹਾ ਹੈ। ਗੁਰੂ ਜੀ ਨੇ 'ਕਰਮ ਕੁਟਿਲਤਾ ਜਨਮ ਕੁਭਾਂਤੀ ਕਹਿ ਕੇ ਜੀਵ ਦੀ ਸਥਿਤੀ ਨੂੰ ਸਪੱਸ਼ਟ ਕੀਤਾ ਹੈ। ਕਰਮ-ਫਲ ਦੇ ਅਧੀਨ ਇਸ ਦੀ ਤਰਸਯੋਗ ਸਥਿਤੀ ਬਣੀ ਹੋਈ ਹੈ, 'ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ', ਪਰੰਤੂ ਵਾਣੀ ਵਿਚ ਇਸ ਅਵਸਥਾ ਵਿਚੋਂ ਨਿਕਲਣ ਦਾ ਰਸਤਾ ਵੀ ਦਰਸਾਇਆ ਗਿਆ ਹੈ। ਗੁਰੂ ਜੀ ਅਨੁਸਾਰ ਪ੍ਰਭੂ-ਨਾਮ ਦਾ ਸਿਮਰਨ ਅਜਿਹਾ ਇੱਕੋ ਇਕ ਸਾਧਨ ਹੈ ਜੋ ਜੀਵ ਨੂੰ ਆਵਾਗਵਨ ਦੇ ਚੱਕਰ ਵਿਚੋਂ ਕੱਢ ਕੇ ਦੁਨਿਆਵੀ ਦੁੱਖਾਂ ਤੋਂ ਨਿਜਾਤ ਦੁਆ ਸਕਦਾ ਹੈ।

ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਜੀਵਾਤਮਾ ਨੂੰ ਬ੍ਰਹਮ ਦੀ ਅੰਸ਼ ਮੰਨ ਕੇ ਬ੍ਰਹਮ ਅਤੇ ਜੀਵਾਤਮਾ ਦੇ ਅਦ੍ਵੈਤ ਰੂਪ ਨੂੰ ਸਵੀਕਾਰਿਆ ਗਿਆ ਹੈ। ਤਾਤਵਿਕ ਦ੍ਰਿਸ਼ਟੀ ਤੋਂ ਤਾਂ ਆਤਮਾ-ਪਰਮਾਤਮਾ ਵਿਚ ਕੋਈ ਭਿੰਨ-ਭੇਦ ਨਹੀਂ ਪਰੰਤੂ ਅਵਿਦਿਆ ਅਤੇ ਮੋਹ-ਮਾਇਆ ਦੇ ਪ੍ਰਭਾਵ ਅਧੀਨ ਇਹ ਆਪਣੇ ਆਪ ਨੂੰ ਪਰਮ ਤੱਤ ਤੋਂ ਵੱਖ ਸਮਝ ਕੇ. ਕਰਮਾਂ ਦੇ ਬੰਧਨ ਵਿਚ ਬੱਝ ਕੇ ਦੁਨਿਆਵੀ ਦੁੱਖਾਂ ਦਾ ਸਾਹਮਣਾ ਕਰ ਰਹੀ ਹੈ। ਗੁਰੂ-ਕਿਰਪਾ ਅਧੀਨ ਪ੍ਰਭੂ-ਚਰਨਾਂ ਨਾਲ ਪ੍ਰੀਤ ਪਾ ਕੇ ਇਹ ਦੁਨਿਆਵੀ ਭਵ-ਸਾਗਰ ਤੋਂ ਪਾਰ ਹੋ ਸਕਦੀ ਹੈ ਅਰਥਾਤ ਮੁਕਤੀ ਪ੍ਰਾਪਤ ਕਰ ਸਕਦੀ ਹੈ ।

ਜਗਤ ਦੀ ਉਤਪੱਤੀ ਦੇ ਸੰਦਰਭ ਵਿਚ ਗੁਰੂ ਰਵਿਦਾਸ ਵਾਣੀ ਵਿਚ ਵੇਦਾਂਤ ਦਰਸ਼ਨ ਦਾ ਪੂਰਨ ਅਨੁਸਰਨ ਕੀਤਾ ਗਿਆ ਹੈ। ਉਪਨਿਸ਼ਦਿਕ ਦਰਸ਼ਨ ਅਨੁਸਾਰ ਹਰ ਵਸਤੂ ਬ੍ਰਹਮ ਤੋ ਜਨਮ ਲੈਂਦੀ, ਬ੍ਰਹਮ ਵਿਚ ਸਥਿਰ ਹੁੰਦੀ ਅਤੇ ਆਪਣੀ ਹਸਤੀ ਵੀ ਬ੍ਰਹਮ ਵਿਚ ਹੀ ਗੁਆਉਂਦੀ ਹੈ। ਗੀਤਾ ਦਾ ਕਥਨ ਹੈ ਕਿ ਸਾਰੀ ਸ੍ਰਿਸ਼ਟੀ ਬ੍ਰਹਮ ਦੇ ਵਿਅਕਤ ਰੂਪ ਦਾ ਹੀ ਪਾਸਾਰ ਹੈ ਅਥਵਾ ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ। ਗੁਰੂ ਜੀ ਨੇ ਵੀ ਕੇਵਲ ਬ੍ਰਹਮ ਨੂੰ ਹੀ ਇਸ ਜਗਤ ਦੀ ਸਿਰਜਣਾ ਦਾ ਮੂਲ ਕਾਰਨ ਮੰਨਿਆ ਹੈ। ਆਪ ਜੀ ਦਾ ਮੱਤ ਹੈ ਕਿ ਬ੍ਰਹਮ ਨੇ ਆਪਣੀ ਗਿਆਨ ਸ਼ਕਤੀ, ਇੱਛਾ ਸ਼ਕਤੀ ਅਤੇ ਕ੍ਰਿਆ ਸ਼ਕਤੀ ਨਾਲ ਇਸ ਜਗਤ ਦਾ ਨਿਰਮਾਣ ਕੀਤਾ ਹੈ। ਇਹ ਦ੍ਰਿਸ਼ਟਾਮਨ ਜਗਤ ਉਸ ਤੋਂ ਉਤਪੰਨ ਹੁੰਦਾ ਹੈ ਅਤੇ ਅੰਤ ਵਿਚ ਉਸ ਵਿਚ ਹੀ ਸਮਾ ਜਾਂਦਾ ਹੈ।

ਗੁਰੂ ਜੀ ਅਨੁਸਾਰ ਇਹ ਜਗਤ ਉਸ ਸਰਵ-ਵਿਆਪੀ ਬ੍ਰਹਮ ਦਾ ਪਾਸਾਰਾ ਹੈ ਅਤੇ ਸਾਰੇ ਜੀਵ-ਜੰਤੂਆਂ ਦਾ ਸਿਰਜਕ ਇੱਕੋ ਪਰਮਾਤਮਾ ਹੈ। ਉਹ ਬ੍ਰਹਮ ਉਂਕਾਰ ਰੂਪ ਹੈ, 'ਤੀਨ ਲੋਕ ਜਿਨ ਕੀਆ ਪਸਾਰਾ।" ਉਹ ਕਰਤਾ ਪੁਰਖ ਇਸ ਜਗਤ ਦਾ ਆਧਾਰ ਹੈ, "ਜੈ ਜੈ ਜਗਤ ਆਧਾਰਾ' ਅਤੇ ਉਹੀ ਸਿਰਜਨਾਂ ਤੇ ਸੰਘਾਰ ਕਰਤਾ ਹੈ, 'ਕਰਤਾ ਹਰਤਾ ਸੋਈ'। ਸਮਸਤ ਸ੍ਰਿਸ਼ਟੀ ਸੁੰਨਿ ਰੂਪੀ ਆਦਿ ਤੱਤ ਤੋਂ ਪੈਦਾ ਹੋਈ ਹੈ ਅਤੇ ਉਹੀ 'ਏਕ ਹੀ ਏਕ ਅਨੇਕ ਹੋਇ ਬਿਸਥਰਿਓ।'

ਵਾਣੀ ਵਿਚ ਪਰਮਾਤਮਾ ਨੂੰ ਜੋਤਿ-ਸਰੂਪ ਮੰਨ ਕੇ ਉਸ ਦੀ ਜੋਤਿ ਅਥਵਾ ਪ੍ਰਕਾਸ਼ ਦੁਆਰਾ ਇਸ ਜਗਤ ਦੀ ਉਤਪੱਤੀ ਹੋਈ ਮੰਨੀ ਗਈ ਹੈ। ਗੁਰੂ ਜੀ ਦਾ ਮੱਤ ਹੈ ਕਿ ਪ੍ਰਭੂ-ਨਾਮ ਦੀ ਜੋਤਿ ਨੇ ਸਾਰੇ ਸੰਸਾਰ ਨੂੰ ਪ੍ਰਕਾਸ਼ਵਾਨ ਕੀਤਾ ਹੋਇਆ ਹੈ, ਸਮਸਤ ਜੀਵਾਂ ਵਿਚ ਉਸ ਸ੍ਵੈ-ਪ੍ਰਕਾਸ਼ਿਤ ਪ੍ਰਭੂ ਦਾ ਨੂਰ ਵਿਆਪਕ ਹੈ ਅਤੇ ਉਹੀ 'ਚਹੁ ਦਿਸਿ ਦਿਵਨਾ ਬਾਲਿ ਜਗਿ ਮਾਂਗ ਹਵੈ ਰਹਯੋ ਏ।' ਸਭ ਆਤਮਾਵਾਂ ਵੀ ਉਸ ਦੇ ਨੂਰ ਦੁਆਰਾ ਨੂਰੋ-ਨੂਰ ਹੋ ਰਹੀਆਂ ਹਨ, "ਹੈ ਸਬ ਆਤਮ ਸੁਯੰ ਪ੍ਰਕਾਸ ਸਾਚੋ।"

ਗੁਰੂ ਰਵਿਦਾਸ ਦੁਆਰਾ ਰਚਿਤ 'ਗਯਾਨ-ਗੋਸ਼ਠੀ(ਰਮੈਣੀ)' ਵਿਚ ਗਿਆਨ ਸ਼ਕਤੀ ਦੁਆਰਾ ਸ੍ਰਿਸ਼ਟੀ ਦੀ ਰਚਨਾ ਹੋਈ ਸਵੀਕਾਰੀ ਗਈ ਹੈ। ਆਪ ਦਾ ਕਥਨ ਹੈ ਕਿ ਪ੍ਰਭੂ ਗਿਆਨ-ਰੂਪ ਹੋ ਕੇ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ, 'ਗਯਾਨ ਰੂਪ ਜਗ ਰਹਯੋ ਸਮਾਇ।' ਇਸ ਦ੍ਰਿਸ਼ਟਮਾਨ ਜਗਤ ਦੇ ਸਮਸਤ ਜੀਵ, ਜਲ ਅਤੇ ਥਲ ਦੇ ਪ੍ਰਾਣੀ, ਨਭਵਾਸੀ ਦੇਵੀ-ਦੇਵਤੇ, ਜੋਗੀ, ਜਤੀ,ਸਤੀ, ਸੰਨਿਆਸੀ, ਸਵਰਗ, ਨਰਕ, ਆਕਾਸ਼, ਪਾਤਾਲ ਆਦਿ ਗਿਆਨ-ਰੂਪ ਈਸ਼ਵਰ ਦੁਆਰਾ ਉਤਪੰਨ ਹੋਏ ਹਨ, 'ਸਬੈ ਗਯਾਨ ਕਰਿ ਰੂਪ ਅਨੇਕਾ।' ਸਾਰੀ ਸ੍ਰਿਸ਼ਟੀ ਵਿਚ ਇੱਕੋ ਪ੍ਰਭੂ ਗਿਆਨ-ਰੂਪ ਵਿਚ ਵਿਆਪਕ ਹੈ, ਚਾਰੋਂ ਪਾਸੇ ਅਤੇ ਸਮਸਤ ਜੀਵਾਂ ਵਿਚ ਉਸ ਦੇ ਗਿਆਨ ਦਾ ਹੀ ਪਾਸਾਰਾ ਹੈ, 'ਗਯਾਨ ਰੂਪ ਬਿਆਪਤ ਜਗ ਮਾਂਹਿ।'

ਭਾਰਤੀ ਦਰਸ਼ਨ ਅਨੁਕੂਲ ਗੁਰੂ ਰਵਿਦਾਸ ਵਾਣੀ ਵਿਚ ਇਸ ਤੱਥ ਨੂੰ ਸਵੀਕਾਰਿਆ ਗਿਆ ਹੈ ਕਿ ਈਸ਼ਵਰ ਨੇ ਪੰਜ ਤੱਤਾਂ ਦੁਆਰਾ ਜਗਤ ਦੇ ਸਮੁੱਚੇ ਪਾਸਾਰੇ ਨੂੰ ਰਚਿਆ ਹੈ। ਗੁਰੂ ਜੀ ਦਾ ਮੱਤ ਹੈ ਕਿ ਬ੍ਰਹਮ ਅਧੀਨ ਸ਼ਕਤੀ ਮਾਇਆ ਵੀ ਇਸ ਰਚਨਾ ਦਾ ਕਾਰਨ ਹੈ। ਸਤ, ਰਜ, ਤਮ ਤ੍ਰੈਗੁਣ ਯੁਕਤ ਪ੍ਰਬਲ ਸ਼ਕਤੀ ਮਾਇਆ ਦੁਆਰਾ ਪੰਜ ਤੱਤਾਂ ਪਵਨ,ਪਾਣੀ, ਅਗਨੀ, ਧਰਤੀ ਤੇ ਆਕਾਸ਼ ਦੇ ਸੁਮੇਲ ਤੋਂ ਪ੍ਰਭੂ ਨੇ ਇਸ ਜਗਤ ਦੀ ਰਚਨਾ ਕੀਤੀ ਹੈ। ਜਗਤ-ਉਤਪਾਦਕ ਸ਼ਕਤੀ ਦੇ ਰੂਪ ਵਿਚ ਮਾਇਆ ਬ੍ਰਹਮ ਦੀ ਸਹਾਇਕ ਸ਼ਕਤੀ ਹੈ ਅਤੇ ਇਹ ਸਾਰੇ ਸੰਸਾਰਿਕ ਪ੍ਰਪੰਚ ਦੀ ਰਚਨਾ ਕਰਦੀ ਹੈ। ਗੁਰੂ ਜੀ ਅਨੁਸਾਰ ਸਮਸਤ ਸ੍ਰਿਸ਼ਟੀ, ਖੰਡ-ਬ੍ਰਹਿਮੰਡ

ਅਥਵਾ ਸਾਰਾ ਜਗਤ ਮਾਇਆ ਦੇ ਤੇਜ, ਸ਼ਕਤੀ ਅਥਵਾ ਪ੍ਰਭਾਵ ਅਧੀਨ ਹੈ।

ਵਾਣੀ ਵਿਚ ਇਸ ਨਾਸ਼ਵਾਨ ਮਾਇਆਵੀ ਜਗਤ ਦੇ ਪ੍ਰਥਾਇ ਕਈ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਜੀ ਅਨੁਸਾਰ ਇਹ ਜਗਤ ਭੈ-ਜਲ, ਭੈ-ਸਾਗਰ, ਕਜਲ ਕੀ ਕੋਠੜੀ, ਬਾਜੀਗਰ ਦੀ ਬਾਜੀ, ਸਵਾਂਗ ਅਤੇ ਫ਼ਨਖਾਨੇ ਅਥਵਾ ਫ਼ਨਾਹ ਦਾ ਮੁਕਾਮ ਹੈ। ਆਪ ਜੀ ਦੀ ਦ੍ਰਿਸ਼ਟੀ ਵਿਚ ਇਹ ਜਗਤ ਸਤਿ ਵੀ ਹੈ ਅਤੇ ਅਸਤਿ ਵੀ। ਸਤਿ ਇਸ ਕਰਕੇ ਹੈ, ਕਿਉਂ ਕਿ ਇਹ ਸਤਿ ਸਰੂਪ ਦੀ ਰਚਨਾ ਹੈ, ਉਹ ਇਕ ਈਸ਼ਵਰ ਹੀ ਇਸ ਜਗਤ ਵਿਚ 'ਅਨੇਕ ਹੋਇ ਬਿਸਥਰਿਓ' ਹੈ, ਪਰੰਤੂ ਇਹ ਪਰਮਾਰਥਕ ਸਤਿ ਨਹੀਂ ਹੈ, ਪਰਮਾਰਥਕ ਸਤਿ ਤਾਂ ਕੇਵਲ ਪਰਮਾਤਮਾ ਹੈ। ਜਗਤ ਦਾ ਇਹ ਸਤਿ ਸਰੂਪ ਕੇਵਲ ਵਿਵਹਾਰਿਕ ਦ੍ਰਿਸ਼ਟੀ ਤੋਂ ਹੈ। ਭੌਤਿਕ ਜਗਤ ਤਾਂ ਪਰਿਵਰਤਨਸ਼ੀਲ ਅਤੇ ਵਿਨਾਸ਼-ਸ਼ੀਲ ਹੈ। ਇਹ ਜਗਤ ਸੁਪਨੇ ਦੀ ਨਿਆਈਂ ਅਸਤਿ ਹੈ। ਜਿਸ ਤਰ੍ਹਾਂ ਜੀਵ ਵੰਨ-ਸੁਵੰਨੇ ਸੁਪਨੇ ਦੇਖਦਾ ਹੈ, ਪਰੰਤੂ ਜਾਗ੍ਰਤ ਅਵਸਥਾ ਵਿਚ ਉਹ ਸੁਪਨੇ ਸਾਰਥਕ ਨਹੀਂ ਹੁੰਦੇ, ਅਚੇਤ ਅਵਸਥਾ ਵਿਚ ਪਲ ਭਰ ਲਈ ਹੀ ਉਹ ਸੱਚ ਹੁੰਦੇ ਹਨ, ਉਸ ਤਰ੍ਹਾਂ, ਇਸ ਜਗਤ ਦਾ ਵਾਸਤਵਿਕ ਸਰੂਪ ਕਸੁੰਭੜੇ ਦੇ ਫੁਲ ਵਾਂਗ ਥੋੜ੍ਹ ਚਿਰਾ, ਮਿਥਿਆ ਅਤੇ ਮ੍ਰਿਗ-ਤ੍ਰਿਸ਼ਨਾ ਦਾ ਰੂਪ ਹੈ।

ਇਸ ਵਿਵਹਾਰਿਕ ਜਗਤ ਦੀਆਂ ਖੂਬਸੂਰਤੀਆਂ, ਰੰਗ-ਤਮਾਸ਼ੇ, ਸੁੱਖ-ਚੈਨ, ਆਰਾਮ ਅਤੇ ਖੁਸ਼ੀਆਂ ਥੋੜ੍ਹ-ਚਿਰੀਆਂ, ਹੋਛੀਆਂ, ਛਿਣ-ਭੰਗਰ ਅਤੇ ਪਲਾਂ ਵਿਚ ਹੀ ਬਿਖਰਨ ਵਾਲੀਆਂ ਹਨ। ਇਨ੍ਹਾਂ ਦਾ ਅਸਤਿਤ੍ਵ ਅਸਥਿਰ ਅਤੇ ਆਰਜ਼ੀ ਹੈ। ਵਾਣੀ ਵਿਚ ਇਸ ਜਗਤ ਨੂੰ ਮਿਥਿਆ, ਝੂਠਾ ਅਤੇ ਮਾਇਆ ਦਾ ਫੰਦਾ ਕਿਹਾ ਗਿਆ ਹੈ। ਇਸ ਮਿਥਿਆ ਜਗਤ ਵਿਚ ਜੀਵ ਦਾ ਨਿਵਾਸ ਰੁੱਖਾਂ ਉੱਤੇ ਪੰਛੀਆਂ ਦੇ ਰੈਣ-ਬਸੇਰੇ ਵਾਂਗ ਥੋੜ੍ਹ ਚਿਰਾ ਹੈ, ਇਸ ਸੰਸਾਰ ਵਿਚ ਜੀਵ ਦੀ ਅਵਸਥਾ ਤਾਂ 'ਜੈਸੇ ਤਰਵਰ ਪੰਖਿ ਬਸੇਰਾ' ਵਰਗੀ ਹੈ, ਇਸ ਜਗਤ ਦੇ ਰਿਸ਼ਤੇ, ਨਾਤੇ, ਬੰਧਨ, ਵਰਤੋਂ ਵਿਹਾਰ ਅਤੇ ਸੰਬੰਧ ਝੂਠੇ ਅਤੇ ਸਵਾਰਥ ਭਰਪੂਰ ਹਨ। ਜੀਵ ਦੇ ਮਰਨ ਉਪਰੰਤ ਅਰਧ-ਸਰੀਰੀ ਨਾਰ ਵੀ 'ਉਹ ਤਉ ਭੂਤੁ ਭੂਤੁ ਕਰ ਭਾਗੀ' ਅਤੇ ਜੀਵ ਜਿਨ੍ਹਾਂ ਉੱਚੇ ਤੇ ਵਿਸ਼ਾਲ ਮਹੱਲਾਂ ਦੀ ਸਿਰਜਣਾ ਵਿਚ ਸਾਰੀ ਉਮਰ ਅਕਾਰਥ ਗੁਆ ਲੈਂਦਾ ਹੈ, ਉਨ੍ਹਾਂ ਵਿਚ 'ਏਕ ਘਰੀ ਫੁਨਿ ਰਹਨੁ ਨ ਹੋਈ।' ਇਸ ਨਾਸ਼ਵਾਨ ਜਗਤ ਵਿਚ ਕੇਵਲ ਪਰਮਾਤਮਾ ਹੀ ਸਦੀਵੀ ਅਤੇ ਪਰਮ ਸਤਿ ਹੈ।

ਗੁਰੂ ਰਵਿਦਾਸ ਵਾਣੀ ਵਿਚ ਇਸ ਜਗਤ ਨੂੰ ਭੈ-ਸਾਗਰ ਅਤੇ ਅਤਿਰ ਅਥਵਾ ਨਾ ਤਰੇ ਜਾਣ ਵਾਲਾ ਸੰਸਾਰ-ਸਮੁੰਦਰ ਕਿਹਾ ਗਿਆ ਹੈ। ਇਸ ਭੈ-ਸਾਗਰ ਰੂਪੀ ਜਗਤ ਵਿਚੋਂ

ਤਰ ਕੇ ਪਾਰ ਲੰਘਣਾ ਅਤਿ ਬਿਖਮ, ਬਿਖੜਾ ਅਤੇ ਕਠਿਨ ਕਾਰਜ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਵਿਸ਼ੇ-ਵਿਕਾਰਾਂ ਦੀਆਂ ਉੱਚੀਆਂ ਉਠਦੀਆਂ ਲਹਿਰਾਂ ਅਤੇ ਅਨੰਤ ਭਰਮਾਂ, ਸ਼ੰਕਿਆਂ ਦੇ ਮਹਾਜਾਲ ਜੀਵ ਨੂੰ ਆਪਣੀਆਂ ਜੰਜ਼ੀਰਾਂ ਵਿਚ ਦਬੋਚ ਲੈਂਦੇ ਹਨ ।

ਇਹ ਜਗਤ ਕੱਜਲ ਦੀ ਕੋਠੜੀ ਵਰਗਾ ਹੈ ਜਿਸ ਦਾ ਕਾਲਖ ਤੋਂ ਨਿਰਲੇਪ ਰਹਿਣਾ ਬਹੁਤ ਹੀ ਕਠਿਨ ਕਾਰਜ ਹੈ। ਗੁਰੂ ਜੀ ਨੇ ਇਸ ਜਗਤ ਨੂੰ ਪ੍ਰਭੂ ਦਾ ਆਭਾਸੀ ਪ੍ਰਤੀਬਿੰਬ ਮੰਨ ਕੇ ਇਸ ਨੂੰ ਮ੍ਰਿਗ ਤ੍ਰਿਸ਼ਨਾਂ ਸਮਾਨ ਦਰਸਾਇਆ ਹੈ। ਇਸ ਮ੍ਰਿਗ-ਤ੍ਰਿਸ਼ਨਾਂ ਰੂਪੀ ਜਗਤ ਵਿਚ ਜੀਵ ਆਪਣੀਆਂ ਅਸੀਮ ਖਾਹਿਸ਼ਾਂ ਦੀ ਪੂਰਤੀ ਨਹੀਂ ਕਰ ਸਕਦਾ, ਸਿੱਟੇ ਵਜੋਂ ਉਹ ਨਿੱਤ-ਨਿੱਤ ਭਟਕਦਾ, ਤੜਪਦਾ ਤੇ ਖੱਜਲ-ਖੁਆਰ ਹੁੰਦਾ ਹੈ ।

ਗੁਰੂ ਜੀ ਅਨੁਸਾਰ ਇਹ ਮਾਇਆਵੀ ਜਗਤ 'ਦੁਖ ਕੀ ਖੇਤਰੀ' ਹੈ ਜਿਸ ਵਿਚ 'ਇਨ ਦੂਤਨ ਖਲੁ ਬਧੁ ਕਰਿ ਮਾਰਿਓ' ਅਥਵਾ ਮਾਇਆ ਦੇ ਪੰਜ ਦੂਤ ਜੀਵ ਦੀ ਬੁਰੀ ਗਤ ਕਰ ਰਹੇ ਹਨ। ਇਹ ਜਗਤ ਵਿਸ਼ਿਆਂ-ਵਨ ਅਤੇ ਵਿਸ਼ ਨਾਲ ਭਰੇ ਖੂਹ ਸਮਾਨ ਹੈ, ਇਸ ਵਿਚ ਚਾਰੋਂ ਪਾਸੇ ਵਿਸ਼ੇ-ਵਿਕਾਰਾਂ ਦਾ ਜ਼ਹਿਰ ਪਸਰਾ ਹੋਇਆ ਹੈ। ਵਿਸ਼ਿਆਂ ਦੇ ਇਸ ਸੰਘਣੇ ਜੰਗਲ ਅਤੇ ਜ਼ਹਿਰ ਨਾਲ ਭਰੇ ਖੂਹ-ਰੂਪੀ ਜਗਤ ਵਿਚੋਂ ਸੁੱਖ, ਸ਼ਾਂਤੀ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ?

ਇਸ ਵਿਨਾਸ਼-ਸ਼ੀਲ, ਝੂਠੇ, ਪਰਿਵਰਤਨਸ਼ੀਲ, ਨਾਸ਼ਵਾਨ, ਫ਼ਾਨੀ ਅਤੇ ਮਰਨ-ਸ਼ੀਲ ਜਗਤ ਦੀ ਆਪਣੀ ਕੋਈ ਸੱਤਾ ਨਹੀਂ ਹੈ, ਇਹ ਤਾਂ ਕੂਚ ਦਾ ਸਥਾਨ ਹੈ, "ਕਰਨਾ ਕੂਚੁ ਰਹਨੁ ਥਿਰ ਨਾਹੀਂ', ਅਥਵਾ ਇਥੇ ਹਮੇਸ਼ਾ ਲਈ ਰਿਹਾ ਨਹੀਂ ਜਾ ਸਕਦਾ। ਪਰੰਤੂ ਜੀਵ ਇਸ ਜਗਤ ਨਾਲ ਝੂਠੀ ਪ੍ਰੀਤ ਪਾਇਆ ਬੈਠਾ ਹੈ ਜਿਸ ਦੇ ਫਲ-ਰੂਪ ਉਹ ਵਿਸ਼ੇ-ਵਿਕਾਰਾਂ ਵਿਚ ਫਸਿਆ ਤ੍ਰਿਵਿਧ ਤਾਪ ਵਿਚ ਤਪਦਾ, ਤੜਪਦਾ ਅਤੇ ਮਾਇਆ ਦੇ ਭਰਮ-ਵੱਸ ਪਿਆ ਭਟਕਦਾ ਤੇ ਬੇਚੈਨ ਹੋਇਆ ਦੁੱਖ ਸਹਿ ਰਿਹਾ ਹੈ।

ਇਸ ਅਸਥਿਰ, ਸਦਾ ਸੰਤਾਪ ਭੋਗਣ ਵਾਲੇ ਜਗਤ ਵਿਚੋਂ ਛੁਟਕਾਰਾ ਪਾਉਣ ਅਤੇ ਅਸੀਮ ਦੁੱਖ ਤੇ ਕਰੁਣਾਮਈ ਅਵਸਥਾ ਵਿਚੋਂ ਨਿਕਲਣ ਦਾ ਢੰਗ ਵੀ ਗੁਰੂ ਰਵਿਦਾਸ ਵਾਣੀ ਵਿਚ ਦਰਸਾਇਆ ਗਿਆ ਹੈ। ਗੁਰੂ ਜੀ ਅਨੁਸਾਰ ਇਸ ਅਸਤਿ, ਅਸਥਿਰ ਅਤੇ ਨਾਸ਼ਵਾਨ ਜਗਤ ਵਿਚੋਂ ਸਤਿ, ਸਦੀਵੀ ਅਤੇ ਸਥਿਰ ਪਰਮਾਤਮਾ ਨਾਲ ਜੁੜ ਕੇ ਹੀ ਪਰਮ-ਆਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਜੀ ਨੇ ਜਗਤ ਦੇ ਵਿਕਾਸ-ਕ੍ਰਮ ਨੂੰ ਚਾਰ- ਯੁੱਗਾਂ--ਸਤਿਯੁਗ, ਤ੍ਰੇਤਾ, ਦਵਾਪਰ ਅਤੇ ਕਲਿਯੁਗ ਵਿਚ ਵੰਡ ਕੇ ਇਸ ਯੁੱਗ ਵਿਚ ਜੀਵ ਦੀ ਮੁਕਤੀ ਦਾ ਆਧਾਰ ਕੇਵਲ

ਪ੍ਰਭੂ-ਨਾਮ ਦੇ ਸਿਮਰਨ ਨੂੰ ਨਿਰਧਾਰਿਤ ਕੀਤਾ ਹੈ। ਸਤਿਗੁਰੂ ਦੀ ਕ੍ਰਿਪਾ, ਮਿਹਰ ਅਤੇ ਬਖਸ਼ਿਸ਼ ਦੇ ਪਾਤਰ ਬਣਕੇ, ਪ੍ਰਭੂ-ਨਾਮ ਵਿਚ ਲੀਨ ਹੋ ਕੇ ਜੀਵ ਇਸ ਜਗਤ ਰੂਪੀ ਭਵ-ਸਾਗਰ ਨੂੰ ਪਾਰ ਕਰਨ ਦੇ ਸਮਰੱਥ ਹੋ ਸਕਦਾ ਹੈ ਅਤੇ ਸਦੀਵੀ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਮਾਇਆ ਨੂੰ ਬ੍ਰਹਮ ਅਧੀਨ ਸ਼ਕਤੀ ਮੰਨਿਆ ਗਿਆ ਹੈ ਜੋ ਤ੍ਰੈਗੁਣਾਤਮਕ ਰਜ, ਤਮ, ਸਤ ਯੁਕਤ ਹੈ। ਬ੍ਰਹਮ ਨੇ ਪੰਜ ਤੱਤਾਂ- ਜਲ, ਵਾਯੂ, ਅਗਨੀ, ਪ੍ਰਿਥਵੀ ਅਤੇ ਆਕਾਸ਼ ਦੁਆਰਾ ਇਸ ਦੀ ਰਚਨਾ ਕੀਤੀ ਹੈ। ਇਹ ਮਹਾਂ-ਪ੍ਰਬਲ, ਵਿਕਟ-ਸ਼ਕਤੀ ਮਾਇਆ ਅਵਿਦਿਆ ਅਤੇ ਅਗਿਆਨ ਦੀ ਜਨਨੀ ਹੈ। ਸਮਸਤ ਜੀਵ, ਦੇਵੀ-ਦੇਵਤੇ, ਰਿਸ਼ੀ-ਮੁਨੀ ਇਸ ਨੇ ਭਰਮਾਂ ਦੇ ਵੱਸ ਕੀਤੇ ਹੋਏ ਹਨ ਅਤੇ ਇਹੀ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਤੇ ਸੰਘਾਰ ਕਰਦੀ ਹੈ ।

ਗੁਰੂ ਜੀ ਅਨੁਸਾਰ ਮਾਇਆ ਦੇ ਪ੍ਰਭਾਵ ਅਧੀਨ ਜੀਵ ਆਪਣੇ ਮੂਲ ਤੱਤ ਨੂੰ ਵਿਸਰ ਜਾਂਦਾ ਹੈ, ਬ੍ਰਹਮ ਦੀ ਅੰਸ਼ ਹੁੰਦਿਆਂ-ਹੁੰਦਿਆਂ ਵੀ ਜੀਵ ਉਸ ਤੋਂ ਵਾਂਝਾ ਹੋ ਕੇ ਦੁੱਖ ਸਹਿੰਦਾ, ਅਨੇਕ ਜੂਨਾਂ ਵਿਚ ਭਟਕਦਾ ਫਿਰਦਾ ਹੈ। ਆਪ ਜੀ ਦੀ ਦ੍ਰਿਸ਼ਟੀ ਵਿਚ ਮਾਇਆ ਸਤਿ ਅਤੇ ਅਸਤਿ ਦੋਨੋਂ ਹੈ। ਸਤਿ ਇਸ ਕਰਕੇ ਹੈ ਕਿਉਂ ਕਿ ਇਸ ਨੂੰ ਪਰਮਾਤਮਾ ਨੇ ਪੈਦਾ ਕੀਤਾ ਹੈ। ਇਹ ਮਹਾਂਪ੍ਰਬਲ ਸ਼ਕਤੀ ਹੈ, ਤ੍ਰੈਗੁਣਾਤਮਕ ਅਤੇ ਵਿਲੱਖਣ ਪ੍ਰਤਿਭਾ ਦੀ ਮਾਲਕ ਹੈ, ਪਰੰਤੂ ਭਰਮ-ਰੂਪ, ਝੂਠੀ, ਥੋਥੀ, ਮਿਥਿਆ ਅਤੇ ਕਪਟੀ ਹੋਣ ਕਾਰਨ ਇਹ ਅਸਤਿ ਹੈ। ਜਗਤ ਦੇ ਪਾਸਾਰੇ ਦੁਆਰਾ ਤਾਂ ਇਹ ਦ੍ਰਿਸ਼ਟਮਾਨ ਸਤਿ ਜਾਪਦੀ ਹੈ, ਪਰੰਤੂ ਇਸ ਦਾ ਇਹ ਅਸਤਿਤ੍ਵ ਅਸਥਾਈ ਹੈ। ਜੀਵ ਵਲੋਂ ਪ੍ਰਭੂ-ਨਾਮ ਦੇ ਸਿਮਰਨ ਵਿਚ ਲੀਨ ਹੋਣ ਨਾਲ ਇਸ ਦਾ ਵਿਨਾਸ਼ ਹੁੰਦਾ ਹੈ ਅਤੇ ਨਾਮ-ਰੰਗ ਵਿਚ ਰੱਤੇ ਸਾਧਕ ਦਾ ਇਹ ਸੰਗ ਤਿਆਗ ਦਿੰਦਾ ਹੈ। ਇਸ ਪ੍ਰਕਾਰ ਇਹ ਸਾਕਾਰਾਤਮਕ ਵੀ ਹੈ ਅਤੇ ਨਾਕਾਰਾਤਮਕ ਵੀ ਅਰਥਾਤ ਕ੍ਰਿਆ ਸ਼ਕਤੀ ਵੀ ਹੈ ਅਤੇ ਨਾਸ਼ਵਾਨ ਵੀ ਹੈ। ਦੋਨੋਂ ਵਿਸ਼ੇਸ਼ਤਾਵਾਂ ਧਾਰਨ ਕਰਨ ਕਰਕੇ ਇਹ ਅਨਿਰਵਚਨੀਯ ਅਥਵਾ ਅਕੱਥਨੀਯ ਹੈ ।

ਵਾਣੀ ਵਿਚ ਆਵਰਨ ਅਤੇ ਵਿਖੇਪ-ਮਾਇਆ ਦੀਆਂ ਦੋ ਸ਼ਕਤੀਆਂ ਮੰਨੀਆਂ ਗਈਆਂ ਹਨ। ਮਾਇਆ ਦੀ ਆਵਰਨ ਸ਼ਕਤੀ ਦੇ ਕਾਰਨ ਬ੍ਰਹਮ ਦੇ ਵਾਸਤਵਿਕ ਸਰੂਪ ਦਾ ਗਿਆਨ ਨਹੀਂ ਹੁੰਦਾ। ਮਾਇਆ ਦੀ ਇਹ ਸ਼ਕਤੀ ਯਥਾਰਥਕ ਸਰੂਪ ਤੇ ਪਰਦਾ ਪਾ ਲੈਂਦੀ ਹੈ। ਆਵਰਨ ਸ਼ਕਤੀ ਦੇ ਪ੍ਰਭਾਵ ਅਧੀਨ ਜੀਵ ਭਰਮ-ਵੱਸ "ਜੈਸਾ ਮਾਨੀਐ ਹੋਇ ਨ ਤੈਸਾ" ਅਥਵਾ ਅਸਲੀਅਤ ਨੂੰ ਜਾਣਨ ਤੋਂ ਅਸਮਰਥ ਰਹਿੰਦਾ ਹੈ। ਜੋ ਉਹ ਸਮਝਦਾ ਹੈ, ਵਾਸਤਵ ਵਿਚ ਉਹ ਹੁੰਦਾ

ਨਹੀਂ ਹੈ। ਜੀਵ ਵਿਸ਼ੇ-ਵਿਕਾਰਾਂ ਨੂੰ ਸੁੱਖ-ਆਨੰਦ ਦੀ ਪ੍ਰਾਪਤੀ ਦੇ ਭੋਗਾਂ ਵਿਚ ਭੋਗਦਾ ਹੋਇਆ ਦੁਖੀ ਤੇ ਪੀੜਤ ਹੁੰਦਾ ਹੈ। ਵਿਖੇਪ ਸ਼ਕਤੀ ਵਜੋਂ ਮਾਇਆ ਜਗਤ ਦੇ ਸਮਸਤ ਪ੍ਰਪੰਚ ਦੀ ਰਚਨਾ ਕਰਕੇ ਜੀਵ ਨੂੰ ਉਸ ਵਿਚ ਭਰਮਾਉਂਦੀ ਹੈ। ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਮਾਇਆ ਬ੍ਰਹਮ ਅਧੀਨ ਤ੍ਰੈਗੁਣਾਤਮਕ ਸ਼ਕਤੀ ਤਾਂ ਹੈ, ਪਰੰਤੂ 'ਯਹੁ ਮਾਇਆ ਸਭ ਥੋਥਰੀ ਰੇ' ਅਰਥਾਤ ਇਹ ਮਾਇਆ ਮਿਥਿਆ, ਝੂਠੀ, ਥੋਥੀ ਅਤੇ ਕਪਟੀ ਹੈ ਜੋ ਜੀਵ ਨੂੰ ਬ੍ਰਹਮ ਤੋਂ ਨਿਖੇੜਦੀ ਹੈ। ਇਸ ਦੇ ਪ੍ਰਭਾਵ ਅਧੀਨ ਹੀ ਪ੍ਰਭੂ ਏਕ ਤੋਂ ਅਨੇਕ ਰੂਪ ਵਿਚ ਪ੍ਰਤੀਤ ਹੁੰਦਾ ਹੈ ।

ਮਾਇਆ ਤ੍ਰੈਗੁਣਾਤਮਕ ਹੋਣ ਕਾਰਨ ਜੀਵ ਅਤੇ ਜਗਤ ਵਿਚ ਦੈਹਿਕ, ਦੈਵਿਕ ਅਤੇ ਭੌਤਿਕ ਤਿੰਨ ਪ੍ਰਕਾਰ ਦੇ ਤਾਪ ਪੈਦਾ ਕਰਦੀ ਹੈ, ਜਿਸ ਦੇ ਫਲ-ਰੂਪ ਜੀਵਨ ਵਿਚ ਮਾਨਸਿਕ ਵਿਕਾਰ ਉਤਪੰਨ ਹੁੰਦੇ ਹਨ ਜੋ ਮਨੁੱਖ ਲਈ ਸੁੱਖ-ਦੁੱਖ ਦਾ ਕਾਰਨ ਬਣਦੇ ਹਨ। ਗੁਰੂ ਜੀ ਨੇ 'ਕੇਸਵੇ ਵਿਕਟ ਮਾਇਆ ਤੋਰ' ਕਹਿ ਕੇ ਮਾਇਆ ਦੇ ਵਿਕਰਾਲ ਰੂਪ ਨੂੰ ਦਰਸਾਇਆ ਹੈ। ਇਸ ਦੇ ਕਾਰਨ ਸਾਰਾ ਜਗਤ ਵਿਵਿਧ ਵਿਕਾਰਾਂ, ਵਾਸ਼ਨਾਵਾਂ, ਤ੍ਰਿਸ਼ਨਾਂ, ਦੁਬਿਧਾ, ਦੁਰਮਤ ਆਦਿ ਵਰਗੀਆਂ ਕੁਰੀਤੀਆਂ ਵਿਚ ਜਕੜਿਆ ਹੋਇਆ ਹੈ। ਇਸ ਦੇ ਭਰਮ-ਵੱਸ ਇੰਦਰੀਆਂ ਦੇ ਭਾਸ ਰਹੇ ਸੁੱਖ ਵਿਸ਼-ਰੂਪ ਬਣ ਕੇ ਜੀਵ ਨੂੰ ਡੱਸ ਰਹੇ ਹਨ, 'ਸੁਵਿਖ ਡੰਸਨ ਕਰਾਲ ਅਹਿ-ਮੁਖ ਗ੍ਰਸਿਤ।"

ਗੁਰੂ ਜੀ ਅਨੁਸਾਰ ਮਾਇਆ ਪ੍ਰਭੂ ਦੀ ਲੀਲ੍ਹਾ ਸ਼ਕਤੀ ਹੈ, ਇਸ ਦੇ ਕਾਰਨ ਹੀ ਬ੍ਰਹਮ ਜਗਤ ਦਾ ਕਾਰਨ ਬਣਦਾ ਹੈ। ਇਸ ਲੀਲ੍ਹਾ ਸ਼ਕਤੀ ਦੁਆਰਾ ਪ੍ਰਭੂ ਜਗਤ ਦਾ ਨਿਰਮਾਣ ਅਤੇ ਨਿਯੰਤਰਣ ਕਰਦਾ ਹੈ। ਇਹ ਅਦਭੁਤ ਖੇਡਾਂ ਖੇਡਦੀ ਅਤੇ ਬੇਸ਼ੁਮਾਰ ਕੌਤਕ ਰਚਾਉਂਦੀ ਹੈ। ਜੀਵ ਤਾਂ ਇਸ ਦੀ ਲੀਲ੍ਹਾ ਅਤੇ ਛਲ-ਕਪਟ ਵਿਚ ਉਲਝਿਆ ਹੀ ਹੋਇਆ ਹੈ, ਇਸ ਨੇ ਤਾਂ ਪ੍ਰਭੂ ਦਾ ਵੀ ਚਿੱਤ ਚੁਰਾ ਲਿਆ ਹੈ। ਗੁਰੂ ਜੀ ਅਨੁਸਾਰ 'ਸ੍ਵਯੰਭੂ ਕੇ ਚਿਤ ਚੋਰ ਲਿਯੋ ਹੈ' ਅਰਥਾਤ ਸ੍ਰਿਸ਼ਟੀ ਦਾ ਕਰਤਾ ਵੀ ਇਸ ਦੀ ਲੀਲ੍ਹਾ ਅਤੇ ਛਲਾਵੇ ਤੋਂ ਬਚ ਨਹੀਂ ਸਕਿਆ।

ਮਾਇਆ ਜੀਵ ਵਿਚ ਹਉਮੈ ਦੀ ਭਾਵਨਾ ਪੈਦਾ ਕਰਕੇ ਉਸ ਨੂੰ ਬ੍ਰਹਮ ਤੋਂ ਦੂਰ ਕਰਦੀ ਹੈ। ਹੰਕਾਰ, ਵੱਸ ਜੀਵ ਵਿਚ 'ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ' ਦੀ ਭਾਵਨਾ ਉਤਪੰਨ ਹੋ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ 'ਗਿਆਨੀ ਗੁਨੀ ਸੂਰ ਹਮ ਦਾਤੇ' ਸਮਝਣ ਲੱਗ ਪੈਂਦਾ ਹੈ। ਅਜਿਹੀ ਅਵਸਥਾ ਅਧੀਨ ਹਉਮੈ-ਗ੍ਰਸਤ ਜੀਵ ਪਰਮਾਤਮਾ ਤੋਂ ਟੁੱਟ ਜਾਂਦਾ ਹੈ, ਬ੍ਰਹਮ ਜੀਵ ਦੀ ਦੂਰੀ ਵਧਦੀ ਹੈ ਅਤੇ 'ਜਬ ਹਮ ਹੋਤੇ ਤਬ ਤੂ ਨਾਹੀਂ' ਦੀ ਹਾਲਤ ਬਣ ਜਾਂਦੀ ਹੈ ।

ਗੁਰੂ ਰਵਿਦਾਸ ਵਾਣੀ ਅਨੁਸਾਰ ਮਾਇਆ ਵਿਵੇਕ-ਨਾਸ਼ਕ ਹੈ, ਇਸ ਦੇ ਪ੍ਰਭਾਵ ਅਧੀਨ ਮਨੁੱਖੀ ਬੁੱਧੀ-ਵਿਹੀਨ ਹੋ ਜਾਂਦਾ ਹੈ। ਵਾਣੀ ਵਿਚ ਵਿਵੇਕਹੀਣ ਪੁਰਸ਼ ਦੀ ਤੁਲਨਾ ਖੂਹ ਵਿਚ ਰਹਿੰਦੇ ਡੱਡੂਆਂ ਨਾਲ ਕੀਤੀ ਗਈ ਹੈ ਜਿਨ੍ਹਾਂ ਨੂੰ ਬਾਹਰ ਦੇ ਦੇਸ਼-ਪਰਦੇਸ਼ ਦੀ ਕੋਈ ਖ਼ਬਰ ਨਹੀਂ ਹੁੰਦੀ। ਇਸੇ ਤਰ੍ਹਾਂ 'ਬਿਬੇਕ ਦੀਪ ਮਲੀਨ' ਹੋ ਚੁੱਕੇ ਜੀਵ ਨੂੰ 'ਕਛੂ ਆਰਾ-ਪਾਰੁ ਨ ਸੂਝ' ਅਥਵਾ ਲੋਕ-ਪਰਲੋਕ ਅਤੇ ਆਤਮਾ-ਪਰਮਾਤਮਾ ਦੀ ਕੋਈ ਸੋਝੀ ਨਹੀਂ ਰਹਿੰਦੀ। ਅਵਿਦਿਆ ਵੱਸ ਜੀਵ ਦਾ 'ਮਨ ਮਾਇਆ ਕੈ ਹਾਥਿ ਬਿਕਾਨਉ' ਅਤੇ ਜੀਵ ਉਸ ਦਾ ਜ਼ਰ-ਖਰੀਦ ਗੁਲਾਮ ਬਣ ਜਾਂਦਾ ਹੈ, ਉਹ 'ਭੂਲਿ ਪਰੇ ਜੈਸੇ ਬਉਰੇ' ਦੀ ਅਵਸਥਾ ਵਰਗਾ ਹੋ ਜਾਂਦਾ ਹੈ, ਉਸ ਨੂੰ ਆਪਣੇ ਆਪ ਦੀ ਕੋਈ ਸੋਝੀ ਨਹੀਂ ਰਹਿੰਦੀ ਅਤੇ ਉਹ ਬਾਵਰਿਆਂ ਵਾਂਗ ਭੁੱਲਿਆ ਤੇ ਕੁਰਾਹੇ ਪਿਆ ਫਿਰਦਾ ਹੈ।

ਮਾਇਆ ਦੇ ਪ੍ਰਭਾਵ ਅਧੀਨ ਜੀਵ ਦੁਬਿਧਾ ਵਿਚ ਪੈ ਜਾਂਦਾ ਹੈ, 'ਕਹੀਅਤ ਆਨ ਅਚਰੀਅਤ ਆਨ' ਅਥਵਾ ਉਸ ਦੀ ਕਥਨੀ ਤੇ ਕਰਨੀ ਵਿਚ ਬੜਾ ਅੰਤਰ ਹੋ ਜਾਂਦਾ ਹੈ। ਉਹ ਕਹਿੰਦਾ ਕੁਝ ਤੇ ਕਰਦਾ ਕੁਝ ਹੋਰ ਹੈ, 'ਕਛੁ ਸਮਝੁ ਨ ਪਰੈ ਅਪਰ ਮਾਇਆ।' ਇਸ 'ਅਪਰ ਮਾਇਆ' ਕਾਰਨ 'ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ' ਅਰਥਾਤ ਇੰਦਰੀਆਂ ਵਿਚ ਸਬਲਤਾ ਅਤੇ ਬੁੱਧੀ ਵਿਚ ਨਿਰਬਲਤਾ ਆ ਜਾਂਦੀ ਹੈ, ਜਿਸ ਦੇ ਸਿੱਟੇ ਵਜੋਂ 'ਪਰਮਾਰਥ ਪਰਵੇਸ ਨਾਹੀ' ਅਤੇ ਜੀਵ ਇਸ ਮਾਇਆਵੀ ਸੰਸਾਰ ਵਿਚ ਭਟਕਦਾ ਤੇ ਤੜਪਦਾ ਫਿਰਦਾ ਹੈ। ਮਾਇਆ ਮੋਹਿਨੀ-ਰੂਪ ਹੈ, ਇਹ ਸਤ, ਰਜ, ਤਮ ਦੇ ਰੂਪ ਵਿਚ ਆਪਣਾ ਤ੍ਰੈਗੁਣੀ ਜਾਲ ਫੈਲਾਉਂਦੀ ਹੈ ਅਤੇ ਇਸ ਦੇ ਮੋਹ-ਜਾਲ ਵਿਚ ਫਸਿਆ ਜੀਵ ਸੰਸਾਰਦੇ ਪ੍ਰਪੰਚਾਂ ਕਾਰਨ ਵਿਸ਼ੇ- ਵਿਕਾਰਾਂ ਦੀ ਲਪਟ ਵਿਚ ਆ ਕੇ ਵਿਆਕੁਲ ਹੋ ਰਿਹਾ ਹੈ।

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਭਰਮ-ਕਰਮ ਮਾਇਆ ਦਾ ਰੂਪ ਹਨ। ਕਰਮ-ਕਾਂਡ, ਪੂਜਾ-ਪਾਠ,ਜਪ-ਤਪ, ਤੀਰਥ, ਇਸ਼ਨਾਨ ਆਦਿ ਦੇ ਬੰਧਨਾਂ ਵਿਚ ਬੱਝਿਆ ਹੋਇਆ ਜੀਵ ਅਨੇਕ ਜੂਨਾਂ ਵਿਚ ਭਟਕ ਰਿਹਾ ਹੈ, "ਭਰਮ ਕਰਮ ਜੀਅ ਬੰਧਯੋ', ਗੁਰੂ ਜੀ ਨੇ ਸਾਰੇ ਕਰਮਾਂ ਨੂੰ ਭਰਮਾਂ ਦੀ ਫਾਹੀ ਮੰਨਿਆ ਹੈ। ਆਪ ਜੀ ਅਨੁਸਾਰ ਬਾਹਰਮੁੱਖੀ ਸ਼ੁੱਧਤਾ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ ਜੋ ਨ੍ਹਾ ਧੋ ਕੇ ਮੁੜ ਆਪਣੇ ਉੱਤੇ ਖੇਹ ਪਾ ਲੈਂਦਾ ਹੈ। ਵਾਣੀ ਵਿਚ ਕਾਲ ਨੂੰ ਵੀ ਮਾਇਆ ਦਾ ਰੂਪ ਮੰਨਿਆ ਗਿਆ ਹੈ। ਸਮਸਤ ਜੀਵ-ਜੰਤੂ ਕਰਮਾਂ ਦੇ ਬੰਧਨ ਵਿਚ ਪਏ ਹੋਏ ਕਾਲ ਦਾ ਭੋਜਨ ਬਣ ਰਹੇ ਵਾਰ-ਵਾਰ ਜੰਮਣ-ਮਰਨ ਦੇ ਸੰਕਟ ਵਿਚ ਫਸੇ ਹੋਏ ਹਨ।

ਗੁਰੂ ਰਵਿਦਾਸ ਵਾਣੀ ਵਿਚ ਮਾਇਆ ਦੇ ਵਿਆਪਕ ਪ੍ਰਭਾਵ-ਖੇਤਰ ਦਾ ਵਰਣਨ

ਵੀ ਕੀਤਾ ਗਿਆ ਹੈ। ਮਾਇਆ ਦਾ ਪ੍ਰਭਾਵ ਖੇਤਰ ਅਤਿ ਵਿਸ਼ਾਲ, ਖੰਡਾਂ -ਬ੍ਰਹਿਮੰਡਾਂ ਤਕ ਪਸਰਿਆ ਹੋਇਆ ਹੈ। ਸਮਸਤ ਜੀਵ-ਜੰਤੂ, ਰਿਸ਼ੀ-ਮੁਨੀ, ਦੇਵੀ-ਦੇਵਤੇ ਮਾਇਆ ਦੇ ਫੰਦੇ ਵਿਚ ਹਨ, ਇਥੋਂ ਤਕ ਕਿ ਸ੍ਰਿਸ਼ਟੀ ਦਾ ਕਰਤਾ ਵੀ ਇਸ ਤੇ ਲੁਭਾਇਮਾਨ ਹੋਇਆ ਪਿਆ ਹੈ। ਵਿਸ਼ੇ-ਵਿਕਾਰ, ਭੋਗ-ਵਾਸ਼ਨਾਵਾਂ, ਤ੍ਰਿਸ਼ਨਾਂ-ਕੁਰੀਤੀਆਂ, ਦੁਬਿਧਾ, ਮਲੀਨ ਤੇ ਦੁਰਮਤ ਜੋ ਅਨੇਕ ਵਿਕਾਰਾਂ ਨੂੰ ਜਨਮ ਦਿੰਦੀਆਂ ਹਨ, ਮਾਇਆ ਦੇ ਪ੍ਰਭਾਵ ਖੇਤਰ ਵਿਚ ਆਉਂਦੀਆਂ ਹਨ ।

ਗੁਰੂ ਰਵਿਦਾਸ ਜੀ ਅਨੁਸਾਰ ਮਾਇਆ ਦਾ ਵਿਸ਼ਾਲ ਪਰਿਵਾਰ ਹੈ, ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਇਸ ਦੇ ਪੰਜ ਦੂਤ ਹਨ। ਤ੍ਰਿਸ਼ਨਾ, ਦਵੇਸ਼, ਅਵਿਦਿਆ, ਭਰਮ, ਧਨ, ਦੌਲਤ, ਸੰਪਤੀ, ਸੁੰਦਰ ਨਾਰੀ, ਪੁੱਤਰ ਆਦਿ ਮਾਇਆ ਦੇ ਵਿਸ਼ਾਲ ਪਰਿਵਾਰ ਦੇ ਅੰਗ ਹਨ। ਗੁਰੂ ਜੀ ਦਾ ਕਥਨ ਹੈ ਕਿ ਮਨੁੱਖ ਤਾਂ ਐਵੇਂ ਆਪਣੇ ਨਾਸ਼ਵਾਨ ਤੇ 'ਭਸਮ ਕੀ ਢੇਰੀ' ਸਰੀਰ ਅਤੇ 'ਊਚੇ ਮੰਦਰ ਸੁੰਦਰ ਨਾਰੀ' ਤੇ ਮਾਣ ਕਰ ਰਿਹਾ ਹੈ, ਵਾਸਤਵ ਵਿਚ ਇਹ ਸਭ ਮਾਇਆ ਦਾ ਰੂਪ ਹਨ ਅਤੇ ਮਨੁੱਖ ਨੂੰ ਤਬਾਹੀ ਵਲ ਲਿਜਾ ਰਹੇ ਹਨ ।

ਇਸ ਵਿਕਟ, ਵਿਕਰਾਲ, ਮਹਾਂ ਪ੍ਰਬਲ, ਪਰੰਤੂ ਥੋਥੀ, ਕਪਟੀ, ਅਵਿਦਿਆ, ਛਲ-ਕਪਟ ਅਤੇ ਪ੍ਰਪੰਚ ਰੂਪ ਅਨਿਰਵਚਨੀਯ ਮਾਇਆ ਤੋਂ ਮੁਕਤ ਹੋਣ ਦੇ ਸਾਧਨ ਵੀ ਗੁਰੂ ਰਵਿਦਾਸ ਵਾਣੀ ਵਿਚ ਦਰਸਾਏ ਗਏ ਹਨ। ਗੁਰੂ ਜੀ ਅਨੁਸਾਰ ਰਾਮ-ਨਾਮ ਦਾ ਜਾਪ ਹੀ ਪ੍ਰਮੁੱਖ ਮੰਤਰ ਹੈ ਜੋ ਜੀਵ ਨੂੰ ਮਾਇਆ ਦੇ ਫੰਦੇ ਤੋਂ ਮੁਕਤ ਕਰਵਾ ਸਕਦਾ ਹੈ। ਗੁਰੂ ਦਾ ਗਿਆਨ ਅਤੇ ਪ੍ਰਭੂ ਦੀ ਪ੍ਰੇਮਾ-ਭਗਤੀ ਬੁੱਧੀ-ਵਿਹੀਨ ਮਨੁੱਖ ਨੂੰ ਬੁੱਧੀ ਸੰਪਨ ਬਣਾ ਕੇ ਉਸ ਨੂੰ ਮੰਦੇ ਕਰਮਾਂ ਤੋਂ ਛੁਟਕਾਰਾ ਦੁਆ ਦਿੰਦੇ ਹਨ। ਗੁਰੂ ਦੀ ਸ਼ਰਨ ਵਿਚ ਜਾ ਕੇ ਜੀਵ ਮਾਇਆ ਦੇ ਭਰਮਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਮਾਇਆਵੀ ਜਾਲ ਵਿਚ ਫਸਿਆ, ਪਲ-ਪਲ ਭਟਕ ਰਿਹਾ ਮਨੁੱਖੀ -ਮਨ ਸਥਿਰਤਾ ਅਥਵਾ ਅਡੋਲਤਾ ਦੀ ਸਥਿਤੀ ਵਿਚ ਆ ਜਾਂਦਾ ਹੈ। ਸੰਤ-ਜਨ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪ੍ਰਭੂ-ਭਗਤੀ ਦੁਆਰਾ ਬ੍ਰਹਮ-ਸਰੂਪ ਹੋ ਜਾਂਦੇ ਹਨ ।

ਮਾਨਵ ਜੀਵਨ ਵਿਚ ਮੁਕਤੀ ਨੂੰ ਸਰਵ-ਉੱਤਮ ਉਦੇਸ਼ ਮੰਨਿਆ ਗਿਆ ਹੈ। ਭਾਰਤੀ ਦਰਸ਼ਨ ਵਿਚ ਧਰਮ, ਅਰਥ, ਕਾਮ, ਮੋਕਸ਼ ਇਹ ਚਾਰੋਂ ਹੀ ਮਨੁੱਖੀ ਜੀਵਨ ਦੇ ਮੂਲ ਮੰਤਵ ਦਰਸਾਏ ਗਏ ਹਨ ਅਤੇ ਇਨ੍ਹਾਂ ਚਾਰਾਂ ਵਿਚੋਂ ਵੀ ਮੁਕਤੀ ਸਰਵ-ਸ੍ਰੇਸ਼ਟ ਮਾਨਵੀ ਮੰਤਵ ਹੈ। ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦੇ ਸੰਦਰਭ ਵਿਚ ਵਿਸਤ੍ਰਿਤ ਵਿਵੇਚਨ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਰਵਿਦਾਸ ਚਿੰਤਨ ਅਨੁਸਾਰ ਇਹ ਸਾਰਾ ਜਗਤ ਪਰਮ-ਪਿਤਾ ਪਰਮੇਸ਼ਰ ਤੋਂ ਪੈਦਾ ਹੋਇਆ ਹੈ ਅਤੇ ਜੀਵਾਤਮਾ ਉਸ ਦੀ ਅੰਸ਼ ਹੈ। ਪਰੰਤੂ ਅਵਿਦਿਆ ਮਾਇਆ ਅਤੇ ਅਗਿਆਨ

ਦੇ ਕਾਰਨ ਭੋਗ-ਭਾਵ ਦੇ ਬੰਧਨਾਂ ਵਿਚ ਪੈ ਕੇ ਜੀਵ ਕਰਮਾਂ ਅਨੁਸਾਰ ਗਤੀ ਪ੍ਰਾਪਤ ਕਰਦਾ ਹੈ। ਮਾਇਆ ਦੇ ਪੰਜ ਹਥਿਆਰ ਇਸ ਨੂੰ ਪਰਮਾਤਮਾ ਤੋਂ ਵੱਖ ਕਰਦੇ ਹਨ ਜਿਸ ਦੇ ਫਲ-ਰੂਪ ਜੀਵ ਦੁਨਿਆਵੀ ਦੁੱਖ, ਕਲੇਸ਼ ਸਹਿੰਦਾ ਹੋਇਆ ਵਾਰ-ਵਾਰ ਮਰਨ-ਜੰਮਣ ਦੇ ਸੰਤਾਪ ਦਾ ਸਾਹਮਣਾ ਕਰ ਰਿਹਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਨੂੰ ਮਾਨਵ-ਜੀਵਨ ਦਾ ਮੂਲ ਮੰਤਵ ਮੰਨ ਕੇ 'ਮੁਕਤੀ' ਸ਼ਬਦ ਦਾ ਪ੍ਰਯੋਗ ਵਿਆਪਕ ਅਰਥਾਂ ਵਿਚ ਕੀਤਾ ਗਿਆ ਹੈ। ਮੁਕਤੀ ਲਈ ਆਪ ਨੇ ਤਜੀਲੇ ਸਰਬ ਜੰਜਾਲ, ਆਵਾਗਵਨੁ ਬਿਲਾਇ, ਛੂਟਕਤ ਬਜਰ ਕਪਾਟ, ਪਰਮਾਨੰਦ, ਜਨਮ ਮਰਨ ਭੈ ਭਾਗੀ, ਕਟਹਿ ਜਮ ਫਾਸਾ, ਜਮ ਸਿਉ ਨਹੀ ਕਾਮਾ, ਜੀਵਤ ਮੁਕਤ ਸਦਾ ਨਿਰਬਾਨ, ਪਰਮ ਗਤਿ, ਪ੍ਰਭੂ ਦਰਸਨ, ਭੈ ਸਾਗਰ ਤਰਨਾ, ਬਹੁਰਿ ਨ ਆਉ, ਪਰਮ ਸਿਧੀ ਪਾਈ, ਜੀਵਨ ਮੁਕਤੀ ਨਿਧੀ ਕਾਸੀ, ਆਤਮ ਪ੍ਰਗਾਸ, ਸਾਚਿ ਹੂੰ ਪਹਿਚਾਣੈ, ਆਪਹਿ ਆਪ ਸਮਾਣਾ, ਜਨਮ ਮਰਨ ਬਿਲਮਾਇ ਆਦਿ ਸ਼ਬਦਾਂ ਤੇ ਵਾਕਾਂਸ਼ਾਂ ਦਾ ਪ੍ਰਯੋਗ ਕੀਤਾ ਹੈ। ਨਿਰਵਾਨ ਪਦ ਲਈ ਆਪ ਨੇ ਸਮਭਾਵੀ ਸ਼ਬਦ 'ਬੇਗ਼ਮਪੁਰਾ' ਦੀ ਵਰਤੋਂ ਵੀ ਕੀਤੀ ਹੈ।

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦਾ ਅਰਥ ਮਾਇਆਵੀ ਸੰਸਾਰ ਦੇ ਸੁੱਖਾਂ, ਦੁੱਖਾਂ, ਕਲੇਸ਼ਾਂ, ਮੋਹ-ਮਮਤਾ ਅਥਵਾ ਗ੍ਰਹਿਸਤ ਜੀਵਨ ਦੇ ਸਾਰੇ ਬੰਧਨਾਂ ਵਿਚੋਂ ਨਿਕਲ ਕੇ ਪਰਮ-ਪਿਤਾ ਪਰਮਾਤਮਾ ਨਾਲ ਇਕਮਿਕ ਤੇ ਇਕ-ਰਸ ਹੋਣਾ ਹੈ। ਗੁਰੂ ਜੀ ਕੇਵਲ ਮੁਕਤੀ ਨਹੀਂ ਚਾਹੁੰਦੇ, ਉਹ ਤਾਂ ਪ੍ਰਭੂ-ਰੂਪ ਹੋ ਜਾਣਾ ਚਾਹੁੰਦੇ ਹਨ, ਉਸ ਵਿਚ ਸਦੀਵੀ ਤੌਰ ਤੇ ਸਮਾ ਜਾਣਾ ਹੀ ਉਨ੍ਹਾਂ ਲਈ 'ਆਤਮ ਪ੍ਰਗਾਸ' ਹੈ।

ਗੁਰੂ ਜੀ ਦਾ ਮੱਤ ਹੈ ਕਿ ਬ੍ਰਹਮ ਅਤੇ ਜੀਵ ਦੀ ਭਿੰਨਤਾ ਦਾ ਕਾਰਨ ਮਾਇਆਵੀ ਜਗਤ ਹੈ। ਮਾਇਆ ਕਾਰਨ ਹੀ ਜੀਵ ਅਤੇ ਬ੍ਰਹਮ ਦੀ ਵਾਸਤਵਿਕਤਾ ਮਨੁੱਖੀ ਦ੍ਰਿਸ਼ਟੀ ਤੋਂ ਉਹਲੇ ਰਹਿੰਦੀ ਹੈ। ਮਾਇਆ ਅਗਿਆਨ ਦੀ ਜਨਨੀ ਅਤੇ ਵਿਵੇਕ-ਨਾਸ਼ਕ ਹੈ, ਅਵਿਦਿਆ ਅਤੇ ਹਉਮੈ ਕਾਰਨ ਜੀਵ ਅਤੇ ਬ੍ਰਹਮ ਦਰਮਿਆਨ ਅਜਿਹਾ ਭਰਮ-ਜਾਲ ਤਣਿਆ ਹੋਇਆ ਹੈ ਕਿ ਸਭ ਕੁਝ ਕੋਲ ਹੁੰਦਿਆਂ ਵੀ ਮਨੁੱਖ ਉਸ ਤੋਂ ਵਾਂਝਾ ਹੋ ਕੇ ਦੁੱਖ ਸਹਿ ਰਿਹਾ ਹੈ। ਮਾਇਆ ਦੇ ਭਰਮ-ਵੱਸ ਜੋ ਕੁਝ ਉਹ ਦੇਖਦਾ ਹੈ, ਵਾਸਤਵ ਵਿਚ ਉਹ ਅਜਿਹਾ ਨਹੀਂ ਹੈ। ਮਾਇਆ ਵਿਚ ਗ੍ਰੱਸੇ ਜੀਵ ਦੀ ਅਵਸਥਾ ਖੂਹ ਦੇ ਡੱਡੂ ਵਰਗੀ ਹੈ ਜੋ ਵਿਸ਼ੇ-ਵਿਕਾਰਾਂ ਵਿਚ ਫਸ

ਕੇ ਬਾਹਰਲੀ ਦੁਨੀਆਂ ਤੋਂ ਕੱਟਿਆ ਹੋਇਆ ਆਤਮਾ-ਪਰਮਾਤਮਾ ਦੀ ਸੋਝੀ ਖੋਹ ਬੈਠਾ ਹੈ। ਗੁਰੂ ਜੀ ਅਨੁਸਾਰ ਪ੍ਰਭੂ-ਭਗਤੀ ਤੋਂ ਬਿਨਾਂ ਜੀਵ ਵਿਭਿੰਨ ਜੂਨੀਆਂ ਵਿਚ ਭਟਕਦਾ ਜਮਾਂ ਦੀ ਭਿਆਨਕ ਮਾਰ ਦਾ ਸ਼ਿਕਾਰ ਹੋ ਰਿਹਾ ਹੈ।

ਗੁਰੂ ਜੀ ਦਾ ਕਥਨ ਹੈ ਕਿ ਜਿੰਨਾ ਚਿਰ ਤੱਕ ਜੀਵ ਮਾਇਆ ਦੇ ਆਡੰਬਰ ਚੋਂ ਨਹੀਂ ਨਿਕਲਦਾ, ਕੂੜ-ਕਪਟ ਦੇ ਬੰਧਨਾਂ ਤੇ ਪੰਜਾਂ ਵਿਕਾਰਾਂ ਦੇ ਜਾਲ ਵਿਚੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰਵਾਉਂਦਾ, ਪ੍ਰੀਤਮ-ਪਿਆਰੇ ਨੂੰ ਆਪਣੇ ਮਨ ਵਿਚ ਵਸਾ ਕੇ ਆਪਣੇ ਆਪ ਨੂੰ ਪ੍ਰਭੂ ਚਰਨਾਂ ਵਿਚ ਅਰਪਿਤ ਨਹੀਂ ਕਰਦਾ, ਇਹ ਉਸ ਮਾਲਕ ਨਾਲ ਇਕਮਿਕ, ਇਕਸੁਰ ਤੇ ਇਕ-ਰੂਪ ਨਹੀਂ ਹੋ ਸਕਦਾ ਅਤੇ ਮੁਕਤੀ ਪਦ ਪ੍ਰਾਪਤ ਨਹੀਂ ਕਰ ਸਕਦਾ। ਪਰਮ-ਪਦ ਦੀ ਪ੍ਰਾਪਤੀ ਲਈ ਸਾਧਕ ਨੂੰ ਮਾਇਆਵੀ ਸੰਸਾਰ ਨਾਲੋਂ ਪ੍ਰੀਤ ਤੋੜ ਕੇ ਪ੍ਰਭੂ ਨਾਲ ਜੋੜਨੀ ਪੈਂਦੀ ਹੈ। ਗੁਰੂ ਜੀ ਅਨੁਸਾਰ ਧਨ, ਜੋਬਨ ਦੀ ਝੂਠੀ ਆਸ ਨੂੰ ਛੱਡ ਕੇ, ਮਿਥਿਆ ਅਥਵਾ ਭਰਮ-ਯੁਕਤ ਸੰਸਾਰ ਨੂੰ ਤਿਆਗ ਕੇ, ਹਿਰਦੇ ਵਿਚ ਸਤਿ-ਸਰੂਪ ਪਰਮਾਤਮਾ ਦੀ ਜੋਤਿ ਪ੍ਰਗਟ ਕਰਨ ਅਤੇ ਨਿਰੰਤਰ ਉਸ ਦਾ ਜਾਪ ਕਰਨ ਨਾਲ ਅਮਰ-ਪਦਵੀ ਪਾਈ ਜਾ ਸਕਦੀ ਹੈ।

ਭਾਰਤੀ ਦਰਸ਼ਨ ਵਿਚ ਮੁਕਤੀ ਪ੍ਰਾਪਤ ਕਰਨ ਦੇ ਪ੍ਰਮੁੱਖ ਤਿੰਨ ਸਾਧਨ-ਗਿਆਨ, ਕਰਮ ਅਤੇ ਭਗਤੀ ਦਰਸਾਏ ਗਏ ਹਨ। ਗੁਰੂ ਰਵਿਦਾਸ ਵਾਣੀ ਵਿਚ ਇਨ੍ਹਾਂ ਤਿੰਨਾ ਸਾਧਨਾਂ ਦਾ ਸਮਨਵੈ ਪ੍ਰਸਤੁਤ ਕੀਤਾ ਗਿਆ ਹੈ। ਇਹ ਤਿੰਨੇ ਇਕ ਦੂਸਰੇ ਦੇ ਪੂਰਕ ਹਨ, ਕੇਵਲ ਕਿਸੇ ਇਕ ਨੂੰ ਵਿਸ਼ੇਸ਼ ਮਹੱਤਵ ਦੇਣ ਤੇ ਬੁੱਧੀ ਹਉਮੈ ਗ੍ਰਸਤ ਹੋ ਸਕਦੀ ਹੈ। ਹਉਮੈ-ਹੰਕਾਰ ਨੂੰ ਤਿਆਗ ਕੇ ਮੁਕਤੀ ਪ੍ਰਾਪਤੀ ਦੇ ਇਨ੍ਹਾਂ ਤਿੰਨਾਂ ਹੀ ਸਾਧਨਾਂ ਦਾ ਉਚਿਤ ਪ੍ਰਯੋਗ ਕਰਕੇ ਜੀਵ ਪਰਮ-ਪਦ ਦਾ ਅਧਿਕਾਰੀ ਬਣ ਸਕਦਾ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਅਨੁਭਵੀ ਗਿਆਨ ਦੇ ਪ੍ਰਕਾਸ਼ ਦੁਆਰਾ ਬ੍ਰਹਮ-ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਬ੍ਰਹਮ-ਗਿਆਨ ਜੀਵ ਦਾ ਅੰਤਮ ਲਕਸ਼ ਹੈ ਅਤੇ ਇਹੀ ਗਿਆਨ ਨਿਰਵਾਣ ਪਦ ਦੀ ਪ੍ਰਾਪਤੀ ਦਾ ਸਾਧਨ ਹੈ। ਗੁਰੂ ਰਵਿਦਾਸ ਚਿੰਤਨ ਸ੍ਵੈ-ਅਨੁਭੂਤੀ ਦਾ ਚਿੰਤਨ ਹੈ, ਸ਼ਾਸਤਰਾਂ ਦੁਆਰਾ ਦਰਸਾਏ ਬਹੁਤੇ ਕਰਮ-ਕਾਂਡਾਂ ਪ੍ਰਤੀ ਆਪ ਰੁਚਿਤ ਨਹੀਂ ਹਨ। ਉਨ੍ਹਾਂ ਦਾ ਸਰਲ ਤੇ ਸਪੱਸ਼ਟ ਜਿਹਾ ਮੱਤ ਹੈ ਕਿ ਮੰਦੇ ਕਰਮਾਂ ਨੂੰ ਤਿਆਗ ਕੇ, ਸਤਿ-ਕਰਮਾਂ ਦੁਆਰਾ ਪ੍ਰਭੂ-ਭਗਤੀ ਵਿਚ ਲੀਨ ਹੋ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਅਨੁਭਵੀ ਗਿਆਨ ਅਤੇ ਸਤਿ-ਕਰਮਾਂ ਤੋਂ ਬਾਅਦ ਗੁਰੂ ਰਵਿਦਾਸ ਵਾਣੀ ਵਿਚ ਪ੍ਰਭੂ

ਦੀ ਪ੍ਰੇਮਾ-ਭਗਤੀ ਉੱਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਪ੍ਰਭੂ-ਭਗਤੀ ਮੁਕਤੀ-ਪ੍ਰਾਪਤੀ ਦਾ ਸਰਵ - ਸ੍ਰੇਸ਼ਟ ਸਾਧਨ ਹੈ, ਇਹ ਭਰਮਾਂ ਅਤੇ ਵਿਸ਼ੇ-ਵਿਕਾਰਾਂ ਦੇ ਬੰਧਨ ਕੱਟਦੀ ਹੈ ਅਤੇ ਨਾਮ-ਰੰਗ ਵਿਚ ਰੱਤਾ ਜੀਵ 'ਗੁਰ ਪਰਸਾਦਿ ਨਰਕ ਨਹੀਂ ਜਾਤਾ'। ਗੁਰੂ ਜੀ ਨੇ ਸ੍ਵੈ-ਵਿਸ਼ਵਾਸ ਦੁਆਰਾ ਇਸ ਗੱਲ ਨੂੰ ਦ੍ਰਿੜ ਕਰਵਾਇਆ ਹੈ ਕਿ ਰਾਮ-ਨਾਮ ਦਾ ਜਾਪ ਕਰਨ ਵਾਲੇ ਸਾਧਕ ਦਾ ਜਮਾਂ ਨਾਲ ਕੋਈ ਵਾਸਤਾ ਨਹੀਂ ਪੈਂਦਾ, ਉਹ ਵਿਸ਼ੇ-ਵਿਕਾਰਾਂ ਹੱਥੋਂ ਲੁੱਟਿਆ ਨਹੀਂ ਜਾਂਦਾ, ਉਸ ਨੂੰ ਦੁਬਾਰਾ ਦੇਹਿ, ਬੰਧਨਾਂ ਵਿਚ ਆਉਣਾ ਨਹੀਂ ਪੈਂਦਾ, ਉਸ ਦੀ ਅਵਸਥਾ 'ਜੀਵਤ ਮੁਕਤ ਸਦਾ ਨਿਰਬਾਨ' ਵਾਲੀ ਹੋ ਜਾਂਦੀ ਹੈ ਅਥਵਾ ਉਹ ਜਿਊਂਦੇ-ਜੀਅ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਪ੍ਰਾਪਤੀ ਲਈ ਗੁਰੂ ਅਤੇ ਸਾਧ-ਸੰਗਤ ਦੀ ਆਵੱਸ਼ਕਤਾ ਉੱਪਰ ਵੀ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਗੁਰੂ ਪ੍ਰਭੂ-ਮਿਲਾਪ ਦੀ ਅਤਿਅੰਤ ਮਹੱਤਵਪੂਰਨ ਕੜੀ ਹੈ। ਉਹ ਮਾਰਗ-ਦਰਸ਼ਕ ਹੈ ਜੋ ਜੀਵ ਅੰਦਰ ਗਿਆਨ ਦੀ ਚਿੰਗਾੜੀ ਬਾਲ ਕੇ, ਮੰਦੇ ਕਰਮਾਂ ਦਾ ਤਿਆਗ ਕਰਵਾ ਕੇ ਆਵਾਗਵਨ ਤੋਂ ਛੁਟਕਾਰਾ ਦੁਆ ਦਿੰਦਾ ਹੈ। ਗੁਰੂ ਰਵਿਦਾਸ ਜੀ ਦੀ ਦ੍ਰਿਸ਼ਟੀ ਵਿਚ ਸਤਿਗੁਰੂ ਉੱਤਮ ਪਾਰਸ ਹੈ ਜਿਸ ਦੇ ਮਿਲਾਪ ਨਾਲ ਜੀਵਾਤਮਾ ਤੇ ਪਰਮਾਤਮਾ ਵਿਚਕਾਰ ਉਸਰੇ ਮੋਹ-ਮਾਇਆ ਤੇ ਵਿਸ਼ੇ-ਵਿਕਾਰਾਂ ਦੇ ਭਾਰੀ ਪੱਥਰਾਂ ਵਰਗੇ ਮਜ਼ਬੂਤ ਬਜਰ ਕਪਾਟ ਖੁਲ੍ਹ ਜਾਂਦੇ ਹਨ, ਮਨ ਆਪਣੀ ਵਾਸਤਵਿਕਤਾ ਨੂੰ ਪਛਾਣ ਲੈਂਦਾ ਹੈ, ਆਤਮਾ ਇਸ ਦੇ ਪੰਜੇ ਤੋਂ ਆਜ਼ਾਦ ਹੋ ਕੇ ਮੁਕਤ-ਪਦ ਦੀ ਅਧਿਕਾਰੀ ਬਣ ਜਾਂਦੀ ਹੈ।

ਮੁਕਤੀ ਪ੍ਰਾਪਤੀ ਲਈ ਗੁਰੂ ਦੀ ਮਿਹਰ ਤੇ ਬਖਸ਼ਿਸ਼ ਦੇ ਨਾਲ ਗੁਰੂ ਰਵਿਦਾਸ ਵਾਣੀ ਵਿਚ ਸਾਧ-ਸੰਗਤ ਦੀ ਮਹੱਤਤਾ ਨੂੰ ਵੀ ਦ੍ਰਿੜਾਇਆ ਗਿਆ ਹੈ। ਸਾਧ ਸੰਗਤ ਵਿਚ ਜਾ ਕੇ ਜੀਵ ਅੰਦਰ ਆਤਮਾ-ਪਰਮਾਤਮਾ ਬਾਰੇ ਸੋਝੀ ਪੈਦਾ ਹੁੰਦੀ ਅਤੇ ਪ੍ਰਭੂ-ਭਗਤੀ ਦੀ ਚੇਟਕ ਲੱਗਦੀ ਹੈ। ਸੰਤਾਂ ਦੀ ਸੰਗਤ ਵਿਚ ਜਾ ਕੇ 'ਮਿਟਹਿ ਪਾਪ ਸਭ ਕੋਟਿ ਕੋਟਿ' ਅਤੇ ਪਰਮ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰੂ ਰਵਿਦਾਸ ਵਾਣੀ ਵਿਚ ਮੁਕਤੀ ਦੇ ਸਰੂਪ ਸੰਬੰਧੀ ਕੋਈ ਪ੍ਰਕਾਰ-ਵੰਡ ਨਹੀਂ ਕੀਤੀ ਗਈ ਅਤੇ ਨਾ ਹੀ ਸ਼ਾਸਤਰੀ ਪੱਧਤੀ ਅਨੁਸਾਰ ਕੋਈ ਦਾਰਸ਼ਨਿਕ ਵਿਵੇਚਨ ਹੀ ਪ੍ਰਸਤੁਤ ਕੀਤਾ ਗਿਆ ਹੈ। ਦ੍ਵੈਤਵਾਦੀ ਦਰਸ਼ਨ ਵਿਚ ਤਕਨੀਕੀ ਅਰਥਾਂ ਅਨੁਸਾਰ ਜਿਨ੍ਹਾਂ ਚਾਰ ਮੁਕਤੀਆਂ ਸਾਲੋਕਯ, ਸਾਮੀਪਯ, ਸਾਰੂਪਯ ਅਤੇ ਸਾਯੁਜਯ ਦਾ ਜ਼ਿਕਰ ਕੀਤਾ ਗਿਆ ਹੈ, ਵਾਣੀ ਵਿਚੋਂ ਇਨ੍ਹਾਂ ਨਾਲ ਸੰਬੰਧਿਤ ਪਦ ਅਵਸ਼ ਉਪਲਬਧ ਹੁੰਦੇ ਹਨ ।

ਸਾਲੋਕਯ ਮੁਕਤੀ ਅਧੀਨ ਜੀਵਾਤਮਾ ਪ੍ਰਭੂ ਦੇ ਦੇਸ਼ ਵਿਚ ਜਾ ਕੇ ਆਪਣੀ ਇੱਛਾ ਅਨੁਸਾਰ ਵਿਚਰਦੀ ਹੈ। ਗੁਰੂ ਰਵਿਦਾਸ ਵਾਣੀ ਵਿਚ ਅਜਿਹੇ ਸਥਾਨ ਨੂੰ 'ਬੈਕੁੰਠ' ਅਤੇ 'ਬੇਗਮਪੁਰਾ' ਕਿਹਾ ਗਿਆ ਹੈ। ਇਸ ਦੇਸ਼ ਦੀ ਪ੍ਰਾਪਤੀ ਸਾਲੋਕਯ ਮੁਕਤੀ ਹੈ। ਜਿਥੇ ਜੀਵਾਤਮਾ ਕਿਸੇ ਬੰਧਨ ਵਿਚ ਬੱਝੀ ਨਹੀਂ ਰਹਿੰਦੀ, ਇਥੇ ਹਮੇਸ਼ਾ ਰਹਿਮਤਾਂ ਦੀ ਬਾਰਿਸ਼ ਹੁੰਦੀ ਹੈ ਅਤੇ ਜੀਵਾਤਮਾ ਆਪਣੀ ਇੱਛਾ ਅਨੁਸਾਰ ਵਿਚਰਦੀ ਹੈ।

ਪ੍ਰਭੂ ਦੇ ਨਿਕਟਤਮ ਅਥਵਾ ਸਮੀਪ ਰਹਿਣ ਦੀ ਅਵਸਥਾ ਨੂੰ ਸਾਮੀਪਯ ਮੁਕਤੀ ਕਿਹਾ ਜਾਂਦਾ ਹੈ। ਇਸ ਦੇ ਅੰਤਰਗਤ ਜਿਗਿਆਸੂ ਜੀਵ ਪ੍ਰਭੂ ਦੀ ਨੇੜਤਾ ਪ੍ਰਾਪਤ ਕਰਕੇ ਉਸ ਦੇ ਪ੍ਰੇਮ-ਪਿਆਰ ਦਾ ਆਨੰਦ ਮਾਣਦਾ ਹੈ। ਵਾਣੀ ਵਿਚ ਸਾਮੀਪਯ ਮੁਕਤੀ ਦੇ ਉਸ ਵੇਲੇ ਉੱਚਤਮ ਸੰਕੇਤ ਮਿਲਦੇ ਹਨ ਜਦੋਂ ਗੁਰੂ ਜੀ ਅਸੀਮ ਪ੍ਰੇਮ-ਪਿਆਰ ਦੀ ਭਾਵਨਾ ਅਧੀਨ ਆਪਣੇ ਪ੍ਰੀਤਮ ਪਿਆਰੇ ਨੂੰ 'ਹਮ ਪ੍ਰੇਮ ਬੰਧਨਿ ਤੁਮ ਬਾਧੇ' ਕਹਿੰਦੇ ਹੋਏ ਉਸ ਨੂੰ ਵੰਗਾਰਦੇ ਹਨ ਕਿ 'ਅਸੀਂ ਤਾਂ ਤੁਹਾਡੀ ਅਰਾਧਨਾ ਕਰਕੇ ਜਨਮ-ਜਨਮਾਂਤਰਾਂ ਦੇ 'ਮੋਹ ਫਾਸ' ਤੋਂ ਛੁੱਟ ਹੀ ਜਾਣਾ ਹੈ, ਤੁਸੀਂ ਸਾਡੀ ਪ੍ਰੀਤ-ਡੋਰੀ ਵਿਚੋਂ 'ਛੂਟਨ ਕੋ ਜਤਨੁ ਕਰਹੁ'

ਸਾਰੂਪਯ ਮੁਕਤੀ ਦੇ ਅੰਤਰਗਤ ਸਾਧਕ ਪ੍ਰਭੂ ਨਾਲ ਇਕਮਿਕਤਾ, ਸਮਰੂਪਤਾ ਅਤੇ ਪਰਮਰੂਪਤਾ ਪ੍ਰਾਪਤ ਕਰ ਲੈਂਦਾ ਹੈ ਅਥਵਾ ਉਸ ਦਾ ਹੀ ਰੂਪ ਬਣ ਜਾਂਦਾ ਹੈ। ਇਹ ਅਨਿੰਨ-ਤੱਤਵਾਦ ਦੀ ਅਵਸਥਾ ਹੈ। ਵਾਣੀ ਵਿਚ ਅੰਕਿਤ 'ਐਸੇ ਤੈਂ ਮੈਂ ਏਕ ਰੂਪ ਹੈ ਮਾਧੋ' ਅਤੇ 'ਪਰਮ ਰੂਪ ਹਮ ਸੋਈ' ਦੇ ਅਨੁਭਵ ਦੁਆਰਾ ਪ੍ਰਭੂ ਨਾਲ ਨੇੜਤਾ ਅਤੇ ਪਰਮਰੂਪਤਾ ਵਾਲੀ ਅਵਸਥਾ ਦੀ ਅਭਿਵਿਅੰਜਨਾ ਮਿਲਦੀ ਹੈ।

ਆਤਮ-ਚਿੰਤਨ ਅਤੇ ਆਤਮ-ਪ੍ਰਕਾਸ਼ ਦੁਆਰਾ ਜਦੋਂ ਜੀਵ ਨੂੰ ਆਪਣੇ ਅਤੇ ਬ੍ਰਹਮ ਦੇ ਅੰਸ਼-ਅੰਸ਼ੀ ਵਾਲੇ ਸੰਬੰਧਾਂ ਦੀ ਅਨੁਭੂਤੀ ਹੁੰਦੀ ਹੈ ਤਾਂ ਉਹ ਪ੍ਰਭੂ ਭਗਤੀ ਦੁਆਰਾ ਉਸ ਪਰਮਤੱਤ ਵਿਚ ਲੀਨ ਹੋ ਜਾਂਦਾ ਹੈ। ਇਹ ਅਵਸਥਾ ਹੀ ਸਾਯੁਜਯ ਮੁਕਤੀ ਹੈ। ਗੁਰੂ ਰਵਿਦਾਸ ਵਾਣੀ ਵਿਚ ਬ੍ਰਹਮ ਅਤੇ ਜੀਵਾਤਮਾ ਦਾ ਸੰਬੰਧ ਸੋਨੇ ਅਤੇ ਉਸ ਤੋਂ ਬਣੇ ਕੜੇ, ਜਲ ਅਤੇ ਜਲ ਤਰੰਗ ਦੇ ਸਮਾਨ ਮੰਨ ਕੇ ਅਤੇ 'ਕਹੈ ਰਵਿਦਾਸ ਜਾਸੂੰ ਅਉਰ ਕਹਤ ਹੈ ਪਰਮ ਤੱਤ ਹੈ ਸੋਈ' ਕਹਿ ਕੇ ਪੂਰਨ ਅਭੇਦਤਾ ਦੀ ਪੁਸ਼ਟੀ ਕੀਤੀ ਗਈ ਹੈ।

ਸਾਰੰਸ਼ ਰੂਪ ਵਿਚ ਕਹਿ ਸਕਦੇ ਹਾਂ ਕਿ ਪ੍ਰਮੁੱਖ ਰੂਪ ਵਿਚ ਗੁਰੂ ਜੀ ਦੁਆਰਾ ਵਰਣਿਤ ਮੁਕਤ ਅਵਸਥਾ ਜੀਵਨ ਮੁਕਤੀ ਦੀ ਅਵਸਥਾ ਹੈ ਜਿਸ ਵਿਚ ਜੀਵ ਸਹਿਜ ਅਵਸਥਾ

ਵਿਚ ਵਿਚਰਦਾ ਹੋਇਆ ਪਰਮ-ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੀਵਨ-ਮੁਕਤ ਆਤਮਾ ਇਸ ਦੁਨੀਆਂ ਵਿਚ ਗੁਰੂ-ਚਰਨਾਂ ਨਾਲ ਪ੍ਰੀਤ ਪਾਕੇ, ਜਲ ਵਿਚ ਉਪਜੇ ਕੰਵਲ-ਫੁਲ ਵਾਂਗ ਨਿਰਲੇਪ ਰਹਿੰਦਾ ਹੈ ਅਤੇ ਅਜਿਹੀ ਆਤਮਾ ਹੀ ਨਿਰਵਾਣ-ਪਦ ਦੀ ਅਧਿਕਾਰੀ ਹੁੰਦੀ ਹੈ। ਇਸ ਪ੍ਰਕਾਰ ਗੁਰੂ ਰਵਿਦਾਸ ਵਾਣੀ ਵਿਚ ਮਾਇਆਵੀ ਸੰਸਾਰ ਦੇ ਅਨੇਕ ਬੰਧਨਾਂ ਨੂੰ ਤਿਆਗ ਕੇ ਗਿਆਨ ਕਰਮ ਅਤੇ ਭਗਤੀ ਦੁਆਰਾ ਪ੍ਰਭੂ-ਭਗਤੀ ਵਿਚ ਲੀਨ ਹੋਣ ਦੀ ਪ੍ਰਕ੍ਰਿਆ ਨੂੰ ਮੁਕਤੀ ਕਿਹਾ ਗਿਆ ਹੈ। ਮੁਕਤੀ ਪਦ ਅਦੁੱਤੀ ਆਨੰਦ, ਪਰਮ-ਆਨੰਦ ਅਤੇ ਪਰਮ-ਸੁੱਖ ਦੀ ਅਵਸਥਾ ਹੈ, ਜਿਸ ਵਿਚ ਜੀਵਾਤਮਾ ਸਥਿਰਤਾ, ਅਡੋਲਤਾ ਅਤੇ ਸਦੀਵੀ ਸ਼ਾਂਤੀ ਪ੍ਰਾਪਤ ਕਰ ਲੈਂਦੀ ਅਤੇ ਪ੍ਰਭੂ-ਰੂਪ ਹੋ ਕੇ ਜਨਮ-ਮਰਨ ਤੋਂ ਰਹਿਤ ਹੋ ਜਾਂਦੀ ਹੈ ।

ਸਮੁੱਚੇ ਤੌਰ ਤੇ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਵਾਣੀ ਦੁਆਰਾ ਕਿਸੇ ਗੂੜ੍ਹ ਗਿਆਨ ਜਾਂ ਗੁੰਝਲਦਾਰ ਚਿੰਤਨ ਦਾ ਪਰਚਾਰ ਨਹੀਂ ਕੀਤਾ, ਉਨ੍ਹਾਂ ਦਾ ਮੂਲ ਮੰਤਵ ਤਾਂ ਗਿਆਨ, ਭਗਤੀ ਅਤੇ ਕਰਮ ਦਾ ਅਦਭੁਤ ਸੁਮੇਲ ਅਤੇ ਸੰਤੁਲਨ ਕਾਇਮ ਕਰਕੇ ਭੁੱਲੇ, ਭਟਕੇ ਮਨੁੱਖ ਦੇ ਸਾਹਮਣੇ ਕ੍ਰਿਆਤਮਕ ਜੀਵਨ ਜਿਊਣ ਦਾ ਮਾਰਗ ਅੰਕਿਤ ਕਰਨਾ ਹੈ। ਗੁਰੂ ਰਵਿਦਾਸ ਜੀ ਵੇਦਾਂਤੀ ਚਿੰਤਕਾਂ ਵਾਲੀ ਦਲੀਲ ਵਿਚ ਨਹੀਂ ਪੈਂਦੇ, ਉਹ ਤਾਂ ਇਸ ਦ੍ਰਿੜ੍ਹ ਵਿਸ਼ਵਾਸ ਤੋਂ ਹੀ ਆਪਣਾ ਚਿੰਤਨ ਆਰੰਭ ਕਰਦੇ ਹਨ ਕਿ ਪਰਮਾਤਮਾ ਹੈ, ਜੀਵਾਤਮਾ ਉਸ ਦੀ ਅੰਸ਼ ਹੈ ਅਤੇ ਪ੍ਰਭੂ-ਭਗਤੀ ਕਰਨਾ ਮਾਨਵ-ਮਾਤ੍ਰ ਦਾ ਪਰਮ ਲਕਸ਼ ਹੈ। ਇਸ ਜਗਤ ਦੇ ਪਾਸਾਰੇ ਦਾ ਸਿਰਜਕ ਪ੍ਰਭੂ ਹੈ ਜਿਸ ਨੇ ਮਾਇਆ ਦੁਆਰਾ ਇਸ ਦੀ ਰਚਨਾ ਕੀਤੀ ਹੈ। ਮੂਲ ਰੂਪ ਵਿਚ ਗੁਰੂ ਰਵਿਦਾਸ ਜੀ ਦਾ ਵਿਚਾਰਕ ਰੂਪ ਇਕ ਸੰਤ ਤੇ ਭਗਤ ਦਾ ਰੂਪ ਹੈ ਅਤੇ ਬ੍ਰਹਮ, ਜੀਵ, ਜਗਤ, ਮਾਇਆ ਮੁਕਤੀ, ਗੁਰੂ, ਸਾਧਸੰਗਤ, ਸਵਰਗ, ਨਰਕ, ਪਰਮਧਾਮ ਅਥਵਾ ਬੇਗਮਪੁਰਾ ਆਦਿ ਬਾਰੇ ਪ੍ਰਗਟ ਉਨ੍ਹਾਂ ਦੇ ਵਿਚਾਰ ਸ਼ੁੱਧ ਅਭਿਆਸ, ਅਨੁਭਵ ਤੇ ਭਗਤੀ ਸਾਧਨਾ ਵਿਚੋਂ ਸਹਿਜ-ਸੁਭਾਅ ਅੰਕੁਰ ਬਣਕੇ ਫੁੱਟੇ ਹਨ ।

# ਸਹਾਇਕ ਪੁਸਤਕ-ਸੂਚੀ

# ਸਹਾਇਕ ਪੁਸਤਕ-ਸੂਚੀ

## ਪੰਜਾਬੀ ਪੁਸਤਕਾਂ


ਉਪਾਧਿਆਇ, ਕੇ.ਐਨ. — ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ, ਬਿਆਸ, 1982.

ਊਸ਼ਾ ਖੰਨਾ (ਸੰਪਾ.) — ਕਥਾ ਗੁਸਾਈਂ ਰਵਿਦਾਸ ਜੀ ਕੇ ਸਮਾਵਣੇ ਕੀ, ਅਸ਼ੀਮ ਪ੍ਰਕਾਸ਼ਨ, ਜਲੰਧਰ, 1976.

ਅਰਜਨ ਦੇਵ (ਗੁਰੂ) — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਅਸੋਲ, ਐਸ.ਐਸ. — ਗੁਰੂ ਰਵਿਦਾਸ ਵਾਰਤਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988.

ਅਨੰਦ, ਬਰਕਤ ਸਿੰਘ — ਜਨਮ ਸਾਖੀ ਸ੍ਰੀ ਰਵਿਦਾਸ ਭਗਤ ਜੀ, ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ।

ਆਜ਼ਾਦ, ਪ੍ਰਿਥਵੀ ਸਿੰਘ — ਗੁਰੂ ਰਵਿਦਾਸ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ, 1986.

ਸਹਿਗਲ, ਮਨਮੋਹਨ (ਡਾ.) — ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987.

ਸਰਦੇਵਾ, ਰਜਿੰਦਰ ਸਿੰਘ — ਜਨਮ ਸਾਖੀ ਭਗਤ ਰਵਿਦਾਸ, ਸਿੱਖ ਬੁੱਕ ਕੰਪਨੀ, ਘੰਟਾ ਘਰ, ਅੰਮ੍ਰਿਤਸਰ, 1976.

ਸਰਦੂਲ ਸਿੰਘ (ਕਵੀਸ਼ਰ) (ਸੰਪਾ. ਵਜ਼ੀਰ ਸਿੰਘ) — ਸਿੱਖ ਧਰਮ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1959.

ਸਾਹਿਬ ਸਿੰਘ (ਪ੍ਰੋ.) — ਸਟੀਕ ਭਗਤ ਬਾਣੀ, ਹਿੱਸਾ ਦੂਜਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979.

ਸਾਬਰ, ਜਸਬੀਰ ਸਿੰਘ (ਡਾ.) — ਭਗਤ ਰਵਿਦਾਸ ਸੋਮ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984.

ਸਾਵਣ ਸਿੰਘ (ਬਾਬਾ) — ਗੁਰਮਤ ਸਿਧਾਂਤ, ਭਾਗ ਪਹਿਲਾ, ਰਾਧਾ ਸੁਆਮੀ ਸਤਿਸੰਗ, ਬਿਆਸ

ਸਿੰਗਲ, ਧਰਮਪਾਲ (ਡਾ.) — ਸੰਤ ਸ਼ਿਰੋਮਣੀ ਰਵਿਦਾਸ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1983.

" (ਸੰਪਾ.) — ਪ੍ਰਾਚੀਨ ਜੀਵਨ ਕਥਾ ਸ੍ਰੀ ਰਵਿਦਾਸ ਜੀ, ਦਲਿਤ ਵੈਲਫੇਅਰ ਐਸੋਸੀਏਸ਼ਨ, ਯੂ.ਕੇ., 1985.

" — ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1986.

" — ਗੁਰੂ ਰਵਿਦਾਸ: ਜੀਵਨ ਤੇ ਬਾਣੀ, ਪੰਜਾਬੀ ਅਕਾਡਮੀ, ਨਵੀਂ ਦਿੱਲੀ, 1989.

" — ਗੁਰੂ ਰਵਿਦਾਸ ਵਾਣੀ ਵਿਚਾਰ, ਅਮਰ ਗਿਆਨ ਪ੍ਰਕਾਸ਼ਨ, ਪਟਿਆਲਾ, 1992.

" — ਗੁਰੂ ਰਵਿਦਾਸ ਜੀਵਨ ਅਤੇ ਰਚਨਾ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ, 1992.

" — ਜਸਕੀਰਤ ਗੁਰੂ ਰਵਿਦਾਸ, ਆਸਥਾ ਪ੍ਰਕਾਸ਼ਨ, ਵਿਕਾਸ ਪੁਰੀ, ਨਵੀਂ ਦਿੱਲੀ, 1992.

" — ਗੁਰੂ ਰਵਿਦਾਸ ਜੀਵਨ ਤੇ ਵਿਚਾਰਧਾਰਾ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ, 1994.

" — ਗੁਰੂ ਰਵਿਦਾਸ ਦਰਪਣ, ਅਮਰ ਗਿਆਨ ਪ੍ਰਕਾਸ਼ਨ, ਪਟਿਆਲਾ 1994.

" — ਭਗਤਾਂ ਦੀ ਬਾਣੀ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਵੀਂ ਦਿੱਲੀ, 1994.

ਸੇਠੀ, ਸ਼ਾਂਤੀ(ਸ੍ਰੀਮਤੀ) — ਮੀਰਾ ਪ੍ਰੇਮ ਦੀਵਾਨੀ, ਰਾਧਾ ਸੁਆਮੀ ਸਤਿਸੰਗ, ਬਿਆਸ, 1981.

ਸ਼ਾਨ, ਹਰਨਾਮ ਸਿੰਘ(ਡਾ.) — ਬਾਣੀ ਭਗਤ ਰਵਿਦਾਸ ਜੀ ਕੀ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, 1984.

ਸ਼ੰਗਾਰੀ, ਤਿਲਕ ਰਾਜ(ਡਾ.) ਤੇ ਹੋਰ — ਸੰਤ ਮਤ ਵੀਚਾਰ, ਰਾਧਾ ਸੁਆਮੀ ਸਤਿਸੰਗ, ਬਿਆਸ, 1983.

" — ਨਾਮ ਸਿਧਾਂਤ, ਰਾਧਾ ਸੁਆਮੀ ਸਤਿਸੰਗ, ਬਿਆਸ, 1984.

ਕਸੇਲ, ਕਿਰਪਾਲ ਸਿੰਘ(ਡਾ.) — ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

ਕਲਸੀਆ, ਕ੍ਰਿਸ਼ਨਾ(ਡਾ.) — ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992.

ਕਾਨ੍ਹ ਸਿੰਘ(ਭਾਈ) — ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਕੁਲਵੰਤ ਕੌਰ(ਡਾ.) — ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦਾ ਆਲੋਚਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1986.

ਗੁਰਮੁਖ ਸਿੰਘ(ਡਾ.) — ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976.

ਗੁਪਤਾ, ਸ਼ਾਂਤੀ ਨਾਥ(ਡਾ.) — ਭਾਰਤੀ ਦਰਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974.

ਚਰਨ ਸਿੰਘ ਜੀ(ਮਹਾਰਾਜ) — ਸੰਤਾਂ ਦੀ ਬਾਣੀ, ਰਾਧਾ ਸੁਆਮੀ ਸਤਿਸੰਗ, ਬਿਆਸ, 1993.

ਚੋਪੜਾ, ਇਕਬਾਲ ਨਾਰਾਇਣ(ਡਾ.) — ਭਾਰਤੀ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਜੋਧ ਸਿੰਘ, ਭਾਈ(ਡਾ.) — ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1974.

ਜੱਗੀ, ਰਤਨ ਸਿੰਘ(ਡਾ.) — ਗੁਰੂ ਨਾਨਕ ਦੀ ਵਿਚਾਰਧਾਰਾ, ਨਵਯੁੱਗ ਪਬਲਿਸ਼ਰਜ਼, ਦਿੱਲੀ, 1969.

ਜੱਗੀ, ਰਤਨ ਸਿੰਘ(ਡਾ.) ਬਾਣੀ ਗੁਰੂ ਰਵਿਦਾਸ ਜੀ, ਭਾਸ਼ਾ ਵਿਭਾਗ,ਪੰਜਾਬ, ਪਟਿਆਲਾ, 1984.

ਦੀਪ, ਦਲੀਪ ਸਿੰਘ(ਡਾ.) ਸਾਧਨ ਮੈਂ ਰਵਿਦਾਸ ਸੰਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

" ਜਪੁਜੀ–ਇਕ ਤੁਲਨਾਤਮਿਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਦਿਨਕਰ, ਰਾਮਧਾਰੀ ਸਿੰਘ ਸਭਿਆਚਾਰ ਦੇ ਚਾਰ ਅਧਿਆਇ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1992.

ਪਰਮਿੰਦਰ ਸਿੰਘ(ਡਾ.) ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, ਲੁਧਿਆਣਾ, 1970.

ਪ੍ਰੇਮ ਪ੍ਰਕਾਸ਼ ਸਿੰਘ(ਡਾ.) ਗੁਰੂ ਨਾਨਕ ਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ,ਪੰਜਾਬ, ਪਟਿਆਲਾ, 1973.

ਪ੍ਰਤਾਪ ਸਿੰਘ(ਗਿਆਨੀ) ਭਗਤ ਦਰਸ਼ਨ, ਖਾਲਸਾ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

" ਜਨਮ ਸਾਖੀ ਰਵਿਦਾਸ ਜੀ ,ਭਾਈ ਜੀਵਨ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ।

ਪੀਤਾਂਬਰ ਦੱਤ ਬੜਥਵਾਲ(ਡਾ.) ਗੋਰਖਬਾਣੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963.

ਬਾਹਰੀ, ਸੀਤਾ ਰਾਮ(ਪ੍ਰੋ.) ਨਾਨਕ ਬਾਣੀ ਵਿਚ ਫਲਸਫਾ, ਖੋਜ-ਪੱਤਰ,ਭਾਸ਼ਾ ਵਿਭਾਗ,ਪੰਜਾਬ, ਪਟਿਆਲਾ, 1970.

ਬੇਦੀ,ਕਾਲਾ ਸਿੰਘ(ਡਾ.) ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਨ,ਦਿੱਲੀ, 1969.

ਭਾਈ ਗੁਰਦਾਸ ਵਾਰਾਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਮਨਮੋਹਨ ਸਿੰਘ(ਡਾ.) ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ, ਪ੍ਰਕਾਸ਼ਨ, ਮੋਤੀ ਬਾਗ, ਨਵੀਂ ਦਿੱਲੀ, 1970.

ਮਹੰਤ ਜਸਵੰਤ ਸਿੰਘ ਸਤਿ ਦਰਬਾਰੀ ਸ੍ਰੀ ਰਵਿਦਾਸ ਪ੍ਰਕਾਸ਼, ਗਰੋਵਰ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1932.

ਮਹੰਤ, ਜਸਵੰਤ ਸਿੰਘ ਸਤਿਦਰਬਾਰੀ ਭਗਤ ਬਾਣੀ ਦੀ ਖੋਜ, ਸ੍ਰੀ ਰਾਮ ਦਾਸ ਕਾਲਜ, ਅੰਮ੍ਰਿਤਸਰ।

ਰਾਮ ਦਾਸ ਨਿਰਾਕਾਰੀ(ਡਾ.) ਪ੍ਰਧਾਨ ਉਪਨਿਸ਼ਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਲਾਲ ਸਿੰਘ, ਗਿਆਨੀ(ਸੰਪਾ.) ਭਗਤੀ ਕਾਵਿ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

" ਗੁਰਮਤ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

" ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

" ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਲੇਖ ਰਾਜ ਪਰਵਾਨਾ(ਡਾ.) ਗੁਰੂ ਰਵਿਦਾਸ-ਜੀਵਨ ਤੇ ਕਿਰਤਾਂ, ਦਲਿਤ ਵੈਲਫੇਅਰ ਐਸੋਸੀਏਸ਼ਨ, ਯੂ.ਕੇ., 1993.

" ਜੀਵਨ ਸਾਖੀ ਸ੍ਰੀ ਗੁਰੂ ਰਵਿਦਾਸ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1986.

## ਹਿੰਦੀ ਪੁਸਤਕਾਂ

ਉਪਾਧਿਆਇ, ਬਲਦੇਵ(ਡਾ.) ਭਾਰਤੀਯ ਦਰਸ਼ਨ, ਅਮਰ ਭਾਰਤੀ ਪ੍ਰਕਾਸ਼ਨ, ਵਾਰਾਨਸੀ, 1992.

ਉਪਾਧਿਆਇ, ਨਰਿੰਦਰ ਨਾਥ ਨਾਥ ਔਰ ਸੰਤ ਸਾਹਿਤਯ, ਕਾਸ਼ੀ ਹਿੰਦੂ ਵਿਸ਼ਵ ਵਿਦਿਆਲਯ, ਵਾਰਾਨਸੀ, 1965.

ਉਮੇਸ਼ ਮਿਸ਼ਰ(ਡਾ.) ਭਾਰਤੀਯ ਦਰਸ਼ਨ, ਹਿੰਦੀ ਸੰਮਿਤੀ, ਸੂਚਨਾ ਵਿਭਾਗ, ਉੱਤਰ ਪ੍ਰਦੇਸ਼, ਲਖਨਊ, 1964.

| | |
|---|---|
| ਆਜ਼ਾਦ, ਪ੍ਰਿਥਵੀ ਸਿੰਘ | ਰਵਿਦਾਸ ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973. |
| " (ਸੰਪਾ.) | ਯੁੱਗ ਪ੍ਰਵਰਤਕ ਸਤਿਗੁਰੂ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ, 1983. |
| ਸਤੀਸ਼ ਚੰਦਰ ਚਟੋਪਾਧਿਆਇ(ਡਾ.) | ਭਾਰਤੀਯ ਦਰਸ਼ਨ, ਪੁਸਤਕ ਭੰਡਾਰ ਪਟਨਾ, 1961. |
| ਸੰਗਮ ਲਾਲ ਪਾਂਡੇ | ਸੰਤ ਰੈਦਾਸ, ਸਾਹਿਤਯ ਵਾਣੀ, ਇਲਾਹਾਬਾਦ, 1970. |
| ਸ੍ਵਾਮੀ ਰਾਮਾਨੰਦ ਸ਼ਾਸਤ੍ਰੀ ਔਰ ਵਰਿੰਦਰ ਪਾਂਡੇ | ਸੰਤ ਰਵਿਦਾਸ ਔਰ ਉਨਕਾ ਕਾਵਯ, ਰਵਿਦਾਸ ਆਸ਼ਰਮ, ਜਵਾਲਾਪੁਰ, ਹਰਿਦੁਆਰ, 1955. |
| ਸ਼ਿਆਮ ਸੁੰਦਰ ਦਾਸ(ਡਾ.) | ਕਬੀਰ ਗ੍ਰੰਥਾਵਲੀ, ਨਾਗਰੀ ਪ੍ਰਚਾਰਨੀ ਸਭਾ, ਵਾਰਾਨਸੀ, ਸੰਮਤ 2018. |
| ਸ਼ਿਵ ਪ੍ਰਸਾਦ(ਡਾ.) | ਸ੍ਰੀ ਗੁਰੂ ਰਵਿਦਾਸ ਸਤਕਮ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ । |
| ਸੁਦਰਸ਼ਨ ਸਿੰਘ ਮਜੀਠਿਆ | ਸੰਤ ਸਾਹਿਤਯ, ਰੂਪ ਕਮਲ ਪ੍ਰਕਾਸ਼ਨ, ਦਿੱਲੀ, 1965. |
| ਚਤੁਰਵੇਦੀ, ਪਰਸ਼ੂ ਰਾਮ | ਉੱਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ, ਇਲਾਹਾਬਾਦ, 2021 ਬਿਕਰਮੀ। |
| ਚੰਦਰ ਦੇਵ ਰਾਇ(ਡਾ.) | ਕਬੀਰ ਔਰ ਰੈਦਾਸ—ਏਕ ਤੁਲਨਾਤਮਿਕ ਅਧਿਐਨ, ਗੋਗਰਦ ਪ੍ਰਕਾਸ਼ਨ, ਆਜ਼ਮਗੜ੍ਹ, 1978. |
| ਚੰਦ੍ਰਿਕਾ ਪ੍ਰਸਾਦਿ ਜਗਿਆਸੂ | ਸੰਤ ਪ੍ਰਵਰ ਰੈਦਾਸ ਸਾਹਿਬ, ਬਹੁਜਨ ਕਲਿਆਣ ਪ੍ਰਕਾਸ਼ਨ, ਮਾਤਾਦੀਨ ਰੋਡ, ਲਖਨਊ । |
| ਜੱਗੀ, ਰਤਨ ਸਿੰਘ(ਡਾ.) | ਗੁਰੂ ਨਾਨਕ ਵਿਅਕਤਿਤ੍ਵ, ਕ੍ਰਿਤਿਤ੍ਵ ਔਰ ਚਿੰਤਨ, ਭਾਸ਼ਾ ਵਿਭਾਗ, ਪਟਿਆਲਾ, 1975. |
| ਤਿਵਾੜੀ, ਰਾਮ ਪੂਜਨ | ਸੂਫੀ ਮੱਤ-ਸਾਧਨਾ ਔਰ ਸਾਹਿਤਯ, ਗਿਆਨ ਮੰਡਲ, ਬਨਾਰਸ । |
| ਤ੍ਰਿਗੁਣਾਇਤ, ਗੋਬਿੰਦ (ਡਾ.) | ਹਿੰਦੀ ਕੀ ਨਿਰਗੁਣ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ-ਭੂਮੀ, ਸਾਹਿਤਯ ਨਿਕੇਤਨ, ਕਾਨਪੁਰ, 1961. |
| ਦਿਵੇਦੀ, ਹਜ਼ਾਰੀ ਪ੍ਰਸਾਦ(ਡਾ.) | ਮੱਧਕਾਲੀਨ ਧਰਮ ਸਾਧਨਾ, ਸਾਹਿਤਯ ਭਵਨ, ਇਲਾਹਾਬਾਦ, 1970. |

ਦਿਵੇਦੀ, ਹਜ਼ਾਰੀ ਪ੍ਰਸ਼ਾਦ(ਡਾ.) ਕਬੀਰ, ਰਾਜਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1979.

" ਹਿੰਦੀ ਸਾਹਿਤਯ ਕਾ ਆਦਿ ਕਾਲ, ਬਿਹਾਰ ਰਾਸ਼ਟਰ ਭਾਸ਼ਾ ਪਰਿਸ਼ਦ, ਪਟਨਾ ।

ਦੀਕਸ਼ਿਤ, ਤ੍ਰਿਲੋਕੀ ਨਾਰਾਇਣ(ਡਾ.) ਹਿੰਦੀ ਸੰਤ ਸਾਹਿਤਯ, ਰਾਮ ਕਮਲ ਪ੍ਰਕਾਸ਼ਨ, ਨਈ ਦਿੱਲੀ, 1963.

ਪਦਮ ਗੁਰਚਰਨ ਸਿੰਘ(ਡਾ.) ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵ-ਚਿੰਤਨ ਪ੍ਰਕਾਸ਼ਨ, ਜਲੰਧਰ, 1977.

ਪਾਂਡੇ, ਰਾਮਾਨਾਰਾਇਣ ਭਗਤੀ ਕਾਵਯ ਮੇਂ ਰਹੱਸਵਾਦ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1966.

ਬੜਥਵਾਲ, ਪੀਤਾਂਬਰਦੱਤ(ਡਾ.) ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਅਵਧ ਪਬਲਿਸ਼ਿੰਗ ਹਾਊਸ, ਲਖਨਊ, 1985.

ਬੇਣੀ ਪ੍ਰਸ਼ਾਦ ਸ਼ਰਮਾ ਸੰਤ ਗੁਰੂ ਰਵਿਦਾਸ ਵਾਣੀ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, 2035 ਬਿਕਰਮੀ ।

" ਸੰਤ ਗੁਰੂ ਰਵਿਦਾਸ ਕੀ ਭਕਤੀ ਸਾਧਨਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, 2037 ਬਿ.

" ਸੰਤ ਗੁਰੂ ਰਵਿਦਾਸ, ਸੂਰਜ ਪ੍ਰਕਾਸ਼ਨ, ਦਿੱਲੀ, 1972.

" ਭਗਤ ਰਤਨਾਵਲੀ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, 2039 ਬਿਕਰਮੀ ।

ਮਿਸ਼ਰ, ਜੈ ਰਾਮ ਸ੍ਰੀ ਗੁਰੂ ਗ੍ਰੰਥ ਦਰਸ਼ਨ, ਸਾਹਿਤਯ ਭਵਨ, ਇਲਾਹਾਬਾਦ, 1960.

" ਨਾਨਕ ਵਾਣੀ, ਮਿਤ੍ਰ ਪ੍ਰਕਾਸ਼ਨ, ਇਲਾਹਾਬਾਦ, 2018 ਬਿ.

ਯੋਗੇਂਦਰ ਸਿੰਘ ਸੰਤ ਰੈਦਾਸ, ਅਕਸ਼ਰ ਪ੍ਰਕਾਸ਼ਨ ਪ੍ਰਾਈਵੇਟ ਲਿਮ., 1972.

ਰਾਮ ਚਰਨ ਕੁਰੀਲ — ਭਗਵਾਨ ਰਵਿਦਾਸ ਕੀ ਸਤਯ ਕਥਾ, ਮਧੁਕਰ ਮਿਸਰਾ, 1950.

ਰਾਮ ਕੁਮਾਰ ਵਰਮਾ(ਡਾ.) — ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਰਾਮ ਨਾਰਾਇਣ ਲਾਲ; ਪ੍ਰਯਾਗ, 1954.

ਰਾਮ ਚੰਦਰ ਸ਼ੁਕਲ(ਡਾ.) — ਹਿੰਦੀ ਸਾਹਿਤਯ ਕਾ ਇਤਿਹਾਸ, ਕਾਸ਼ੀ ਨਾਗਰੀ ਪ੍ਰਚਾਰਨੀ ਸਭਾ, 2012 ਬਿਕਰਮੀ ।

ਰਾਜਮਣੀ ਲਾਲ ਸਹਾਇਕ (ਡਾ.) — ਕਬੀਰ ਦਰਸ਼ਨ, ਲਖਨਊ ਯੂਨੀਵਰਸਿਟੀ, 1964.

ਰਾਧਾ ਕ੍ਰਿਸ਼ਨਨ(ਡਾ.) — ਭਾਰਤੀਯ ਦਰਸ਼ਨ, ਰਾਜਪਾਲ ਐਂਡ ਸਨਜ਼, ਨਵੀਂ ਦਿੱਲੀ, 1969.

ਸ਼ੁਕਲ, ਸ਼ਿਆਮ ਸੁੰਦਰ(ਡਾ.) — ਹਿੰਦੀ ਕਾਵਯ ਕੀ ਨਿਰਗੁਣਧਾਰਾ ਮੇਂ ਭਕਤੀ, ਕਾਸ਼ੀ ਹਿੰਦੂ ਵਿਸ਼ਵ-ਵਿਦਿਆਲਯ, ਵਾਰਾਣਸੀ, 1964.

ਸ਼ੁਕਲਾ, ਕਲਾ — ਸੰਤ ਰੈਦਾਸ, ਵਿਦਿਆ ਪ੍ਰਕਾਸ਼ਨ, ਦਰਿਆ ਗੰਜ, ਨਵੀਂ ਦਿੱਲੀ, 1976.

ਸ੍ਰੀਵਾਸਤਵ, ਬਦਰੀ ਨਾਰਾਇਣ — ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਸਾਹਿਤਯ ਪਰ ਉਨਕਾ ਪ੍ਰਭਾਵ, ਹਿੰਦੀ ਪਰਿਸ਼ਦ, ਪ੍ਰਯਾਗ, 1975.

ਸ਼ਾਂਡਿਲਯ, ਸ਼ਿਵ ਕੁਮਾਰ(ਡਾ.) — ਮਹਾ ਮਾਨਵ ਰੈਦਾਸ, ਮੰਗਲਾ ਪ੍ਰਕਾਸ਼ਨ, ਆਰ.ਕੇ. ਪੁਰਮ, ਨਵੀਂ ਦਿੱਲੀ ।

ENGLISH BOOKS


Attar Singh(Dr.) — Socio-Culture Impact of Islam on India, Panjabi University, Patiala, 1972.

Ambedkar, B.R.(Dr.) — Buddha and His Dhamma, Education Dept. Maharashtra Govt. Bombay, 1992.

Darshan Singh(Dr.) — Sant Ravidas and His Times, Kalyani publishers, Ludhiana, 1977.

Chahal, Darshan Singh(Dr.) — A Study of Bhagat Ravidas, Panjabi University, Patiala, 1980.

Duncan Greenleese — The Gospel of Guru Granth Sahib, The Theosophical, Publishing House, Adyar, Madras, 1960.

Ishwari Prasad — History of Medieval India, The Indian Press Publication Pvt. Ltd. Allahabad, 1966.

James Hastings — Encyclopeadia of Religion and Ethics, Vol.XII, 1964.

K.N. Upadhyaya — Guru Ravidas: Life and teachings, Radha Swami Satsang Beas, 1982.

Macauliffe, Max Arthur — The Sikh Religion, S. Chand & Co. Ram Nagar, New Delhi, 1963.

Mcleod, W.H.(Dr.) — Guru Nanak and the Sikh Religion, Oxford University Press, London, 1968.

| | |
|---|---|
| Mohan Singh Diwana (Dr.) | An Introduction to Punjabi Literature Kasturi Lal & Sons Amritsar, 1958. |
| Narang G.C. (Dr.) | Transformation of Sikhism, New Book Society of India, New Delhi, 1966. |
| Nichalson | Mystics of Islam, Cambridge, 1921. |
| Radhakrishnan S. (Dr.) | Indian Philosophy, George Allin and Unwin, 1956. |
| " | The Hindu Way of Life, -Ibid- ,1948. |
| " | Religion and Society, - Ibid- |
| Sunderajan, K.R. | Hinduism, Pbi. University ,Patiala, 1969. |
| Tara Chand | Influence of Islam on Indian Culture, Indian Press Allahabad, 1946. |
| Webber Max | The Religions of India, Free Press, New York, 1967. |


541954

PUNJAB UNIVERSITY LIBRARY